
29 ਅਪ੍ਰੈਲ-ਜੂਨ,2013

# ਕਹਾਣੀ ਧਾਰਾ



ਵਿਸ਼ੇਸ਼ ਅੰਕ | ਨਾਵਲ ਅਤੇ ਨਾਵਲ ਆਲੋਚਨਾ

ਮੁੱਲ : 30/-

29 ਅਪ੍ਰੈਲ-ਜੂਨ,2013

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :

Editor KAHANI DHARA
V. Dharampura, P.O:. Khambra,
Distt. JALANDHAR-144026(Pb.)
e-mail:
kahanidhara@gmail.com
kahani_dhara@yahoo.com
bhagwantrasulpuri@gmail.com

ਟਾਇਟਲ ਤੇ ਹੋਰ ਪੇਟਿੰਗ: ਗੁਲਿਸਤਾਂ





ਚੰਦੇ : ਇਕੱ ਅੰਕ: 30 ਰੁਪਏ, 10 ਅੰਕ: 300 ਰੁਪਏ ,
10 ਅੰਕ: ਡਾਲਰ 40 ਤੇ ਪੌਂਡ 35,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ, ( ਪ੍ਰਕਾਸ਼ਨ ਮਿਤੀ 5 ਅਪ੍ਰੈਲ, 2013)

## ਅੰਦਰ ਪੜ੍ਹੋ:

**ਸੰਪਾਦਕੀ-1**

**ਪੰਜਾਬੀ ਨਾਵਲਕਾਰ ਇਕ ਸੰਵਾਦ**
1. ਗੁਰਦਿਆਲ ਸਿੰਘ-4
2. ਜਸਵੰਤ ਸਿੰਘ ਕੰਵਲ-6
3. ਨਰਿੰਜਨ ਤਸਨੀਮ-8
4. ਮਨਮੋਹਨ ਬਾਵਾ-11
5. ਬਲਦੇਵ ਸਿੰਘ-16
6. ਚੰਦਨ ਨੇਗੀ-20
7. ਦਰਸ਼ਨ ਸਿੰਘ-26
8. ਪ੍ਰਗਟ ਸਿੰਘ ਸਿੱਧੂ-30
9. ਬਲਜੀਤ ਕੌਰ ਬੱਲੀ-32
10. ਓਮ ਪ੍ਰਕਾਸ਼ ਗਾਸੋ-34
11. ਮਿੱਤਰ ਸੈਨ ਮੀਤ-38
12. ਹਰਜੀਤ ਅਟਵਾਲ-41
13. ਦਰਸ਼ਨ ਸਿੰਘ ਧੀਰ-45
14. ਡਾ. ਜੋਗਿੰਦਰ ਸਿੰਘ ਕੈਰੋਂ-53
15. ਨਛੱਤਰ-56
16. ਅਵਤਾਰ ਸਿੰਘ ਬਿਲਿੰਗ-59
17. ਕੁਲਦੀਪ ਸਿੰਘ ਬੇਦੀ-63
18. ਬਲਬੀਰ ਪਰਵਾਨਾ-66
19. ਆਸ਼ੋਕ ਚਰਨ ਆਲਮਗੀਰ-69
20. ਬੂਟਾ ਸਿੰਘ ਸ਼ਾਦ-73
21. ਮੋਹਨ ਸਿੰਘ ਕੁੱਕੜਪਿੰਡੀਆ-75
22. ਦਰਸ਼ਨ ਸਿੰਘ ਗੁਰੂ-77
23. ਪਰਗਟ ਸਿੰਘ ਸਤੌਜ -79

**ਮੁਲਾਕਾਤ-**
1. ਰਜਨੀਸ਼ ਬਹਾਦਰ ਸਿੰਘ-82

**ਨਾਵਲ ਆਲੋਚਨਾ-**
1. ਡਾ. ਸੁਰਜੀਤ ਬਰਾੜ-101
2. ਡਾ. ਸਾਕ ਮੁਹੰਮਦ-119
3. ਪ੍ਰੋ. ਜੇ. ਬੀ. ਸੇਖੋਂ-126
4. ਡਾ. ਰਾਮ ਮੂਰਤੀ-138
5. ਪੁਸਤਕ ਰਿਵੀਊ -144

**ਸੰਪਾਦਕੀ :**

**ਸਮਕਾਲੀ ਪੰਜਾਬੀ ਨਾਵਲ ਸੰਕਟ ਤੇ ਸੀਮਾਵਾਂ**

ਪੂਰੇ ਸੰਸਾਰ ਵਿਚ ਅੱਜ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਹੀ ਹੈ। ਉਸ ਤੋਂ ਬਾਅਦ ਕਹਾਣੀ ਹੈ। ਨਾਵਲ ਤੋਂ ਲੇਖਕ ਦੀ ਪਛਾਣ ਬਣਦੀ ਹੈ। ਅੰਗਰੇਜ਼ੀ ਵਿਚ ਲਿਖਿਆ ਇਕੋ ਨਾਵਲ ਹੀ ਪੂਰੇ ਸੰਸਾਰ ਵਿਚ ਲੇਖਕ ਦੀ ਪਛਾਣ ਬਣਾ ਦਿੰਦਾ ਹੈ। ਸਾਡੇ ਚੇਤਿਆਂ ਵਿਚ ਅੱਜ ਸੰਸਾਰ ਦੇ ਅਤੇ ਭਾਰਤੀ ਜ਼ੁਬਾਨਾ ਦੇ ਅਨੁਵਾਦ ਹੋਏ ਨਾਵਲ ਵਸੇ ਹੋਏ ਹਨ। ਪ੍ਰਕਾਸ਼ਕ ਅੱਜ ਨਾਵਲ ਪਹਿਲ ਦੇ ਅਧਾਰ ਤੇ ਛਾਪਦਾ ਹੈ ਅਤੇ ਪਾਠਕ ਨਾਵਲ ਨੂੰ ਪੜ੍ਹਦਾ ਹੈ।

ਪੰਜਾਬੀ ਨਾਵਲ ਦੀ ਪ੍ਰੰਪਰਾ ਬੜੀ ਅਮੀਰ ਹੈ। ਜਦੋਂ ਪੰਜਾਬੀ ਦਾ ਕਹਾਣੀਕਾਰ ਨਾਵਲ ਲਿਖਣ ਲੱਗ ਜਾਂਦਾ ਹੈ ਤਾਂ ਉਹ ਕਹਾਣੀ ਵੱਲ ਨਹੀਂ ਮੁੜਦਾ। ਸਾਡੇ ਕੋਲ ਇਸ ਦੀਆਂ ਬਹੁਤ ਮਿਸ਼ਾਲਾ ਹਨ, ਜਿਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਦੇ ਖੇਤਰ ਵਿਚ ਪਛਾਣ ਬਣਾਈ। ਜਦੋਂ ਪੰਜਾਬੀ ਲੇਖਕ ਨੂੰ ਲੱਗਾ ਕਿ ਨਾਵਲ ਨਾਲ ਵੱਧ ਪਾਠਕ ਵਰਗ ਜੁੜਦਾ ਹੈ ਤਾਂ ਉਹ ਕਹਾਣੀ ਛੱਡ ਕੇ ਨਾਵਲ ਵੱਲ ਤੁਰ ਪਿਆ। ਬਿਨਾ ਸ਼ੱਕ ਉਨ੍ਹਾਂ ਦੀ ਪਛਾਣ ਵੀ ਬਣੀ। ਉਨ੍ਹਾਂ ਦੇ ਨਾਵਲਾਂ ਨੂੰ ਸਾਹਿਤ ਅਕੈਡਮੀ ਵਰਗੇ ਵਕਾਰੀ ਇਨਾਮ ਵੀ ਪ੍ਰਾਪਤ ਹੋਏ। ਵੱਡੀ ਗਿਣਤੀ ਵਿਚ ਨਾਵਲ ਲਿਖਣ ਕਾਰਨ ਉਨ੍ਹਾਂ ਕੋਲ ਵਿਸ਼ਿਆ ਦਾ ਸੰਕਟ ਵੀ ਆਇਆ। ਨਾਵਲਕਾਰ ਸਾਲ ਵਿਚ ਇਕ ਨਾਵਲ ਜ਼ਰੂਰ ਪਾਠਕਾਂ ਨੂੰ ਦੇਣ ਲੱਗ ਪਏ। ਪ੍ਰਕਾਸ਼ਕ ਉਨ੍ਹਾਂ ਕੋਲੋਂ ਨਾਵਲ ਮੰਗਦੇ ਸਨ। ਇਹ ਰੁਝਾਨ ਰਾਮ ਸਰੂਪ ਅਣਖੀ ਤੋਂ ਆਰੰਭ ਹੋਇਆ। ਜਿਸ ਕਾਰਨ ਉਨ੍ਹਾਂ ਦੇ ਬਾਅਦ ਦੇ ਨਾਵਲਾਂ ਵਿਚ ਪੇਤਲਾਪਨ ਵੀ ਆਉਣ ਲੱਗ ਪਿਆ ਅਤੇ ਵਿਸ਼ਿਆ ਦਾ ਸੰਕਟ ਵੀ ਆਉਣ ਲੱਗ ਪਿਆ। ਸਾਡਾ ਬਹੁਤਾ ਨਾਵਲ ਪੇਂਡੂ ਕਿਸਾਨੀ ਦੁਆਲੇ ਘੁੰਮਦਾ ਹੈ। ਨਾਵਲਕਾਰ ਨੂੰ ਪਾਠਕ ਵੀ ਇਥੋਂ ਹੀ ਲੱਭਦੇ ਹਨ। ਉਹ ਆਪਣੇ ਪਾਠਕਾਂ ਨੂੰ ਮੁੱਖ ਰੱਖ ਕੇ ਪੇਂਡੂ ਸੰਸਕ੍ਰਿਤੀ ਦੇ ਨਾਵਲ ਜੋਰ ਲਾ ਲਾ ਕੇ ਲਿਖਣ ਲੱਗ ਪਏ। ਸਾਡੇ ਆਲੋਚਕਾਂ ਨੂੰ ਵੀ ਪੇਂਡੂ ਸੰਸਕ੍ਰਿਤੀ ਦਾ ਨਾਵਲ ਪਸੰਦ ਆਉਂਦਾ ਸੀ ਕਿਉਂਕਿ ਉਹ ਵੀ ਪੇਂਡੂ



ਪਿਛੋਕੜ ਵਿਚੋਂ ਆਏ ਸਨ। ਭਾਵੇਂ ਕਿ ਬਹੁਤ ਸਾਰੇ ਜਾਨਦਾਰ ਨਾਵਲ ਲਿਖੇ ਗਏ ਪਰ ਬਹੁਤੇ ਹਲਕੇ ਪੱਧਰ ਦੇ ਨਾਵਲਾਂ ਨੇ ਖਾਦ ਦਾ ਕੰਮ ਵੀ ਕੀਤਾ। ਦੂਜਾ ਮਸਲਾ ਇਹ ਪੈਦਾ ਹੋ ਗਿਆ ਕਿ ਇਹ ਨਾਵਲ ਕਿਸਾਨੀ ਦੁਆਲੇ ਘੁੰਮਦਾ ਰਿਹਾ। ਕਿਸਾਨੀ ਦੇ ਸੰਕਟ ਨੂੰ ਨਾਵਲਕਾਰ ਰੁਦਨ ਵਾਲੇ ਬਿਰਤਾਂਤ ਨਾਲ ਉਭਾਰਦੇ ਸਨ, ਭਾਵੁਕ ਪਾਠਕ ਉਹ ਨਾਵਲ ਪੜ੍ਹ ਕੇ ਹੋਰ ਰੋਣ ਲੱਗ ਪੈਂਦਾ ਸੀ। ਜੋ ਪੰਜਾਬ ਦੇ ਪਿੰਡਾਂ ਵਿਚ ਹੋਰ ਉਪ ਜਾਤਾਂ ਸਨ ਉਹ ਪੰਜਾਬੀ ਨਾਵਲ ਵਿਚ ਹਾਸ਼ੀਏ ਤੇ ਚਲੀਆਂ ਗਈਆਂ। ਉਨ੍ਹਾਂ ਬਾਰੇ ਜੇ ਨਾਵਲ ਵਿਚ ਗੱਲ ਵੀ ਕੀਤੀ ਗਈ ਬਹੁਤ ਉਪਰੀ ਅਤੇ ਥੋੜ੍ਹੀ। ਸਾਡੇ ਪੰਜਾਬੀ ਨਾਵਲ ਵਿਚ ਵੱਡੀ ਪੱਧਰ ਤੇ ਪੰਜਾਬ ਵਿਚ ਰਹਿ ਰਹੀਆਂ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਬਾਰੇ ਕਿਉਂ ਨਹੀਂ ਨਾਵਲ ਲਿਖਿਆ ਗਿਆ। ਵੱਡੀ ਪੱਧਰ ਪੱਧਰ ਤੇ ਤਾਂ ਕੀ ਇਕ-ਦੋ ਨਾਵਲ ਨੂੰ ਛੱਡ ਕੇ ਕੋਈ ਨਾਵਲ ਪੜ੍ਹਨ ਨੂੰ ਲੱਭਦਾ ਹੀ ਨਹੀਂ। ਜਦ ਕਿ ਪੰਜਾਬ ਵਿਚ ਇਨ੍ਹਾਂ ਦੀ ਜਨਸੰਖਿਆ ਹੋਰਨਾਂ ਦੇ ਮੁਕਾਬਲੇ ਅੱਧਿਓ ਵੱਧ ਹੈ। ਪੰਜਾਬੀ ਵਿਚ ਚਮੜੇ ਦਾ, ਸਫ਼ਾਈ ਦਾ ਕਿੱਤਾ ਕਰਨ ਵਾਲੇ ਚਮਾਰਾਂ ਤੇ ਭੰਗੀ ਲੋਕਾਂ ਬਾਰੇ ਕੋਈ ਨਾਵਲ ਨਹੀਂ ਪੈਦਾ ਹੋਇਆ। ਅੱਜ ਵੀ ਨਾਵਲਕਾਰ 'ਖੇਤਾਂ ਦਾ ਰੁਦਨ' ਕਰੀ ਜਾਂਦੇ ਹਨ। ਸਾਡਾ ਨਾਵਲਕਾਰ ਭੰਗੀ ਜਾਂ ਚਮੜਾ ਰੰਗਣ ਵਾਲੇ ਦਾ ਰੁਦਨ ਕਿਓਂ ਨਹੀਂ ਲਿਖ ਰਿਹਾ। ਇਹ ਅਨੁਭਵ ਦੀਆਂ ਗੱਲਾਂ ਹਨ। ਅਨੁਭਵ ਤੋਂ ਬਿਨਾਂ ਕੋਈ ਸਿਰਜਣਾ ਨਹੀਂ ਹੋ ਸਕਦੀ। ਸਮਕਾਲੀ ਪੰਜਾਬੀ ਨਾਵਲ ਦੇ ਵਿਸ਼ੇ ਦਿਨੋਂ-ਦਿਨ ਸੁੰਗੜ ਰਹੇ ਹਨ।

'ਕਹਾਣੀ ਧਾਰਾ' ਨੇ ਪਹਿਲਾਂ ਵੀ ਨਾਵਲ ਤੇ ਕੇਂਦਰਿਤ ਦੋ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ। ਪਰ ਉਨ੍ਹਾਂ ਵਿਚ ਨਾਵਲ ਹੀ ਪ੍ਰਕਾਸ਼ਤ ਕੀਤੇ ਸਨ। ਇਸ ਵਾਰ ਅਸੀਂ ਆਲੋਚਨਾ ਦਾ ਪੱਖ ਉਭਾਰਿਆ ਹੈ। ਨਾਵਲਕਾਰ ਦਾ ਪੱਖ ਉਨ੍ਹਾਂ ਦੀ ਜ਼ੁਬਾਨੀ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਅਤੇ ਆਲੋਚਨਾ ਦਾ ਪੱਖ ਵੀ ਰੱਖਿਆ ਹੈ। ਪੰਜਾਬੀ ਸਮਕਾਲੀ ਨਾਵਲ ਵਿਚ ਐਨੇ ਪਸਾਰ ਹਨ ਉਨ੍ਹਾਂ ਬਾਰੇ ਗੱਲ ਕਰਨੀ ਸਾਡੇ ਲਈ ਬੜੀ ਮੁਸ਼ਕਲ ਸੀ। ਅਸੀਂ ਪਰਵਾਸੀ ਨਾਵਲ, ਦਲਿਤ ਨਾਵਲ, ਸ਼ਹਿਰੀ ਨਾਵਲ ਅਤੇ ਹੋਰ ਵਿਸ਼ਿਆ ਤੇ ਆਲੋਚਨਾ ਲੇਖ ਵੀ ਛਾਪਣੇ ਚਾਹੁੰਦੇ ਸਾਂ ਪਰ ਪੰਨਿਆਂ ਦੀ ਸੀਮਾ ਸੀ ਇਸ ਦੇ ਬਾਵਜੂਦ ਵੀ ਇਸ ਅੰਕ ਦੇ 144 ਪੰਨੇ ਕਰਨੇ ਪਏ। ਸਾਡੇ ਕੋਲ ਪੰਜਾਬੀ ਨਾਵਲ ਬਾਰੇ ਦੋ ਵਿਚਾਰ ਚਰਚਾਵਾਂ ਪਈਆਂ ਹਨ। ਜਿਨ੍ਹਾਂ ਨੂੰ ਅਗਲੇ ਅੰਕਾਂ ਵਿਚ ਛਾਪਿਆ ਜਾਵੇਗਾ।

ਅੱਜ ਸਮਕਾਲੀ ਨਾਵਲ ਵਿਚ ਪੇਂਡੂ ਸੰਸਕ੍ਰਿਤੀ ਦਾ ਨਾਵਲ ਅਤੇ ਇਤਿਹਾਸਕ ਨਾਵਲ ਜਾਂ ਜੀਵਨੀ ਮੂਲਕ ਨਾਵਲ ਦੋ ਅਹਿਮ ਮੁੱਦੇ ਬਣ ਗਏ ਹਨ। ਨਾਵਲਕਾਰ ਨੂੰ ਇਸ ਸਬੰਧੀ ਸਵਾਲ ਵੀ ਪੁੱਛੇ ਗਏ। ਜਿਨ੍ਹਾਂ ਦੇ ਜਵਾਬਾਂ ਦੇ ਅਧਾਰ 'ਤੇ ਅਤੇ ਆਲੋਚਕਾਂ ਦੀ ਦਲੀਲ ਦੇ ਅਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਤਿਹਾਸਕ ਨਾਵਲ ਬੜੇ ਹੀ ਮਿਹਨਤ ਦੀ ਮੰਗ ਕਰਦੇ ਹਨ ਜਿਹੜੇ ਲਿਖੇ ਗਏ ਹਨ ਉਹ ਸਧਾਰਨ ਪੱਧਰ ਦੇ ਹਨ। ਪੰਜਾਬੀ ਪਾਠਕ ਇਕੋ ਕਿਸਮ ਦੇ ਨਾਵਲ ਪੜ੍ਹ ਪੜ੍ਹ ਕੇ ਅੱਕਿਆ ਹੋਇਆ ਸੀ, ਇਸੇ ਕਰਕੇ ਉਹ ਜੀਵਨੀ ਮੂਲਕ ਅਤੇ ਇਤਿਹਾਸਕ ਨਾਵਲਾਂ ਨੂੰ ਟੁੱਟ ਕੇ ਪੈ ਗਿਆ। ਇਨ੍ਹਾਂ ਨਾਵਲਾਂ ਦੇ ਸ਼ਾਹਕਾਰ ਨਾਵਲ ਬਣਨ ਦੀ ਗੱਲ ਭਵਿੱਖ ਦੇ ਗਰਭ ਵਿਚ ਪਈ ਹੈ। ਇਸ ਬਾਰੇ ਬਹਿਸ ਚੱਲਣੀ ਚਾਹੀਦੀ ਹੈ। ਸਾਡੇ ਨਾਵਲਕਾਰ 20-25 ਕਿਤਾਬਾਂ ਪੜ੍ਹ ਕੇ ਉਨ੍ਹਾਂ ਵਿਚੋਂ ਗੱਲਾਂ ਕੱਢ ਕੇ ਆਪਣੀ ਸ਼ੈਲੀ ਵਿਚ ਜੋ ਜੀਵਨੀ ਮੂਲਕ ਨਾਵਲ ਲਿਖ ਰਹੇ ਹਨ ਕੀ ਉਹ ਨਾਵਲ ਵੀ ਹਨ? ਇਨ੍ਹਾਂ ਮੁੱਦਿਆਂ ਤੇ ਖੁੱਲ੍ਹ ਕੇ ਗੱਲਾਂ ਹੋਣੀਆਂ ਚਾਹੀਦੀਆਂ ਹਨ।

ਪੰਜਾਬੀ ਪਾਠਕ ਨਾਵਲਕਾਰਾਂ ਤੇ ਆਲੋਚਕਾਂ ਦੀਆਂ ਗੱਲਾਂ ਨੂੰ ਕਿਵੇਂ ਲੈਂਦੇ ਹਨ, ਸਾਨੂੰ ਲਿਖ ਕੇ ਭੇਜਣ ਤਾਂ ਕਿ ਨਾਵਲ 'ਤੇ ਸੰਵਾਦ ਤੋਰਿਆ ਜਾ ਸਕੇ।

**-ਭਗਵੰਤ ਰਸੂਲਪੁਰੀ**

# ਪੰਜਾਬੀ ਨਾਵਲਕਾਰ ਇਕ ਸੰਵਾਦ

*(ਜਦੋਂ ਪੰਜਾਬੀ ਨਾਵਲ ਤੇ ਕੇਂਦਰਤ 'ਕਹਾਣੀ ਧਾਰਾ' ਦਾ ਅੰਕ ਵਿਉਂਤਿਆ ਗਿਆ ਤਾਂ ਨਾਵਲਕਾਰਾਂ ਨੂੰ ਪੁੱਛਣ ਲਈ ਕੁਝ ਸਵਾਲ ਤਿਆਰ ਕੀਤੇ ਗਏ। ਸਵਾਲ ਤਿਆਰ ਕਰਨ ਲਈ ਮੈਂ ਕੁਝ ਦੋਸਤਾਂ ਦੀ ਸਲਾਹ ਲਈ। ਉਨ੍ਹਾਂ ਦੇ ਅਧਾਰ ਤੇ ਸਵਾਲ ਤਿਆਰ ਕੀਤੇ ਤਾਂ ਕਿ ਨਾਵਲਕਾਰਾਂ ਦੇ ਮਨ ਦੀਆਂ ਗੱਲਾਂ ਹੋ ਸਕਣ। ਇਸ ਵਾਸਤੇ ਮੈਂ 25 ਨਾਵਲਕਾਰਾਂ ਦੀ ਚੋਣ ਕੀਤੀ, ਇਸ ਸੰਵਾਦ ਨੂੰ ਗੰਭੀਰ ਬਣਾਉਣ ਲਈ ਮੈਂ ਪਹਿਲੀ ਕਤਾਰ ਦੇ ਨਾਵਲਕਾਰਾਂ ਤੱਕ ਪਹੁੰਚ ਕੀਤੀ । ਇਸ ਸੰਵਾਦ ਵਿਚ ਸਾਮਲ ਹੋਣ ਲਈ ਮੈਨੂੰ ਸਾਰੇ ਨਾਵਲਕਾਰਾਂ ਨੇ ਸਹਿਯੋਗ ਦਿੱਤਾ। ਫਿਰ ਵੀ ਕੁਝ ਨਾਵਲਕਾਰ ਰਹਿ ਗਏ। ਉਨ੍ਹਾਂ ਨੂੰ ਆਉਂਦੇ ਕਿਸੇ ਅੰਕ ਵਿਚ ਥਾਂ ਦਿੱਤੀ ਜਾਵੇਗੀ। ਨਾਵਲਕਾਰਾਂ ਦੀ ਨਾਵਲੀ ਦ੍ਰਿਸ਼ਟੀ, ਪੰਜਾਬੀ ਸਮਾਜ, ਸਮਝ, ਵਿਸ਼ੇ, ਸ਼ੈਲੀ ਅਤੇ ਪਾਤਰਾਂ ਬਾਰੇ ਵਿਚਾਰ ਮੇਰੇ ਖਿਆਲ ਹੈ ਪਹਿਲੀ ਵਾਰ ਐਨੀ ਵੱਡੀ ਪੱਧਰ ਤੇ ਇਕੱਠੇ ਛਪੇ ਹਨ। ਇਸ ਨਾਲ ਮੈਨੂੰ ਗੰਭੀਰ ਸੰਵਾਦ ਤੁਰਨ ਦੀ ਆਸ ਹੈ। ਨਾਵਲਕਾਰਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਤੁਸੀਂ ਇਨ੍ਹਾਂ ਸਵਾਲਾਂ ਦੇ ਅਧਾਰ ਤੇ ਲੇਖ ਦੀ ਸ਼ਕਲ ਵਿਚ ਆਪਣੇ ਵਿਚਾਰ ਵੀ ਲਿਖ ਸਕਦੇ ਹੋ। ਜੇਕਰ ਕਿਸੇ ਸਵਾਲ ਦਾ ਉਤਰ ਦੇਣਾ ਨਹੀਂ ਚਾਹੁੰਦੇ ਤਾਂ ਉਸ ਨੂੰ ਛੱਡ ਦਿਓ। ਭੇਜੇ ਗਏ ਸਵਾਲ ਪਹਿਲਾਂ ਇਕੋ ਥਾਂ ਦਿੱਤੇ ਜਾ ਰਹੇ ਹਨ। ਪਾਠਕ, ਲੇਖਕ ਇਸ ਸੰਵਾਦ ਵਿਚ ਚਿੱਠੀਆਂ ਰਾਹੀਂ ਸ਼ਾਮਲ ਹੋ ਸਕਦੇ ਹਨ। - ਸੰਪਾਦਕ)*

1. ਤੁਸੀਂ ਨਾਵਲ ਵਿਧਾ ਨੂੰ ਹੀ ਕਿਓਂ ਚੁਣਿਆ?
2. ਤੁਸੀਂ ਨਾਵਲ ਦੀ ਸਿਰਜਣਾ ਕਿਵੇਂ ਕਰਦੇ ਹੋ (ਸਿਰਜਣ ਪ੍ਰਕਿਰਿਆ ਦੇ ਸੰਦਰਭ ਵਿਚ)?
3. ਆਪਣੇ ਨਾਵਲੀ ਬਿਰਤਾਂਤ ਨੂੰ ਪੇਸ਼ ਕਰਨ ਲਈ ਤੁਹਾਡੀ ਦ੍ਰਿਸ਼ਟੀ ਕਿਹੜੀ ਹੁੰਦੀ ਹੈ?
4. ਕੀ ਤੁਹਾਡੇ ਨਾਵਲਾਂ 'ਚੋਂ ਕੋਈ ਪਾਤਰ ਸਮੁੱਚੇ ਪੰਜਾਬੀ ਮਨੁੱਖ ਦੀ ਪ੍ਰਤੀਨਿੱਧਤਾ ਕਰ ਸਕਿਆ ਹੈ? ਜੇ ਹੈ ਤਾਂ ਕਿਹੜਾ ਪਾਤਰ ਅਤੇ ਬਾਕੀ ਨਾਵਲਾ ਦੇ ਪਾਤਰਾਂ ਨਾਲੋਂ ਕਿਵੇਂ ਵਿਲੱਖਣ ਹੈ?
5. ਤੁਹਾਡੇ ਕਿਸੇ ਨਾਵਲ ਵਿਚ ਕਿਹੜਾ ਵਿਲੱਖਣ ਬਿਰਤਾਂਤ ਸੀ ਜਿਸ ਨੇ ਪਾਠਕਾਂ ਨੂੰ ਤੁਹਾਡੇ ਨਾਵਲ ਵੱਲ ਵੱਧ ਖਿੱਚਿਆ।
6. ਨਾਵਲ ਲਿਖਦਿਆਂ ਤੁਸੀਂ ਨਾਵਲ ਦੇ ਬਿਰਤਾਂਤ, ਘਟਨਾਵਾਂ, ਪਾਤਰ ਤੇ ਵਿਸ਼ੇ ਨੂੰ ਧਿਆਨ ਵਿਚ ਰੱਖਦੇ ਹੋ ਜਾਂ ਪਾਠਕਾਂ ਦੀ ਰੁਚੀ ਨੂੰ।
7. ਕੀ ਕਾਰਨ ਹੈ ਤੁਹਾਡਾ ਨਾਵਲ (ਜਾਂ ਪੰਜਾਬੀ ਨਾਵਲ) ਨਾਇਕ ਦੀ ਮਿੱਥ ਤੋਂ ਮੁਕਤ ਨਹੀਂ ਹੋ ਸਕਿਆ।
8. ਤੁਸੀਂ ਆਪਣੇ ਨਾਵਲਾਂ 'ਚ ਦਲਿਤ ਪਾਤਰਾਂ ਨੂੰ ਤੇ ਉਨ੍ਹਾਂ ਦੇ ਚਿੰਤਨ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਹੈ?
9. ਤੁਹਾਡਾ ਨਾਵਲ ਜਾਂ ਪੰਜਾਬੀ ਨਾਵਲ ਭਾਰਤੀ ਪੱਧਰ 'ਤੇ ਕਿੱਥੇ ਕੁ ਖੜ੍ਹਦਾ ਹੈ?
10. ਕੀ ਕਾਰਨ ਹੈ ਤੁਹਾਡੇ ਸਮੇਤ ਪੰਜਾਬੀ ਨਾਵਲ ਫਿਊਡਲ ਰਿਸ਼ਤਿਆਂ ਦੀ ਪਰਿਕਰਮਾ ਕਰਦਾ ਹੈ। ਆਪਣੇ ਨਾਵਲਾਂ ਦੇ ਹਵਾਲੇ ਨਾਲ ਗੱਲ ਕਰੋ।
11. ਤੁਹਾਡੇ ਨਾਵਲਾਂ 'ਚ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਤੱਤ ਹਨ?
12. ਨਾਵਲ ਆਲੋਚਨਾ ਦੀ ਸਥਿਤੀ ਕਿਹੋ ਜਿਹੀ ਹੈ?
13. ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਦਾ ਭਵਿੱਖ ਕਿਸ ਤਰ੍ਹਾਂ ਦਾ ਹੈ?
14. ਕੀ ਕਾਰਨ ਹੈ ਕਿ ਪੰਜਾਬੀ ਨਾਵਲ ਪੇਂਡੂ ਸੰਸਕ੍ਰਿਤੀ ਦੁਆਲੇ ਹੀ ਘੁੰਮੀ ਜਾ ਰਿਹਾ ਹੈ?
15. ਕੀ ਕਾਰਨ ਹੈ ਕਿ ਪੰਜਾਬੀ ਨਾਵਲ ਵਿਚ ਨਾਰੀ ਸ਼ੋਸ਼ਣ ਦਾ ਸ਼ਿਕਾਰ ਹੀ ਹੁੰਦੀ ਹੈ। ਨਾਰੀ ਦਾ ਦੂਜਾ ਪੱਖ ਨਾਵਲਾਂ 'ਚ ਕਿੰਨਾ ਪੇਸ਼ ਹੋਇਆ ਤੇ ਕੇਹੜੇ ਨਾਵਲਾਂ ਵਿਚ?




## ਮਹਾਂਬਿਰਤਾਂਤ ਲਈ ਅਸੀਮ ਗਿਆਨ, ਵਿਦਵਤਾ, ਪ੍ਰਤਿਭਾ ... ਤੇ ਹੋਰ ਵੀ ਬੜਾ ਕੁਝ ਚਾਹੀਦਾ-ਗੁਰਦਿਆਲ ਸਿੰਘ

ਪਤਾ ਨਹੀਂ ਕਦੋਂ ਜਗਸੀਰ, ਰੌਣਕੀ ਤੇ ਧਰਮ ਸਿੰਘ ਵਰਗੇ ਬੰਦਿਆਂ ਨੇ ਮਨ 'ਤੇ ਕਿਹੋ ਜਿਹੇ ਪ੍ਰਭਾਵ, ਕਿੰਨੇ ਸਮੇਂ ਤੇ ਕਿਹੜੇ ਰੂਪ ਵਿਚ ਏਨੇ ਗਹਿਰੇ ਪਾਏ ਕਿ ਕਹਾਣੀਆਂ ਲਿਖਣ ਦੇ ਅਭਿਆਸ ਮਗਰੋਂ ਨਾਵਲ ਲਿਖਣਾ ਮਜਬੂਰੀ ਬਣ ਗਿਆ। ਕਹਾਣੀ ਤਾਂ ਕੁਝ ਦਿਨਾਂ ਜਾਂ ਹਫਤਿਆਂ ਵਿਚ ਲਿਖ ਲੈਂਦਾ ਸਾਂ, ਪਰ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਦਾ ਅਜਿਹਾ ਗਿੱਲਾ ਪੀਹਣ ਪਾ ਬੈਠਾ ਕਿ ਪੰਜ-ਸੱਤ ਵਾਰੀ, ਕਾਗਜ਼ ਕਾਲੇ ਕਰਕੇ ਵੀ ਤਸੱਲੀ ਨਹੀਂ ਸੀ ਹੋਈ ਕਿ ਜੋ ਕੁਝ ਲਿਖਣਾ ਚਾਹੁੰਦਾ ਹਾਂ ਉਹ ਲਿਖ ਵੀ ਸਕਿਆ ਹਾਂ? ਇਸ ਲਈ ਸਵਾ ਕੁ ਸੌ ਸਫ਼ਾ ਵੀ ਕਈ ਸਾਲ ਮੁੱਕਣ ਵਿਚ ਨਹੀਂ ਸੀ ਆਇਆ। ਉਹ ਨਾਵਲ ਲਿਖਦਿਆਂ ਹੀ ਸੋਚਿਆ ਕਿ ਸ਼ਾਇਦ ਤਾਏ ਬਿਸ਼ਨੇ ਦੀ ਰਗ ਰਗ ਤੋਂ ਜਾਣੂ ਹੋਣ ਕਰਕੇ ਦੂਜਾ ਨਾਵਲ ਅਣਹੋਏ ਸੌਖਾ ਤੇ ਛੇਤੀ ਲਿਖਿਆ ਜਾਏਗਾ। ਪਰ ਉਹ ਪਹਿਲੇ ਨਾਲੋਂ ਵੀ ਮੁਸ਼ਕਲ ਹੋ ਗਿਆ। ਤਾਏ ਬਿਸ਼ਨੇ ਨੂੰ ਏਨਾ ਨੇੜਿਓਂ ਦੇਖਿਆ, ਜਾਣਿਆ ਤੇ ਸਮਝਿਆ ਸੀ ਕਿ ਜਿਹੜੀ ਦੂਰੀ ਕਿਸੇ ਪਾਤਰ ਨੂੰ ਚਿਤਰਨ ਲਈ ਲਾਜ਼ਮੀ ਹੁੰਦੀ ਹੈ ਜਿਵੇਂ ਕਿਸੇ ਚਿਤ੍ਰ ਨੂੰ ਦੇਖਣ ਲਈ ਉਹ ਮੁਸੀਬਤ ਬਣ ਗਈ। ਪਰ 1957-58ਦਾ ਇਹ ਗਿੱਲਾ ਪੀਹਣ, ਚਾਰ ਪੰਜ ਸਾਲ ਮਗਰੋਂ ਮੁਸ਼ਕਲ ਨਾਲ ਮੁਕਾਇਆ। ਇਹੋ ਕਾਰਨ ਸੀ ਕਿ ਇਹ ਦੋਵੇਂ ਨਾਵਲ ਦੋ ਸਾਲ ਤੋਂ ਘੱਟ ਸਮੇਂ ਅੰਦਰ ਹੀ ਛਪ ਗਏ 'ਮੜ੍ਹੀ ਦਾ ਦੀਵਾ' ਦਸੰਬਰ 1964 ਵਿਚ ਤੇ 'ਅਣਹੋਏ' 1966 ਵਿਚ।

ਨਾਵਲ ਦਾ ਪਲਾਟ ਕਿਸੇ ਵੀ ਵਿਸ਼ੇਸ਼ ਢੰਗ ਨਾਲ ਨਹੀਂ ਉਪਜਦਾ। ਮੈਨੂੰ ਹਮੇਸ਼ਾ ਹੀ ਕੁਝ ਅਜਿਹੇ ਬੰਦਿਆਂ ਨੇ ਵਧੇਰੇ ਪ੍ਰਭਾਵਿਤ ਕੀਤਾ ਹੈ ਜਿਹੜੇ ਆਮ ਲੋਕਾਂ ਵਾਂਗ ਜਿਉਂਦੇ ਵੀ, ਉਹਨਾਂ ਤੋਂ ਵੱਖਰੇ ਹੁੰਦੇ ਹਨ। ਪਲਾਟ ਅਕਸਰ ਉਹਨਾਂ ਮਾਡਲ ਬੰਦਿਆਂ ਨੂੰ ਪਾਤਰ ਬਣਾਉਣ ਲਈ ਹੀ ਲੋੜੀਂਦਾ ਹੁੰਦਾ ਹੈ। ਕਈ ਵਿਦਵਾਨਾਂ, ਆਲੋਚਕਾਂ ਦਾ ਇਹ ਵਿਚਾਰ ਵੀ ਹੈ ਕਿ ਮੇਰੇ ਨਾਵਲਾਂ ਵਿਚ ਅਕਸਰ ਪਲਾਟ ਦਾ ਮੂੰਹ ਸਿਰ ਹੀ ਕੋਈ ਨਹੀਂ ਹੁੰਦਾ, ਪਾਤਰਾਂ ਰਾਹੀਂ ਹੀ ਪਲਾਟ ਦਾ ਕੋਈ ਰੂਪ ਬਣਦਾ ਵਿਗਸਦਾ ਹੈ। ਉਹਨਾਂ ਦਾ ਵਿਚਾਰ ਵੀ ਸਿਰਮੱਥੇ, ਪਰ ਵਧੇਰੇ ਠੀਕ ਇਹ ਲਗਦਾ ਹੈ ਕਿ ਕਿਸੇ ਵੀ ਨਾਵਲ ਦਾ ਪਾਤਰ ਤੇ ਉਹਨਾਂ ਨਾਲ ਸਬੰਧਤ ਘਟਨਾਵਾਂ, ਪਾਤਰਾਂ ਦੇ ਵਰਤਾਰੇ ਦੇ ਜ਼ਿੰਦਗੀ ਦੇ ਯਥਾਰਥ ਦੀ ਸਾਹਿਤਕ ਰੂਪ-ਰੇਖਾ ਮੇਰੇ ਦ੍ਰਿਸ਼ਟੀਕੋਣ ਅਨੁਸਾਰ ਹੀ ਢਲਦੀ ਰਹਿੰਦੀ ਹੈ, ਪਲਾਟ ਨੇ 'ਫਰੇਮ' ਵਿਚ ਪਾਤਰ ਤੇ ਉਹਨਾਂ ਦੇ ਵਰਤਾਰੇ ਨੂੰ 'ਫਿਟ' ਕਰਨ ਦੀ ਕੋਸ਼ਿਸ਼ ਕਦੇ ਨਹੀਂ ਕੀਤੀ। ਨਾਵਲ ਦੇ ਸਿਰਫ ਅੰਤ ਦਾ ਹੀ ਨਹੀਂ ਆਰੰਭ ਤੇ ਮੱਧ ਦਾ ਵੀ ਪਤਾ ਹੁੰਦਾ ਹੈ। ਪਰ ਲਿਖਦਿਆਂ ਬੜਾ ਕੁਝ ਬਦਲਦਾ ਰਹਿੰਦਾ ਹੈ। ਕਈ ਵਾਰ ਤਾਂ ਪਾਤਰ ਤੇ ਉਹਨਾਂ ਦੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ ਤੇ ਵਰਤਾਰਾ ਵੀ ਅੰਤ ਤੱਕ ਪਹੁੰਚਦਿਆਂ ਸੋਚੇ, ਮਿੱਥੇ ਅੰਤ ਤੋਂ ਕੁਝ ਵੱਖਰਾ ਰੂਪ ਵਟਾ ਲੈਂਦਾ ਹੈ। ਪਾਤਰ ਮੈਥੋਂ ਵਿਟਰ ਕੇ ਵੀ, ਆਪਣੀ ਮਰਜ਼ੀ ਨਾਲ ਕਿੰਨਾ ਕੁਝ ਬਦਲ ਦਿੰਦੇ ਹਨ, ਕਿਉਂਕਿ ਉਹਨਾਂ ਨੂੰ ਕਦੇ ਕਠਪੁਤਲੀਆਂ ਨਹੀਂ ਬਣਾ ਸਕਿਆ। ਉਹ ਜਿਉਂਦੇ ਜਾਗਦੇ, ਬਲਵਾਨ, ਕੁਝ ਵਿਲੱਖਣ ਬੰਦੇ ਹੀ ਹੁੰਦੇ ਹਨ। ਤੇ ਮੈਥੋਂ ਤਕੜੇ ਵੀ। ਮੇਰੀ ਰਚਨਾ ਸ਼ਕਤੀ ਉਹਨਾਂ ਦੀ ਸ਼ਕਤੀ ਅੱਗੇ ਭਾਵੇਂ ਹਾਰਦੀ ਨਹੀਂ, ਪਰ ਅਕਸਰ ਬੇਬਸ ਜ਼ਰੂਰੀ ਹੋ ਜਾਂਦੀ ਹੈ।

ਦ੍ਰਿਸ਼ਟੀ ਅਸਲ ਵਿਚ ਲੇਖਕ ਦੀ ਰਚਨਾ (ਨਾਵਲ) ਵਿਚ ਇੰਜ ਰਚੀ-ਮਿਚੀ ਹੁੰਦੀ ਹੈ ਜਿਵੇਂ ਦੁੱਧ ਵਿਚ ਪਾਣੀ। ਦੁੱਖ ਵਿਚ ਰਲ਼ੇ ਪਾਣੀ ਨੂੰ ਕੋਈ ਕਿੰਝ ਨਖੇੜ ਸਕਦਾ ਹੈ? ਲੋਕ-ਪੱਖੀ ਦ੍ਰਿਸ਼ਟੀਕੋਣ ਦੇ ਧਾਰਨੀ ਲੇਖਕ ਵੀ ਅਨੇਕ ਵਾਰ ਲੋਕ ਵਿਰੋਧੀ ਦ੍ਰਿਸ਼ ਪੇਸ਼ ਕਰ ਜਾਂਦੇ ਹਨ। (ਤੇ ਅਚੇਤ ਹੀ) । ਦੂਜਾ




ਮਹੱਤਵਪੂਰਨ ਪ੍ਰਸ਼ਨ ਚੰਗਾ ਹੈ ਜਿਸ ਅਨੁਸਾਰ ਸਮੁੱਚੇ ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਕਰਨ ਦੀ ਸਮੱਸਿਆ ਬਾਰੇ ਪੁੱਛਿਆ ਗਿਆ ਹੈ। ਪਹਿਲੀ ਸਮੱਸਿਆ ਤਾਂ ਇਹੋ ਹੈ ਕਿ ਕੀ 'ਸਮੁਚਾ ਪੰਜਾਬੀ ਮਨੁੱਖ' ਹੈ ਕੌਣ? ਵਰਗ-ਸਮਾਜਾਂ ਵਿਚ 'ਸਮੁੱਚਾ ਮਨੁੱਖ ਤਾਂ ਕੋਈ ਹੁੰਦਾ ਨਹੀਂ। ਮਨੁੱਖ ਸਮੁੱਚਾ ਜਾਂ ਇਕ ਜਦੋਂ ਹੁੰਦਾ ਹੀ ਨਹੀਂ ਤਾਂ ਉਹ ਕਿਸੇ ਰਚਨਾ ਵਿਚ ਆਇਗਾ ਕਿਵੇਂ? ਭਾਰਤੀ ਸਮਾਜ ਵਿਚ ਤਾਂ ਢਾਈ-ਤਿੰਨ ਹਜ਼ਾਰ ਸਾਲ ਤੋਂ ਚਾਰ ਜਾਤੀਆਂ ਦਾ ਜੋ ਰੂਪ ਲਗਾਤਾਰ ਅੱਜ ਤੱਕ ਵੀ ਚੱਲਿਆ ਆ ਰਿਹਾ) ਉਹਨੇ ਕਦੇ ਵੀ 'ਸਮੁੱਚੇ ਮਨੁੱਖ' ਦੀ ਕੋਈ ਰੂਪ-ਰੇਖਾ ਹੀ ਨਹੀਂ ਬਣਨ ਦਿੱਤੀ। ਭਾਰਤ ਦੇ ਕਈ ਮਹਾਨ ਲੇਖਕਾਂ ਦੀਆਂ ਕ੍ਰਿਤੀਆਂ ਵਿਚ, ਸਵਰਣ ਜਾਤੀ ਦੇ ਪਾਤਰ ਸੰਸਕ੍ਰਿਤ ਬੋਲਦੇ ਹਨ ਤੇ ਨਿਮਨ ਜਾਤੀ ਕਹੇ ਜਾਂਦੇ ਅਪਭ੍ਰੰਸ਼ ਆਦਿ ਭਾਸ਼ਾ ਬੋਲਦੇ ਹਨ। ਜੇ ਇਕੋ ਸਮਾਜ ਵਿਚ ਭਾਸ਼ਾ ਦੇ ਵਿਤਕਰੇ ਹੋਣ ਤਾਂ 'ਸਮੁੱਚੇ ਮਨੁੱਖ' ਦਾ ਕੀ ਰੂਪ ਬਣੇਗਾ? (ਸੰਭਵ ਹੀ ਨਹੀਂ)

ਇਕ ਦਿਲਚਸਪ ਗੱਲ, ਮੇਰਾ 'ਅਕਾਲੀ' ਮਾਮਾ ਦਸਦਾ ਹੁੰਦਾ ਹੈ ਕਿ ਬਾਣੀਆਂ ਪਾਵੇ ਨੂੰ ਪਾਂਵਾ ਤੇ ਕੋਲੇ ਨੂੰ ਕੋਲ੍ਹਾ ਬੋਲੇਗਾ। ਨਿਮਨ ਜਾਤੀ ਦੇ ਕਹੇ ਜਾਂਦੇ ਲੋਕ ਟੂੰਮਾ (ਗਹਿਣੇ) ਨੂੰ ਟੂੰਬਾ ਬੋਲਦੇ ਹਨ। ਇਹ ਸਦੀਆਂ ਦੇ ਜਾਤੀਵਾਦ ਦੀ ਦੇਣ ਹਨ। ਜਦੋਂ ਕਦੇ, ਅਜਿਹੇ ਮਾਨਵੀ ਸਮਾਜਾਂ ਦੀ ਰਚਨਾ ਹੋ ਸਕੇਗੀ ਉਦੋਂ ਹੀ 'ਸਮੁੱਚੇ ਮਨੁੱਖ' ਦੀ (ਸ਼ਾਇਦ) ਕਲਪਨਾ ਕੀਤੀ ਜਾ ਸਕੇਗੀ। ਪਰ ਉਦੋਂ ਵੀ ਮਨੁੱਖ ਮਸ਼ੀਨਾਂ ਵਾਂਗ ਇਕੋ ਜਿਹੇ ਨਹੀਂ ਹੋਣਗੇ। ਹਰ ਬੰਦੇ ਵਿਚ ਕੋਈ ਨਾ ਕੋਈ ਗੁਣ, ਆਉਗਣ ਵਖਰੇ ਹੋਣਗੇ ਪਰ ਅੱਜ ਵਾਂਗ ਵਰਗਾਂ ਤੇ ਊਚ-ਨੀਚ ਦੇ ਅਮਾਨਵੀ ਵਿਤਕਰੇ ਨਹੀਂ ਹੋਣਗੇ। ਸਭ ਸਮਾਜ (ਲੋਕ) ਮਾਨਵੀ ਗੁਣਾਂ ਦੇ ਧਾਰਨੀ ਜ਼ਰੂਰ ਹੋਣਗੇ। ਦੂਸ਼ਤ ਕਾਮ, ਕ੍ਰੋਧ, ਲੋਭ (ਮੋਹ ਨਹੀਂ) ਹੰਕਾਰ ਜ਼ਰੂਰ ਖਤਮ ਹੋ ਜਾਣਗੇ। ਅਜਿਹੇ ਸਮਾਜਾਂ ਦੀ ਕਲਪਣਾ ਤਾਂ ਸਦੀਆਂ ਤੋਂ ਪ੍ਰਤਿਭਾਸ਼ਾਲੀ ਚਿੰਤਕ ਕਰਦੇ ਆਏ ਹਨ, ਪਰ ਸ਼ਾਸਕ ਵਰਗਾਂ ਨੇ ਅਜਿਹੇ ਮਾਨਵੀ ਸਮਾਜਾਂ ਦੀ ਸਿਰਜਣਾ ਨਹੀਂ ਹੋਣ ਦਿੱਤੀ। ਆਮ ਲੋਕਾਂ ਨੂੰ ਹਮੇਸ਼ਾ 'ਅੰਧਿ ਰਯਤਿ' (ਗਿਆਨ ਵਿਹੂਣੀ) ਹੀ ਬਣਾ ਕੇ ਰੱਖਣ ਵਿਚ ਸ਼ਾਸਕ ਵਰਗ ਜਿਉਂਦੇ ਰਹਿ ਸਕਦੇ ਹਨ। ਪਰ ਜੇ ਪੱਥਰ-ਯੁੱਗ ਤੋਂ ਲੋਕ ਵਿਗਿਆਨਿਕ ਤੇ ਤਕਨਾਲੋਜੀ ਦੇ ਯੁੱਗ ਤਕ ਪਹੁੰਚ ਗਏ (ਤੇ ਸ਼ਾਸਕ ਵਰਗ ਉਸ ਯੁੱਗ ਨੂੰ ਕਾਬੂ ਕਰਨ ਵਿਚ ਸਫ਼ਲ ਰਹੇ ਹਨ) ਤਾਂ ਇਹ ਯਕੀਨ ਕਰਨਾ ਲਾਜ਼ਮੀ ਹੈ ਕਿ ਲੋਕ, ਕਦੇ ਨਾ ਕਦੇ ਮਾਨਵੀ ਸਮਾਜਾ ਦੀ ਸਿਰਜਣਾ ਵਿਚ ਜ਼ਰੂਰ ਸਫ਼ਲ ਹੋਣਗੇ। (ਉਦੋਂ 'ਸਮੁੱਚੇ ਮਨੁੱਖ' ਵੀ ਸਿਰਜਣਾ ਸੰਭਵ (ਜ਼ਰੂਰੀ) ਹੋਵੇਗੀ।

ਮਹਾਂਬਿਰਤਾਂਤ ਲਈ ਅਸੀਮ ਗਿਆਨ, ਵਿਦਵਤਾ, ਪ੍ਰਤਿਭਾ, ਸਮਰਥਾ, ਸਮਾਂ, ਇਕਾਗਰਤਾ, ਮਾਹੌਲ ਤੇ ਹੋਰ ਵੀ ਬੜਾ ਕੁਝ ਚਾਹੀਦਾ ਹੁੰਦਾ ਹੈ। ਪਰ ਮੇਰੇ ਕੋਲ ਇਹਨਾਂ ਵਿਚੋਂ ਬਹੁਤਾ ਕੁਝ ਹੈ ਨਹੀਂ। ਇਸ ਲਈ ਕਦੇ ਸੋਚਿਆ ਹੀ ਨਹੀਂ। 'ਅਣਹੋਏ' ਤੇ 'ਪਰਸਾ' ਵੱਡੇ ਆਕਾਰ ਦੇ ਨਾਵਲ ਹਨ, ਪਰ ਉਹਨਾਂ ਦੀ ਵੀ ਆਪਣੀ ਸੀਮਾ ਹੈ। ਐਵੇਂ 'ਕਾਗਦ ਕਾਰੇ' ਲਿਖ ਲਿਖ ਕੇ 'ਪੋਥਿਆਂ' ਦੀ ਗਿਣਤੀ ਵਧਾਉਣ ਦੀ ਨਾ ਕਦੇ ਇੱਛਾ ਸੀ ਨਾ ਸਮਰੱਥਾ।

'ਅਣਹੋਏ' ਨਾਵਲ ਦੀ ਤਾਈ ਦਿਆ ਕੁਰ, 'ਪਰਸਾ' ਨਾਵਲ ਦੀ ਮੁਖਤਿਆਰੋ, 'ਮੜ੍ਹੀ ਦੇ ਦੀਵੇ' ਦੀ ਭਾਨੀ, 'ਕੁਵੇਲਾ' ਨਾਵਲ ਦੀ ਹੀਰਾ ਦੇਵੀ, ਕਿਸੇ ਪੱਖੋਂ ਵੀ ਕਮਜ਼ੋਰ ਔਰਤਾਂ ਨਹੀਂ, ਕਈ ਕਹਿੰਦੇ ਕਹਾਉਂਦੇ ਮਰਦਾਂ ਨਾਲੋਂ ਵੀ ਦਲੇਰ ਤੇ ਤਕੜੀਆਂ ਹਨ। ਪਰ ਇਸਦੇ ਬਾਵਜੂਦ ਮੈਨੂੰ ਭਾਰਤੀ, ਪੰਜਾਬੀ ਸਮਾਜ ਵਿਚ ਇਸਤਰੀ ਦੇ ਜੀਵਨ ਯਥਾਰਥ ਦੀ ਵੀ ਜਾਣਕਾਰੀ ਹੈ। ਉਹ ਰਾਣੀ ਝਾਂਸੀ ਤੇ ਮਾਈ ਭਾਗੋ ਵਾਂਗ ਤਲਵਾਰਾਂ ਫੜ ਕੇ ਜੰਗ ਦੇ ਮੈਦਾਨ ਵਿਚ ਜੂਝਣ ਜੋਗੀਆਂ ਕਦੇ ਵੀ ਨਹੀਂ ਸਨ ਨਾ ਹਨ। ਭਾਰਤੀ ਸਮਾਜ ਅੱਜ ਵੀ ਪੁਰਾਣੀਆਂ ਪਰੰਪਰਾਵਾਂ ਤੋਂ ਵਧੇਰੇ ਮੁਕਤ ਨਹੀਂ ਹੋ ਸਕਿਆ। ਪੁਰਾਣੇ



ਵਿਚਾਰਾਂ ਅਨੁਸਾਰ ਤਾਂ ਔਰਤਾਂ ਨੂੰ 'ਵਿਸ਼ ਗੰਦਲਾ' ਕਿਹਾ ਜਾਂਦਾ ਰਿਹਾ ਹੈ। ਮਨੂੰ ਸਿਮ੍ਰਤੀ ਵਿਚ ਏਥੋਂ ਤੱਕ ਲਿਖਿਆ ਹੈ ਕਿ, 'ਇਸਤਰੀਆਂ ਦੇ ਸੰਸਕਾਰ ਵੇਦ ਮੰਤ੍ਰਾਂ ਅਨੁਸਾਰ ਨਹੀਂ ਕੀਤੇ ਜਾਂਦੇ-ਨਹੀਂ ਕੀਤੇ ਜਾਣੇ ਚਾਹੀਦੇ-ਇਹ ਧਰਮ ਦਾ ਫੈਸਲਾ ਹੈ। ਇਸਤਰੀਆਂ ਅਗਿਆਨਤਾ, ਵੇਦ ਮੰਤ੍ਰਾਂ ਦੇ ਅਧਿਕਾਰ ਤੋਂ ਵਾਂਝੀਆਂ ਅਤੇ ਝੂਠ ਦੀ ਮੂਰਤ ਹਨ।'

ਅੱਜ ਵੀ ਮਨੂੰ ਦੇ ਵਿਚਾਰਾਂ ਵਿਚੋਂ ਭਾਰਤੀ ਸਮਾਜ ਕਿੰਨਾ ਕੁ ਆਜ਼ਾਦ ਹੋ ਸਕਿਆ ਹੈ? ਮੈਂ ਜੀਵਨ-ਯਥਾਰਥ ਤੋਂ ਉਨਾ ਕੁ ਹੀ ਉਤਾਂਹ ਜਾ ਕੇ ਇਸਤਰੀ-ਪਾਤਰਾਂ ਨੂੰ ਚਿਤਰ ਸਕਿਆ ਹਾਂ ਜਿੰਨੀਆਂ ਕੁ ਸਮਾਜਿਕ, ਧਾਰਮਿਕ, ਆਰਥਿਕ ਤੇ ਸਿਆਸੀ ਹਾਲਾਤ ਅਨੁਸਾਰ ਉਹ ਵੱਧ ਤੋਂ ਵੱਧ ਉਤਾਂਹ ਉੱਠ ਸਕਦੀਆਂ ਸਨ, ਔਰਤਾਂ ਨੂੰ ਦੁਰਗਾ ਦੇ ਰੂਪ ਵਿਚ ਪੇਸ਼ ਕਰਨਾ ਸਿਰਫ ਭਾਰਤੀ ਮਿਥਹਾਸ ਵਿਚ ਹੀ ਸੰਭਵ ਸੀ, ਯਥਾਰਥਿਕ ਜੀਵਨ ਵਿਚ ਨਹੀਂ। ਆਪਣੀਆਂ ਕਹਾਣੀਆਂ ਨਾਵਲਾਂ ਵਿਚ ਹਵਾਈ ਕਿਲੇ ਉਸਾਰ ਕੇ, ਫੋਕੇ ਤੇ ਫੋਕਟ ਦ੍ਰਿਸ਼ ਤੇ ਪਾਤਰ ਪੇਸ਼ ਕਰਨਾ ਬੇਲੌੜੇ ਤੇ ਨਿਰਾਰਥਕ ਸਮਝਦਾ ਰਿਹਾ ਹਾਂ, ਜਿਹਨਾਂ ਦੀ ਸਾਡੇ ਸਮਾਜ 'ਚ ਸੰਭਾਵਨਾ ਵੀ ਅਜੇ ਪੈਦਾ ਨਹੀਂ ਹੋਈ।

ਜਿੰਨੀਆਂ ਕੁ ਭਾਰਤੀ ਭਾਸ਼ਾਵਾਂ ਦੇ ਨਾਵਲ ਪੜ੍ਹ ਸਕਿਆ ਹਾਂ ਉਹ ਪੰਜਾਬੀ ਨਾਵਲ ਦੇ ਮੁਕਾਬਲੇ ਕੁਝ ਚੰਗੇ ਹਨ, ਪਰ ਅਜਿਹੇ ਵੀ ਨਹੀਂ ਕਿ ਪੰਜਾਬੀ ਨਾਵਲ ਬਿਲਕੁਲ ਹੀ ਹੇਠਲੀ ਪੱਧਰ 'ਤੇ ਹੈ। ਦੋ ਭਾਸ਼ਾਵਾਂ (ਬੰਗਾਲੀ ਤੇ ਮਲਿਆਲਮ) ਕੁਝ ਫ਼ਰਕ ਨਾਲ ਥੋੜ੍ਹਾ ਬਹੁਤ ਅੱਗੇ ਪਿੱਛੇ, ਦੂਜੀਆਂ ਭਾਰਤੀ ਭਾਸ਼ਾਵਾਂ ਨਾਲੋਂ ਸਮਰਿਧ ਹਨ। ਹਿੰਦੀ ਤੇ ਦੱਖਣੀ ਭਾਰਤੀ ਭਾਸ਼ਾਵਾਂ ਵਿਚ ਨਾਵਲਾਂ ਤੇ ਨਾਵਲਕਾਰਾਂ ਦੀ ਗਿਣਤੀ ਪੰਜਾਬੀ ਤੋਂ ਬਹੁਤ ਵੱਧ ਹੈ, ਪਰ ਸਾਹਿਤਕ ਪੱਧਰ ਵਿਚ ਕੋਈ ਜ਼ਮੀਨ ਅਸਮਾਨ ਦਾ ਫਰਕ ਨਹੀਂ।

## 'ਲਹੂ ਦੀ ਲੋਅ' ਵਾਲੀਆਂ ਘਟਨਾਵਾਂ ਵਧੇਰੇ ਸੱਚੀਆਂ ਸਨ
## - ਜਸਵੰਤ ਸਿੰਘ ਕੰਵਲ

ਮੈਂ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿਚ ਉਦੋਂ ਨੱਬੇ ਰੁਪਏ ਮਹੀਨਾ ਤਨਖਾਹ ਉੱਤੇ ਮੁਲਾਜ਼ਮ ਸਾਂ। ਉੱਥੇ ਹੀ ਮੈਂ 'ਪਾਲੀ' ਨਾਵਲ ਲਿਖਿਆ ਸੀ। ਇਕ ਮੇਰਾ ਮੂੰਹ ਫੱਟ ਯਾਰ ਸੀ, ਉਸ ਬਾਜ਼ਾਰ ਜਾਂਦੇ ਨਾਨਕ ਸਿੰਘ ਨੂੰ ਟਕੋਰ ਵਜੋਂ ਗੱਲ ਰੜਕਾਈ, "ਤੇਰਾ ਸ਼ਰੀਕ ਜੰਮ ਪਿਆ, ਜਸਵੰਤ ਸਿੰਘ ਕੰਵਲ, ਉਹਦਾ 'ਪਾਲੀ' ਨਾਵਲ ਪੜ੍ਹ ਲਵੀਂ।" ਨਾਨਸ ਸਿੰਘ ਨੇ ਉਸ ਬੜਬੋਲੇ ਨੂੰ ਕੋਈ ਮੋੜ ਨਾ ਦਿੱਤਾ ਤੇ ਮਾਈ ਸੇਵਾ ਬਜ਼ਾਰ ਵਿਚੋਂ ਨਾਵਲ ਲਿਆ ਤੇ ਪੜ੍ਹ ਕੇ ਸ਼੍ਰੋਮਣੀ ਕਮੇਟੀ ਦਫ਼ਤਰ ਮੈਨੂੰ ਮਿਲਣ ਆ ਗਏ। ਮੈਂ ਕੁਰਸੀ ਛੱਡ ਕੇ ਪੈਰੀਂ ਹੱਥ ਲਾਏ। ਉਹਨਾਂ ਮੈਨੂੰ ਸਾਬਾਸ਼ ਨਾਲ ਹੌਸਲਾ ਵੀ ਦਿੱਤਾ, "ਬਈ ਕੰਵਲ ਮੈਂ ਤੇਰਾ ਨਾਵਲ ਪਾਲੀ ਪੜ੍ਹਿਆ, ਮੈਨੂੰ ਚੰਗਾ ਲੱਗਾ ਤੈਨੂੰ ਵਧਾਈ ਦੇਣ ਆ ਗਿਆ, ਬਹੁਤ ਖ਼ੂਬ ਪਰ ਇਕ ਗੱਲ ਸੁਣ ਲਿਖਣਾ ਨਾ ਛੱਡੀਂ।

ਸਾਹਿਤ ਵਿਚ ਸੱਚ ਤੇ ਇਮਾਨਦਾਰੀ ਜੇ ਨਹੀਂ, ਉਹ ਫਾਲਤੂ ਸ਼ਬਦਾਂ ਦਾ ਢੇਰ ਹੈ। ਮੈਂ ਆਪੂੰ ਕਿਸਾਨ ਸਾਂ। ਮੇਰੀ ਹਮਦਰਦੀ ਮਿਹਨਤਕਸ਼ ਕਿਸਾਨ ਭਾਈਚਾਰੇ ਨਾਲ ਹੋਣੀ ਕੁਦਰਤੀ ਸੀ। ਪਿਆਰ ਜਵਾਨੀ ਦਾ ਕੁਦਰਤੀ ਜਜ਼ਬੇ ਦਾ ਢੇਰ ਹੈ। ਉਹਦੇ ਜ਼ਿਕਰ ਬਿਨਾਂ ਗੱਲ ਬਣਦੀ ਨਹੀਂ ਸੀ। ਪਰ ਨਿਸ਼ਾਨਾ ਤੇ ਮਕਸਦ ਆਰਥਿਕ ਲੁੱਟ ਨੂੰ ਨੰਗਿਆਂ ਕਰਨ ਦਾ ਸੀ। ਉਸ ਸਮੇਂ ਦੀਆਂ ਵਾਪਰੀਆਂ ਥਾਂ ਪੁਰ ਥਾਂ ਦੀਆਂ ਘਟਨਾਵਾਂ ਨੂੰ ਜੋੜ ਕੇ ਨਾਵਲ ਲਿਖ ਮਾਰਿਆ, ਆਜ਼ਾਦੀ ਆ ਜਾਣ ਦਾ ਭੁਲੇਖਾ ਹੈ, ਹਾਲੇ 'ਰਾਤ ਬਾਕੀ ਹੈ', ਸਵੇਰਾ ਨਹੀਂ ਚੜ੍ਹਿਆ। ਹਾਂ ਇਹ ਸੱਚ ਹੈ ਇਸ ਨਾਵਲ ਨੇ ਉਦੋਂ ਪਾਰਟੀ ਦੇ ਬਹੁਤ






ਮੈਂਬਰ ਬਣਾਏ ਸਨ। ਮੈਨੂੰ 'ਰਾਤ ਬਾਕੀ ਹੈ' ਨਾਵਲ ਲਿਖ ਕੇ ਬੇਹੱਦ ਖੁਸ਼ੀ ਹੋਈ। ਕਮਿਊਨਿਸਟ ਲਹਿਰ ਬਾਰੇ ਇਹ ਇਕ ਤਰ੍ਹਾਂ ਦਾ ਪਹਿਲਾਂ ਨਾਵਲ ਸੀ ਤੇ ਜਚਦਾ ਮਿਚਦਾ ਸੱਚ ਵੀ ਸੀ। 'ਰਾਤ ਬਾਕੀ ਹੈ' ਨਾਵਲ ਨੇ ਕਿਰਤੀ ਲੋਕਾਂ ਨੂੰ ਕਮਿਊਨਿਸਟ ਪਾਰਟੀ ਦੇ ਹੋਰ ਨੇੜੇ ਲਿਆਂਦਾ ਸੀ। 'ਰਾਤ ਬਾਕੀ ਹੈ' ਨਾਲੋਂ 'ਲਹੂ ਦੀ ਲੋਅ' ਵਾਲੀਆਂ ਘਟਨਾਵਾਂ ਵਧੇਰੇ ਸੱਚੀਆਂ ਸਨ। ਜਿਨ੍ਹਾਂ ਬਾਰੇ ਚਿੱਟੀਆਂ-ਪੀਲੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਪਰਲੇ ਦਰਜੇ ਦੀਆਂ ਝੂਠੀਆਂ ਤੇ ਮੁਖ਼ਬਰਾਂ ਵਰਗੀਆਂ ਸਨ। ਇਸ ਨਾਵਲ ਨੂੰ ਪਿੰਡਾਂ ਦੀਆਂ ਢਾਹਣੀਆਂ ਨੇ ਪੁਲਿਸ ਤੋਂ ਚੋਰੀਓਂ ਰਾਤੀਂ ਇਕੱਠੇ ਹੋ ਕੇ ਪੜ੍ਹਿਆ। ਅਗਲੇ ਦਿਨ ਮਿਥੇ ਥਾਂ 'ਤੇ ਵਾਪਸ ਜਾ ਕੀਤਾ ਤੇ ਹੋਰ ਪਿੰਡਾਂ ਵਾਲੇ ਆਪਣੀ ਕਾਪੀ ਬੁੱਕ ਕਰਵਾ ਕੇ ਬੈਠੇ ਹੁੰਦੇ।

ਸਮਾਜ ਵਿਚ ਘਟਨਾਵਾਂ ਦਾ ਹੜ੍ਹ ਆਇਆ ਰਹਿੰਦਾ ਹੈ। ਕੋਈ ਖ਼ਾਸ ਘਟਨਾ ਲੇਖਕ ਨੂੰ ਚੇਤੰਨ ਕਰਦੀ ਹੈ। ਉਹ ਘਟਨਾ ਖ਼ਾਸ ਤੇ ਅਜੀਬ ਹੁੰਦੀ ਐ, ਜਿਹੜੀ ਸਾਹਿਤ ਰਚਨਾ ਲਈ ਪ੍ਰੇਰਨਾ ਸਰੋਤ ਬਣਦੀ ਹੈ। 'ਸੱਚ ਨੂੰ ਫਾਂਸੀ' ਮੇਰਾ ਪਹਿਲਾ ਨਾਵਲ ਹੈ। ਇਹ ਗੱਲ ਅਥਵਾ ਘਟਨਾ ਆਜ਼ਾਦੀ ਤੋਂ ਅੱਠ ਨੌਂ ਵਰ੍ਹੇ ਪਹਿਲਾਂ ਦੀ ਹੈ। ਮੈਂ ਇਕ ਸਰਦਾਰ ਦੀ ਸਿਰ ਵੱਢੀ ਲਹੂ ਵਗਦੀ ਲਾਸ਼ ਦੇਖੀ। ਉਸ ਦਾ ਪਿਛਵਾੜਾ ਫਰੋਲਿਆ ਤਾਂ ਪਤਾ ਲੱਗਾ ਕਿ ਮਰਨ ਵਾਲੇ ਸਰਦਾਰ ਦੇ ਵੈਲੀ ਮੁੰਡੇ ਨੇ ਘੁਮਾਰਾਂ ਦੀ ਜਵਾਨ ਕੁੜੀ ਫੜ ਲਈ ਸੀ। ਕੁੜੀ ਦੇ ਭਰਾਵਾਂ ਸਰਦਾਰ ਦੇ ਮੁੰਡੇ ਨੂੰ ਮਾਰਨਾ ਮਿਥ ਲਿਆ। ਮੱਤ ਦੇਣ ਵਾਲੇ ਨੇ ਸਮਝਾਇਆ, ਮੁੰਡੇ ਨੂੰ ਮਾਰੋਗੇ, ਸਿੱਧੇ ਫਾਹੇ ਲੱਗੋਗੇ। ਉਹਦਾ ਪਿਉ ਸੈਸ਼ਨ ਦੇ ਬਹਿੰਦਾ ਏ। ਵੈਲੀ ਨੂੰ ਮਾਰਨ ਤੋਂ ਪਹਿਲਾਂ ਆਪਣੇ ਬਚਾਅ ਬਾਰੇ ਸੋਚੋ। ਉਹਨਾਂ ਮੱਤ ਦੇਣ ਵਾਲੇ ਨੂੰ ਨਾਲ ਜੋੜ ਕੇ ਸਰਦਾਰ ਕਤਲ ਕਰ ਦਿੱਤਾ ਤੇ ਉਹਦਾ ਸਿਰ ਵੱਢ ਕੇ ਨਹਿਰ ਵਿਚ ਸੁੱਟ ਦਿੱਤਾ। ਇਹ ਮਿੰਟਗੁੰਮਰੀ ਸ਼ਹਿਰ ਤੋਂ ਉਰ੍ਹੇ ਇਕ ਨਹਿਰ 'ਤੇ ਵਾਪਰੀ ਘਟਨਾ ਹੈ। ਜਿਹੜੀ ਮੈਂ ਅੱਖੀਂ ਵੇਖੀ ਤੇ 'ਸੱਚ ਨੂੰ ਫਾਸ਼ੀ' ਨਾਵਲ ਲਿਖਿਆ। ਸੋ ਕੋਈ ਵਾਕਿਆ ਅਥਵਾ ਘਟਨਾ ਨਾਵਲ ਕਹਾਣੀ ਲਿਖਣ ਦੀ ਪ੍ਰੇਰਨਾ ਬਣਦੀ ਹੈ। ਮੈਂ 'ਸੱਚ ਨੂੰ ਫਾਂਸੀ' ਨਾਵਲ ਦੇ ਪਲਾਟ ਨੂੰ ਮੁੱਖ ਰਖ ਕੇ ਗੱਲ ਦਾ ਮੋੜ ਦੇ ਰਿਹਾ ਆਂ। ਸਮਾਜ ਵਿਚ ਸੁਖਾਂਤ ਤੇ ਦੁਖਾਂਤ ਬੜਾ ਕੁਝ ਵਾਪਰਦਾ ਹੀ ਰਹਿੰਦਾ ਹੈ। ਉਸ ਪਲਾਟ ਨੂੰ ਕਲਪਨਾ ਦੀ ਪਾਲਿਸ਼ ਨਾਲ ਪ੍ਰੇਰਨਾ ਦਾਇਕ ਬਣਾਉਣਾ ਲੇਖਕ ਦਾ ਸਚਿਆਰਾ ਕਰਤਵ ਹੈ। ਨਾਵਲ ਲਿਖਣ 'ਚ ਕਈ ਵਾਰ ਸਾਲ ਦੋ ਸਾਲ ਵੀ ਲੱਗ ਜਾਂਦੇ ਹਨ। 'ਲਹੂ ਦੀ ਲੋਅ' ਦੀ ਤਿਆਰੀ ਕਰਨ ਵਿਚ ਹੀ ਕਾਫ਼ੀ ਸਮਾਂ ਲਗ ਗਿਆ ਸੀ। 'ਰਾਤ ਬਾਕੀ ਹੈ' ਦੀ ਪਹਿਲੀ ਪਰਤ ਤੇਈ ਦਿਨਾਂ ਵਿਚ ਲਿਖ ਮਾਰੀ ਸੀ। 'ਲਹੂ ਦੀ ਲੋਅ' ਲਈ ਥਾਵਾਂ ਘਟਨਾਵਾਂ ਬਹੁਤੀਆਂ ਗਾਹੁਣੀਆਂ ਪਈਆਂ ਸਨ। ਪਰ 'ਰਾਤ ਬਾਕੀ ਹੈ' ਲਈ ਲਿਖਣ ਲਈ ਪੈਪਸੂ ਦੇ ਕੁਝ ਪਿੰਡਾਂ ਵਿਚ ਫਿਰਨਾ ਪਿਆ ਸੀ, ਕਿਸੇ ਵੀ ਰਚਨਾ ਦੀ ਪੂਰਤੀ ਲਈ ਸਮਾਂ ਤੇ ਸਥਾਨ ਮਿਥੇ ਨਹੀਂ ਜਾ ਸਕਦੇ। 'ਪਾਲੀ' ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਸਵੇਰੇ ਸਵੇਰੇ ਦਫ਼ਤਰ ਲੱਗਣ ਤੋਂ ਪਹਿਲਾਂ ਲਿਖਦਾ ਰਿਹਾ ਸਾਂ। 'ਰਾਤ ਬਾਕੀ ਹੈ' ਪਹਿਲਾਂ ਦਿੱਲੀ ਵਿਚ, ਹੌਜ਼ ਖ਼ਾਸ ਦੇ ਖੰਡਰਾਂ ਤੇ ਪਿੱਛੇ ਪ੍ਰੈਜੀਡੈਂਸੀ ਹੋਟਲ ਸ੍ਰੀਨਗਰ ਤੇ ਬਣੇ ਇਕ ਦੋਸਤ ਮੁਸਲਮਾਨ ਦੇ ਹੋਟਲ ਵਿਚ ਝਰੀਟਿਆ ਸੀ। 'ਪੂਰਨਮਾਸ਼ੀ' ਖੇਤਾਂ ਦੀਆਂ ਵੱਟਾਂ ਅਤੇ ਕੁਝ ਭਾਗ ਸਿਵਿਆਂ ਵਿਚ ਸ਼ਾਂਤੀ ਵਿਚ ਲਿਖੇ ਸਨ। ਲਿਖਣ ਸਮੇਂ ਮੈਂ ਆਪਣੇ ਕੋਲ ਅਕੇਵਾਂ ਨਹੀਂ ਚਾਹੁੰਦਾ।



## ਮੇਰੇ ਨਾਵਲਾਂ ਵਿਚ ਵੀ ਨਾਇਕਾਂ ਅਤੇ ਨਾਇਕਾਵਾਂ ਦੀ ਅਣਹੋਂਦ ਹੈ
## - ਨਰਿੰਜਨ ਤਸਨੀਮ


ਸ਼ੁਰੂ ਵਿਚ ਕੁਝ ਕਹਾਣੀਆਂ ਲਿਖੀਆਂ ਜੋ ਅਖ਼ਬਾਰਾਂ ਰਸਾਲਿਆਂ ਵਿਚ ਛਪੀਆਂ ਪਰ ਤਸੱਲੀ ਨਾ ਹੋਈ। ਖੁੱਲ੍ਹ ਕੇ ਗੱਲ ਕਹਿਣ ਲਈ ਨਾਵਲ ਦੀ ਵਿਧਾ ਹੀ ਰਾਸ ਆਈ। ਇਸ ਵਿਚ ਇਕ ਫ਼ਾਇਦਾ ਇਹ ਸੀ ਕਿ ਕੋਈ ਪਾਤਰ ਜੇਕਰ ਸਵੇਰ ਵੇਲੇ ਭਟਕ ਜਾਏ ਤਾਂ ਉਹ ਸ਼ਾਮ ਨੂੰ ਘਰ ਆ ਜਾਂਦਾ ਸੀ। ਘਟਨਾਵਾਂ ਨੂੰ ਵੀ ਕਿਸੇ ਤਰਤੀਬ ਵਿਚ ਸਮੇਟਿਆ ਜਾ ਸਕਦਾ ਸੀ।

ਲਿਖਦੇ-ਪੜ੍ਹਦੇ, ਸੋਚਦੇ-ਸਮਝਦੇ ਅਤੇ ਦੇਖਦੇ ਦਿਖਾਂਦੇ ਕੁਝ ਚੀਜ਼ਾਂ ਅਰਧ-ਚੇਤਨ ਮਨ ਵਿਚ ਮਹਿਫ਼ੂਜ ਹੋ ਜਾਂਦੀਆਂ ਹਨ। ਵਕਤ ਆਉਣ 'ਤੇ ਕੋਈ ਘਟਨਾ ਕੋਈ ਰਚਨਾ ਜਾਂ ਕੋਈ ਵਿਅਕਤੀ ਖ਼ਿਆਲਾਂ ਨੂੰ ਟੁੰਬਦਾ ਹੈ ਅਤੇ ਕਲਪਨਾ ਉਡਾਰੂ ਹੋ ਜਾਂਦੀ ਹੈ। ਬੱਸ ਫੇਰ ਪਤਾ ਨਹੀਂ ਲਗਦਾ ਕਿ ਗੱਲ ਕਿੱਥੋਂ ਸ਼ੁਰੂ ਹੋਵੇ, ਕਿਧਰ ਨੂੰ ਜਾਵੇ ਅਤੇ ਕਿਧਰ ਜਾ ਕੇ ਮੁੱਕੇ। ਅਖ਼ੀਰ ਵਿਚ ਅਰਧ-ਚੇਤਨ ਮਨ ਵਿਚ ਲੁਕਿਆ ਕੋਈ ਬੀਜ-ਰੂਪੀ ਥੀਮ ਪੁੰਗਰਦਾ ਹੈ ਅਤੇ ਨਾਵਲ ਦਾ ਰੂਪ ਧਾਰਨ ਕਰ ਲੈਂਦਾ ਹੈ। ਥੀਮ ਜਦੋਂ ਵਿਕਸਿਤ ਹੁੰਦਾ ਹੈ ਤਾਂ ਨਾਵਲ ਦਾ ਆਕਾਰ ਹੋਂਦ ਵਿਚ ਆਉਂਦਾ ਹੈ। ਵਾਸਤਵ ਵਿਚ ਹਰ ਕਲਾਤਮਕ ਰਚਨਾ ਅਰਧ-ਚੇਤਨ ਮਨ ਦੀ ਉਪਜ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਅਰਧ-ਚੇਤਨ ਮਨ ਵਿਚੋਂ ਹੀ ਚੇਤਨਤਾ ਦੀ ਲਹਿਰ ਉਪਜਦੀ ਹੈ ਅਤੇ ਲਾਵੇ ਵਾਂਗ ਫੈਲਦੀ ਚਲੀ ਜਾਂਦੀ ਹੈ। ਲਾਵਾ ਜਦੋਂ ਠੰਡਾ ਹੁੰਦਾ ਹੈ ਤਾਂ ਕਲਾ-ਕ੍ਰਿਤੀ ਦੇ ਨਕਸ਼ ਉਘੜਦੇ ਹਨ।

ਹੋਇਆ ਇੰਝ ਕਿ ਮੈਂ ਆਪਣੇ ਪਹਿਲੇ ਪੰਜਾਬੀ ਨਾਵਲ 'ਪਰਛਾਵੇਂ' ਵਿਚ ਵਕਤ ਅਤੇ ਸਥਾਨ (ਟਾਈਮ ਐਂਡ ਸਪੇਸ) ਦੀ ਸਮੱਸਿਆ ਨਾਲ ਜੂਝਣ ਦੀ ਕੋਸ਼ਿਸ਼ ਕੀਤੀ। ਇਸ ਨਾਵਲ ਵਿਚ ਟਰੇਨ ਚਲ ਰਹੀ ਹੈ, ਸਥਾਨ ਬਦਲ ਰਿਹਾ ਹੈ, ਲੇਕਿਨ ਵਕਤ ਦੀ ਰਫ਼ਤਾਰ ਕਦੀ ਤੇਜ਼ ਹੋ ਜਾਂਦੀ ਹੈ ਅਤੇ ਕਦੀ ਧੀਮੀ ਪੈ ਜਾਂਦੀ ਹੈ। ਰਮਿੰਦਰ ਅਤੇ ਜਸਬੀਰ ਜਦੋਂ ਅਤੀਤ ਵਿਚ ਆਪਣੇ ਪਿਆਰ ਦੇ ਪੁੰਗਰਨ ਦੀਆਂ ਗੱਲਾਂ ਕਰਦੇ ਹਨ ਤਾਂ ਵਕਤ ਰੁਕ ਜਾਂਦਾ ਹੈ, ਲੇਕਿਨ ਜਦੋਂ ਉਹ ਚੁੱਪ ਹੋ ਜਾਂਦੇ ਹਨ ਤਾਂ ਵਕਤ ਆਪਣੀ ਗਤੀ ਪਕੜ ਲੈਂਦਾ ਹੈ, ਖ਼ਾਸ ਕਰਕੇ ਉਦੋਂ ਜਦੋਂ ਪਾਠਕ ਨੂੰ ਅਹਿਸਾਸ ਹੁੰਦਾ ਹੈ ਕਿ ਟਰੇਨ ਚਲ ਰਹੀ ਹੈ, ਕਾਂਟਾ ਬਦਲ ਰਹੀ ਹੈ, ਖੜ ਖੜ ਦੀ ਆਵਾਜ਼ ਆ ਰਹੀ ਜਾਂ ਕੋਈ ਵਿਅਕਤੀ ਸੁੱਤਾ ਹੋਇਆ ਘੁਰਾੜੇ ਮਾਰ ਰਿਹਾ ਹੈ ਜਾਂ ਪਾਸਾ ਮੋੜ ਰਿਹਾ ਹੈ।

ਏਸੇ ਤਰ੍ਹਾਂ ਮੇਰੇ ਨਾਵਲ 'ਇਕ ਹੋਰ ਨਵਾਂ ਸਾਲ' ਵਿਚ ਬੰਤਾ ਰਿਕਸ਼ਾ ਚਲਾ ਰਿਹਾ ਹੈ, ਵਕਤ ਬੀਤ ਰਿਹਾ ਹੈ ਅਤੇ ਸਥਾਨ ਬਦਲ ਰਿਹਾ ਹੈ। ਲੇਕਿਨ ਜਦੋਂ ਰਿਕਸ਼ੇ ਵਿਚ ਬੈਠੀਆਂ ਦੋ ਸਵਾਰੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਹਨ ਤਾਂ ਸਥਾਨ ਤਾਂ ਬਦਲਦਾ ਰਹਿੰਦਾ ਹੈ, ਪਰ ਵਕਤ ਰੁਕ ਜਾਂਦਾ ਹੈ। ਉਹਨਾਂ ਦੀਆਂ ਗੱਲਾਂ ਬੰਤੇ ਦੇ ਦਿਮਾਗ ਉੱਤੇ ਇਕ ਪੈਟਰਨ ਬਣਾਂਦੀਆਂ ਚਲੀਆਂ ਜਾਂਦੀਆਂ ਹਨ ਅਤੇ ਇਹ ਜਿਹੜਾ ਆਕਾਰ ਹੋਂਦ ਵਿਚ ਆਉਂਦਾ ਹੈ, ਉਹ ਵਕਤ ਦੀ ਕੈਦ ਤੋਂ ਆਜ਼ਾਦ ਹੁੰਦਾ ਹੈ। ਚੇਤਨਾ-ਪ੍ਰਵਾਹ ਉਂਜ ਤਾਂ ਗਤੀਸ਼ੀਲ ਹੁੰਦੀ ਹੈ, ਲੇਕਿਨ ਵਕਤ ਨੂੰ ਕੀਲ ਕੇ ਰੱਖ ਦਿੰਦੀ ਹੈ। ਇਕ ਪਲ ਜਾਂ ਛਿਣ ਹੀ ਹੁੰਦਾ ਹੈ ਜੋ ਫੈਲਦਾ ਅਤੇ ਸੁੰਗੜਦਾ ਰਹਿੰਦਾ ਹੈ। ਉਦੋਂ ਸਮੇਂ ਦੇ ਨਾਲ ਨਾਲ ਸਥਾਨ ਵੀ ਅਲੋਪ ਹੋ ਰਿਹਾ ਪ੍ਰਤੀਤ ਹੁੰਦਾ ਹੈ। ਇਹੀ ਵਿਸ਼ੇਸ਼ਤਾਵਾਂ ਮੇਰੇ ਹੋਰ ਨਾਵਲਾਂ ਵਿਚ ਵੀ ਹਨ।

ਨਾਵਲਕਾਰ ਜਦੋਂ ਕਿਸੇ ਨਾਵਲ ਦੀ ਰਚਨਾ ਕਰਦਾ ਹੈ ਤਾਂ ਉਹ ਆਪਣੇ ਲਈ ਹੀ ਕਰਦਾ ਹੈ। ਉਹ ਆਪਣੇ ਹਰ ਨਾਵਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦਾ ਹੈ। ਬੇਸ਼ੱਕ ਉਹ ਆਪਣੇ ਆਪ ਨੂੰ ਨਿੱਜੀ ਰੂਪ ਵਿਚ ਹੀ ਨਹੀਂ ਚਿਤਰਦਾ ਰਹਿੰਦਾ, ਬਲਕਿ ਉਹ ਆਪਣੇ ਆਪ ਨੂੰ ਆਪਣੀ ਪਸੰਦ ਦੇ





ਕਿਸੇ ਪਾਤਰ ਵਿਚ ਪੇਸ਼ ਕਰਨ ਦੀ ਖ਼ੁਸ਼ੀ ਪ੍ਰਾਪਤ ਕਰਦਾ ਹੈ। ਕਦੀ ਉਹ ਵਿਰੋਧੀ ਸੁਰ ਵੀ ਅਖ਼ਤਿਆਰ ਕਰ ਲੈਂਦਾ ਹੈ। ਉਸ ਦੇ ਅੰਦਰ ਜੋ ਤਲਖ਼ੀ ਹੁੰਦੀ ਹੈ, ਉਹ ਉਸ ਦੀ ਲਿਖਤ ਵਿਚ ਉਸ ਦੇ ਵਰਣਨ-ਢੰਗ ਰਾਹੀਂ ਪ੍ਰਗਟ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਚੰਗਾ ਨਾਵਲਕਾਰ ਉਹੀ ਹੈ ਜੋ ਆਪਣੀ ਰਚਨਾ ਵਿਚ ਹਰ ਥਾਂ 'ਤੇ ਮੌਜੂਦ ਹੋਵੇ ਪਰ ਕਿਤੇ ਵੀ ਨਜ਼ਰ ਨਾ ਆਵੇ। ਪਾਠਕਾਂ ਨੂੰ ਮੁੱਖ ਰੱਖ ਕੇ ਵੀ ਨਾਵਲ ਲਿਖੇ ਜਾਂਦੇ ਹਨ, ਪਰ ਇਹ ਗੱਲ ਉਦੋਂ ਵਾਪਰਦੀ ਹੈ ਜਦੋਂ ਨਾਵਲਕਾਰ ਪਹਿਲਾਂ ਆਪਣੇ ਪਾਠਕਾਂ ਨੂੰ 'ਲਾਮ ਬੰਦ' ਕਰਦਾ ਹੈ, ਜਿਵੇਂ ਕਿ ਚਾਰਲਜ਼ ਡਿਕਨਜ਼, ਅਰਨਸਟ ਹੈਮਿਗਵੇ ਅਤੇ ਨਾਨਕ ਸਿੰਘ ਨੇ ਕੀਤਾ। ਪਹਿਲਾਂ ਆਪਣੇ ਨਾਵਲਾਂ ਨੂੰ ਪੜ੍ਹਨ ਵਾਲੇ ਪਾਠਕ ਪੈਦਾ ਕੀਤੇ, ਫੇਰ ਉਹਨਾਂ ਲਈ ਲਿਖਦੇ ਰਹੇ। ਉਂਜ ਪਾਠਕਾਂ ਵਿਚ ਬਦੋਬਦੀ ਮਕਬੂਲ ਹੋਣ ਦੇ ਮਨੋਰਥ ਨਾਲ ਸਭ ਸਟੈਂਡਰਡ ਰਚਨਾਵਾਂ ਦੀ ਸਿਰਜਣਾ ਕਰਨ ਵਾਲਾ ਨਾਵਲਕਾਰ ਨਿੰਦਣਯੋਗ ਹੁੰਦਾ ਹੈ।

ਮਨੁੱਖੀ ਮਨ ਦੀ ਹਮੇਸ਼ਾ ਇਹ ਲਾਲਸਾ ਰਹੀ ਹੈ ਕਿ ਨਾਵਲ ਵਿਚ ਨਾਇਕ ਹੋਵੇ ਤਾਂ ਜੋ ਸਾਰੇ ਬਿਰਤਾਂਤ ਵਿਚ ਉਸ ਦਾ ਧਿਆਨ ਇਕ ਵਿਅਕਤੀ ਉੱਤੇ ਕੇਂਦ੍ਰਿਤ ਰਹੇ। ਲੇਕਿਨ ਇਸ ਰੁਚੀ ਦੇ ਵੱਡੇ ਨਾਵਲਕਾਰਾਂ ਨੇ ਖੰਡਨ ਕੀਤਾ ਹੈ। ਏਥੋਂ ਤੱਕ ਕਿ ਥੈਕਰੇ ਨੇ ਆਪਣੇ ਨਾਵਲ 'ਵੈਨਿਟੀ ਫੇਅਰ' ਜੋ 1847-48 ਵਿਚ ਪ੍ਰਕਾਸ਼ਿਤ ਹੋਇਆ, ਨੂੰ 'ਏ ਨਾਵਲ ਵਿਦਾਊਟ ਏ ਹੀਰੋ (ਨਾਇਕ ਰਹਿਤ ਨਾਵਲ) ਵਜੋਂ ਪੇਸ਼ ਕੀਤਾ। ਉਸ ਜ਼ਮਾਨੇ ਵਿਚ ਇਸ ਭਾਂਤ ਦੀ ਰਚਨਾ ਨੂੰ ਪੇਸ਼ ਕਰਨਾ ਬੜੇ ਹੌਸਲੇ ਵਾਲੀ ਗੱਲ ਸੀ। ਫੇਰ ਵੀ ਮੰਨਣਾ ਪਏਗਾ ਕਿ ਇਸ ਨਾਇਕ ਰਹਿਣ ਨਾਵਲ ਦੀ ਇਕ ਜ਼ੋਰਦਾਰ ਨਾਇਕਾ ਹੈ, ਬੈਕੀ ਸ਼ਰਾਪ। ਉਂਜ ਇਹ ਨਾਇਕਾ ਤੋਂ ਵਧੇਰੇ ਖਲਨਾਇਕਾ ਹੈ। ਮੁਕਦੀ ਗੱਲ ਇਹ ਕਿ ਕਿਸੇ ਨਾਇਕ ਨੂੰ ਆਦਰਸ਼ ਵਿਅਕਤੀ ਪੇਸ਼ ਕਰਨਾ ਹੁਣ ਪਸੰਦ ਨਹੀਂ ਕੀਤਾ ਜਾਂਦਾ। ਉਹ ਮੁੱਖ ਪਾਤਰ ਵਾਂਗ ਵਿਚਰੇ ਆਪਣੀਆਂ ਖ਼ੂਬੀਆਂ ਅਤੇ ਖ਼ਾਮੀਆਂ ਸਮੇਤ। ਪੰਜਾਬੀ ਨਾਵਲ ਵਿਚ ਵਧੇਰੇ ਇਹੀ ਕੁਝ ਹੋ ਰਿਹਾ ਹੈ। ਮੇਰੇ ਨਾਵਲਾਂ ਵਿਚ ਵੀ ਨਾਇਕਾਂ ਅਤੇ ਨਾਇਕਾਵਾਂ ਦੀ ਅਣਹੋਂਦ ਹੈ। ਉਂਜ ਇਕ ਦੋ ਪਾਤਰ ਹਮੇਸ਼ਾ ਦ੍ਰਿਸ਼ਟੀਗੋਚਰ ਰਹਿੰਦੇ ਹਨ ਜੋ ਪਾਠਕ ਦਾ ਧਿਆਨ ਆਪਣੇ ਵੱਲ ਖਿਚਦੇ ਰਹਿੰਦੇ ਹਨ।

ਦਲਿਤ ਪਾਤਰ ਦਾ ਸੰਕਲਪ ਸਾਡੇ ਮਨ ਵਿਚ ਬਾਅਦ ਵਿਚ ਆਇਆ। ਪਹਿਲਾਂ ਤਾਂ ਇਹੀ ਖ਼ਿਆਲ ਹੁੰਦਾ ਸੀ ਕਿ ਕੁਝ ਲੋਕ ਬਹੁਤੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ, ਜੋ ਨਿੰਦਣਯੋਗ ਗੱਲ ਹੈ। ਮੇਰੇ ਨਾਵਲ 'ਇਕ ਹੋਰ ਨਵਾਂ ਸਾਲ' ਦਾ ਮੁੱਖ ਪਾਤਰ ਬੰਤਾ, ਜੋ ਪਿੰਡੋਂ ਦੁਖੀ ਹੋ ਕੇ ਸ਼ਹਿਰ ਆ ਗਿਆ ਸੀ ਅਤੇ ਰਿਕਸ਼ਾ ਚਾਲਕ ਬਣ ਗਿਆ ਸੀ, ਉਹਨਾਂ ਕਲਰਕਾਂ, ਮਜ਼ਦੂਰਾਂ, ਪਾਂਡੀਆਂ, ਮੋਚੀਆਂ, ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਅਤੇ ਗਰੀਬ ਘਰਾਂ ਦੇ ਵਿਦਿਆਰਥੀਆਂ ਵਾਂਗ ਹੀ ਹੈ ਜੋ ਸਿਸਕ-ਸਿਸਕ ਕੇ ਜੀਵਨ ਬਤੀਤ ਕਰ ਰਹੇ ਹਨ। ਟਾਲਸਟਾਏ ਨੇ ਕਿਹਾ ਹੈ-'ਖੁਸ਼ਹਾਲ ਘਰ ਇੱਕੋ ਜਿਹੇ ਹੁੰਦੇ ਹਨ, ਲੇਕਿਨ ਦੁਖੀ ਪਰਿਵਾਰਾਂ ਦਾ ਦੁੱਖ ਵੱਖਰੀ ਭਾਂਤ ਦਾ ਹੁੰਦਾ ਹੈ।' ਦਲਿਤ ਵਰਗ ਦੇ ਦੁੱਖ ਵੱਖਰੀ ਭਾਂਤ ਦਾ ਜ਼ਰੂਰ ਹਨ, ਲੇਕਿਨ ਸਮਾਜ ਵਿਚ ਹੋਰ ਵੀ ਦੁਖਿਆਰੇ ਹਨ ਜੋ ਦਲਿਤ ਵਰਗ ਦੀ ਸ਼੍ਰੇਣੀ ਵਿਚ ਬੇਸ਼ਕ ਨਹੀਂ ਆਉਂਦੇ। ਮੇਰੀ ਨਜ਼ਰ ਵਿਚ ਬੰਤਾ ਦਲਿਤ ਬਾਅਦ ਵਿਚ ਹੈ, ਦੁਖਿਆਰਾ ਪਹਿਲਾਂ ਹੈ। ਇੰਜ ਉਹ ਕਿਸੇ ਸੀਮਿਤ ਦਾਇਰੇ ਵਿਚ ਨਹੀਂ, ਸਗੋਂ ਅਸੀਮ ਦਾਇਰੇ ਵਿਚ ਹੈ, ਜੋ ਪੂਰੀ ਮਾਨਵਤਾ ਦੀ ਹਮਦਰਦੀ ਦਾ ਪਾਤਰ ਹੈ।

ਨਾਵਲ ਆਲੋਚਨਾ ਦੀ ਸਥਿਤੀ ਉਂਜ ਤਾਂ ਮਾੜੀ ਹੈ, ਲੇਕਿਨ ਕਿਤੇ ਕਿਤੇ ਆਸ ਦੀ ਕਿਰਨ ਜਾਗਦੀ ਹੈ ਕਿ ਨਿਰਪੱਖ ਆਲੋਚਕ ਹੋਂਦ ਵਿਚ ਆਉਣਗੇ। ਪਿੱਛੇ ਜਿਹੇ ਆਲੋਚਨਾ ਦੇ ਖੇਤਰ ਵਿਚ







ਇਹ ਹੋਰ ਫ਼ਰਕ ਦੇਖਣ ਵਿਚ ਆਇਆ ਹੈ। ਪਹਿਲਾਂ ਨਾਵਲਕਾਰ ਆਲੋਚਕ ਵੱਲ ਦੇਖਦਾ ਸੀ ਕਿ ਦੇਖੋ ਇਸ ਦੇ ਵਿਚਾਰ ਕੀ ਹਨ। ਉਦੋਂ ਅਸੀਂ ਸੰਤ ਸਿੰਘ ਸੇਖੋਂ, ਡਾ. ਹਰਿਭਜਨ ਸਿੰਘ ਅਤੇ ਡਾ. ਅਤਰ ਸਿੰਘ ਦੇ ਵਿਚਾਰ ਜਾਣਨ ਦੇ ਇੱਛੁਕ ਹੁੰਦੇ ਸਾਂ। ਬਹੁਤੇ ਨੁਕਸ ਵੀ ਕੱਢੇ ਹੋਣ ਤਾਂ ਵੀ ਬੁਰਾ ਨਹੀਂ ਸੀ ਮਨਾਉਂਦੇ, ਬਲਕਿ ਚੰਗਾ ਲਿਖਣ ਲਈ ਪ੍ਰੇਰਿਤ ਹੁੰਦੇ ਸਾਂ। ਹੁਣ ਤਾਂ ਆਲੋਚਕ ਨਾਵਲਕਾਰ ਦੇ ਮੂੰਹ ਵਲ ਦੇਖਦਾ ਹੈ ਕਿ ਉਹ ਕੀ ਚਾਹੁੰਦਾ ਹੈ। ਉਹ ਉਸ ਦੀ ਇੱਛਾ ਦੇ ਮੁਤਾਬਿਕ ਲਿਖਦਾ ਹੈ ਅਤੇ ਛਪਣ ਲਈ ਭੇਜਣ ਤੋਂ ਪਹਿਲਾਂ ਨਾਵਲਕਾਰ ਤੋਂ ਸੋਧ ਕਰਵਾਉਂਦਾ ਹੈ। ਇਹ ਰੁਚੀ ਹੁਣ ਏਨੀ ਪ੍ਰਬਲ ਹੋ ਗਈ ਹੈ ਕਿ ਆਲੋਚਕ ਨੂੰ ਉਦੋਂ ਸੁੱਖ ਦਾ ਸਾਹ ਆਉਂਦਾ ਹੈ ਜਦੋਂ ਉਸ ਦਾ ਖਰੜਾ ਨਾਵਲਕਾਰ ਵਲੋਂ ਸਵੀਕਾਰ ਹੋ ਜਾਂਦਾ ਹੈ।

ਪਹਿਲਾਂ ਇਸ ਤਰ੍ਹਾਂ ਨਹੀਂ ਸੀ। ਨਾਨਕ ਸਿੰਘ ਅਤੇ ਸੁਰਿੰਦਰ ਸਿੰਘ ਨਰੂਲਾ ਨੇ ਸ਼ਹਿਰੀ ਜੀਵਨ ਬਾਰੇ ਨਾਵਲ ਲਿਖੇ। ਛੇਤੀ ਹੀ ਜਸਵੰਤ ਸਿੰਘ ਕੰਵਲ ਪੇਂਡੂ ਜੀਵਨ ਨੂੰ ਦ੍ਰਸਾਉਣ ਵਾਲੇ ਨਾਵਲ ਲੈ ਕੇ ਮੈਦਾਨ ਵਿਚ ਆ ਗਿਆ। ਵਕਤ ਦੇ ਬੀਤਣ ਨਾਲ ਗੁਰਦਿਆਲ ਸਿੰਘ ਅਤੇ ਰਾਮ ਸਰੂਪ ਅਣਖੀ ਉਹਦੇ ਨਾਲ ਆ ਰਲੇ। ਏਨੇ ਵਿਚ ਸੁਖਬੀਰ, ਨਰਿੰਦਰਪਾਲ ਸਿੰਘ, ਸੁਰਜੀਤ ਸਿੰਘ ਸੇਠੀ ਅਤੇ ਇਹਨਾਂ ਸਤਰਾਂ ਦਾ ਲੇਖਕ ਸ਼ਹਿਰੀ ਮਾਨਸਿਕਤਾ ਨੂੰ ਚਿਤਰਨ ਵਾਲੇ ਨਾਵਲ ਲੈ ਕੇ ਹਾਜ਼ਰ ਹੋ ਗਏ। ਏਥੋਂ ਤੱਕ ਤਾਂ ਠੀਕ ਸੀ, ਲੇਕਿਨ ਬਾਅਦ ਵਿਚ ਕੁਝ ਆਲੋਚਕਾਂ ਨੇ 'ਸ਼ਹਿਰੀ ਮੱਧ-ਵਰਗ' ਦੇ ਹਾਵ-ਭਾਵ ਵਿਅਕਤ ਕਰਨ ਵਾਲੇ ਨਾਵਲਾਂ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਨਵੇਂ ਨਾਵਲਕਾਰਾਂ ਨੇ ਪੇਂਡੂ ਜੀਵਨ ਦੀਆਂ ਗਤੀ-ਵਿਧੀਆਂ ਨੂੰ ਹੀ ਦ੍ਰਿਸ਼ਟੀਗੋਚਰ ਕਰ ਲਿਆ। ਇੰਜ ਮਾੜਾ ਮਾਲ ਵੀ ਵਿਕਣ ਲੱਗ ਗਿਆ। ਕੁਝ ਪ੍ਰਸਿੱਧ ਨਾਵਲਕਾਰਾਂ ਨੇ ਆਪਣੇ ਆਪ ਨੂੰ ਦੋਹਰਾਣਾ ਸ਼ੁਰੂ ਕਰ ਦਿੱਤਾ ਅਤੇ ਇਸ ਗੱਲ ਤੇ ਪ੍ਰਸੰਨ ਹੋ ਗਏ ਕਿ ਪਾਠਕਾਂ ਵਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਇਸ ਭਾਂਤ ਦੇ ਨਾਵਲਾਂ ਦਾ ਮਾਰਕੀਟ ਵਿਚ ਜਦੋਂ 'ਗਲੱਟ' ਆ ਗਿਆ ਤਾਂ ਪੰਜਾਬੀ ਨਾਵਲ ਦੇ ਵਿਕਸਿਤ ਹੋਣ ਵਿਚ ਰੁਕਾਵਟ ਪੈਦਾ ਹੋ ਗਈ। ਫੇਰ ਵੀ ਚੰਗਾ ਹੋਇਆ ਜੋ ਯੂ. ਕੇ. ਵਿਚ ਬੈਠੇ ਕੁਝ ਪੰਜਾਬੀ ਨਾਵਲਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਸੰਤੁਲਨ ਪੈਦਾ ਕਰਨ ਦਾ ਉਪਰਾਲਾ ਕੀਤਾ। ਇਸ ਤਰ੍ਹਾਂ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਦਾ ਵਰਣਨ ਵੀ ਹੋ ਗਿਆ ਅਤੇ ਪੇਂਡੂ ਜੀਵਨ ਪ੍ਰਤੀ ਹੇਰਵਾ ਵੀ ਰੂਪਮਾਨ ਹੋ ਗਿਆ।

ਨਾਰੀ ਨੂੰ ਸ਼ੋਸ਼ਣ ਦਾ ਸ਼ਿਕਾਰ ਹੁੰਦਿਆਂ ਬਹੁਤਾ ਪੇਂਡੂ ਜੀਵਨ ਪ੍ਰਤੀ ਰਚੇ ਨਾਵਲਾਂ ਵਿਚ ਹੀ ਦਿਖਾਇਆ ਗਿਆ। ਇਸ ਵਿਚ ਕੁਝ ਤਾਂ ਹਕੀਕਤ ਸੀ ਅਤੇ ਬਾਕੀ ਤਰਸ ਦੀ ਭਾਵਨਾ ਪੈਦਾ ਕਰਨ ਦਾ ਉਪਰਾਲਾ। ਸ਼ਹਿਰੀ ਜੀਵਨ ਵਿਚ ਤਾਂ ਨਾਰੀ ਨੇ ਮੁਲਕ ਦੀ ਆਜ਼ਾਦੀ ਤੋਂ ਬਾਅਦ ਆਪਣੀ ਪੁਰਾਣੀ ਕੁੰਜ ਉਤਾਰ ਦਿੱਤੀ ਸੀ। ਇਹ ਗੱਲ ਥੱਲੇ ਦੇ ਤਬਕੇ 'ਤੇ ਏਨੀ ਲਾਗੂ ਨਹੀਂ ਹੁੰਦੀ, ਜਿੰਨੀ ਕੇ ਉਪਰਲੇ ਤਬਕੇ 'ਤੇ। ਹੌਲੀ-ਹੌਲੀ ਨਾਰੀ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਸ਼ਿਮਲਾ ਰਹਿੰਦਿਆਂ, 1951 ਤੋਂ 1961 ਦੇ ਦੌਰਾਨ, ਮੈਂ ਦੇਖਿਆ ਕਿ ਪੰਜਾਬ ਦੇ ਸ਼ਹਿਰਾਂ ਵਿਚੋਂ ਆਏ ਮਰਦ ਅਤੇ ਔਰਤਾਂ ਅਛੋਪਲੇ ਹੀ ਨਵੇਂ ਸੰਸਕਾਰਾਂ ਦੇ ਧਾਰਨੀ ਹੋ ਗਏ। ਤੰਗ ਗਲੀਆਂ ਅਤੇ ਹਨੇਰੇ ਮਕਾਨਾਂ ਵਿਚ ਰਹਿਣ ਵਾਲੀਆਂ ਕੁੜੀਆਂ ਵਿਆਹ ਕਰਵਾ ਕੇ ਜਦੋਂ ਸ਼ਿਮਲੇ ਆਉਂਦੀਆਂ ਸਨ, ਮੱਧ-ਵਰਗ ਦੇ ਲੜਕਿਆਂ ਦੇ ਘਰਾਂ ਵਿਚ, ਤਾਂ ਹੌਲੀ-ਹੌਲੀ ਉਹਨਾਂ ਦੇ ਅੰਦਰ ਜੀਵਨ ਨੂੰ ਸੁਚੱਜੇ ਢੰਗ ਨਾਲ ਜਿਉਣ ਦੀ ਲਹਿਰ ਪੈਦਾ ਹੋ ਜਾਂਦੀ ਸੀ। ਕਦੀ ਕਦੀ ਤਾਂ ਨਾਰੀ, ਨਵੀਂ ਮਿਲੀ ਆਜ਼ਾਦੀ ਦੇ ਤਹਿਤ, ਮਰਦ ਦਾ ਸ਼ੋਸ਼ਣ ਕਰਨ ਤੋਂ ਵੀ ਗੁਰੇਜ਼ ਨਹੀਂ ਸੀ ਕਰਦੀ। ਨਵੇਂ ਸਮਾਜ ਦੇ ਨਿਰਮਾਣ ਵਿਚ

ਇਸ ਭਾਂਤ ਦਾ ਉਲਾਰ ਵਕਤੀ ਹੀ ਸੀ। ਆਪਣੇ ਨਾਵਲਾਂ, ਜਿਵੇਂ ਕਿ 'ਪਰਛਾਵੇਂ', 'ਕਸਕ', 'ਤ੍ਰੇੜਾਂ ਤੇ ਰੂਪ' , 'ਰੇਤ ਛੱਲ' ਅਤੇ 'ਹਨੇਰਾ ਹੋਣ ਤੱਕ' ਵਿਚ ਮੈਂ ਇਸ ਵਿਕਸਿਤ ਹੋ ਰਹੇ ਸਮਾਜ ਦੀ ਝਲਕ ਪੇਸ਼ ਕੀਤੀ ਹੈ। ਕੁਝ ਆਲੋਚਕਾਂ ਨੂੰ ਲੱਗਾ ਕਿ ਇਹ ਤਾਂ ਪੰਜਾਬੀ ਜੀਵਨ ਨਹੀਂ ਹੈ। ਹੁਣ ਜੇਕਰ ਦੇਖੀਏ ਤਾਂ ਉਹੀ ਜੀਵਨ ਹੌਲੀ ਹੌਲੀ ਅਸੀਂ ਸਵੀਕਾਰ ਕਰ ਲਿਆ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਪੇਂਡੂ ਜੀਵਨ ਅਤੇ ਸ਼ਹਿਰੀ ਜੀਵਨ ਵਿਚਲਾ ਫਾਸਲਾ ਦਿਨ ਬਦਿਨ ਘੱਟਦਾ ਜਾ ਰਿਹਾ ਹੈ।

## ਵਿਚਾਰਧਾਰਾ ਨੂੰ ਨਾਵਲ 'ਚ ਸਮੋਣ ਲਈ ਮੈਂ ਆਮ ਕਰਕੇ ਵਾਰਤਾਲਾਪ ਦਾ ਸਹਾਰਾ ਲੈਂਦਾ ਹਾਂ- ਮਨਮੋਹਨ ਬਾਵਾ




ਮੈਂ ਸਿਰਫ਼ ਨਾਵਲ ਹੀ ਨਹੀਂ ਲਿਖਦਾ ਨਿੱਕੀਆਂ ਕਹਾਣੀਆਂ, ਲੰਮੀਆਂ ਕਹਾਣੀਆਂ, ਸਫ਼ਰਨਾਮਾਂ, ਲੇਖ ਸਭ ਕੁਝ ਲਿਖਦਾ ਹਾਂ। ਕਿਸੇ ਵਿਸ਼ੇ ਨੂੰ ਲੈ ਕੇ ਜਿਸ ਤਰ੍ਹਾਂ ਜੀ ਕਰੇ ਲਿਖ ਦੇਂਦਾ ਹਾਂ।

ਹਰ ਨਾਵਲ ਦੀ ਸਿਰਜਣ ਪ੍ਰਕਿਰਿਆ ਉਸ ਨਾਵਲ ਦੇ ਵਿਸ਼ੇ ਪਾਤਰਾਂ ਅਤੇ ਕਾਲ ਦੇ ਸੰਦਰਭ ਅਨੁਸਾਰ ਹੁੰਦੀ ਹੈ, ਕੋਈ ਖਾਸ ਢੰਗ ਤਰੀਕਾ ਨਹੀਂ।

ਆਮ ਕਿਸਮ ਦੇ ਨਾਵਲ ਲਿਖਣ ਅਤੇ ਇਤਿਹਾਸ, ਮਿਥਿਹਾਸ 'ਤੇ ਆਧਾਰਤ ਨਾਵਲ ਲਿਖਨ ਦੀ ਤਿਆਰੀ ਅਤੇ ਪ੍ਰਕਿਰਿਆ 'ਚ ਇਕ ਮੂਲ ਅੰਤਰ ਹੈ। ਇਸ ਤਰ੍ਹਾਂ ਦੇ ਨਾਵਲ ਲਿਖਣ ਲਈ ਇਤਿਹਾਸਕ ਜਾਣਕਾਰੀ ਦੇ ਨਾਲ-ਨਾਲ ਉਸ ਵੇਲੇ ਦੀਆਂ ਧਾਰਮਿਕ, ਸਮਾਜਿਕ ਅਤੇ ਹੋਰ ਗਤੀਵਿਧੀਆਂ ਦੀ ਜਾਣਕਾਰੀ ਹੋਣਾ ਵੀ ਲਾਜ਼ਮੀ ਹੈ। ਕਿਸੇ ਖਾਸ ਕਾਲ, ਸ਼ਖ਼ਸੀਅਤ ਜਾਂ ਇਤਿਹਾਸਕ ਘਟਨਾਵਾਂ ਤੇ ਆਧਾਰਤ ਨਾਵਲ ਲਿਖਣ ਦਾ ਵਿਚਾਰ ਪੱਕਾ ਹੁੰਦਿਆਂ ਹੀ ਮੈਂ ਉਸ ਬਾਰੇ ਜਿੰਨੀਆਂ ਵੀ ਪੁਸਤਕਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਜ਼ਬਾਨ 'ਚ ਪ੍ਰਕਾਸ਼ਤ ਹੋ ਚੁੱਕੀਆਂ ਹੋਣ, ਉਨ੍ਹਾਂ ਨੂੰ ਲਾਇਬ੍ਰੇਰੀਆਂ 'ਚ ਜਾ ਕੇ, ਜਾਂ ਖਰੀਦ ਕੇ ਪੜ੍ਹਨਾ ਅਤੇ ਨੋਟ ਬਣਾਉਣੇ ਸ਼ੁਰੂ ਕਰ ਦੇਂਦਾ ਹਾਂ। ਉਨ੍ਹਾਂ 'ਚੋਂ ਬਹੁਤ ਸਾਰੀਆਂ ਪੁਸਤਕਾਂ ਮੈਂ ਪਹਿਲਾਂ ਹੀ ਪੜ੍ਹੀਆਂ ਹੁੰਦੀਆਂ ਹਨ। ਮੇਰੇ ਲਈ ਇਤਿਹਾਸ/ਮਿਥਿਹਾਸ ਦੀਆਂ ਪੁਸਤਕਾਂ ਨਾਵਲ ਨਾਲੋਂ ਜ਼ਿਆਦਾ ਦਿਲਚਸਪੀ ਰੱਖਦੀਆਂ ਹਨ। ਆਪਣੀ ਸੁਖਾਲ ਲਈ ਉਸ ਕਾਲ ਅਤੇ ਸ਼ਖ਼ਸੀਅਤਾਂ/ਪਾਤਰਾਂ ਬਾਰੇ ਵੱਖ-ਵੱਖ ਕਾਪੀਆਂ ਬਣਾਉਂਦਾ ਹਾਂ-ਧਾਰਮਿਕ, ਸਮਾਜਕ, ਇਤਿਹਾਸਕ ਗਤੀਵਿਧੀਆਂ ਵਾਸਤੇ ਵੱਖਰੀਆਂ-ਵੱਖਰੀਆਂ ਕਾਪੀਆਂ। ਨਾਲੋਂ ਨਾਲ ਇਤਿਹਾਸਕਾਰਾਂ, ਜਾਂ ਉਸ ਕਾਲ ਦੇ ਵਿਸ਼ੇਸ਼ੱਗਾਂ ਨੂੰ ਮਿਲਕੇ ਉਨ੍ਹਾਂ ਦੇ ਵਿਚਾਰਾਂ ਨੂੰ ਵੀ ਸੁਣਦਾ ਹਾਂ। ਜਾਂ ਤੇ ਲਿਖਣ ਤੋਂ ਪਹਿਲਾਂ ਮੈਂ ਉਨ੍ਹਾਂ ਇਤਿਹਾਸਕ ਘਟਨਾਵਾਂ-ਸਥੱਲਾਂ ਤੇ ਜਾ ਚੁੱਕਿਆ ਹੁੰਦਾ ਹਾਂ, ਜਾਂ ਨੋਟ ਬਣਾਉਣ ਦੀ ਪ੍ਰਕਿਰਿਆ ਦੌਰਾਨ ਚਲਾ ਜਾਂਦਾ ਹਾਂ।

ਇਸ ਤਰ੍ਹਾਂ ਕਰਦਿਆਂ ਦੋ ਤੋਂ ਦੱਸ ਸਾਲ ਤੱਕ ਵੀ ਲੱਗ ਜਾਂਦੇ ਹਨ। ਸਮੁੱਚੀ ਸਾਮੱਗਰੀ ਇਕੱਠੀ ਕਰਦਿਆਂ ਨਾਵਲ ਦੇ ਮੁੱਖ ਪਾਤਰਾਂ ਦਾ ਮੁਹਾਂਦਰਾ ਉਭਰਨ ਦੇ ਨਾਲ ਨਾਲ ਨਾਵਲ ਦੀ ਰਚਨਾ ਦਾ ਇਕ ਧੁੰਦਲਾ ਜਿਹਾ ਖ਼ਾਕਾ ਉਭਰਨ ਲੱਗਦਾ ਹੈ। ਇੱਕ ਆਊਟਲਾਈਨ ਜਿਹੀ ਬਣ ਜਾਂਦੀ ਹੈ ਜਿਸ 'ਚ ਰਚਨਾ ਕਰਦਿਆਂ ਰੰਗ ਭਰਦਾ ਰਹਿੰਦਾ ਹਾਂ। ਭਾਵ ਇਹ ਕਿ ਸਮੁੱਚੀ ਸਾਮੱਗਰੀ ਕਦੀ ਵੀ ਮੇਰੇ ਜ਼ਿਹਨ 'ਚ ਨਹੀਂ ਉੱਤਰਦੀ। ਕਈ ਵਾਰੀ ਇਸ ਤਰ੍ਹਾਂ ਵੀ ਹੋਇਆ ਕਿ ਉਸਾਰੇ ਹੋਏ ਪਾਤਰਾਂ ਅਤੇ ਘਟਨਾਵਾਂ ਅਨੁਸਾਰ ਪਹਿਲਾਂ ਸੋਚਿਆ ਹੋਇਆ ਉਚਿਤ ਨਹੀਂ ਲੱਗਦਾ ਅਤੇ ਬਦਲਣਾ ਜ਼ਰੂਰੀ ਹੋ ਜਾਂਦਾ ਹੈ। ਬਦਲਣ ਦੇ ਨਾਲ-ਨਾਲ ਕੁਝ ਹੋਰ ਜੋੜਨਾ, ਵਧਾਉਣਾ, ਘਟਾਉਣਾ ਵੀ ਜ਼ਰੂਰੀ ਹੋ ਜਾਂਦਾ ਹੈ। ਇਤਿਹਾਸ ਦੀਆਂ




ਪੁਸਤਕਾਂ 'ਚ ਇਤਿਹਾਸਕ ਵੇਰਵੇ ਤਾਂ ਮਿਲ ਜਾਂਦੇ ਹਨ ਪਰ ਉਸ ਸਮੇਂ ਕਾਲ ਦੇ ਆਮ ਲੋਕਾਂ ਦਾ ਜੀਵਨ ਕਿਸ ਤਰ੍ਹਾਂ ਦਾ ਸੀ? ਜਾਤੀ ਪ੍ਰਥਾ ਕਿਥੋਂ ਤੱਕ ਪਹੁੰਚੀ ਸੀ? ਮੂਲ ਵਾਸੀਆਂ ਦੀ ਕੀ ਸਥਿਤੀ ਸੀ, ਔਰਤ ਅਤੇ ਗਣਿਕਾ ਦਾ ਸਮਾਜ 'ਚ ਕੀ ਸਥਾਨ ਸੀ? ਇਸ ਤਰ੍ਹਾਂ ਦੀ ਜਾਣਕਾਰੀ ਬੋਧ ਜਾਤਕ ਕਥਾਵਾਂ, ਬਿਹਦ ਕਥਾ, ਨਾਟਕਾਂ ਅਤੇ ਪੌਰਾਣਕ ਕਥਾਵਾਂ 'ਚੋਂ ਹੀ ਪ੍ਰਾਪਤ ਹੋ ਜਾਂਦੀ ਹੈ। ਕਈ ਵਾਰੀ ਪ੍ਰਾਚੀਨ ਮੰਦਰਾਂ-ਗੁਫਾਵਾਂ ਦੀਆਂ ਮੂਰਤੀਆਂ, ਕੰਧ ਚਿਤਰ ਵੀ ਬਹੁਤ ਕੰਮ ਆਉਂਦੇ ਹਨ। ਇਸ ਤਰ੍ਹਾਂ ਬਹੁਤ ਘੱਟ ਵਾਪਰਿਆ ਹੈ ਕਿ ਪ੍ਰਕਾਸ਼ਤ ਹੋਣ ਦੇ ਬਾਅਦ ਸੋਚਿਆ ਹੋਵੇ ਕਿ ਜੇ 'ਫਲਾਂ' ਵੇਰਵਾ ਨਾ ਹੁੰਦਾ ਤਾਂ ਚੰਗਾ ਰਹਿੰਦਾ।

ਨਾਵਲ ਲਿਖਦਿਆਂ ਮੇਰਾ ਕੇਂਦਰ ਬਿੰਦੂ ਮੇਰਾ ਦ੍ਰਿਸ਼ਟੀਕੋਣ ਹੁੰਦਾ ਹੈ; ਕਿਸੇ ਐਸੇ ਇਤਿਹਾਸਕ-ਸਮਾਜਕ ਸੱਚ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨਾ ਜੋ ਕਿ ਅੱਜ ਦੇ ਸਮੇਂ ਵਿੱਚ ਵੀ ਬਹੁਤਾ ਅਪ੍ਰਸੰਗਿਕ ਨਾ ਹੋਵੇ ਅਤੇ ਜੋ ਮੇਰੀ ਸਮਝ, ਅਨੁਭਵ ਅਤੇ ਅਧਿਐਨ ਅਨੁਸਾਰ ਹਾਲੇ ਤੱਕ ਆਮ ਪਾਠਕਾਂ ਸਾਹਮਣੇ ਨਹੀਂ ਆਇਆ ਹੁੰਦਾ। ਮੁੱਖ ਉਦੇਸ਼ ਇਤਿਹਾਸ ਨੂੰ ਅੱਜ ਦੇ ਸੰਦਰਭ 'ਚ ਪੁਨਰਪ੍ਰਭਾਸ਼ਿਤ ਕਰਨਾ ਹੁੰਦਾ ਹੈ। ਵਿਵਰਨ, ਕਥਾ ਵਸਤੂ ਜਾਂ ਸ਼ੈਲੀ ਆਦਿ ਸਾਰੇ ਉਸੇ ਦ੍ਰਿਸ਼ਟੀਕੋਣ ਦੇ ਅਧੀਨ ਹੁੰਦੇ ਹਨ।

ਜਿਵੇਂ ਕਿ ਪਾਠਕਾਂ ਨੇ ਪੜ੍ਹਿਆ ਹੋਵੇਗਾ, ਮੇਰੇ ਹਾਲੇ ਤੱਕ ਲਿਖੇ ਹੋਏ ਤਿੰਨ ਨਾਵਲਾਂ 'ਚ 'ਯੁੱਧ ਨਾਦ', 'ਯੁੱਗ ਅੰਤ' ਅਤੇ 'ਅਫਗਾਨਿਸਤਾਨ ਦੀ ਉਰਸਲਾ' ਦੇ ਨਾਇਕ ਰਾਜਾ, ਸੁਲਤਾਨ ਨਾ ਹੋ ਕੇ ਆਮ ਬੰਦਾ ਹੀ ਹੁੰਦਾ ਹੈ। 'ਯੁੱਧ ਨਾਦ' 'ਚ ਅਜੈ ਮਿੱਤਰ, 'ਯੁਗ ਅੰਤ' 'ਚ ਕੀਰਤ ਸਿੰਘ ਅਤੇ ਅਫਗਾਨਿਸਤਾਨ ਦੀ ਉਰਸਲਾ 'ਚ ਉਰਸਲਾ, ਮੋਹਨ ਲਾਲ ਆਦਿ। ਕਈ ਪੱਧਰ ਤੇ ਪੰਜਾਬੀ ਨਾਵਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੋਚ ਅਤੇ ਪੱਧਰ ਤੋਂ ਬਹੁਤ ਪਿੱਛੇ ਹੈ। ਇਸਦੇ ਕਾਰਨ ਬਹੁ ਪਰਤੀ ਹੋ ਸਕਦੇ ਹਨ। ਮੈਂ ਬਹੁਤਾ ਕੁਝ ਵਿਸ਼ੇ ਨੂੰ ਧਿਆਨ 'ਚ ਰਖਦਿਆਂ ਲਿਖਿਆ ਹੈ। ਕੁਝ ਨੂੰ ਪਾਠਕਾਂ ਨੇ ਪਸੰਦ ਕੀਤਾ, ਕੁਝ ਨੂੰ ਨਹੀਂ। ਬਹੁਗਿਣਤੀ ਪਾਠਕ ਆਪਣੇ ਸੰਕੀਰਨ ਘੇਰਿਆਂ 'ਚ ਫਸੇ ਹੋਏ ਹਨ। ਜਿਹੋ ਜਿਹੇ ਪਾਠਕ ਉਹੋ ਜਹੇ ਲੇਖਕ। ਜਿਹੋ ਜਿਹੇ ਲੇਖਕ ਉਹੋ ਜਿਹੇ ਪਾਠਕ।

ਕਿਸੇ ਵੀ ਰਚਨਾ ਲਈ ਰਚਨਾਕਾਰ ਦਾ ਦ੍ਰਿਸ਼ਟੀਕੋਣ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਮੁਖ ਤੌਰ ਤੇ ਮੇਰਾ ਯਤਨ ਹੁੰਦਾ ਹੈ ਕਿ ਮੇਰਾ ਨਾਵਲ ਕਿਸੇ ਕਿਸਮ ਦੇ ਧਾਰਮਿਕ ਬੰਧਨਾ, ਜਾਤ-ਪਾਤ ਅਤੇ ਕੱਟੜਤਾ ਤੋਂ ਮੁਕਤ ਹੋਵੇ। ਮੁੱਖ ਤੌਰ ਤੇ ਮੈਂ ਆਪਣੇ ਦ੍ਰਿਸ਼ਟੀਕੋਣ ਨੂੰ ਮਾਨਵਤਾ ਵਾਦੀ ਕਹਿ ਸਕਦਾ ਹਾਂ। ਉਂਝ ਹਰ ਕੋਈ ਇਹੀ ਕਹਿ ਸਕਦਾ ਹੈ। ਪਰ ਕਹਿਣ ਅਤੇ ਹੋਣ 'ਚ ਵੀ ਅੰਤਰ ਹੁੰਦਾ ਹੈ। ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਦੀ ਗੱਲ ਕਰਦਿਆਂ 'ਯੁੱਧ ਨਾਦ' ਨਾਵਲ 'ਚ ਮੇਰਾ ਮੁਖ ਕੇਂਦਰ ਬਿੰਦੂ ਸਾਮਰਾਜਵਾਦ ਬਨਾਮ ਗਣਤੰਤਰਵਾਦ ਰਿਹਾ ਹੈ। ਉਸ ਸਮੇਂ ਦੇ ਗਣਤੰਤਰਾਂ ਦੇ ਸਿਸਟਮ 'ਚ ਅਤੇ ਮਹਾਤਮਾ ਬੁੱਧ ਦੇ ਕਾਫੀ ਸਾਰੇ ਅਸੂਲਾਂ, ਪ੍ਰਵਚਨਾਂ 'ਚ ਬਹੁਤ ਸਾਰੇ ਅਸੂਲ, ਨਿਯਮ ਅੱਜ ਦੀ ਸਮਾਜਵਾਦੀ ਵਿਚਾਰਧਾਰਾ ਨਾਲ ਮਿਲਦੇ ਜੁਲਦੇ ਵੇਖੇ ਜਾ ਸਕਦੇ ਹਨ। ਜਿਵੇਂ ਪਿਛਲੇ ਦਹਾਕਿਆਂ ਵਿਚਕਾਰ ਸਾਰੇ ਸੰਸਾਰ 'ਚ ਪੂੰਜੀਵਾਦ ਅਤੇ ਸਮਾਜਵਾਦ ਦਾ ਟਕਰਾ ਹੁੰਦਾ ਰਿਹਾ, ਇਸੇ ਤਰ੍ਹਾਂ ਪੰਜਾਬ 'ਚ ਵੀ ਵੈਦਿਕ ਕਾਲ ਤੋਂ ਲੈ ਕੇ ਪੰਜਵੀਂ-ਛੇਵੀਂ ਸਦੀ ਤੱਕ ਸਾਮਰਾਜਵਾਦ ਅਤੇ ਜਨਪਦਵਾਦ ਵਿਚਕਾਰ ਹੁੰਦਾ ਰਿਹਾ। ਜਿਵੇਂ ਬੀਤੇ ਯੁੱਗ 'ਚ ਸਾਮਰਾਜਵਾਦ ਸਮਾਜਵਾਦ ਤੇ ਭਾਰੂ ਹੁੰਦਾ ਰਿਹਾ ਅੱਜ ਪੂੰਜੀਵਾਦ ਦੀ ਹਰ ਪਿੰਡ, ਹਰ ਸ਼ਹਿਰ, ਹਰ ਦੇਸ਼ 'ਚ ਜੈ ਜੈ ਕਾਰ ਹੁੰਦੀ ਦਿੱਸ ਰਹੀ ਹੈ। ਸਿਕੰਦਰ ਵਾਂਗ ਅਜੋਕਾ ਨਵ-ਬਸਤੀਵਾਦ, ਬਜ਼ਾਰਵਾਦ ਪੂਰੀ ਦੁਨੀਆਂ ਨੂੰ ਆਪਣੇ ਸ਼ਕੰਜੇ 'ਚ ਜਕੜਣ ਲਈ ਆਪਣਾ ਪੂਰਾ ਜ਼ੋਰ ਲਾ ਰਿਹਾ ਹੈ। ਇਸ ਦੇ ਇਲਾਵਾ ਇਸ ਨਾਵਲ ਰਾਹੀਂ ਮੈਂ ਆਪਣੇ ਢੰਗ ਨਾਲ ਬਿਰਤਾਂਤਕ ਪ੍ਰਤੀਕਆਤਮਕ ਪੱਧਰ ਉੱਤੇ ਸਮਕਾਲੀ ਮਸਲਿਆਂ, ਸੰਕਟਾਂ ਅਤੇ ਵੰਗਾਰਾਂ ਨਾਲ ਸੰਵਾਦ ਰਚਾਉਣ ਦਾ ਯਤਨ ਵੀ ਕੀਤਾ ਹੈ।

ਪੰਜਾਬ ਦੀ ਧਰਤੀ ਦੇ ਇਤਿਹਾਸ ਵਿੱਚ ਤਿੰਨ ਐਸੇ ਮੁੱਖ ਕਾਲ ਹੋ ਬੀਤੇ ਹਨ ਜਿਸ ਨੇ ਪੰਜਾਬੀਆਂ ਦੀ ਸੋਚ, ਪਰੰਪਰਾਵਾਂ, ਧਾਰਮਿਕ, ਸਮਾਜਕ ਵਿਸ਼ਵਾਸਾਂ ਅਤੇ ਇਤਿਹਾਸ ਨੂੰ ਪ੍ਰਭਾਵਤ ਕੀਤਾ ਹੈ।




ਪਹਿਲਾ-ਸਿਕੰਦਰ ਦਾ ਪੰਜਾਬ ਤੇ ਹਮਲਾ, ਦੂਜਾ-ਮੱਧ ਕਾਲ ਜਦੋਂ ਮਹਿਮੂਦ ਗਜ਼ਨਵੀ ਨੇ ਭਾਰਤ ਉੱਤੇ ਆਪਣੇ ਸਤਾਰਾਂ ਹਮਲਿਆਂ 'ਚੋਂ ਪਹਿਲੇ ਛੇ ਸਤ ਹਮਲੇ ਪੰਜਾਬ ਉੱਤੇ ਕੀਤੇ ਸਨ। ਤੀਜਾ-ਸਿੱਖ ਕਾਲ, ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੱਕ। ਇਨ੍ਹਾਂ ਤਿੰਨਾਂ ਕਾਲਾਂ ਦੀਆਂ ਇਤਿਹਾਸਕ, ਸਮਾਜਕ, ਧਾਰਮਿਕ ਗਤੀਵਿਧੀਆਂ ਉੱਤੇ ਕਹਾਣੀਆਂ-ਨਾਵਲ ਲਿਖਣ ਦਾ ਅਜੰਡਾ ਮੈਂ ਬਹੁਤ ਪਹਿਲਾਂ ਬਣਾ ਲਿਆ ਸੀ। ਪੰਦਰਾਂ ਕੁ ਵਰ੍ਹੇ ਪਹਿਲਾਂ ਮੈਂ ਮੱਧ-ਕਾਲ, ਮਹਿਮੂਦ ਗਜ਼ਨਵੀ ਕਾਲ ਬਾਰੇ ਨਾਵਲ ਲਿਖਣਾ ਸ਼ੁਰੂ ਕੀਤਾ ਸੀ। ਪਰ ਤਿੰਨ ਚੌਥਾਈ ਲਿਖਣ ਤੋਂ ਬਾਅਦ ਇਕ ਥਾਵੇਂ ਆ ਕੇ ਅਟਕ ਗਿਆ। ਕੁਝ ਇਤਿਹਾਸਕ ਵੇਰਵਿਆਂ ਦੀ ਘਾਟ ਮਹਿਸੂਸ ਹੋਈ ਅਤੇ ਕੁਝ ਮੇਰੀ ਸਿਰਜਣਾਤਮਕ ਸ਼ਕਤੀ ਨੇ ਇਸ ਸੰਦਰਭ 'ਚ ਕੰਮ ਕਰਨਾ ਬੰਦ ਕਰ ਦਿੱਤਾ। ਆਖਰ ਮੈਂ ਸਾਰੇ ਨੋਟ, ਸਾਰਾ ਖਰੜਾ, ਸਾਰੀਆਂ ਪੁਸਤਕਾਂ, ਇਕ ਸੰਦੂਕੜੀ 'ਚ ਬੰਦ ਕਰ ਦਿੱਤੀਆਂ ਅਤੇ ਦੂਸਰਾ ਨਾਵਲ 'ਯੁੱਧ-ਨਾਦ' ਸ਼ੁਰੂ ਕਰ ਲਿਆ।

ਇਸ ਤੋਂ ਬਾਅਦ ਯੁੱਗ-ਅੰਤ। ਕਈ ਵਰ੍ਹਿਆਂ ਤੋਂ ਮੈਨੂੰ ਇਹ ਪ੍ਰਸ਼ਨ ਪ੍ਰੇਸ਼ਾਨ ਕਰਦਾ ਰਿਹਾ ਕਿ ਉਹ ਕੀ ਕਾਰਨ ਸਨ ਕਿ ਉਹ ਸਿੱਖ ਕੌਮ ਜੋ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੌ, ਡੇੜ ਸੌ ਵਰ੍ਹਿਆਂ ਤੱਕ ਜ਼ੁਲਮੀ ਤਾਕਤਾਂ ਨਾਲ ਲੜਦੀ, ਕੁਰਬਾਨੀਆਂ ਦੇਂਦੀ ਰਹੀ, ਤੇ ਫਿਰ ਇਕ ਲੰਮੀ ਜੱਦੋ ਜਹਿਦ ਤੋਂ ਬਾਅਦ ਪੰਜਾਬ 'ਚ ਆਪਣਾ ਰਾਜ ਸਥਾਪਤ ਕਰਨ 'ਚ ਕਾਮਯਾਬ ਹੋਈ, ਜਿਨ੍ਹਾਂ ਦੀਆਂ ਸਮੂਹਿਕ ਅਤੇ ਵਿਅਕਤੀਗਤ ਵਿਸ਼ੇਸ਼ਤਾਵਾਂ, ਅਤੇ ਬਹਾਦਰੀ ਇਤਿਹਾਸ 'ਚ ਇਕ ਮਸਾਲ ਬਣ ਗਿਆ, ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਦੇ ਸੱਤ ਅੱਠ ਵਰ੍ਹਿਆਂ ਵਿਚਕਾਰ ਸਿੱਖ ਰਾਜ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਲੋਪ ਹੋ ਗਿਆ। ਇਸ ਨਾਵਲ 'ਚ ਮੈਂ ਇਸ ਪ੍ਰਸ਼ਨ ਅਤੇ ਹੋਰ ਕਈ ਪ੍ਰਸ਼ਨਾਂ ਦੇ ਉੱਤਰ ਲੱਭਣ ਦਾ ਯਤਨ ਕੀਤਾ ਹੈ।

ਆਪਣੇ ਇਸ ਨਾਵਲ ਦੇ ਲਿਖਣ ਦੀ ਪ੍ਰਕਿਰਿਆ ਦੌਰਾਨ ਮੈਂ ਬਹੁਤ ਸਾਰੀਆਂ ਪੁਸਤਕਾਂ ਦਾ ਅਧਿਐਨ ਕਰਦਾ ਰਿਹਾ। ਇਨ੍ਹਾਂ 'ਚੋਂ ਬਹੁਤ ਸਾਰੀਆਂ ਪੁਸਤਕਾਂ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀਆਂ ਦੀਆਂ ਲਿਖੀਆਂ ਹੋਈਆਂ ਹਨ ਜਿਨ੍ਹਾਂ 'ਚੋਂ ਤਕਰੀਬਨ 32, 33 ਪੁਸਤਕਾਂ ਦੀ ਸੂਚੀ ਮੈਂ ਇਸ ਨਾਵਲ ਦੇ ਅੰਤ 'ਚ ਦੇ ਦਿੱਤੀ ਹੋਈ ਹੈ। ਉਂਝ ਨਾਵਲ ਦੇ ਸੰਦਰਭ 'ਚ ਇਸ ਤਰ੍ਹਾਂ ਪੁਸਤਕਾਂ ਦੀ ਸੂਚੀ ਦੇਣ ਦੀ ਕੋਈ ਪਰੰਪਰਾ ਨਹੀਂ। ਪਰ ਇਸ ਦਾ ਇਕ ਕਾਰਨ ਇਹ ਕਿ ਕੁਝ ਪਾਠਕ ਇਹ ਅਨੁਮਾਨ ਲਾ ਸਕਦੇ ਹਨ ਕਿ ਘਟਨਾਵਾਂ ਅਤੇ ਵੇਰਵੇ ਇਤਿਹਾਸਕ ਨਹੀਂ, ਕਲਪਤ ਹਨ। ਕੁਝ ਦੋਸਤਾਂ ਨੇ ਜਿਨ੍ਹਾਂ ਨੂੰ ਮੈਂ ਇਸ ਦਾ ਖਰੜਾ ਪੜ੍ਹਨ ਲਈ ਦਿੱਤਾ, ਉਨ੍ਹਾਂ 'ਚੋਂ ਵੀ ਇਕ ਦੋ ਨੇ ਪੁੱਛਿਆ ਕਿ ਇਹ ਸਾਰੇ ਵੇਰਵੇ ਮੈਂ ਕਿੱਥੋਂ ਲਏ ਹਨ। ਮੇਰੇ ਇਸ ਨਾਵਲ 'ਯੁੱਗ ਅੰਤ' ਅਤੇ 'ਅਫਗਾਨਿਸਤਾਨ ਦੀ ਉਰਸਲਾ' 'ਚ ਬਹੁਤ ਸਾਰੇ ਮੁੱਖ ਵੇਰਵੇ, ਘਟਨਾਵਾਂ ਅਤੇ ਪਾਤਰ ਇਤਿਹਾਸਕ ਹਨ, ਚਾਹੇ ਇਕ ਨਾਵਲ ਲੇਖਕ ਹੋਣ ਦੇ ਨਾਤੇ ਮੈਂ ਕੁਝ ਖੁੱਲ੍ਹਾਂ ਵੀ ਲਈਆਂ ਹਨ।

ਨਾਵਲ ਲਿਖਦਿਆਂ ਕਈ ਵਾਰੀ ਕੁਝ ਐਸੇ ਵਿਵਰਨ ਵੀ ਆ ਜਾਂਦੇ ਹਨ ਜਿਨ੍ਹਾਂ ਦੀ ਤਕਨੀਕ ਦੀ ਪੱਧਰ ਤੇ ਕੋਈ ਲੋੜ ਨਹੀਂ ਹੁੰਦੀ ਜਾਂ ਪਾਠਕ ਨੂੰ ਉਹ ਵੇਰਵੇ ਫਾਲਤੂ ਜਿਹੇ ਲੱਗਦੇ ਹਨ। ਇਕ ਲੇਖਕ ਲਈ ਇਸ ਦੀ ਪਛਾਣ ਕਰਕੇ ਇਨ੍ਹਾਂ ਵੇਰਵਿਆਂ ਨੂੰ ਵਿਚੋਂ ਕੱਢ ਦੇਣਾ ਕਾਫੀ ਮੁਸ਼ਕਲ ਕੰਮ ਹੈ। ਕੁਝ ਗੱਲਾਂ ਮੈਂ ਐਸੀਆਂ ਵੀ ਲਿਖ ਜਾਂਦਾ ਹਾਂ ਜੋ ਜਾਤੀ ਤੌਰ 'ਤੇ ਮੈਨੂੰ ਬਹੁਤ ਪਿਆਰੀਆਂ ਹਨ। ਇਸ ਦੇ ਲਈ ਮੈਂ ਦੋ ਕੰਮ ਕਰਦਾ ਹਾਂ। ਇਕ ਤੇ ਇਹ ਕਿ ਮੈਂ ਨਾਵਲ ਲਿਖ ਚੁੱਕਣ ਤੋਂ ਬਾਅਦ ਛੇ ਮਹੀਨੇ ਜਾਂ ਇਕ ਸਾਲ ਲਈ ਲਾਂਭੇ ਰੱਖ ਦੇਂਦਾ ਹਾਂ। ਸਾਲ ਬਾਅਦ ਮੈਂ ਆਪਣੇ ਇਸ ਖਰੜੇ ਨੂੰ ਲੇਖਕ ਦੇ ਤੌਰ ਤੇ ਨਹੀਂ ਬਲਕਿ ਪਾਠਕ ਬਣ ਕੇ



ਪੜ੍ਹਨ ਲੱਗਦਾ ਹਾਂ। ਇਸ ਤਰ੍ਹਾਂ ਕਰਦਿਆਂ ਜੋ ਕੁਝ ਮੈਨੂੰ ਰੜਕਣ ਲੱਗਦਾ ਹੈ, ਮੈਂ ਕੱਟ ਦੇਂਦਾ ਹਾਂ। ਦੂਜਾ ਤਰੀਕਾ ਇਹ ਕਿ ਮੈਂ ਆਪਣੇ ਕਿਸੇ ਸੂਝਵਾਨ ਦੋਸਤ ਪਾਠਕ/ਆਲੋਚਕ ਨੂੰ ਇਹ ਖਰੜਾ ਪੜ੍ਹਨ ਲਈ ਦੇਂਦਿਆਂ ਉਸ ਨੂੰ ਕਹਿ ਦੇਂਦਾ ਹਾਂ ਕਿ ਕੋਈ ਫਾਲਤੂ ਵੇਰਵੇ ਜੇ ਉਹ ਵੇਖਣ, ਉਨ੍ਹਾਂ ਤੇ ਸਵਾਲੀਆ ਨਿਸ਼ਾਨ ਲਾ ਦੇਣ।

ਇਸ ਦੇ ਇਲਾਵਾ ਹਰ ਪਾਠਕ ਦੀ ਆਪਣੀ ਆਪਣੀ ਮਾਨਸਿਕਤਾ, ਬੌਧਿਕਤਾ ਅਤੇ ਦਿਲਚਸਪੀ ਦਾ ਘੇਰਾ ਹੁੰਦਾ ਹੈ। ਕੋਈ ਵੇਰਵਾ ਕਿਸੇ ਇਕ ਨੂੰ ਫਾਲਤੂ ਅਤੇ ਕਿਸੇ ਦੂਸਰੇ ਨੂੰ ਬਹੁਤ ਕੰਮ ਦਾ ਲੱਗ ਸਕਦਾ ਹੈ।

ਹਰ ਨਾਵਲਕਾਰ ਦੇ ਲਿਖਣ ਦੀ ਆਪਣੀ ਆਪਣੀ ਤਕਨੀਕ, ਢੰਗ, ਤਰੀਕਾ ਹੁੰਦਾ ਹੈ। ਘਟਨਾਵਾਂ ਦਾ ਵਿਵਰਨ ਐਨਾ ਮੁਸ਼ਕਲ ਨਹੀਂ ਹੁੰਦਾ ਜਿੰਨਾ ਕਿ ਆਪਣੇ ਕਿਸੇ ਬੌਧਿਕ ਜਾਂ ਡੂੰਘੇ ਵਿਚਾਰ ਦਾ ਪ੍ਰਗਟਾਵਾ ਕਰਨਾ। ਆਪਣੀ ਕਿਸੇ ਖਾਸ ਵਿਚਾਰਧਾਰਾ ਨੂੰ ਨਾਵਲ 'ਚ ਸਮੋਣ ਲਈ ਮੈਂ ਆਮ ਕਰਕੇ ਵਾਰਤਾਲਾਪ ਦਾ ਸਹਾਰਾ ਲੈਂਦਾ ਹਾਂ। ਉਸ ਵਿਸ਼ੇਸ਼ ਵਾਰਤਾਲਾਪ ਨੂੰ ਨਾਵਲ ਦੇ ਬਿਰਤਾਂਤ ਦਾ ਅਟੁੱਟ ਅੰਗ ਬਣਾਉਣ ਲਈ ਮੈਂ ਪਾਤਰਾਂ ਨੂੰ ਘਟਨਾਵਾਂ ਰਾਹੀਂ ਅੱਗੇ ਵਧਾਉਂਦਿਆਂ ਉਸ ਵਾਰਤਾਲਾਪ ਤੱਕ ਲੈ ਕੇ ਆਉਂਦਾ ਹਾਂ। ਇਸ ਤਰ੍ਹਾਂ ਕਰਦਿਆਂ ਕਈ ਵਾਰੀ ਨਵੇਂ ਪਾਤਰਾਂ ਦਾ ਨਾਵਲ 'ਚ ਪ੍ਰਵੇਸ਼ ਵੀ ਕਰ ਦੇਂਦਾ ਹਾਂ। ਇਸ ਸੰਦਰਭ 'ਚ ਮੈਂ ਆਪਣੇ ਨਾਵਲ 'ਯੁੱਧ ਨਾਦ' ਦੇ ਉਸ ਕਾਂਡ ਦਾ ਜ਼ਿਕਰ ਕਰ ਸਕਦਾ ਹਾਂ ਜਿਸ 'ਚ ਨਾਵਲ ਦਾ ਨਾਇਕ ਇਕ ਬੌਧ ਵਿਹਾਰ 'ਚ ਜਾਂਦਾ ਹੈ ਅਤੇ ਬੌਧ ਭਿੱਖੂ ਦੇਵ-ਘੋਸ਼ ਨੂੰ ਮਿਲਦਾ ਹੈ। ਇਥੇ ਮੈਂ ਬੌਧ ਦਰਸ਼ਨ ਨੂੰ ਉਨ੍ਹਾਂ ਦੋਹਾਂ ਦੇ ਵਾਰਤਾਲਾਪ ਰਾਹੀਂ ਪੇਸ਼ ਕੀਤਾ ਹੈ। ਇਸੇ ਤਰ੍ਹਾਂ 'ਯੁੱਗ ਅੰਤ' 'ਚ ਮੈਂ ਮੈਕਸਵੈਲ ਨਾਮ ਦਾ ਇਕ ਅੰਗਰੇਜ਼ ਕੈਰੇਕਟਰ ਲੈ ਕੇ ਆਂਦਾ ਹੈ ਜੋ ਵਾਰਤਾਲਾਪ ਰਾਹੀਂ ਅੰਗਰੇਜ਼ ਅਤੇ ਸਿੱਖ ਕੌਮ ਦੇ ਵੱਖਰੇ ਵੱਖਰੇ ਗੁਣਾਂ, ਅਵਗੁਣਾਂ ਉੱਤੇ ਤਰਕ ਦੇ ਆਧਾਰ ਤੇ ਰੌਸ਼ਨੀ ਪਾਉਂਦਾ ਹੈ। ਆਮ ਕਰਕੇ ਮੈਂ ਸਿੱਧੇ ਤੌਰ ਤੇ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਤੋਂ ਬਚਨ ਦਾ ਯਤਨ ਕਰਦਾ ਰਹਿੰਦਾ ਹਾਂ।

ਜਦੋਂ ਮੈਂ ਆਪਣਾ ਪਹਿਲਾ ਨਾਵਲ 'ਯੁੱਧ ਨਾਦ' ਲਿਖਣ ਦੀ ਤਿਆਰੀ ਕਰ ਰਿਹਾ ਸਾਂ, ਤਾਂ ਮੈਂ ਨਾਵਲ ਦੇ ਤਕਨੀਕੀ, ਸ਼ਿਲਪੀ ਪੱਖ ਬਾਰੇ ਕਾਫੀ ਸੋਚ ਵਿਚਾਰ ਕਰਦਾ ਰਿਹਾ। ਜਿਸ ਤਰ੍ਹਾਂ ਮੈਂ ਲਿਖਣਾ ਚਾਹੁੰਦਾ ਸਾਂ, ਪੰਜਾਬੀ 'ਚ ਮੈਨੂੰ ਇਤਿਹਾਸ ਤੇ ਆਧਾਰਤ ਐਸਾ ਕੋਈ ਨਾਵਲ ਨਹੀਂ ਮਿਲਿਆ ਜਿਸ ਤੋਂ ਮੈਂ ਕੁਝ ਸਿਖ ਸਕਾਂ। ਕਰਨਲ ਨਰਿੰਦਰ ਪਾਲ ਸਿੰਘ ਦੇ ਨਾਵਲ ਸ਼ਰਧਾ ਭਾਵ ਨਾਲ ਜਾਂ ਭਾਵੁਕ ਹੋ ਕੇ ਲਿਖੇ ਗਏ ਕੁਝ ਨਾਵਲ ਪੜ੍ਹੇ। ਉਨ੍ਹਾਂ ਤੋਂ ਮੈਂ ਮਨ ਹੀ ਮਨ ਇਹ ਫੈਸਲਾ ਕਰ ਲਿਆ ਕਿ ਇਸ ਤਰ੍ਹਾਂ ਦੇ ਨਾਵਲ ਨਹੀਂ ਲਿਖਣੇ। ਹਰ ਲੇਖਕ ਦੇ ਲਿਖਣ ਦੀਆਂ ਕੁਝ ਤਕਨੀਕੀ ਜੁਗਤਾਂ ਹੁੰਦੀਆਂ ਹਨ। ਮੇਰੀਆਂ ਕੀ ਜੁਗਤਾਂ ਹਨ? ਮੈਂ ਕਦੀ ਬਹੁਤਾ ਧਿਆਨ ਮਾਰਨ ਦਾ ਯਤਨ ਨਹੀਂ ਕੀਤਾ। ਪਿੱਛਲ ਝਾਤ ਮਾਰਦਿਆਂ ਇਹੀ ਕਹਿ ਸਕਦਾ ਹਾਂ ਕਿ ਲੋੜ ਅਨੁਸਾਰ ਮੈਂ ਕਈ ਜੁਗਤਾਂ ਦਾ ਸਹਾਰਾ ਲੈਂਦਾ ਰਿਹਾ ਹਾਂ। ਲਗਦਾ ਹੈ ਕਿ 'ਯੁੱਗ ਨਾਦ' ਲਿਖਣ ਤੋਂ ਬਾਅਦ ਜਾਂ ਲਿਖਦਿਆਂ-ਲਿਖਦਿਆਂ ਮੇਰੀ ਰਚਨਾ ਦਾ ਕੋਈ ਖਾਸ ਸੁਭਾ ਜਿਹਾ ਬਣ ਗਿਆ ਹੋਇਆ ਹੈ। ਕਿਸੇ ਕਾਂਡ 'ਚ ਮੈਂ ਬਿਰਤਾਂਤ ਨੂੰ ਤਰਜੀਹ ਦੇਂਦਾ ਹਾਂ, ਕਿਸੇ 'ਚ ਵਾਰਤਾਲਾਪ ਨੂੰ ਲਿਖਦਿਆਂ-ਲਿਖਦਿਆਂ ਜਦੋਂ ਕਦੀ ਮੈਨੂੰ ਇਹ ਲੱਗਣ ਲੱਗ ਪਵੇ ਕਿ ਮੈਂ ਕਿਸੇ ਪਾਤਰ ਦੀ ਸ਼ਖ਼ਸੀਅਤ ਦਾ ਇਕੋ ਪਾਸਾ ਵਖਾਉਂਦਾ ਜਾ ਰਿਹਾ ਹਾਂ। ਉਸ 'ਚ ਸੰਤੁਲਨ ਲਿਆਉਣ ਲਈ ਦੂਜਾ ਪਾਸਾ ਵੀ ਵਖਾਉਣ ਲੱਗਦਾ ਹਾਂ। 'ਯੁੱਗ ਅੰਤ' ਨਾਵਲ ਲਿਖਦਿਆਂ ਅਤੇ ਲਿਖਣ ਤੋਂ ਬਾਅਦ ਮੈਂ ਮਹਿਸੂਸ ਕੀਤਾ। ਜਦੋਂ ਕਿ ਸ਼ਰਧਾਵਾਨ ਲੇਖਕ ਮਹਾਰਾਜਾ ਰਣਜੀਤ ਸਿੰਘ ਦੇ ਗੁਣਾਂ ਨੂੰ ਹੀ ਵਧਾ ਚੜ੍ਹਾ ਕੇ ਲਿਖੀ ਜਾਂਦੇ ਹਨ, ਮੈਂ ਉਸ ਦੇ ਨਕਾਰਾਤਮਕ ਪੱਖ ਨੂੰ ਹੀ ਉਘਾੜੀ ਜਾ ਰਿਹਾ ਹਾਂ। ਇਸ ਕਮੀ ਨੂੰ ਪੂਰਾ ਕਰਨ ਲਈ ਮੈਂ ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ, ਵਿਸ਼ੇਸ਼ਤਾਵਾਂ ਨੂੰ ਵੀ ਪਾਠਕਾਂ ਦੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਜੋ ਪਾਠਕ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਨੂੰ ਸਿਰਫ ਸ਼ਰਧਾ ਭਾਵ

ਨਾਲ ਹੀ ਵੇਖਦੇ ਹਨ ਉਨ੍ਹਾਂ ਨੂੰ ਮੈਂ ਇਹ ਕਹਿਣਾ ਚਾਹਵਾਂਗਾ ਕਿ ਜੋ ਮੈਂ ਲਿਖਿਆ ਉਹ ਤਰਕ ਅਤੇ ਸੱਚ ਦੀ ਤਕੜੀ 'ਚ ਤੋਲ ਕੇ ਲਿਖਿਆ। ਅਲਬੱਤਾ ਮੈਨੂੰ ਰਣਜੀਤ ਸਿੰਘ ਦੇ ਚਿੱਤਰ ਦੇ ਬਾਰੇ ਕੁਝ ਐਸੇ ਤੱਤ ਵੀ ਮਿਲੇ ਜੋ ਬਹੁਤ ਨਾਕਾਰਤਮਕ ਸਨ, ਜੋ ਅੰਗਰੇਜ਼ਾਂ ਜਾਂ ਕਿਤੇ ਕਿਤੇ ਮੁਸਲਮਾਨ ਲੇਖਕਾਂ ਦੁਆਰਾ ਲਿਖੇ ਗਏ ਹਨ। ਉਹ ਸੱਚ ਵੀ ਹੋ ਸਕਦੇ ਹਨ ਅਤੇ ਝੂਠ ਵੀ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ।

ਵਿਚਾਰਧਾਰਾ ਦੇ ਪੱਖ ਤੋਂ ਇਸ ਨਾਵਲ 'ਚ ਮੈਂ ਸਿੱਖ ਕੌਮ ਦੇ ਸਮੂਹਿਕ ਕਰੈਕਟਰ ਦੀ ਉਸਾਰੀ, ਉਚਾਈਆਂ ਛੂਹਣ ਦੇ ਪਿਛੇ ਕਾਰਜਸ਼ੀਲ ਧਾਰਮਕ, ਇਤਿਹਾਸਕ ਸਥਿਤੀਆਂ, ਅਤੇ ਹੋਰ ਕਈ ਕਾਰਨਾਂ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਰਣਜੀਤ ਸਿੰਘ ਦੇ ਕਾਲ ਵਿਚਕਾਰ ਮੈਦਾਨ-ਏ-ਜੰਗ 'ਚ ਕਮਾਲ ਦੀਆਂ ਫਤਿਹਯਾਬੀਆਂ ਦੇ ਇਲਾਵਾ ਸਮੂਹਿਕ ਖਾਸ ਕਰਕੇ ਵੱਡੇ ਸਰਦਾਰਾਂ, ਜਗੀਰਦਾਰਾਂ ਦੀ ਢੈਂਦੀ ਮਾਨਸਿਕਤਾ ਨੂੰ ਵੀ ਆਪਣੇ ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਾਇਆ ਹੈ।

ਪ੍ਰਭਾਵਤ ਕਰਨ ਵਾਲੇ ਬਹੁਤ ਤੱਤ ਹਨ। ਪਰ ਆਮ ਮਨੁੱਖ ਦੇ ਵਿਹਾਰ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲਾ ਤੱਤ ਧੰਨ ਹੈ, ਮਲਕੀਅਤ ਹੈ। ਲਿੰਗਿਕ ਅਤੇ ਹੋਰ ਵਾਸਨਾਵਾਂ ਹਨ, ਕੁਰਸੀ ਹੈ, ਧਰਮਾਂ ਦੀ ਸੰਕੀਰਨਤਾ ਹੈ, ਮੌਤ ਹੈ, ਅੰਧ ਵਿਸ਼ਵਾਸ਼ ਹੈ। ਹਰ ਤਰ੍ਹਾਂ ਦਾ ਝੂਠ ਮਨੁੱਖ ਨੂੰ ਪ੍ਰਭਾਵਤ ਕਰਦਾ ਆਇਆ ਹੈ ਅਤੇ ਕਰਦਾ ਰਹੇਗਾ। ਸੱਚ ਤੋਂ ਬਹੁਤ ਘੱਟ ਲੋਕ ਪ੍ਰਭਾਵਤ ਹੁੰਦੇ ਵੇਖੇ ਗਏ ਹਨ। ਇਸੇ ਕਾਰਨ ਸਾਰੇ ਦੇਸ਼ ਸਾਰੇ ਪੰਜਾਬ 'ਚ ਬੇਈਮਾਨੀ, ਕੁਰੱਪਸ਼ਨ, ਰਿਸ਼ਵਤਖੋਰੀ, ਬਲਾਤਕਾਰ, ਨਸ਼ੇਬਾਜ਼ੀ, ਵਿਆਹਾਂ 'ਚ ਅੰਤਾਂ ਦਾ ਵਿਖਾਵਾ, ਭਰੂਨ ਹੱਤਿਆ, ਬਜ਼ਾਰਵਾਦ ਆਦਿ ਦਾ ਬੋਲ ਬਾਲਾ ਹੈ। ਸਾਹਿਤ ਅਤੇ ਸਾਹਿਤਕਾਰ ਵੀ ਇਸੇ ਕੁਝ ਦਾ ਭਾਗ ਬਣਦਾ ਜਾ ਰਿਹਾ ਹੈ।

ਇਤਿਹਾਸ ਤੇ ਆਧਾਰਤ ਨਾਵਲ ਲਿਖਣ ਲਈ ਯਥਾਰਥਵਾਦੀ ਪਰੰਪਰਾ ਨੂੰ ਹੀ ਮੈਂ ਅਪਣਾਇਆ ਹੈ, ਚਾਹੇ ਕਹਾਣੀ ਲਿਖਣ ਲੱਗਿਆਂ ਕੁਝ ਹੋਰ ਪ੍ਰਯੋਗ ਵੀ ਕੀਤੇ ਹਨ। ਅਸਲੀ ਮਹੱਤਤਾ ਤਾਂ ਕਿਸੇ ਸਮੱਸਿਆ ਜਾਂ ਕਿਸੇ ਲੁਕੇ ਹੋਏ ਯਥਾਰਥ ਤੱਕ ਪਹੁੰਚਣ ਦੀ ਹੈ। ਮੈਂ ਕਈ ਵਾਰੀ ਵੇਖਿਆ ਹੈ ਕਿ ਕੋਈ ਲੇਖਕ ਯਥਾਰਥਵਾਦੀ ਪਰੰਪਰਾ ਦਾ ਪਾਲਣ ਕਰਦਿਆਂ ਹੋਇਆਂ ਵੀ ਉਪਰੋਂ-ਉਪਰੋਂ ਪੋਚਾ ਮਾਰੀ ਜਾਂਦਾ ਹੈ। ਕਿਸੇ ਘਟਨਾ ਜਾਂ ਸਮੱਸਿਆ ਦੇ ਪਿੱਛੇ ਲੁਕੇ ਹੋਏ ਯਥਾਰਥ ਤੱਕ ਨਹੀਂ ਪਹੁੰਚ ਪਾਉਂਦਾ।

ਜੇ ਸ਼ੈਲੀ ਦੀ ਗੱਲ ਕਰਨੀ ਹੋਵੇ ਤਾਂ ਇਹ ਕਿ ਹਰ ਲੇਖਕ ਦੀ ਆਪਣੀ ਆਪਣੀ ਸ਼ੈਲੀ ਹੁੰਦੀ ਹੈ। ਸ਼ੈਲੀ ਇਕ ਹਥਿਆਰ ਵਾਂਗ, ਇਕ ਸੰਦ ਵਾਂਗ ਹੁੰਦੀ ਹੈ। ਮਹੱਤਤਾ ਇਸ ਚੀਜ਼ ਦੀ ਹੈ ਕਿ ਕੋਈ ਕਾਰੀਗਰ ਆਪਣੇ ਸੰਦ ਨੂੰ ਕਿਸ ਤਰ੍ਹਾਂ ਵਰਤਦਾ ਹੈ। ਕੋਈ ਕਥਾਕਾਰ ਕੇਵਲ ਵਰਨਣ ਰਾਹੀਂ ਇਕ ਸੰਪੂਰਨ ਨਾਵਲ ਲਿਖ ਮਾਰਦਾ ਹੈ, ਕੋਈ ਕੇਵਲ ਵਾਰਤਾਲਾਪ ਰਾਹੀਂ। ਬਹੁਤ ਕੁਝ ਨਾਵਲ ਦੇ ਵਿਸ਼ੇ ਅਤੇ ਆਕਾਰ ਉੱਤੇ ਵੀ ਨਿਰਭਰ ਕਰਦਾ ਹੈ। ਕਈ ਵਾਰੀ ਨਾਵਲ ਦਾ ਵਿਸ਼ਾ ਆਪਣੀ ਸ਼ੈਲੀ, ਵਿਧਾ ਆਪ ਨਿਰਧਾਰਿਤ ਕਰਦਾ ਹੈ। ਮੈਂ ਆਪਣੇ ਨਾਵਲਾਂ 'ਚ ਬਿਆਨ ਅਤੇ ਵਾਰਤਾਲਾਪ ਦੋਹਾਂ ਨੂੰ ਲੋੜ ਅਨੁਸਾਰ ਵਰਤੋਂ 'ਚ ਲਿਆਂਦਾ ਹੈ। ਕਿਤੇ ਕਿਤੇ ਜਿਵੇਂ 'ਯੁੱਗ ਅੰਤ' 'ਚ ਮੈਂ ਕਵਿਤਾ ਦੀਆਂ ਤੁਕਾਂ ਨੂੰ ਵੀ ਨਾਵਲ ਦੇ ਬਿਰਤਾਂਤ ਦਾ ਇਕ ਜ਼ਰੂਰੀ ਅੰਗ ਬਣਾ ਕੇ ਪੇਸ਼ ਕੀਤਾ ਹੈ।

ਰੌਚਕਤਾ ਕਿਸੇ ਨਾਵਲ ਦਾ ਇਕ ਜ਼ਰੂਰੀ ਅੰਗ ਹੈ। ਸਭ ਤੋਂ ਆਸਾਨ ਤਰੀਕਾ ਆਦਮੀ ਔਰਤ ਦੇ ਜਿਨਸੀ ਰਿਸ਼ਤਿਆਂ, ਪਿਆਰ ਮੁਹੱਬਤ ਵਿਚਕਾਰਲੀਆਂ ਗੁੰਝਲਾਂ ਆਦਿ ਨੂੰ ਸੁਆਦਲੇ ਢੰਗ ਨਾਲ ਵਰਨਣ ਕਰਨਾ ਹੈ। ਉਂਝ ਵੱਖ-ਵੱਖ ਲੇਖਕ ਵੱਖ-ਵੱਖ ਵਿਧੀਆਂ ਅਪਣਾਉਂਦੇ ਹਨ। ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਂ ਸੁਚੇਤ ਪੱਧਰ ਤੇ ਕੋਈ ਐਸੀ ਵਿਧੀ ਕਦੇ ਨਹੀਂ ਅਪਣਾਈ। ਮੈਨੂੰ ਲੱਗਦਾ ਹੈ ਕਿ ਮੇਰੇ ਨਾਵਲਾਂ 'ਚ ਵਿਅਕਤੀਆਂ, ਪਾਤਰਾਂ ਦੇ ਟਕਰਾ ਦੇ ਨਾਲ ਨਾਲ ਕੁਝ ਨਵੇਕਲੀਆਂ ਇਤਿਹਾਸਕ ਸਥਿਤੀਆਂ ਦਾ ਟਕਰਾ ਅਤੇ ਕੁਝ ਲੁਕੀਆਂ ਹੋਈਆਂ ਸੱਚਾਈਆਂ, ਜਿਨ੍ਹਾਂ ਤੋਂ ਆਮ ਪਾਠਕ ਹਾਲੇ ਤੱਕ ਸੁਚੇਤ ਨਹੀਂ ਸੀ, ਪਾਠਕ ਨੂੰ ਆਕਰਸ਼ਤ ਕਰਦੇ ਹਨ। ਮੇਰੇ ਪਾਤਰ ਉਨ੍ਹਾਂ ਪ੍ਰਸਥਿਤੀਆਂ ਦੇ ਪ੍ਰਤੀਨਿਧੀ ਹੁੰਦੇ ਹਨ। ਕਦੇ



ਕਦੇ ਸੁੱਤੇ ਸਿੱਧੇ ਹੀ ਐਸਾ ਪਾਤਰ ਕਲਪਨਾ 'ਚ ਆ ਵਸਦਾ ਹੈ ਜੋ ਆਪਣੇ ਆਪ ਹੀ ਪਾਠਕਾਂ ਲਈ ਦਿਲਚਸਪੀ ਅਤੇ ਉਤਸੁਕਤਾ ਦਾ ਕਾਰਨ ਬਣ ਜਾਂਦਾ ਹੈ। 'ਯੁੱਗ ਅੰਤ' 'ਚ ਰੂਪ ਕੌਰ ਇਸੇ ਤਰ੍ਹਾਂ ਦਾ ਇਕ ਪਾਤਰ ਹੈ ਜਿਸ ਨੂੰ ਮੈਂ ਮਹਾਰਾਜਾ ਰਣਜੀਤ ਸਿੰਘ ਦੀ ਧੀ ਨੂੰ ਪੋਤਰੀ ਦਾ ਦਰਜਾ ਦੇ ਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ।

ਮੈਨੂੰ ਵਿਸ਼ਵ ਦੇ ਦੋ ਐਸੇ ਨਾਵਲਾਂ ਦਾ ਖਿਆਲ ਆ ਰਿਹਾ ਹੈ ਜੋ ਵੀਹਵੀਂ ਸਦੀ ਦੇ ਬਿਹਤਰੀਨ ਨਾਵਲ ਘੋਸ਼ਿਤ ਕੀਤੇ ਗਏ ਹਨ। ਇਕ ਹੈ : 'ਵਾਰ ਐਂਡ ਪੀਸ', ਦੂਜਾ ਹੈ 'ਫਾਰ ਹੂਮ ਦੀ ਬੈਲ ਟੋਲਸ'। ਇਨ੍ਹਾਂ ਵਿਚਲੇ ਬਿਆਨ ਅਤੇ ਵੇਰਵੇ ਐਨੇ ਉਕਾਊ ਹਨ ਕਿ ਪੜ੍ਹਣਾ ਮੁਸ਼ਕਲ ਹੋ ਜਾਂਦਾ ਹੈ। ਇਸ ਬਾਰੇ ਪੂਰੀ ਤਰ੍ਹਾਂ ਤਾਂ ਆਲੋਚਕ ਹੀ ਦੱਸ ਸਕਦੇ ਹਨ, ਪਰ ਮੇਰੇ ਵਿਚਾਰ ਅਨੁਸਾਰ ਇਨ੍ਹਾਂ ਨਾਵਲਾਂ ਦਾ ਵਿਸ਼ਾ-ਵਸਤੂ ਐਨਾ ਗੰਭੀਰ ਅਤੇ ਵਿਸ਼ਾਲ ਹੈ ਅਤੇ ਪਾਤਰਾਂ, ਸਮੱਸਿਆਵਾਂ ਦਾ ਪ੍ਰਗਟਾ ਐਨਾ ਜ਼ੋਰਦਾਰ ਹੈ ਕਿ ਜਿਸ ਦਾ ਮੁਕਾਬਲਾ ਹੋਰ ਕੋਈ ਨਾਵਲ ਨਹੀਂ ਕਰ ਸਕਦਾ। ਪਰ ਇਹ ਕੁਝ ਨਾ ਤੇ ਆਮ ਪਾਠਕਾਂ ਤੇ ਲਾਗੂ ਹੁੰਦਾ ਹੈ ਅਤੇ ਨਾ ਹੀ ਮੇਰੇ ਵਰਗੇ ਦਰਮਿਆਨੇ ਜਿਹੇ ਲੇਖਕ ਉੱਤੇ। ਸਾਨੂੰ ਤੇ ਪਰੰਪਰਾਗਤ ਤਰੀਕਿਆਂ ਨੂੰ ਹੀ ਅਪਨਾਉਣਾ ਪਵੇਗਾ। ਉਂਝ ਵਿਸ਼ਵ ਸਾਹਿਤ 'ਚ ਕੁਝ ਲੇਖਕਾਂ ਨੇ ਪਰੰਪਰਾਗਤ ਢੰਗ, ਸ਼ੈਲੀਆਂ ਤੋਂ ਬਿਲਕੁਲ ਹਟ ਕੇ ਕੁਝ ਨਵੇਂ ਤਜ਼ਰਬੇ ਕੀਤੇ ਹਨ ਜਿਨ੍ਹਾਂ ਦਾ ਗੰਭੀਰ ਪਾਠਕਾਂ ਨੇ ਸਵਾਗਤ ਵੀ ਕੀਤਾ ਹੈ। ਪਰ ਹਾਲੇ ਤੱਕ ਸ਼ੈਲੀ ਦੇ ਪੱਖੋਂ ਕੋਈ ਬਹੁਤ ਵੱਖਰਾ ਪ੍ਰਯੋਗ ਕਰਨ ਦਾ ਹੌਂਸਲਾ ਨਹੀਂ ਪਿਆ।

ਦਲਿਤ ਪਾਤਰਾਂ ਨੂੰ ਮੈਂ ਮਾਨਵਤਾ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹਾਂ। ਪੰਜਾਬੀ ਦੇ ਸੰਪੂਰਨ ਨਾਵਲ (ਸਮੇਤ ਮੇਰੇ ਨਾਵਲਾਂ ਦੇ) ਬਾਕੀ ਦੀਆਂ ਭਾਰਤੀ ਭਾਸ਼ਾਵਾਂ ਖ਼ਾਸ ਕਰਕੇ ਬੰਗਾਲੀ ਕੰਨੜ, ਮਹਾਰਾਸ਼ਟਰ, ਹਿੰਦੀ ਭਾਸ਼ਾਵਾਂ ਤੋਂ ਬਹੁਤ ਪਿੱਛੇ ਹੈ। ਜਿਸ ਤਰ੍ਹਾਂ ਦੀ ਪੰਜਾਬੀ ਲੇਖਕਾਂ ਅਤੇ ਪਾਠਕਾਂ ਦੀ ਮਾਨਸਿਕਤਾ ਉਸੇ ਤਰ੍ਹਾਂ ਦੀ ਆਲੋਚਕਾ ਦੀ ਮਾਨਸਿਕਤਾ। ਉਸੇ ਤਰ੍ਹਾਂ ਦੀ ਸਥਿਤੀ।

## ਮੇਰੇ ਇਤਿਹਾਸਕ ਨਾਵਲਾਂ ਦੇ ਪਾਤਰ ਜ਼ਰੂਰ ਪੰਜਾਬੀ ਨਾਇਕ ਦੀ ਪ੍ਰਤੀਨਿਧਤਾ ਕਰਦੇ ਹਨ - ਬਲਦੇਵ ਸਿੰਘ

ਇਹ ਸੱਚ ਹੈ ਮੈਨੂੰ ਇਕ ਨਾਵਲਕਾਰ ਦੇ ਤੌਰ 'ਤੇ ਵਧੇਰੇ ਪ੍ਰਸਿੱਧੀ ਮਿਲੀ ਹੈ। ਪਰ ਮੈਂ ਸਾਹਿਤਕ ਖੇਤਰ ਵਿਚ ਇਕ ਕਹਾਣੀਕਾਰ ਵਜੋਂ ਪ੍ਰਵੇਸ਼ ਕੀਤਾ ਸੀ। ਸਾਹਿਤਕ ਖੇਤਰ ਵਿਚ ਇਕ ਨਾਟਕਕਾਰ ਵਜੋਂ ਵੀ ਮੇਰੀ ਪਹਿਚਾਣ ਬਣੀ ਹੋਈ ਹੈ। ਮੈਂ ਬਾਲਾਂ ਲਈ ਵੀ ਸਾਹਿਤ ਰਚਿਆ ਹੈ। ਹੋਰ ਵੀ ਬੜਾ ਕੁਝ ਹੈ, ਸੰਪਾਦਨਾ , ਸਫ਼ਰਨਾਮਾ ਸਾਹਿਤ, ਸੜਕਨਾਮਾ ਸਾਹਿਤ, ਤਕਰੀਬਨ ਮੈਂ ਸਾਹਿਤ ਦੀ ਹਰ ਵਿਧਾ ਉਪਰ ਲਿਖਿਆ ਹੈ। ਪਿਛਲੇ ਕੁਝ ਸਾਲਾਂ ਤੋਂ ਮੇਰਾ ਝੁਕਾਅ ਸਿਰਫ਼ ਨਾਵਲ ਵੱਲ ਹੈ, ਇਹ ਮੈਂ ਸਵੀਕਾਰ ਕਰਦਾ ਹਾਂ। ਇਸਦੇ ਕੁਝ ਕਾਰਨ ਵੀ ਹਨ। ਨਾਵਲ ਦੀ ਸਿਰਜਣਾ ਮੈਰਾਥਨ ਦੌੜ ਵਾਂਗ ਹੈ, ਇਹ ਕਹਾਣੀ ਵਾਂਗ ਸੌ ਮੀਟਰ ਦੀ ਦੌੜ ਨਹੀਂ ਹੈ। ਨਾਵਲ ਸਿਰਜਣਾ ਵਿਚ ਕਾਹਲ ਨਹੀਂ ਹੁੰਦੀ। ਉਮਰ ਦੇ ਇਸ ਪੜਾਅ 'ਤੇ ਆ ਕੇ ਮੈਂ ਨੌਜਵਾਨਾਂ ਵਾਂਗ ਛਾਲਾਂ ਨਹੀਂ ਮਾਰ ਸਕਦਾ। ਮੈਂ ਸਹਿਜ ਰਹਿ ਕੇ ਸਿਰਜਣਾ ਕਰਦਾ ਹਾਂ। ਪਾਠਕਾਂ ਵਲੋਂ ਨਾਵਲਾਂ ਦਾ ਹੁੰਗਾਰਾ ਮੈਨੂੰ ਉਮੀਦ ਤੋਂ ਕਿਤੇ ਵੱਧ ਮਿਲਦਾ ਹੈ। ਹੁਣ ਮੈਂ ਸਿਰਫ਼ ਨਾਵਲ ਬਾਰੇ ਹੀ ਸੋਚਦਾ ਲਿਖਦਾ ਹਾਂ।

ਨਾਵਲ ਆਰੰਭ ਕਰਨ ਤੋਂ ਪਹਿਲਾਂ ਮੇਰੀ ਚਿੰਤਾ ਵਿਸ਼ੇ ਦੀ ਚੋਣ ਬਾਰੇ ਹੁੰਦੀ ਹੈ। ਮੈਂ ਸੁਚੇਤ ਹੋ ਕੇ ਦੁਹਰਾਓ ਤੋਂ ਬਚਣ ਦੇ ਯਤਨ ਕਰਦਾ ਹਾਂ। ਹੁਣ ਤੱਕ ਮੈਂ ਜੋ ਵੀ ਲਿਖਿਆ ਹੈ, ਕਹਾਣੀਆਂ, ਨਾਟਕ, ਨਾਵਲ, ਮੈਂ ਵਿਸ਼ੇ ਦਾ ਦੁਹਰਾਓ ਨਹੀਂ ਕਰਦਾ। ਵਿਸ਼ੇ ਦੀ ਚੋਣ ਤੋਂ ਬਾਅਦ ਮੈਂ ਕਥਾ ਲਈ ਘਟਨਾਵਾਂ




ਪ੍ਰਸਥਿਤੀਆਂ ਲਈ ਸਮੱਗਰੀ ਦੀ ਭਾਲ ਵਿਚ ਰਹਿੰਦਾ ਹਾਂ। ਆਪਣੇ ਵਿਸ਼ੇ ਬਾਰੇ ਜਿਥੋਂ ਤੱਕ ਸੰਭਵ ਹੈ, ਮੈਂ ਤਮਾਮ ਵੇਰਵਿਆਂ ਦੀ ਖੋਜ ਕਰਦਾ ਹਾਂ। ਨਾਵਲ ਦਾ ਢਾਂਚਾ ਉਸਾਰਨ ਤੱਕ ਮੈਂ ਤਣਾਓ ਮਹਿਸੂਸ ਕਰਦਾ ਰਹਿੰਦਾ ਹਾਂ। ਦਿਨ-ਰਾਤ ਹਰ ਸਮੇਂ ਉਸਾਰਨ ਤੱਕ ਮੈਂ ਤਣਾਓ ਮਹਿਸੂਸ ਕਰਦਾ ਰਹਿੰਦਾ ਹਾਂ। ਦਿਨ-ਰਾਤ ਹਰ ਸਮੇਂ ਖਾਂਦਿਆਂ ਪੀਂਦਿਆਂ ਸੌਂਦਿਆ, ਮੇਰੇ ਜਿਹਨ ਵਿਚ ਪਾਤਰ ਘਟਨਾਵਾਂ ਅਤੇ ਬਿਰਤਾਂਤ ਖੌਰੂ ਪਾਉਂਦੇ ਰਹਿੰਦੇ ਹਨ। ਇਥੋਂ ਤੱਕ ਕਿ ਮੈਨੂੰ ਆਪਣੇ ਪਾਤਰਾਂ ਅਤੇ ਘਟਨਾਵਾਂ ਦੇ ਸੁਪਨੇ ਆਉਣ ਲੱਗ ਪੈਂਦੇ ਹਨ। ਜਦ ਢਾਂਚਾ ਉਸਰ ਜਾਂਦਾ ਹੈ, ਫਿਰ ਕੰਮ ਬਹੁਤ ਆਸਾਨ ਹੋ ਜਾਂਦਾ ਹੈ। ਸਮਾਂ ਪਾ ਕੇ ਉਸ ਦੁਆਲੇ ਸ਼ਬਦਾਂ ਰਾਹੀਂ ਪਰਤ ਚੜ੍ਹਾਉਂਦਾ ਹਾਂ, ਫਿਰ ਉਸ ਅੰਦਰ ਲਹੂ ਦਾ ਸੰਚਾਰ ਕਰਦਾ ਹਾਂ ਤੇ ਕੁਝ ਸਮੇਂ ਬਾਅਦ ਉਸ ਅੰਦਰ ਰੂਹ ਦਾਖ਼ਲ ਕਰਦਾ ਹਾਂ ਤੇ ਮੇਰੇ ਕੋਲ, ਇਕ ਜਿਉਂਦਾ ਜਾਗਦਾ ਸਾਹ ਲੈਂਦਾ, ਪਾਤਰਾਂ ਨੂੰ ਹਸਾਉਂਦਾ ਰੁਆਉਂਦਾ, ਫ਼ਿਕਰਮੰਦ ਕਰਦਾ ਗਲਪੀ ਸੰਸਾਰ ਸਿਰਜਿਆ ਜਾਂਦਾ ਹੈ।

ਨਾਵਲੀ ਬਿਰਤਾਂਤ ਸਿਰਜਦਿਆਂ ਮੈਂ ਏਸ ਗੱਲੋਂ ਬੜਾ ਸੁਚੇਤ ਰਹਿੰਦਾ ਹਾਂ ਕਿ ਇਹ ਅਕਾਊ ਬਿਲਕੁਲ ਨਾ ਹੋਵੇ। ਰੌਚਕ ਹੋਵੇ ਤੇ ਪਾਠਕਾਂ ਦੀ ਦਿਲਚਸਪੀ ਨਾਵਲ ਦੇ ਅੰਤ ਤੱਕ ਬਣੀ ਰਹੇ। ਬਿਰਤਾਂਤ ਸਿਰਜਦਿਆਂ ਮੈਂ ਇਸ ਗੱਲ ਦਾ ਵੀ ਧਿਆਨ ਰੱਖਦਾ ਹਾਂ ਕਿ ਮੇਰਾ ਮਕਸਦ ਵਿਚਾਰਧਾਰਾ ਜਾਂ ਦਰਸ਼ਨ ਦਾਲ ਵਿਚ ਕੋਕੜੂ ਵਾਂਗ ਰੜਕੇ ਨਾ। ਪਾਠਕ ਨੂੰ ਮਹਿਸੂਸ ਹੀ ਨਾ ਹੋਵੇ ਕਿ ਹੁਣ ਲੇਖਕ ਆਪ ਬੋਲਣ ਲੱਗ ਪਿਆ ਹੈ। ਬਿਰਤਾਂਤ ਸਹਿਜ ਤੋਰ ਤੁਰੇ, ਸੁਭਾਵਕ ਲੱਗੇ ਤੇ ਬਿਆਨ ਕੀਤੀਆਂ ਘਟਨਾਵਾਂ ਜਾਂ ਵੇਰਵੇ, ਗਲਪੀ ਸੱਚ ਜਾਪਣ।

ਪਾਤਰਾਂ ਦੀ ਉਸਾਰੀ ਕਰਦਿਆਂ ਜਾਂ ਸਿਰਜਦਿਆਂ ਕਦੇ ਵੀ ਇਹ ਧਿਆਨ ਨਹੀਂ ਰਹਿੰਦਾ ਕਿ ਮੇਰੇ ਪਾਤਰ ਜਾਂ ਇਹਨਾਂ ਵਿਚੋਂ ਕੋਈ ਇਕ ਪਾਤਰ ਸਮੁੱਚੇ ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਕਰੇਗਾ। ਉਸ ਵਿਚ ਅੱਜ ਦੇ ਲਤਾੜੇ ਗਏ ਜਾਂ ਲਤਾੜੇ ਜਾ ਰਹੇ ਮਨੁੱਖ ਦੀਆਂ ਅਨੇਕਾਂ ਝਲਕਾ ਤਾਂ ਹੋ ਸਕਦੀਆਂ ਹਨ। ਆਦਤਾਂ ਵੀ ਹੋ ਸਕਦੀਆਂ ਹਨ। ਬਹੁਤੇ ਮਨੁੱਖ ਮੇਰੇ ਪਾਤਰਾਂ ਵਿਚੋਂ ਆਪਣਾ ਅਕਸ ਪਛਾਣ ਸਕਦੇ ਹਨ ਜਾਂ ਪਛਾਣਦੇ ਹਨ। ਜਿਵੇਂ 'ਦੂਸਰਾ ਹੀਰੋਸ਼ੀਮਾ' ਦੇ ਸਮੁੱਚੇ ਘਟਨਾ ਕਰਮ ਬਾਰੇ ਅਨੇਕਾਂ ਖ਼ਤਾਂ ਅਤੇ ਫੋਨਾਂ ਰਾਹੀਂ ਦੱਸਿਆ ਗਿਆ... ਇਹ ਸਾਡੇ ਪਿੰਡ ਦੀ ਕਹਾਣੀ ਹੈ। ਜਾਂ ਸਾਡੇ ਪਿੰਡ ਦੇ ਬੰਦਿਆਂ ਦੀ ਘਟਨਾਂ ਹੈ। ਇਵੇਂ 'ਲਾਲ-ਬੱਤੀ' ਨਾਵਲ ਵਿਚਲੀਆਂ ਲੜਕੀਆਂ ਲਗਭਗ ਇਹ ਤ੍ਰਾਸਦੀ ਭੋਗਦੀਆਂ ਲੜਕੀਆਂ ਦੀ ਕਹਾਣੀ ਹੈ। 'ਅੰਨਦਾਤਾ' ਬਾਰੇ ਤਾਂ ਬਹੁਤੇ ਪਾਠਕਾਂ ਨੇ 'ਚੱਕ ਬੂੜ ਸਿੰਘ' ਬਾਰੇ ਬੜੇ ਸਵਾਲ ਪੁੱਛੇ ਅਤੇ ਉਹ ਪਿੰਡ ਵੇਖਣ ਦੀ ਇੱਛਾ ਜਾਹਰ ਕੀਤੀ। ਹਾਂ ਮੇਰੇ ਇਤਿਹਾਸਕ ਨਾਵਲਾਂ ਦੇ ਪਾਤਰ ਜ਼ਰੂਰ ਪੰਜਾਬੀ ਨਾਇਕ ਦੀ ਪ੍ਰਤੀਨਿਧਤਾ ਕਰਦੇ ਹਨ। ਚਾਹੇ ਭਾਈ ਜੈਤਾ ਹੋਵੇ, ਜਾਂ ਭਗਤ ਸਿੰਘ, ਦੁੱਲਾ ਭੱਟੀ ਹੋਵੇ ਜਾਂ ਬਾਬਾ ਬੰਦਾ ਸਿੰਘ ਬਹਾਦਰ। ਇਹ ਪਾਤਰ ਜ਼ਰੂਰ ਇਕ ਮਿਸਾਲ ਬਣਦੇ ਹਨ, ਲੋਕ ਨਾਇਕ ਜਾਂ ਯੁੱਧ ਨਾਇਕ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਮੇਰੇ ਨਾਵਲਾਂ ਦੇ ਬਿਰਤਾਂਤ ਦਾ ਪਾਠਕਾਂ ਨੂੰ ਆਪਣੇ ਵੱਲ ਖਿਚਣ ਦਾ ਵਿਸ਼ੇਸ਼ ਯੋਗਦਾਨ ਹੈ। "ਦੂਸਰਾ ਹੀਰੋਸ਼ੀਮਾ' ਤੋਂ ਲੈ ਕੇ, 'ਕੱਲਰੀ ਧਰਤੀ', 'ਕੱਚੀਆਂ ਕੰਧਾਂ', 'ਜੀ. ਟੀ. ਰੋਡ', 'ਸੂਲੀ ਟੰਗੇ ਪਹਿਰ', 'ਲਾਲ ਬੱਤੀ', 'ਅੰਨਦਾਤਾ', 'ਪੰਜਵਾਂ ਸਾਹਿਬਜ਼ਾਦਾ', 'ਸਤਲੁਜ ਵਹਿੰਦਾ ਰਿਹਾ', 'ਢਾਹਵਾਂ ਦਿੱਲੀ ਦੇ ਕਿੰਗਰੇ', 'ਮਹਾਂ ਬਲੀ ਸੂਰਾ' ਤੇ 'ਖਾਕੂ ਜੇਡੁ ਨਾ ਕੋਇ' ਨਾਵਲ ਤੱਕ ਪਾਠਕਾਂ ਨੇ ਇਹਨਾਂ ਦੇ ਬਿਰਤਾਂਤ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਬਿਰਤਾਂਤ ਦੀ ਵਿਲੱਖਣਤਾ ਹੀ ਹੈ ਜਿਹੜੇ 500 ਜਾਂ 600 ਸਫ਼ੇ ਦੇ ਨਾਵਲਾਂ ਨੂੰ ਵਾਰ ਵਾਰ ਪੜ੍ਹਨ ਲਈ ਮਜ਼ਬੂਰ ਕਰਦੀ ਹੈ। ਮੈਨੂੰ ਇਸ ਤਰ੍ਹਾਂ ਦੇ ਖ਼ਤ ਅਤੇ ਫ਼ੋਨ ਆਉਂਦੇ ਰਹਿੰਦੇ ਹਨ,



ਜਿਵੇਂ ਹੀ ਨਾਵਲ ਖ਼ਤਮ ਕੀਤਾ ਅਸੀਂ, ਮੁੱਢੋਂ ਫੇਰ ਪੜ੍ਹਨ ਲੱਗ ਪਏ। ਜਾਂ ਜਦ ਵੀ ਵਿਹਲ ਮਿਲਦੀ ਹੈ, ਨਾਵਲ ਫੇਰ ਪੜ੍ਹਨ ਲੱਗ ਜਾਂਦੇ ਹਾਂ। ਮੈਂ ਕਿਸੇ ਇਕ ਨਾਵਲ ਬਾਰੇ ਨਹੀਂ ਆਖ ਸਕਦਾ, ਕਿਸਦਾ ਬਿਰਤਾਂਤ ਵਧੇਰੇ ਰੌਚਿਕ ਹੈ। ਮੇਰੇ ਹਰ ਨਾਵਲ ਦੇ ਬਿਰਤਾਂਤ ਨੂੰ ਪਾਠਕਾਂ ਨੇ ਪਸੰਦ ਕੀਤਾ ਹੈ।

ਅਜੀਬ ਗੱਲ ਇਹ ਹੈ ਨਾਵਲ ਲਿਖਦਿਆਂ ਕਦੇ ਵੀ ਮੇਰੇ ਧਿਆਨ ਵਿਚ ਇਹ ਨਹੀਂ ਹੁੰਦਾ ਮੈਂ ਘਟਨਾਵਾਂ ਉਪਰ ਵੱਧ ਫੋਕਸ ਕਰਨਾ ਹੈ ਜਾਂ ਬਿਰਤਾਂਤ ਉਪਰ, ਪਾਤਰਾਂ ਉਪਰ ਜਾਂ ਪ੍ਰਸਥਿਤੀਆਂ ਉੱਪਰ। ਮੈਂ ਤਾਂ ਹਰ ਵਿਸ਼ੇ ਦੀ ਕਥਾ ਨੂੰ ਸਹਿਜ ਬਨਾਉਣ ਵਿਚ ਹੀ ਲੱਗਿਆ ਰਹਿੰਦਾ ਹਾਂ। ਪਾਠਕਾਂ ਨੂੰ ਕੋਈ ਗੱਲ ਓਪਰੀ ਨਾ ਲੱਗੇ। ਪਾਤਰਾਂ ਦੇ ਸੰਵਾਦ ਮਕਾਨਕੀ ਜਿਹੇ ਨਾ ਹੋਣ। ਘਟਨਾਵਾਂ ਜਾਂ ਪ੍ਰਸਥਿਤੀਆਂ ਜੇ ਜੀਵਨ ਦਾ ਸੱਚ ਨਹੀਂ ਹਨ ਤਾਂ ਘੱਟ ਤੋਂ ਘੱਟ ਗਲਪੀ ਸੱਚ ਜ਼ਰੂਰ ਬਣਨ। ਇਹ ਸਾਰਾ ਕੁਝ ਕਰਦਿਆਂ ਕਦੇ ਪਾਠਕ ਵੀ ਮੂਹਰੇ ਆ ਜਾਂਦੇ ਹਨ ਕਦੇ ਗਲਪੀ ਸੱਚ ਦਾ ਧਿਆਨ ਰੱਖਣਾ ਪੈਂਦਾ ਹੈ, ਕਦੇ ਸਹਿਜਤਾ ਬਣਾਈ ਰੱਖਣ ਦੀ ਚਿੰਤਾ ਹੁੰਦੀ ਹੈ। ਇਸ ਤਰ੍ਹਾਂ ਸਾਰਾ ਕੁਝ ਅਚੇਤ ਹੀ ਹੁੰਦਾ ਚਲਿਆ ਜਾਂਦਾ ਹੈ। ਉਦੋਂ ਸੱਚ ਆਖਦਾ ਹਾਂ, ਕੋਈ ਕਰਤਾਰੀ ਜਿਹਾ ਮਾਹੌਲ ਹੁੰਦਾ ਹੈ, ਮੈਂ ਕਈ ਵਾਰ ਆਪ ਵੀ ਹੈਰਾਨ ਹੁੰਦਾ ਹਾਂ, ਇਹ ਸਾਰਾ ਕੁਝ ਮੈਥੋਂ ਕਿਵੇਂ ਲਿਖਿਆ ਗਿਆ।

ਮੈਨੂੰ ਅਕਸਰ ਇਹ ਵੀ ਪੁੱਛਿਆ ਜਾਂਦਾ ਹੈ ਕਿ ਮੇਰੇ ਨਾਵਲ ਜਾਂ ਪੰਜਾਬੀ ਨਾਵਲ ਨਾਇਕ ਦੀ ਮਿੱਥ ਤੋਂ ਮੁਕਤ ਨਹੀਂ ਹੋ ਸਕਿਆ। ਮੇਰੇ ਬਹੁਤੇ ਨਾਵਲਾਂ ਉਪਰ ਇਹ ਸਵਾਲ ਨਹੀਂ ਢੁਕਦਾ। ਨਾਵਲ 'ਦੂਸਰਾ ਹੀਰੋਸ਼ੀਮਾ' ਵਿਚ ਕੋਈ ਨਾਇਕ ਨਹੀਂ, 'ਕੱਲਰੀ ਧਰਤੀ' ਨਾਵਲ ਵਿਚ ਕੋਈ ਨਾਇਕ ਨਹੀਂ। 'ਲਾਲ ਬੱਤੀ' ਨਾਵਲ ਵਿਚ ਕੋਈ ਨਾਇਕ ਨਹੀਂ। 'ਕੱਚੀਆਂ ਕੰਧਾਂ' ਵਿਚ ਕੋਈ ਨਾਇਕ ਨਹੀਂ। 'ਅੰਨਦਾਤਾ' ਨਾਵਲ ਵਿਚ ਵੀ ਕੋਈ ਨਾਇਕ ਨਹੀਂ। ਇਹਨਾਂ ਨਾਵਲਾਂ ਵਿਚ ਘਟਨਾਵਾਂ, ਪ੍ਰਸਥਿਤੀਆਂ ਅਤੇ ਸਾਰੇ ਪਾਤਰ ਹੀ ਨਾਵਲੀ ਸੰਸਾਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਮੇਰੇ ਇਤਿਹਾਸਕ ਨਾਵਲਾਂ ਵਿਚ ਜ਼ਰੂਰ ਨਾਇਕ ਨੇ। ਇਹ ਵਿਸ਼ੇ ਅਤੇ ਹਾਲਾਤ ਦੀ ਲੋੜ ਹਨ। ਹੋਰ ਵੀ ਪੰਜਾਬੀ ਦੇ ਨਾਵਲ ਹਨ ਜਿਹੜੇ ਨਾਇਕਾਂ ਦੀ ਮਿੱਥ ਤੋਂ ਮੁਕਤ ਹਨ। ਇਸ ਲਈ ਇਹ ਕਹਿਣਾ ਜਾਂ ਸੋਚਣਾ ਪੰਜਾਬੀ ਨਾਵਲ ਨਾਇਕ ਦੀ ਮਿੱਥ ਤੋਂ ਮੁੱਕਤ ਨਹੀਂ ਹੋ ਸਕਿਆ, ਨਾਵਲ ਵਿਧਾ ਨਾਲ ਨਿਆਂ ਨਹੀਂ ਹੈ।

ਮੇਰੇ ਨਾਵਲਾਂ ਵਿਚ ਵਿਸ਼ੇ ਦੀ ਲੋੜ ਅਨੁਸਾਰ ਦਲਿਤ ਪਾਤਰਾਂ ਦਾ ਮਹੱਤਵਪੂਰਨ ਰੋਲ ਰਿਹਾ। ਪਹਿਲੇ ਨਾਵਲ 'ਦੂਸਰਾ ਹੀਰੋਸ਼ੀਮਾ' ਵਿਚ ਜਗਤਾਰ ਦੇ ਸੀਰੀ ਪੂਰੀ ਕਹਾਣੀ ਦਾ ਧੁਰਾ ਹਨ। ਉਹਨਾਂ ਦੀ ਵਫਾਦਾਰੀ ਬੇ-ਮਿਸਾਲ ਹੈ। ਕਦੇ ਅਜਿਹਾ ਸਮਾਂ ਹੁੰਦਾ ਸੀ ਜਦ ਜੱਟ ਅਤੇ ਸੀਰੀ ਇਕ ਦੂਸਰੇ ਦੀ ਲੋੜ ਬਣੇ ਹੋਏ ਸਨ। 'ਕੱਚੀਆਂ ਕੰਧਾਂ' ਨਾਵਲ ਵਿਚ ਲੱਛੂ ਨਾਂ ਦਾ ਦਲਿਤ ਪਾਤਰ ਟਰਾਂਸਪੋਰਟ ਭਾਈਚਾਰੇ ਵਿਚ ਦਲਿਤਾਂ ਦੀ ਪ੍ਰਤੀਨਿਧਤਾ ਕਰਦਾ ਹੈ। 'ਅੰਨਦਾਤਾ' ਨਾਵਲ ਵਿਚ ਵੀ ਪਿੰਡਾਂ ਦਾ ਵਿਹੜਾ ਜੇ ਖਾਰਜ ਕੀਤਾ ਹੁੰਦਾ ਤਾਂ ਸ਼ਾਇਦ ਇਸ ਨਾਵਲ ਵਿਚ ਵੱਡੀ ਘਾਟ ਰੜਕਦੀ ਰਹਿੰਦੀ। 'ਪੰਜਵਾਂ ਸਾਹਿਬਜਾਦਾ' ਦਾ ਨਾਇਕ ਦਲਿਤ ਪਾਤਰ ਹੈ। 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ ਮਹਾਂਬਲੀ ਸੂਰਾ' ਵਿਚ ਅਨੇਕਾਂ ਦਲਿਤ ਪਾਤਰ ਹਨ।' ਦੂਸਰੇ ਪਾਤਰਾਂ ਨਾਲੋਂ ਇਹ ਪਾਤਰ ਜਿਹੜੀ ਜ਼ਿੰਮੇਵਾਰੀ, ਅਹੁਦਾ ਜਾਂ ਕਾਰਜ ਇਹਨਾਂ ਨੂੰ ਸੌਂਪਿਆ ਜਾਂਦਾ ਹੈ, ਇਹ ਉਹਨਾਂ ਪ੍ਰਤੀ ਵਧੇਰੇ ਸੁਹਿਰਦ, ਵਧੇਰੇ ਜ਼ਿੰਮੇਵਾਰ ਅਤੇ ਵਧੇਰੇ ਵਫਾਦਾਰ ਹੁੰਦੇ ਹਨ। ਇਹ ਪਾਤਰ ਆਪਾ ਵਾਰ ਕੇ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ। ਇਹ ਪਾਤਰ ਵਿਕਦੇ ਨਹੀਂ, ਲਾਲਚ ਵਿਚ ਨਹੀਂ ਆਉਂਦੇ ਅਤੇ ਗ਼ੱਦਾਰੀ ਨਹੀਂ ਕਰਦੇ। ਦੂਸਰੇ ਫ਼ਿਰਕੇ ਨਾਲੋਂ ਇਹਨਾਂ ਉਪਰ ਵਧੇਰੇ ਭਰੋਸਾ ਕੀਤਾ ਜਾਂਦਾ ਹੈ।

ਮੈਂ ਇਹ ਕਦੇ ਵੀ ਮੁਲਾਂਕਣ ਨਹੀਂ ਕਰਦਾ ਕਿ ਪੰਜਾਬੀ ਨਾਵਲ ਭਾਰਤੀ ਨਾਵਲ ਦੇ ਪੱਧਰ ਦਾ ਹੈ ਜਾਂ ਨਹੀਂ। ਜਾਂ ਪੰਜਾਬੀ ਨਾਵਲ ਭਾਰਤੀ ਨਾਵਲ ਨੂੰ ਟੱਕਰ ਦੇ ਰਿਹਾ ਹੈ? ਇਹ ਕਾਰਜ ਆਲੋਚਕਾ ਦਾ



ਹੈ। ਮੈਂ ਆਪਣੇ ਨਾਵਲਾਂ ਬਾਰੇ ਆਖ ਸਕਦਾ ਹਾਂ। ਮੇਰੇ ਨਾਵਲਾਂ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ। 'ਅੰਨਦਾਤਾ' ਨਾਵਲ ਗਿਆਨਪੀਠ ਸੰਸਥਾ ਦਿੱਲੀ ਨੇ ਹਿੰਦੀ ਵਿਚ ਛਾਪਿਆ ਹੈ। ਪੰਜਾਬੀ ਯੂਨੀ. ਪਟਿਆਲਾ ਨੇ ਉਸਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾਇਆ ਹੈ। 'ਲਾਲ ਬੱਤੀ' ਨਾਵਲ ਹਿੰਦੀ ਵਿਚ ਛਪ ਚੁੱਕਿਆ ਹੈ। ਸ਼ਾਹਮੁੱਖੀ ਵਿਚ ਸਾਂਝ ਪਬਲੀਕੇਸ਼ਨ ਲਾਹੌਰ ਨੇ ਛਾਪਿਆ ਹੈ। ਅੰਗਰੇਜ਼ੀ ਵਿਚ ਅਨੁਵਾਦ ਹੋਇਆ ਪਿਆ ਹੈ। ਮੇਰੇ ਤਿੰਨ ਇਤਿਹਾਸਕ ਨਾਵਲ ਵਾਣੀ ਪ੍ਰਕਾਸ਼ਨ ਦਿੱਲੀ, ਹਿੰਦੀ ਵਿਚ ਛਾਪ ਰਹੀ ਹੈ। ਜੇ ਉਹਨਾਂ ਨੂੰ ਇਹ ਮਹਿਸੂਸ ਹੋਇਆ ਹੈ ਕਿ ਇਹ ਨਾਵਲ ਭਾਰਤੀ ਨਾਵਲ ਦੇ ਪੱਧਰ ਦੇ ਹਨ ਤਾਂ ਹੀ ਇਹ ਕਾਰਜ ਹੋਇਆ ਹੋਵੇਗਾ।

ਪੰਜਾਬੀ ਨਾਵਲ ਵਧੇਰੇ ਕਰਕੇ ਫਿਊਡਲ ਰਿਸ਼ਤਿਆਂ ਦੀ ਪਰਿਕਰਮਾ ਕਰਦਾ ਹੈ, ਇਹ ਗੱਲ ਇਕ ਦੂਸ਼ਣ ਵਾਂਗ ਕਹੀ ਜਾਂਦੀ ਹੈ। ਕਈ ਵਾਰ ਅਸੀਂ ਇਸ ਬਾਰੇ ਵੀ ਸਪੱਸ਼ਟ ਨਹੀਂ ਹੁੰਦੇ, ਫਿਊਡਲ ਰਿਸ਼ਤੇ ਹੈ ਕੀ? ਇਹਨਾਂ ਰਿਸ਼ਤਿਆਂ ਵਿਚ ਕੁਝ ਚੰਗਾ ਵੀ ਹੈ। ਬੜਾ ਕੁਝ ਮਾੜਾ ਵੀ ਹੋ ਸਕਦਾ ਹੈ। ਅਸੀਂ ਚੰਗੇ ਬਾਰੇ ਨਹੀਂ ਵਧੇਰੇ ਬੁਰੇ ਰਿਸ਼ਤਿਆਂ ਬਾਰੇ ਹੀ ਸੋਚਦੇ ਹਾਂ। ਇਹ ਮਨੁੱਖੀ ਫਿਤਰਤ ਹੀ ਬਣ ਗਈ ਹੈ, ਕਾਂ ਵਾਂਗ ਪਹਿਲਾਂ ਨਿਗਾਹ ਗੰਦ ਉਪਰ ਹੀ ਜਾਂਦੀ ਹੈ। ਫਿਊਡਲ ਪ੍ਰਬੰਧ ਨੇ ਦੇਸ਼ ਉਪਰ, ਪੰਜਾਬ ਉੱਪਰ ਬਹੁਤ ਲੰਮਾਂ ਸਮਾਂ ਆਪਣੀ ਸਰਦਾਰੀ ਅਤੇ ਧੌਂਸ ਜਮਾਈ ਰੱਖੀ ਹੈ। ਇਹ ਜਾਂਦੀ ਜਾਂਦੀ ਵੀ ਆਪਣੀ ਰਹਿੰਦੀ-ਖੂੰਹਦ ਛੱਡ ਦਿੰਦੀ ਹੈ। ਰਚਨਾਵਾਂ ਵਿਚ ਇਸ ਰਹਿਤਲ ਦਾ ਆਉਣਾ ਸੁਭਾਵਕ ਹੈ। ਇਸ ਬਹਾਨੇ ਆਉਣ ਵਾਲੀ ਪੀੜ੍ਹੀ ਨੂੰ ਇਸ ਵਰਤਾਰੇ ਦੀ ਸੋਝੀ ਮਿਲਦੀ ਹੈ। ਓਹਨਾਂ ਵੇਲਿਆਂ ਵਿਚ ਮਨੁੱਖੀ ਰਿਸ਼ਤੇ ਕਿਸ ਤਰ੍ਹਾਂ ਦੇ ਸਨ। ਭੂਮੀ ਪਤੀ ਆਪਣੇ ਮੁਜਾਰਿਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਸੀ। ਔਰਤ ਨੂੰ ਕਿੰਨੀ ਕੁ ਅਜ਼ਾਦੀ ਸੀ। ਉਸਦੀ ਘਰੇਲੂ ਹੋਂਦ ਕੀ ਸੀ। ਜੇ ਰਚਨਾਵਾਂ ਵਿਚ ਨਹੀਂ ਆਏਗਾ ਤਾਂ ਅਸੀਂ ਇਹ ਸਭ ਕਿਵੇਂ ਜਾਣਾਗੇ।

ਪਿਛਲੇ ਕੁਝ ਸਮੇਂ ਤੋਂ ਸਾਹਿਤ ਦੀਆਂ ਦੂਸਰੀਆਂ ਵਿਧਾ ਨਾਲੋਂ ਪੰਜਾਬੀ ਨਾਵਲ ਬੇਹੱਦ ਮਕਬੂਲ ਹੋ ਰਿਹਾ ਹੈ, ਇਕ ਪਾਸੇ ਇਹ ਕਿਹਾ ਜਾ ਰਿਹਾ ਹੈ, ਅੱਜ ਦੇ ਮਨੁੱਖ ਕੋਲ ਸਮਾਂ ਨਹੀਂ ਹੈ। ਉਹ ਵੱਡੀਆਂ ਰਚਨਾਵਾਂ ਪੜ੍ਹਨ ਤੋਂ ਗੁਰੇਜ਼ ਕਰਦਾ ਹੈ। ਦੂਸਰੇ ਪਾਸੇ ਸਥਿਤੀ ਹੈ, ਪਾਠਕ ਨਾਵਲ ਤੇ ਖਾਸ ਕਰਕੇ ਵੱਡੇ ਨਾਵਲਾਂ ਵੱਲ ਵਧੇਰੇ ਰੁਚਿਤ ਹੋ ਰਿਹਾ ਹੈ। ਆਲੋਚਕਾ ਦਾ ਧਿਆਨ ਵੀ ਪੰਜਾਬੀ ਨਾਵਲ ਨੇ ਆਪਣੇ ਵੱਲ ਖਿੱਚਿਆ ਹੈ। ਹੁਣ ਤਾਂ ਸਾਡੇ ਆਲੋਚਕ ਵੀ ਨਾਵਲ ਲਿਖਣ ਲੱਗੇ ਹਨ। ਮੈਂ ਸਮਝਦਾ ਹਾਂ, ਪੰਜਾਬੀ ਨਾਵਲ ਦੇ ਭਵਿੱਖ ਲਈ ਇਹ ਸ਼ੁਭ ਸ਼ਗਨ ਹੈ। ਕਹਿ ਸਕਦਾ ਹਾਂ ਪੰਜਾਬੀ ਨਾਵਲਾਂ ਬਾਰੇ ਆਲੋਚਨਾ ਦੀ ਸਥਿਤੀ ਸੰਤੋਸ਼-ਜਨਕ ਹੈ।

ਮੇਰਾ ਝੁਕਾਅ ਜੀਵਨੀ ਮੂਲਕ ਇਤਿਹਾਸਕ ਨਾਵਲਾਂ ਵੱਲ ਰਿਹਾ ਹੈ। ਸਾਡੇ ਨੌਜਵਾਨਾਂ ਕੋਲ ਹੁਣ ਰੋਲ ਮਾਡਲ ਨਹੀਂ ਰਹੇ। ਇਤਿਹਾਸ ਵੱਲ ਉਹਨਾਂ ਦੀ ਰੁਚੀ ਨਹੀਂ। ਉਹਨਾਂ ਦੇ ਚੇਤਿਆਂ ਵਿਚ ਇਤਿਹਾਸ ਹੌਲੀ ਹੌਲੀ ਮਰ ਰਿਹਾ ਹੈ। ਇਤਿਹਾਸ ਨੂੰ ਰੌਚਿਕ ਵਿਧੀ ਨਾਲ ਪੜ੍ਹਾਉਣ ਲਈ ਜੀਵਨੀ ਮੂਲਕ ਇਤਿਹਾਸਕ ਨਾਵਲਾਂ ਦੀ ਬਹੁਤ ਲੋੜ ਹੈ। ਇਸਦੇ ਨਤੀਜੇ ਮੇਰੇ ਸਾਹਮਣੇ ਆਏ ਹਨ। ਮੇਰੇ ਇਤਿਹਾਸਕ ਨਾਵਲਾਂ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਹੈ। ਘਟਨਾਵਾਂ ਤੱਥ ਨਾਲ ਸਭ ਅਸਲ ਹੁੰਦੇ ਹਨ, ਇਹਨਾਂ ਵਿਚ ਥੋੜੀ ਜਿਹੀ ਗਲਪੀ ਕਲਪਨਾ ਦੀ ਪੁੱਠ ਦੇ ਦਿੱਤੀ ਜਾਵੇ ਤਾਂ ਇਤਿਹਾਸਕ ਵਰਤਾਰਾ ਬਹੁਤ ਰੌਚਿਕ ਬਣ ਜਾਂਦਾ ਹੈ, ਪਾਠਕ ਪੜ੍ਹਦੇ ਹਨ, ਬਾਰ ਬਾਰ ਪੜ੍ਹਦੇ ਹਨ। ਮੈਂ ਸਮਝਦਾ ਹਾਂ, ਇਸ ਤਰ੍ਹਾਂ ਦੇ ਜੀਵਨੀ ਮੂਲਕ ਇਤਿਹਾਸਕ ਨਾਵਲਾਂ ਦਾ ਭਵਿੱਖ ਬਹੁਤ ਉੱਜਲਾ ਹੈ।

ਇਕ ਗੱਲ ਪੰਜਾਬੀ ਨਾਵਲ ਬਾਰੇ ਮੈਂ ਹੋਰ ਕਰਨੀ ਚਾਹੁੰਦਾ ਹਾਂ। ਪੰਜਾਬੀ ਮਾਨਸਿਕਤਾ ਵਿਚੋਂ



ਅਸੀਂ ਪੇਂਡੂ ਸੰਸਕ੍ਰਿਤੀ ਨੂੰ ਖ਼ਤਮ ਨਹੀਂ ਕਰ ਸਕਦੇ। ਜੇ ਇਤਿਹਾਸ ਨੂੰ ਫਰੋਲੀਏ ਤਾਂ ਸ਼ਹਿਰੀ ਸੰਸਕ੍ਰਿਤੀ ਸਦੀਆਂ ਬਾਅਦ ਵਿਕਸਤ ਹੋਈ ਇਹ ਵੀ ਪੇਂਡੂ ਲੋਕਾਂ ਨੇ ਵਿਕਸਤ ਕੀਤੀ। ਸ਼ਹਿਰ ਵਿਚ ਆ ਕੇ ਵੀ ਉਹ ਪਿੰਡਾਂ ਦਾ ਮੋਹ ਛੱਡ ਨਹੀਂ ਸਕੇ। ਪੰਜਾਬੀ ਨਾਵਲ ਦੇ ਇਤਿਹਾਸ ਵੱਲ ਝਾਤੀ ਮਾਰ ਕੇ ਵੇਖੀਏ ਤਾਂ ਉਂਗਲਾ ਤੇ ਗਿਣਨ ਜੋਗੇ ਨਾਵਲ ਹੀ ਸ਼ਹਿਰੀ ਸੰਸਕ੍ਰਿਤੀ ਦੇ ਪਾਠਕਾਂ ਨੂੰ ਯਾਦ ਹੋਣਗੇ। ਸਾਡੇ ਬਹੁਤੇ ਲੇਖਕ ਪਿੰਡਾਂ ਵਿਚ ਰਹਿੰਦੇ ਹਨ। ਸਾਡੇ ਲੇਖਕ ਤਾਂ ਪੱਛਮੀ ਮੁਲਕਾਂ ਵਿਚ ਜਾ ਕੇ ਵੀ ਪੇਂਡੂ ਸੰਸਕ੍ਰਿਤੀ ਦੀਆਂ ਰਚਨਾਵਾਂ ਦਾ ਮੋਹ ਛੱਡ ਨਹੀਂ ਸਕੇ। ਪੰਜਾਬੀ ਬੰਦੇ ਅੰਦਰੋਂ ਪੇਂਡੂ ਮੋਹ ਨਹੀਂ ਜਾ ਸਕਦਾ। ਇਸ ਕਾਰਨ ਹੀ ਪੇਂਡੂ ਸੰਸਕ੍ਰਿਤੀ ਨਾਲ ਲਬਰੇਜ਼ ਰਚਨਾਵਾਂ ਹੀ ਵਧੇਰੇ ਮਕਬੂਲ ਹੁੰਦੀਆਂ ਹਨ। ਬੜੀ ਹਲਕੀ ਜਿਹੀ ਮਿਸਾਲ ਹੈ, ਹੁਣ ਤਾਂ ਹਿੰਦੀ ਫਿਲਮਾਂ ਵੀ 'ਪੇਂਡੂ ਟੱਚ' ਬਿਨਾਂ ਸਫ਼ਲ ਨਹੀਂ ਹੁੰਦੀਆਂ। ਉਂਜ ਮੇਰੇ ਨਾਵਲ 'ਲਾਲ ਬੱਤੀ', 'ਕੱਚੀਆਂ ਕੰਧਾਂ' , 'ਸੂਲੀ ਟੰਗੇ ਪਹਿਰ' ਮਹਾਂ ਨਗਰੀ ਸੰਸਕ੍ਰਿਤੀ ਨੂੰ ਪੇਸ਼ ਕਰਦੇ ਹਨ। ਅੱਜ ਦੇ ਬਦਲਦੇ ਸਮੇਂ ਵਿਚ ਵਿਸ਼ਵੀਕਰਣ, ਉਦਾਰੀਕਰਣ, ਨਿੱਜੀਕਰਣ ਆਮ ਆਦਮੀ ਲਈ 'ਹਊਆ' ਬਣੇ ਹੋਏ ਹਨ ਤੇ ਬੁੱਧੀਜੀਵੀਆਂ ਲਈ ਆਪਣੀ ਵਿਦਵਤਾ ਸਾਬਤ ਕਰਨ ਲਈ ਸਭ ਤੋਂ ਵੱਡੇ ਹਥਿਆਰ ਹਨ। ਵਿਸ਼ਵੀਕਰਨ ਦੇ ਨਾਮ ਹੇਠ, ਵੱਡੇ ਕਾਰਪੋਰੇਟ ਘਰਾਣੇ, ਕੰਪਨੀਆਂ ਅਦਾਰੇ ਪੂਰੇ ਵਿਸ਼ਵ ਵਿਚ ਫੈਲ ਰਹੇ ਹਨ। ਇਹਨਾਂ ਬਦਲਦੇ ਹਾਲਾਤਾਂ ਵਿਚ ਜੀਵਨ ਦਾ ਹਰ ਪਹਿਲੂ ਪ੍ਰਭਾਵਿਤ ਹੋਣਾ ਹੈ। ਸਾਹਿਤ ਵੀ ਇਸ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ। ਇਸਦੇ ਨਾਲ ਨਾਲ ਸਾਹਿਤ ਸਿਰਜਣਾ ਵੀ ਪ੍ਰਭਾਵਿਤ ਹੁੰਦੀ ਹੈ। ਇਹ ਵੀ ਦੂਸ਼ਣ ਲਗਦਾ ਹੈ ਕਿ ਹੁਣ ਸਾਹਿਤ ਮੰਡੀ ਦੀਆਂ ਲੋੜਾਂ ਅਨੁਸਾਰ ਲਿਖਿਆ ਜਾ ਰਿਹਾ ਹੈ। ਅੱਜ ਦੇ ਨਾਵਲ ਅੱਗੇ ਬੜੀਆਂ ਚਣੌਤੀਆਂ ਹਨ। ਪੰਜਾਬੀ ਨਾਵਲ ਵਿਚ ਨਾਰੀ ਸਦਾ ਸ਼ੋਸ਼ਣ ਦਾ ਸ਼ਿਕਾਰ ਰਹੀ ਹੈ। ਨਾਰੀ ਦਾ ਦੂਸਰਾ ਰੂਪ ਦੁਰਗਾ ਅਤੇ ਚੰਡੀ ਦਾ ਵੀ ਹੈ। ਪਰ ਇਸ ਰੂਪ ਦੀ ਸਿਰਜਣਾ ਬਹੁਤ ਹੀ ਸੰਭਲ ਕੇ ਕਰਨ ਦੀ ਲੋੜ ਹੈ। ਇਸ ਦੌਰ ਵਿਚ ਵਿਸ਼ਵ ਚਾਹੇ ਇਕ ਪਿੰਡ ਬਣ ਗਿਆ ਹੈ, ਪਰ ਮਨੁੱਖ ਦੇ ਆਪਣੇ ਅੰਦਰ ਬੇਗਾਨਗੀ ਦਾ ਅਹਿਸਾਸ ਵਧਦਾ ਜਾ ਰਿਹਾ ਹੈ। ਗੁਆਂਢੀ ਤਾਂ ਦੂਰ ਦੀ ਗੱਲ ਹੈ, ਮਨੁੱਖ ਤਾਂ ਆਪਣੇ-ਆਪ ਨਾਲੋਂ ਵੀ ਟੁੱਟ ਰਿਹਾ ਹੈ, ਵਿਸ਼ਵੀਕਰਣ ਦੇ ਦੌਰ ਵਿਚ ਨਾਵਲਕਾਰ ਦੀ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ। ਉਸਨੇ ਵਿਸ਼ਵੀਕਰਣ ਦੇ ਇਹਨਾਂ ਮਾੜੇ ਪ੍ਰਭਾਵਾਂ ਨੂੰ ਚਣੌਤੀ ਦਿੰਦੇ ਨਾਵਲਾਂ ਦੀ ਸਿਰਜਣਾ ਅਜੇ ਕਰਨੀ ਹੈ।

ਮੋਬਾ. 98147-83069

## ਮੇਰੇ ਨਾਵਲ ਫਿਊਡਲ ਰਿਸ਼ਤਿਆਂ ਦੀ ਪ੍ਰਕਰਮਾ ਬਿਲਕੁਲ ਨਹੀਂ ਕਰਦੇ
## -ਚੰਦਨ ਨੇਗੀ

ਜੀਵਨ ਦੇ ਅੱਧਵਾਟੇ ਮੇਰੀ ਕਲਮ ਦਾ ਆਗਾਜ ਕਹਾਣੀ ਤੋਂ ਹੋਇਆ ਸੀ। ਸਾਹਿਤਕ ਪੈਂਡੇ ਵਿਚ ਵਿੰਗੇ-ਟੇਡੇ ਮੋੜ, ਖੱਡਾਂ-ਟੋਏ, ਉਚਾਈ-ਨਿਵਾਈ, ਟੁੱਟੀ-ਭੱਜੀ ਸੜਕ, ਉੱਘੜ-ਦੁੱਘੜ ਰਸਤਾ, ਪੱਥਰ-ਗੀਟੇ ਆਉਣੇ ਤਾਂ ਜ਼ਰੂਰੀ ਸਨ। ਇਨ੍ਹਾਂ ਮੁਸ਼ਕਲਾਂ ਤੇ ਸੰਘਰਸ਼ ਬਿਨਾਂ ਸਿੱਧ ਪੱਧਰੀ ਸੜਕ ਉਤੇ ਪਗ-ਪਗ ਟੁਰ ਕੇ ਪੈਂਡਾ ਕਛਣ ਦਾ ਸੁਖ ਵੀ ਤਾਂ ਨਹੀਂ ਮਾਣਿਆਂ ਜਾ ਸਕਦਾ। ਸਾਹਿਤ ਸਫ਼ਰ ਵਿਚ ਨਾਵਲ, ਕਹਾਣੀ ਨੂੰ ਪਰਾਂ ਧੱਕ ਕੇ ਧਿੰਗੋਜ਼ੋਰੀ ਮੇਰੀ ਸਿਰਜਣਾ ਦੇ ਨਾਲ ਨਾਲ ਟੁਰਨ ਲਗ ਪਿਆ। ਜਦੋਂ ਡਾ. ਅਤਰ ਸਿੰਘ ਜੀ ਨੇ ਨਾਵਲ ਲਿਖਣ ਲਈ ਪ੍ਰੇਰਿਆ ਤਾਂ ਬੇਹਦ ਘਾਬਰੀ ਸਾਂ। ਆਪਣੇ ਆਪ ਨੂੰ ਸਾਹਿਤ ਦੀ ਇਸ ਵੱਡੀ ਤੇ ਉੱਚੀ ਸਾਹਿਤਕ ਪੌੜੀ ਉੱਤੇ ਪੈਰ ਧਰਨ ਲਈ ਆਪਣੇ ਆਪ ਨੂੰ ਅਸਮਰਥ ਸਮਝਦੀ ਸਾਂ। ਪਰ ਬਚਪਨ ਵਿਚ ਅੱਖੀਂ ਡਿੱਠੀ ਇਕ ਘਟਨਾ ਦੀ ਔਰਤ ਮੇਰੀ 'ਗੌਰਾਂ' ਪਾਤਰ ਬਣ ਗਈ




ਤੇ ਸਿਰਜਿਆ ਗਿਆ 'ਜਲ ਬਿਨ ਕੁੰਭ'। ਕਹਾਣੀ ਹੁਣ ਕਲ ਦੀ ਗੱਲ ਜਾਪਦੀ ਏ ਤੇ ਹੁਣ ਨਾਵਲ ਲਿਖਣਾ ਹੀ ਸੁਝਦਾ ਹੈ ਤੇ ਪੰਜ ਨਾਵਲਾਂ ਦੀ ਰਚਣਹਾਰ ਬਣ ਗਈ ਹਾਂ। 'ਜਲ ਬਿਨ ਕੁੰਭ', 'ਕਲਰ ਕੇਰੀ ਛੱਪੜੀ', 'ਕਨਕ ਕਾਮਿਨੀ', 'ਮਨ ਕੀ ਬਿਰਥਾ' ਅਤੇ 'ਸੂਕੇ ਕਾਸਟ'।

ਹੁਣ ਇਸ ਵੇਲੇ ਜਿਸ ਥਾਂ ਉੱਤੇ ਮੈਂ ਖਲੋਤੀ ਹਾਂ, ਇਸ ਦੀ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਕਦੇ ਸੋਚਿਆ ਹੀ ਨਹੀਂ ਸੀ ਕਿ ਲਿਖ ਤਾਂ ਰਹੀ ਹਾਂ ਪਰ ਇਸ ਦਾ ਲੇਖਾ ਜੋਖਾ ਵੀ ਹੋਏ ਗਾ। ਆਪਣੇ ਸਨਮੁਖ ਵੀ ਆਪ ਨੂੰ ਹੀ ਖਲੌਣਾ ਪਏਗਾ। ਸਿਰਜਣਾ ਦੀ ਪੜਚੋਲ ਹੋਏਗੀ, ਇੰਜਰ-ਪਿੰਜਰ ਵਖੋ ਵੱਖ ਕਰ ਕੇ ਕਈ ਤਰ੍ਹਾਂ ਦੇ ਸੁਆਲ ਪੈਦਾ ਹੋਣਗੇ। ਲੇਖਣੀ ਨੂੰ ਮੁਖ ਰਖ ਕੇ ਕਈ ਐਲੀਗੇਸ਼ਨ ਲੇਖਿਕਾ ਉੱਤੇ ਵੀ ਲੱਗਣਗੇ। ਪਤਾ ਨਹੀਂ ਕਿਉਂ ਹਰ ਸਿਰਜਣਾ ਕਰਨ ਵੇਲੇ ਮਹਿਸੂਸਦੀ ਹਾਂ ਜਿਵੇਂ ਮੇਰੀ ਪਹਿਲ ਪਲੇਠੀ ਦੀ ਲਿਖਤ ਹੋਏ। ਅੰਤਰ ਮਨ ਦੀ ਬੇਚੈਨੀ ਮੈਨੂੰ ਆਪਣੀ ਬੁਕਲ ਵਿਚ ਲੈ ਲੈਂਦੀ ਹੈ। ਜਿਵੇਂ ਜਿਵੇਂ ਸਿਰਜਣਾ ਦਾ ਵਹਿਣ ਤੇਜ਼ ਹੁੰਦਾ ਹੈ ਆਸੋਂ ਪਾਸੋਂ ਛੋਟੇ-ਛੋਟੇ ਨਦੀਆਂ ਨਾਲੇ ਆ ਮਿਲਦੇ ਹਨ। ਉਨ੍ਹਾਂ ਦੇ ਕੰਢਿਆਂ ਤੇ ਵਸਣ ਵਾਲੇ ਵੀ ਸਿਰਜਣਾ ਦੇ ਵਹਿਣ ਵਿਚ ਤਰਨ ਲਗਦੇ ਹਨ। ਪੁਰਾਣੀਆਂ ਯਾਦਾਂ ਮਨ ਦੇ ਅਥਾਹ ਸਾਗਰ ਵਿਚੋਂ ਨਿਕਲ ਸਿਰਜਣਾ ਵਿਚ ਹੀ ਠਲ ਜਾਂਦੀਆਂ ਨੇ। ਜਿਵੇਂ ਜਿਵੇਂ ਲਿਖਤ ਅੱਗੇ ਵਧਦੀ ਹੈ ਬੇਚੈਨੀ ਖ਼ਤਮ ਹੁੰਦੀ ਹੈ। ਪਾਤਰਾਂ ਤੇ ਘਟਨਾਵਾਂ ਦੀ ਭੀੜ ਜੂ ਘੇਰ ਲੈਂਦੀ ਹੈ। ਰਚਨਾ ਦੀ ਸਿਰਜਣਾ ਵੇਲੇ ਦੇ ਮੂਡ ਉੱਤੇ ਵੀ ਨਿਰਭਰ ਹੁੰਦਾ ਹੈ। ਛੋਟੀ ਜਿਹੀ ਘਟਨਾ ਦਾ ਪਾਸਾਰ ਨਾਵਲ ਦਾ ਰੂਪ ਲੈ ਲੈਂਦਾ ਹੈ। ਸਿਰਜਣਾ ਤਾਂ ਜ਼ਿੰਦਗੀ ਦੇ ਹਾਦਸਿਆਂ ਨੂੰ ਵਿਸਥਾਰ ਨਾਲ ਉਲੀਕਣਾ, ਸੁੰਦਰ ਸ਼ੈਲੀ ਨਾਲ ਬਿਆਨਣਾ ਤੇ ਕਲਪਨਾ ਦੀ ਉਡਾਰੀ ਦੇ ਮਿਲਗੋਭੇ ਨਾਲ ਹੀ ਸਿਰਜੀ ਜਾਂਦੀ ਹੈ। ਔਰਤ ਲੇਖਕ ਦਾ ਇਕ ਹੋਰ ਵਾਧਾ ਹੈ ਉਹ ਕਰਤਾਰੀ ਤੌਰ ਤੇ ਹੀ ਸਿਰਜਕ ਹੁੰਦੀ ਹੈ। ਆਪਣੇ ਅਨੁਭਵ ਨਾਲ ਗਰਭ ਵਿਚ ਬੱਚੇ ਦੀ ਥਾਂ ਕਿਸੀ ਘਟਨਾ ਨੂੰ ਮਨ ਦੀ ਮਿੱਟੀ ਵਿਚ ਨਿੰਮਣਾ, ਪਾਲਣਾ, ਸੁਆਰਨਾ ਤੇ ਫਿਰ ਸਿਰਜਣਾ ਕਰਨਾ।

ਨਾਵਲੀ ਬਿਰਤਾਂਤ ਵੇਲੇ ਚਾਹੁੰਦੀ ਹਾਂ ਕਿ ਰਚਨਾ ਜ਼ਿੰਦਗੀ ਦੇ ਸੱਚ, ਤੱਤ, ਅਨੁਭਵਾਂ ਦੇ ਨੇੜੇ ਤੋਂ ਨੇੜੇ ਹੋਏ। ਸਾਹਿਤਕਾਰ ਦਾ ਸਰੋਕਾਰ ਤਾਂ ਪੂਰਨ ਸਮਾਜ ਨਾਲ ਹੁੰਦਾ ਹੈ। ਜੇ ਲਿਖਤ ਯਥਾਰਥਕ ਜ਼ਿੰਦਗੀ ਨਾਲ ਜੁੜੇ ਤਾਂ ਝਬਦੇ ਪਰਵਾਨ ਹੋ ਜਾਂਦੀ ਹੈ। ਸਮਾਜ ਦੀਆਂ ਤਰੁਟੀਆਂ, ਬੁਰਿਆਈਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਜਾਂ ਉਨ੍ਹਾਂ ਦੇ ਸੁਧਾਰ ਵਲ ਸੰਕੇਤ ਮਾਤਰ ਹੀ ਕਰਨਾ ਕਿਸੀ ਰਚਨਾ ਨੂੰ ਮਹੱਤਵਪੂਰਨ ਬਣਾਦਾ ਹੈ। ਨਾਵਲ ਵਿਚ ਆਂਚਲਿਕਤਾ ਦਾ ਕਲਾਮਈ ਢੰਗ ਨਾਲ ਚਿਤਰਨਾ ਵੀ ਨਾਵਲ ਨੂੰ ਬੜਾ ਰੌਚਿਕ ਬਣਾਦਾ ਹੈ। ਖਾਲੀ ਪਲਾਟ ਉੱਤੇ ਕਲਾਤਮਕ ਇਮਾਰਤ ਉਸਾਰਨ ਲਈ ਮੈਂ ਲਫ਼ਜ਼ਾਂ ਦੀ ਇਕ ਇਕ ਇੱਟ ਨੂੰ ਸਹੇਜ ਕੇ ਰਖਦੀ ਹਾਂ ਤਾਂ ਕਿ ਉਹੋ ਜਿਹੀ ਇਮਾਰਤ ਹੋਰ ਕੋਈ ਨਾ ਹੋਏ।

ਮੇਰਾ ਨਾਵਲ 'ਕਲਰ ਕੇਰੀ ਛੱਪੜੀ' ਦੀ ਇਕ ਪਾਤਰ ਗੁਲਜ਼ਾਰੀ ਸਮੁੱਚੇ ਪੰਜਾਬੀ ਦੀ ਅਣਖ, ਵਿਵਹਾਰ, ਸੇਵਾ, ਲੋਕਾਂ ਦੇ ਕੰਮ ਆਉਣ, ਭਲਾਈ ਕਰਨ, ਬਿਨਾਂ ਕਿਸੀ ਦੀ ਮਦਦ ਦੇ ਆਪਣੇ ਪੈਰਾਂ ਉੱਤੇ ਖਲੋਣ, ਮਨੁੱਖ ਦੇ ਸਮਾਜਿਕ ਜੀਵਨ ਦੀਆਂ ਜਟਿਲ ਸਮੱਸਿਆਵਾਂ, ਆਰਥਿਕ ਸਭਿਆਚਾਰ ਤੇ ਬੁਰਜੁਆ ਸਮਾਜ ਦੇ ਮਖੌਟੇ ਉਧੇੜਨ, ਜੀਵਨ ਦੀਆਂ ਸੰਵੇਦਨਾਤਮਕ ਸਥਿਤੀਆਂ, ਉਲਝਣਾ ਨਾਲ ਜਦੋ ਜਹਿਦ ਕਰਦੀ ਬੜੀ ਦਬੰਗ, ਹਿੰਮਤਵਾਲੀ, ਅਣਖੀਲੀ ਤੇ ਆਪਣੇ ਨੱਕ ਤੇ ਮੱਖੀ ਨਾ ਬਹਿਣ ਦੇਣ ਵਾਲੀ ਔਰਤ ਹੈ। ਗੁਲਜ਼ਾਰੀ ਆਪਣੇ ਮੱਥੇ ਉੱਤੇ ਲਗਾਏ ਪਤੀ ਵਲੋਂ ਦੋਸ਼ (ਕਿ ਛੋਟਾ ਪੁੱਤਰ ਮੇਰਾ ਨਹੀਂ -ਖੋਰੇ ! ਇਡ੍ਹਾ ਸੋਹਣਾ ਬੱਚਾ ਕਿਸ ਦੀ ਅਯਾਦ ਮੇਰੇ ਮੱਥੇ ਮੜ ਦਿੱਤੀ ਏ) ਤੇ ਭਖਦੇ ਕੋਲਿਆਂ ਦੀ



ਹੁੱਕੇ ਦੀ ਟੋਪੀ ਸੁਆਹ ਸਮੇਤ ਉਸ ਦੇ ਮੱਥੇ ਉੱਤੇ ਮਾਰਦਾ ਹੈ। ਭਖਦੇ ਕੋਲਿਆਂ ਨਾਲ ਮੂੰਹ ਮੱਥਾ ਤਾਂ ਸੜਦਾ ਹੈ ਪਰ ਉਹ ਝੂਠਾ ਇਲਜ਼ਾਮ ਨਹੀਂ ਸਹਾਰ ਸਕਦੀ ਤੇ ਨੰਗੇ ਪੈਰੀਂ ਉਸੀ ਵੇਲੇ ਇਕ ਬੱਚੇ ਨੂੰ ਕੁਛੜ ਚੁਕ, ਇਕ ਨੂੰ ਉਂਗਲੀ ਲਗਾ ਉਹ ਸਿਆਲਕੋਟ ਤੋਂ ਜੰਮੂ ਆ ਜਾਂਦੀ ਹੈ। ਜਿਥੇ ਤ੍ਰਿੜੀ ਟੁੱਟੀ ਹੋਈ ਹਾਂਡੀ ਬਣ ਕੇ ਪੇਕਿਆਂ ਦੇ ਵਿਹੜੇ ਨਹੀਂ ਵੜਦੀ। ਆਪਣੇ ਬਲ ਬੂਤੇ ਨਾਲ ਨਾਨਕਿਆਂ ਦਾ ਖੋਲਾ ਸੁਆਰਦੀ ਹੈ। ਆਪਣੀ ਹਿੰਮਤ ਨਾਲ ਬੱਚਿਆਂ ਨੂੰ ਪੜ੍ਹਾ ਲਿਖਾ ਅਫ਼ਸਰ ਬਣਾਂਦੀ ਹੈ। ਬੇਸਹਾਰਾ ਔਰਤਾਂ ਨੂੰ ਸਹਾਰਾ ਦੇਂਦੀ ਹੈ। ਗ਼ਰੀਬ, ਯਤੀਮ ਸਾਹਮਣੇ ਘਰ ਰਹਿੰਦੇ ਦਲਿਤ ਬੱਚਿਆਂ ਦੀ ਪਰਵਰਿਸ਼ ਕਰਦੀ ਹੈ। ਕੁਕਰਮ ਹੁੰਦੇ ਵੇਖ ਸੜਦੀ ਭੁਜਦੀ, ਗਲੀ ਵਿਚ ਉੱਚਾ ਉੱਚਾ ਬੋਲਦੀ ਹੈ। ਧਰਮ ਵੇਲੇ ਖਿੜ ਜਾਂਦੀ ਹੈ। ਸਾਰੀ ਗਲੀ ਦਾ ਧੁਰਾ ਗੁਲਜ਼ਾਰੀ ਬਣਦੀ ਹੈ। ਗਲੀਆਂ ਵਿਚ ਵਸਦੇ ਉੱਚੀਆਂ-ਨੀਂਵੀਆਂ ਜ਼ਾਤਾਂ ਦੇ ਮਨੂੰ ਦੇ ਬਣਾਏ ਚਾਰੇ ਵਰਣਾ ਦੇ ਲੋਕਾਂ ਦੀ ਉਹ ਭਾਬੋ ਹੈ ਮਾਂ ਵੱਡੀ ਵਡੇਰੀ। ਨੂੰਹ ਦੀ, ਸੱਸ ਦੀ, ਧੀ ਦੀ , ਮਾਂ ਦੀ, ਪੁੱਤਰ, ਪੋਤਰੇ, ਪਤੀ, ਦਿਓਰ ਸਭ ਦੀ ਉਹ ਭਾਬੋ ਹੈ।

'ਕਨਿਕ ਕਾਮਿਨੀ' ਨਾਵਲ ਦੀ ਪਾਤਰ ਦਾ ਉਹ ਬਿਰਤਾਂਤ ਜਦੋਂ ਮਾਂ ਧੀ ਦੋਹੇਂ ਇਕੋ ਮੰਜੀ ਉੱਤੇ ਬੈਠੀਆਂ ਹਨ। ਦੋਹੇਂ ਪਾਗਲ ਹਨ, ਪਾਗਲਪਨ ਵਿਚ ਹੀ ਇਕ ਦੂਜੇ ਦੇ ਚਿਹਰੇ ਨਿਹਾਰਦੀਆਂ ਹਨ। ਸ਼ਾਇਦ ਉਨ੍ਹਾਂ ਦੇ ਮਨਾਂ ਨੂੰ ਇਕੋ ਲਹੂ ਦਾ ਸੇਕ ਲਗਦਾ ਹੈ, ਮਾਸ ਵਿਚ ਪੁੰਗਰਨ ਦਾ ਕੁਝ ਅਹਿਸਾਸ ਹੁੰਦਾ ਹੈ। ਅਪਣਤ ਦੀ ਚਿਣਗ ਅੰਦਰੋਂ ਫੁਟਦੀ ਹੈ ਪਰ ਪਛਾਣ ਨਹੀਂ ਹੁੰਦੀ। ਪਿੰਗਲਵਾੜੇ ਜ਼ਨਾਨਾ ਵਾਰਡ ਦੀਆਂ ਹੋਰ ਔਰਤਾਂ ਆਪਸ ਵਿਚ ਗੱਲਾਂ ਕਰਦੀਆਂ ਨੇ , "ਦੋਹਾਂ ਦੇ ਨਕਸ਼ ਕਿੰਨੇ ਮਿਲਦੇ ਨੇ।" ਪਰ ਦੋਹਾਂ ਨੂੰ ਪਛਾਣ ਨਹੀਂ ਹੁੰਦੀ। ਮਾਂ ਨੀਰੂ ਦਾ ਲਹੂ ਉਬਲਦਾ ਹੈ, ਉਹ ਮੰਜੇ ਤੋਂ ਛਾਲ ਮਾਰ ਦੌੜ ਕੇ ਪਿੰਗਲਵਾੜੇ ਦੀਆਂ ਹੱਦਾਂ ਵਿਚ, ਬਜ਼ਾਰਾਂ ਵਿਚ ਭਟਕਣ ਲਈ ਨਸ ਜਾਂਦੀ ਹੈ।

ਨਾਵਲ ਲਿਖਦੇ ਮੈਂ ਨਾਵਲ ਦੀ ਕਹਾਣੀ, ਕਹਾਣੀ ਦਾ ਬਿਰਤਾਂਤ, ਪਾਤਰਾਂ ਦੀ ਮਾਨਸਿਕਤਾ, ਘਟਨਾਵਾਂ ਦੀ ਰੌਚਿਕਤਾ, ਪਾਤਰਾਂ ਦਾ ਮਨੋਵਿਗਿਆਨਕ ਵਿਸਥਾਰ, ਪਾਸਾਰ, ਤਣਾਅ ਤੇ ਹਰਖ ਸੋਗ ਨੂੰ ਆਪਣੀ ਸ਼ੈਲੀ ਦੀ ਕਲੇਵਰ ਵਿਚ ਲੈ ਕੇ ਸਹਿਜ ਨਾਲ ਨਾਵਲ ਦੀ ਕਹਾਣੀ ਦਾ ਤਾਣਾ-ਪੇਟਾ ਉਣਦੀ ਹਾਂ। ਪਰਸਥਿਤੀਆਂ ਤੇ ਦੁਖ-ਸੁਖ ਤੇ ਔਰਤ ਮਰਦ ਦੇ ਜਿਨਸੀ ਸਬੰਧਾਂ ਦੇ ਦੁਆਲੇ ਘੁੰਮਦੀ ਜੀਵਨ ਦੀ ਗਤੀ ਮੇਰੇ ਨਾਵਲ ਦੀ ਕਹਾਣੀ ਨੂੰ ਅੱਗੇ ਵਧਣ ਲਈ ਸਹਾਇਕ ਹੁੰਦੀ ਹੈ। ਮੈਂ ਐਵੇਂ ਹੀ ਸਿਰਫ਼ ਘਟਨਾ ਜਾਂ ਪਾਤਰ ਨਾਲ ਖਹਿ ਕੇ ਲੰਘੀ ਹੋਈ ਕਿਸੀ ਪ੍ਰਸਥਿਤੀ ਨੂੰ ਉਸਾਰ ਕੇ ਕਹਾਣੀ ਜਾਂ ਨਾਵਲ ਦੀ ਸਿਰਜਣਾ ਨਹੀਂ ਕਰਦੀ। ਮੇਰੀ ਹਰ ਕ੍ਰਿਤ ਦੇ ਪਿੱਛੇ ਕੋਈ ਨਾ ਕੋਈ ਡੂੰਘੀ ਰਮਜ਼ ਛੁਪੀ ਹੁੰਦੀ ਹੈ ਜਿਹੜੀ ਪਾਠਕਾਂ ਲਈ ਸਿਰਫ਼ ਰੁਚੀ ਦਾ ਹੀ ਕੰਮ ਨਹੀਂ ਕਰਦੀ ਸਗੋਂ ਕਿਸੀ ਸੇਧ ਵਲ ਇਸ਼ਾਰਾ ਵੀ ਕਰਦੀ ਹੈ। ਪਾਠਕ ਤਾਂ ਠੋਸ, ਬੱਝੀ ਹੋਈ ਕਹਾਣੀ ਵਿਚ ਰੁਚੀ ਰਖਦੇ ਹਨ ਤੇ ਮੇਰੇ ਨਾਵਲ ਰੁਚੀ ਵਲ ਖਾਸ ਕੋਸ਼ਿਸ਼ ਨਾ ਕਰਨ ਦੇ ਬਾਵਜੂਦ ਵੀ ਬੜੇ ਰੋਚਿਕ ਹਨ।

ਮੈਂ ਨਹੀਂ ਮੰਨਦੀ। ਮੇਰੀਆਂ ਕਈ ਕਹਾਣੀਆਂ ਵੀ ਨਾਇਕ-ਨਾਇਕਾ ਦੀ ਮਿੱਥ ਤੋਂ ਮੁਕਤ ਹਨ ਜਿਵੇਂ ਚਿੱਟਾ ਗੁੰਬਦ, ਚਿਤੁ ਗੁਪਤ, ਭੁੱਖ, ਧਰਤਿ ਮਹਤ ਅਤੇ ਕਈ ਹੋਰ। ਇਨਾਂ ਕਹਾਣੀਆਂ ਵਿਚ ਨਾ ਕੋਈ ਨਾਇਕ ਹੈ ਨਾ ਨਾਇਕਾ। ਮੇਰੇ ਨਾਵਲ 'ਕਲਰ ਕੇਰੀ ਛਪੜੀ' ਦੀ ਨਵੀਂ ਨਾਵਲੀ ਵਿਧਾ ਜ਼ਿੰਦਗੀ ਦੇ ਨੇੜੇ ਹੋ ਕੇ ਲੋਕ ਸੰਸਕ੍ਰਿਤੀ ਦੇ ਆਰ-ਪਾਰ ਝਾਕ ਕੇ ਵੇਖਣ ਦੀ ਮੈਂ ਦਲੇਰੀ ਕੀਤੀ ਹੈ। ਦੁਨੀਆਂ ਨੂੰ ਕਲਰੀ ਧਰਤੀ ਦੇ ਪ੍ਰਤੀਕ ਦੁਆਰਾ ਅਭਿਵਿਕਤ ਕਰ ਕੇ ਮੈਂ ਮਾਨਵੀ ਜੀਵਨ ਦੀ ਅਸਥਿਰਤਾ ਤੇ ਮ੍ਰਿਗ ਤ੍ਰਿਸ਼ਨਾ ਉਤੇ ਇਕ ਕਿਸਮ ਦਾ ਵਿਅੰਗ ਕੀਤਾ ਹੈ। ਅਜੋਕੇ ਸਮਾਜੀ ਜੀਵਨ ਦੀਆਂ ਜਟਿਲ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਮਨੁੱਖੀ ਸਬੰਧਾਂ ਦੀਆਂ ਗੁੰਝਲਾਂ, ਸਮਾਜਿਕ, ਆਰਥਿਕ ਸਭਿਆਚਾਰ ਤੇ ਬੁਰਜੂਆਂ ਸਮਾਜ ਦੇ ਮੁਖੌਟੇ ਉਧੇੜਨ, ਜੀਵਨ ਦੀਆਂ ਸੰਵੇਦਨਾਤਮਕ ਸਥਿਤੀਆਂ, ਉਲਝਣਾ, ਜਦੋ-ਜਹਿਦ ਕਰਦੀ ਮਾਨਵਤਾ ਦੇ ਪਰਿਵਾਰਕ ਜੀਵਨ ਦਾ ਘੋਲ, ਅਮੀਰੀ-ਗ਼ਰੀਬੀ, ਹੋਂਦ




ਅਣ ਹੋਂਦ ਅਤੇ ਸੰਬੰਧਾਂ ਦੇ ਟੁੱਟ ਭੱਜ ਦੀ ਸਮੱਸਿਆ ਹੈ। ਆਪਣੀ ਹੀ ਕਿਸਮ ਦਾ ਇਹ ਵਿਕੋਲਿਤ੍ਰਾ ਨਾਵਲ ਹੈ। ਇਸ ਦੀ ਮੁੱਖ ਪਾਤਰ ਇਕ ਗਲੀ ਹੈ ਤੇ ਹੋਰ ਨਾ ਕੋਈ ਨਾਇਕਾ ਹੈ ਨਾ ਨਾਇਕ, ਨਾ ਕੋਈ ਪਾਤਰ ਨਾ ਵਿਪਾਤਰ, ਨਾ ਕੋਈ ਹੀਰੋ ਨਾ ਖਲਨਾਇਕ। ਨਾ ਪਲਾਟ ਨਾ ਕੰਨਸਟਰਕਸ਼ਨ, ਨਾ ਸਿਖਰ ਨਾ ਮੋੜ ਨਾ ਅੰਤ। ਸਾਡੀ ਸਮਾਜਿਕ ਬਣਤਰ ਹੀ ਇਸ ਦਾ ਮੁੱਖ ਪਲਾਟ ਹੈ। ਡਾ. ਸਤਿੰਦਰ ਸਿੰਘ ਨੂਰ ਕਹਿੰਦੇ ਸੀ ਪੰਜਾਬੀ ਵਿਚ ਇਸ ਵਿਧੀ ਦਾ ਇਹ ਪਹਿਲਾ ਨਾਵਲ ਹੈ, ਤੇ ਮੈਂ ਇਹ ਵਿਧੀ ਸੁਚੇਤ ਹੋ ਕੇ ਪੇਸ਼ ਕੀਤੀ ਹੈ। ਇਹ ਵਿਧੀ, ਇਹ ਪਾਤਰਾਂ ਦੀ ਭੀੜ, ਹਰ ਘਰ ਦੀ ਵੱਖੋ ਵਖ ਜ਼ਿੰਦਗੀ ਤੇ ਸਾਰਿਆਂ ਘਰਾਂ ਦੇ ਲੋਕਾਂ ਦੇ ਜੀਵਨ ਸੰਘਰਸ਼ ਨੂੰ ਇਕ ਗਲੀ ਆਪਣੇ ਪਿੰਡੇ ਉੱਤੇ ਝੱਲਦੀ ਹੈ।

ਮੇਰੇ ਨਾਵਲ 'ਕਲਰ ਕੇਰੀ ਛੱਪੜੀ' ਵਿਚ ਨੀਵੇਂ ਤੋਂ ਨੀਵੇਂ ਦਲਿਤ ਪਾਤਰਾਂ ਦੇ ਜੀਵਨ ਦਾ ਵੇਰਵਾ ਹੈ। ਉਨ੍ਹਾਂ ਦਾ ਸੰਘਰਸ਼ ਰੋਟੀ ਰੋਜ਼ੀ ਲਈ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਉਤਾਰਨ, ਧੌਣ, ਸੁਕਾਣ, ਸਿਉਣ ਤੇ ਮੁਰਦਿਆਂ ਦੀ ਬੋਅ ਨੂੰ ਝੇਲਣਾ ਹੀ ਉਨ੍ਹਾਂ ਦੀ ਜ਼ਿੰਦਗੀ ਹੈ। ਸੋਚਦੀ ਹਾਂ, ਜਦੋਂ ਉੱਚੀਆਂ ਜਾਤਾਂ ਦੇ ਲੋਕ ਉਨ੍ਹਾਂ ਦੇ ਛੂਹਣ ਨਾਲ ਵੀ ਸਿਰ ਕਪੜਿਆਂ ਸਮੇਤ ਨਹਾਉਂਦੇ ਹੋਣਗੇ ਤਾਂ ਉਨ੍ਹਾਂ ਦੇ ਦਿਲਾਂ ਤੇ ਕੀ ਗੁਜ਼ਰਦੀ ਹੋਏਗੀ? ਪਰ ਦੂਜੇ ਪਾਸੇ ਦਲਿਤਾਂ ਦੇ ਵਿਹੜੇ ਤੋਂ ਭਿੱਟੀ ਹੋਈ ਧੁੱਪ ਜਦ ਉਨ੍ਹਾਂ ਦੇ ਮੰਦਰ ਵਿਚ ਕ੍ਰਿਸ਼ਨ ਮਹਾਰਾਜ ਦੀ ਮੂਰਤੀ ਉੱਤੇ ਪੈਂਦੀ ਹੈ ਤਾਂ ਉੱਚੀ ਜ਼ਾਤ ਦਾ ਕੋਈ ਵਸ ਨਹੀਂ ਚਲਦਾ। ਦਲਿਤਾਂ ਦੀ ਜ਼ਿੰਦਗੀ ਬਾਰੇ ਮੇਰੀਆਂ ਕਈ ਕਹਾਣੀਆਂ ਵੀ ਹਨ।

ਮੇਰਾ ਨਾਵਲ ਭਾਰਤੀ ਪੱਧਰ ਤੇ ਕਿਥੇ ਖਲੋਂਦਾ ਹੈ ਇਸ ਬਾਰੇ ਤਾਂ ਪਾਠਕ ਤੇ ਆਲੋਚਕ ਜ਼ਿਆਦਾ ਵਿਸਥਾਰ ਨਾਲ ਦਸ ਸਕਦੇ ਹਨ। ਹਾਂ, ਮੈਨੂੰ ਮਾਣ ਹੈ ਕਿ ਮੇਰਾ ਨਾਵਲ 'ਕਲਰ ਕੇਰੀ ਛੱਪੜੀ' ਨੈਸ਼ਨਲ ਬੁਕ ਟਰੱਸਟ, ਇੰਡੀਆ ਵਲੋਂ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣ ਲਈ ਪਾਸ ਹੋਇਆ ਹੈ। ਇਸ ਸਥਾਨ ਤੇ ਪਹੁੰਚਣ ਲਈ ਮੈਨੂੰ ਫ਼ਖ਼ਰ ਹੈ।

ਪੰਜਾਬੀ ਨਾਵਲ ਕਿਉਂ ਕਿ ਕਿਸਾਨੀ, ਜ਼ਮੀਨ, ਜ਼ਿੰਮੀਦਾਰੀ, ਕਾਮੇ, ਵਾਹੀ ਨਾਲ ਜੁੜਿਆ ਹੈ ਤੇ ਧਰਤੀ ਦੇ ਪੁੱਤਰਾਂ ਧਰਤੀ ਦੇ ਟੋਟਿਆਂ ਤੋਂ ਲੜਾਈ ਝਗੜਾ, ਮਾਰ-ਕੁਟਾਈ, ਗੋਲੀਬਾਰੀ, ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਨੂੰ ਰਿਸ਼ਤਿਆਂ ਭਰਾਵਾਂ ਤੋਂ ਵਧੇਰੇ ਜ਼ਮੀਨ ਪਿਆਰੀ ਹੈ। ਉਨ੍ਹਾਂ ਦਾ ਤਨ ਮਨ ਧਰਤੀ ਨਾਲ ਜੁੜਿਆ ਹੈ। ਪਰ ਮੇਰੇ ਨਾਵਲਾਂ ਵਿਚ ਪਤੀ, ਪਤਨੀ ਦੇ ਝਗੜੇ ਦਾ ਤਾਂ ਜ਼ਿਕਰ ਹੈ, ਘਟਨਾਵਾਂ ਹਨ, ਵਿਛੋੜਾ ਹੈ, ਮਿਲਾਪ ਹੈ, ਟੱਬਰਾਂ ਦੇ ਰਿਸ਼ਤਿਆਂ ਦਾ ਮਨ ਮੋਟਾਵਾ ਹੈ ਪਰ ਫਿਊਡਲ ਰਿਸ਼ਤਿਆਂ ਦੀ ਪ੍ਰਕਰਮਾ ਬਿਲਕੁਲ ਨਹੀਂ। ਇਸ ਦਾ ਕਾਰਣ ਹੈ ਕਿ ਮੈਂ ਪੜ੍ਹੇ ਲਿਖੇ ਚੋਗਿਰਦੇ ਵਿਚ ਜੀਵਨ ਜੀਵਿਆ ਹੈ। ਸ਼ਹਿਰੀ ਜ਼ਿੰਦਗੀ ਦਾ ਹੀ ਅਨੁਭਵ ਹੈ ਜਿਥੇ ਔਰਤਾਂ ਆਪਣੇ ਹੱਕਾਂ ਤੇ ਸਥਾਨ ਬਾਰੇ ਜਾਗਰੁਕ ਹਨ। ਘਰਾਂ ਦੇ ਝਮੇਲਿਆਂ, ਕਿਸਾਨੀ ਝਗੜਿਆਂ ਬਾਰੇ ਮੈਨੂੰ ਬਿਲਕੁਲ ਅਨੁਭਵ ਨਹੀਂ ਹੈ।

ਮੇਰੇ ਨਾਵਲਾਂ ਦੀ ਕਹਾਣੀ ਦੇ ਲੋਕ ਆਂਢੀ-ਗੁਆਂਢੀ ਮਰਦ, ਔਰਤਾਂ ਮਨੁੱਖ ਪਹਿਲਾਂ ਹਨ ਤੇ ਵੱਖ ਵੱਖ ਧਰਮਾਂ ਦੇ ਪਿਛੋਂ ਹਨ। ਇਕ ਦੂਜੇ ਦਾ ਦਰਦ ਉਹ ਮਨੁੱਖਤਾ ਕਾਰਣ ਵੰਡਦੇ ਹਨ। ਲੇਖਕ ਦਾ ਸਰੋਕਾਰ ਪੂਰਨ ਸਮਾਜ ਨਾਲ ਹੁੰਦਾ ਹੈ। ਜੋ ਕੁਝ ਸਮਾਜ ਵਿਚ ਵਾਪਰਦਾ ਹੈ ਜਾਂ ਲੇਖਕ ਦੇ ਆਲੇ ਦੁਆਲੇ ਜਿਹੜਾ ਮਾਹੌਲ ਹੁੰਦਾ ਹੈ ਲੇਖਕ ਉਸੀ ਤੋਂ ਪ੍ਰਭਾਵਤ ਹੁੰਦਾ ਹੈ, ਉਸੀ ਵਿਚ ਵਿਚਰਦਾ ਹੈ, ਜੀਵਨ ਜੀਉਂਦਾ ਹੈ ਤੇ ਉਸੀ ਨੂੰ ਆਪਣੀ ਲੇਖਣੀ ਵਿਚ ਸਿਰਜਦਾ ਹੈ। ਪਾਤਰਾਂ ਦੇ ਮੇਚਵੇਂ ਜਾਂ ਅਣਮੇਚਵੇਂ ਸੁਭਾਅ, ਸੁੱਖ ਲਭਦੇ ਜਾਂ ਦੁਖ ਭੋਗਦੇ ਲੋਕ ਹੀ ਆਪਣੇ ਆਪ ਨੂੰ ਮੇਰੇ ਸਾਹਮਣੇ ਪੇਸ਼ ਕਰਦੇ



ਹਨ ਤੇ ਮੈਨੂੰ ਪਾਤਰਾਂ ਦੀ ਮਾਨਸਿਕਤਾ ਨਾਲ ਹੀ ਲੇਖਣੀ ਦਾ ਸਹਾਰਾ ਲੈਣਾ ਪੈਂਦਾ ਹੈ। 'ਕਨਿਕ ਕਾਮਿਨੀ' ਦੀ ਨੀਰੂ ਕੀ ਸੱਚੀ ਸੋਨੇ ਦੀ ਔਰਤ ਸੀ ਜਾਂ ਨਸ਼ਿਆਈ ਹੋਈ? ਸਿੱਧੀ ਸਾਦੀ ਕੁੜੀ ਹਾਲਾਤ ਦੇ ਵਸ ਹੋਈ ਕਿਥੇ ਪਹੁੰਚਦੀ ਹੈ? ਥਿੜਕਦੀ ਹੈ, ਸੁਧ-ਬੁਧ ਵਿਸਾਰਦੀ ਹੈ, ਮੇਰੇ ਪਾਤਰ ਜੀਵਨ ਜੀਉਂਦੇ ਹਨ। ਮੈਂ ਆਪ ਮਧ ਸ੍ਰੇਣੀ ਦਾ ਜੀਵਨ ਜਿਉਂਦੀ ਹਾਂ। ਪਾਤਰ ਵੀ ਕੋਈ ਥੋੜੇ ਉੱਚੇ ਕੋਈ ਥੋੜੇ ਕਮਜ਼ੋਰ ਵਰਗ ਦੇ ਲੋਕ ਤਸ਼ਦਦ ਸਹਿੰਦੇ ਵੀ ਜੀਉਂਦੇ ਹਨ।

ਮੈਨੂੰ ਆਪਣੇ ਨਾਵਲਾਂ ਦੀ ਆਲੋਚਨਾ ਤੋਂ ਕੋਈ ਗਿਲਾ ਸ਼ਿਕਵਾ ਨਹੀਂ। ਆਲੋਚਕਾਂ ਨੇ ਮੇਰੀ ਸਿਰਜਣਾ ਦੀ ਭਰਪੂਰ ਸਲਾਹਨਾ ਕੀਤੀ ਹੈ। ਜਿੰਨ੍ਹਾਂ ਨੂੰ ਮੈਂ ਜਾਣਦੀ ਵੀ ਨਹੀਂ ਉਨ੍ਹਾਂ ਵੱਡੇ ਵੱਡੇ ਆਲੋਚਕਾਂ ਨੇ ਮੇਰੀ ਸਿਰਜਣਾ ਦਾ ਮੁਲ ਪਾਇਆ ਹੈ। ਆਲੋਚਕਾਂ ਦੀ ਆਲੋਚਨਾ ਦੇ ਹੁੰਗਾਰੇ ਤੇ ਲਿਖਤ ਦੇ ਪਰਵਾਨ ਹੋਣ ਦੇ ਸਹਾਰੇ ਹੀ ਸਾਹਿਤਕ ਪੰਧ ਉੱਤੇ ਪਕੇ ਪੈਰਾਂ ਨਾਲ ਅੱਗੇ ਵਧ ਸਕੀ ਹਾਂ। ਹਮੇਸ਼ਾਂ ਹੀ ਆਲੋਚਕਾਂ ਵਲੋਂ ਬੜੀ ਰਾਹਨੁਮਾਈ ਮਿਲੀ ਹੈ ਜੋ ਮੇਰੀ ਲਿਖਤ ਲਈ ਬੇਸਾਖੀਆਂ ਬਣੀ ਹੈ। ਵੈਸੇ ਆਮ ਸੁਣਨ ਵਿਚ ਆਇਆ ਹੈ ਕਿ ਆਲੋਚਨਾ ਸਿਰਫ਼ ਦੋਸਤੀ ਜਾਂ ਗੁੱਟ ਨਿਭਾਉਣ ਲਈ ਅਲੋਚਨਾ ਕਰਦੇ ਹਨ। ਵੈਸੇ ਅੱਜ ਕੱਲ ਆਲੋਚਨਾ ਦਾ ਇਹ ਟ੍ਰੈਂਡ ਪ੍ਰਚਲਤ ਹੈ, 'ਤੂੰ ਮੇਰਾ ਬੰਦਾ ਮੈਂ ਤੇਰਾ ਬੰਦਾ...।"

ਵੈਸੇ ਅੱਜ ਕੱਲ ਨਾਵਲ ਵਲ ਦਾ ਨਵਾਂ ਮੋੜ ਬੜਾ ਚੰਗਾ ਲਗਾ ਹੈ। ਇਤਿਹਾਸਕ ਘਟਨਾਵਾਂ ਦੇ ਧੁਰੇ ਦੁਆਲੇ ਨਾਵਲ ਸਿਰਜੇ ਜਾ ਰਹੇ ਹਨ। ਜਿਸ ਨਾਲ ਪਾਠਕ ਦੀ ਇਤਿਹਾਸ ਨਾਲ ਰੁਚੀ ਵਧਦੀ ਹੈ ਤੇ ਅਗਲੀ ਪੀੜ੍ਹੀ ਨੂੰ ਆਪਣੇ ਵੱਡਿਆਂ ਵਡੇਰਿਆਂ ਦੇ ਸੰਘਰਸ਼, ਕੁਰਬਾਨੀਆਂ, ਸੰਘਰਸ਼ ਬਾਰੇ ਜਾਣਕਾਰੀ ਮਿਲਦੀ ਹੈ। ਕਰਤਾਰ ਸਿੰਘ ਦੁੱਗਲ ਜੀ ਨੇ ਸਿੱਖ ਇਤਿਹਾਸ ਨਾਲ ਜੁੜੀ ਨਾਵਲ ਦੀ ਤ੍ਰਿਲੜੀ 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ', 'ਸਰਬਤ ਦਾ ਭਲਾ' ਤੋਂ ਇਹ ਪਿਰਤ ਪਾਈ। ਮਨਮੋਹਨ ਬਾਵਾ ਨੇ ਇਤਿਹਾਸਕ ਨਾਵਲ, ਕਹਾਣੀਆਂ ਨੂੰ ਹੀ ਆਪਣਾ ਟੀਚਾ ਬਣਾਇਆ ਪੁਰਾਣੀਆਂ ਤੋਂ ਪੁਰਾਣੀਆਂ ਮਿਥਿਹਾਸਕ ਗਾਥਾਵਾਂ ਉੱਤੇ ਨਾਵਲ ਕਹਾਣੀ ਦੀ ਸਿਰਜਨਾ ਕੀਤੀ 'ਯੁੱਧ ਨਾਦ' ਤੇ 'ਯੁੱਗ ਅੰਤ' ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਅਰਪਨ ਕਰ ਕੇ ਉਸ ਨੇ ਬੜੀ ਵੱਡੀ ਦੇਣ ਦਿੱਤੀ ਹੈ। ਬਲਦੇਵ ਸਿੰਘ ਸੜਕਨਾਮਾ ਦੀ 'ਪੰਜਵਾਂ ਸਹਿਬਜਾਦਾ' ਤੇ 'ਮਹਾਂਬਲੀ ਸੂਰਾ' ਬਾਬਾ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ ਪਾਠਕਾਂ ਨੂੰ ਜਾਣੂ ਕਰਵਾਇਆ ਹੈ। ਇੰਦਰ ਸਿੰਘ ਖ਼ਾਮੋਸ਼ ਦੀ ਆਪਣੀ ਵਿਧਾ ਹੈ। ਉਹ ਇਤਿਹਾਸ ਵਿਚੋਂ ਕੋਈ ਵੱਡੇ ਤੋਂ ਵੱਡਾ ਹਿਸਟੋਰੀਕਲ ਪਾਤਰ ਜਾਂ ਲੇਖਕ ਚੁਣ ਕੇ ਉਸ ਦੀ ਜੀਵਨੀ ਨੂੰ ਨਾਵਲ ਰਾਹੀਂ ਪੇਸ਼ ਕਰਦੇ ਹਨ। ਮੈਂ ਵੀ 'ਸੂਕੇ ਕਾਸਟ' ਨਾਵਲ ਵਿਚ ਸਿੱਖ ਇਤਿਹਾਸ ਦੇ ਸੰਘਰਸ਼ 'ਜੈਤੋ ਦੇ ਮੋਰਚੇ' ਵੇਲੇ ਸਿੱਖਾਂ ਦੀਆਂ ਕੁਰਬਾਨੀਆਂ, ਸੰਘਰਸ਼, ਕੈਦਾਂ ਤਸੀਹੇ ਦਾ ਵਰਣਨ ਕੀਤਾ ਹੈ। ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਇਤਿਹਾਸ, ਮਹੰਤਾਂ ਦਾ ਗੁਰਦੁਆਰੇ ਦੀਆਂ ਜ਼ਮੀਨਾਂ ਤੇ ਕਬਜ਼ਾ, ਅਖੰਡ ਪਾਠ ਸਾਹਿਬ ਦੀ ਜੈਤੋ ਦੇ ਗੁਰਦੁਆਰਾ ਵਿਚ ਅਖੰਡਤਾ, ਮਹਾਰਾਜਾ ਨਾਭਾ ਦਾ ਤਖ਼ਤ ਤੋਂ ਉਤਾਰਨਾ, ਦੂਜੀ ਵਿਸ਼ਵ ਜੰਗ, ਸੰਵਤੰਤਰਾ ਦੀ ਲੜਾਈ ਤੇ ਸੰਘਰਸ਼ , ਅਜ਼ਾਦੀ ਲਈ ਬਣੇ ਦੋ ਮੁਲਕ ਤੇ ਦੋ ਮੁਲਕਾਂ ਦੀ ਜਨ ਸੰਖਿਆ ਦਾ ਲੱਖਾਂ ਦੀ ਗਿਣਤੀ ਵਿਚ ਕਤਲੇਆਮ ਬਾਰੇ ਸਾਰੀਆਂ ਇਤਿਹਾਸਕ ਘਟਨਾਵਾਂ ਸੰਨ 1923 ਤੋਂ ਸਿਰਜੀਆਂ ਹਨ। ਨਵੀਂ ਪੀੜ੍ਹੀ ਨੂੰ ਜੈਤੋ ਦੇ ਮੋਰਚੇ ਜਾਂ ਸਿੱਖ ਸੰਘਰਸ਼, ਸਿੱਖ ਕਤਲ-ਏ-ਆਮ ਬਾਰੇ ਜ਼ਰਾ ਜਿਹੀ ਵੀ ਜਾਣਕਾਰੀ ਨਹੀਂ। ਇਸ ਤਰ੍ਹਾਂ ਦੇ ਇਤਿਹਾਸਕ ਨਾਵਲ ਦਾ ਭਵਿੱਖ ਬੜਾ ਉਜਲਾ ਹੈ। ਲੇਖਕ ਨੂੰ ਵੀ ਇਸ ਨੂੰ ਲਿਖਣ ਲਈ ਬੜੀ ਘਾਲਣਾ ਘਾਲਣੀ ਪੈਂਦੀ ਹੈ।

ਕਿਉਂ ਕਿ ਪੰਜਾਬ ਵਸਦਾ ਹੀ ਪੇਂਡੂ ਲੋਕਾਂ, ਜ਼ਿੰਮੀਦਾਰੀ, ਕਿਰਸਾਨੀ ਕਾਰਨ ਹੀ ਹੈ। ਬਹੁਤੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਸ਼ਹਿਰੋਂ ਦੂਰ ਪਿੰਡਾਂ ਦੀ ਆਪਣੀ ਸ਼ਹਿਰੀਆਂ ਤੋਂ ਵਿਲੱਖਣ ਜ਼ਿੰਦਗੀ ਹੈ, ਵੱਖ ਮੁਸ਼ਕਲਾਂ, ਤਕਲੀਫਾਂ ਤੇ ਆਰਥਿਕ ਮੰਦਹਾਲੀ ਹੈ। ਜ਼ਮੀਨੀ ਝਗੜੇ ਝਮੇਲੇ ਹਨ, ਇਸੇ ਲਈ ਗੁਰਦਿਆਲ




ਸਿੰਘ ਤੇ ਰਾਮ ਸਰੂਪ ਅਣਖੀ ਦੇ ਨਾਵਲ ਜ਼ਿਆਦਾ ਮਕਬੂਲ ਹਨ ਤੇ ਵਧੇਰੇ ਪੜ੍ਹੇ ਵੀ ਜਾਂਦੇ ਹਨ ਤੇ ਸਫ਼ਲ ਵੀ ਹਨ। ਪੇਂਡੂ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਜਾਗਰੂਕਤਾ ਆਉਂਦੀ ਹੈ ਜਿਵੇਂ ਉਨ੍ਹਾਂ ਦੀ ਜ਼ਿੰਦਗੀ ਨੂੰ ਕਿਸੀ ਨੇ ਨਾਵਲਾਂ ਦੀ ਕਹਾਣੀ ਰਾਹੀਂ ਹੋਰ ਲੋਕਾਂ ਤੀਕ ਪਹੁੰਚਾਇਆ ਹੈ ਤੇ ਉਨ੍ਹਾਂ ਦੇ ਦੁਖ ਦਰਦ ਨੂੰ ਸਮਝਿਆ ਹੈ। ਪਰ ਮੇਰੇ ਨਾਵਲ ਸ਼ਹਿਰੀ ਧਰਤੀ ਉੱਤੇ ਵਸਦੇ ਲੋਕ, ਲੋਕਾਂ ਦੀ ਸੰਘਰਸ਼ ਮਈ ਜ਼ਿੰਦਗੀ ਦੇ ਪੈਰਾਂ ਦੀ ਥਿੜਕਣ ਹੈ ਜੋ ਮਨੁੱਖਤਾ ਦੇ ਦੁਖ ਸੁਖ ਨੂੰ ਅਭਿਵਿਅਕਤ ਕਰਦੀ ਹੈ। ਮੇਰੀ ਪ੍ਰਤੀਬੱਧਤਾ ਮਨੁੱਖ ਦੇ ਉਸੇ ਜੀਵਨ ਦੀ ਪੇਸ਼ਕਾਰੀ ਕਰਨੀ ਹੈ। ਮੈਨੂੰ ਪੇਂਡੂ ਜ਼ਿੰਦਗੀ ਬਾਰੇ ਨਾ ਸਮਝ ਹੈ ਨਾ ਮੇਰੀ ਪਕੜ ਹੈ। ਮੈਂ ਕਦੀ ਕੋਈ ਪਿੰਡ ਵੇਖਿਆ ਹੀ ਨਹੀਂ।

ਆਮ ਤੌਰ ਤੇ ਲੇਖਿਕਾਵਾਂ ਕਹਾਣੀਆਂ-ਨਾਵਲਾਂ ਵਿਚ ਔਰਤ ਦੀ ਤ੍ਰਾਸਦੀ, ਔਰਤ ਉੱਤੇ ਹੁੰਦੇ ਜ਼ੁਲਮ, ਔਰਤਾਂ ਦਾ ਦਰੜਿਆ ਜਾਣਾ ਜਾਂ ਸਮਾਨਤਾ ਨਾ ਮਿਲਣੀ ਆਦਿ ਦੀ ਚਰਚਾ ਕਰਦੀਆਂ ਹਨ। ਮੇਰਾ ਮੰਨਣਾ ਹੈ ਕਿ ਸਾਰੀਆਂ ਔਰਤਾਂ ਨਾ ਦਰੜੀਂਦੀਆਂ ਹਨ ਨਾ ਹੀ ਪੂਰਨ ਰੂਪ ਵਿਚ ਦੇਵੀਆਂ ਹੁੰਦੀਆਂ ਹਨ। ਅਜਿਹੀਆਂ ਔਰਤਾਂ ਵੀ ਇਸੇ ਸਮਾਜ ਵਿਚ ਵਿਚਰਦੀਆਂ ਹਨ ਜੋ ਮਰਦ ਨੂੰ ਪਾਗਲ ਵੀ ਕਰ ਦੇਂਦੀਆਂ ਹਨ। ਬੜੀਆਂ ਦਬੰਗ ਤੇ ਜ਼ਾਲਮ ਔਰਤਾਂ ਵੀ ਹੁੰਦੀਆਂ ਹਨ। ਹਰ ਲੇਖਕ ਜੋ ਆਪਣੇ ਆਲੇ ਦੁਆਲੇ, ਆਸੇ ਪਾਸੇ, ਘਰ, ਜੀਵਨ ਵਿਚ ਜੋ ਵਰਤਾਰਾ ਵੇਖਦਾ ਹੈ ਉਸੇ ਤੋਂ ਮੁਤਾਸਰ ਹੋ ਕੇ ਲੇਖਣੀ ਦੀ ਰਚਨਾ ਕਰਦਾ ਹੈ ਕਿਸੇ ਵੇਖੀ, ਸੁਣੀ, ਵਾਪਰੀ ਘਟਨਾ ਜਾਂ ਸਥਿਤੀ ਜਾਂ ਕਿਸੀ ਪਾਤਰ ਦਾ ਮਨ ਵਿਚ ਵਸਣਾ ਟੁੰਬਣਾ ਹੀ ਕਹਾਣੀ-ਨਾਵਲ ਦਾ ਜਨਮ ਹੁੰਦਾ ਹੈ, ਮੇਰੀ ਲੇਖਣੀ ਵਿਚ ਨਾਰੀ ਸ਼ੋਸ਼ਣ ਹੋਈ ਦਾ ਸ਼ਿਕਾਰ ਔਰਤ ਦੇ ਸੰਦਰਭ ਵਿਚ ਬਹੁਤ ਘਟ ਰਚਨਾ ਹੈ। ਇਸਤਰੀ ਮਰਦ ਮੇਰੇ ਦੋਹੇਂ ਪਾਤਰ ਨਿੱਜੀ ਮਨੁੱਖੀ ਰਿਸ਼ਤਿਆਂ ਨੂੰ ਹਾਲਾਤ ਮੁਤਾਬਿਕ ਢਾਲਦੇ ਹਨ। ਮੈਂ ਇਨ੍ਹਾਂ ਰੂਪਾਂ ਨੂੰ ਸੰਤੁਲਿਤ ਰੂਪ ਵਿਚ ਵੇਖਣ ਦਾ ਯਤਨ ਕੀਤਾ ਹੈ। ਇਸਤਰੀ ਪਾਤਰਾਂ ਦੇ ਸੰਘਰਸ਼ ਤੇ ਦੁਖਾਂਤ ਵੀ ਮਰਦ ਦੀ ਜ਼ਿਆਦਤੀ ਨਾਲੋਂ ਸਥਿਤੀ ਦਾ ਦੁਖਾਂਤ ਹੈ। ਮੇਰੀ ਲਿਖਤ ਕਿਸੀ ਇਕ ਧਿਰ ਵਿਰੁੱਧ ਪਰਚਾਰ ਨਹੀਂ ਬਲਕਿ ਮਨੁੱਖੀ ਮਨ ਦੀਆਂ ਡੂੰਘਾਈਆਂ ਤੇ ਅਨੁਭਵ ਦੀ ਵਿਸ਼ਾਲਤਾ ਨੂੰ ਸਮਾਜਿਕ ਪਰਿਪੇਖ ਵਿਚ ਪੇਸ਼ ਕਰਦੀ ਹੈ।

ਮਰਦ ਲੇਖਕ ਨੇ ਤੇ ਕਈ ਲੇਖਿਕਾਵਾਂ ਨੇ ਵੀ ਔਰਤ ਨੂੰ ਵਿਚਾਰੀ, ਨਿਮਾਣੀ, ਅਬਲਾ ਦੂੜੀ ਹੋਈ ਤੇ ਮਜ਼ਲੂਮ ਤੇ ਧੱਕੇ ਖਾਂਦੀ ਹੀ ਚਿਤਰਿਆਂ ਹੈ ਜਾਂ ਮਰਦਾਂ ਨੇ ਉਸ ਨੂੰ ਦੇਵੀ ਦੇ ਰੂਪ ਵਿਚ ਮੰਦਰਾਂ ਵਿਚ ਸਜਾ ਕੇ ਔਰਤ ਦੇ ਬੁੱਤ ਦੀ ਪੂਜਾ ਕੀਤੀ ਹੈ। ਆਪਣੀ ਲੋੜ ਦੀਆਂ ਮੰਨਤਾਂ ਮੰਨੀਆਂ ਹਨ। ਅਰਦਾਸਾਂ ਕੀਤੀਆਂ ਹਨ, ਨਕ ਮੱਥੇ ਰਗੜੇ ਹਨ ਪਰ ਆਮ ਘਰੇਲੂ ਔਰਤ ਉਨ੍ਹਾਂ ਨੇ ਚਿਤਰੀ ਹੀ ਨਹੀਂ।

ਮੇਰੇ ਨਾਵਲਾਂ ਦੀਆਂ ਮੁੱਖ ਪਾਤਰ ਔਰਤਾਂ ਨੇ ਆਪ ਦੁੱਖ ਸਹਿ ਕੇ ਵੀ ਮਰਦ ਦੀ ਪਰਵਾਹ ਨਹੀਂ ਕੀਤੀ। 'ਜਲ ਬਿਨ ਕੁੰਭ ਦੀ ਗੋਰਾ ਪਾਤਰ ਹੈ। ਗੋਰਾ ਦਾ ਸਹੁਰਾ ਦੀਵਾਨ ਜੀ ਇਕੱਲੇ ਆਪਣੇ ਬੁਢੇਪੇ ਵਿਚ ਦਰੜ ਹੁੰਦਾ ਹੈ। ਗੌਰਾ ਦਾ ਪਤੀ ਰਣਜੀਤ ਬੱਚਿਆਂ ਤੇ 'ਗੌਰਾਂ' ਦੀ ਸੁਖ ਦੀ ਖਾਤਰ ਇਕੱਲਤਾ ਨੂੰ ਚੁੰਮਦਾ ਹੈ। ਆਪੇ ਪਕਾਂਦਾ ਆਪੇ ਖਾਂਦਾ ਗਰੀਬੀ ਦਆਵੇ ਨਾਲ ਜ਼ਿੰਦਗੀ ਬਸਰ ਕਰਦਾ ਹੈ।

'ਕਲਰ ਕੇਰੀ ਛੱਪੜੀ' ਦੀ ਗੁਲਜ਼ਾਰੀ ਆਪਣੀ ਅਣਖ ਤੇ ਮੱਥੇ ਉੱਤੇ ਝੂਠਾ ਦਾਗ਼ ਲੱਗਣ ਖਾਤਰ ਆਪਣੇ ਮਰਦ ਵਲ ਪਿੱਠ ਕਰ ਕੇ ਬੱਚਿਆਂ ਨੂੰ ਨਾਲ ਲੈ ਕੇ ਪੈਰੋਂ ਨੰਗੀ ਸਹੁਰੇ ਘਰੋਂ ਨਿਕਲ ਆਉਂਦੀ ਹੈ ਤੇ ਆਪ ਮਿਹਨਤ ਮਜ਼ਦੂਰੀ ਕਰਕੇ ਬੱਚਿਆਂ ਨੂੰ ਪਾਲਦੀ ਇਕੱਲੀ ਜੀਵਨ ਜੀਉਂਦੀ ਹੈ। ਇਸੇ ਨਾਵਲ ਵਿਚ ਪਾਤਰ ਕਾਮਨਾ ਦੋ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਦੁਆਰ ਬਾਖ ਲੱਗੀ ਮੁਹਾਠ ਵਾਪਸ ਟਪ ਆਉਂਦੀ ਹੈ। ਉਸ ਨੂੰ ਕੁੜਮਾਈ ਤੋਂ ਬਾਅਦ ਹੋਏ ਆਪਣੇ ਪਤੀ ਦੇ ਭਰਜਾਈ ਨਾਲ ਨਾਜਾਇਜ਼ ਸਬੰਧ



ਬਾਰੇ ਪਤਾ ਲਗਦਾ ਹੈ। ਉਸ ਨੇ ਪਤੀ ਤੋਂ ਪਿੱਠ ਮੋੜ ਲਈ ਪਰ ਜਿਠਾਣੀ ਦੇ ਮਰਨ ਤੇ ਉਸ ਦੇ ਬੱਚਿਆਂ ਨੂੰ ਪਾਲਦੀ ਰਹੀ। 'ਕਨਿਕ ਕਾਮਿਨੀ' ਦੀ ਨੀਰੂ ਵੀ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਨਾ ਸੰਭਾਲ ਸਕਦੇ ਹੋਏ ਆਪਣੀ ਮਰਜ਼ੀ ਨਾਲ ਹੋਰਾਂ ਨਾਲ ਕਾਮਕ ਸਬੰਧ ਬਣਾ ਕੇ ਰੁਲਦੀ ਹੈ, ਪਾਗ਼ਲ ਹੋ ਜਾਂਦੀ ਹੈ। ਪਰ ਆਪਣੇ ਜਿਸਮ ਦੀ ਲੋੜ ਨੂੰ ਕਬੂਲਦੀ ਹੈ। 'ਮਨ ਕੀ ਬਿਰਥਾ' ਦੀ ਤੁਲਸੀ ਪਤੀ ਦੇ ਗਲਤ ਕਦਮ ਨੂੰ ਨਾ ਸਹਾਰਦੀ ਹੋਈ ਵਾਪਸ ਪਰਤਦੀ ਪਿਛੇ ਝਾਤੀ ਨਹੀਂ ਮਾਰਦੀ। ਆਪਣੀ ਬੱਚੀ ਦੇ ਜਨਮ ਬਾਰੇ ਵੀ ਮਰਦ ਨੂੰ ਨਹੀਂ ਦਸਦੀ। ਬੱਚੀ ਤੇ ਪਿਉ ਦਾ ਪਰਛਾਵਾਂ ਵੀ ਬੱਚੀ ਉੱਤੇ ਨਹੀਂ ਪੈਣ ਦੇਂਦੀ। 'ਸੂਕੇ ਕਾਸਟ' ਦੀ ਪਰਕਾਸ਼ ਕਿੰਨੀ ਜ਼ਿਦਲ ਤੇ ਜ਼ਾਲਮ ਔਰਤ ਹੈ। ਨਾ ਉਹ ਪਤੀ ਦੇ ਸੁਖ ਨੂੰ ਮਾਣਦੀ ਹੈ ਨਾ ਪੁੱਤਰ ਦੇ ਵਿਯੋਗ ਨੂੰ ਉਸ ਤਰਸਾਂਦਾ ਹੈ। ਮੇਰੀਆਂ ਪਾਤਰ ਔਰਤਾਂ ਦਬੰਗ ਹਨ।

## ਮੇਰੇ ਪਾਤਰ ਮੇਰੇ ਆਖੇ ਲੱਗਦੇ ਹਨ। ਜਿਧਰ ਟੋਰਦਾ ਹਾਂ, ਟੁਰਦੇ ਹਨ
## - ਦਰਸ਼ਨ ਸਿੰਘ

ਮੈਂ ਆਪਣਾ ਪਹਿਲਾ ਨਾਵਲ 'ਮੀਂਹ ਕਣੀ ਦੇ ਦਿਨ' ਨਵੀਂ ਸਦੀ ਦੇ ਸ਼ੁਰੂ 'ਚ ਲਿਖਿਆ ਤੇ ਉਹ ਉਸ ਤੋਂ ਅਗਲੇ ਸਾਲ, 2001 'ਚ ਪ੍ਰਕਾਸ਼ਤ ਹੋਇਆ। ਓਦੋਂ ਮੇਰੀ ਉਮਰ 73 ਵਰ੍ਹੇ ਸੀ। ਇਹ ਨਾਵਲ ਮੇਰੇ ਦਿਮਾਗ 'ਚ ਪਹਿਲੋਂ ਵੀ ਹੈ ਸੀ, ਪਰ ਮੈਂ ਇਹ ਅੰਗਰੇਜ਼ੀ 'ਚ ਲਿਖਣਾ ਚਾਹੁੰਦਾ ਸਾਂ। ਕਈ ਸਾਲ ਪਹਿਲੋਂ ਦੀ ਮੇਰੀ ਇਕ ਫਾਈਲ 'ਚ ਉਹ ਪੂਰਾ ਉਲੀਕਿਆ ਪਿਆ ਸੀ। ਭਾਪਾ ਪ੍ਰੀਤਮ ਸਿੰਘ ਮੈਨੂੰ ਫੇਰ ਵੀ ਪ੍ਰੇਰੀ ਗਏ। ਸਾਲ ਭਰ 'ਚ ਮੈਂ ਦੇਸ਼ ਦੇ ਵੰਡਾਰੇ 'ਤੇ ਲਿਖਿਆ ਆਪਣਾ ਅਗਲਾ ਨਾਵਲ 'ਦੇਸ-ਕੁਦੇਸ' ਲਿਖ ਧਰਿਆ। ਕਲਮ ਰਵਾਂ ਸੀ। ਅੰਦਰ ਵੀ ਬੜਾ ਕੁਝ ਭਰਿਆ ਪਿਆ ਸੀ ਤੇ ਬਾਹਰ ਨਿਕਲਣ ਨੂੰ ਬਿਹਬਲ ਸੀ। ਮੈਂ ਉਤ-ਉੜੱਤੀ ਪੰਜ ਨਾਵਲ ਹੋਰ ਲਿਖ ਛੱਡੇ। ਨਾਵਲ 'ਕੰਡਾ' ਸੰਨ 2004 'ਚ ਛਪਿਆ। 'ਮਿੱਟੀ' 2005 'ਚ। 'ਬੱਦਲਾਂ ਦੀ ਪੌੜੀ' 2007 'ਚ, ਪ੍ਰਦੇਸੀ ਪਾਤਰਾਂ, ਪ੍ਰਦੇਸੀ ਪ੍ਰਸੰਗ ਤੇ ਚੁਗਿਰਦੇ ਵਾਲਾ ਨਾਵਲ 'ਬੁਝਾਰਤ' 2006 'ਚ ਲਿਖਿਆ। ਸਿਆਸੀ ਨਾਵਲ 'ਭਾਊ' ਮੈਂ 2007 'ਚ ਲਿਖਿਆ ਤੇ ਉਹ 2008 'ਚ ਪ੍ਰਕਾਸ਼ਤ ਹੋਇਆ। ਉਸੇ ਸਾਲ ਹੀ ਮੈਂ ਆਪਣੇ ਪਹਿਲੇ ਨਾਵਲ 'ਮੀਂਹ ਕਣੀ ਦੇ ਦਿਨ' ਨੂੰ ਸੰਪਾਦਿਆ ਤੇ ਤੀਜਾ ਹਿੱਸਾ ਵਧਾ ਦਿੱਤਾ। ਉਸ ਥਾਂ ਤੋਂ ਜਿਥੋਂ ਉਹ ਪਹਿਲੋਂ ਮੁੱਕਿਆ ਸੀ।

ਨਾਵਲ ਲਿਖਣ ਦਾ ਫੁਰਨਾ ਮੈਨੂੰ ਕਿਸੇ ਘਟਨਾ, ਕਿਸੇ ਸ਼ਕਲ, ਕਿਸੇ ਖਿਆਲ, ਕਿਸੇ ਸਿਧਾਂਤ ਜਾਂ ਸੰਕਲਪ ਤੋਂ ਫੁਰਦਾ ਹੈ। ਮੇਰਾ ਬਿਰਖ ਏਸੇ ਕਰੂੰਬਲ ਤੋਂ ਹੀ ਉਗਦਾ ਹੈ। ਮੈਂ ਆਪਣੇ ਬੀਮੇ ਦਾ ਪ੍ਰੀਮੀਅਮ ਜਮ੍ਹਾਂ ਕਰਾਉਣ ਆਪਣੇ ਦਫਤਰੋਂ ਨਾਲ ਲਗਦੀ ਸੜਕ ਦੀ ਇਕ ਬਹੁ-ਮੰਜਲਾ ਇਮਾਰਤ 'ਚ ਜਾਇਆ ਕਰਦਾ ਸਾਂ। ਉਥੋਂ ਮੈਂ ਰੀਸੈਪਸ਼ਨ 'ਚ ਬੈਠੀ ਇਕ ਗੋਰੀ ਚਿੱਟੀ, ਬੜੀ ਬਣੀ ਫਬੀ, ਨਖਰੇਲੀ ਬੀਬੀ ਵੇਖੀ। ਉਹਦੇ ਕੋਲ ਕਰਕੇ ਇਕ ਰੰਗ-ਬਰੰਗੀ ਛੱਤਰੀ ਪਈ ਸੀ। ਉਹ ਕਈ ਦਿਨ ਮੇਰੇ ਚੇਤੇ 'ਚ ਝਲਕਦੀ ਰਹੀ। ਅਖੀਰ ਉਹਦੇ 'ਚੋਂ ਨਾਵਲ 'ਮੀਂਹ ਕਣੀ ਦੇ ਦਿਨ' ਦੀ ਮੋਨੀਕਾ ਦੇ ਚਿਹਨ ਉਘੜ ਪਏ। 'ਦੇਸ ਕੁਦੇਸ' ਦਾ ਸੁਝਾਅ ਵੰਡਾਰੇ ਤੋਂ ਮਿਲਿਆ। 'ਕੰਡਾ' ਉਸ ਕੁੜੀ ਨੂੰ ਵੇਖ ਕੇ ਸੁਝਿਆ, ਜਿਹੜੀ ਅਮਰੀਕਾ ਤੋਂ ਆਈ ਸੀ ਤੇ ਕੁਝ ਦਿਨ ਸਾਡੇ ਕੋਲ ਰਹੀ ਸੀ ਤੇ ਸਾਡੇ ਨਾਲ ਆਪਣਾ ਦੁਖ ਸੁਖ ਫੋਲਦੀ ਰਹੀ ਸੀ। 'ਮਿੱਟੀ' ਸਵਿਟਜ਼ਰਲੈਂਡ ਵੱਸੇ ਪੰਜਾਬੀ ਚਿੱਤਰਕਾਰ ਕਵੀ ਦੇਵ ਨੂੰ ਮਿਲ ਕੇ ਅਹੁੜਿਆ। 'ਭਾਊ' ਦੀ ਪ੍ਰੇਰਨਾ ਮੈਨੂੰ ਕਮਿਊਨਿਸਟ ਲਹਿਰ ਤੋਂ ਮਿਲੀ। ਸੰਨ 1946 ਤੋਂ ਇਸ ਲਹਿਰ ਨਾਲ ਸੰਬੰਧਤ ਸਾਂ।

ਸੁੱਝਣ ਤੇ ਲਿਖੇ ਜਾਣ ਵਿਚਲਾ ਸਮਾਂ ਵਚਿੱਤਰ ਹੁੰਦਾ ਹੈ। ਮੈਨੂੰ ਇਕ ਇੱਟ ਲੱਭੀ ਹੁੰਦੀ ਹੈ, ਜਿਹਦੇ ਉੱਤੇ ਮੈਂ ਇਕ ਪੂਰਾ, ਚੰਗੀ ਸ਼ੈਲੀ ਵਾਲਾ, ਰਹਿਣ-ਯੋਗ ਘਰ ਖੜ੍ਹਾ ਕਰਨਾ ਹੁੰਦਾ ਹੈ। ਮੇਰੇ ਅੰਦਰ ਕੋਈ




ਸਵੈਕਾਰ ਖੱਡੀ ਲੱਗ ਜਾਂਦੀ ਹੈ, ਜਿਹੜੀ ਹਰ ਪਲ ਕੁਝ-ਨਾ-ਕੁਝ ਬੁਣਦੀ ਰਹਿੰਦੀ ਹੈ। ਇਹ ਕਈ ਪੱਖੀ ਤੇ ਕਈ ਸੇਧੀ ਪ੍ਰਕਿਰਿਆ ਹੁੰਦੀ ਹੈ। ਤੰਦਾਂ ਟੁੱਟਦੀਆਂ-ਜੁੜਦੀਆਂ ਰਹਿੰਦੀਆਂ ਹਨ ਤੇ ਨਮੂਨੇ ਬਣਦੇ ਵਿਗੜਦੇ ਰਹਿੰਦੇ ਹਨ।

ਮੇਰੇ ਹਰ ਨਾਵਲ 'ਚ ਪੜ੍ਹਦਿਆਂ-ਪੜ੍ਹਦਿਆਂ ਇਸ ਵਿਸ਼ੇਸ਼ ਸਮੇਂ ਦਾ ਅਹਿਸਾਸ ਆਪੇ ਹੀ ਹੋ ਜਾਂਦਾ ਹੈ। ਫੇਰ ਮੈਂ ਇਹ ਮਿਥਦਾ ਹਾਂ ਕਿ ਕਹਾਣੀ ਕਿੱਥੋਂ ਸ਼ੁਰੂ ਹੋਵੇ ਤੇ ਕਿੱਥੇ ਖਤਮ ਹੋਵੇ। ਮੈਨੂੰ ਨਾਟਕੀ ਅੰਤ ਪਸੰਦ ਹਨ। ਛੋਟੀ ਕਹਾਣੀ ਵਰਗੇ। ਆਰੰਭ ਮੇਰੇ ਬਿਰਤਾਂਤ ਤੋਂ ਨਹੀਂ, ਕਿਸੇ ਘਟਨਾ ਤੋਂ ਉਗਮਦੇ ਹਨ। ਜਤਨ ਇਹ ਹੁੰਦਾ ਹੈ ਕਿ ਉਹ ਪਾਠਕ ਨੂੰ ਛੁਹੰਦਿਆਂ ਹੀ ਥੰਮ ਲੈਣ।

ਇਸ ਪਿਛੋਂ ਖੋਜ ਦੇ ਮਤਲਬ ਦੀਆਂ ਗੱਲਾਂ ਲਿਖ-ਲਿਖ ਰੱਖਣ ਦਾ ਸਮਾਂ ਆਉਂਦਾ ਹੈ। ਫਾਈਲ ਖੁੱਲ੍ਹ ਜਾਂਦੀ ਹੈ। ਜੋ ਨਿੱਗਰ ਜਾਣਕਾਰੀ ਚਾਹੀਦੀ ਹੁੰਦੀ ਹੈ, ਉਹ ਕਿਤਾਬਾਂ, ਅਖ਼ਬਾਰਾਂ ਤੇ ਇੰਟਰਨੈਟ 'ਚੋਂ ਇਕੱਠੀ ਕੀਤੀ ਜਾਂਦੀ ਹੈ ਤੇ ਸੰਖੇਪ ਸੁਝਾਊ ਰੂਪ 'ਚ ਲਿਖ ਕੇ ਫਾਈਲ 'ਚ ਰੱਖ ਲਈ ਜਾਂਦੀ ਹੈ। ਬਾਕੀ ਹੋਰ ਸਭ ਕੁਝ ਲਈ ਕਲਪਨਾ ਦੀ ਸ਼ਰਨ ਲਈ ਜਾਂਦੀ ਹੈ। ਕਲਪਨਾ ਨੂੰ ਮੈਂ ਡੂੰਘੀ ਮਹੱਤਤਾ ਵਾਲਾ ਅੰਸ਼ ਸਮਝਦਾ ਹਾਂ ਤੇ ਇਹਦੀ ਚੰਗੀ ਚੋਖੀ ਵਰਤੋਂ ਕਰਦਾ ਹਾਂ। ਫੇਰ ਪਾਤਰ ਚਿਤਰੇ ਜਾਂਦੇ ਹਨ, ਉਹਨਾਂ ਦੇ ਨਕਸ਼-ਨੈਣ, ਵੇਸ, ਅੰਦਾਜ਼, ਬੜਾ ਕੁਝ ਜਿਨ੍ਹਾਂ ਨਾਲ ਉਹਨਾਂ ਦੀ ਵੱਖਰੀ ਹੋਂਦ ਬਣ ਜਾਏ। ਉਹ ਮਿਸਾਲੀ ਵੀ ਲੱਗਣ ਤੇ ਵੱਖਰੇ ਵੀ। 'ਮੀਂਹ ਕਣੀ ਦੇ ਦਿਨ' ਦੀ ਮੋਨੀਕਾ ਦੀ ਸੱਜੀ ਅੱਖ 'ਤੇ ਪਲਮਦੀ ਲਿਟ ਤੇ ਉਹਦੀਆਂ ਦੋਵਾਂ ਗਲ੍ਹਾਂ 'ਚ ਪੈਂਦੇ ਟਿੱਭ ਏਸ ਤਰ੍ਹਾਂ ਦੀ ਫਾਈਲ 'ਚੋਂ ਹੀ ਉਗਮੇ ਸਨ। ਫਾਈਲ 'ਚ ਕਹਾਣੀ ਦੇ ਮੋੜ ਸਿਰਜੇ ਹੁੰਦੇ ਹਨ। ਕੁਝ ਸਥਿਤੀਆਂ 'ਚ ਪਾਤਰਾਂ ਦੇ ਪੂਰੇ ਦੇ ਪੂਰੇ ਸੰਵਾਦ ਵੀ ਲਿਖੇ ਹੁੰਦੇ ਹਨ। ਮੁੱਢ ਤੇ ਅੰਤ ਲਿਖਿਆ ਹੁੰਦਾ ਹੈ। ਹੋਰ ਵੀ ਬੜਾ ਕੁਝ। ਦ੍ਰਿਸ਼ ਤੇ ਚੁਗਿਰਦਾ ਵੀ। 'ਮੀਂਹ ਕਣੀ ਦੇ ਦਿਨ' ਵਾਲੀ ਫਾਈਲ 'ਚ ਬੱਦਲਾਂ ਦੇ ਉਮਡਣ ਤੇ ਮੀਂਹ ਦੇ ਵੱਸਣ ਦੇ ਬੜੇ ਦ੍ਰਿਸ਼ ਸਨ, ਜੋ ਸਥਿਤੀ ਦੀ ਲੋੜ ਵਜੋਂ ਵਰਤੇ ਗਏ। ਮੇਰੀ ਏਸ ਤਰ੍ਹਾਂ ਦੀ ਫਾਈਲ ਕਾਫੀ ਵੱਡੀ ਹੁੰਦੀ ਹੈ।

ਮੈਂ ਦੋ ਢਾਈ ਸੌ ਸਫਿਆਂ ਦਾ ਨਾਵਲ ਲਿਖਦਾ ਹਾਂ। ਇਸ ਤੋਂ ਵੱਡਾ ਏਸ ਕਰਕੇ ਨਹੀਂ ਲਿਖਦਾ ਕਿ ਉਹ ਪੜ੍ਹਿਆ ਨਹੀਂ ਜਾਂਦਾ। ਸਾਡੇ ਪ੍ਰਕਾਸ਼ਨ ਦੀ ਅਵਿਕਸਤ ਦਸ਼ਾ ਕਾਰਨ ਵੱਡੇ ਨਾਵਲ ਛਾਪਣੇ ਵੀ ਮੁਸ਼ਕਿਲ ਹਨ। ਏਸ ਲਈ ਮੈਂ ਆਪਣੇ ਹਰ ਨਾਵਲ ਦੀ ਅਜਿਹੀ ਬਣਤਰ ਮਿਥਦਾ ਹਾਂ, ਜਿਸਦੇ ਨਾਲ ਮੈਂ ਆਪਣੀ ਕਹਾਣੀ ਏਨੇ ਕੁ ਸਫਿਆਂ 'ਚ ਮੁਕਾ ਲਵਾਂ। ਇਹ ਬਣਤਰ ਇਕ ਤਰ੍ਹਾਂ ਦਾ ਸੱਚਾ ਹੁੰਦਾ ਹੈ, ਜਿਸ ਵਿਚ ਨਾਵਲ ਨੇ ਢਲ ਜਾਣਾ ਹੁੰਦਾ ਹੈ। ਮੇਰੇ ਹਰ ਨਾਵਲ ਦਾ ਇਹ ਸੱਚਾ ਵੱਖ-ਵੱਖ ਤਰ੍ਹਾਂ ਦਾ ਹੈ। ਮੇਰੇ ਨਾਵਲ 'ਚ ਘਟਦਾ ਬਹੁਤ ਕੁਝ ਹੈ। ਬਿਰਤਾਂਤ ਘਟ ਹੁੰਦਾ ਹੈ। ਨਾਵਲ ਦੇ ਰੌਚਕ ਹੋਣ ਲਈ ਇਹ ਬਹੁਤ ਜ਼ਰੂਰੀ ਹੈ। ਲਿਖਤ ਦੀ ਰੌਚਕਤਾ ਤੇ ਸਾਹਿਤਕਤਾ ਦਾ ਮੈਨੂੰ ਬੜਾ ਧਿਆਨ ਰਹਿੰਦਾ ਹੈ। ਇਕ ਨੂੰ ਦੂਜੀ 'ਤੇ ਕੁਰਬਾਨ ਨਹੀਂ ਹੋਣ ਦੇਂਦਾ।

ਇਹ ਸਾਰਾ ਕੁਝ ਮੈਂ ਆਪਣੇ ਨਾਵਲ 'ਭਾਊ' ਦੇ ਹਵਾਲੇ ਨਾਲ ਸਪੱਸ਼ਟ ਕਰਦਾ ਹਾਂ।

ਮੈਂ ਬੜੇ ਚਿਰ ਤੋਂ ਕਮਿਊਨਿਸਟ ਲਹਿਰ 'ਤੇ ਕੋਈ ਨਾਵਲ ਲਿਖਣਾ ਚਾਹੁੰਦਾ ਸਾਂ। ਇਹ ਵੀ ਚਾਹੁੰਦਾ ਸਾਂ ਕਿ ਨਾਵਲ ਬਹੁਤ ਵੱਡਾ ਨਾ ਹੋਵੇ ਤੇ ਰੁੱਖਾ ਵੀ ਨਾ ਹੋਵੇ। ਕਹਾਣੀ ਅਜਿਹੀ ਹੋਵੇ ਕਿ ਉਹਦੇ ਪੱਜੀਂ ਮੈਂ ਲਹਿਰ ਦਾ ਵਿਕਾਸ, ਉਹਦੇ ਗੁਣ-ਔਗੁਣ, ਵਿਸ਼ੇਸ਼ਤਾਵਾਂ, ਸਹਿਜੇ ਹੀ ਦੱਸ ਜਾਵਾਂ। ਇਹਦੇ ਲਈ ਮੈਂ ਯੋਗ ਬਣਤਰ ਚੁਣੀ। ਯੋਗ ਸਮਾਂ ਚੁਣਿਆ। ਪਿਛਲੀਆਂ ਆਮ ਚੋਣਾਂ ਵਾਲਾ। ਉਹਦੇ ਅਨੁਸਾਰ ਹੀ ਇਕ ਕਹਾਣੀ ਘੜੀ, ਜਿਹੜੀ ਸੱਚੀ ਹੋਵੇ ਨਾ ਹੋਵੇ, ਪਰ ਲੱਗੇ ਸੱਚੀ। ਫੇਰ ਏਸ ਕਹਾਣੀ ਲਈ ਮੁਖ ਪਾਤਰ ਚੁਣਿਆ ਤੇ ਕਹਾਣੀ ਮੁਤਾਬਿਕ ਹੀ ਬਾਕੀ ਦੇ ਪਾਤਰ, ਜਿਹੜੇ ਸੱਚੇ ਨਹੀਂ ਸਨ, ਪਰ ਸੱਚਿਆਂ ਵਰਗੇ ਸਨ।



ਮੁਖ ਪਾਤਰ ਨੂੰ ਮੈਂ ਸਵਰਗੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਸ਼ਖ਼ਸੀਅਤ 'ਤੇ ਆਧਾਰਤ ਕੀਤਾ। ਇਸ ਨਾਵਲ ਦੀ ਫਾਈਲ ਮੇਰੇ ਕੋਲ ਦੋ ਢਾਈ ਸਾਲ ਖੁੱਲ੍ਹੀ ਰਹੀ ਸੀ।

ਨਾਵਲ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਕਾਮਰੇਡ ਸੁਰਜੀਤ ਨੂੰ ਮਿਲਣ ਵੀ ਗਿਆ।

ਏਸ ਨਾਵਲ 'ਚ ਸ਼ੁਰੂ ਤੋਂ ਕੁਝ ਘਟਣ ਲੱਗਦਾ ਹੈ ਤੇ ਫੇਰ ਘਟਦਾ ਹੀ ਜਾਂਦਾ ਹੈ। ਬਿਰਤਾਂਤ ਘਟ ਹੈ। ਨਾਲੋਂ-ਨਾਲ ਹੀ ਕਮਿਊਨਿਸਟ ਲਹਿਰ ਉੱਤੇ ਝਾਤ ਵੀ ਪੈਂਦੀ ਜਾਂਦੀ ਹੈ। ਨਾਵਲ ਮੰਦੇ-ਚੰਗੇ ਦੀ ਬਹਿਸ 'ਚ ਨਹੀਂ ਪੈਂਦਾ। ਪਾਤਰ ਉਸਾਰੀ ਜਾਂਦਾ ਹੈ। ਉਹ ਬਹੁ-ਪੱਖੀ ਤੇ ਬਹੁ-ਰੰਗੇ ਹਨ। ਪਾਤਰ ਆਪੋ ਆਪਣੀ ਰੁਚੀ ਤੇ ਸਮਝ ਅਨੁਸਾਰ ਨਤੀਜੇ ਕੱਢਦਾ ਜਾਂਦਾ ਹੈ। ਇਸ ਨਾਵਲ ਨੂੰ ਪੜ੍ਹਨ ਵਾਲਿਆਂ ਨੇ ਮੁਖ ਪਾਤਰ ਨੂੰ ਉਵੇਂ ਹੀ ਸਮਝਿਆ, ਜਿਵੇਂ ਉਹ ਸਮਝਣਾ ਚਾਹੁੰਦੇ ਸਨ। ਨੁਕਸ ਲੱਭਣ ਵਾਲਿਆਂ ਨੂੰ ਨੁਕਸ ਲੱਭੇ ਤੇ ਖੂਬੀਆਂ ਲੱਭਣ ਵਾਲੇ ਨੂੰ ਖੂਬੀਆਂ। ਮੈਨੂੰ ਨਿਰਾਸ਼ਤਾ ਏਸ ਗੱਲ 'ਤੇ ਹੋਈ ਕਿ ਮੈਂ ਨਾਵਲ ਕਮਿਊਨਿਸਟ ਲਹਿਰ 'ਤੇ ਲਿਖਿਆ ਸੀ, ਪਰ ਉਹ ਕਾਮਰੇਡ ਸੁਰਜੀਤ 'ਤੇ ਲਿਖਿਆ ਸਮਝਿਆ ਗਿਆ। ਇਹ ਗਲਪੀ ਭੁਲੇਖਾ ਪੈਣਾ ਸੁਭਾਵਕ ਸੀ।

ਏਸ ਨਾਵਲ ਦਾ ਅੰਤ ਵੀ ਨਾਟਕੀ ਸੀ। ਮੈਡਮ ਮੁਖ ਪਾਤਰ ਮਾਰਕਸੀ ਲੀਡਰ ਨੂੰ ਫੋਨ 'ਤੇ ਵਧਾਈ ਦੇਂਦੀ ਹੈ ਤੇ ਕਹਿੰਦੀ ਹੈ, ਅਸੀਂ ਜਿੱਤ ਗਏ ਹਾਂ। ਕੁਝ ਚਿਰ ਉਹਨੂੰ ਸਮਝ ਨਹੀਂ ਪੈਂਦੀ ਕਿ ਅਸੀਂ ਆਪ ਜਿੱਤੇ ਹਾਂ ਕਿ ਕੋਈ ਹੋਰ ਜਿੱਤਿਆ ਹੈ। ਸਥਿਤੀ 'ਚ ਵਿਅੰਗ ਵੀ ਹੈ। ਜਿਸ ਪਾਰਟੀ ਦੀ ਬੁਨਿਆਦ ਹੀ ਕਾਂਗਰਸ-ਦੁਸ਼ਮਣੀ 'ਤੇ ਰੱਖੀ ਗਈ ਸੀ, ਉਸ ਪਾਰਟੀ ਨੇ ਹੀ ਕਾਂਗਰਸ ਨੂੰ ਜਿਤਵਾਉਣ ਲਈ ਜ਼ਮੀਨ ਅਸਮਾਨ ਇਕ ਕਰ ਦਿੱਤਾ ਸੀ।

ਕਲਪਨਾ ਦੀ ਮਹੱਤਤਾ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਜਿਸ ਸਮੇਂ ਕਾਮਰੇਡ ਕਿਰਤੀ ਦੀਆਂ ਮੀਟਿੰਗਾਂ ਵੱਖ-ਵੱਖ ਸਿਆਸਤਦਾਨਾਂ ਨਾਲ ਹੋਈਆਂ, ਮੈਂ ਬੂਹੇ ਪਿਛੋਂ ਲੁੱਕ ਸਭ ਕੁਝ ਸੁਣ ਨਹੀਂ ਸਾਂ ਰਿਹਾ। ਨਾ ਹੀ ਮੈਨੂੰ ਕਿਸੇ ਹੋਰ ਨੇ ਦੱਸਿਆ ਕਿ ਉਹਨਾਂ ਵਿਚ ਕੀ ਹੋਇਆ ਸੀ। ਜਦੋਂ ਮੈਂ ਆਪ ਪੁੱਛਣ ਕਾਮਰੇਡ ਸੁਰਜੀਤ ਕੋਲ ਗਿਆ, ਉਹ ਕੁਝ ਦੱਸਣ ਦੀ ਅਵਸਥਾ 'ਚ ਨਹੀਂ ਸਨ। ਮੈਨੂੰ ਏਨਾ ਹੀ ਕਹਿ ਸਕੇ, 'ਅਜੇ ਨਹੀਂ। ਮੈਂ ਢਿੱਲਾ ਹਾਂ। ਮਹੀਨੇ ਦੇ ਅਖੀਰ 'ਚ ਆਣਾਂ।' ਮਜ਼ਬੂਰਨ ਮੈਂ ਪਾਤਰਾਂ, ਉਹਨਾਂ ਦੀ ਸਿਆਸਤ ਤੇ ਆਸ਼ਿਆਂ ਤੇ ਉਸ ਵੇਲੇ ਦੀ ਸਥਿਤੀ ਨੂੰ ਮੁਖ ਰੱਖਦਿਆਂ ਸਾਰਾ ਕੁਝ ਆਪੇ ਹੀ ਕਲਪ ਲਿਆ। ਮੈਂ ਕਾਮਰੇਡ ਸੁਰਜੀਤ ਦੀ ਕੋਠੀ ਦਾ ਬਾਹਰਲਾ ਬਰਾਂਡਾ ਹੀ ਵੇਖਿਆ ਸੀ। ਉਹ ਕਮਰਾ ਵੀ ਨਹੀਂ ਸੀ ਵੇਖਿਆ ਹੋਇਆ, ਜਿੱਥੇ ਉਹ ਆਪਣਾ ਦਫਤਰ ਲਾ ਕੇ ਬਹਿੰਦੇ ਸਨ। ਨਾਵਲਕਾਰ ਨੂੰ ਸਭ ਕੁਝ ਵੇਖਣ ਤੇ ਸਭ ਕੁਝ ਸੁਣਨ ਦੀ ਲੋੜ ਨਹੀਂ ਹੋਣੀ ਚਾਹੀਦੀ।

ਮੇਰੇ ਬਾਕੀ ਨਾਵਲ ਵੀ ਏਸ ਤਰ੍ਹਾਂ ਲਿਖੇ ਗਏ ਹਨ। ਬੜੀ ਸੁਚੇਤ ਪ੍ਰਕਿਰਿਆ ਹੈ। ਸਭ ਕੁਝ ਡੀਜ਼ਾਈਨ ਅਨੁਸਾਰ ਉਸਰਦਾ ਹੈ। ਅੰਤਿਮ ਰੂਪ 'ਚ ਰੰਗ ਰੋਗਨ ਤੇ ਆਰਾਇਸ਼ ਦਾ ਹੀ ਫਰਕ ਪੈਂਦਾ ਹੈ। ਮੇਰੇ ਪਾਤਰ ਮੇਰੇ ਆਖੇ ਲੱਗਦੇ ਹਨ। ਜਿਧਰ ਟੋਰਦਾ ਹਾਂ, ਟੁਰਦੇ ਹਨ। ਪਰ ਉਹ ਰੋਬੋਟ ਨਹੀਂ ਹੁੰਦੇ।

ਮੇਰਾ ਨਾਵਲ ਨੂੰ ਕਲਮ 'ਚੋਂ ਕੱਢਣ ਦਾ ਕੰਮ ਬੜਾ ਚੀੜ੍ਹਾ ਹੈ। ਸਭ ਤੋਂ ਪਹਿਲਾਂ ਮੈਂ ਉਹਦੀ ਫਾਈਲ ਕੱਢਦਾ ਹਾਂ ਤੇ ਜੋ ਕੁਝ ਲਿਖਿਆ ਪਿਆ ਹੁੰਦਾ ਹੈ, ਉਹਨੂੰ ਕਹਾਣੀ ਦੀ ਚਾਲ ਅਨੁਸਾਰ, ਕਾਂਡਾਂ ਤੇ ਉਪ-ਕਾਂਡਾਂ ਨੂੰ ਮੁਖ ਰੱਖਦਿਆਂ ਜੋੜਦਾ ਹਾਂ। ਉਹਦੇ ਵਿਚੋਂ ਪਹਿਲੇ ਕਾਂਡ ਦੇ ਪਹਿਲੇ ਉਪ-ਕਾਂਡ 'ਚ ਕੰਮ ਆ ਸਕਣ ਵਾਲੇ ਕਾਗਜ਼ ਕੱਢਦਾ ਹਾਂ ਤੇ ਲਿਖਣਾ ਸ਼ੁਰੂ ਕਰਦਾ ਹਾਂ।

ਮੇਰੇ ਨਾਵਲ ਇਕ ਦੂਜੇ ਤੋਂ ਬਹੁਤ ਹੀ ਭਿੰਨ ਹਨ। 'ਮੀਂਹ ਕਣੀ ਦੇ ਦਿਨ' ਮੀਂਹ, ਸੰਗੀਤ ਤੇ ਨਵੀਂ ਦਿੱਲੀ ਦੀਆਂ ਸੁਹਾਣੀਆਂ ਸੜਕਾਂ ਦੇ ਪਿਛੋਕੜ 'ਚ ਇਕ ਵਿਆਹੋਂ-ਬਾਹਰਲਾ ਮਹਾਂਨਗਰੀ ਰੁਮਾਂਸ ਹੈ। 'ਦੇਸ ਕੁਦੇਸ' ਭਾਰਤ ਦੇ ਵੰਡਾਰੇ ਸਮੇਂ ਛੋਟੇ ਜਿਹੇ ਕਸਬੇ ਦੇ ਇਕ ਸਿੱਖ ਨੌਜਵਾਨ ਤੇ ਇਕ ਮੁਸਲਮਾਨ ਕੁੜੀ ਦੇ ਅੱਧ ਵਿਕਸੇ ਪਿਆਰ ਦੀ ਕਹਾਣੀ ਹੈ। 'ਕੰਡਾ' ਕਈ ਮਹਾਂਦੀਪਾਂ ਉੱਤੇ ਫੈਲੀ ਪਛੜੇ ਸਮਾਜਿਕ




ਪਿਛੋਕੜ ਵਾਲੀ ਇਕ ਔਰਤ ਦੇ ਤਾਕਤ 'ਚ ਆਉਣ ਦੀ ਦਾਸਤਾਨ ਹੈ। 'ਮਿੱਟੀ' ਬਾਹਰ ਵਸਦੇ ਇਕ ਪੰਜਾਬੀ ਚਿੱਤਰਕਾਰ-ਕਵੀ ਦੇ ਵਤਨ ਨਾਲ ਮੋਹ ਤੇ ਉਸ ਤੋਂ ਕਰਹਿਤ ਦਾ ਬਿਰਤਾਂਤ ਹੈ, ਜੋ ਦੋ ਵੱਖ-ਵੱਖ ਸੁਭਾਵਾਂ ਵਾਲੇ ਪੱਛਮੀ ਇਸਤਰੀ-ਪਾਤਰ ਵੀ ਚਿਤਰਦਾ ਹੈ। 'ਬੁਝਾਰਤ' ਪੂਰੀ ਪ੍ਰਦੇਸੀ ਕਹਾਣੀ ਹੈ ਤੇ ਇਕ ਵਡੇਰੀ ਉਮਰ ਦੇ ਅੰਗਰੇਜ਼ ਪਤੀ ਤੇ ਛੁਟੇਰੀ ਉਮਰ ਦੀ ਉਹਦੀ ਫਰਾਂਸੀਸੀ ਪਤਨੀ ਦੀ ਅਸੰਗਤ ਅਵਸਥਾ ਦੀ ਖਿੱਚ-ਧੂਹ ਦਾ ਚਿਤਰਨ ਹੈ। 'ਬੱਦਲਾਂ ਦੀ ਪੌੜੀ' ਪਿਛਲੀ ਸਦੀ 'ਚ ਦੋ ਮਹਾਂ-ਸ਼ਕਤੀਆਂ ਦੀ ਠੰਡੀ ਜੰਗ ਦੇ ਪਿਛੋਕੜ 'ਚ ਸੱਚੇ ਤੇ ਝੂਠੇ ਪਿਆਰ ਦੇ ਸਹਿਜ ਭੇੜ ਦੀ ਵਾਰਤਾ ਹੈ ਤੇ ਇਕ ਅਜਿਹੀ ਗੁਣਵੰਤੀ ਕਵਿੱਤਰੀ ਦੀ ਤਸਵੀਰ ਖਿਚਦੀ ਹੈ, ਜੋ ਸਾਹਿਤ ਤੇ ਸਮਾਜਕ ਸਿਖਰਾਂ ਛੂਹਣ ਲਈ ਬੱਦਲਾਂ ਨੂੰ ਪੌੜੀ ਲਾ ਸਕਦੀ ਹੈ। 'ਭਾਊ' ਸਮਕਾਲੀ ਸਿਆਸਤ ਤੇ ਸਿਆਸਤਦਾਨਾਂ ਦੀ ਕਹਾਣੀ ਹੈ ਤੇ ਉਹਦੇ ਓਹਲੇ ਕਮਿਊਨਿਸਟ ਲਹਿਰ ਉੱਤੇ ਪਾਈ ਗਈ ਭਰਪੂਰ ਝਾਤ ਹੈ। ਇਹ ਨਹੀਂ ਲੱਗਦਾ ਕਿ 'ਮੀਂਹ ਕਣੀ ਦੇ ਦਿਨ' ਦੀ ਚੰਚਲ, ਚੰਟ ਸੁੰਦਰੀ ਮੋਨੀਕਾ ਤੇ 'ਭਾਊ' ਦਾ ਗਹਿਰ ਗੰਭੀਰ ਤੇ ਕਾਇਆਂ ਸਿਆਸਤਦਾਨ ਕਰਮ ਸਿੰਘ ਕਿਰਤੀ ਇਕੋ ਕਲਮ ਦੀ ਕਿਰਤ ਹਨ।

ਮੈਨੂੰ ਅਹਿਸਾਸ ਹੈ ਕਿ ਸਾਡਾ ਸਾਹਿਤ ਛੋਟਾ ਹੈ। ਪੰਜਾਬੀ ਕਰੋੜਾਂ ਹਨ, ਪਰ ਪੜ੍ਹਨ ਵਾਲਿਆਂ ਦੀ ਗਿਣਤੀ ਸੈਕੜਿਆਂ ਜਾਂ ਕੁਝ ਹਜ਼ਾਰਾਂ 'ਚ ਰਹਿ ਜਾਂਦੀ ਹੈ। ਸਾਡਾ ਪ੍ਰਕਾਸ਼ਨ ਅਵਿਕਸਤ ਹੈ। ਇਸ ਸਾਹਿਤ ਦੇ ਕਲਮਕਾਰ ਨੂੰ ਥੋੜ੍ਹੀ ਜਿਹੀ ਸੋਭਾ ਜਾਂ ਥੋੜ੍ਹੀ ਜਿਹੀ ਨਿੰਦਿਆ ਹੀ ਮਿਲ ਸਕਦੀ ਹੈ। ਜਾਂ ਥੋੜ੍ਹੀ ਜਿਹੀ ਤਸੱਲੀ ਕਿ ਛੋਟਾ ਮੋਟਾ ਕੋਈ ਮਾਅਰਕਾ ਮਾਰ ਲਿਆ ਹੈ ਤੇ ਕਿਤਾਬ ਵਾਲਾ ਅਖਵਾਉਣ ਲੱਗ ਪਿਆ ਹਾਂ। ਇਸ ਪ੍ਰਸੰਗ 'ਚ ਮੈਨੂੰ ਸਮਝ ਨਹੀਂ ਪੈਂਦੀ ਕਿ ਨਵੇਂ ਲੇਖਕ ਭੂਮਿਕਾਵਾਂ ਕਿਉਂ ਲਿਖਵਾਉਂਦੇ ਹਨ, ਘੁੰਡ ਚੁਕਾਈਆਂ ਤੇ ਗੋਸ਼ਟੀਆਂ ਕਿਉਂ ਕਰਵਾਉਂਦੇ ਹਨ। ਇਹਦੇ ਨਾਲ ਨਾਂ ਹੋਰ ਰੋਸ਼ਨ ਨਹੀਂ ਹੋ ਜਾਂਦਾ ਤੇ ਨਾ ਹੀ ਕਿਤਾਬ ਦੀ ਵਿਕਰੀ ਵਧਦੀ ਹੈ। ਮੈਂ ਸ਼ੁਰੂ ਤੋਂ ਹੀ ਨਾ ਕਦੀ ਕੋਈ ਭੂਮਿਕਾ ਲਿਖਵਾਈ ਤੇ ਨਾ ਘੁੰਡ ਚੁਕਵਾਇਆ ਹੈ ਤੇ ਨਾ ਹੀ ਆਪ ਕੋਈ ਗੋਸ਼ਟੀ ਕਰਵਾਈ ਹੈ। ਮਾੜੇ ਮੋਟੇ ਪਰਚਿਆਂ 'ਚ ਰੀਵਿਊ ਕਰਾਉਣ ਨਾਲ ਵੀ ਬਹੁਤਾ ਫਰਕ ਨਹੀਂ ਪੈਂਦਾ। ਰੀਵਿਊ ਜਾਂ ਉਕਾ ਹੀ ਪੜ੍ਹੇ ਨਹੀਂ ਜਾਂਦੇ, ਜਾਂ ਬਹੁਤ ਘਟ ਪੜ੍ਹੇ ਜਾਂਦੇ ਹਨ। ਮੈਂ ਆਪਣੇ ਰੀਵਿਊ ਪੜ੍ਹਦਾ ਹਾਂ, ਪਰ ਬਹੁਤੀ ਵਾਰੀ ਰੱਖਦਾ ਨਹੀਂ। ਮੈਨੂੰ ਸੁਰਖਿਅਤ ਟਿੱਪਣੀ ਦੀ ਬੜੀ ਕਦਰ ਹੈ। ਭਾਵੇਂ ਲਿਖਤੀ ਹੋਵੇ, ਭਾਵੇਂ ਜ਼ੁਬਾਨੀ। ਹੁੰਦੀ ਇਹ ਘਟ-ਵਧ ਹੀ ਹੈ। ਅੱਜਕਲ੍ਹ ਸਾਡੀ ਆਲੋਚਨਾ-ਭਾਸ਼ਾ 'ਚ ਮੌਕਾ ਬੇ-ਮੌਕਾ ਲਫਜ਼ ਹਾਸਿਲ ਬਹੁਤ ਵਰਤਿਆ ਜਾਂਦਾ ਹੈ। ਸ਼ਾਇਦ ਇਹਦਾ ਭਾਵ ਵਿਸ਼ੇਸ਼ ਪ੍ਰਾਪਤੀ ਹੈ। ਜੇ ਇੰਜ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਮੇਰੇ, ਛੋਟੇ ਸਾਹਿਤ ਦੇ ਇਕ ਕਲਮਕਾਰ ਦੇ ਲਿਖਣ ਦਾ ਹਾਸਿਲ ਏਸ ਤਰ੍ਹਾਂ ਦੀ ਹੀ ਕੋਈ ਟਿਪਣੀ ਹੀ ਹੈ।

ਸਾਡੇ ਸਾਹਿਤ 'ਚ ਇਕ ਅਜੀਬ ਪਿਰਤ ਪਈ ਹੋਈ ਹੈ। ਇਹ ਨਹੀਂ ਵੇਖਿਆ ਜਾਂਦਾ ਹੈ ਕਿ ਲੇਖਕ ਨੇ ਕੀ ਲਿਖਿਆ ਹੈ (ਉਹਦੇ ਲਈ ਪੜ੍ਹਨਾ ਪੈਂਦਾ ਹੈ) ਸਗੋਂ ਇਹ ਵੇਖਿਆ ਜਾਂਦਾ ਹੈ ਕਿ ਲੇਖਕ ਨੇ ਕਲਮ ਘਸਾਈ ਕਦੋਂ ਸ਼ੁਰੂ ਕੀਤੀ। ਜਿਸ ਲੇਖਕ ਨੇ ਸਾਹਿਤ ਦੇ ਵਿਹੜੇ 'ਚ ਮੂਹੜਾ ਪਹਿਲੋਂ ਢਾਹਿਆ ਹੋਵੇ, ਉਹਨੂੰ ਵਧੇਰੇ ਆਦਰ ਮਾਨ ਦਾ ਪਾਤਰ ਸਮਝਿਆ ਜਾਂਦਾ ਹੈ, ਉਹਦੀ ਲਿਖਤ ਜਿਹੋ ਜਿਹੀ ਵੀ ਹੋਵੇ। ਮੈਨੂੰ ਲਿਖਦਿਆਂ ਅਜੇ ਦਹਾਕਾ ਵੀ ਨਹੀਂ ਹੋਇਆ। ਫੇਰ ਵੀ ਮੈਂ ਓਨਾ ਕੁਝ ਲਿਖ ਲਿਆ ਹੈ, ਜਿੰਨਾ ਤਜ਼ਰਬੇਕਾਰਾਂ ਨੇ ਦੋ-ਤਿੰਨ ਦਹਾਕਿਆਂ 'ਚ ਲਿਖਿਆ ਹੈ। ਫੇਰ ਵੀ ਮੇਰੀ ਥਾਂ ਕਿਸੇ ਪਿਛਲੀ ਪਾਲ 'ਚ ਹੀ ਰਹਿੰਦੀ ਹੈ।

ਮੇਰੀ ਇਸ ਥਾਂ ਨੂੰ ਮੇਰੇ ਨਾਵਲ 'ਭਾਊ' ਨੇ ਕੁਝ ਬਦਲਿਆ ਹੈ। ਇਹ ਬੜਾ ਵਿਕਿਆ, ਪੜ੍ਹਿਆ ਗਿਆ ਤੇ ਚਰਚਿਤ ਹੋਇਆ। ਚਰਚਾ ਦੇਸ਼ ਭਰ ਦੇ ਅੰਗਰੇਜ਼ੀ ਅਖ਼ਬਾਰਾਂ ਤੱਕ ਗਈ। ਇਕ ਬਹੁਤ ਵੱਡੇ, ਸਾਰੇ ਭਾਰਤ 'ਚ ਛਪਦੇ ਅੰਗਰੇਜ਼ੀ ਅਖ਼ਬਾਰ ਨੇ ਤਾਂ ਉਚੇਚਾ ਅਨੁਵਾਦ ਕਰਾ ਕੇ, ਮੇਰੀ ਆਗਿਆ ਤੋਂ



ਬਿਨਾਂ, ਨਾਵਲ ਦਾ ਇਕ ਕਾਂਡ ਵੀ ਛਾਪ ਦਿੱਤਾ। ਕਲਕੱਤੇ ਦੇ ਪ੍ਰਮੁੱਖ ਅੰਗਰੇਜ਼ੀ ਅਖ਼ਬਾਰ ਨੇ ਮੇਰੇ ਨਾਲ ਪੂਰੇ ਇਕ ਸਫੇ ਦੀ ਇੰਟਰਵਿਊ ਛਾਪੀ। ਮੈਂ ਸਮਝਦਾ ਹਾਂ ਕਿ ਇੰਜ ਕਿਉਂ ਹੋਇਆ। ਇਹ ਇਸ ਕਰਕੇ ਹੋਇਆ ਕਿ ਨਾਵਲ ਦਾ ਮੁਖ ਪਾਤਰ ਸਵਰਗੀ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਸ਼ਖ਼ਸੀਅਤ ਤੋਂ ਪ੍ਰੇਰਿਤ ਸੀ। ਜੇ ਨਾਵਲ ਕਿਸੇ ਹੋਰ ਹਸਤੀ ਦੀ ਸ਼ਖ਼ਸੀਅਤ ਤੋਂ ਉਗਮਿਆ ਹੁੰਦਾ ਤੇ ਏਡੀ ਚਰਚਾ ਬਿਲਕੁਲ ਨਾ ਹੁੰਦੀ। ਮੈਨੂੰ ਵੀ ਕੋਈ ਭਰਮ ਨਹੀਂ ਹੋਇਆ। ਮੈਂ 'ਭਾਊ' ਨੂੰ ਆਪਣਾ ਸਭ ਤੋਂ ਚੰਗਾ ਨਾਵਲ ਨਹੀਂ ਸਮਝਦਾ। ਪਰ ਜੇ ਪਾਠਕ ਇਹਨੂੰ ਪੜ੍ਹ ਕੇ ਮੇਰੇ ਦੂਜੇ ਨਾਵਲ ਵੀ ਪੜ੍ਹਨ ਲੱਗ ਪੈਣ ਤਾਂ ਮੈਂ ਇਹਨੂੰ ਵੀ ਆਪਣੇ ਲਿਖਣ ਦਾ ਹਾਸਿਲ ਸਮਝ ਲਵਾਂਗਾ।

## ਨਾਵਲ ਆਲੋਚਨਾ ਦੀ ਸਥਿਤੀ ਬਹੁਤ ਮਾੜੀ ਹੈ
## - ਪ੍ਰਗਟ ਸਿੰਘ ਸਿੱਧੂ

ਨਾਵਲ ਵਿੱਚ ਲੇਖਕ ਨੂੰ ਆਪਣੀ ਕਲਾ ਤੇ ਪ੍ਰਤਿਭਾ ਪ੍ਰਦਰਸ਼ਿਤ ਕਰਨ ਦਾ ਸਭ ਤੋਂ ਵੱਧ ਮੌਕਾ ਮਿਲਦਾ ਹੈ। ਨਾਵਲ ਦਾ ਕੈਨਵਸ ਵੱਡਾ ਹੁੰਦਾ ਹੈ। ਲੇਖਕ ਨਾਵਲ ਵਿੱਚ ਵੱਖ ਵੱਖ ਪਾਤਰਾਂ ਦੇ ਚਿਤਰਣ ਦੀ ਦਕਸ਼ਤਾ, ਅਲੱਗ ਅਲੱਗ ਕੜੀਆਂ ਨੂੰ ਜੋੜ ਕੇ ਤੇ ਘਟਨਾਵਾਂ ਰਾਹੀਂ ਇੱਕ ਸਾਂਝਾ ਪ੍ਰਭਾਵ ਸਿਰਜਦਾ ਹੈ, ਜਿਹੜਾ ਪਾਠਕ ਦੇ ਮਨ ਤੇ ਅਮਿੱਟ ਛਾਪ ਛੱਡਦਾ ਹੈ। ਨਾਵਲ ਵਿੱਚ ਹੀ ਇੱਕ ਪ੍ਰਤਿਭਾਸ਼ੀਲ ਲੇਖਕ ਵਾਤਾਵਰਣ ਦਾ ਕਲਾਮਈ ਚਿਤਰਣ ਕਰਕੇ ਸ਼ਬਦਾਂ ਰਾਹੀ ਦ੍ਰਿਸ਼ ਪੇਂਟ ਕਰ ਸਕਦਾ ਹੈ। ਸੰਸਾਰ ਦੇ ਸਾਰੇ ਮਹਾਨ ਨਾਵਲਾਂ ਵਿੱਚ, ਲੇਖਕਾਂ ਦੇ ਸ਼ਬਦਾਂ ਰਾਹੀਂ ਦ੍ਰਿਸ਼ ਪੇਂਟ ਕੀਤੇ ਮਿਲਦੇ ਹਨ। ਖਾਸ ਕਰ ਰੂਸੀ ਲੇਖਕਾਂ ਵੱਲੋਂ ਇਸ ਕਲਾ ਦੀ ਵਧੇਰੇ ਵਰਤੋਂ ਕੀਤੀ ਗਈ ਹੈ। ਸ਼ੋਲੋਖੋਵ ਨੇ 'ਸ਼ਾਂਤ ਵਹਿੰਦਾ ਡਾਨ' ਦੇ ਚਿਤਰਣ ਤੇ ਸਟੈਪੀ ਦੇ ਮੈਦਾਨ ਅੰਦਰ ਝੱਗੋ ਝੱਗ ਹੋਏ ਦੌੜ ਰਹੇ ਸੈਨਿਕਾਂ ਦੇ ਘੋੜਿਆਂ ਦੇ ਚਿੱਤਰ ਬਹੁਤ ਪ੍ਰਭਾਵਸ਼ਾਲੀ ਚਿਤਰੇ ਹਨ, ਪਾਠਕ ਜਿਨ੍ਹਾਂ ਨੂੰ ਭੁਲਾ ਨਹੀਂ ਸਕਦਾ। ਸਾਡੇ ਨਾਵਲਕਾਰ ਗੁਰਦਿਆਲ ਸਿੰਘ ਵਿੱਚ ਵੀ ਇਹ ਕਲਾ ਦੇਖੀ ਜਾ ਸਕਦੀ ਹੈ। ਭਾਵੇਂ ਆਪਣੇ ਨਾਵਲਾਂ ਵਿੱਚ ਕਦੇ ਕਦੇ ਹੀ ਉਹ ਨਿੱਕੀਆਂ-ਮੋਟੀਆਂ ਛੋਹਾਂ ਦਿੰਦਾ ਹੈ।

ਮੈਂ ਆਪਣੇ ਨਾਵਲ 'ਅਲਵਿਦਾ ਅਮੀਰਪੁਰ' ਵਿੱਚ ਥਾਂ ਥਾਂ ਦ੍ਰਿਸ਼ ਪੇਂਟ ਕਰਨ ਦਾ ਪ੍ਰਯਾਸ ਕੀਤਾ ਹੈ। ਕਲਮ ਨਾਲ ਸਿਰਜੇ ਇਹ ਦ੍ਰਿਸ਼ ਪਾਤਰਾਂ ਤੇ ਵਾਤਾਵਰਣ ਨੂੰ ਵਧੇਰੇ ਸਜੀਵ ਬਣਾਉਂਦੇ ਹਨ। ਭਾਵੇਂ ਇਹ ਦ੍ਰਿਸ਼-ਵਰਨਣ ਕਹਾਣੀ ਦੀ ਤੋਰ ਨੂੰ ਕੁੱਝ ਮੱਠੀ ਤਾਂ ਕਰ ਦਿੰਦਾ ਹੈ, ਪਰ ਰਚਨਾ ਪਾਠਕ ਦੇ ਮਾਨਸਿਕ ਪਟਲ ਤੇ ਤਸਵੀਰ ਵਾਂਗ ਉਕਰੀ ਜਾਂਦੀ ਹੈ। ਇਸ ਤਰ੍ਹਾਂ ਪਾਠਕ ਨੂੰ ਲੇਖਕ ਦੀ ਕਲਮ ਦੀ ਤਾਕਤ ਦਾ ਵੀ ਅਹਿਸਾਸ ਹੁੰਦਾ ਹੈ। ਪਰ ਸਾਡੇ ਪੰਜਾਬੀ ਦੇ ਆਲੋਚਕ ਇਸ ਨੂੰ ਮਹੱਤਵ ਨਹੀਂ ਦਿੰਦੇ। ਇਹ ਪੰਜਾਬੀ ਆਲੋਚਨਾ ਦੀ ਇੱਕ ਬਹੁਤ ਵੱਡੀ ਕਮਜ਼ੋਰੀ ਹੈ। ਉਹ ਆਪਣੀ ਆਲੋਚਨਾ ਦਾ ਕੇਂਦਰ-ਬਿੰਦੂ ਕੌਨਟੈਂਟ Content ਨੂੰ ਰਖਦੇ ਹਨ ਫਾਰਮ Form ਨੂੰ ਨਹੀਂ। ਇਸ ਲਈ ਚੰਗੀਆਂ ਤੇ ਸ਼ਕਤੀਸ਼ਾਲੀ ਰਚਨਾਵਾਂ ਦਾ ਉਹਨਾਂ ਦੀ ਆਲੋਚਨਾ ਦੇ ਦਾਇਰੇ 'ਚੋਂ ਬਾਹਰ ਫਿਸਲ ਜਾਣਾ ਸੁਭਾਵਿਕ ਹੈ।

ਮੈਂ ਪਹਿਲਾਂ ਪਾਤਰਾਂ ਦੀ ਚੋਣ ਕਰਦਾ ਹਾਂ। ਉਹਨਾਂ ਦਾ ਸੁਭਾਅ ਤੇ ਨੈਣ-ਨਕਸ਼ ਮਨ ਵਿੱਚ ਉਲੀਕਦਾ ਹਾਂ। ਫੇਰ ਘਟਨਾਵਾਂ ਤੇ ਵਾਤਾਵਰਣ ਦਾ ਇੱਕ ਖਾਕਾ ਤਿਆਰ ਕਰਦਾ ਹਾਂ। ਪਰ ਜਦ ਪਾਤਰ ਆਪਣੀ ਹੋਂਦ ਅਖਤਿਆਰ ਕਰ ਲੈਂਦੇ ਹਨ ਤਦ ਮੈਂ ਉਹਨਾਂ ਨਾਲ ਨਿੱਕਾ ਜਿਹਾ ਫਾਸਲਾ ਬਣਾ ਕੇ, ਉਹਨਾਂ ਦੇ ਪਿੱਛੇ ਨਾਲ ਨਾਲ ਚਲਦਾ ਹਾਂ। ਮੈਂ ਉਹਨਾਂ ਨੂੰ ਰੋਕਦਾ-ਟੋਕਦਾ ਨਹੀਂ। ਪਰ ਉਹ ਜਿਹੜੇ ਰਾਹਾਂ ਤੇ ਤੁਰਦੇ ਹਨ ਜਾਂ ਰੁਕਦੇ ਹਨ ਤੇ ਕੋਈ ਕ੍ਰਿਆ ਕਰਦੇ ਹਨ। ਮੈਂ ਉਹਨਾਂ ਦੇ ਆਲੇ ਦੁਆਲੇ ਨੂੰ




ਬਹੁਤ ਬਾਰੀਕੀ ਨਾਲ ਚਿਤਰਦਾ ਹਾਂ। ਇਥੋਂ ਤੱਕ ਕੇ ਹਵਾ ਦੇ ਨਿੱਕੇ ਜਿਹੇ ਬੁੱਲੇ ਨੂੰ ਤੇ ਉਸਦੇ ਤੁਰਨ ਨਾਲ ਹਿਲਦੇ ਘਾਹ ਦੇ ਤਿਣਕੇ ਨੂੰ ਜਾਂ ਹੌਲੀ-ਹੌਲੀ ਹਿਲਦੇ ਦਰਖਤਾਂ ਦੇ ਪੱਤਿਆਂ ਨੂੰ ਵੀ ਚਿਤਰਨ ਦਾ ਪ੍ਰਯਾਸ ਕਰਦਾਂ ਹਾਂ। ਕਿਉਂਕਿ ਸਾਡੀ ਜ਼ਿੰਦਗੀ ਵਾਂਗ ਹੀ ਰਚਨਾ ਵਿੱਚ ਵੀ ਪ੍ਰਕ੍ਰਿਤੀ ਦੀ ਹਰ ਚੀਜ਼ ਕ੍ਰਿਆਸ਼ੀਲ ਹੋਣੀ ਚਾਹੀਦੀ ਹੈ। ਆਕਾਸ਼ ਵਿੱਚ ਉਗਦੇ ਡੁਬਦੇ ਚੰਨ ਤਾਰੇ, ਫਰ ਫਰ ਵਗਦੀ ਹਵਾ, ਰੁੱਖ ਪਸ਼ੂ ਪੰਛੀ, ਇਹ ਸਭ ਕੁੱਝ ਪਾਤਰਾਂ ਨੂੰ ਸਜੀਵ ਬਣਾਉਂਦਾ ਹੈ।

ਮੇਰੇ ਨਾਵਲ 'ਅਲਵਿਦਾ ਅਮੀਰਪੁਰ' ਦੀ ਨਾਇਕਾ ਕੈਲੋ ਮੇਰੀ ਦ੍ਰਿਸ਼ਟੀ ਵਿੱਚ ਮਾਨਵੀ ਗੁਣਾ ਵਾਲਾ ਵਿਲੱਖਣ ਪਾਤਰ ਹੈ। ਉਹ ਦ੍ਰਿੜ ਇਰਾਦੇ ਦੀ ਮਾਲਕ ਹੈ। ਜੁਲਮ-ਜਬਰ ਦੇ ਵਿਰੁੱਧ ਡਟਣ ਵਾਲੀ, ਮਮਤਾ ਨਾਲ ਭਰੀ ਮਾਂ, ਵਫਾਦਾਰ ਪਤਨੀ ਤੇ ਸੱਚੀ ਪ੍ਰੇਮਕਾ। ਉਹ ਵੱਡੇ ਤੋਂ ਵੱਡੇ ਦੁਖ ਨੂੰ ਚੀਰ ਕੇ ਲੰਘ ਜਾਣ ਦੀ ਤਾਕਤ ਰਖਦੀ ਹੈ। ਉਹ ਉਦਾਸ ਵੀ ਹੁੰਦੀ ਹੈ ਤੇ ਕਈ ਵਾਕ ਟੁੱਟਦੀ ਵੀ ਹੈ। ਪਰ ਫਿਰ ਦੁਬਾਰਾ ਚਟਾਨ ਵਾਂਗ ਖੜੀ ਹੋ ਜਾਂਦੀ ਹੈ। ਨਾਵਲ ਦੇ ਅੰਤ ਤੇ ਉਹ ਪਰਿਵਾਰ ਤੇ ਸਮਾਜ ਵੱਲੋਂ ਦਿਤੇ ਅਣਗਿਣਤ ਦੁੱਖਾਂ ਕਾਰਨ ਨਿਢਾਲ ਹੋ ਕੇ ਡਿੱਗ ਪੈਂਦੀ ਹੈ ਪਰ ਕੁੱਝ ਦੇਰ ਬਾਅਦ ਉਹ ਫਿਰ ਖੜੀ ਹੋ ਜਾਂਦੀ ਹੈ। ਤੇ ਆਪਣੇ ਕੰਮਾਂ ਧੰਦਿਆਂ ਵਿੱਚ ਰੁੱਝ ਜਾਂਦੀ ਹੈ।

ਮੇਰੇ ਲਘੂ ਉਪਨਿਆਸ 'ਪ੍ਰੀਤੋ' ਵਿੱਚ, ਇੱਕ ਫੌਜੀ ਦੀ ਜਵਾਨ ਤੇ ਖ਼ੂਬਸੂਰਤ ਔਰਤ ਹੈ, ਜਿਹੜੀ ਆਪਣੇ ਬੱਚਿਆਂ ਤੇ ਪਤੀ ਨੂੰ ਬੇਹੱਦ ਪਿਆਰ ਕਰਦੀ ਹੈ ਪਰ ਉਹ ਆਪਣੀ ਦੇਹ ਦੀ ਭੁੱਖ ਅੱਗੇ ਹਾਰ ਜਾਂਦੀ ਹੈ। ਭਾਵੇਂ ਉਹ ਸਮਾਜਿਕ ਮਾਨ ਮਰਿਯਾਦਾ ਦਾ ਪਾਲਣ ਕਰਨ ਵਾਲੀ ਔਰਤ ਹੈ। ਪਰ ਆਪਣੀ ਸਰੀਰਕ ਭੁੱਖ ਤੋਂ ਬੇਵੱਸ ਹੋ ਕੇ ਉਹ ਇਕ ਗ੍ਰੰਥੀ ਅੱਗੇ ਆਤਮ ਸਮਰਪਣ ਕਰ ਦਿੰਦੀ ਹੈ। ਉਂਜ ਉਹ ਇਸ ਅਨੈਤਿਕ ਕਰਮ ਨੂੰ ਨਫਰਤ ਕਰਦੀ ਹੈ। ਪਰ ਆਪਣੇ ਅੰਦਰਲੀ ਪ੍ਰਾਕ੍ਰਿਤਕ ਔਰਤ ਅੱਗੇ ਹਾਰ ਜਾਂਦੀ ਹੈ ਤੇ ਗ੍ਰੰਥੀ ਕੋਲੋਂ ਗਰਭ-ਧਾਰਣ ਕਰ ਲੈਂਦੀ ਹੈ। ਪਰ ਜਦ ਉਸਦੇ ਪਤੀ ਦੇ ਭਾਈਆਂ ਨੂੰ ਪਤਾ ਲਗਦਾ ਹੈ ਕਿ ਉਹ ਆਪਣੇ ਪਤੀ ਦੀ ਗੈਰ ਹਾਜਰੀ ਵਿੱਚ ਗਰਭਵਤੀ ਹੋ ਗਈ ਤਾਂ ਉਹ ਉਹਦੇ ਜ਼ਹਿਰ ਦਾ ਟੀਕਾ ਲਗਵਾ ਦਿੰਦੇ ਹਨ। ਇਹ ਘਟਨਾ ਪਾਠਕਾਂ ਦੇ ਮਨ ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਜਦੋਂ ਇਹ ਨਾਵਲਿਟ 'ਦ੍ਰਿਸ਼ਟੀ' ਵਿੱਚ ਛਪਿਆ ਇਸ ਨੂੰ ਅਸ਼ਲੀਲ ਕਿਹਾ ਗਿਆ ਤੇ ਬਹੁਤ ਰੌਲਾ ਪਿਆ। ਪਰ ਵਕਤ ਗੁਜਰਨ ਨਾਲ ਇਹ ਪਾਠਕਾਂ ਵਿੱਚ ਬੇਹੱਦ ਮੁਕਬੂਲ ਹੋਇਆ।

ਮੈਂ ਬਿਰਤਾਂਤ, ਘਟਨਾਵਾਂ ਤੇ ਵਿਸ਼ੇ ਨੂੰ ਧਿਆਨ ਵਿਚ ਰਖਦਾ ਹਾਂ। ਜੇਕਰ ਮੈਂ ਇਹਨਾਂ ਦਾ ਕਲਾਤਮਿਕ ਢੰਗ ਨਾਲ ਚਿਤਰਨ ਕਰ ਸਕਾਂ ਤਾਂ ਰਚਨਾ ਪਾਠਕਾਂ ਦੀ ਪਸੰਦ ਆਪੇ ਬਣ ਜਾਂਦੀ ਹੈ।

ਪੰਜਾਬੀ ਸੂਰਬੀਰ ਬੰਦੇ ਹਨ। ਉਹਨਾਂ ਨੂੰ ਰੋਂਦੂ ਲੋਕ ਪਸੰਦ ਨਹੀਂ। ਉਹ ਸਮਾਜ ਪ੍ਰਤੀ ਉਸਾਰੂ ਤੇ ਚੰਗਾ ਰੋਲ ਅਦਾ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਹਨਾਂ ਨੂੰ ਇਸ ਕਾਰਜ ਲਈ ਭਾਵੇਂ ਕਿੰਨੇ ਹੀ ਜ਼ੋਖ਼ਮ ਉਠਾਉਣੇ ਪੈਣ।

ਸਾਡਾ ਨਾਵਲ ਨਿਰਸੰਦੇਹ, ਭਾਰਤੀ ਪੱਧਰ ਦਾ ਹੈ। ਮੇਰਾ ਨਾਵਲ ਕਿਥੇ ਖੜਾ ਹੈ? ਇਸ ਦਾ ਫੈਸਲਾ ਪਾਠਕਾਂ। ਆਲੋਚਕਾਂ ਨੇ ਕਰਨਾ ਹੈ।

ਕਾਵਿਕ ਤੱਤ ਤੇ ਡੂੰਘੀ ਸੰਵੇਦਨਾ ਕਾਰਨ ਮੇਰੇ ਨਾਵਲ ਪਾਠਕ ਦੇ ਮਨ ਤੇ ਪ੍ਰਭਾਵ ਪਾਉਂਦੇ ਹਨ ਜਾਂ ਫਿਰ ਘਟਨਾਵਾਂ ਤੇ ਪਾਤਰਾਂ ਦੇ ਯਥਾਰਥਿਕ ਚਿਤਰਣ ਕਾਰਨ ਮੇਰੇ ਨਾਵਲ ਜ਼ਿੰਦਗੀ ਦਾ ਹੀ ਪ੍ਰਤੀਰੂਪ ਜਾਪਦੇ ਹਨ ਜਿਸ ਕਾਰਨ ਉਹ ਇਹਨਾਂ ਨੂੰ ਪਸੰਦ ਕਰਦੇ ਹਨ।

ਨਾਵਲ ਆਲੋਚਨਾ ਦੀ ਸਥਿਤੀ ਬਹੁਤ ਮਾੜੀ ਹੈ। ਆਲੋਚਕ ਅਲੱਗ-ਅਲੱਗ ਖੇਮਿਆਂ ਵਿੱਚ



ਵੰਡੇ ਹੋਏ ਹਨ, ਇਸ ਲਈ ਉਹ ਆਪਣਾ ਧਰਮ ਨਹੀਂ ਨਿਭਾਅ ਰਹੇ। ਇਸ ਕਾਰਨ ਚੰਗੇ ਸਾਹਿਤ ਦਾ ਮਾਰਗ ਦਰਸ਼ਨ ਪਾਠਕਾਂ ਲਈ ਕਰਨ ਦੀ ਥਾਂ ਉਹ ਉਹਨਾਂ ਨੂੰ ਗੁਮਰਾਹ ਕਰਦੇ ਹਨ। ਜੇ ਕੋਈ ਨਿਰਪੱਖ ਤੇ ਲਕੀਰ ਤੋਂ ਹਟ ਕੇ ਰਚਨਾਵਾਂ ਦਾ ਮੁਲਾਂਕਣ ਕਰਨ ਦਾ ਪ੍ਰਯਾਸ ਕਰਦਾ ਹੈ ਤਾਂ ਅਜਿਹੀ ਪੁਸਤਕ ਦਾ ਨੋਟਿਸ ਲੈਣ ਦੀ ਥਾਂ ਖ਼ਾਮੋਸ਼ੀ ਦੀ ਚਾਦਰ ਤਾਣ ਦਿੰਦੇ ਹਨ ਤਾਂ ਕਿ ਉਹ ਚਰਚਾ ਵਿੱਚ ਨਾ ਆ ਸਕੇ ਤੇ ਆਲੋਚਨਾ ਦੇ ਖੇਤਰ 'ਚ ਉਹਨਾਂ ਦਾ ਪ੍ਰੱਭੁਤਵ ਬਣਿਆ ਰਹੇ। ਏਦਾਂ ਹੀ ਕਹਾਣੀਆਂ ਸੰਬੰਧੀ ਮੇਰੀ ਅਲੋਚਨਾ ਦੀ ਪੁਸਤਕ 'ਕਲਮ ਦੇ ਨਕਸ਼' ਨਾਲ ਹੋਇਆ ਹੈ। ਕਈ ਵਿਦਵਾਨਾ ਨੇ ਇਸ ਪੁਸਤਕ ਵਿੱਚ ਨਿਰਪੱਖ ਆਲੋਚਨਾ ਨੂੰ ਬੇਹੱਦ ਪ੍ਰਸੰਸਾ ਕੀਤੀ। ਫਿਰ ਵੀ ਇਹ ਪੁਸਤਕ ਚਰਚਾ ਵਿੱਚ ਨਹੀਂ ਆ ਸਕੀ।

ਇੱਕ ਇਹ ਪ੍ਰਵਿਰਤੀ ਪੰਜਾਬੀ ਆਲੋਚਨਾ ਵਿੱਚ ਬੜੀ ਪ੍ਰਬਲ ਹੈ ਕਿ ਜਿਸ ਰਚਨਾ ਦੀ ਤਾਰੀਫ਼ ਹੋਣ ਲੱਗ ਪਏ ਉਸ ਦੀ ਤਾਰੀਫ ਹੀ ਕਰਦੇ ਚਲੇ ਜਾਂਦੇ ਹਨ। ਭਾਵੇਂ ਉਸ ਤੋਂ ਚੰਗੀ ਰਚਨਾ ਹੋਰ ਵੀ ਹੋਈ ਹੋਵੇ ਉਸ ਦਾ ਕੋਈ ਜ਼ਿਕਰ ਨਹੀਂ ਕਰਦਾ। ਚਰਚਾ 'ਚ ਨਾ ਆਉਣ ਵਾਲੀ ਚੰਗੀ ਤੋਂ ਚੰਗੀ ਰਚਨਾ ਦੀ ਵੀ ਤਲਾਸ਼ ਸਾਡੇ ਆਲੋਚਕ ਨਹੀਂ ਕਰਦੇ।

ਕਿਉਂਕਿ ਭਾਰਤ ਪਿੰਡਾਂ ਵਿੱਚ ਹੀ ਵਸਦਾ ਹੈ। ਪਿੰਡਾਂ ਦਾ ਵਿਕਾਸ ਵੀ ਘੱਟ ਹੀ ਹੋਇਆ ਹੈ। ਮੈਂ ਵੀ ਜਿਆਦਾ ਰਚਨਾਵਾਂ ਪੇਂਡੂ ਜੀਵਨ ਨੂੰ ਚਿਤਰਣ ਵਾਲੀਆਂ ਹੀ ਲਿਖੀਆਂ ਹਨ। ਪਰ ਮੈਂ 'ਗ਼ਲਤ ਆਦਮੀ' ਤੇ 'ਬੱਤਖ ਦੇ ਖੰਭਾਂ ਜਿਹੇ ਸਫ਼ੈਦ ਦਿਨ' ਵਿੱਚ ਸ਼ਹਿਰੀ ਜੀਵਨ ਨੂੰ ਵੀ ਚਿਤਰਿਆ ਹੈ।

ਮੇਰੇ ਨਾਵਲ 'ਅਲਵਿਦਾ ਅਮੀਰਪੁਰ' ਵਿੱਚ ਕੈਲੋ ਦੀ ਅਸਮਤ ਲੁੱਟਣ ਲਈ ਸਾਉਣ ਆਉਂਦੀ ਹੈ ਤਾਂ ਉਹ ਫੌੜਾ ਮਾਰਕੇ ਉਸਦਾ ਸਿਰ ਪਾੜ ਦਿੰਦੀ ਹੈ। ਪੰਜਾਬੀ ਸਮਾਜ ਵਿੱਚ ਦਲੇਰ ਔਰਤਾਂ ਦੀ ਵੀ ਕਮੀ ਨਹੀਂ। ਮੋਬਾ. 99885-10366

## ਮੈਂ ਨਾਇਕ ਦੀ ਮਿਥ ਨੂੰ 'ਠਰੀ ਰਾਤ' ਤੇ 'ਧੁੱਪ ਦੀ ਵਾਟ' ਵਿਚ ਸੁਚੇਤ ਰੂਪ ਵਿੱਚ ਤੋੜਿਆ - ਬਲਜੀਤ ਕੌਰ ਬੱਲੀ

ਸੱਚ ਇਹ ਹੈ ਕਿ ਮੈਂ ਨਾਵਲ ਵੀ ਲਿਖੇ ਹਨ ਕਹਾਣੀ ਵੀ ਅਤੇ ਕਾਵਿ ਕਹਾਣੀਆਂ ਵੀ। ਮੇਰੀਆਂ ਕਹਾਣੀਆਂ ਦੀਆਂ ਪੰਜ ਪੁਸਤਕਾਂ ਤੇ ਪੰਜ ਨਾਵਲ ਹਨ ਇਸਦੇ ਨਾਲ ਹੀ ਕੁਝ ਕਾਵਿ ਕਹਾਣੀਆਂ ਵੀ ਛਪ ਚੁੱਕੀਆਂ ਹਨ। ਮੇਰਾ ਇਹ ਵਿਸ਼ਵਾਸ ਹੈ ਕਿ ਕਹਾਣੀ ਜਾਂ ਨਾਵਲ ਮਿਥ ਕੇ ਜਾਂ ਗਿਣ ਗਿਣ ਕੇ ਨਹੀਂ ਲਿਖੇ ਜਾਂਦੇ ਬਲਕਿ ਜਦੋਂ ਕਿਸੇ ਰਚਨਾ ਦਾ ਆਗਾਜ਼ ਹੁੰਦਾ ਹੈ ਜਾਂ ਇਹ ਕਹਿ ਲਵੋ ਲੇਖਕ ਨੂੰ ਕੁਝ ਨਵਾਂ ਸੁਝਦਾ ਹੈ ਜਾਂ ਉਸ ਵਿਚਾਰ ਨੂੰ ਹੋਰਾ ਨਾਲ ਸਾਂਝਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਉਹ ਵਿਚਾਰ ਜਾਂ ਮਸਲਾ ਆਪਣਾ ਰੂਪ ਨਾਲ ਲੈ ਕੇ ਆਉਂਦਾ ਹੈ ਪਰ ਇਸ ਤੋਂ ਪਹਿਲਾਂ ਕਹਾਣੀ ਆਪਣਾ ਰੂਪ ਧਾਰਦੀ ਹੈ। ਮੈਂ ਆਪਣੇ ਨਾਵਲਾਂ ਦਾ ਅਗਾਜ਼ ਕਹਾਣੀ ਤੋਂ ਹੀ ਸ਼ੁਰੂ ਕੀਤਾ ਹੈ। ਮੇਰਾ ਪਹਿਲਾ ਨਾਵਲ 'ਆਪਣੀ ਛਾਵੇਂ' ਮੇਰੀਆਂ ਮੁਢਲੀਆਂ ਕਹਾਣੀਆਂ ਦਾ ਹੀ ਜੋੜ ਤੋੜ ਹੈ। ਇਹ ਮੈਂ ਬਹੁਤ ਪਹਿਲੇ ਕਿਸੇ ਪੁਸਤਕ ਦੀ ਭੂਮਿਕਾ ਵਿਚ ਲਿਖ ਚੁੱਕੀ ਹਾਂ ਕਿ ਉਸ ਵਿਚ ਕਿਹੜੀਆਂ ਕਿਹੜੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ... ਮੇਰੀ ਇਕ ਕਹਾਣੀ 'ਕੱਲ ਦਾ ਸੂਰਜ' , 'ਸਿਰਜਣਾ' ਵਿਚ ਛਪੀ ਤੇ ਹੋਰ ਕਈ ਥਾਈਂ ਵੀ। ਜਿਸਦਾ ਵਿਸ਼ਾ ਸੀ ਕਿ ਇੱਕ ਅੱਠਵੀਂ ਦੇ ਵਿਦਿਆਰਥੀ ਨੂੰ ਟੱਟੀਆਂ ਵਿਚ 'ਆਈ ਲਵ ਯੂ ਸ਼ਿੰਦੋ' ਲਿਖਣ ਕਰਕੇ ਸਕੂਲੋਂ ਕੱਢ ਦਿੱਤਾ ਜਾਂਦਾ ਹੈ। ਕਹਾਣੀ ਆਪਣੇ ਆਪ ਵਿਚ ਮੁਕੰਮਲ ਮੰਨੀ ਗਈ ਤੇ ਪੜ੍ਹੀ ਗਈ। ਪਰੰਤੂ ਲੇਖਕ ਪ੍ਰੇਸ਼ਨ ਸੀ ਉਸਦੇ ਮਨ ਵਿਚ ਅਨੇਕਾਂ ਸੁਆਲ ਸੇਹ ਦੇ ਤੱਕਲਿਆਂ ਵਾਂਗ ਉੱਠ ਖੜੋਤੇ ਸਨ ਕਿ ਉਹ ਬੱਚਾ ਕਿੱਥੇ ਜਾਏਗਾ? ਕਿਉਂਕਿ ਉਸਦੀ ਅਧਿਆਪਕ ਬਨਾਮ ਲੇਖਕ ਉਸਦੇ ਘਰ ਦੇ ਹਾਲਾਤ ਤੋਂ ਜਾਣੂ ਭਾਵੇਂ ਨਾ ਵੀ ਹੋਵੇ ਪਰ ਉਸਦੇ ਮਨ




ਵਿਚ ਇਕ ਸੁਆਲ ਪੈਦਾ ਹੋ ਗਿਆ ਸੀ ਕਿ ਇਹ ਬੱਚਾ ਹੁਣ ਜਾਏਗਾ ਕਿੱਥੇ? ਕੀ ਕਰੇਗਾ? ਮੇਰੇ ਸਾਹਮਣੇ ਇਕ ਵੱਡਾ ਮਸਲਾ ਉੱਠ ਖੜ੍ਹਾ ਹੋਇਆ ਮੇਰੀ ਸੋਚ ਉੱਭਰੀ ਕਿ ਸਕੂਲੀ ਵਾਤਾਵਰਨ ਬੱਚਿਆਂ ਨੂੰ ਬੱਚਿਆਂ ਵਾਂਗ ਟਰੀਟ ਨਹੀਂ ਕਰਦਾ ਬਲਕਿ ਵਸਤੂਆਂ ਵਾਂਗ ਟਰੀਟ ਕਰਦਾ ਹੈ। ਇਹ ਸੋਚ ਉਭਰਨ ਦੀ ਦੇਰ ਸੀ ਕਿ ਕੰਧ ਉੱਤੇ ਲਿਖਿਆ ਮਾਟੋ 'ਬੱਚੇ ਦੇਸ਼ ਦੀ ਅਮਾਨਤ ਹਨ, ਜਾਂ 'ਬੱਚਾ ਮਨੁੱਖ ਦਾ ਪਿਓ ਹੈ' ਕਈ ਵਾਰ ਮੇਰਾ ਮੂੰਹ ਚਿੜਾ ਚੁੱਕਾ ਸੀ। ਇਕ ਹਊਆਂ ਬਣਕੇ ਮੇਰੇ ਅੱਗੇ ਖੜ੍ਹਾ ਹੋ ਗਿਆ ਤੇ ਮੈਂ ਉਸ ਸਕੂਲੋਂ ਕੱਢੇ ਗਏ ਬੱਚੇ ਦੀ ਮਾਨਸਿਕਤਾ ਬਾਰੇ, ਉਸਦੇ ਘਰ ਦੇ ਹਾਲਾਤ ਬਾਰੇ ਤੇ ਉਸਦੇ ਭਵਿੱਖ ਬਾਰੇ ਸੋਚਣ ਲੱਗੀ। ਇਸਦੇ ਨਾਲ ਹੀ ਮੈਂ ਇਹ ਵੀ ਸੋਚਣ ਲੱਗੀ ਕਿ ਉਸਦੇ ਭਵਿੱਖ ਨੂੰ ਕਿਹੜੀਆਂ-ਕਿਹੜੀਆਂ ਧਿਰਾਂ ਜਾਂ ਕਿਹੜੇ ਕਿਹੜੇ ਹਾਲਾਤ ਦਾਗੀ ਕਰਨ ਲੱਗੇ ਹੋਏ ਹਨ। ਇਉਂ ਸੋਚਾਂ ਦੀ ਲੜੀ ਤੁਰਨ ਲੱਗੀ। ਕੜੀ ਨਾਲ ਕੜੀ ਜੁੜਨ ਲੱਗੀ, ਜਿਸ ਵਿਚ ਮੁੱਖ ਅਧਿਆਪਕਾ ਦੀ ਭੂਮਿਕਾ , ਅਧਿਆਪਕਾ ਦਾ ਰਵੱਈਆ ਪਿੰਡ, ਅਧਿਆਪਕ ਤੇ ਮੁੱਖ ਅਧਿਆਪਕਾ ਦੀ ਸਿਆਸਤ ਜਿਸਦਾ ਕਾਫੀ ਲੰਮੇ ਸਮੇਂ ਤੋਂ ਮੈਨੂੰ ਤਜਰਬਾ ਸੀ ਮੇਰੇ ਕੰਮ ਆਇਆ।

ਨਾਵਲ ਦੀ ਸਿਰਜਣਾ ਸਾਹਿਤ ਦੀ ਸਿਰਜਣਾ ਪ੍ਰਕ੍ਰਿਆ ਨਾਲੋਂ ਕੋਈ ਬਹੁਤੀ ਵੱਖਰੀ ਨਹੀਂ ਇਹ ਵੱਖਰੀ ਗੱਲ ਹੈ ਕਿ ਨਾਵਲ ਦਾ ਸੰਦਰਭ ਜਾਂ ਨਾਵਲੀ ਪਰਿਪੇਖ ਵਡੇਰੇ ਰੂਪ ਵਿਚ ਸਿਰਜਿਆ ਜਾਂਦਾ ਹੈ ਜਿਸਦੀ ਵਿਉਂਤਬੰਦੀ ਕਰਨ ਸਮੇਂ ਉਸਦਾ ਮੋਟਾ ਜਿਹਾ ਖਾਕਾ ਤਿਆਰ ਕਰਨਾ ਪੈਂਦਾ ਹੈ। ਪਰੰਤੂ ਇਹ ਵੀ, ਕੋਈ ਨਿਸ਼ਚਤ ਨਹੀਂ ਹੈ ਕੁਝ ਨਾਵਲਾਂ ਦੀ ਵਿਉਂਤਬੰਦੀ ਪਹਿਲੇ ਕਰ ਲਈ ਜਾਂਦੀ ਹੈ ਪਰ ਇਹ ਵਿਉਂਤ ਬੰਦੀ ਮੋਟੇ ਰੂਪ ਵਿਚ ਹੀ ਹੁੰਦੀ ਹੈ ਪੱਕੇ ਰੂਪ ਵਿਚ ਨਹੀਂ। ਬਹੁਤ ਸਾਰੇ ਪਾਤਰ ਜਾਂ ਘਟਨਾਵਾਂ ਜਿਨ੍ਹਾਂ ਬਾਰੇ ਪਹਿਲਾਂ ਸੋਚਿਆ ਹੁੰਦਾ ਹੈ ਲਿਖਦੇ ਸਮੇਂ ਉਹ ਬਦਲ ਜਾਂਦੇ ਹਨ। ਜਾਂ ਆਪਣਾ ਰੂਪ ਬਦਲ ਜਾਂਦੇ ਹਨ। ਲੇਖਕ ਦੇ ਸਾਹਮਣੇ ਜਦੋਂ ਨਾਵਲੀ ਸੰਸਾਰ ਖੁੱਲ੍ਹੇ ਰੂਪ ਵਿਚ ਉਸਦੀ ਚਿੰਤਨ ਪ੍ਰਕ੍ਰਿਆ ਵਿਚ ਆ ਜਾਂਦਾ ਹੈ ਤਾਂ ਵਿਉਂਤ ਬੰਦੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਜਾਂ ਪਾਤਰ ਬਦਲ ਜਾਂਦੇ ਹਨ ਕਈ ਆਪਣਾ ਰੂਪ ਬਦਲ ਜਾਂਦੇ ਹਨ। ਮੇਰੀ ਜਾਚੇ ਸੁਚੇਤ ਤੇ ਅਚੇਤ ਦੇ ਦਰਮਿਆਨ ਜਿਹੜਾ ਅਰਧਚੇਤ ਮਨ ਜਾਂ ਇਉਂ ਕਹਿ ਲਵੋਂ ਜੋ 'ਤਾਰਕਿਕ ਸੱਚ ਜੋ ਮੁੱਖ ਉਦੇਸ਼ ਨਾਲ ਜੁੜਿਆ ਹੁੰਦਾ ਹੈ, ਜਿਸਨੂੰ ਲੈ ਕੇ ਨਾਵਲ ਦੀ ਸਿਰਜਣਾ ਕਰਨ ਬਾਰੇ ਸੋਚਿਆ ਗਿਆ ਹੁੰਦਾ ਹੈ। ਉਸਦੇ ਅਨੁਸਾਰ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਇਸਦਾ ਵਿਸਥਾਰ ਰੂਪ ਵਿਚ ਵਰਣਨ ਮੈਂ 'ਗੁਆਚੇ ਸੂਰਜ' ਨਾਵਲ ਵਿਚ ਕੀਤਾ ਹੋਇਆ ਹੈ।

ਮੈਂ ਇਹ ਤਾਂ ਦਾਹਵੇ ਨਾਲ ਕਹਿ ਨਹੀਂ ਸਕਦੀ ਕਿ ਮੇਰਾ ਫਲਾਨਾ ਪਾਤਰ ਸਮੁੱਚੇ ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਕਰ ਸਕਿਆ ਹੈ ਕਿਉਂਕਿ ਮੇਰੇ ਸਾਹਮਣੇ ਸਮੁੱਚੇ ਪੰਜਾਬੀ ਮਨੁੱਖ ਦਾ ਰੂਪ ਜਾਂ ਉਸਦਾ ਬਣਿਆ ਬਣਾਇਆ ਚੌਖਟਾ ਨਹੀਂ ਉਭਰਿਆ। ਮੈਂ ਜਿਸ ਸ੍ਰੇਣੀ (ਪੇਂਡੂ ਸਮਾਜ) ਦੀ ਦੇਣ ਹਾਂ ਜਾਂ ਜਿਸ ਖੇਤੀ ਪ੍ਰਧਾਨ ਪੇਂਡੂ ਪਰਿਵਾਰ ਦੀ ਉਪਜ ਹਾਂ ਉਸ ਸ਼੍ਰੇਣੀ ਜਾਂ ਸਮਾਜ ਵਿਚ ਵਿਚਰਦਿਆਂ ਮੈਂ ਆਪਣੇ 'ਠਰੀ ਰਾਤ' ਨਾਵਲ ਵਿਚ ਸਾਧੂ ਤੇ ਭੰਤੇ ਜਿਹੇ ਪਾਤਰਾਂ ਦੀ ਸਿਰਜਣਾ ਕਰਦਿਆਂ ਪੇਂਡੂ ਕਿਰਸਾਣੀ ਜੀਵਨ ਦੀਆਂ ਜੜ੍ਹਾਂ ਨੂੰ ਖੋਜਣ ਦਾ ਯਤਨ ਕੀਤਾ ਹੈ ਜਿਸ ਵਿਚ ਉਸਦੀਆਂ ਬੇਵਸੀਆਂ ਲੋੜਾਂ-ਥੁੜ੍ਹਾਂ ਤੇ ਸਰੀਰਕ ਮਾਨਸਿਕ ਤੇ ਸੰਸਕਾਰਿਕ ਕਮਜ਼ੋਰੀਆਂ ਤੇ ਭੁੱਖਾਂ ਛੁਪੀਆਂ ਹੋਈਆਂ ਹੋਣ ਕਰਕੇ ਉਹ ਨਿਮਾਣੇ ਨਿਤਾਣੇ ਤੇ ਨਕਾਰੇ ਜਿਹੇ ਹੋ ਕੇ ਠਿੱਠ ਹੋਣ ਜੋਗੇ ਰਹਿ ਜਾਂਦੇ ਹਨ।

ਵੱਖ-ਵੱਖ ਨਾਵਲਾਂ ਦੇ ਵੱਖ-ਵੱਖ ਸਮੇਂ ਵੱਖ ਵੱਖ ਬਿਰਤਾਂਤ ਜਾਂ ਪਾਤਰਾਂ ਦੀ ਗੱਲ ਤੁਰਦੀ ਰਹੀ



ਹੈ। ਕਿਸੇ ਕਿਸੇ ਨੇ 'ਠਰੀ ਰਾਤ' ਦੀ ਸੁਮਿੰਦਰੋ ਦੀ ਗੱਲ ਕੀਤੀ ਹੈ ਕਿਸੇ ਨੇ ਗੁਆਚੇ ਸੂਰਜ ਦੀ ਬਬਲੀ ਤੇ ਸ਼ਿੰਦੋ ਦੇ ਪਾਤਰ ਦੀ ਭੂਮਿਕਾ ਕਿਸੇ ਨੇ 'ਧੁੱਪ ਦੀ ਵਾਟ' ਦੀ ਗੁਲਾਬ ਕੌਰ ਦਾ ਜ਼ਿਕਰ ਛੇੜਿਆ ਹੈ। ਇਉਂ ਮੈਂ ਵੱਖ ਵੱਖ ਸਮੇਂ ਵਿਚ ਦਿੱਤੀਆਂ ਟਿੱਪਣੀਆਂ ਨੂੰ ਪਾਠਕਾਂ ਦੀ ਲੋੜ ਤੇ ਸੋਚ ਤੇ ਛਡਦੀ ਹੋਈ ਆਪਣੇ ਵਲੋਂ ਜੋ ਕਹਿਣਾ ਚਾਹਾਗੀ, 'ਆਪਣੀ ਛਾਵੇਂ' ਦੀ ਦੀਸ਼, 'ਠਰੀ ਰਾਤ' ਦੀ ਸਮਿੰਦਰੋ ਤੇ ਹਰਕੁਰ, 'ਧੁੱਪ ਦੀ ਵਾਟ' ਦੀ ਗੁਲਾਬ ਕੌਰ, 'ਪੈਰ੍ਹਾਂ ਹੇਠਲੀ ਧਰਤੀ' ਦਾ ਮੁਖ ਪਾਤਰ ਆਦਿ ਮੈਥੋਂ ਕੁਝ ਅਜਿਹੇ ਪਾਤਰ ਸਿਰਜੇ ਗਏ ਹਨ ਜੋ ਮੇਰੇ ਚੇਤਿਆਂ ਵਿਚ ਆਪਣੇ ਅਸਲੀ ਰੂਪ ਨਾਲੋਂ ਟੁੱਟਕੇ ਇਕ ਨਵੇਂ ਨਰੋਏ ਤੇ ਵੱਖਰੇ ਰੂਪ ਵਿਚ ਖੜ੍ਹੇ ਦਿਖਾਈ ਦਿੰਦੇ ਹਨ।

ਮੈਂ ਨਾਇਕ ਦੀ ਮਿਥ ਨੂੰ 'ਠਰੀ ਰਾਤ' ਤੇ 'ਧੁੱਪ ਦੀ ਵਾਟ' ਵਿਚ ਸੁਚੇਤ ਰੂਪ ਵਿੱਚ ਤੋੜਿਆ ਹੈ। ਬਾਕੀ ਤਿੰਨਾਂ ਨਾਵਲਾਂ ਦੀ ਲੋੜ ਮੁਤਾਬਿਕ ਸਿਰਜਣਾ ਹੋਈ ਹੈ 'ਗੁਆਚੇ ਸੂਰਜ' ਦਾ ਬਬਲੀ ਵੀ, ਨਾਇਕ ਬਣਕੇ ਨਹੀਂ ਉਭਰਦਾ। 'ਪੈਰਾਂ ਹੇਠਲੀ ਧਰਤੀ' ਵਿਚਲਾ ਮੁੱਖ ਪਾਤਰ ਭਾਵੇਂ ਸਿੱਧੇ ਰੂਪ ਵਿਚ ਨਾਇਕ ਜਾਪਦਾ ਹੈ ਪਰ ਅਸਲੀ ਨਾਇਕ ਰੂਪ ਉਸ ਧਰਤੀ ਦਾ ਹੈ ਜਿਸਨੂੰ ਮਨੁੱਖ ਸਦੀਆਂ ਤੋਂ ਪੈਰਾਂ ਹੇਠ ਕਰਨ ਦਾ ਯਤਨ ਕਰਦਾ ਆ ਰਿਹਾ ਹੈ।

ਨਾਵਲਕਾਰ ਆਮ ਤੌਰ ਤੇ ਜਿਨ੍ਹਾਂ ਰਿਸ਼ਤਿਆਂ ਵਿਚ ਵਿਚਰਦਾ ਹੈ ਡੂੰਘੀ ਤਰ੍ਹਾਂ ਉਨ੍ਹਾਂ ਨਾਲ ਹੀ ਜੁੜਿਆ ਹੋਇਆ ਹੁੰਦਾ ਹੈ। ਆਪਣੇ ਸੰਦਰਭ ਨੂੰ ਉਸੇ ਪਰਿਪੇਖ ਨਾਲ ਜੋੜਦਾ ਹੈ ਪਰ ਜਿਨ੍ਹਾਂ ਲੇਖਕਾਂ ਦਾ ਵਿਕਾਸ ਹੁੰਦਾ ਹੈ ਜਾਂ ਹੋ ਗਿਆ ਹੁੰਦਾ ਹੈ ਉਨ੍ਹਾਂ ਦਾ ਅਨੁਭਵ ਖੇਤਰ ਬਦਲਦੇ ਰਿਸ਼ਤਿਆਂ ਨੂੰ ਵੀ ਆਪਣੀ ਰਚਨਾ ਵਿਚ ਚਿਤ੍ਰਤ ਕਰਦਾ ਹੈ। ਮੈਂ ਆਪਣੇ ਅਨੁਭਵ ਖੇਤਰ ਵਿਚ ਰਹਿੰਦਿਆਂ ਉਨ੍ਹਾਂ ਪਾਤਰਾਂ ਦੀ ਸਿਰਜਣਾ ਕੀਤੀ ਹੈ ਜਿਨ੍ਹਾਂ ਤੋਂ ਮੈਂ ਭਲੀਭਾਂਤ ਜਾਣੂ ਸੀ। ਸਿਵਾਏ ਇਕ ਦੋ ਪਾਤਰ ਨੂੰ ਛਡ ਕੇ ਜਿਵੇਂ ਕਲਪਣਾ (ਧੁੱਪ ਦੀ ਵਾਟ) 'ਗੁਆਚੇ ਸੂਰਜ' ਵਿਚਲੇ ਸਤਵੰਤ ਵਰਗੇ ਕਾਮਰੇਡ ਪਾਤਰ ਆਦਿ।

ਮੈਂ ਆਪਣੇ ਨਾਵਲਾਂ ਵਿਚ ਚੁਣੇ ਗਏ ਵਿਸ਼ੇ ਨੂੰ ਪ੍ਰਮੁੱਖਤਾ ਦਿੰਦੀ ਹਾਂ ਉਸਦੇ ਮੁਤਾਬਿਕ ਹੀ ਨਾਵਲ ਦਾ ਬਿਰਤਾਂਤ, ਪਾਤਰ ਘਟਨਾਵਾਂ ਭਾਸ਼ਾ ਆਦਿ ਨੂੰ ਧਿਆਨ ਵਿਚ ਰਖਦੀ ਹਾਂ। ਇਹ ਨਾਵਲੀ ਵਿਉਂਤ ਤਾਂ ਨਾਵਲ ਲਿਖਣ ਤੋਂ ਪਹਿਲਾਂ ਹੀ ਲੇਖਕ ਨੂੰ ਪਤਾ ਹੁੰਦਾ ਹੈ ਕਿ ਉਹ ਕਿਸ ਵਰਗ ਦੇ ਪਾਤਰ ਲਈ ਲਿਖ ਰਹੀ ਹੈ। ਜਾਂ ਉਨ੍ਹਾਂ ਨੂੰ ਕਿਹੜੀਆਂ ਗੱਲਾਂ ਪਸੰਦ ਆਉਣਗੀਆਂ। ਲਿਖਦੇ ਸਮੇਂ ਲੇਖਕ ਇਸੇ ਗੱਲ ਦਾ ਧਿਆਨ ਰਖਦਾ ਹੈ ਕਿ ਮੈਂ ਆਪਣੀ ਗੱਲ ਕਿਸ ਢੰਗ ਨਾਲ ਕਹਿਣੀ ਆਰੰਭ ਕਰਨੀ ਹੈ ਜਾਂ ਕਿਸ ਤਰ੍ਹਾਂ ਪਾਠਕ ਨੂੰ ਆਪਣੀ ਉਂਗਲੀ ਫੜਾਉਣੀ ਜਾਂ ਉਤਸੁਕਤਾ ਪੈਦਾ ਕਰਨੀ ਹੈ। ਭਾਵੇਂ ਕਿਸੇ ਵਰਗ ਦਾ ਪਾਠਕ ਹੋਵੇ ਉਹ ਪੁਸਤਕ ਦਾ ਅਨੰਦ ਮਾਣ ਸਕੇ ਮੂਲ ਮਨੁੱਖ ਭਾਵਨਾਂ ਨੂੰ ਜੇ ਸਹੀ ਸੇਧ ਜਾਂ ਸਹੀ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਹਰ ਵਰਗ ਦਾ ਪਾਠਕ ਕਿਸੇ ਵੀ ਰਚਨਾ ਦਾ ਅਨੰਦ ਮਾਣ ਸਕਦਾ ਹੈ। ਮੈਂ ਮਛੇਰਿਆ ਬਾਰੇ ਇਕ ਨਾਵਲ ਪੜ੍ਹਿਆ (ਮਾਛੀ) ਜਿਸਦਾ ਮੈਂ ਭਰਪੂਰ ਰੂਪ ਵਿਚ ਅਨੰਦ ਮਾਣਿਆ ਸੀ, ਇਉਂ ਪਾਠਕ ਬਹੁਤ ਸਾਰੇ ਨਵੇਂ ਨਵੇਂ ਵਿਸ਼ਿਆ ਨੂੰ ਪੜ੍ਹਕੇ ਵੀ ਆਨੰਦ ਮਾਣ ਸਕਦਾ ਹੈ। ਲੇਖਕ ਨੇ ਤਾਂ ਉਹੋ ਕੁਝ ਹੀ ਲਿਖਣਾ ਹੁੰਦਾ ਹੈ ਅਸਲ ਵਿਚ ਜੋ ਉਹ ਲਿਖ ਸਕਦਾ ਹੁੰਦਾ ਹੈ।

## ਜੀਵਨੀ ਮੂਲਕ ਅਤੇ ਇਤਿਹਾਸ ਮੂਲਕ ਨਾਵਲਾਂ ਦੇ ਪੇਤਲੀ ਪੱਧਰ ਦੇ ਕਥਾਨਕ ਕਿਸੇ ਮਹਾਨ ਪ੍ਰਯੋਜਨ ਲਈ ਉਪਯੋਗੀ ਨਹੀਂ ਬਣ ਸਕੇ -ਓਮ ਪ੍ਰਕਾਸ਼ ਗਾਸੋ

ਪੁਰਾਣੀਆਂ ਗੱਲਾਂ ਦੇ ਪ੍ਰਕਰਣ ਅੱਜ ਵੀ ਮੈਨੂੰ ਨਾਵਲ ਲਿਖਣ ਲਈ ਇਸ ਵਾਸਤੇ ਪ੍ਰੇਰਿਤ ਕਰ ਰਹੇ ਹਨ ਕਿਉਂਕਿ ਉਹ ਬਹੁਤ ਵਿਸ਼ਾਲ ਹਨ। ਸੰਨ-ਸੰਤਾਲੀ ਦੀਆਂ ਮਾਰੂ ਘਟਨਾਵਾਂ ਕਾਰਣ ਸਮੁੱਚੀ

ਪੰਜਾਬੀਅਤ ਬੇਹਾਲ ਹੋਈ ਪਈ ਸੀ। ਮੇਰੀ ਭਾਵਨਾ ਇਸ ਭਿਆਨਕ ਹਾਦਸੇ ਦੀ ਹਕੀਕਤ ਨੂੰ ਲੱਭਣ ਵਾਸਤੇ ਸਾਮੰਤਵਾਦੀ ਅਤੇ ਸਿਆਸੀ ਧੱਕੜਪੁਣੇ ਦੀ ਜਾਣਕਾਰੀ ਲਈ ਚਾਰ ਪੰਜ ਦਹਾਕਿਆਂ ਤੋਂ ਨਾਵਲ ਹੀ ਲਿਖਦੀ ਆ ਰਹੀ ਹੈ। ਮੇਰਾ ਪ੍ਰਥਮ ਨਾਵਲ 'ਲਾਂਬੂ-ਲਾਟਾਂ' ਜ਼ਿੰਦਗੀ ਨੂੰ ਸ਼ਮਸ਼ਾਨ ਬਣਾਏ ਜਾਣ ਵਾਲੇ ਅਹਿਸਾਸ ਦੀ ਤਰਜ਼ਮਾਨੀ ਕਰਦਾ ਹੈ। ਇੰਝ ਹੁਣ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਸਮਾਜਿਕ ਅਤੇ ਸਿਆਸੀ ਘੱਲੂਘਾਰੇ ਦਾ ਚਸ਼ਮਦੀਦ-ਗਵਾਹ ਹੋਣ ਕਰਕੇ ਮੈਂ ਨਾਵਲ ਲਿਖਣਾ ਆਰੰਭ ਕੀਤਾ।




ਨਾਵਲ ਨੂੰ ਮੈਂ ਸਮਾਜਿਕ-ਹੋਂਦ ਦੀ ਹਕੀਕਤ ਸਮਝਦਾ ਹਾਂ। ਸਮੇਂ ਅਤੇ ਸਮਾਜ ਦੇ ਗਤੀਸ਼ੀਲ ਦਿਸਹੱਦਿਆਂ ਦੀ ਤਰਜ਼ਮਾਨੀ ਕਰਨ ਵਾਲੇ ਮੇਰੇ ਨਾਵਲਾਂ ਦੀ ਕਥਾਨਕ ਮੇਰੇ ਆਪੇ ਦਾ ਹੌਲੀ-ਹੌਲੀ ਅੰਗ ਬਣਦੀ ਰਹਿੰਦੀ ਹੈ। ਏਥੇ ਆ ਕੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਮੇਰੀ ਆਂਤਰਿਕਤਾ ਅਤੇ ਬਾਹਰੀ-ਘਟਨਾਵਾਂ ਦੀ ਸਾਦਗੀ ਦੇ ਕ੍ਰਿਆਤਮਿਕ-ਕਰਮ ਜਦੋਂ ਕਲਾ ਦਾ ਰੂਪ ਗ੍ਰਹਿਣ ਕਰ ਲੈਂਦੇ ਹਨ ਤਦ ਨਾਵਲ ਲਿਖਿਆ ਜਾਂਦਾ ਹੈ। ਸੋ ਭਾਵਨਾਵਾਂ ਅਤੇ ਭੌਤਿਕਤਾ ਦੇ ਸੁਮੇਲ ਦੀ ਸਿਰਜਣਾਤਮਿਕ-ਪ੍ਰਕ੍ਰਿਆ ਦੀ ਪ੍ਰਮਾਣਿਕਤਾ ਲਈ ਮੈਂ ਆਪਣੇ ਨਾਵਲ ਲਿਖਣ ਸਮੇਂ ਪ੍ਰਯਤਨਸ਼ੀਲ ਬਣਿਆ ਰਹਿੰਦਾ ਹਾਂ। ਨਾਵਲ ਕਲਾ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਬਣੇ ਰਹਿਣ ਦੇ ਕਾਰਜ਼ ਨੂੰ ਸਿਰਜਣ-ਪ੍ਰਕਿਰਿਆ ਦਾ ਬੇਹੱਦ ਪਿਆਰਾ ਪਾਠ ਕਿਹਾ ਜਾ ਸਕਦਾ ਹੈ।

ਕੋਈ ਬਿਰਤਾਂਤ ਕੇਵਲ ਬਿਰਤਾਂਤ ਹੀ ਨਹੀਂ ਹੁੰਦਾ ਸਗੋਂ ਆਪਾਂ ਉਸ ਬਿਰਤਾਂਤ ਨੂੰ ਇੱਕ ਵਿਸ਼ਲੇਸ਼ਣ ਅਤੇ ਵਿਆਖਿਆ ਵੀ ਆਖ ਸਕਦੇ ਹਾਂ ਇਸ ਲਈ ਨਾਵਲਕਾਰ ਦਾ ਵਿਵੇਕਸ਼ੀਲ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਅਨੁਭੂਤੀ ਅਤੇ ਅਧਿਐਨ ਦਾ ਕਰਮ ਆਦਮੀ ਨੂੰ ਬੁੱਧੀਮਾਨ ਬਣਾਉਂਦਾ ਰਹਿੰਦਾ ਹੈ। ਨਾਵਲਕਾਰ ਹੋਣ ਤੋਂ ਪਹਿਲਾਂ ਮੈਂ ਇੱਕ ਆਮ ਆਦਮੀ ਹਾਂ। ਆਮ ਆਦਮੀ ਜੇਕਰ ਸੰਘਰਸ਼ਸ਼ੀਲ ਜੀਵਨ-ਧਾਰਾ ਨੂੰ ਅਪਣਾਉਂਦਾ ਹੈ ਤਦ ਉਹ ਬੌਧਿਕ-ਬਣ ਕੇ ਦ੍ਰਿਸ਼ਟੀਗੋਚਰ-ਦ੍ਰਿਸ਼ਾਵਲੀ ਦੇ ਅਰਥਾਂ ਨੂੰ ਭਲੀ ਪ੍ਰਕਾਰ ਸਮਝ ਸਕਦਾ ਹੈ। ਸੁਆਲ ਤਾਂ ਦ੍ਰਿਸ਼ਟੀਗੋਚਰ-ਦ੍ਰਿਸ਼ਾਵਲੀ ਦੀ ਉਤਪੱਤੀ ਪ੍ਰਚਾਰ ਤੇ ਪ੍ਰਸਾਰ ਦੇ ਗੁਣਾਂ ਅਤੇ ਔਗੁਣਾਂ ਨੂੰ ਸਮਝਣ ਦਾ ਹੁੰਦਾ ਹੈ।

ਮੈਂ ਸਮਾਜਿਕ-ਘਟਨਾਵਾਂ, ਸਿਆਸੀ-ਵਿਖੇੜਿਆਂ ਆਰਥਿਕ-ਔਕੜਾਂ, ਸਾਂਸਕ੍ਰਿਤਿਕ ਤੇ ਸਭਿਆਚਾਰਕ ਵਾ-ਵਰੋਲਿਆਂ ਨੂੰ ਲੋਕ-ਪੱਖੀ ਅੱਖ ਨਾਲ ਵੇਖਦਾ ਵੇਖਦਾ ਜਨ-ਵਾਦੀ ਧਾਰਨਾਵਾਂ ਨੂੰ ਅਪਣਾਉਂਦਾ ਰਹਿੰਦਾ ਹਾਂ।

ਨਿਰਸੰਦੇਹ ਮੈਨੂੰ ਮੇਰੇ ਨਾਵਲ 'ਜਵਾਬਦੇਹ ਕੌਣ?' ਦਾ ਬਾਬਾ ਨੋਧ ਸਿੰਘ ਤੇ 'ਆਸ-ਅੱਥਰੂ' ਦਾ ਪਾਖਰ ਚੇਤੇ ਆ ਰਿਹਾ ਹੈ। ਇਸ ਉਦਾਹਰਣ ਨੂੰ ਮੈਂ ਇਸ ਲਈ ਅਧੂਰਾ ਸਮਝਦਾ ਹਾਂ ਕਿਉਂਕਿ ਮੇਰੇ ਨਾਵਲ ਨਿਜਵਾਦੀ-ਰੋਮਾਂਸ ਦੀ ਜਿਲ੍ਹਣ ਵਿੱਚ ਫਸੇ ਹੋਏ ਨਹੀਂ ਹੁੰਦੇ। 'ਸੁਪਨੇ ਤੇ ਸੰਸਕਾਰ' ਨਾਵਲ ਦਾ ਪਾਤਰ ਕਿਰਪਾਲਾ ਪਿੰਡ ਦੀ ਇੱਜ਼ਤ ਤੇ ਆਬਰੂ ਦਾ ਲਖਾਇਕ ਹੈ। ਏਥੇ ਆ ਕੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਮੇਰੇ ਸਾਰੇ ਦੇ ਸਾਰੇ ਨਾਵਲਾਂ ਦੀ ਸੁਰ-ਧਾਰਾ ਪੰਜਾਬੀਅਤ ਨੂੰ ਪ੍ਰਗਟਾਉਣ ਦੇ ਨਾਲ ਨਾਲ ਮਾਨਵਵਾਦੀ ਕਦਰਾਂ ਤੇ ਕੀਮਤਾਂ ਦੀ ਪ੍ਰਤੀਨਿਧਤਾ ਕਰਦੀ ਹੈ। ਮੇਰੇ ਨਾਵਲਾਂ ਦੇ ਪਾਤਰਾਂ ਦੀ ਪੁਕਾਰ ਨੂੰ ਦਲੇਰ-ਦਿਲ ਦੀ ਆਵਾਜ਼ ਆਖਿਆ ਜਾ ਸਕਦਾ। ਪੰਜਾਬੀਅਤ ਕੇਵਲ ਪੰਜਾਬੀਅਤ ਹੀ ਨਹੀਂ ਸਗੋਂ ਉਹ ਤਾਂ ਇੱਕ ਆਵਾਜ਼ ਹੈ। ਸੋ ਹੁਣ ਸਹਿਜੇ ਹੀ ਤਸਲੀਮ ਕੀਤਾ ਜਾ ਸਕਦਾ ਹੈ ਕਿ ਮੇਰਾ ਹਰ ਇੱਕ ਪਾਤਰ ਇੱਕ ਆਵਾਜ਼ ਬਣਕੇ ਪ੍ਰਸਤੁਤ ਹੁੰਦਾ ਹੋਇਆ ਜ਼ਿੰਦਗੀ ਅਤੇ ਜਜ਼ਬਾਤ ਦੀ ਗੱਲ ਕਰਦਾ ਰਹਿੰਦਾ ਹੈ।

ਮੇਰੇ ਨਾਵਲ 'ਚਿੱਤਰਾ-ਬਚਿੱਤਰਾ' ਦੇ ਕਥਾਨਕ ਦੀਆਂ ਅਖੀਰਲੀਆਂ ਸਤਰਾਂ ਹਨ 'ਜੇਕਰ ਮੈਨੂੰ ਅੱਜ ਮਹਾਤਮਾਂ ਗਾਂਧੀ ਜੀ ਮਿਲਦੇ ਤਾਂ ਮੈਂ ਕਹਿੰਦਾ ਗਾਂਧੀ ਜੀ ਤੁਹਾਡੀ ਸਮਾਧੀ 'ਤੇ 'ਹੇ ਰਾਮ' ਲਿਖੇ ਹੋਣ



ਦੀ ਥਾਵੇਂ 'ਹਾਏ ਸੰਪ੍ਰਦਾਇਕਾ' ਲਿਖਿਆ ਹੋਣਾ ਚਾਹੀਦਾ ਹੈ। ਏਥੇ ਦੋ ਤਿੰਨ ਵਾਕ ਇਹ ਬਣਦੇ ਹਨ ਕਿ ਮੇਰਾ ਇੱਕ ਨਾਵਲ ਹੈ 'ਇਤਿਹਾਸ ਦੀ ਆਵਾਜ਼' ਉਸ ਨਾਵਲ ਵਿਚ ਗਾਂਧੀਵਾਦੀ ਦੀ ਅਸਹਿਯੋਗ ਅੰਦੋਲਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ 'ਨਾਮਧਾਰੀ' ਅਸਹਿਯੋਗ ਅੰਦੋਲਨ ਦਾ ਤੁਲਨਾਤਮਿਕ ਬਿਰਤਾਂਤ ਹੈ। 'ਮਿੱਟੀ ਦਾ ਮੁੱਲ' ਨਾਵਲ ਦਾ ਬਿਰਤਾਂਤ ਪਰਜਾਪਤ ਜ਼ਿੰਦਗੀ ਨੂੰ ਦਰਸਾਉਂਦਾ ਹੈ। ਪਜੰਾਬੀ ਭਾਸ਼ਾ ਵਿਚ ਦਲਿਤ ਵਰਗ 'ਤੇ ਲਿਖਿਆ ਸ਼ਾਇਦ ਇਹ ਪਹਿਲਾ ਨਾਵਲ ਹੀ ਹੋਵੇ।

ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਪੰਜਾਬ ਵਿਚ ਮਹਾਂਨਗਰੀ ਸਭਿਅਤਾ ਤੇ ਸਭਿਆਚਾਰ ਨੂੰ ਨੌਕਰੀ ਪੇਸ਼ਾ ਕਿਰਦਾਰ ਦੇ ਪ੍ਰਭਾਵ ਨੂੰ ਕਬੂਲ ਕਰਨਾ ਪੈ ਰਿਹਾ ਹੈ। ਇਸ ਕਰਕੇ ਪੋਚਾ ਦੇਣ ਵਾਲਾ, ਭਾਂਡੇ ਮਾਂਜਣ ਵਾਲਾ, ਘਰ ਸੰਭਾਲਣ ਵਾਲਾ ਸਿਲਸਿਲਾ ਤੁਰ ਪਿਆ। ਇਸ ਸਿਲਸਿਲੇ ਨਾਲ ਜੁੜਿਆ ਮੇਰਾ ਨਾਵਲ ਹੈ। 'ਤੁਰਦਿਆਂ-ਤੁਰਦਿਆਂ' ਇਸ ਨਾਵਲ ਦੀ ਪਾਤਰ 'ਗੋਮਤੀ' ਦਾ ਸਮੁੱਚਾ ਜੀਵਨ ਵਿਵਹਾਰ ਬਿਰਤਾਂਤੀ ਖਿੱਚ ਦਾ ਕਾਰਣ ਬਣਿਆ ਹੋਇਆ ਹੈ। ਨਿਰਣਾਤਮਿਕ ਤੌਰ 'ਤੇ ਤਸਲੀਮ ਕੀਤਾ ਜਾ ਸਕਦਾ ਹੈ ਕਿ ਇਸ ਮੇਰੇ ਨਾਵਲ ਦੇ ਬਿਰਤਾਂਤ ਦੀ ਵੰਨ ਸੁਵੰਨਤਾ ਵਿਚ ਵਿਲੱਖਣਤਾ ਹੈ। 'ਤੱਤੀ-ਹਵਾ' ਤੇ 'ਮੌਤ ਦਰ ਮੌਤ' ਦੇ ਨਾਲ ਨਾਲ 'ਤਾਂਬੇ ਦਾ ਰੰਗ' ਦਾ ਹੇਠਲੀ ਸ਼੍ਰੇਣੀ ਨਾਲ ਸਬੰਧ ਰੱਖਣ ਵਾਲਾ ਦਿਆਲਾ ਪਾਤਰ ਸਵੈ-ਮਾਨੀ ਪੁਰਸ਼ ਹੈ। ਉਸਦੇ ਘਰਵਾਲੀ ਦਿਆਲੋ ਦੀ ਕਥਾ ਖਿੱਚ ਦਾ ਕਾਰਣ ਬਣੀ ਹੋਈ ਹੈ।

ਨਾਵਲ ਲਿਖਣ ਤੋਂ ਪਹਿਲਾਂ ਨਾਵਲ ਦਾ ਕਥਾ ਵਸਤੂ ਮੇਰੇ ਆਪੇ ਨੂੰ ਹਲੂਣਦਾ ਰਹਿੰਦਾ ਹੈ। ਸੱਚ ਪੁੱਛੋਂ ਤਾਂ ਜ਼ਿੰਦਗੀ ਵਿਚਲਾ ਯਥਾਰਥ ਮੇਰੀ ਧੜਕਣ ਲਈ ਚਿੰਤਨ ਤੇ ਸੰਵੇਦਨਾ ਦਾ ਹੇਤੂ ਬਣਦਾ ਰਹਿੰਦਾ ਹੈ। ਪਾਠਕ-ਵਰਗ ਨੂੰ ਵੀ ਅਸਾਡੀ ਇਸ ਧਰਤੀ ਉਤਲਾ ਮਹੱਤਵਪੂਰਣ ਪ੍ਰਕਰਣ ਕਿਹਾ ਜਾ ਸਕਦਾ ਹੈ। ਨਾਵਲ ਦੀਆਂ ਘਟਨਾਵਾਂ ਜ਼ਿੰਦਗੀ ਦੀਆਂ ਘਟਨਾਵਾਂ ਹੁੰਦੀਆਂ ਹਨ ਇੰਝ ਇਹ ਸਾਰਾ ਕੁਝ ਕਲਾਤਮਿਕ-ਵਿਧਾਨ ਤਹਿਤ ਇੱਕ-ਮਿਕ ਹੋਕੇ ਸੁਭਾਵਿਕ ਸਰੂਪ ਵਜੋਂ ਤੁਰਦਾ ਰਹਿੰਦਾ ਹੈ। ਦਰਅਸਲ ਮੇਰੇ ਮਨ ਵਿਚ ਨਾਵਲ ਲਿਖਦਿਆਂ ਸਿਰਜਣਾਤਮਿਕਤਾ ਦੇ ਪ੍ਰਬਲ ਜੁਜ਼ ਪ੍ਰਧਾਨ ਬਣੇ ਰਹਿੰਦੇ ਹਨ।

ਇੰਝ ਮੈਂ ਕਹਿ ਸਕਦਾ ਹਾਂ ਕਿ ਜਦੋਂ ਮੈਂ ਆਪਣਾ ਕੋਈ ਨਾਵਲ ਲਿਖ ਰਿਹਾ ਹੁੰਦਾ ਹਾਂ ਤਦ ਮੇਰੀ ਆਂਤਰਿਕਤਾ ਲਈ ਪ੍ਰਤੀਬੱਧ ਕਿਸਮ ਦੀ ਤਾਤਵਿਕ-ਚੇਤਨਾ ਸ਼੍ਰੋਮਣੀ ਬਣੀ ਰਹਿੰਦੀ ਹੈ। ਰਚਨਾਤਮਿਕਤਾ ਦੀ ਆਪਣੀ ਇਕ ਇਕਾਗਰਤਾ ਹੁੰਦੀ ਹੈ। ਬੱਸ ਉਸ ਇਕਾਗਰਤਾ ਤਹਿਤ ਮੈਂ ਆਪਣਾ ਨਾਵਲ ਲਿਖਦਾ ਰਹਿੰਦਾ ਹਾਂ।

ਮੇਰੇ ਨਾਵਲ ਵਿਅਕਤੀਵਾਦੀ ਵਿਵਹਾਰ ਦੀ ਥਾਵੇਂ ਸਮਾਜਿਕ ਵਿਵਸਥਾ ਤੇ ਵਤੀਰੇ ਦੀ ਬਾਤ ਕਰਨ ਵਾਲੇ ਨਾਵਲ ਹਨ। ਵਿਅਕਤੀ ਤਾਂ ਅਸਾਡੀ ਇਸ ਵਿਵਸਥਾ ਲਈ ਇੱਕ ਸਧਾਰਣ ਜਿਹਾ ਮਜ਼ਬੂਰੀ ਵਾਂਗ ਇੱਕ ਮਜ਼ਬੂਰ ਹਿਦੰਸਾ ਹੁੰਦਾ ਹੈ। ਨਿਰਸੰਦੇਹ ਕਈ ਮਰਦ ਅਗੰਮੜੇ ਵਿਵਸਥਾ ਨੂੰ ਹਲੂਣਦੇ ਵੀ ਰਹਿੰਦੇ ਹਨ। ਭਗਤ ਸਿੰਘ ਵਰਗੀਆਂ ਸ਼ਖਸ਼ੀਅਤਾਂ ਸਮੇਂ ਲਈ ਸ਼ਨਾਖ਼ਤ ਬਣ ਬੈਠਦੀਆਂ ਹਨ।

ਮੇਰੇ ਨਾਵਲਾਂ ਵਿਚ ਭਾਵਨਾਵਾਂ ਦੀ ਪ੍ਰਧਾਨਤਾ ਬਣੀ ਹੋਈ ਹੁੰਦੀ ਹੈ ਕਈ ਵਾਰ ਉੱਚੀਆਂ ਸੁੱਚੀਆਂ ਤੇ ਮਾਨਵਵਾਦੀ ਲੋਕ-ਪੱਖੀ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਪਾਤਰ ਵਿਸ਼ੇਸ਼ ਧਿਆਨ ਦਾ ਸੂਚਕ ਬਣ ਬੈਠਾ ਹੋਵੇ। ਸੋ ਸਮੁੱਚੇ ਪੰਜਾਬੀ ਨਾਵਲ ਦੇ ਸਮੁੱਚ ਬਾਰੇ ਲਿਖਣਾ ਮੇਰੀ ਸਮਰੱਥਾ ਲਈ ਔਖਾ ਹੈ। ਬੱਸ ਮੈਂ ਤਾਂ ਆਪਣੇ ਨਾਵਲਾਂ ਬਾਰੇ ਨਿਰਣਾਤਮਿਕ ਤੌਰ ਤੇ ਆਖ ਸਕਦਾ ਹਾਂ ਕਿ ਇਨ੍ਹਾਂ ਨਾਵਲਾਂ ਦਾ ਨਾਇਕ ਵਿਅਕਤੀ ਹੋਣ ਦੀ ਥਾਵੇਂ ਵਿਵਹਾਰ ਹੀ ਹੁੰਦਾ ਹੈ।

ਦਲਿਤ ਸ਼ਬਦ ਬਹੁਤ ਵੱਡੇ ਅਨਿਆ ਦਾ ਸੂਚਕ ਹੈ। ਬ੍ਰਾਹਮਣਵਾਦੀ ਕੁਲੱਛਣੇ ਕਰਮ ਜਿਉਂ-ਜਿਉਂ ਜ਼ਿੰਦਗੀ ਲਈ ਲਾਹਨਤ ਬਣਦੇ ਰਹੇ ਤਿਉਂ-ਤਿਉਂ ਮਜ਼ਲੂਮ ਕਿਸਮ ਦੀ ਸਮਾਜਿਕ ਸ਼੍ਰੇਣੀ ਦਾ ਜੀਵਨ ਨਰਕ ਬਣਦਾ ਰਿਹਾ। ਇਸ ਸ਼੍ਰੇਣੀ ਦੀ ਸੰਵੇਦਨਾ ਤੇ ਚੇਤਨਾ ਨੂੰ ਖ਼ਤਮ ਕਰ ਦਿੱਤਾ ਗਿਆ। ਬੱਸ ਇਨ੍ਹਾਂ

ਸਤਰਾਂ ਮਗਰੋਂ ਤੁਹਾਡੇ ਪ੍ਰਸ਼ਨ ਲਈ ਮੇਰਾ ਉਤਰ ਇਹ ਹੈ ਕਿ ਮੇਰੇ ਨਾਵਲਾਂ ਦੇ ਦਲਿਤ ਪਾਤਰ ਸੰਵੇਦਨਸ਼ੀਲ ਅਤੇ ਚੇਤਨ ਹਨ।

ਵੇਖਿਆ ਜਾਵੇ ਤਾਂ ਸੰਵੇਦਨਸ਼ੀਲ ਵਿਅਕਤੀ ਹੀ ਚੇਤਨ ਹੋ ਸਕਦਾ ਹੈ। ਇੰਝ ਮੇਰੇ ਨਾਵਲਾਂ ਵਿਚਲੇ ਦਲਿਤ ਪਾਤਰ ਚੇਤਨ ਅਤੇ ਸੰਵੇਦਨਸ਼ੀਲ ਹੀ ਨਹੀਂ ਸਗੋਂ ਉਹ ਵਿਦਰੋਹੀ ਵੀ ਹਨ। 'ਮਿੱਟੀ ਦਾ ਮੁੱਲ' ਨਾਵਲ ਦੇ ਕਥਾਨਕ ਨੂੰ ਗੁਰਸ਼ਰਨ ਭਾਅ ਜੀ ਦੇ ਨਾਟਕੀ ਰੂਪ ਦੁਆਰਾ ਪ੍ਰਸਤੁਤੀ ਕਰਨ ਸਮੇਂ ਇਸ ਵਿਦਰੋਹ ਨੂੰ ਭਲੀ ਪ੍ਰਕਾਰ ਵੇਖਿਆ ਜਾ ਸਕਦਾ ਹੈ। 'ਮੌਤ ਦਰ ਮੌਤ' ਨਾਵਲ ਦੀ ਪਾਤਰ ਜ਼ੈਦੀ ਵੀ ਸੰਵੇਦਨਾਤਮਿਕ ਚੇਤਨਾ ਦਾ ਪ੍ਰਮਾਣ ਹੈ।

ਪੰਜਾਬੀ ਨਾਵਲ ਬਾਰੇ ਨਿਰਣਾ ਕਰਨ ਤੋਂ ਤਾਂ ਮੈਂ ਸੰਕੋਚ ਇਸ ਲਈ ਕਰਦਾ ਹਾਂ ਕਿਉਂਕਿ ਮੈਨੂੰ ਪਲਾਇਨਵਾਦੀ, ਆਦਰਸ਼ਵਾਦੀ, ਰੋਮਾਂਸਵਾਦੀ ਤੇ ਪਰੰਪਰਾਵਾਦੀ, ਵਸਤੂਵਾਦ ਨਾਲ ਸੰਬੰਧਿਤ ਨਾਵਲਾਂ 'ਚ ਕੋਈ ਰੁਚੀ ਨਹੀਂ। ਮੈਂ ਸਾਧਾਰਣ ਜਿਹਾ ਨਾਵਲਕਾਰ ਹੋਣ ਦੇ ਨਾਤੇ ਆਪਣੇ ਸੌਖੇ ਤੇ ਸੁਖਾਲੇ ਨਾਵਲਾਂ ਬਾਰੇ ਦੋ ਚਾਰ ਸਤਰਾਂ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਮੈਂ ਆਪਣੇ ਨਾਵਲਾਂ ਵਿਚ ਬਾਜ਼ਾਰਵਾਦ ਤੇ ਸਾਮੰਤਵਾਦ ਦੀ ਸ਼ੈਤਾਨੀਅਤ ਅਤੇ ਸੁਆਰਥ ਸਦਕਾ ਸਮਾਜ ਦੀਆਂ ਮਰ ਤੇ ਮਿਟ ਰਹੀਆਂ ਸੰਭਾਵਨਾਵਾਂ ਨੂੰ ਲੈ ਕੇ ਥੋੜ੍ਹਾਂ ਬਹੁਤ ਲਿਖਿਆ ਹੈ।

ਜਦੋਂ ਕੋਈ ਸਮਾਜ ਸਦਭਾਵਨਾ ਤੋਂ ਮਨਫ਼ੀ ਹੋ ਬੈਠਦਾ ਹੈ ਤਦ ਉਹ ਭੌਤਿਕਵਾਦ ਤੱਕ ਹੀ ਖੜ੍ਹਾ ਰਹਿੰਦਾ ਹੈ। ਮੇਰਾ ਇੱਕ ਨਾਵਲ ਹੈ 'ਤੂੰ ਕੌਣ ਸੀ?' ਇਸ ਨਾਵਲ ਵਿਚ ਭੌਤਿਕਤਾ ਅਤੇ ਭਾਵਨਾ ਦੇ ਦਵੰਦ ਨੂੰ ਵਿਖਾਇਆ ਗਿਆ ਹੈ। ਇੰਝ 'ਇਤਿਹਾਸ ਦੀ ਆਵਾਜ਼' ਤੇ ਜਵਾਬ ਦੇਹ ਕੌਣ? ਵਰਗੇ ਮੇਰੇ ਨਾਵਲ ਆਪਣੇ ਇਸ ਦੇਸ਼ ਦੀ ਕੌਮੀ ਸਿਆਸਤ ਦੀ ਊਣਤਾਈ ਨੂੰ ਦਰਸਾਉਣ ਵਾਲੇ ਨਾਵਲ ਹਨ। ਸੋ ਮੇਰੀ ਰਚਨਾ ਭਾਵ ਨਾਵਲ ਰਚਨਾ ਦਾ ਸਿਲਸਿਲਾ ਰਾਸ਼ਟਰੀ ਅਤੇ ਅੰਤਰ ਰਾਸਟਰੀ ਰੌਲੇ ਰੱਪੇ ਦੁਆਰਾ ਜਨ-ਸਾਧਾਰਣ ਨਾਲ ਹੋ ਰਹੀਆਂ ਵਧੀਕੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ।

ਇੱਕ ਤੀਖਣ ਅਲਾਂਭੇ ਵਾਂਗ ਅਸਾਡੇ ਸਭ ਦੇ ਅੱਗੇ ਆ ਰਿਹਾ ਹੈ। ਗੱਲ ਬੜੀ ਸਾਫ਼ ਹੈ ਕਿ ਫਿਊਡਲ ਕਿਸਮ ਦੀ ਕਦਮ-ਤਾਲ ਵਿਚ ਪੰਜਾਬੀ ਨਾਵਲ ਸਿਰਜਣਾ ਦਾ ਅਨੁਪਾਤੀ ਤੌਰ 'ਤੇ ਬਹੁਤ ਸਾਰਾ ਹਿੱਸਾ ਉਲਝਿਆ ਹੋਇਆ ਹੈ ਪਰ:

ਇਹ ਅਲਾਂਭੇ ਵਰਗਾ ਪ੍ਰਸ਼ਨ ਸ਼ਤ-ਪ੍ਰਤੀ-ਸ਼ਤ ਵਾਜ਼ਬ ਨਹੀਂ। ਕੀ ਤੁਸੀਂ ਪੰਜਾਬੀ ਭਾਸ਼ਾ ਦੇ ਨਾਵਲ 'ਆਸ-ਅੱਥਰੂ', 'ਕੱਪੜਵਾਸ', 'ਰੱਤਾ ਥੇਹ', 'ਤਾਂਬੇ ਦਾ ਰੰਗ' ਪੜ੍ਹੇ ਹਨ। ਉਹ ਸੀਰੀ ਤੇ ਸੀਰ ਦੇ ਵਿਸ਼ੇ ਨੂੰ ਦਰਸਾਉਂਦੇ ਹਨ। ਏਥੇ ਆ ਕੇ ਜੇਕਰ ਮੈਨੂੰ ਆਪਣੇ ਵੀਹ ਇੱਕੀ ਨਾਵਲਾਂ ਦੇ ਪੈਰਾਂ ਹੇਠ ਲਤਾੜੇ ਜਾ ਰਹੇ ਪਾਤਰਾਂ ਦੀ ਵਾਰਤਾ ਨੂੰ ਹਵਾਲੇ ਵਜੋਂ ਬਿਆਨ ਕਰਨਾ ਪਵੇ ਤਾਂ ਇੱਕ ਪਿਆਰੀ ਜਹੀ ਪੁਸਤਕ ਦੀ ਰਚਨਾ ਹੋ ਜਾਵੇਗੀ। ਅੱਜ ਕੱਲ ਪੰਜਾਬੀ ਨਾਵਲ ਸਿਰਜਣਾ ਵਿਚ ਆਧੁਨਿਕਤਾ ਨੂੰ ਆਧੁਨਿਕ ਬੋਧ ਤਹਿਤ ਅਪਣਾਇਆ ਜਾ ਰਿਹਾ ਹੈ। ਇਸ ਕਾਰਣ ਫਿਊਡਲ ਰਿਸ਼ਤਿਆਂ ਦੀ ਕਮੀਨਗ਼ੀ ਨੂੰ ਅਰਥਚਾਰੇ ਦੇ ਅਰਥ ਸਮਝਕੇ ਬਿਆਨ ਕੀਤਾ ਜਾ ਰਿਹਾ ਹੈ। ਸਮਾਜਿਕ-ਰਹਿਤਲ ਨੂੰ ਨੈਤਿਕਵਾਦੀ ਉਪਦੇਸ਼ ਅਤੇ ਧਾਰਮਿਕ ਪਾਖੰਡ ਕਿਸਮਤੀ ਕਹਿਕੇ ਉਲਝਾ-ਦਰ-ਉਲਝਾ ਪੈਦਾ ਕਰ ਰਿਹਾ ਹੈ।

ਮਨੁੱਖ ਦਾ ਵਿਵਹਾਰ, ਸਿਆਸਤ, ਸੰਸਕ੍ਰਿਤੀ, ਸਾਧਨ, ਸਾਹਿਤ, ਕਲਾ, ਆਰਥਿਕਤਾ, ਸਿੱਖਿਆ ਪ੍ਰਣਾਲੀ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਨਾਲ ਸਭਿਆਚਾਰਕ ਵਧੀਕੀਆ ਕਾਰਣ ਪ੍ਰਭਾਵਿਤ ਹੁੰਦਾ ਰਹਿੰਦਾ ਹੈ। ਬੱਸ ਜੇਕਰ ਤੁਹਾਡੇ ਇਸ ਪ੍ਰਸ਼ਨ ਦਾ ਇੱਕ ਸਤਰ ਵਿਚ ਉਤਰ ਦੇਣਾ ਹੋਵੇ ਤਾਂ ਕਹਿ ਸਕਦਾ ਹਾਂ ਕਿ ਮੈਂ ਇਨ੍ਹਾਂ ਵਧੀਕੀਆਂ ਦੇ ਪਾਜ਼ ਖੋਲਦਾ ਰਹਿੰਦਾ ਹਾਂ ਤੇ ਇੰਝ ਉਹ ਸਪਸ਼ਟਤਾ ਮੇਰੇ ਪਾਠਕਾਂ ਨੂੰ ਸੁਚੇਤ ਕਰਦੀ ਰਹਿੰਦੀ ਹੈ।

ਆਲੋਚਨਾ ਸ਼ਬਦ ਦੀ ਧਾਤੂ 'ਲੁੱਚ' ਹੈ ਲੁਚ ਧਾਤੂ ਤੋਂ ਭਾਵ ਅੱਖ ਸ਼ਬਦ ਵੀ ਬਣਦਾ ਹੈ। ਅੱਖ ਦੁਆਰਾ ਦ੍ਰਿਸ਼ਟੀ ਪੈਦਾ ਹੁੰਦੀ ਹੈ ਲੋਚਨ ਭਗਤ ਵੀ ਹੋਇਆ ਹੈ। ਵੇਖਿਆ ਜਾਵੇ ਤਾਂ ਇੱਕ ਕਥਨ ਅਨੁਸਾਰ ਕਿਹਾ ਜਾਂਦਾ ਹੈ ਕਿ ਅੱਖ ਨੂੰ ਅੱਖ ਹੀ ਵੇਖ ਸਕਦੀ ਹੈ। ਬੱਸ ਮੈਂ ਇਸ ਪ੍ਰਸ਼ਨ ਨੂੰ ਆਹ ਫ਼ਿਕਰਾ ਲਿਖਕੇ ਹੀ ਸਮਾਪਤ ਕਰਦਾ ਹਾਂ ਕਿ ਵਿਵੇਕ ਨੂੰ ਆਲੋਚਨਾ ਤੇ ਆਲੋਚਨਾ ਨੂੰ ਵਿਵੇਕ ਕਿਹਾ ਜਾ ਸਕਦਾ ਹੈ। ਵਿਵੇਕਸ਼ੀਲ ਵਿਦਵਾਨ ਦੁਆਰਾ ਕੀਤਾ ਵਿਸ਼ਲੇਸ਼ਣ ਬੜਾ ਸੂਖਮ, ਸਾਰਥਿਕ, ਸਪਸ਼ਟ, ਸਹਿਜ ਅਤੇ ਸੰਤੁਲਿਤ ਹੁੰਦਾ ਹੈ। ਹੁਣ ਅਗਾਂਹ ਤੁਸੀਂ ਆਪਣੀ ਅਨੁਭੂਤੀ ਅਤੇ ਅਧਿਐਨ ਦਾ ਪ੍ਰਯੋਗ ਕਰ ਸਕਦੇ ਹੋ।



ਮਨੁੱਖੀ ਜੀਵਨ ਦੀਆਂ ਪਰਤਾਂ ਅਤੇ ਪਿਰਤਾਂ ਦੀ ਪਹਿਚਾਣ ਦੇ ਸੰਦਰਭ ਨੂੰ ਜਦੋਂ ਤੱਕ ਸਮਾਜਿਕ ਸੰਵਾਦ ਨਾਲ ਨਹੀਂ ਜੋੜਿਆ ਜਾਂਦਾ ਤਦ ਤੱਕ ਜੀਵਨੀ ਮੂਲਕ ਉਪਨਿਆਸ ਅਧੂਰਾ ਬਣਿਆ ਰਹੇਗਾ। ਇਤਿਹਾਸ ਦੇ ਯਥਾਰਥ ਦੀ ਜਾਣਕਾਰੀ ਲਈ ਅਨੁਭੂਤ ਸ਼ਖਸ਼ੀਅਤ ਹੀ ਕਾਰਗ਼ਰ ਸਿੱਧ ਹੋ ਸਕਦੀ ਹੈ। ਆਹ ਪਿਛਲੇ ਵਰ੍ਹਿਆਂ ਵਿਚ ਜੀਵਨੀ ਮੂਲਕ ਅਤੇ ਇਤਿਹਾਸ ਮੂਲਕ ਨਾਵਲਾਂ ਦੇ ਪੇਤਲੀ ਪੱਧਰ ਦੇ ਕਥਾਨਕ ਕਿਸੇ ਮਹਾਨ ਪ੍ਰਯੋਜਨ ਲਈ ਉਪਯੋਗੀ ਨਹੀਂ ਬਣ ਸਕੇ।

'ਪਿਉ ਪੁੱਤਰ' ਅੰਮ੍ਰਿਤਾ ਤੇ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੀਆਂ ਕਹਾਣੀਆਂ ਵਿਚ ਸ਼ਹਿਰ ਹਨ। ਹੁਣ ਤਾਂ ਨਵੇਂ ਨਾਵਲ ਕਾਰ ਮਹਾਂਨਗਰੀ ਸਭਿਅਤਾ ਦਾ ਜ਼ਿਕਰ ਕਰਦੇ ਹਨ। ਮਿੱਤਰ ਸੈਨ ਮੀਤ ਦੇ ਨਾਵਲ ਸ਼ਹਿਰਾਂ ਨੂੰ ਦਰਸ਼ਾਉਂਦੇ ਹਨ। ਸਤੋਜ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਲੈ ਕੇ ਨਾਵਲ ਲਿਖਿਆ ਹੈ। ਅਜੀਤ ਕੌਰ ਤੇ ਨਛੱਤਰ ਨੇ ਵੀ ਸ਼ਹਿਰੀ ਜੀਵਨ ਦਾ ਬਿਆਨ ਕੀਤਾ ਹੈ।


ਪੰਜਾਬੀ ਨਾਵਲ ਵਿਚ ਨਾਰੀ ਸ਼ਕਤੀ ਤੇ ਸਮਰੱਥਾ ਨੂੰ ਵੀ ਦਰਸਾਇਆ ਗਿਆ ਹੈ। 'ਪੰਚਨਾਦ' ਨਾਵਲ ਨੂੰ ਪੜ੍ਹ ਲੈਣਾ। 'ਰੱਤਾ ਥੇਹ' ਨਾਵਲ ਦੀ ਰੱਤੋ ਰਾਣੀ ਦਾ ਜ਼ਿਕਰ ਸੰਜੀਦਗੀ ਭਰਪੂਰ ਹੈ। ਪੰਜਾਬੀਅਤ ਤਹਿਤ ਧੱਕੜ ਮਨੁੱਖ ਨੇ ਨਾਰੀ ਨੂੰ ਸ਼ੋਸ਼ਿਤ ਕਰੀ ਰੱਖਿਆ। ਕਾਰਣ ਪੰਜਾਬ ਵਿਚਲੀ ਜਾਗੀਰੂ ਸੰਸਕ੍ਰਿਤੀ ਦਾ ਕੁਕਰਮ ਸੀ। ਜਾਗੀਰਦਾਰ, ਸਰਦਾਰੜੇ ਤੇ ਭੂਮੀ-ਪਤੀ ਨੇ ਬਹੁਤ ਸਾਰੇ ਵਰਗ ਨੂੰ ਲਾਗੀ ਤੱਥੀ ਬਣਾਕੇ ਰੱਖਿਆ। ਜੱਟ ਹੈਂਕੜੀ ਦੇ ਘੁਮੰਡ ਨੇ ਇਸਤਰੀ ਨਾਲ ਸ਼ਰੀਰਕ ਬਲਾਤਕਾਰ ਕੀਤਾ। ਇੰਝ ਜ਼ਾਲਮ, ਜ਼ੁਲਮ ਤੇ ਮਜ਼ਲੂਮ ਦੀਆਂ ਬਹੁਤ ਸਾਰੀਆਂ ਕਥਾ ਕਥੌਲੀਆਂ ਦਾ ਬਹੁਤ ਵੱਡਾ ਪਰੰਪਰਾਵਾਦੀ ਸਿਲਸਿਲਾ ਹੈ ਜਿਸਦੀ ਤੁਹਾਡੇ ਨਾਲ ਸਾਂਝ ਪਾਈ ਜਾ ਸਕਦੀ ਹੈ।

ਅੱਜ ਸਮਾਂ ਜਾਗ ਤਾਂ ਰਿਹਾ ਹੈ ਪਰ ਜਾਗ੍ਰਿਤ ਹੋ ਰਹੇ ਸਮੇਂ ਨੂੰ ਜ਼ਖ਼ਮੀ ਵੀ ਕੀਤਾ ਜਾ ਰਿਹਾ ਹੈ। ਨਾਵਲ ਦੇ ਨਾਰੀ ਪਾਤਰ ਜਾਗ੍ਰਿਤ ਹੋ ਰਹੇ ਹਨ ਪਰ ਸਭਿਆਚਾਰ ਦੀ ਕਾਮੁਕਤਾ ਤੇ ਜਾਂ ਕਾਮੁਕਤਾ ਵਾਲੇ ਸਭਿਆਚਾਰ ਨਾਲ ਕਿਸਮ-ਕਿਸਮ ਦੇ ਦੁਖਾਂਤ ਪੈਦਾ ਹੋਣ ਲੱਗ ਪਏ ਹਨ।

## ਅਸਲ ਸੱਚ, ਪੇਸ਼ ਯਥਾਰਥ ਤੋਂ ਹਜਾਰਾਂ ਗੁਣਾ ਕਰੂਰ ਹੈ
## - ਮਿੱਤਰ ਸੈਨ ਮੀਤ

ਸ਼ੁਰੂਆਤ ਕਹਾਣੀਆਂ ਤੋ ਕੀਤੀ। ਉਨਾਂ ਵਿੱਚੋ ਇਕੀ ਕਹਾਣੀਆਂ **ਪੁਨਰਵਾਸ** ਵਿੱਚ ਸ਼ਾਮਲ ਹਨ। ਨਾਵਲ **ਅੱਗ ਦੇ ਬੀਜ** ਦੀ ਰਚਨਾ ਮਈ-ਜੂਨ 1991 ਦੀਆਂ ਛੁਟੀਆਂ ਵਿੱਚ ਹੋਈ। **ਕਾਫ਼ਲਾ** ਨਾਵਲ ਇਸ ਤੋਂ ਬਾਅਦ ਲਿਖਿਆ। ਇਨਾਂ ਵਿਚੋਂ **ਅੱਗ ਦੇ ਬੀਜ** ਦਸੰਬਰ 1991 ਵਿੱਚ ਪ੍ਰਕਾਸ਼ਿਤ ਹੋ ਗਿਆ। **ਕਾਫਲਾ** ਅਤੇ **ਪੁਨਰਵਾਸ** ਦਾ ਪ੍ਰਕਾਸ਼ਨ ਕ੍ਰਮ ਅਨੁਸਾਰ 1986 ਅਤੇ 1987 ਵਿੱਚ ਹੋਇਆ। ਦੂਸਰਾ ਦੌਰ 1984 ਤੋਂ ਸ਼ੁਰੂ ਹੋਇਆ। ਪਹਿਲਾਂ ਕਹਾਣੀਆਂ ਲਿਖੀਆਂ ਜੋ **ਲਾਮ** ਅਤੇ **ਠੋਸ ਸਬੂਤ** ਸੰਗ੍ਰਹਿਾਂ ਵਿੱਚ ਸ਼ਾਮਲ ਹਨ। **ਤਫਤੀਸ਼** ਅਤੇ **ਕਟਿਹਰਾ** ਬਾਅਦ ਵਿੱਚ ਲਿਖਿਆ। ਇਸ ਤਰਾਂ ਇਨਾਂ ਦੋਹਾਂ ਦੌਰਾਂ ਵਿੱਚ ਨਾਵਲ ਅਤੇ ਕਹਾਣੀਆਂ ਦੀ ਸਿਰਜਣਾਂ ਨਾਲੋ-ਨਾਲ ਹੋਈ।

ਮੇਰਾ ਕੰਮ ਬਹੁਤ ਥੋੜਾ ਹੈ। ਨਵੀਂ ਰਚਨਾ ਦਾ ਖ਼ਾਕਾ ਉਲੀਕਣ ਤੋਂ ਪਹਿਲਾਂ ਮੈਂ ਪਹਿਲੇ ਕੰਮ ਨੂੰ ਪੂਰੀ




ਤਰਾਂ ਧਿਆਨ ਵਿੱਚ ਰੱਖਦਾ ਹਾਂ। ਇਸ ਲਈ ਅਨੁਭਵ ਦੇ ਦੁਹਰਾਓ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਮੈਂ ਆਪਣੀ ਰਚਨਾ ਪ੍ਰਕਿਰਿਆ ਦਾ ਇਕ ਹੋਰ ਭੇਤ ਦਸਦਾ ਹਾਂ। ਵੱਡਾ ਨਾਵਲ ਲਿਖਣ ਤੋਂ ਪਹਿਲਾਂ ਮੈਂ ਕੁਝ ਕਹਾਣੀਆਂ ਲਿਖਦਾ ਹਾਂ। ਇੰਜ ਕਰਨ ਨਾਲ ਵੱਡੀ ਗੱਲ ਨੂੰ ਪ੍ਰਭਾਵਸ਼ਾਲੀ ਅਤੇ ਥੋੜੇ ਸ਼ਬਦਾਂ ਵਿੱਚ ਪੇਸ਼ ਕਰਨ ਦੀ ਜਾਂਚ ਆ ਜਾਂਦੀ ਹੈ। ਫਿਰ ਨਾਵਲ ਲਿਖਣ ਵਿੱਚ ਬਹੁਤੀ ਔਖ ਮਹਿਸੂਸ ਨਹੀਂ ਹੁੰਦੀ। ਪਹਿਲਾਂ ਮੈਂ ਨਾਵਲ ਦੇ ਵਿਸ਼ੇ ਨੂੰ ਕਹਾਣੀ ਵਿੱਚ ਸਮੇਟ ਕੇ ਪਾਠਕਾਂ ਅੱਗੇ ਰੱਖਦਾ ਹਾਂ ਅਤੇ ਉਨਾਂ ਦਾ ਪ੍ਰਤੀਕਰਮ ਜਾਣਦਾ ਹਾਂ। ਜੇ ਹੁੰਗਾਰਾ ਹਾਂ ਪੱਖੀ ਹੋਵੇ ਤਾਂ ਨਾਵਲ ਸ਼ੁਰੂ ਕਰਦਾ ਹਾਂ। ਨਹੀਂ ਉਸ ਵਿਸ਼ੇ ਉੱਪਰ ਨਾਵਲ ਲਿਖਣ ਤੋਂ ਗੁਰੇਜ ਕਰਦਾ ਹਾਂ। ਨਾਵਲ **ਅੱਗ ਦੇ ਬੀਜ**, '**ਮਸਲਾ**' ਕਹਾਣੀ ਦਾ ਵਿਸਤਰਤ ਰੂਪ ਹੈ। **ਤਫਤੀਸ਼** '**ਖ਼ਾਨਾ ਪੂਰੀ**' ਕਹਾਣੀ ਉੱਪਰ ਆਧਾਰਤ ਹੈ। ਇਨੇ ਕੁ ਦੁਹਰਾਓ ਨੂੰ ਛੱਡ ਕੇ, ਮੇਰੀਆਂ ਕਹਾਣੀਆਂ ਅਤੇ ਨਾਵਲਾਂ ਵਿੱਚ ਕਿਤੇ ਕੋਈ ਦੁਹਰਾਓ ਨਹੀਂ ਹੈ।

ਅਸਲ ਸੱਚ ਪੇਸ਼ ਯਥਾਰਥ ਤੋਂ ਹਜਾਰਾਂ ਗੁਣਾ ਕਰੂਰ ਹੈ ਮੈਂ ਕੇਵਲ ਉਹੋ ਸੱਚ ਪੇਸ਼ ਕੀਤਾ ਹੈ ਜੋ ਆਮ ਨਜ਼ਰ ਆਉਂਦਾ ਹੈ ਲੱਖ ਜਤਨਾਂ ਦੇ ਬਾਵਜੂਦ ਕਥਨੀਂ ਅਤੇ ਕਰਨੀ ਵਿਚ ਫਰਕ ਰਹਿ ਜਾਂਦਾ ਹੈ ਮੈਂ ਇਕ ਸਰਕਾਰੀ ਕਰਮਚਾਰੀ ਸਾਂ ਅਤੇ ਬੰਦਸ਼ਾਂ ਵਿਚ ਬੱਝਿਆ ਹੋਇਆ ਸਾਂ ਸਭ ਕੁਝ ਆਪਣੀ ਮਰਜੀ ਨਾਲ ਨਹੀਂ ਕਰ ਸਕਦਾ ਵਰਤਾਰਾ ਏਨਾ ਪਚੀਦਾ ਹੈ ਕਿ ਆਪਣੀ ਮਰਜੀ ਦਾ ਮਾਲਕ ਇਕ ਆਜ਼ਾਦ ਵਕੀਲ ਵੀ ਸੱਚ ਦਾ ਪੱਲਾ ਫੜਕੇ, ਆਪਣੇ ਫ਼ਰਜ਼ ਨਹੀਂ ਨਿਭਾ ਸਕਦਾ ਜੇ ਉਹ ਇੰਜ ਕਰਨ ਲੱਗੇਗਾ ਤਾਂ ਉਸਨੂੰ ਭੁੱਖਾ ਮਰਨਾ ਪਵੇਗਾ ਫਿਰ ਵੀ ਮੈਂ ਬਹੁਤਿਆ ਨਾਲੋਂ ਵਿੱਥ ਬਣਾਈ ਹੋਈ ਹੈ ਅਤੇ ਪ੍ਰਸਤਤ ਆਦਰਸ਼ਾਂ ਉੱਪਰ ਚੱਲਣ ਦਾ ਜਤਨ ਕਰਦਾ ਰਹਿੰਦਾ ਹਾਂ ਭਾਵੇਂ ਇਸ ਦੇ ਮੈਨੂੰ ਨਤੀਜੇ ਵੀ ਭੁਗਤਣੇ ਪੈਂਦੇ ਹਨ

ਮੇਰੇ ਸਾਰੇ ਨਾਵਲ ਕਿਉਂਕਿ ਇਕੋ ਵਿਸ਼ੇ, **ਫੌਜਦਾਰੀ ਨਿਆਂ ਪ੍ਰਬੰਧ**, ਨਾਲ ਸੰਬੰਧਤ ਹਨ ਇਸ ਲਈ ਇਨ੍ਹਾਂ ਨੂੰ ਸਮਝਣ ਲਈ ਇਸ ਪ੍ਰਬੰਧ ਬਾਰੇ ਸੰਖੇਪ ਵਿਚ ਜਾਨਣਾ ਜਰੂਰੀ ਹੈ ਇਸ ਪ੍ਰਬੰਧ ਦੀ ਸਥਾਪਨਾ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਅਤੇ ਇਨਸਾਫ਼ ਦੇਣ ਲਈ ਕੀਤੀ ਜਾਂਦੀ ਹੈ ਪੁਲਿਸ ਵਿਭਾਗ ਇਸ ਪ੍ਰਬੰਧ ਦੀ ਪਹਿਲੀ ਕੜੀ ਹੈ ਪੁਲਿਸ ਦੀ ਮੁਢਲੀ ਜ਼ਿੰਮੇਵਾਰੀ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਜੁਰਮ ਨੂੰ ਹੋਣ ਤੋਂ ਰੋਕਣਾ ਹੈ ਜੇ ਫੇਰ ਵੀ ਜੁਰਮ ਹੋ ਜਾਵੇ ਤਾਂ ਮੁਜਰਮਾਂ ਨੂੰ ਫੜਨਾ, ਉਨ੍ਹਾਂ ਵਿਰੁੱਧ ਸਬੂਤ ਇਕੱਠੇ ਕਰਨਾ ਅਤੇ ਰਿਪੋਰਟ (ਚੱਲਾਨ) ਤਿਆਰ ਕਰਕੇ ਯੋਗ ਸਜਾ ਲਈ ਅਦਾਲਤ ਵਿਚ ਪੇਸ਼ ਕਰਨਾ ਹੈ

ਨਿਆ-ਪਾਲਿਕਾ ਇਸ ਪ੍ਰਬੰਧ ਦੀ ਦੂਜੀ ਕੜੀ ਹੈ ਇਸ ਸੰਸਥਾ ਨੇ ਪੁਲਿਸ ਵਲੋਂ ਇਕੱਠੇ ਕੀਤੇ ਸਬੂਤਾਂ ਦੀ ਘੋਖ ਨਿਰਪੱਖਤਾ ਨਾਲ ਕਰਨੀ ਹੁੰਦੀ ਹੈ ਜੇ ਦੋਸ਼ ਸਿੱਧ ਹੋ ਜਾਣ ਤਾਂ ਦੋਸ਼ੀ ਨੂੰ ਸਜ਼ਾ ਦੇਣੀ ਹੁੰਦੀ ਹੈ ਜੇ ਮਾਮਲਾ ਸ਼ੱਕੀ ਜਾਪੇ ਤਾਂ ਦੋਸ਼ੀ ਨੂੰ ਬਰੀ ਕਰਨਾ ਹੁੰਦਾ ਹੈ ਅਦਾਲਤਾਂ ਵਲੋਂ ਦੋਸ਼ੀ ਠਹਿਰਾਏ ਮੁਜ਼ਰਿਮਾਂ ਨੂੰ ਸਜ਼ਾ ਭੁਗਤਣ ਲਈ ਚਾਰ ਦੀਵਾਰੀ (ਜੇਲ੍ਹ) ਵਿਚ ਬੰਦ ਕਰ ਦਿੱਤਾ ਜਾਂਦਾ ਹੈ

ਸੁਧਰਨ ਯੋਗ ਦੋਸ਼ੀਆਂ ਨੂੰ ਸੁਧਰਨ ਦੇ ਮੌਕੇ ਦੇ ਕੇ ਉਨ੍ਹਾਂ ਦੇ ਪੁਨਰਵਾਸ ਦਾ ਪ੍ਰਬੰਧ ਕਰਨਾ ਜੇਲ੍ਹ ਵਿਭਾਗ ਦਾ ਮੁੱਖ ਉਦੇਸ਼ ਹੈ ਜਿਹੜੇ ਮੁਜਰਿਮ ਪੱਕੜ ਅਤੇ ਪੇਸ਼ਾਵਰ ਬਣ ਜਾਣ ਉਨ੍ਹਾਂ ਨੂੰ ਸਮਾਜ ਤੋਂ ਦੂਰ ਰੱਖਣ ਲਈ ਕੈਦ ਕੋਠੜੀਆਂ ਵਿਚ ਤਾੜੀ ਰੱਖਣਾ ਵੀ ਇਸ ਵਿਭਾਗ ਦੀ ਜ਼ੁੰਮੇਵਾਰੀ ਹੈ

ਸਿਧਾਂਤਕ ਰੂਪ ਵਿਚ ਫੌਜ਼ਦਾਰੀ ਨਿਆਂ ਪ੍ਰਬੰਧ ਦੀਆਂ ਜਿੰਮੇਵਾਰੀਆਂ ਜਿੰਨੀਆਂ ਅਹਿਮ ਹਨ



ਅਮਲੀ ਰੂਪ ਵਿਚ ਇਹ ਸੰਸਥਾਵਾਂ ਆਪਣੇ ਉਦੇਸ਼ ਤੋਂ ਉਨ੍ਹੀਆਂ ਹੀ ਭਟਕਦੀਆਂ ਹੋਈਆਂ ਹਨ ਪੁਲਿਸ ਵਿਭਾਗ ਵਾਂਗ ਜੇਲ੍ਹ ਵਿਭਾਗ ਵੀ ਗਰਕ ਚੁੱਕਾ ਹੈ **ਸੁਧਾਰ ਘਰ**, **ਵਿਗਾੜ ਘਰ** ਜਾਂ ਆਖੋ **ਬਘਿਆੜ ਘਰ** ਬਣ ਚੁੱਕੇ ਹਨ ਜੇਲੋਂ ਕੈਦੀ ਚੰਗੇ ਸ਼ਹਿਰੀ ਬਣਨ ਦੀ ਥਾਂ ਪੇਸ਼ਾਵਰ ਮੁਜ਼ਰਿਮ ਬਣ ਕੇ ਨਿਕਲਦੇ ਹਨ ਨਿਆਂ-ਪਾਲਿਕਾਂ ਦਾ ਵੀ ਇਹੋ ਹਾਲ ਹੈ ਲੋਕਾਂ ਦੀ ਆਖ਼ਰੀ ਆਸ ਅਦਾਲਤਾਂ ਉਪਰ ਟਿੱਕੀ ਹੁੰਦੀ ਹੈ ਇਨਸਾਫ਼ ਪ੍ਰਾਪਤੀ ਦੇ ਜਦੋਂ ਸਾਰੇ ਰਾਹ ਬੰਦ ਹੋ ਜਾਣ ਤਾਂ ਲੋਕ ਅਦਾਲਤ ਦਾ ਦਰਵਾਜ਼ਾ ਖਟਖਟਾਉਂਦੇ ਹਨ ਜੇ ਇਥੋਂ ਵੀ ਇਨਸਾਫ਼ ਦੀ ਸੰਭਾਵਨਾ ਖਤਮ ਹੋ ਜਾਵੇ ਤਾਂ ਲੋਕ ਕਿਧਰ ਨੂੰ ਜਾਣ? ਆਪਣੀ ਇਹੋ ਚਿੰਤਾ ਪ੍ਰਗਟਾਉਣ ਲਈ ਅਤੇ ਲੋਕਾਂ ਨੂੰ ਇਹ ਸਮਝਾਉਣ ਲਈ ਕਿ ਉਹ ਇਸ ਭੁਲੇਖੇ ਵਿਚ ਨਾ ਰਹਿਣ ਕਿ ਅਦਾਲਤਾਂ ਵਿਚ ਇਨਸਾਫ਼ ਮਿਲਦਾ ਹੈ, ਮੈਂ ਇਨ੍ਹਾਂ ਨਾਵਲਾਂ ਦੀ ਰਚਨਾ ਕੀਤੀ ਹੈ ਇਸ ਖੌਫ਼ਨਾਕ ਚੱਕਰਵਿਊ ਵਿਚੋਂ ਕਿਸ ਤਰ੍ਹਾਂ ਨਿਕਲਣਾ ਹੈ ਕੁਝ ਇਹ ਦੱਸਣ ਦਾ ਯਤਨ ਵੀ ਕੀਤਾ ਹੈ

ਤਫ਼ਤੀਸ਼' ਨਾਵਲ ਲਿਖ ਕੇ ਮੇਰੇ ਮਨ ਦੀ ਸਾਰੀ ਭੜਾਸ ਨਿਕਲ ਗਈ ਪੁਲਿਸ ਸਭਿਆਚਾਰ ਬਾਰੇ ਜੋ ਕੁਝ ਵੀ ਲਿਖਿਆ ਜਾ ਸਕਦਾ ਸੀ ਉਹ ਇਸ ਨਾਵਲ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋ ਚੁੱਕਾ ਸੀ ਇਸ ਨਾਵਲ ਨੂੰ ਛਪਿਆ ਹੁਣ 22 ਸਾਲ ਹੋ ਗਏ ਹਨ ਅੱਜ ਤੱਕ ਮੈਨੂੰ ਇਕ ਗੱਲ ਵੀ ਅਜਿਹੀ ਨਹੀਂ ਸੁੱਝੀ ਜੋ ਲਿਖਣੀ ਰਹਿ ਗਈ ਹੋਵੇ ਅੱਜ ਤੱਕ ਪੁਲਿਸ ਸਭਿਆਚਾਰ ਵਿਚ ਕੋਈ ਅਜਿਹੀ ਖਾਸ ਤਬਦੀਲੀ ਨਹੀਂ ਆਈ ਜੋ ਨਾਵਲ ਵਿਚ ਸੋਧ ਦੀ ਮੰਗ ਕਰਦੀ ਹੋਵੇ

**ਤਫ਼ਤੀਸ਼** ਨਾਵਲ ਲਿਖਦੇ ਸਮੇਂ ਮੇਰੇ ਜਿਹਨ ਵਿਚ ਕਟਹਿਰਾ ਨਾਵਲ ਲਿਖਣ ਦੀ ਕੋਈ ਯੋਜਨਾ ਨਹੀਂ ਸੀ ਆਪਣਾ ਸਾਰਾ ਅਨੁਭਵ ਤਫ਼ਤੀਸ਼ ਨਾਵਲ ਵਿਚ ਪੇਸ਼ ਕਰਨ ਬਾਅਦ ਮੇਰੇ ਵਿਚ ਖੜੋਤ ਆ ਗਈ ਉਧਰ ਤਫ਼ਤੀਸ਼ ਉਪਰ ਭਰਪੂਰ ਬਹਿਸ ਛਿੜ ਪਈ ਇਕ ਸੈਮੀਨਾਰ ਦੌਰਾਨ ਬੋਲਦੇ ਹੋਏ ਮੈਨੂੰ ਮਹਿਸੂਸ ਹੋਇਆ ਕਿ ਮੇਰਾ ਅਨੁਭਵ ਪੁਲਿਸ ਸਭਿਆਚਾਰ ਤੱਕ ਹੀ ਸੀਮਤ ਨਹੀਂ ਹੈ ਪੁਲਿਸ ਵਿਭਾਗ ਤਾਂ ਫੌਜਦਾਰੀ ਨਿਆਂ ਪ੍ਰਬੰਧ ਦੀ ਕੇਵਲ ਇਕ ਸੰਸਥਾ ਹੈ ਮੈਨੂੰ ਬਾਕੀ ਦੀਆਂ ਦੋਵਾਂ ਸੰਸਥਾਵਾਂ, ਨਿਆਂ ਪਾਲਿਕਾ ਅਤੇ ਜੇਲ੍ਹ ਪ੍ਰਬੰਧ ਬਾਰੇ ਵੀ ਲਿਖਣਾ ਚਾਹੀਦਾ ਹੈ ਉਸੇ ਸੈਮੀਨਾਰ ਵਿਚ ਮੈਂ ਘੋਸ਼ਣਾ ਕੀਤੀ ਕਿ ਮੈਂ '**ਕਟਹਿਰਾ**' ਅਤੇ '**ਸੁਧਾਰ ਘਰ**' ਵੀ ਲਿਖਾਂਗਾ

ਮਾਰਕਸੀ ਫ਼ਲਸਫ਼ਾ ਕਾਨੂੰਨ ਦੇ ਜਮਾਤੀ ਦ੍ਰਿਸ਼ਟੀਕੋਣ ਉੱਪਰ ਵੀ ਚਾਨਣ ਪਾਉਂਦਾ ਹੈ ਇਸ ਸਿਧਾਂਤ ਕਾਰਨ ਮੈਨੂੰ ਇਹ ਸਮਝ ਆਇਆ ਕਿ ਹਰ ਜੁਰਮ ਪਿਛੇ ਮੁਜ਼ਰਿਮ ਦੀ ਜਮਾਤੀ ਸੋਚ ਕੰਮ ਕਰ ਰਹੀ ਹੁੰਦੀ ਹੈ ਇਹ ਵੀ ਪਤਾ ਲੱਗਾ ਕਿ ਹਰ ਵਰਗ ਦੇ ਜੁਰਮ ਵੱਖਰੇ ਹੁੰਦੇ ਹਨ ਇਸ ਸਿਧਾਂਤ ਨੂੰ ਤੱਥਾਂ ਦੀ ਕਸੌਟੀ ਤੇ ਪਰਖਣ ਲਈ ਮੈਂ ਕੁਸ਼ਟ ਆਸ਼ਰਮਾਂ, ਸਾਂਸੀਆਂ ਦੀਆਂ ਕੁੱਲੀਆਂ, ਦਲਿਤਾਂ ਦੇ ਵੇਹੜਿਆਂ, ਜੱਟਾਂ ਦੀਆਂ ਪੱਤੀਆਂ ਅਤੇ ਮਾਡਲ ਟਾਊਨਾਂ ਦੀ ਕੋਠੀਆਂ ਵਿਚ ਘੁੰਮਿਆ **ਤਫ਼ਤੀਸ਼** ਦੇ ਤਲਾਸ਼ੀਆਂ ਵਾਲੇ ਕਾਂਡਾਂ ਅਤੇ **ਸੁਧਾਰ ਘਰ** ਦੀਆਂ ਵੱਖ-ਵੱਖ ਬੈਰਕਾਂ ਨਾਲ ਸੰਬੰਧਤ ਕਾਂਡਾਂ ਰਾਹੀਂ ਜੁਰਮਾਂ ਦੇ ਜਮਾਤੀ ਕਿਰਦਾਰਾਂ ਦੀਆਂ ਪਰਤਾਂ ਇਸ ਸਮਝ ਕਾਰਣ ਹੀ ਫਰੋਲ ਹੋ ਸਕੀਆਂ

ਦੋਵੇਂ ਨਾਵਲ ਵੱਖ -ਵੱਖ ਵਿਸ਼ਿਆਂ (ਪੁਲਿਸ ਪ੍ਰਬੰਧ ਅਤੇ ਨਿਆਂ ਪ੍ਰਬੰਧ ) ਨਾਲ ਸੰਬੰਧਤ ਹਨ। ਦੋਵਾਂ ਨਾਵਲਾਂ ਵਿਚ ਇਨਾਂ ਪ੍ਰਬੰਧਾਂ ਨਾਲ ਸੰਬੰਧਤ ਪਾਤਰ ਅਤੇ ਘਟਨਾਵਾਂ ਪੇਸ਼ ਹੋਈਆਂ ਹਨ । ਸਿਪਾਹੀਆਂ, ਜੱਜਾਂ ਅਤੇ ਡਕੈਤੀਆਂ ਆਦਿ ਦਾ ਦੋਵਾਂ ਨਾਵਲਾਂ ਵਿਚ ਜਿਕਰ, ਓਪਰੀ ਨਜ਼ਾਰੇ ਦਹਰਾਓ ਨਜਰ ਆਉਂਦਾ ਹੈ। ਅਸਲ ਵਿਚ ਦਹਰਾਓ ਨਹੀਂ ਹੈ। ਕਿਰਸਾਨੀ ਨਾਲ ਸੰਬੰਧਤ ਹਰ ਨਾਵਲ ਵਿਚ ਜੱਟ, ਜ਼ਮੀਨ ਅਤੇ ਸੀਰੀ ਦਾ ਹੋਣਾ ਜਰੂਰੀ ਹੈ। ਵਰਜਿਤ ਰਿਸ਼ਤਿਆਂ ਵਾਲੇ ਨਾਵਲ ਵਿਚ ਔਰਤ,ਮਰਦ ਅਤੇ ਤੀਸਰੇ ਅਜਿਹੇ ਪਾਤਰ ਦਾ ਜਿਸ ਦਾ ਔਰਤ/ਮਰਦ ਨਾਲ ਵਰਜਿਤ ਰਿਸ਼ਤਾ ਹੋਵੇ। ਜੇ ਇਨਾਂ

ਨਾਵਲਾਂ ਵਿਚ, ਇਨਾਂ ਤੱਤਾਂ ਦੀ ਹੋਂਦ ਨੂੰ ਦੁਹਰਾਓ ਨਹੀਂ ਮੰਨਿਆ ਜਾਂਦਾ ਤਾਂ ਦੋਹਾਂ ਨਾਵਲਾਂ ਵਿਚ ਥਾਣੇਦਾਰਾਂ, ਮੁਨਸ਼ੀਆਂ, ਮੁਖਬਰਾਂ, ਗਵਾਹਾਂ ਅਤੇ ਵਕੀਲਾਂ ਦੇ ਜਿਕਰ ਕਾਰਨ ਦੁਹਰਾਓ ਕਿਸ ਤਰਾਂ ਬਣ ਗਿਆ, **ਕਟਿਹਰਾ** ਨਾਵਲ ਵਿਚ ਮੈਂ ਉਨ੍ਹਾਂ ਸਾਧਨਹੀਣ ਮਜ਼ਲੂਮਾਂ ਦਾ ਪੱਖ ਪੇਸ਼ ਕੀਤਾ ਹੈ ਜਿਨ੍ਹਾਂ ਨੂੰ ਨਿਰਦੋਸ਼ ਹੁੰਦੇ ਹੋਏ ਵੀ ਪੁਲਿਸ ਅਤੇ ਨਿਆਂ-ਪਾਲਿਕਾ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਬੇਕਸੂਰ ਹੁੰਦਿਆ ਹੋਇਆ ਵੀ ਸਜਾਵਾਂ ਸੁਣਨੀਆਂ ਪੈਂਦੀਆਂ ਹਨ ਫ਼ੌਜਦਾਰੀ ਨਿਆਂ ਪ੍ਰਬੰਧ ਦੀਆਂ ਕਮਜ਼ੋਰੀਆਂ ਦਾ ਇਹ ਇਕ ਪਹਿਲੂ ਹੈ

**'ਕੌਰਵ ਸਭਾ'** ਵਿਚ ਦੂਸਰਾ ਪਹਿਲੂ ਛੋਹਿਆ ਗਿਆ ਹੈ ਪੈਸੇ ਅਤੇ ਸੰਪਰਕਾਂ ਦੇ ਜ਼ੋਰ 'ਤੇ ਦੋਸ਼ੀ ਹੁੰਦੇ ਹੋਏ ਵੀ ਸਾਧਨ ਸੰਪੰਨ ਲੋਕ ਕਿਸ ਤਰ੍ਹਾਂ ਕਾਨੂੰਨ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਬਾਇੱਜ਼ਤ ਬਰੀ ਹੋ ਜਾਂਦੇ ਹਨ, ਇਸ ਨਾਵਲ ਵਿਚ ਮੈਂ ਇਹ ਪੱਖ ਪੇਸ਼ ਕੀਤਾ ਹੈ ਕਾਨੂੰਨ ਪੀੜਤਾਂ ਦੀ ਥਾਂ ਮੁਲਜ਼ਮਾਂ ਦੇ ਹੱਕ ਵਿਚ ਕਿਉਂ ਅਤੇ ਕਿਸ ਤਰ੍ਹਾਂ ਭੁਗਤਦਾ ਹੈ ਇਸ ਨਾਵਲ ਵਿਚ ਇਸ ਰਹੱਸ ਦਾ ਪਰਦਾ ਫਾਸ਼ ਕੀਤਾ ਗਿਆ ਹੈ **ਕਟਹਿਰਾ** ਇਨਸਾਫ਼ ਦੀ ਤੱਕੜੀ ਦਾ ਇਕ ਪਲੜਾ ਹੈ ਅਤੇ **ਕੌਰਵ ਸਭਾ** ਦੂਸਰਾ ਦੋਵੇਂ ਨਾਵਲ ਇਕ ਦੂਜੇ ਦੇ ਪੂਰਕ ਹਨ ਅਤੇ ਇਨਸਾਫ਼ ਦੀ ਤੱਕੜੀ ਦੇ ਪੱਲੇ ਕਿਧਰ ਨੂੰ ਅਤੇ ਕਿਉਂ ਝੁਕਦੇ ਹਨ, ਇਹ ਸਮਝਣ ਵਿਚ ਪਾਠਕ ਦੀ ਮਦਦ ਕਰਦੇ ਹਨ ਸਿਧਾਂਤਕ ਰੂਪ ਵਿਚ ਇਸ ਨਾਵਲ ਰਾਹੀਂ ਮੈਂ ਪੂੰਜੀਪਤੀ ਵਰਗ ਦੇ ਹੋਂਦ ਵਿਚ ਆਉਣ ਦੇ ਸ੍ਰੋਤਾਂ, ਉਨ੍ਹਾਂ ਦੀ ਨਿਮਨ ਵਰਗ ਨੂੰ ਹੜਪਣ ਦੀ ਪ੍ਰਵਿਰਤੀ, ਮਹਾਂ ਨਗਰੀ ਅਤੇ ਸ਼ਹਿਰੀ ਸਭਿਆਚਾਰ ਦੇ ਤੁਲਨਾਤਮਕ ਅਧਿਐਨ ਅਤੇ ਆਰਥਿਕਤਾ ਦੇ ਆਧਾਰ ਤੇ ਬਣਦੇ ਵਿਗੜਦੇ ਰਿਸ਼ਤਿਆਂ ਨੂੰ ਕੇਂਦਰ ਵਿਚ ਰੱਖਿਆ ਹੈ ਮੈਂ ਕਲਾ ਦੇ ਲੋਕਪੱਖੀ ਹੋਣ ਦਾ ਹਾਮੀ ਹਾਂ। ਕਾਮ ਉਕਸਾਊ ਸਾਹਿਤ ਨੂੰ ਨਫ਼ਰਤ ਕਰਦਾ ਹਾਂ। ਸਾਹਿਤ ਨੂੰ ਸਦਾ ਲੋਕਾਂ ਦੇ ਦੁੱਖ-ਦਰਦ ਪ੍ਰਗਟਾਉਣ ਵਾਲਾ, ਨਿਰਾਸ਼ ਕਰਨ ਦੀ ਥਾਂ ਸੰਘਰਸ਼ਾਂ ਲਈ ਪ੍ਰੇਰਨ ਵਾਲਾ ਅਤੇ ਕਲਾਤਮਕ ਸੁਹਜ ਪੈਦਾ ਕਰਨ ਵਾਲਾ, ਹੋਣਾ ਚਾਹੀਦਾ ਹੈ।

## ਪੰਜਾਬੀ ਨਾਵਲ ਨਾਇਕ ਦੀ ਮਿੱਥ ਤੋਂ ਮੁਕਤ ਹੋ ਰਿਹਾ ਹੈ
## -ਹਰਜੀਤ ਅਟਵਾਲ




ਮੈਂ ਨਾਵਲ ਨੂੰ ਨਹੀਂ ਚੁਣਿਆਂ ਬਲਕਿ ਨਾਵਲ ਨੇ ਮੈਨੂੰ ਚੁਣਿਆਂ ਹੋਇਆ ਸੀ। ਪਹਿਲੀਆਂ ਵਿਚ ਹੀ ਮੈਨੂੰ ਪਤਾ ਸੀ ਕਿ ਮੇਰੀ ਮੰਜ਼ਲ ਨਾਵਲ ਹੈ। ਮੈਂ ਬਚਪਨ ਵਿਚ ਸਭ ਤੋਂ ਪਹਿਲਾਂ ਨਾਵਲ ਹੀ ਪੜ੍ਹਿਆ। ਭਾਵੇਂ ਮੈਂ ਥੋੜੀ ਬਹੁਤ ਕਵਿਤਾ ਲਿਖੀ ਹੈ ਪਰ ਇਸ ਨਾਲ ਮੇਰੀ ਸਾਂਝ ਨਹੀਂ ਪੈ ਸਕੀ। ਕਹਾਣੀ ਮੈਂ ਇਸ ਕਰਕੇ ਲਿਖੀ ਕਿ ਨਾਵਲ ਲਿਖਣ ਦੀ ਮੇਰੀ ਸਮਰਥਾ ਹਾਲੇ ਨਹੀਂ ਸੀ। ਸਭ ਤੋਂ ਪਹਿਲਾਂ ਮੈਂ ਨਾਵਲ ਹੀ ਛਪਵਾਉਣਾ ਸੀ। ਮੈਂ ਪਹਿਲੀਆਂ ਵਿਚ ਇਕ ਨਾਵਲ ਲਿਖਿਆ ਸੀ ਪਰ ਜਦ ਮੈਂ ਇਸ ਨੂੰ ਪੜ੍ਹ ਕੇ ਦੇਖਿਆ ਤਾਂ ਲੱਗਿਆ ਕਿ ਹਾਲੇ ਮੇਰੇ ਕੋਲ ਨਾਵਲ ਲਿਖਣ ਜੋਗਾ ਅਨੁਭਵ ਨਹੀਂ ਹੈ। ਫਿਰ ਅਜਿਹਾ ਸਮਾਂ ਆਇਆ ਕਿ ਮੈਨੂੰ ਜਾਪਦਾ ਸੀ ਕਿ ਮੈਂ ਨਾਵਲ ਲਿਖ ਸਕਦਾ ਹਾਂ, ਅਨੁਭਵ ਵੀ ਹੈ ਪਰ ਸਮਾਂ ਨਹੀਂ ਸੀ। ਮੈਂ ਕਹਾਣੀਆਂ ਹੀ ਲਿਖਦਾ ਰਿਹਾ। ਮੈਂ ਆਪਣਾ ਪਹਿਲਾ ਨਾਵਲ 'ਵਨ ਵੇਅ' ਲਿਖਣ ਨੂੰ ਬਹੁਤ ਵਕਤ ਲਗਾ ਦਿਤਾ। ਇਹ ਨਾਵਲ ਲਿਖਦਿਆਂ ਮੈਂ ਆਪਣੀ ਇਸ ਮਨਪਸੰਦ ਵਿਧਾ ਨੂੰ ਏਨਾ ਮਾਣਿਆਂ ਕਿ ਮੁੜ ਕੇ ਮੈਨੂੰ ਕਹਾਣੀ ਸੁਝਣੀ ਬਹੁਤ ਘਟ ਗਈ। ਜਦ ਵੀ



ਕੁਝ ਸੁਝਦਾ ਤਾਂ ਉਹ ਨਾਵਲ ਬਣਨ ਲੱਗਦਾ। ਕਹਾਣੀ ਮੈਨੂੰ 'ਫਿਲਰ' ਵਾਂਗ ਜਾਪਦੀ ਹੈ, ਜਿਥੇ ਕਦੇ ਵੀ ਨਾਵਲ ਲਿਖਦਿਆਂ ਗੈਪ ਨਜ਼ਰ ਆਵੇ ਤਾਂ ਕਹਾਣੀ ਲਿਖ ਲਈ ਜਾਵੇ। ਨਾਨਕ ਸਿੰਘ, ਕੰਵਲ ਤੇ ਗੁਰਦਿਆਲ ਸਿੰਘ ਨੇ ਵੀ 'ਫਿਲਰ ਕਹਾਣੀਆਂ ਲਿਖੀਆਂ ਹਨ।

ਮੈਂ ਨਾਵਲ ਨੂੰ ਇਕ ਪਰੋਜੈਕਟ ਬਣਾ ਕੇ ਲਿਖਦਾ ਹਾਂ। ਨਾਵਲ ਦੀ ਪੂਰੀ ਕਹਾਣੀ ਮੇਰੇ ਮਨ ਵਿਚ ਹੁੰਦੀ ਹੈ ਬਸ ਮੈਂ ਸੋਚਦਾ ਰਹਿੰਦਾ ਹਾਂ ਕਿ ਆਪਣੀ ਗੱਲ ਕਿਵੇਂ ਕਹਿਣੀ ਹੈ। ਪਹਿਲੇ ਨਾਵਲ ਨੂੰ ਲਿਖਣ ਲਈ ਦਸ ਸਾਲ ਲਗ ਗਏ ਇਸ ਦਾ ਇਕ ਕਾਰਣ ਇਹ ਵੀ ਸੀ ਕਿ ਮੈਂ ਇਸ ਦੀ ਸ਼ੈਲੀ ਉਪਰ ਜ਼ਿਆਦਾ ਦੇਰ ਕੰਮ ਕਰਦਾ ਰਿਹਾ ਸਾਂ। ਪਹਿਲੇ ਦੋ ਨਾਵਲ 'ਵਨ ਵੇਅ' ਤੇ 'ਰੇਤ' ਤਾਂ ਮੇਰੇ ਮਨ ਵਿਚ ਲਿਖੇ ਹੀ ਪਏ ਸਨ। ਇਹ ਬਿਲਕੁਲ ਉਵੇਂ ਹੀ ਸੀ ਕਿ ਜਿਵੇਂ ਹਰ ਬੰਦੇ ਕੋਲ ਇਕ ਦੋ ਨਾਵਲ ਤਾਂ ਹੁੰਦੇ ਹੀ ਹਨ ਬਸ ਲਿਖਣ ਦਾ ਤਰੀਕਾ ਚਾਹੀਦਾ ਹੈ। 'ਵਨ ਵੇਅ ਵਾਂਗ ਹੀ ਮੈਂ 'ਰੇਤ' ਦੇ ਕਹਿਣ-ਢੰਗ ਉਪਰ ਬਹੁਤ ਕੰਮ ਕੀਤਾ। ਦੇਖਣ ਨੂੰ ਤਾਂ ਇਹ ਪਤੀ-ਪਤਨੀ ਵਿਚਕਾਰ ਵਾਪਰਦਾ ਸੱਚ ਸੀ ਪਰ ਮੈਂ ਇਸ ਨੂੰ ਵੱਖਰੇ ਢੰਗ ਨਾਲ ਕਹਿਣਾ ਚਾਹੁੰਦਾ ਸਾਂ। ਇਹੋ ਕਾਰਣ ਹੈ ਕਿ ਇਸ ਨਾਵਲ ਨੂੰ ਬਹੁਤ ਹੀ ਪਸੰਦ ਕੀਤਾ ਗਿਆ। ਤੀਜੇ ਨਾਵਲ 'ਸਵਾਰੀ' ਵੀ ਮੇਰਾ ਇਕ ਵੱਡਾ ਪਰੋਜੈਕਟ ਸੀ। ਇਸ ਨਾਵਲ ਵਿਚ ਮੇਰੇ ਕੋਲ ਜੋ ਕੁਝ ਵੀ ਸੀ ਪਾ ਦਿੱਤਾ ਸੀ। ਇਹ ਨਾਵਲ ਲਿਖ ਕੇ ਮੈਨੂੰ ਇਵੇਂ ਲਗਦਾ ਸੀ ਕਿ ਮੈਂ ਹੁਣ ਬਿਲਕੁਲ ਖਾਲੀ ਹੋ ਚੁਕਿਆ ਹਾਂ ਜਿਵੇਂ ਕਿ ਮੈਂ ਇਕ ਚਿੱਠੀ ਲਿਖਣ ਜੋਗਾ ਵੀ ਨਾ ਰਿਹਾ ਹੋਵਾਂ। 'ਸਵਾਰੀ ' ਤੋਂ ਬਾਅਦ ਮੈਂ ਜਿੰਨੇ ਵੀ ਨਾਵਲ ਲਿਖੇ ਹਨ ਇਸ ਗੱਲ ਨੂੰ ਮੂਹਰੇ ਰੱਖਿਆ ਹੈ ਕਿ ਆਪਣਾ ਸਾਰਾ ਅਨੁਭਵ ਨਾਵਲ ਵਿਚ ਪਾ ਦੇਵਾਂ। ਆਪਣਾ ਸੌ ਫੀ ਸਦੀ ਇਸ ਨਾਵਲ ਨੂੰ ਦੇ ਦੇਵਾਂ। ਮੈਂ ਹਰ ਨਾਵਲ ਨੂੰ ਇਵੇਂ ਲਿਖਦਾ ਹਾਂ ਜਿਵੇਂ ਇਹ ਮੇਰਾ ਆਖਰੀ ਨਾਵਲ ਹੋਵੇ। ਮੈਂ ਸਮਝਦਾ ਹਾਂ ਕਿ ਨਾਵਲ ਪੂਰੀ ਜ਼ਿੰਦਗੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਇਸ ਲਈ ਮੇਰੇ ਨਾਵਲ ਵੱਡੇ ਕੈਨਵਸ ਦੇ ਹੁੰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਮੇਰੇ ਨਾਵਲ ਵਿਚ ਕਿਰਦਾਰ ਬਹੁਤ ਹੁੰਦੇ ਹਨ ਪਰ ਇਹਨਾਂ ਵਿਚੋਂ ਇਕ ਵੀ ਪਾਤਰ ਅਜਿਹਾ ਨਹੀਂ ਹੁੰਦਾ ਜਿਸ ਨੂੰ ਮੈਂ ਜਾਣਦਾ ਨਾ ਹੋਵਾਂ। ਪਹਿਲੇ ਤਿੰਨ ਨਾਵਲ ਮੈਂ ਹੱਥ ਨਾਲ ਲਿਖੇ ਹਨ ਤੇ ਲਿਖੇ ਵੀ ਚਾਰ-ਚਾਰ ਪੰਜ-ਪੰਜ ਵਾਰ ਹਨ। 'ਸਾਊਥਾਲ' ਵੀ ਹੱਥ ਨਾਲ ਹੀ ਲਿਖਿਆ ਸੀ ਪਰ ਫਿਰ ਮੈਂ ਇਸ ਨੂੰ ਕੰਪਿਊਟਰ ਉਪਰ ਲਿਖਿਆ। ਕੰਪਿਊਟਰ ਉਪਰ ਲਿਖਣ ਨਾਲ ਬਹੁਤ ਕੁਝ ਬਦਲ ਗਿਆ। ਇਕ ਤਾਂ ਇਹ ਜਲਦੀ ਲਿਖ ਹੋ ਸਕਦਾ ਹੈ ਤੇ ਦੂਜਾ ਜਿੰਨੀ ਵਾਰ ਮਰਜ਼ੀ ਸੋਧੀ ਜਾਵੋ। ਮੈਂ ਕਿਸੇ ਵੀ ਅਜਿਹੇ ਵਿਸ਼ੇ ਨੂੰ ਨਾਵਲ ਵਿਚ ਨਹੀਂ ਲਿਆਉਂਦਾ ਜਿਸ ਉਪਰ ਮੇਰੀ ਪੂਰੀ ਪਕੜ ਨਾ ਹੋਵੇ।

ਮੈਂ ਨਾਵਲ ਨੂੰ ਇਵੇਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ ਕਿ ਪਾਠਕ ਨੂੰ ਲਗੇ ਕਿ ਮੈਂ ਉਸ ਦੀ ਗੱਲ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਮੈਂ ਪਾਠਕ ਨੂੰ ਆਪਣੇ ਨਾਲ ਉਡਾਣ 'ਤੇ ਲੈ ਨਿਕਲਾਂ ਤੇ ਉਸ ਨੂੰ ਵਾਪਰ ਰਹੇ ਦਾ ਚਸ਼ਮਦੀਦ ਗਵਾਹ ਬਣਾਵਾਂ ਜਿਵੇਂ ਕਿ ਮੈਂ ਹਾਂ। ਮੈਂ ਆਪਣੇ ਨਾਵਲ ਵਿਚ ਕੁਝ ਵੀ ਮਨੁੱਖ ਵਿਰੋਧੀ, ਸੈਕਸ ਭੜਕਾਊ ਵਰਗਾ ਕੁਝ ਵੀ ਪੇਸ਼ ਨਹੀਂ ਕਰਨਾ ਚਾਹੁੰਦਾ। ਮੈਂ ਜ਼ਿੰਦਗੀ ਕੁਝ ਤੱਥਾਂ ਨੂੰ ਆਪਣੇ ਹਿਸਾਬ ਨਾਲ ਪਾਠਕ ਸਾਹਮਣੇ ਰੱਖਦਾ ਹਾਂ।

ਮੇਰੇ ਅਨੁਸਾਰ ਨਾਲ 'ਸਮੁੱਚਾ ਪੰਜਾਬੀ ਮਨੁੱਖ' ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ, ਸਮੁੱਚੀ ਮਨੁੱਖਤਾ ਹੁੰਦੀ ਹੈ। ਮਨੁੱਖਾਂ ਦੇ ਗਰੁੱਪ ਹੁੰਦੇ ਹਨ। ਕੁਝ ਲੁਟ ਰਹੇ ਹੁੰਦੇ ਹਨ ਤੇ ਕੁਝ ਤਮਾਸ਼ਾ ਦੇਖ ਰਹੇ ਹੁੰਦੇ ਹਨ, ਕੁਝ ਡਰਦੇ ਮਾਰੇ ਅੰਦਰ ਲੁਕੇ ਹੋਏ ਹੁੰਦੇ ਹਨ, ਕੁਝ ਲੁਟ ਹੋ ਰਹੇ ਬੰਦੇ ਨਾਲ ਹਮਦਰਦੀ ਕਰ ਰਹੇ ਹੁੰਦੇ ਹਨ। ਮੇਰੇ ਨਾਵਲਾਂ ਦੇ ਸਾਰੇ ਪਾਤਰ ਹੀ ਆਪਣੇ ਗਰੁੱਪ ਦੀ ਪ੍ਰਤੀਨਿਧਤਾ ਕਰਦੇ ਹਨ। 'ਸਾਊਥਾਲ' ਨੂੰ ਹੀ ਲਈਏ, ਪ੍ਰਦੁੱਮਣ ਸਿੰਘ ਆਪਣੇ ਗਰੁੱਪ ਦੀ, ਜਗਮੋਹਣ ਆਪਣੇ ਗਰੁੱਪ ਦੀ, ਸਾਧੂ ਸਿੰਘ, ਪਾਲਾ ਸਿੰਘ ਆਦਿ ਸਾਰੇ ਹੀ ਆਪੋ ਆਪਣੇ ਗਰੁੱਪਾਂ ਦੀ ਪ੍ਰਤੀਨਿੱਧਤਾ ਕਰ ਰਹੇ ਹਨ। ਇਸੇ ਤਰ੍ਹਾਂ ਹੀ ਬਾਕੀ ਨਾਵਲਾਂ ਦੇ ਕਿਰਦਾਰ ਵੀ ਕਰਦੇ ਹਨ। ਮੇਰੇ ਪਾਤਰਾਂ ਵਰਗੇ ਲੋਕ ਆਮ ਗਲ਼ੀਆਂ-ਬਾਜ਼ਾਰਾਂ ਵਿਚ ਮਿਲ ਜਾਣਗੇ। ਦੁਨੀਆਂ ਤੋਂ




ਬਾਹਰੇ ਜਾਂ ਵਹਿਮਾਂ-ਭਰਮਾਂ ਦੇ ਪੈਦਾ ਕੀਤੇ ਕਿਰਦਾਰ ਮੇਰੇ ਨਾਵਲਾਂ ਵਿਚੋਂ ਤੁਹਾਨੂੰ ਕਦੇ ਨਹੀਂ ਮਿਲਣਗੇ। ਹਾਂ, ਹਰ ਨਾਵਲ ਵਿਚ ਕੁਝ ਕਿਰਦਾਰ ਅਜਿਹੇ ਹਨ ਜੋ ਪਾਠਕ ਲਈ ਮਿਸਾਲੀ ਹੋ ਸਕਦੇ ਹਨ। ਉਹਨਾਂ ਬਾਰੇ ਜਾਣ ਕੇ ਪਾਠਕ ਉਹਨਾਂ ਵਾਂਗ ਮਜ਼ਬੂਤ ਬਣਨਾ ਚਾਹੇਗਾ। 'ਵਨ ਵੇਅ' ਦਾ ਸੁਰਜਨ ਹੈ ਜੋ ਟੁੱਟ ਤਾਂ ਜਾਂਦਾ ਹੈ ਪਰ ਹਾਰ ਨਹੀਂ ਮੰਨਦਾ। 'ਸਵਾਰੀ' ਦਾ ਸ਼ਿੰਦਾ ਵੀ ਅਜਿਹਾ ਹੀ ਕਿਰਦਾਰ ਹੈ ਜਿਸ ਨੂੰ ਉਸ ਦੇ ਭਰਾ ਫੁੱਟਬਾਲ ਵਾਂਗ ਉਸ ਨੂੰ ਕਿੱਕਾਂ ਮਾਰਦੇ ਹਨ ਪਰ ਉਹ ਹਾਲਾਤ ਵਿਚ ਫਸਿਆ ਸੀ ਤਕ ਨਹੀਂ ਕਰਦਾ। 'ਗੀਤ' ਦਾ ਵਿਜੈ ਵੀ ਅਜਿਹਾ ਹੀ ਕਿਰਦਾਰ ਹੈ।

ਮੈਨੂੰ ਤਾਂ ਆਪਣੇ ਸਾਰੇ ਨਾਵਲਾਂ ਦਾ ਬਿਰਤਾਂਤ ਹੀ ਵਿਲੱਖਣ ਲਗਦਾ ਹੈ। ਮੈਂ ਬਿਰਤਾਂਤ ਨੂੰ ਵਿਲੱਖਣ ਬਣਾਉਣ ਉਪਰ ਖਾਸ ਧਿਆਨ ਦਿੰਦਾ ਹਾਂ। ਕੋਈ ਨਵੀਂ ਗੱਲ ਹੋਵੇਗੀ ਤਾਂ ਪਾਠਕਾਂ ਦਾ ਧਿਆਨ ਖਿਚੇਗੀ। 'ਰੇਤ' ਵਿਚ ਦੋ ਪ੍ਰਮੁੱਖ ਕਿਰਦਾਰ ਆਪੋ ਆਪਣਾ ਪੱਖ ਪੇਸ਼ ਕਰਦੇ ਹਨ। ਇਕੋ ਕਹਾਣੀ ਦੋ ਨਜ਼ਰੀਆਂ ਤੋਂ ਪੇਸ਼ ਹੁੰਦੀ ਹੈ। 'ਸਾਊਥਾਲ', 'ਬ੍ਰਿਟਿਸ਼ ਬੌਰਨ ਦੇਸੀ' ਤੇ 'ਗੀਤ' ਨੂੰ ਮੈਂ ਪ੍ਰੈਜ਼ੈਂਟ ਟੈਂਸ ਵਿਚ ਲਿਖਿਆ ਹੈ ਜਿਸ ਨਾਲ ਬਿਰਤਾਂਤ ਵਿਚ ਤਾਜ਼ਗੀ ਵੀ ਆਈ ਹੈ ਤੇ ਵਿਲੱਖਣਤਾ ਵੀ। 'ਅਕਾਲ ਸਹਾਏ' ਦੀ ਕਹਾਣੀ ਸਾਰੇ ਜਾਣਦੇ ਹਨ ਪਰ ਮੈਂ ਇਸ ਨੂੰ ਵੱਖਰੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਹਿਲੇ ਪੰਜ ਨਾਵਲ; 'ਵਨ ਵੇਅ', 'ਰੇਤ', 'ਸਵਾਰੀ', 'ਸਾਊਥਾਲ' ਤੇ 'ਬ੍ਰਿਟਿਸ਼ ਬੌਰਨ ਦੇਸੀ' ਸਾਡੀ ਪਰਵਾਸ ਤੋਂ ਡਾਇਸਪੋਰਸ ਤਕ ਦੀ ਜ਼ਿੰਦਗੀ ਪੇਸ਼ ਕਰਦੇ ਹਨ।

ਨਾਵਲ ਲਿਖਦਿਆਂ ਮੇਰੇ ਸਾਹਮਣੇ ਉਹ ਗੱਲ ਹੁੰਦੀ ਹੈ ਜਿਸ ਦਾ ਮੈਂ ਪਾਠਕ ਤਕ ਸੰਚਾਰ ਕਰਨਾ ਹੁੰਦਾ ਹੈ ਤੇ ਇਸ ਤੋਂ ਵੀ ਉਪਰ ਹੁੰਦਾ ਹੈ ਕਿ ਮੈਂ ਇਹ ਸੰਚਾਰ ਕਿਵੇਂ ਕਰਨਾ ਹੈ। ਬਾਕੀ ਸਭ ਕੁਝ ਇਸੇ ਵਿਚ ਹੀ ਆ ਜਾਂਦਾ ਹੈ। ਪਾਠਕਾਂ ਦੀ ਮੈਨੂੰ ਬਹੁਤੀ ਚਿੰਤਾ ਨਹੀਂ ਹੁੰਦੀ। ਹਰ ਨਾਵਲਕਾਰ ਦਾ ਆਪਣਾ ਹੀ ਪਾਠਕਵਰਗ ਹੁੰਦਾ ਹੈ। ਮਸਤ ਰਾਮ ਦਾ ਹੋਰ ਹੋਵੇਗਾ, ਗੁਲਸ਼ਨ ਨੰਦਾ ਦਾ ਹੋਰ। ਨਾਨਕ ਸਿੰਘ ਤੇ ਕੰਵਲ ਦਾ ਹੋਰ। ਇਸ ਤਰ੍ਹਾਂ ਕੁਦਰਤੀ ਹੀ ਮੇਰਾ ਪਾਠਕ ਉਹੀ ਹੋਵੇਗਾ ਜਿਹੜਾ ਮੇਰੇ ਲਿਖੇ ਨੂੰ ਪਸੰਦ ਕਰੇ, ਮੇਰੇ ਵਿਚਾਰਾਂ ਨਾਲ ਥੋੜ੍ਹਾ ਬਹੁਤ ਜੁੜਦਾ ਹੋਵੇ। ਹਾਂ, ਮੈਂ ਇਕ ਗੱਲ ਦਾ ਧਿਆਨ ਜ਼ਰੂਰ ਰੱਖਦਾ ਹਾਂ ਕਿ ਲਿਖਤ ਵਿਚ ਪੜ੍ਹਨ ਯੋਗਤਾ ਵੀ ਹੋਵੇ। ਦੂਜਾ ਮੈਂ ਇਸ ਗੱਲ ਦਾ ਵੀ ਧਿਆਨ ਰੱਖਦਾ ਹਾਂ ਕਿ ਪਾਠਕ ਬਿਰਤਾਂਤ ਨਾਲ ਸਹਿਜੇ ਹੀ ਜੁੜ ਸਕੇ, ਖਾਸ ਤੌਰ ਤੇ ਨਾਵਲ ਦੇ ਸ਼ੁਰੂ ਵਿਚ।

ਮੇਰੇ ਖਿਆਲ ਵਿਚ ਪੰਜਾਬੀ ਨਾਵਲ ਨਾਇਕ ਦੀ ਮਿੱਥ ਤੋਂ ਮੁਕਤ ਹੋ ਰਿਹਾ ਹੈ। ਬਲਕਿ ਅੱਜ ਦਾ ਨਾਵਲ ਤਾਂ ਨਾਇਕ ਦੀ ਨਹੀਂ ਇਸ਼ੈਸ਼ੀਅਲ ਮਨੁੱਖ ਦੀ ਗੱਲ ਕਰਨ ਲਗਿਆ ਹੈ। ਮੇਰੇ ਨਾਵਲਾਂ ਵਿਚ ਮੁੱਖ ਕਿਰਦਾਰ ਹੋ ਸਕਦੇ ਹਨ ਹੀਰੋ ਨਹੀਂ। ਮੈਂ ਸਮਝਦਾ ਹਾਂ ਕਿ ਹੀਰੋ ਨਾਂ ਦੀ ਕੋਈ ਚੀਜ਼ ਹੁੰਦੀ ਹੀ ਨਹੀਂ। ਹੀਰੋ ਨੇ ਤਾਂ ਹਰ ਮੁਹਾਜ ਤੇ ਜਿੱਤਣਾ ਹੁੰਦਾ ਹੈ ਪਰ ਮੇਰੇ ਕਿਰਦਾਰ ਅਜਿਹੇ ਹਨ ਜਿਹਨਾਂ ਨੂੰ ਹਾਲਾਤ ਪਛਾੜਦੇ ਰਹਿੰਦੇ ਹਨ ਪਰ ਉਹ ਲੜਾਈ ਜਾਰੀ ਰੱਖਦੇ ਹਨ। ਮੇਰੇ ਕਿਰਦਾਰ ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਹਨ। ਮੇਰੇ ਨਾਵਲ 'ਸਾਊਥਾਲ' ਵਿਚ ਲੰਡਨ ਦਾ ਸ਼ਹਿਰ ਸਾਊਥਾਲ ਹੀ ਮੁੱਖ ਕਿਰਦਾਰ ਹੈ। 'ਬ੍ਰਿਟਿਸ਼ ਬੌਰਨ ਦੇਸੀ' ਵਿਚ ਇਥੋਂ ਦਾ ਸਮਾਜ ਮੁੱਖ ਕਿਰਦਾਰ ਹੈ। 'ਅਕਾਲ ਸਹਾਏ' ਵਿਚ ਇਤਿਹਾਸ ਜਾਂ ਘਟਨਾਵਾਂ ਹੀ ਉਭਰ ਕੇ ਸਾਹਮਣੇ ਆਉਂਦੀਆਂ ਹਨ। ਹੋਰ ਨਾਵਲਕਾਰਾਂ ਦੇ ਨਾਵਲ ਵੀ ਅਜਿਹੇ ਹਨ।

ਇਹ ਬਿਲਕੁਲ ਠੀਕ ਹੈ ਕਿ ਮੇਰੇ ਨਾਵਲਾਂ ਵਿਚ ਦਲਿਤ ਪਾਤਰ ਬਹੁਤ ਘੱਟ ਹਨ। ਇਸ ਦਾ ਕਾਰਨ ਹੈ ਕਿ ਮੇਰੇ ਨਾਵਲ ਜਿਸ ਮੁਲਕ ਦੇ ਸਮਾਜ ਨੂੰ ਚਿਤਰਦੇ ਹਨ ਉਥੇ ਦਲਿਤ ਸ਼ਬਦ ਅਦਿੱਸ ਹੈ। ਫਿਰ ਸੱਚੀ ਗੱਲ ਤਾਂ ਇਹ ਹੈ ਕਿ ਦਲਿਤ ਪਾਤਰਾਂ ਬਾਰੇ ਮੇਰਾ ਫਸਟ ਹੈਂਡ ਅਨੁਭਵ ਬਹੁਤ ਘੱਟ ਹੈ। ਮੇਰੇ ਬਹੁਤ ਸਾਰੇ






ਪਾਤਰ ਸੋ ਕਾਲਡ ਦਲਿਤ ਵਰਗ ਵਿਚੋਂ ਹਨ ਪਰ ਉਹ ਦਲਿਤ ਨਹੀਂ ਹਨ। ਉਹ ਤਾਂ ਉਪਰਲੀਆਂ ਅਖੌਤੀ ਜ਼ਾਤਾਂ ਤੋਂ ਵੀ ਸੁਖਾਲ਼ੇ ਹਨ। ਮੇਰੇ ਆਲੇ ਦੁਆਲੇ ਦੇ ਦਲਿਤ ਕਹਾਉਣ ਵਾਲੇ ਲੇਖਕ ਦੋਸਤਾਂ ਵਿਚੋਂ ਬਹੁਤੇ ਮੇਰੇ ਨਾਲੋਂ ਹਰ ਤਰ੍ਹਾਂ ਬੇਹਤਰ ਹਨ। ਮੈਂ ਆਪਣੇ ਨਾਵਲ 'ਅਕਾਲ ਸਹਾਏ' ਵਿਚ ਕੁਝ ਪਾਤਰ ਲਏ ਹਨ, ਦਾਸੀਆਂ ਤੇ ਕੁਝ ਹੋਰ ਜਿਹਨਾਂ ਨਾਲ ਉਸ ਸਮੇਂ ਵਧੀਕੀਆਂ ਹੋਈਆਂ ਪਰ ਸਮੁੱਚੇ ਨਾਵਲ ਵਿਚ ਉਹਨਾਂ ਲਈ ਥਾਂ ਥੋੜ੍ਹੀ ਸੀ।

ਮੇਰੇ ਹਿਸਾਬ ਨਾਲ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਮੁਕਾਬਲੇ ਏਨੀ ਮਾੜੀ ਸਥਿਤੀ ਵਿਚ ਨਹੀਂ ਹੈ। ਜਿਹੜੇ ਨਾਵਲ ਦੂਜੀਆਂ ਭਾਸ਼ਾਵਾਂ ਵਿਚ ਤਰਜਮਾਏ ਗਏ ਹਨ ਉਹਨਾਂ ਨੂੰ ਸੁਹਣਾ ਹੁੰਗਾਰਾ ਮਿਲਿਆ ਹੈ। ਮੇਰੇ ਨਾਵਲ ਵੀ ਹਿੰਦੀ ਵਿਚ ਉਲਥਾ ਕੇ ਇੰਟਰਨੈੱਟ ਉਪਰ ਉਪਲਭਧ ਹਨ, ਇਹਨਾਂ ਨੂੰ ਪੜ੍ਹ ਕੇ ਲੋਕ ਆਪਣੇ ਪ੍ਰਤੀਕਰਮ ਦੇ ਰਹੇ ਹਨ। ਹੁਣ ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ ਨੇ ਮੇਰੇ ਨਾਵਲ 'ਸਾਊਥਾਲ' ਨੂੰ ਭਾਰਤ ਦੀਆਂ ਬਾਕੀ ਜ਼ੁਬਾਨਾਂ ਵਿਚ ਤਰਜਮਾਉਣਾ ਸ਼ੁਰੂ ਕੀਤਾ ਹੈ। ਹਿੰਦੀ ਵਿਚ ਛਪ ਕੇ ਤਿਆਰ ਹੈ, ਉਮੀਦ ਹੈ ਕਿ ਇਸ ਦਾ ਭਰਵਾਂ ਸਵਾਗਤ ਹੋਵੇਗਾ। ਇਕ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਕਿ ਪੰਜਾਬੀ ਜ਼ੁਬਾਨ ਬਾਕੀ ਜ਼ੁਬਾਨਾਂ ਦੇ ਮੁਕਾਬਲੇ ਬਹੁਤ ਛੋਟੀ ਹੈ।

ਇਸ ਦਾ ਕਾਰਨ ਹੈ ਕਿ ਅਸੀਂ ਹਾਲੇ ਤਕ ਫਿਊਡਰਲ ਸਿਸਟਮ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਪਾਏ। ਹੁਣ ਨਵੀਂ ਪੀੜ੍ਹੀ ਪੂੰਜੀਵਾਦ ਵੱਲ ਝੁਕ ਰਹੀ ਹੈ ਜ਼ਰੂਰ ਤਬਦੀਲੀ ਆਵੇਗੀ। ਮੇਰੇ ਨਾਵਲਾਂ ਵਿਚ ਰਿਸ਼ਤੇ ਬਦਲੇ ਹਨ ਕਿਉਂਕਿ ਮੇਰੇ ਕਿਰਦਾਰ ਪੂੰਜੀਵਾਦੀ ਸਮਾਜ ਵਿਚ ਰਹਿੰਦੇ ਹਨ ਤੇ ਪੂੰਜੀਵਾਦ ਤੋਂ ਰਿਸ਼ਤੇ ਪ੍ਰਭਾਵਿਤ ਹਨ। ਪੂੰਜੀਵਾਦ ਰਿਸ਼ਤਿਆਂ ਵਿਚ ਅਜਨਬੀਅਤ ਪੈਦਾ ਕਰਦਾ ਹੈ ਤੇ ਮੇਰੇ ਕਿਰਦਾਰ ਇਸ ਅਜਨਬੀਅਤ ਦਾ ਸ਼ਿਕਾਰ ਹਨ। ਪਰਵਾਸੀ ਜੀਵਨ ਵਿਚ ਰਿਸ਼ਤੇ ਅਲੱਗ ਕਿਸਮ ਨਾਲ ਪ੍ਰਭਾਵਿਤ ਹੁੰਦੇ ਹਨ। ਪਰ ਫਿਰ ਵੀ ਅਸੀਂ ਇਸੇ ਸਮਾਜ ਵਿਚੋਂ ਗਏ ਲੋਕ ਹਾਂ, ਫਿਊਡਰਲ ਕਦਰਾਂ ਨਾਲ ਲਈ ਫਿਰਦੇ ਹਾਂ। ਮੇਰੇ ਨਾਵਲਾਂ ਵਿਚ ਦੋਨੋਂ ਕਿਸਮ ਦੇ ਰਿਸ਼ਤੇ ਮਿਲਣਗੇ। 'ਵਨ ਵੇਅ' ਦੀ ਸੁਰਿੰਦਰ ਤੇ 'ਰੇਤ' ਦੀ ਕੰਵਲ ਤੇ ਕਿਰਨ ਪਤੀ-ਪਰਮੇਸ਼ਵਰ ਵਾਲੀ ਧਾਰਨਾ ਨੂੰ ਰੱਦ ਕਰ ਦਿੰਦੀਆਂ ਹਨ। 'ਸਵਾਰੀ' ਵਿਚ ਬਲਦੇਵ ਤੇ ਸਿਮਰਨ ਵਿਆਹ ਬੰਧਨ ਤੋਂ ਬਾਹਰ ਰਿਸ਼ਤੇ ਹੰਢਾ ਕੇ ਮੁੜ ਸਫਲ ਪਤੀ-ਪਤਨੀ ਜੀਵਨ ਜੀਉਂਦੇ ਹਨ। 'ਸਾਊਥਾਲ' ਤੇ 'ਬ੍ਰਿਟਿਸ਼ ਬੌਰਨ ਦੇਸੀ' ਵਿਚਲੇ ਰਿਸ਼ਤੇ ਤਾਂ ਨਿਰੋਲ ਪੂੰਜੀਵਾਦੀ ਦੀ ਉਪਜ ਹਨ। ਫਿਰ ਵੀ ਅਸੀਂ ਜ਼ਿੰਦਗੀ ਤੋਂ ਬਾਹਰਲੇ ਰਿਸ਼ਤੇ ਤਾਂ ਚਿਤਰਨ ਤੋਂ ਰਹੇ।

ਮੇਰੇ ਨਾਵਲਾਂ ਵਿਚ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਹਨ ਇਹਨਾਂ ਦੇ ਕਿਰਦਾਰ। ਅਜਿਹੇ ਕਿਰਦਾਰ ਜਿਹੜੇ ਜ਼ਿੰਦਗੀ ਨੂੰ ਪਿਆਰ ਕਰਦੇ ਹਨ ਤੇ ਹਾਲਾਤ ਸਾਹਮਣੇ ਕੰਧ ਵਾਂਗ ਖੜ੍ਹੇ ਹਨ। ਮੇਰੇ ਨਾਵਲਾਂ ਵਿਚ ਜ਼ਿੰਦਗੀ ਦੇ ਬਹੁਤ ਸਾਰੇ ਅਜਿਹੇ ਟੋਏ ਵੀ ਮਿਲਣਗੇ ਜਿਹਨਾਂ ਨੂੰ ਦੇਖ ਕੇ / ਪੜ੍ਹ ਕੇ ਪਾਠਕ ਬਚ ਕੇ ਤੁਰਨ ਲਗਣਗੇ। 'ਗੀਤ' ਦਾ ਵਿਜੈ ਇਕ ਸਮੇਂ ਜ਼ਿੰਦਗੀ ਦੀਆਂ ਏਨੀਆਂ ਮੁਸ਼ਕਲਾਂ ਨਾਲ ਜੂਝ ਰਿਹਾ ਹੈ ਪਰ ਉਹ ਕਾਇਮ ਰਹਿਣ ਦੀ ਕੋਸ਼ਿਸ਼ ਵਿਚ ਹੈ, ਕਈ ਪਾਠਕਾਂ ਨੇ ਮੈਨੂੰ ਫੋਨ ਉਪਰ ਕਿਹਾ ਹੈ ਕਿ ਉਹ ਵਿਜੈ ਦੀ ਬਿਹਤਰ ਜ਼ਿੰਦਗੀ ਦੀ ਲੜਾਈ ਦੇ ਕਾਇਲ ਹੋ ਗਏ ਹਨ।

ਨਾਵਲੀ ਆਲੋਚਨਾ ਦੀ ਬਹੁਤ ਘਾਟ ਹੈ। ਵੈਸੇ ਤਾਂ ਸਮੁੱਚੀ ਆਲੋਚਨਾ ਦੀ ਘਾਟ ਹੈ। ਕੁਝ ਗਰੁੱਪ ਜਿਹੇ ਬਣਾ ਕੇ ਆਪੋ ਆਪਣੀ ਡੁਗਡੁਗੀ ਜਿਹੀ ਵਜਾਈ ਜਾ ਰਹੇ ਹਨ। ਘਟੀਆ ਰਚਨਾਵਾਂ ਨੂੰ ਉਪਰ ਉਠਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਵਿਚ ਇਸ ਵਕਤ ਇਕ ਵੀ ਆਲੋਚਕ ਨਹੀਂ ਜਿਸ ਨੂੰ ਨਾਵਲੀ ਆਲੋਚਕ ਕਿਹਾ ਜਾ ਸਕੇ। ਜੋਗਿੰਦਰ ਸਿੰਘ ਰਾਹੀ ਨੇ ਕਾਫੀ ਕੰਮ ਕੀਤਾ ਸੀ। ਉਸ ਤੋਂ ਬਾਅਦ


ਇਹ ਖੇਤਰ ਖਾਲੀ ਜਿਹਾ ਹੈ। ਅੱਜਕੱਲ੍ਹ ਨਾਵਲ ਕਾਫੀ ਲਿਖਿਆ ਜਾ ਰਿਹਾ ਪਰ ਉਹਨਾਂ ਦਾ ਸਹੀ ਮੁਲਾਂਕਣ ਨਹੀਂ ਹੋ ਰਿਹਾ। ਜਿਹੜੀ ਥੋੜ੍ਹੀ ਬਹੁਤ ਆਲੋਚਨਾ ਹੋ ਵੀ ਰਹੀ ਹੈ ਉਹ ਪੱਖਪਾਤੀ ਹੈ। ਘਟੀਆ ਜਿਹੇ ਨਾਵਲਾਂ ਨੂੰ ਖਾਹਮਖਾਹ ਉਪਰ ਚੜ੍ਹਾਉਣ ਦੇ ਯਤਨ ਜਾਰੀ ਹਨ।

ਜੀਵਨ-ਮੂਲਕ ਜਾਂ ਇਤਹਾਸਕ ਨਾਵਲ ਦਾ ਭਵਿੱਖ ਕਵਿਤਾ ਨਾਲੋਂ ਉਜਲਾ ਹੀ ਹੈ। ਕਹਾਣੀ ਤੋਂ ਵੀ। ਨਾਵਲ ਸਭ ਤੋਂ ਵੱਧ ਪੜ੍ਹੇ ਜਾਣ ਵਾਲੀ ਵਿਧਾ ਹੈ। ਵੈਸੇ ਤਾਂ ਦੁਨੀਆਂ ਦੇ ਸਾਰੇ ਸਾਹਿਤ ਨੂੰ ਹੀ ਨਵੇਂ ਇਲੈਕਟਰਿਕ ਮੀਡੀਏ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਪਰ ਪੰਜਾਬੀ ਉਪਰ ਇਸ ਦਾ ਅਸਰ ਕੁਝ ਜ਼ਿਆਦਾ ਹੀ ਪਿਆ ਹੈ ਫਿਰ ਵੀ ਮੈਂ ਆਸਵੰਦ ਹਾਂ।

ਇਹ ਬਿਲਕੁਲ ਸਹੀ ਸਵਾਲ ਹੈ। ਅਸਲ ਵਿਚ ਕਿਸੇ ਵਕਤ ਸਾਡੇ ਆਲੋਚਕਾਂ ਨੇ ਇਹ ਗੱਲ ਧੁਮਾ ਦਿੱਤੀ ਸੀ ਕਿ ਅਗਰ ਪੰਜਾਬੀ ਵਿਚ ਕੋਈ ਸ਼ਾਹਕਾਰ ਨਾਵਲ ਲਿਖਿਆ ਜਾ ਸਕਦਾ ਹੈ ਤਾਂ ਉਹ ਪੇਂਡੂ ਜੀਵਨ ਨਾਲ ਸਬੰਧਤ ਹੀ ਹੋਵੇਗਾ। ਇਹੋ ਕਾਰਨ ਹੈ ਕਿ ਸੁਖਬੀਰ ਦੇ ਵਧੀਆ ਨਾਵਲ ਅਣਗੌਲ਼ੇ ਗਏ। ਸੁਖਬੀਰ ਦੇ ਕੀ ਸ਼ਹਿਰੀ ਜੀਵਨ ਨਾਲ ਜੂਝਦੇ ਸਾਰੇ ਨਾਵਲਾਂ ਨੂੰ ਹੀ ਹੁੰਗਾਰਾ ਨਹੀਂ ਮਿਲਿਆ। ਪਰਵਾਸੀ ਜੀਵਨ ਚਿਤਰਦੇ ਨਾਵਲਾਂ ਨੇ ਜ਼ਰੂਰ ਧਿਆਨ ਖਿਚਿਆ ਹੈ। ਭਾਵੇਂ ਪਰਵਾਸੀ ਨਾਵਲ ਵਿਚ ਵੀ ਉਹੀ ਪੇਂਡੂ ਲੋਕ ਹਨ ਪਰ ਅਸਲੋਂ ਵੱਖਰੇ ਮਹੌਲ ਵਿਚ ਹਨ। ਹੁਣ ਜਾਪਦਾ ਹੈ ਕਿ ਨਾਵਲਕਾਰ ਪਿੰਡ ਵਿਚੋਂ ਨਿਕਲ ਰਿਹਾ ਹੈ।

ਦੇਖੋ, ਨਾਵਲ ਜੀਵਨ-ਦਰਪਣ ਹੁੰਦਾ ਹੈ। ਅਗਰ ਅਸਲ ਜ਼ਿੰਦਗੀ ਵਿਚ ਨਾਰੀ ਦਾ ਸ਼ੋਸ਼ਣ ਹੋ ਰਿਹਾ ਹੈ ਤਾਂ ਨਾਵਲਕਾਰ ਉਹੀ ਪੇਸ਼ ਕਰੇਗਾ। ਮੇਰੇ ਨਾਵਲਾਂ ਵਿਚ ਅਜਿਹਾ-ਕੁਝ ਘੱਟ ਹੈ। ਮੇਰੇ ਨਾਵਲ ਕੁਝ ਅਲੱਗ ਕੈਨਵਸ ਦੇ ਹਨ। ਇਹ ਨਾਰੀ ਸ਼ੋਸ਼ਣ ਉਪਰ ਕੇਂਦਰਿਤ ਨਹੀਂ ਹਨ। ਫਿਰ ਵੀ ਮੇਰੇ ਨਾਵਲਾਂ ਦੀਆਂ ਇਸਤਰੀ ਕਿਰਦਾਰਾਂ ਜਿਵੇਂ ਕਿ 'ਵਨ ਵੇਅ' ਦੀ ਸੁਰਿੰਦਰ, 'ਰੇਤ' ਦੀ ਕੰਵਲ ਤੇ ਕਿਰਨ, ਇਵੇਂ ਹੀ 'ਸਵਾਰੀ' ਦੀ ਸਿਮਰਨ ਵਰਗੀਆਂ ਔਰਤਾਂ ਦਾ ਮਰਦ ਚਾਹ ਕੇ ਵੀ ਸ਼ੋਸ਼ਣ ਨਹੀਂ ਕਰ ਸਕਦਾ। ਫਿਰ ਵੀ ਜਿਵੇਂ ਮੈਂ ਉਪਰ ਵੀ ਕਿਹਾ ਕਿ ਨਾਵਲ ਜਿੰਦਗੀ ਦਾ ਸ਼ੀਸ਼ਾ ਹੁੰਦੇ ਹਨ ਤੇ ਅਸਲ ਜ਼ਿੰਦਗੀ ਵਿਚ ਜਦ ਵੀ ਮਰਦ ਦਾ ਦਾਅ ਲਗਦਾ ਹੈ ਨਾਰੀ ਦਾ ਸ਼ੋਸ਼ਣ ਕਰਦਾ ਹੈ।

## ਮੈਂ ਪਾਠਕਾਂ ਦੀ ਰੁਚੀ ਨੂੰ ਮੁੱਖ ਰੱਖ ਕੇ ਕਦੀ ਨਾਵਲ ਨਹੀਂ ਲਿਖਿਆ
## - ਦਰਸ਼ਨ ਸਿੰਘ ਧੀਰ




ਮੈਂ ਪਹਿਲਾਂ ਕਵਿਤਾ ਲਿਖਣੀ ਆਰੰਭੀ ਸੀ ਪਰ ਕਵਿਤਾ ਮੇਰੇ ਸੁਭਾਅ ਦੇ ਅਨੁਕੂਲ ਨਹੀਂ ਹੈ। ਇਸ ਲਈ ਕਵਿਤਾ ਛੱਡ ਕੇ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਮੇਰੀ ਕਹਾਣੀ ਪਾਠਕਾਂ ਨੇ ਪਰਵਾਨ ਵੀ ਕੀਤੀ। ਕਹਾਣੀਆਂ ਹੋਰਨਾਂ ਭਾਸ਼ਾਵਾਂ ਚ ਅਨੁਵਾਦ ਵੀ ਹੁੰਦੀਆਂ ਰਹੀਆਂ ਹਨ, ਵਿਸ਼ੇਸ਼ ਕਰਕੇ ਹਿੰਦੀ ਤੇ ਅੰਗਰੇਜ਼ੀ ਵਿਚ। ਅਜੇ ਵੀ ਹੋ ਰਹੀਆਂ ਹਨ। ਪਰ ਮੇਰੀ ਇੱਛਾ ਸੀ ਕਿ ਮੈਂ ਆਪਣੀਆਂ ਰਚਨਾਵਾਂ ਚ ਆਪਣੇ ਭਾਈਚਾਰੇ ਦੀ ਡਾਇਲੈਕਟਿਕਸ ਪੇਸ਼ ਕਰਾਂ ਜਿਹੜੀ ਗੱਲ ਮੇਰੀ ਨਜ਼ਰ 'ਚ ਕਹਾਣੀ ਚ ਹੋਣੀ ਸੰਭਵ ਨਹੀਂ ਹੈ। ਘੱਟੋ ਘੱਟ ਮੈਂ ਤਾਂ ਨਹੀਂ ਕਰ ਸਕਦਾ। ਡਾਇਲੈਕਟਿਕਸ ਤੋਂ ਮੇਰਾ ਭਾਵ ਹੈ ਕਿ ਆਪਣੇ ਸਮਾਜ ਦੀ ਚਾਲ ਨੂੰ, ਉਹਦੀ ਗਤੀ ਨੂੰ ਬਦਲਦੇ ਰਾਜਨੀਤਕ ਪ੍ਰਬੰਧਾਂ ਰਾਹੀਂ,ਉਸ ਵਿਚ ਹੋ ਰਹੀ ਟੁੱਟ ਭੱਜ ਨੂੰਪੇਸ਼ ਕਰ ਸਕਾਂ। ਭਾਵ,ਪੁਰਾਣੇ ਰਿਸ਼ਤੇ ਟੁੱਟਦੇ ਤੇ ਉਨ੍ਹਾਂ ਦੀ ਥਾਂ ਨਵੇਂ ਬਣਦੇ ਰਿਸ਼ਤਿਆਂ ਨੂੰ ਆਪਣੀਆਂ ਰਚਨਾਵਾਂ ਚ ਦਿਖਾ ਸਕਾਂ। ਸਪੱਸ਼ਟ ਸ਼ਬਦਾਂ ਚ ਮੈਂ ਆਪਣੇ ਭਾਈਚਾਰੇ ਦੀ ਸੰਸਕ੍ਰਿਤੀ ਨੂੰ



ਆਪਣੀਆਂ ਰਚਨਾਵਾਂ ਚ ਸਾਂਭ ਲੈਣਾ ਚਾਹੁੰਦਾ ਹਾਂ, ਕਿਉਂਕਿ ਸਮਾਜ ਦੀ ਤੋਰ ਨਾਲ ਰਾਜਨੀਤਕ ਪ੍ਰਬੰਧ ਵੀ ਬਦਲਦੇ ਰਹਿੰਦੇ ਹਨ ਤੇ ਨਵੇਂ ਮਸਲੇ, ਨਵੀਆਂ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਰਹਿੰਦੀ ਹਨ। ਉਸ ਨਾਲ ਸਮਾਜ ਦੀਆਂ ਕਦਰਾਂ ਕੀਮਤਾਂ ਚ ਵੀ ਅਦਲਾ ਬਦਲੀ ਜਾਂ ਫਿਰ ਕਹਿ ਲਓ ਟੁੱਟ ਭੱਜ ਹੁੰਦੀ ਰਹਿੰਦੀ ਹੈ। ਸਿੱਟੇ ਵਜੋਂ ਸਮਾਜ ਸਮੇਂ ਦੇ ਹਾਣ ਦੀਆਂ ਨਵੀਆਂ ਕਦਰਾਂ ਕੀਮਤਾਂ ਉਸਾਰ ਲੈਂਦਾ ਤੇ ਜਿਹੜੀਆਂ ਪੁਰਾਣੀਆਂ ਜਾਂ ਆਪਣੀ ਉਮਰ ਵਿਹਾ ਚੁੱਕੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਆਪਣੇ ਨਾਲੋਂ ਝਾੜ ਦਿੰਦਾ ਹੈ। ਇਹ ਪ੍ਰਕਿਰਿਆ ਲਗਾਤਾਰ ਹੁੰਦੀ ਰਹਿੰਦੀ ਹੈ। ਇਸ ਅਮਲ ਨੂੰ ਮੇਰੇ ਖਿਆਲ 'ਚ ਕਹਾਣੀ ਨਹੀਂ, ਨਾਵਲ ਚ ਹੀ ਪੇਸ਼ ਕੀਤਾ ਜਾ ਸਕਦਾ ਹੈ।

ਨਾਵਲ ਰਚਨਾ ਪ੍ਰਕਿਰਿਆ ਬਾਰੇ ਮੇਰੀਆਂ ਬਹੁਤ ਸਾਰੀਆਂ ਧਾਰਨਾਵਾਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਚੋਂ ਮੈਂ ਇਕ-ਦੋ ਧਾਰਨਾਵਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ, ਜਿਵੇਂ :


ਮੈਂ ਕੋਈ ਪੱਕੀ-ਪੀਡੀ ਯੋਜਨਾ ਬਣਾ ਕੇ ਨਾਵਲ ਲਿਖਣਾ ਆਰੰਭ ਨਹੀਂ ਕਰਦਾ। ਮੈਨੂੰ ਸਿਰਫ਼ ਇੰਨਾ ਹੀ ਪਤਾ ਹੁੰਦਾ ਹੈ ਕਿ ਮੇਰੇ ਮੁੱਖ ਪਾਤਰਾਂ ਨੇ ਕਿਥੋਂ ਤੁਰਨਾ ਹੈ ਤੇ ਕਿਥੇ ਪਹੁੰਚਣਾ ਹੈ। ਮੇਰੇ ਨਾਵਲਾਂ ਦੇ ਮੁੱਖ ਪਾਤਰਾਂ ਦੇ ਕੀ ਸੁਪਨੇ ਹਨ, ਕੀ ਵਿਚਾਰ ਹਨ ਤੇ ਕੀ ਸਮਾਜਕ ਯਥਾਰਥ ਹੈ ਜਿਸ ਨਾਲ ਉਨ੍ਹਾਂ ਨੂੰ ਦੋ-ਚਾਰ ਹੋਣਾ ਪੈਣਾ ਹੈ। ਉਨ੍ਹਾਂ ਦੇ ਰਾਹ ਵਿਚ ਕੀ ਕੀ ਸਮੱਸਿਆਵਾਂ ਆ ਸਕਦੀਆਂ ਹਨ, ਉਨ੍ਹਾਂ ਨੂੰ ਕਿਨ੍ਹਾਂ ਕਿਨ੍ਹਾਂ ਸਥਿਤੀਆਂ ਨਾਲ ਜੂਝਣਾ ਪੈ ਸਕਦਾ ਹੈ ਜਾਂ ਉਨ੍ਹਾਂ ਦੀ ਕੀ ਹੋਣੀ ਹੋ ਸਕਦੀ ਹੈ। ਇਸ ਗੱਲ ਦਾ ਇਹ ਅਰਥਉੱਕਾ ਨਹੀਂ ਕਿ ਮੈਂ ਆਪਣੇ ਵਿਸ਼ੇ ਜਾਂ ਪਾਤਰਾਂ ਦੀ ਖੋਜ ਨਹੀਂ ਕਰਦਾ। ਖੋਜ ਵੀ ਕਰਦਾ ਹਾਂ, ਨੋਟਸ ਵੀ ਲੈਂਦਾ ਹਾਂ। ਨੋਟਸ ਲੈ ਕੇ ਉਨ੍ਹਾਂ ਨੂੰ ਪਚਾਉਂਦਾ ਹਾਂ। ਪਚਾ ਚੁੱਕਣ ਪਿੱਛੋਂ ਹੀ ਉਹ ਜਾਣਕਾਰੀ ਆਪਣੇ ਨਾਵਲਾਂ ਵਿਚ ਵਰਤਦਾ ਹਾਂ। ਉਨ੍ਹਾਂ ਨੂੰ ਕਿਤਾਬਾਂ ਵਿਚੋਂ ਚੁੱਕ ਕੇ ਹੂ-ਬ-ਹੂ ਨਾਵਲਾਂ ਵਿਚ ਨਹੀਂ ਘਸੋੜ ਦਿੰਦਾ।

ਮੈਂ ਆਪਣੇ ਪਾਤਰਾਂ ਦੇ ਨਾਂ, ਘਟਨਾ-ਸਥਾਨ, ਪਾਤਰਾਂ ਦੇ ਵਿਚਾਰ, ਉਨ੍ਹਾਂ ਦੀ ਪ੍ਰਕਿਰਤੀ ਤੇ ਸੁਪਨਿਆਂ ਬਾਰੇ ਮੋਟੀ ਮੋਟੀ ਜਾਣਕਾਰੀ ਲਿਖ ਕੇ ਆਪਣੇ ਸਾਮ੍ਹਣੇ ਕੰਪਿਊਟਰ 'ਤੇ ਰੱਖ ਲੈਂਦਾ ਹਾਂ ਤਾਂ ਕਿ ਉਨ੍ਹਾਂ ਦੇ ਨਾਂ, ਪ੍ਰਕਿਰਤੀ ਤੇ ਥਾਂ ਆਪਸ ਵਿਚ ਰਲ-ਗਡ ਨਾ ਹੋ ਸਕਣ।

ਮੈਂ ਆਪਣੇ ਨਾਵਲ ਦੇ ਪਹਿਲੇ ਕਾਂਡ ਵਿਚ ਹੀ ਮੁੱਖ ਪਾਤਰਾਂ ਦੀ ਪਾਠਕ ਨਾਲ ਜਾਣ ਪਛਾਣ ਕਰਾ ਦਿੰਦਾ ਹਾਂ ਤੇ ਇਸ ਗੱਲਵਲ ਵੀ ਸੰਕੇਤ ਕਰ ਦਿੰਦਾ ਹਾਂ ਕਿ ਨਾਵਲ ਦੇ ਪਾਤਰਾਂ ਨੂੰ ਕਿਸ ਮੁੱਖ ਸਮੱਸਿਆ ਨਾਲ ਦੋ-ਚਾਰ ਹੋਣਾ ਪੈਣਾ ਹੈ। ਦੂਜੇ ਸ਼ਬਦਾਂ ਵਿਚ ਪਹਿਲੇ ਕਾਂਡ ਵਿਚ ਹੀ ਬਿਰਤਾਂਤ ਸਿਰਜ ਲੈਂਦਾ ਹਾਂ ਤੇ ਫਿਰ ਨਿੱਕੇ ਨਿੱਕੇ ਵੇਰਵਿਆਂ ਰਾਹੀਂ ਤੇ ਨਾਵਲੀ ਜੁਗਤਾਂ ਦੁਆਰਾ ਆਪਣੇ ਮਨੋਰਥ ਤਕ ਪੁੱਜਣ ਦੀ ਕੋਸ਼ਿਸ਼ ਕਰਦਾ ਹਾਂ।

ਮੈਂ ਆਮ ਤੌਰ ਤੇ ਆਪਣੇ ਨਾਵਲ ਦੀ ਕਹਾਣੀ ਘੱਟੋ ਘੱਟ ਦੋ ਪਰਿਵਾਰਾਂ ਉਪਰ ਕੇਂਦਰਿਤ ਰੱਖਦਾ ਹਾਂ। ਕਈਆਂ ਨਾਵਲਾਂ ਵਿਚ ਦੋ ਤੋਂ ਵਧ ਪਰਿਵਾਰ ਵੀ ਹੁੰਦੇ ਹਨ, ਵਿਸ਼ੇਸ਼ ਕਰਕੇ ਵੱਡ ਆਕਾਰੀ ਨਾਵਲਾਂ ਵਿਚ। ਇਸ ਗੱਲ ਪਿੱਛੇ ਮੇਰਾ ਖਾਸ ਮਨੋਰਥ ਹੁੰਦਾ ਹੈ। ਉਹ ਇਹ ਹੁੰਦਾ ਹੈ ਕਿ ਮੈਂ ਆਪਣੇ ਨਾਵਲਾਂ ਦੀ, ਵਿਸ਼ੇਸ਼ ਕਰਕੇ ਵੱਡ ਆਕਾਰੀ ਨਾਵਲਾਂ ਦੀ, ਇਸ ਤਰ੍ਹਾਂ ਸਿਰਜਣਾ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਟੱਬਰਾਂ ਦੀ ਕਹਾਣੀ ਰਾਹੀਂ ਆਪਣੇ ਭਾਈਚਾਰੇ ਦੀ ਪੂਰੀ ਕਹਾਣੀ ਲਿਖੀ ਜਾ ਸਕੇ। ਉਸਦੀ ਆਰਥਿਕ, ਰਾਜਨੀਤਕ ਤੇ ਸਭਿਆਚਾਰਿਕ ਤਸਵੀਰਕਸ਼ੀ ਹੋ ਸਕੇ। ਉਹਦੀ ਸੰਰਚਨਾ ਵਿਚ ਕਿਹੜੀਆਂ ਕਿਹੜੀਆਂ ਸ਼ਕਤੀਆਂ ਕੰਮ ਕਰਦੀਆਂ ਹਨ ਤੇ ਉਹ ਕਿਵੇਂ ਕਰਦੀਆਂ ਹਨ ਪਾਠਕ ਨੂੰ ਦਿਨ ਵਾਂਗ ਸਾਫ਼ ਨਜ਼ਰ ਆ ਸਕਣ। ਉਸ ਸਮਾਜ ਦੀ ਪੂਰੀ ਤਸਵੀਰ ਪੇਸ਼ ਹੋ ਸਕੇ ਜਿਸ ਬਾਰੇ ਨਾਵਲ ਲਿਖਿਆ ਜਾ ਰਿਹਾ ਹੈ। ਦੂਜੇ ਸ਼ਬਦਾਂ ਵਿਚ ਸਮਾਜ ਦੇ ਜਿਨ੍ਹਾਂ ਰਿਸ਼ਤਿਆਂ-ਨਾਤਿਆਂ, ਰਸਮਾਂ-ਰਿਵਾਜ਼ਾਂ, ਬੰਧਨਾਂ ਤੇ ਸ਼ਕਤੀਆਂ ਵਿਚ ਮੇਰੇ ਪਾਤਰ ਬੱਝੇ ਹੋਏ ਹਨ ਜਾਂ ਜੀਅ ਰਹੇ ਹਨ, ਜੇ ਪਾਠਕ ਨੂੰ ਉਨ੍ਹਾਂ ਦਾ ਸਭ ਕੁਝ ਪ੍ਰਾਪਤ ਨਾ ਵੀ ਹੋ ਸਕੇ ਤਾਂ ਘੱਟੋ ਘੱਟ ਉਹਦਾ ਅਹਿਸਾਸ ਜ਼ਰੂਰ ਹੋ ਜਾਵੇ। ਮੈਂ ਆਪਣੇ ਇਸ ਉਦੇਸ਼ ਵਿਚ ਕਿੰਨਾ ਕੁ ਸਫਲ ਹੁੰਦਾ ਹਾਂ, ਹੁੰਦਾ ਵੀ ਹਾਂ ਜਾਂ ਨਹੀਂ। ਉਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਇਸ ਗੱਲ ਦਾ ਨਿਰਨਾ ਮੈਂ ਆਪਣੇ ਪਾਠਕਾਂ ਉਪਰ ਜਾਂ ਸਮੇਂ ਉਪਰ ਛੱਡ ਦੇਣਾ ਚਾਹੁੰਦਾ ਹਾਂ। ਪਰ ਮੇਰੀ

ਇਹ ਸੁਚੇਤ ਕੋਸ਼ਿਸ਼ ਜ਼ਰੂਰ ਹੁੰਦੀ ਹੈ।




ਮੈਂ ਦੋ ਜਾਂ ਦੋ ਤੋਂ ਵਧ ਟੱਬਰ ਹੀ ਆਪਣੇ ਵੱਡ ਆਕਾਰੀ ਨਾਵਲਾਂ ਚ ਨਹੀਂ ਲੈਂਦਾ, ਉਨ੍ਹਾਂ ਦੇ ਪਰਿਵਾਰਾਂ ਦੀਆਂ ਕਈ ਕਈ ਪੀੜ੍ਹੀਆਂ ਨੂੰ ਵੀ ਫੋਕਸ ਵਿਚ ਰੱਖਦਾ ਹਾਂ। ਇਹ ਗੱਲ ਇੰਜ ਵੀ ਕਹੀ ਜਾ ਸਕਦੀ ਹੈ ਕਿ ਨਾਵਲ ਨੂੰ ਲੰਮੇ ਸਮੇਂ ਵਿਚ, ਜਿਸਨੂੰ ਡਾ. ਜੋਗਿੰਦਰ ਸਿੰਘ ਰਾਹੀ ਯੁਗ-ਬੋਧ ਦਾ ਨਾਂ ਦਿੰਦਾ ਹੈ, ਫੈਲਾ ਕੇ ਪੇਸ਼ ਕਰਨਾ ਪਸੰਦ ਕਰਦਾ ਹਾਂ ਤਾਂ ਕਿ ਪਾਠਕ ਨੂੰ ਇਸ ਗੱਲ ਦਾ ਅਹਿਸਾਸ ਹੋ ਸਕੇ ਕਿ ਸਮੇਂ ਦੇ ਬੀਤਣ ਨਾਲ ਸਮਾਜਿਕ ਕਦਰਾਂ ਕੀਮਤਾਂ ਵਿਚ ਕੀ ਟੁੱਟ ਭੱਜ ਹੁੰਦੀ ਹੈ ਜਾਂ ਕਿਵੇਂ ਹੁੰਦੀ ਹੈ। ਮੈਂ ਇਸ ਗੱਲ ਵਿਚ ਵਿਸ਼ਵਾਸ ਵੀ ਰੱਖਦਾ ਹਾਂ ਕਿ ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ, ਉਹ ਮੇਰੇ ਪਾਤਰ ਕਹਿਣ, ਉਨ੍ਹਾਂ ਬਾਰੇ ਸਥਿਤੀਆਂ ਬੋਲਣ। ਪਰ ਇਹ ਮੇਰਾ ਕੋਈ ਦਾਅਵਾ ਨਹੀਂ ਹੈ ਕਿ ਮੈਂ ਆਪਣੇ ਇਸ ਮਨੋਰਥ ਵਿਚ ਕਿਸ ਹੱਦ ਤਕ ਸਫਲ ਹੁੰਦਾ ਹਾਂ। ਪਰ ਮੇਰਾ ਇਹ ਯਤਨ ਜ਼ਰੂਰ ਹੁੰਦਾ ਹੈ।

ਕੋਈ ਇਕ ਪਾਤਰ ਆਪਣੇ ਪੂਰੇ ਭਾਈਚਾਰੇ ਦੀ ਪ੍ਰਤੀਨਿਧਤਾ ਕਰ ਸਕੇ; ਇਹ ਗੱਲ ਅਸਮਾਨ ਦੇ ਤਾਰੇ ਤੋੜਨ ਵਾਲੀ ਕਹੀ ਜਾ ਸਕਦੀ ਹੈ। ਪਰ ਤੁਸੀਂ ਸਵਾਲ ਪੁੱਛਿਆ ਹੈ ਜਿਹਦੇ ਉੱਤਰ ਚ ਮੈਂ ਕਹਿ ਸਕਦਾ ਹਾਂ ਕਿ ਸ਼ਾਇਦ 'ਹਾਸ਼ੀਏ' ਨਾਵਲ ਦਾ ਮੁੱਖ ਪਾਤਰ, ਹਿਰਦੇਪਾਲ, ਦੇ ਕਿਰਦਾਰ ਚੋਂ ਇਸ ਗੱਲ ਦਾ ਝਲਕਾਰਾ ਪੈ ਸਕੇ। ਮੈਂ ਇਸ ਗੱਲ ਦਾ ਦਾਅਵਾ ਨਹੀਂ ਕਰ ਸਕਦਾ ਤੇ ਨਾ ਹੀ ਇਕ ਲੇਖਕ ਦੇ ਤੌਰ ਤੇ ਮੈਨੂੰ ਇਹ ਗੱਲ ਕਹਿਣੀ ਚਾਹੀਦੀ ਹੈ, ਕਿਉਂਕਿ ਇਹ ਕੰਮ ਲੇਖਕ ਦਾ ਨਹੀਂ, ਪ੍ਰਬੁੱਧ ਪਾਠਕਾਂ ਜਾਂ ਸਮਾਲੋਚਕਾਂ ਦਾ ਹੈ। ਹਿਰਦੇਪਾਲ ਰੱਜ ਕੇ ਮਿਹਨਤੀ ਹੈ। ਇੰਟੈਲੀਜੈਂਟ ਵੀ ਹੈ, ਸੁਭਾਅ ਵਲੋਂ ਹਮਦਰਦ ਵੀ ਹੈ, ਇਮਾਨਦਾਰ ਵੀ ਹੈ, ਵੰਗਾਰ ਨੂੰ ਸਵੀਕਾਰ ਕਰਨ ਵਾਲਾ ਵੀ ਹੈ, ਰਿਸਕ ਵੀ ਲੈ ਸਕਦਾ ਹੈ ਤੇ ਦੂਜਿਆਂ ਦੀ ਸਹਾਇਤਾ ਕਰਕੇ ਖੁਸ਼ੀ ਵੀ ਮਹਿਸੂਸ ਕਰਦਾ ਹੈ। ਵਿਸ਼ੇਸ਼ ਕਰਕੇ ਆਪਣੇ ਤੋਂ ਜੂਨੀਅਰ ਸਾਥੀਆਂ ਦੀ ਦਿਲੋਂ ਮਦਦ ਕਰਦਾ ਹੈ, ਉਨ੍ਹਾਂ ਨੂੰ ਮਿਹਨਤ ਤੇ ਇਮਾਨਦਾਰੀ ਨਾਲ ਆਪਣਾ ਕੰਮ ਕਰਨ ਦੀ ਮਿੱਤਰਾਂ ਵਾਲੀ ਸਲਾਹ ਵੀ ਦਿੰਦਾ ਹੈ। ਉਹਨੂੰ ਚਾਰ ਪੈਰ ਘੱਟ ਤੁਰਨਾ, ਤੁਰਨਾ ਮੜਕ ਦੇ ਨਾਲ 'ਚ ਵਿਸ਼ਵਾਸ ਰੱਖਣ ਵਾਲਾ ਪਾਤਰ ਕਿਹਾ ਜਾ ਸਕਦਾ ਹੈ। ਪਿਆਰ ਨਾਲ ਕੋਈ ਸਿਰ ਮੰਗੇ, ਸਿਰ ਦੇਣ ਲਈ ਵੀ ਤਿਆਰ ਹੋ ਸਕਦਾ ਹੈ ਪਰ ਜੇ ਕੋਈ ਰੋਅਬ ਨਾਲ ਈਨ ਮਨਾਵੇ ਤਾਂ ਉਹ ਉਹਨੂੰ ਟਿੱਚ ਸਮਝਦਾ ਹੈ। ਉਹ ਆਧੁਨਿਕ ਤੇ ਸੁਤੰਤਰ ਵਿਚਾਰਾਂ ਦਾ ਧਾਰਨੀ ਹੈ। ਉਹ ਦੂਜਿਆਂ ਨੂੰ ਪਿਆਰ ਕਰਦਾ ਹੈ ਤੇ ਉਨ੍ਹਾਂ ਕੋਲੋਂ ਆਪ ਵੀ ਅਜਿਹੇ ਵਿਹਾਰ ਦੀ ਉਮੀਦ ਰੱਖਦਾ ਹੈ। ਜੇ ਕੋਈ ਉਹਦਾ ਹੱਕ ਮਾਰਦਾ ਹੈ ਤਾਂ ਉਹਦੇ ਨਾਲ ਲੜ ਵੀ ਸਕਦਾ ਹੈ। ਭਾਵੇਂ ਉਹ ਉਹਦਾ ਬਾਸ ਹੀ ਕਿਉਂ ਨਾ ਹੋਵੇ। ਉਹ ਹਾਰ ਕੇ ਵੀ ਹਾਰ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ। ਉਹ ਆਪਣੇ ਜਾਂ ਕਿਸੇ ਨਾਲ ਵੀ ਹੋਏ ਧੱਕੇ ਵਿਰੁੱਧ ਖੜ ਸਕਦਾ ਹੈ, ਆਪਣੇ ਸਾਥੀਆਂ ਨੂੰ ਆਰਗੇਨਾਈਜ਼ ਕਰ ਸਕਦਾ ਹੈ ਤੇ ਆਪਣਾ ਹੱਕ ਪ੍ਰਾਪਤ ਕਰਨ ਲਈ ਕੋਰਟ ਦਾ ਦਰਵਾਜ਼ਾ ਵੀ ਖੜਕਾ ਸਕਦਾ ਹੈ। ਆਪਣੇ ਬਾਸ ਦੀ ਘੁਰਕੀ ਤੋਂ ਡਰ ਕੇ ਚੌਂਡਿਆਂ ਚ ਪੂਛ ਦਬਾ ਕੇ ਬੈਠਣ ਵਾਲਾ ਨਹੀਂ। ਇਥੋਂ ਤਕ ਕਿ ਜੇ ਸਥਾਪਤੀ ਦਾ ਹੈਡ ਵੀ ਧੱਕਾ ਕਰੇ ਤਾਂ ਉਹਨੂੰ ਵੀ ਅੱਖਾਂ ਦਿਖਾਉਣ ਦਾ ਸਾਹਸ ਰੱਖਦਾ ਹੈ। ਉਹਦੇ ਲਈ ਹਾਰ-ਜਿੱਤ ਇਕੋ ਸਿੱਕੇ ਦਾ ਪੁੱਠ-ਸਿੱਧ ਹੈ। ਇਸ ਕਰਕੇ ਹੀ ਹਾਰ ਜਾਣ ਪਿੱਛੋਂ ਵੀ ਹਾਰ ਨਹੀਂ ਮੰਨਦਾ ਤੇ ਦੂਜੇ ਦਿਨ ਸਵੇਰੇ ਆਰਾਮ ਨਾਲ ਛਾਹ ਵੇਲਾ ਕਰਕੇ ਕੰਮ ਤੇ ਚਲਾ ਜਾਂਦਾ ਹੈ। ਸ਼ਾਮ ਨੂੰ ਕੰਮੋਂ ਆ ਕੇ ਲੜਨ ਲਈ ਫਿਰ ਆਪਣੇ ਸਾਥੀਆਂ ਨੂੰ ਇਕੱਠੇ ਕਰਦਾ ਹੈ ਤੇ ਉਨ੍ਹਾਂ ਨਾਲ ਰਲ਼ ਕੇ ਲੜਾਈ ਦੇ ਨਵੇਂ ਦਾਅ-ਪੇਚ ਤਿਆਰ ਕਰਦਾ ਹੈ।

ਜੇ ਤੁਹਾਡੇ ਪੁੱਛਣ ਦਾ ਇਹ ਭਾਵ ਹੈ ਕਿ ਮੇਰਾ ਉਹ ਕਿਹੜਾ ਪਹਿਲਾ ਨਾਵਲ ਹੈ ਜਿਸ ਪਾਠਕਾਂ ਦਾ ਧਿਆਨ ਆਪਣੇ ਵਲ ਵਧ ਖਿੱਚਿਆ ਹੈ ਜਾਂ ਮੈਨੂੰ ਨਾਵਲਕਾਰ ਦੇ ਤੌਰ ਤੇ ਪਾਠਕ ਨੇ ਸਵੀਕਾਰਿਆ ਹੈ ਤਾਂ ਉਹਦਾ ਕਰੈਡਿਟ ਮੇਰੇ 'ਸੰਘਰਸ਼' ਨਾਵਲ ਨੂੰ ਜਾਂਦਾ ਹੈ। 'ਸੰਘਰਸ਼' ਮੇਰਾ ਅਜਿਹਾ ਨਾਵਲ ਹੈ ਜਿਸ ਵਿਚ ਮੇਰੇ



ਆਪਣੇ ਨਾਵਲਾਂ 'ਚ ਹੀ ਨਹੀਂ, ਸਮੁੱਚੇ ਪਰਵਾਸੀ ਨਾਵਲ ਚ ਵੀ ਪਹਿਲੀ ਵਾਰੀ ਮਜ਼ਦੂਰ ਜਮਾਤ ਦੀ ਸੰਘਰਸ਼ਮਈ ਜ਼ਿੰਦਗੀ, ਉਨ੍ਹਾਂ ਵਲੋਂ ਟ੍ਰੇਡ ਯੂਨੀਅਨ ਬਣਾਉਣ ਤੇ ਉਹਦੀ ਸਥਾਪਨਾ ਦੇ ਰਾਹ ਚ ਆਉਣ ਵਾਲੀਆਂ ਜਾਂ ਸਰਮਾਏਦਾਰ ਸ਼੍ਰੇਣੀ ਵਲੋਂ ਉਹਦੇ ਰਾਹ ਚ ਮੁਸ਼ਕਲਾਂ ਪੈਦਾ ਕਰਨ, ਲੋਹੇ ਦੇ ਢਲਣ ਤੋਂ ਲੈ ਕੇ ਉਹਦੇ ਬਣਨ ਤਕ ਦਾ ਬਿਰਤਾਂਤ, ਦੋ ਸੰਸਕ੍ਰਿਤੀਆਂ ਦਾ ਆਪਸੀ ਟਕਰਾਅ, ਅੰਤਰ ਨਸਲੀ ਵਿਆਹਾਂ ਦੀ ਅਸਫਲਤਾ, ਨਸਲੀ ਵਿਤਕਰਾ, ਮਾਸ ਮੀਡੀਏ ਦੀ ਅਖੌਤੀ ਖੁਦਮੁਖਤਾਰੀ, ਸਰਮਾਏਦਾਰ ਜਮਾਤ ਦੀ ਭੂਮਿਕਾ ਆਦਿ ਮੁੱਦਿਆਂ ਦੀ ਪੇਸ਼ਕਾਰੀ ਹੋਈ ਹੈ। ਆਪਣੀ ਇਸ ਗੱਲ ਦੀ ਪੁਸ਼ਟੀ ਲਈ ਮੈਂ 'ਸੰਘਰਸ਼' ਨਾਵਲ ਬਾਰੇ ਡਾ. ਸੁਖਦੇਵ ਸਿੰਘ ਖਾਹਰਾ ਦੀ ਟਿੱਪਣੀ ਦੇਣ ਦੀ ਆਗਿਆ ਚਾਹਾਂਗਾ। ਉਹ ਲਿਖਦਾ ਹੈ: " ...ਇਸ ਨਾਵਲ ਵਿਚ ਦਰਸ਼ਨ ਧੀਰ ਨੇ ਇੰਗਲੈਂਡ ਵਿਚ ਟ੍ਰੇਡ ਯੂਨੀਅਨਿਜ਼ਮ ਦੀਆਂ ਸਮੱਸਿਆਵਾਂ ਨੂੰ ਉਥੋਂ ਦੀ ਆਰਥਿਕ ਵਿਵਸਥਾ ਅਤੇ ਸਭਿਆਚਾਰਕ ਤਾਣੇ ਦੀਆਂ ਗੁੰਝਲਾਂ ਸਮੇਤ ਯਥਾਰਥਵਾਦ ਦੇ ਨੁਕਤੇ ਤੋਂ ਅੰਕਿਤ ਕੀਤਾ ਹੈ। ਇਸ ਰਚਨਾ ਵਿਚ ਮਜ਼ਦੂਰ ਜਥੇਬੰਦੀਆਂ ਨੂੰ ਸੰਗਠਿਤ ਕਰਨ ਦੀਆਂ ਮੁਸ਼ਕਲਾਂ, ਸਰਮਾਏਦਾਰੀ ਜਮਾਤ ਦੀ ਭੂਮਿਕਾ, ਆਰਥਿਕਤਾਵਾਦ ਲਈ ਸੰਘਰਸ਼, ਨਸਲੀ ਵਿਤਕਰਾ, ਅੰਤਰ ਨਸਲੀ ਵਿਆਹਾਂ ਦੀ ਅਸਫਲਤਾ, ਮਾਸ ਮੀਡੀਏ ਦੀ ਅਖੌਤੀ ਖੁਦਮੁਖਤਾਰੀ ਤੇ ਨਿਰਪੱਖਤਾ ਆਦਿ ਮਸਲਿਆਂ ਨੂੰ ਇਕੋ ਹੀ ਗਲਪ-ਅਨੁਭਵ ਦੀਆਂ ਵਿਭਿੰਨ ਤਣਾਵਾਂ ਦੇ ਰੂਪ ਵਿਚ ਚਿਤਰਿਆ ਗਿਆ ਹੈ। ਸੰਘਰਸ਼ ਵਿਚ ਮਨੋਵਿਸ਼ਲੇਸ਼ਣ ਹੋਰਨਾਂ ਬਹੁਤ ਸਾਰੀਆਂ ਵਿਧੀਆਂ ਵਿਚੋਂ ਇਕ ਵਿਧੀ ਹੈ। ਇਸ ਵਿਚ ਮਨੁੱਖ ਦੇ ਆਰਥਿਕ ਅਤੇ ਸਭਿਆਚਾਰਕ ਇਤਿਹਾਸ ਦੇ ਵਡੇਰੇ ਮਸਲਿਆਂ ਨੂੰ ਸ਼ਰੇਣਿਕ ਤੇ ਨਸਲੀ ਪ੍ਰਸੰਗ ਵਿਚ ਉਨ੍ਹਾਂ ਦੀ ਬਾਹਰਮੁਖਤਾ ਅਤੇ ਅੰਤਰਮੁੱਖਤਾ ਦੇ ਦਵੰਦਾਤਮਿਕ ਰਿਸ਼ਤੇ ਸਮੇਤ ਵਿਰੋਧੀ ਪਾਤਰਾਂ ਦੇ ਸਿਰਜਣਾ ਰਾਹੀਂ ਉਘਾੜਿਆ ਹੈ। ਜਿਥੇ ਜਸਵੰਤ ਸਿੰਘ ਕੰਵਲ ਅਜਿਹੀਆਂ ਸਮੱਸਿਆਵਾਂ ਦੀ ਵਾਸਤਵਿਕਤਾ ਨੂੰ ਆਪਣੇ ਰੁਮਾਂਟਿਕ ਆਸ਼ਾਵਾਦ ਨਾਲ ਵਿਗਾੜ ਦਿੰਦਾ ਹੈ ਉਥੇ ਦਰਸ਼ਨ ਧੀਰ 'ਸੰਘਰਸ਼' ਨਾਵਲ ਵਿਚ ਇਨ੍ਹਾਂ ਸਮੱਸਿਆਵਾਂ ਦੇ ਵਾਸਤਵਿਕ ਰੂਪਾਂ ਦੇ ਦਿਸਦੇ ਅਣਦਿਸਦੇ ਪਾਸਾਰਾਂ ਨੂੰ ਇਕ ਅਜਿਹੀ ਕਲਾਮਿਕ ਸੋਝੀ ਨਾਲ ਅੰਤਰ-ਸਬੰਧਿਤ ਕਰਦਾ ਹੈ ਕਿ ਇੰਗਲੈਂਡ ਵਰਗੇ ਸਨਅਤੀ ਤੌਰ ਤੇ ਵਿਕਸਿਤ ਸਮਾਜ ਦੀ ਇਤਿਹਾਸਿਕ ਗਤੀ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਇਸ ਨਾਵਲ ਵਿਚ ਇੰਗਲੈਂਡ ਦੀ ਟ੍ਰੇਡ ਯੂਨੀਅਨ ਲਹਿਰ ਦੇ ਇਕ ਨਿਸ਼ਚਿਤ ਕਾਲ-ਖੰਡ ਨੂੰ ਪਰਿਵਾਰਿਕ ਰਿਸ਼ਤਿਆਂ ਦੀਆਂ ਤਣਾਵਾਂ ਨਾਲ ਬੁਣ ਕੇ ਦੋ ਸੰਸਕ੍ਰਿਤੀਆਂ ਦੇ ਤਣਾਓ/ਟਕਰਾਓ ਦੇ ਸੰਦਰਭ ਵਿਚ ਉਜਾਗਰ ਕੀਤਾ ਗਿਆ ਹੈ।"

ਡਾ. ਸੁਖਦੇਵ ਸਿੰਘ ਖਾਹਰੇ ਦੀ 'ਸੰਘਰਸ਼ ਨਾਵਲ ਬਾਰੇ ਟਿੱਪਣੀ ਦੇਣ ਦੀ ਇਸ ਕਰਕੇ ਵੀ ਮੈਨੂੰ ਜ਼ਰੂਰਤ ਮਹਿਸੂਸ ਹੋਈ ਹੈ, ਕਿਉਂਕਿ ਸਾਡੇ ਇਕ ਵਿਦਵਾਨ ਦੋਸਤ ਨੂੰ ਇਸ ਗੱਲ ਦੀ ਗਲਤੀ ਲਗ ਰਹੀ ਹੈ ਕਿ ਪਰਵਾਸੀ ਪੰਜਾਬੀ ਨਾਵਲ ਸਵਰਨ ਚੰਦਨ ਦੇ ਨਾਵਲ 'ਕੰਜਕਾਂ' ਦੇ ਦੁਆਲੇ ਹੀ ਘੁੰਮ ਰਿਹਾ ਹੈ। ਸੰਘਰਸ਼ ਨਾਲ 1984 ਵਿਚ ਪ੍ਰਕਾਸ਼ਿਤ ਹੋਇਆ ਸੀ ਤੇ 'ਕੰਜਕਾਂ' 1993 ਵਿਚ। 'ਕੰਜਕਾਂ', 'ਸੰਘਰਸ਼' ਤੋਂ ਨੌਂ ਸਾਲਾਂ ਮਗਰੋਂ ਪ੍ਰਕਾਸ਼ਿਤ ਹੋਇਆ ਸੀ। ਜਿਹੜੇ ਮਸਲੇ 'ਸੰਘਰਸ਼' ਨਾਵਲ 'ਚ ਛੋਹੇ ਗਏ ਹਨ ਤਕਰੀਬਨ ਤਕਰੀਬਨ ਉਹੀ ਸਮੱਸਿਆਵਾਂ 'ਕੰਜਕਾਂ' 'ਚ ਲਈਆਂ ਗਈਆਂ ਹਨ। ਉਸੇ ਤਰ੍ਹਾਂ ਅੰਤਰ ਨਸਲੀ ਵਿਆਹ ਦੀ ਸਮੱਸਿਆ 'ਕੰਜਕਾਂ' ਨਾਵਲ ਚ ਹੈ ਜਿਸ ਤਰ੍ਹਾਂ ਦੀ ਸੰਘਰਸ਼ ਨਾਵਲ ਚ ਹੈ। ਉਸੇ ਤਰ੍ਹਾਂ ਹੀ 'ਸੰਘਰਸ਼' ਨਾਵਲ ਦਾ ਮੁੱਖ ਪਾਤਰ ਰਾਜਪਾਲ ਵਿਆਹ ਕਰਵਾਉਣ ਲਈ ਘਰੋਂ ਲੜ ਕੇ ਚਲਾ ਜਾਂਦਾ ਹੈ ਜਿਸ ਤਰ੍ਹਾਂ ਕੰਜਕਾਂ ਦੀ ਅਣੂ। ਜੇ ਕੋਈ ਦੋਹਾਂ ਚ ਫਰਕ ਹੈ ਤਾਂ ਇੰਨਾ ਕੁ ਹੀ ਹੈ ਕਿ ਰਾਜਪਾਲ ਗੋਰੀ ਕੁੜੀ ਨਾਲ ਵਿਆਹ ਕਰਵਾਉਣ ਲਈ ਘਰੋਂ ਜਾਂਦਾ ਹੈ ਤੇ ਅਣੂ ਜਮੀਕਣ ਨਾਲ ਰਹਿਣ ਲਈ। ਭਾਵੇਂ ਰਾਜਪਾਲ ਦਾ ਗੋਰੀ ਨਾਲ ਵਿਆਹ ਹੋ ਕੇ ਬਾਅਦ ਵਿਚ ਟੁੱਟ ਜਾਂਦਾ ਹੈ ਤੇ ਅਣੂ ਸ਼ਾਦੀ ਕਰਾਉਂਦੀ ਹੀ ਨਹੀਂ। ਉਮੀਦ ਹੈ ਕਿ ਹੁਣ ਉਸ ਵਿਦਵਾਨ ਮਿੱਤਰ ਸਮੇਤ ਪਾਠਕ ਇਸ ਗੱਲ ਦਾ ਨਿਰਨਾ ਕਰ ਲੈਣਗੇ ਕਿ ਕਿਹੜਾ ਨਾਵਲ ਕਿਹਦੇ ਦੁਆਲੇ ਘੁੰਮ ਰਿਹਾ ਹੈ। ਇਸੇ ਤਰ੍ਹਾਂ ਹੀ ਮੇਰੇ 'ਲਕੀਰਾਂ ਤੇ ਮਨੁੱਖ', 'ਇਹ ਲੋਕ', 'ਘਰ ਤੇ ਕਮਰੇ', 'ਪੈੜਾਂ ਦੇ ਆਰ ਪਾਰ',

'ਅਜਨਬੀ ਚਿਹਰੇ' , 'ਹਾਸ਼ੀਏ ' ਤੇ 'ਵਹਿਣ' ਨਾਵਲ ਨੂੰ ਪਾਠਕਾਂ ਤੇ ਆਲੋਚਕਾਂ ਵਲੋਂ ਬੜਾ ਭਰਵਾ ਹੁੰਗਾਰਾ ਮਿਲਿਆ ਹੈ। ਜੇ ਮੈਂ ਇਨ੍ਹਾਂ ਨਾਵਲਾਂ ਦੇ ਇਥੇ ਬਿਰਤਾਂਤ ਦੱਸਣ ਲਗ ਪਵਾਂ ਤਾਂ ਉਹਦੇ ਲਈ ਬਹੁਤ ਵੱਡੀ ਸਪੇਸ ਦੀ ਲੋੜ ਪਵੇਗੀ। ਪਰ ਮੈਂ 'ਵਹਿਣ' ਨਾਵਲ ਦੇ ਬਿਰਤਾਂਤ ਬਾਰੇ ਸੰਖੇਪ ਚ ਗੱਲ ਜ਼ਰੂਰ ਕਰਨੀ ਚਾਹਾਂਗਾ। ਵਹਿਣ ਅਜਿਹਾ ਨਾਵਲ ਹੈ ਜਿਸ ਵਿਚ ਛੇ-ਸੱਤ ਪੀੜ੍ਹੀਆਂ ਦੀ ਜ਼ਿੰਦਗੀ ਹੀ ਬਿਆਨ ਨਹੀਂ ਹੋਈ, ਸਗੋਂ ਦੋ ਤੋਂ ਵਧ ਰਾਜਨੀਤਕ ਪ੍ਰਬੰਧਾਂ ਦੀ ਪੇਸ਼ਕਾਰੀ ਵੀ ਹੋਈ ਹੈ, ਖਾਸ ਕਰਕੇ ਜਗੀਰਦਾਰੀ ਪ੍ਰਬੰਧ ਨੂੰ ਕਿਸ ਤਰ੍ਹਾਂ ਸਰਮਾਏਦਾਰੀ ਪ੍ਰਬੰਧ ਨੇ ਤਹਿਸ਼ ਨਹਿਸ਼ ਕਰਕੇ ਆਪਣਾ ਝੰਡਾ ਝੁਲਾਇਆ ਸੀ। ਸਿੱਟੇ ਵਜੋਂ ਸਰਮਾਏਦਾਰੀ ਪ੍ਰਬੰਧ ਦੇ ਆਉਣ ਨਾਲ ਮਨੁੱਖੀ ਕਦਰਾਂ ਕੀਮਤਾਂ 'ਚ ਕੀ ਕੀ ਟੁੱਟ ਭੱਜ ਹੋਈ ਸੀ ਤੇ ਉਨ੍ਹਾਂ ਦਾ ਕਿਹੋ ਜਿਹਾ ਸਰੂਪ ਬਣਿਆਂ ਸੀ ਨੂੰ ਵਿਸਤਾਰ ਸਹਿਤ ਪੇਸ਼ ਕਾਰਨ ਦਾ ਯਤਨ ਗਿਆ ਹੈ ਤੇ ਹੁਣ ਨਵ ਸਰਮਾਏਦਾਰੀ ਸਿਸਟਮ ਸਰਮਾਏਦਾਰੀ ਪ੍ਰਬੰਧ ਨੂੰ ਖੁੱਡੇ ਲਾਈਨ ਲਾਉਣ ਲਈ ਕਿਸ ਤਰ੍ਹਾਂ ਕਮਰ ਕੱਸੋ ਕਰ ਰਿਹਾ ਹੈ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ।

ਮੈਂ ਪਾਠਕਾਂ ਦੀ ਰੁਚੀ ਨੂੰ ਮੁੱਖ ਰੱਖ ਕੇ ਕਦੀ ਨਾਵਲ ਨਹੀਂ ਲਿਖਿਆ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਅਜਿਹਾ ਨਾਵਲ ਲਿਖ ਹੀ ਨਹੀਂ ਸਕਦਾ। ਮੈਂ ਇਹ ਕੋਸ਼ਿਸ਼ ਜ਼ਰੂਰ ਕਰਦਾ ਹਾਂ ਕਿ ਆਪਣੀ ਗੱਲ ਅਜਿਹੇ ਢੰਗ ਨਾਲ ਕਹੀ ਜਾਵੇ ਕਿ ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ, ਉਹ ਠੀਕ ਢੰਗ ਤੇ ਸੌਖੀ ਭਾਸ਼ਾ 'ਚ ਕਿਹਾ ਜਾ ਸਕੇ ਤਾਂ ਕਿ ਸਧਾਰਨ ਸੂਝ ਬੂਝ ਵਾਲਾ ਪਾਠਕ ਵੀ ਸਮਝ ਸਕੇ ਤੇ ਉਹ ਇਨਜੋਏ ਵੀ ਕਰ ਸਕੇ। ਮੇਰਾ ਇਹ ਵੀ ਪੱਕਾ ਵਿਸ਼ਵਾਸ ਹੈ ਕਿ ਕੋਈ ਵੀ ਗੰਭੀਰ ਲੇਖਕ ਪਾਠਕਾਂ ਦੀ ਰੁਚੀ ਨੂੰ ਮੁੱਖ ਰੱਖ ਕੇ ਨਾਵਲ ਨਹੀਂ ਲਿਖਦਾ, ਕਿਉਂਕਿ ਲੇਖਕ ਨੇ ਪਾਠਕ ਦੇ ਗਿਆਨ ਵਿਚ ਵਾਧਾ ਵੀ ਕਰਨਾ ਹੁੰਦਾ ਹੈ, ਉਹਨੂੰ ਕੋਈ ਦਿਸ਼ਾ ਜਾਂ ਅੰਤਰ ਦ੍ਰਿਸ਼ਟੀ ਵੀ ਦੇਣੀ ਹੁੰਦੀ ਹੈ ਤੇ ਉਹਦੇ ਸੁਹਜ ਸਵਾਦ ਵਿਚ ਵੀ ਵਾਧਾ ਕਰਨਾ ਹੁੰਦਾ ਹੈ। ਚੀਜ਼ਾਂ ਨੂੰ ਨਵੇਂ ਐਂਗਲ ਤੋਂ ਦੇਖਣ ਦੀ ਨਜ਼ਰ ਵੀ ਦੇਣੀ ਹੁੰਦੀ ਹੈ। ਦਿਲ ਪਰਚਾਵਾ ਹੀ ਨਹੀਂ ਕਰਨਾ ਹੁੰਦਾ ਭਾਵੇਂ ਮਨੋਰੰਜਨ ਨਾਵਲ ਦਾ ਮੁਢਲਾ ਤੇ ਬੜਾ ਜ਼ਰੂਰੀ ਗੁਣ ਹੁੰਦਾ ਹੈ।

ਇਹ ਦੋ ਸਵਾਲ ਹਨ ਤੇ ਇਨ੍ਹਾਂ ਦੇ ਜਵਾਬ ਵੀ ਦੋ ਹਨ। ਜਿਥੋਂ ਤਕ ਮੇਰੇ ਨਾਵਲਾਂ ਦਾ ਸਬੰਧ ਹੈ। ਮੇਰੇ ਨਾਵਲਾਂ 'ਚ ਮੁੱਖ ਪਾਤਰ ਤਾਂ ਜ਼ਰੂਰ ਹਨ ਪਰ ਨਾਇਕ ਕਿਸੇ ਨਾਵਲ ਵਿਚ ਵੀ ਨਹੀਂ ਹੈ। ਹਾਂ, 'ਇਹ ਲੋਕ' ਨਾਵਲ 'ਚ ਜਗੀਰ ਸਿੰਘ ਨੂੰ ਖਲ ਨਾਇਕ ਜ਼ਰੂਰ ਕਿਹਾ ਜਾ ਸਕਦਾ ਹੈ। ਉਹਦੀ ਉਥੇ ਲੋੜ ਸੀ। ਉਂਜ ਨਾਇਕ ਆਧਾਰਤ ਨਾਵਲ ਹੋਣਾ ਆਪਣੇ ਆਪ 'ਚ ਕੋਈ ਦੋਸ਼ ਨਹੀਂ ਹੈ ਤੇ ਨਾ ਹੀ ਮੈਂ ਉਹਦੇ ਵਿਰੁੱਧ ਹਾਂ। ਇਹ ਗੱਲ ਲੇਖਕ ਦੀ ਜ਼ਿੰਦਗੀ ਨੂੰ ਦੇਖਣ ਸਮਝਣ ਦੀ ਦ੍ਰਿਸ਼ਟੀ 'ਤੇ ਨਿਰਭਰ ਕਰਦੀ ਹੈ ਕਿ ਉਹ ਜੀਵਨ ਨੂੰ ਕਿਸ ਤਰ੍ਹਾਂ ਦੇਖਦਾ ਹੈ।

ਇਸ ਪ੍ਰਸ਼ਨ ਦਾ ਉੱਤਰ ਮੈਂ ਆਪਣੇ ਵਲੋਂ ਦੇਣ ਦੀ ਥਾਂ ਸੰਸਾਰ ਦੇ ਪ੍ਰਮੁੱਖ ਯਥਾਰਥਵਾਦੀ ਤੇ ਮਹਾਨ ਲੇਖਕ ਫਲੌਬਰਟ ਦੇ ਆਪਣੇ ਅਜ਼ੀਜ਼, ਮੋਪਾਸਾਂ, ਨੂੰ ਕਹੇ ਹੋਏ ਸ਼ਬਦਾਂ ਦੀ ਇਥੇ ਵਰਤੋਂ ਕਰਨੀ ਚਾਹੁੰਦਾ ਹਾਂ। ਉਹ ਮੋਪਾਸਾਂ ਨੂੰ ਇਸ ਗੱਲ ਬਾਰੇ ਬਲ਼ਦੀ ਅੱਗ ਦੀ ਉਦਾਹਰਨ ਦਿੰਦਾ ਹੋਇਆ ਕਹਿੰਦਾ ਹੈ ਕਿ ਅੱਗ ਨੂੰ ਤਦ ਤਕ ਦੇਖੀ ਜਾਓ ਜਦ ਤਕ ਉਹ ਆਪਣਾ ਰੂਪ ਨਾ ਬਦਲ ਲਵੇ। ਉਹਦੇ ਕਹਿਣ ਦਾ ਇਹੀ ਭਾਵ ਹੈ ਕਿ ਜਦ ਤਕ ਕਿਸੇ ਰਚਨਾ ਚ ਲੇਖਕ ਦੀ ਦ੍ਰਿਸ਼ਟੀਕੋਣ ਨਹੀਂ ਮਿਲ਼ ਜਾਂਦਾ ਤਦ ਤਕ ਉਹਨੂੰ ਉਹਦੇ ਬਾਰੇ ਨਹੀਂ ਲਿਖਣਾ ਚਾਹੀਦਾ। ਇਹੀ ਗੱਲ ਜੀਵਨ ਯਥਾਰਥ ਤੇ ਰਚਨਾ ਯਥਾਰਥ ਵਿਚ ਲਕੀਰ ਖਿੱਚਦੀ ਹੈ। ਉਸ ਹਾਲਤਵਿਚ ਹੀ ਜੀਵਨ ਯਥਾਰਥ ਸਿਰਜਣਯਥਾਰਥ ਵਿਚ ਵੱਟਦਾ ਹੈ। ਮੈਂ ਆਪਣੇ ਪਾਤਰਾਂ ਨੂੰ, ਉਹ ਭਾਵੇਂ ਦਲਿਤ ਹੋਣ ਜਾਂ ਕਿਸੇ ਹੋਰ ਜਮਾਤ ਨਾਲ ਸਬੰਧਤ ਹੋਣ, ਇਸੇ ਦ੍ਰਿਸ਼ਟੀ ਤੋਂ ਦੇਖਦਾ ਤੇ ਪੇਸ਼ ਕਰਦਾ ਹਾਂ।

ਮੇਰੇ ਖਿਆਲ 'ਚ ਮੇਰਾ ਜਾਂ ਪੰਜਾਬੀ ਨਾਵਲ ਭਾਰਤ ਦੀ ਕਿਸੇ ਵੀ ਭਾਸ਼ਾ ਦੇ ਨਾਵਲ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰ ਸਕਦਾ ਹੈ। ਗਿਣਤੀ ਦੇ ਪੱਖੋਂ ਚੰਗੇ ਪੰਜਾਬੀ ਨਾਵਲ ਭਾਰਤ ਦੀ ਕਿਸੇ ਹੋਰ ਭਾਸ਼ਾ ਦੇ ਚੰਗੇ



ਨਾਵਲਾਂ ਨਾਲੋਂ ਵਧ ਘਟ ਜ਼ਰੂਰ ਹੋ ਸਕਦੇ ਹਨ ਪਰ ਮਿਆਰ ਦੇ ਪੱਖੋਂ ਮੈਨੂੰ ਘੱਟ ਹੀ ਫਰਕ ਲਗਦਾ ਹੈ। ਗਿਣਤੀ ਦੇ ਪੱਖੋਂ ਵਧ ਘਟ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਉਸ ਭਾਸ਼ਾ ਦੇ ਬੋਲਣ ਵਾਲਿਆਂ ਦੀ ਗਿਣਤੀ ਵੀ ਵਧ ਹੋ ਸਕਦੀ ਹੈ ਤੇ ਕੋਈ ਹੋਰ ਕਾਰਨ ਵੀ ਹੋ ਸਕਦਾ ਹੈ। ਪਰ ਮਿਆਰ ਦੇ ਪੱਖੋਂ ਮੈਨੂੰ ਵਿਸ਼ੇਸ਼ ਫਰਕ ਨਹੀਂ ਲਗਦਾ। ਉਦਾਹਰਨ ਲਈ ਜਦ ਡਾਕਟਰ ਫਰੈਂਕ ਰੀਵਜ਼ ਨੇ ਮੇਰੇ ਨਾਵਲ 'When the Waters Wail' ਤੇ ਪਰਚਾ ਪੇਸ਼ ਕੀਤਾ ਤਾਂ ਉਸ ਇਸ ਨਾਵਲ ਦੇ ਕਈ ਪੱਖਾਂ ਦੀ ਅੰਗਰੇਜ਼ੀ ਦੇ ਵੱਡੇ ਨਾਵਲਕਾਰਾਂ ਦੇ ਨਾਵਲਾਂ ਦੇ ਗੁਣਾਂ ਨਾਲ ਤੁਲਨਾ ਕੀਤੀ ਸੀ। ਇਸ ਗੱਲ ਦਾ ਇਹ ਮਤਲਬ ਉੱਕਾ ਨਹੀਂ ਕਿ ਉਸ ਇਹਦੀਆਂ ਕਮਜ਼ੋਰੀਆਂ ਵਲ ਉਂਗਲ ਨਹੀਂ ਸੀ ਉਠਾਈ। ਜ਼ਰੂਰ ਕੀਤੀ ਸੀ, ਖਾਸ ਕਰਕੇ ਇਹਦੀ ਭਾਸ਼ਾ ਦੀ, ਭਾਸ਼ਾ 'ਚੋਂ ਵੀ ਇਹਦੇ ਡਾਇਲੌਗ 'ਚ ਵਰਤੀ ਬੋਲੀ ਦੀ। ਪਰ ਉਸ ਇਹਦੇ ਵਿਸ਼ੇ ਦੀ 'ਤੇ ਨਿਭਾਅ ਦੀ ਕਾਫ਼ੀ ਤਾਰੀਫ਼ ਕੀਤੀ ਸੀ। ਹੋਰ ਵੀ ਅੰਗਰੇਜ਼ੀ ਦੇ ਜਿਨ੍ਹਾਂ ਪਾਠਕਾਂ ਨੇ ਇਹ ਨਾਵਲ ਪੜ੍ਹਿਆ ਸੀ। ਤਕਰੀਬਨ ਸਭ ਨੇ ਚੰਗਾ ਹੀ ਕਿਹਾ ਸੀ। ਈਸੈਕਸ, ਸਾਥੋਂ ਦੋ-ਢਾਈ ਸੌ ਮੀਲ ਹੈ, ਤੋਂ ਇਕ ਪਾਠਕ ਦੀ ਈਮੇਲ ਆਈ ਸੀ। ਉਸ ਮੈਨੂੰ ਲਿਖਿਆ ਸੀ ਕਿ ਭਾਸ਼ਾ ਨੂੰ ਛੱਡ ਕੇ ਤੁਹਾਡਾ ਨਾਵਲ ਮੈਨੂੰ ਚੰਗਾ ਲੱਗਾ ਹੈ, ਵਿਸ਼ੇਸ਼ ਕਰਕੇ ਤੁਸੀਂ ਇਸ ਨਾਵਲ ਚ ਜਿਹੜੇ ਸਵਾਲ ਉਠਾਏ ਹਨ ਉਹ ਬੜੇ ਇੰਪੋਰਟੈਂਟ ਹਨ, ਪਰ ਉਨ੍ਹਾਂ ਪ੍ਰਸ਼ਨ ਦਾ ਉੱਤਰ ਕੌਣ ਦੇਵੇਗਾ? ਉਹਦੇ ਇਸ ਸਵਾਲ ਦੇ ਉੱਤਰ 'ਚ ਮੈਂ ਲਿਖਿਆ ਸੀ ਕਿ ਲੇਖਕ ਦਾ ਕੰਮ ਪ੍ਰਸ਼ਨ ਖੜੇ ਕਰਨਾ ਹੁੰਦਾ ਹੈ। ਉਹਦੇ ਜਵਾਬ ਲੱਭਣਾ ਰਾਜਨੀਤਕਾਂ, ਸਮਾਜ ਸ਼ਾਸ਼ਤਰੀਆਂ, ਬੁੱਧੀਜੀਵੀਆਂ ਤੇ ਚੇਤੰਨ ਲੋਕਾਂ ਦਾ ਕੰਮ ਹੈ। ਭਾਵ, ਭਾਈਚਾਰੇ ਦਾ ਹੈ। ਇਸ ਗੱਲ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਕਿ ਪੰਜਾਬੀ ਨਾਵਲ ਕਿਥੇ ਕੁ ਖੜਦਾ ਹੈ।

ਇੰਗਲੈਂਡ ਦੇ ਨਾਵਲਕਾਰਾਂ ਵਲੋਂ ਲਿਖੇ ਗਏ ਨਾਵਲ ਰਸ਼ੀਅਨ ਤੇ ਫਰੈਂਚ ਨਾਵਲਕਾਰਾਂ ਵਲੋਂ ਲਿਖੇ ਗਏ ਨਾਵਲਾਂ ਜਿੰਨੇ ਮਹਾਨ ਕਿਉਂ ਨਹੀਂ ਹੋ ਸਕੇ। ਇਸ ਗੱਲ ਦਾ ਕਾਰਨ ਸਮਰਸੈਟ ਮਾਮ ਜਿਹੜਾ ਆਪ ਚੰਗਾ ਨਾਵਲਕਾਰ ਵੀ ਹੈ ਤੇ ਵਧੀਆ ਕਹਾਣੀਕਾਰ ਵੀ। ਮੈਥਿਊ ਅਰਨੋਲਡ ਦੇ ਹਵਾਲੇ ਨਾਲ ਇਹ ਕਹਿੰਦਾ ਹੈ ਕਿ ਕਿਉਂਕਿ ਸਾਡੇ, ਇੰਗਲੈਂਡ ਦੇ ਨਾਵਲਕਾਰ ਹਾਈ ਸੀਰੀਅਸਨੈੱਸ ਦੇ ਧਾਰਨੀ ਨਹੀਂ ਹੋ ਸਕੇ ਜਿਸ ਕਰਕੇ ਸਾਡਾ ਨਾਵਲ ਉਪਰ ਦੱਸੇ ਦੇਸ਼ਾਂ ਦੇ ਨਾਵਲਾਂ ਜਿੰਨਾ ਮਹਾਨ ਨਾਵਲ ਨਹੀਂ ਹੋ ਸਕਿਆ। ਜਿੰਨਾ ਚਿਰ ਕਿਸੇ ਵੀ ਭਾਸ਼ਾ ਦੇ ਸਿਰਜਣਹਾਰ ਹਾਈ ਸੀਰੀਅਸਨੈੱਸ ਦੇ ਧਾਰਨੀ ਨਹੀਂ ਹੁੰਦੇ, ਓਨਾ ਚਿਰ ਉਹ ਮਹਾਨ ਨਾਵਲ ਨਹੀਂ ਰਚ ਸਕਦੇ। ਇਹ ਗੱਲ ਇੰਗਲੈਂਡ ਦੇ ਨਾਵਲਕਾਰਾਂ ਤੇ ਹੀ ਨਹੀਂ ਢੁੱਕਦੀ, ਪੰਜਾਬੀ ਸਮੇਤ ਸੰਸਾਰ ਦੀ ਹਰ ਭਾਸ਼ਾ ਦੇ ਨਾਵਲਕਾਰਾਂ ਤੇ ਲਾਗੂ ਹੁੰਦੀ ਹੈ। ਇਹੀ ਗੱਲ ਈ. ਐਮ. ਫੋਸਟਰ ਇੰਗਲੈਂਡ ਦੇ ਨਾਵਲਾਂ ਬਾਰੇ ਕਹਿੰਦਾ ਹੈ ਪਰ ਉਹ ਹੋਰ ਢੰਗ ਨਾਲ ਕਹਿੰਦਾ ਹੈ। ਯਾਦ ਰਹੇ ਕਿ ਇਹ ਦੋਵੇਂ ਅੰਗਰੇਜ਼ ਹਨ, ਚੰਗੇ ਨਾਵਲਕਾਰ ਵੀ ਤੇ ਆਲੋਚਕ ਵੀ।

ਜਦ ਕੋਈ ਰਾਜਨੀਤਕ ਪ੍ਰਬੰਧ ਆਪਣੇ ਤੋਂ ਪਹਿਲੇ ਸਿਆਸੀ ਸਿਸਟਮ ਨੂੰ ਦਰੜ ਕੇ, ਹਰਾ ਕੇ ਉਹਦੀ ਥਾਂ ਮੱਲਦਾ ਹੈ ਤਾਂ ਉਹ ਆਪਣੇ ਨਾਲ ਬਹੁਤ ਸਾਰੇ ਨਵੇਂ ਵਿਕਲਪ/ ਸੰਕਲਪ ਵੀ ਲੈ ਕੇ ਆਉਂਦਾ ਹੈ। ਇਨ੍ਹਾਂ ਵਿਕਲਪਾਂ ਦੇ ਆਧਾਰ ਤੇ ਹੀ ਨਵੇਂ ਰਿਸ਼ਤੇ ਬਣਦੇ ਹਨ ਤੇ ਪੁਰਾਣੇ ਟੁੱਟਦੇ ਹਨ। ਪਰ ਸਮੱਸਿਆ ਇਹ ਹੁੰਦੀ ਹੈ ਕਿ ਉਨ੍ਹਾਂ ਨਾਲੋਂ ਪਹਿਲੇ ਨਿਜ਼ਾਮ ਦੇ ਬਹੁਤ ਸਾਰੇ ਸ਼ਕਤੀਸ਼ਾਲੀ ਜਾਂ ਘੱਟੋ ਘੱਟ ਚੰਗੇ ਸੰਕਲਪ ਜਾਂ ਮਾਨਵ ਵਾਦੀ ਸੰਕਲਪ ਸਮਾਜ ਵਿਚ ਆਪਣੀਆਂ ਜੜ੍ਹਾਂ ਉਸੇ ਤਰ੍ਹਾਂ ਜਮਾਈ ਬੈਠੇ ਰਹਿੰਦੇ ਹਨ ਜਿਨ੍ਹਾਂ ਨੂੰ ਨਵੇਂ ਸੰਕਲਪ ਆਪਣੇ ਹਰ ਯਤਨ ਦੇ ਬਾਵਜੂਦ ਵੀ ਸਮਾਜ ਦੀ ਧੜਕਨਾ ਚੋਂ ਬਾਹਰ ਕਢਣੋਂ ਅਸਮਰੱਥ ਰਹਿੰਦੇ ਹਨ। ਇਸ ਕਰਕੇ ਨਵੇਂ ਸੰਕਲਪਾਂ ਨੂੰ ਪੁਰਾਣੇ ਸੰਕਲਪਾਂ ਨਾਲ ਲੈਣ ਦੇਣ ਕਰਨੀ ਪੈਂਦੀ ਹੈ ਜਾਂ ਸਮਝੌਤਾਗਿਰੀ ਦਾ ਰਾਹ ਅਪਨਾਉਣਾ ਪੈਂਦਾ ਹੈ। ਉਸ ਲੈਣ ਦੇਣ ਦੇ ਆਧਾਰ ਤੇ ਹੀ ਨਵਿਆਂ ਰਿਸ਼ਤਿਆਂ ਦੀ ਸਿਰਜਣਾ ਹੁੰਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਸਮਾਜ ਵਿਚ ਹੀ ਨਹੀਂ ਬਲਕਿਸੰਸਾਰ ਦੇ ਕਿਸੇ ਵੀ ਸਮਾਜ ਦੇ ਦਿਲ ਅੰਦਰ ਫਿਊਡਲ ਰਿਸ਼ਤੇ ਅਜੇ ਤਕ ਆਪਣੇ ਘਰ ਬਣਾਈ ਬੈਠੇ ਹਨ। ਇਸ ਗੱਲ ਦੀ ਸੋਸ਼ਲਿਸਟ ਸਮਾਜ ਮੂੰਹੋਂ ਬੋਲਦੀ

ਤਸਵੀਰ ਹਨ।ਜੇ ਉਹ ਰਿਸ਼ਤੇ ਅਜੇ ਤਕ ਸਮਾਜ ਵਿਚ ਕਾਇਮ ਹਨ ਤਾਂ ਨਾਵਲਕਾਰ ਉਨ੍ਹਾਂ ਵਲ ਕਿਸ ਤਰ੍ਹਾਂ ਪਿੱਠ ਕਰ ਸਕਦਾ ਹੈ?ਨਾਵਲਕਾਰ ਨੇ ਉਹੀ ਰਿਸ਼ਤੇ ਆਪਣੀਆਂ ਰਚਨਾਵਾਂ 'ਚ ਪੇਸ਼ ਕਰਨੇ ਹੁੰਦੇ ਹਨ ਜਿਹੜੇ ਸਮਾਜ ਵਿਚ ਹੋਣ।ਉਹ ਹਵਾ ਚੋਂ ਫੜ ਕੇ ਤਾਂ ਰਿਸ਼ਤੇ ਆਪਣੀਆਂ ਸਿਰਜਣਾਵਾਂ 'ਚ ਪੇਸ਼ ਨਹੀਂ ਕਰ ਸਕਦਾ। ਉਂਜ ਵੀ ਲੇਖਕ ਨੂੰ ਚੰਗੀਆਂ ਗੱਲਾਂ ਗਲ ਨਾਲ ਲਾ ਕੇ ਰੱਖਣੀਆਂ ਚਾਹੀਦੀਆਂ ਹਨ।ਉਹ ਭਾਵੇਂ ਕਿਸੇ ਵੀ ਸਿਆਸੀ ਪ੍ਰਬੰਧ ਦੀ ਦੇਣ ਕਿਉਂ ਨਾ ਹੋਣ।ਆਖਰ ਤਾਂ ਅਸੀਂ ਆਪਣੇ ਸਮਾਜ ਨੂੰ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਨੂੰ ਚੰਗੀਆਂ ਕਦਰਾਂ ਕੀਮਤਾਂ ਦੇ ਲੜ ਲੱਗਾ ਹੀ ਦੇਖਣਾ ਚਾਹੁੰਦੇ ਹਾਂ।ਉਹ ਭਾਵੇਂ ਜਗੀਰਦਾਰੀ ਪ੍ਰਬੰਧ ਦੀ ਦੇਣ ਹੋਣ ਜਾਂ ਕਿਸੇ ਹੋਰ ਦੀਆਂ ਹੋਣ। ਮੈਂ ਤਾਂ ਇਹ ਗੱਲ ਵੀ ਕਹਿਣ ਲਈ ਤਿਆਰ ਹਾਂ ਕਿ ਕਿਸੇ ਵੀ ਹੋਰ ਰਾਜਨੀਤਕ ਪ੍ਰਬੰਧ ਨਾਲੋਂ ਫਿਊਡਲ ਸਿਸਟਮ ਨੇ ਮਨੁੱਖ ਨੂੰ ਰਿਸ਼ਤਿਆਂ ਦੀ ਇੱਜ਼ਤ ਕਰਨੀ ਸਭ ਤੋਂ ਵਧ ਸਿਖਾਈ ਹੈ।ਬੇਸ਼ੱਕ ਉਸ ਸਾਡੇ ਪੱਲੇ ਕੂੜ ਕਵਾੜ ਵੀ ਬੜਾ ਪਾਇਆ ਹੈ।ਉਸ ਕੂੜ ਕਵਾੜ ਨੂੰ ਕੂੜੇਦਾਨ ਵਿਚ ਸੁੱਟਣਾ ਸਾਡਾ ਫਰਜ਼ ਹੈ।ਜੇ ਅਸੀਂ ਉਹਨੂੰ ਨਹੀਂ ਸੁੱਟ ਪਾ ਰਹੇ ਤਾਂ ਉਹਦੇ 'ਚ ਸਾਡਾ ਦੋਸ਼ ਹੈ ਨਾ ਕਿ ਜਗੀਰਦਾਰੀ ਪ੍ਰਬੰਧ ਦਾ।ਕਿਉਂਕਿ ਚੰਗੀਆਂ ਗੱਲਾਂ ਦੇ ਨਾਲ ਨਾਲ ਸਦਾ ਭੈੜੀਆਂ ਗੱਲਾਂ ਵੀ ਆਉਂਦੀਆਂ ਹੀ ਹੁੰਦੀਆਂ ਹਨ ਤੇ ਲੋਕ ਉਨ੍ਹਾਂ ਨੂੰ ਕੂੜੇਦਾਨ 'ਚ ਸੁੱਟਦੇ ਵੀ ਰਹਿੰਦੇ ਹਨ।ਕੋਈ ਪ੍ਰਬੰਧ ਵੀ ਨਾ ਸਭ ਕੁਝ ਕੀਮਤੀ ਦਿੰਦਾ ਹੈ ਤੇ ਨਾ ਹੀ ਮਾੜਾ।ਉਹਦੀ ਚੋਣ ਕਰਨੀ ਪੈਂਦੀ ਹੈ ਜਿਹੜੀ ਕਰਨੀ ਜ਼ਰੂਰੀ ਹੁੰਦੀ ਹੈ।

ਇਹ ਠੀਕ ਹੈ ਕਿ ਸਰਮਾਏਦਾਰੀ ਪ੍ਰਬੰਧ ਨੇ ਫਿਊਡਲ ਸਿਸਟਮ ਨੂੰ ਕਦ ਦਾ ਸਮਾਜਿਕ ਮੈਦਾਨ ਚੋਂ ਬਾਹਰ ਕਢ ਦਿੱਤਾ ਹੈ,ਪਰ ਉਸ ਸਾਨੂੰ ਚੰਗੀਆਂ ਗੱਲਾਂ ਵੀ ਦਿੱਤੀਆਂ ਹਨ। ਗਲਪਕਾਰ ਜਗੀਰਦਾਰੀ ਪ੍ਰਬੰਧ ਦੇ ਸਿਰਜੇ ਹੋਏ ਪਵਿੱਤਰ ਮਨੁੱਖੀ ਰਿਸ਼ਤਿਆਂ ਜਾਂ ਘੱਟੋ ਘੱਟ ਮਾਨਵੀ ਰਿਸ਼ਤਿਆਂ ਤੋਂ ਕਿਸ ਤਰ੍ਹਾਂ ਆਪਣੀਆਂ ਰਚਨਾਵਾਂ ਨੂੰ ਸੱਖਣੀਆਂ ਰੱਖ ਸਕਦਾ ਹੈ? ਇਹ ਵੀ ਠੀਕ ਹੈ ਕਿ ਉਹਦੇ ਸਿਰਜੇ ਹੋਏ ਬਹੁਤ ਸਾਰੇ ਅਣਮਨੁੱਖੀ ਰਿਸ਼ਤੇ ਵੀ ਅਜੇ ਤਕ ਸਾਡੇ ਸਮਾਜ ਵਿਚ ਦੰਨ-ਦੰਨਾ ਰਹੇ ਹਨ ਜਿਹੜੇ ਖਤਮ ਹੋਣੇ ਚਾਹੀਦੇ ਹਨ। ਪਰ ਨਾਵਲਕਾਰ ਉਨ੍ਹਾਂ ਨੂੰ ਖਤਮ ਨਹੀਂ ਕਰ ਸਕਦਾ।ਉਹ ਉਨ੍ਹਾਂ ਦੇ ਖਤਮ ਕਰਨ ਵਿਚ ਹਿੱਸਾ ਜ਼ਰੂਰ ਪਾ ਸਕਦਾ ਹੈ। ਖ਼ਤਮ ਉਹਨੂੰ ਰਾਜਨੀਤਕ ਸ਼ਕਤੀ ਜਾਂ ਰਾਜਨੀਤਕ ਬਦਲਾਹੀ ਕਰ ਸਕਦਾ ਹੈ। ਫਿਰ ਇਹ ਗੱਲ ਵੀ ਦੇਖਣੀ ਚਾਹੀਦੀ ਹੈ ਕਿ ਸਰਮਾਏਦਾਰੀ ਨੇ, ਵਿਸ਼ੇਸ਼ ਕਰਕੇ ਨਵ ਸਰਮਾਏਦਾਰੀ ਨੇ ਜਿਹੜੀਆਂ ਇਨਸਾਨ ਨੂੰ ਬਹੁਤ ਕੀਮਤੀ ਕਦਰਾਂ ਕੀਮਤਾਂ ਦਿੱਤੀਆਂ ਹਨ ਉਹ ਵੀ ਕਿਸੇ ਤੋਂ ਗੁੱਝੀਆਂ ਨਹੀਂ ਹਨ।

ਹੱਕ ਸੱਚ ਲਈ ਖੜਨ ਜੂਝਣ, ਮਨੁੱਖੀ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਤੇ ਕੂੜ ਕਵਾੜ ਨੂੰ ਕੂੜੇਦਾਨ ਚ ਸੁੱਟਣ, ਆਜ਼ਾਦੀ ਤੇ ਬਰਾਬਰੀ ਦੇ ਹੋ ਰਹੇ ਯੱਗ ਵਿਚ ਹਿੱਸਾ ਪਾਉਣ, ਹੋਰਨਾਂ ਨੂੰ ਉਤਸ਼ਾਹਿਤ ਕਰਨ, ਘੋਲ ਕਰਨ, ਲੋੜਵੰਦ ਦੀ ਬਾਂਹ ਫੜਨ, ਅਨਿਆਂ ਦੇ ਵਿਰੁੱਧ ਸੰਘਰਸ਼ ਕਰਨ, ਹਿੱਸਾ ਪਾਉਣ, ਮਨੁੱਖ ਨੂੰ ਮਨੁੱਖ ਦੇ ਤੌਰ ਤੇ ਦੇਖਣ ਤੇ ਸਵੀਕਾਰਨ, ਬੰਦੇ ਨੂੰ ਸਹਿਚਾਰ ਦੇ ਗਲ ਲਗਣ, ਸਾਹਸੀ ਤੇ ਇੰਟੈਲੀਜੈਂਟ ਬਣਨ ਲਈ ਉਤਸ਼ਾਹਿਤ ਕਰਨ, ਵਹਿਮਾਂ/ਭਰਮਾਂ 'ਚ ਭਟਕ ਰਹੀ ਲੁਕਾਈ ਨੂੰ ਰੌਸ਼ਨੀ ਦੇ ਲੜ ਲਗਣ ਦੇ ਰਾਹ ਪਾਉਣ ਵਰਗੇ ਬਹੁਤ ਸਾਰੇ ਤੱਤ/ਗੁਣ ਮੇਰੇ ਨਾਵਲਾਂ 'ਚ ਪਾਠਕਾਂ ਨੂੰ ਮਿਲ ਜਾਣਗੇ। ਇਨ੍ਹਾਂ ਗੁਣਾਂ ਤੇ ਮੇਰੇ ਨਾਵਲਾਂ ਦੇ ਮੁੱਖ ਪਾਤਰ ਪਹਿਰਾ ਦੇਣ ਦਾ ਯਤਨ ਕਰਦੇ ਹਨ।ਉਹ ਭਾਵੇਂ 'ਆਪਣੇ ਆਪਣੇ ਰਾਹ ਨਾਵਲ ਦਾ ਭੋਲਾ ਸਿੰਘ ਹੈ, ਬੇਸ਼ੱਕ 'ਸੰਘਰਸ਼' ਦਾ ਐਲਨ ਹਿੱਲ ਜਾਂ ਰਾਜਪਾਲ ਹੈ, ਭਾਵੇਂ 'ਧੁੰਦਲਾ ਸੂਰਜ' ਦਾ ਮੰਗਲ ਹੈ, ਬੇਸ਼ੱਕ 'ਲਕੀਰਾਂ ਤੇ ਮਨੁੱਖ' ਦਾ ਵਰਿਆਮ ਸਿੰਘ ਜਾਂ ਉਹਦਾ ਪੁੱਤਰ ਗੁਰਪ੍ਰੀਤ ਹੈ, ਭਾਵੇਂ 'ਇਹ ਲੋਕ' ਦਾ ਕਰਮਾ ਹੈ, ਬੇਸ਼ੱਕ 'ਘਰ ਤੇ ਕਮਰੇ' ਦਾ ਪ੍ਰੀਤਮ ਸਿੰਘ ਬੈਂਸ ਹੈ ਜਾਂ ਉਹਦਾ ਬੇਟਾ ਜਸਪਾਲ ਤੇ ਉਹਦੇ ਸਾਥੀ ਵਿਦਿਆਰਥੀ ਹਨ ਤੇ ਭਾਵੇਂ 'ਹਾਸ਼ੀਏ ਦਾ ਹਿਰਦੇਪਾਲ ਹੈ ਜਾਂ 'ਵਹਿਣ' ਨਾਵਲ ਦੀ ਅਮਰਜੀਤ ਹੈ ਨਵੇਂ ਨਾਵਲ 'ਸਲਤਨਤ' ਦਾ ਜਗਜੀਤ ਹੈ ਜਾਂ ਉਹਦਾ ਬੇਟਾ ਰਾਜਵਿੰਦਰ ਹੈ।

ਜਿਹੋ ਜਿਹੀ ਸਾਡੇ ਨਾਵਲ ਦੀ ਦਸ਼ਾ ਹੈ, ਉਹੋ ਜਿਹੀ ਹੀ ਸਾਡੀ ਆਲੋਚਨਾ ਦੀ ਹਾਲਤ ਹੈ।ਮੈਨੂੰ ਤਾਂ ਨਾ ਹਿੰਦੀ ਸਮਾਲੋਚਨਾ ਤੇ ਨਾ ਹੀ ਇੰਗਲਿਸ਼ ਕ੍ਰਿਟੀਕ 'ਚ ਸਾਡੀ ਆਲੋਚਨਾ ਨਾਲੋਂ ਕੋਈ ਬਹੁਤਾ ਫਰਕ ਲਗਦਾ



ਹੈ।ਮੈਂ ਥੋੜ੍ਹੀ ਬਹੁਤੀ ਹਿੰਦੀ ਸਮਾਲੋਚਨਾ ਵੀ ਪੜ੍ਹੀ ਹੋਈ ਹੈ ਤੇ ਅੰਗਰੇਜ਼ੀ ਦੀ ਵੀ।ਉਂਜ ਵੀ ਮੇਰੇ ਖਿਆਲ 'ਚ ਆਲੋਚਨਾ ਤੇ ਸਿਰਜਣਾ ਪੈਰ ਨਾਲ ਪੈਰ ਮਿਲਾ ਕੇ ਹੀ ਚਲਦੀਆਂ ਹਨ।ਇਹ ਗੱਲ ਕਦੇ ਹੋ ਹੀ ਨਹੀਂ ਸਕਦੀ ਕਿ ਨਾਵਲ ਦਾ ਕੱਦ ਸੱਤ ਫੁੱਟ ਹੋਵੇ ਤੇ ਆਲੋਚਨਾ ਦਾ ਦਸ ਫੁੱਟ ਜਾਂ ਨਾਵਲ ਦਾ ਦਸ ਫੁੱਟ ਹੋਵੇ ਤੇ ਆਲੋਚਨਾ ਦਾ ਸੱਤ ਫੁੱਟ।ਆਪਣੀ ਗੱਲ ਦੀ ਪੁਸ਼ਟੀ ਲਈ ਮੈਨੂੰ ਫਿਰ ਆਪਣੇ ਨਾਵਲ "Whenthe waters wail" ਦਾ ਹਵਾਲਾ ਦੇਣ ਦੀ ਲੋੜ ਪੈ ਰਹੀ ਹੈ।ਜਦ ਡਾਕਟਰ ਫਰੈਂਕ ਰੀਵਜ਼ ਨੇ, ਪ੍ਰਗਤੀਸ਼ੀਲ ਲਿਖਾਰੀ ਸਭਾ, ਵੁਲਵਰਹੈਂਪਟਨ(ਯੂ.ਕੇ.) ਦੇ ਇਕ ਸਮਾਗਮ ਤੇ ਆਪਣਾ ਪਰਚਾ ਪੇਸ਼ ਕੀਤਾ ਤਾਂ ਉਹਨੂੰ ਸੁਣ/ਪੜ੍ਹ ਕੇ ਮੇਰੀ ਇਹ ਸੋਚ ਹੋਰ ਵੀ ਦ੍ਰਿੜ ਹੋ ਗਈ ਸੀ।

ਇਹ ਗੱਲ ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਲਿਖਣ ਵਾਲੇ ਨਾਵਲਕਾਰ ਦੀ ਸਮਰੱਥਾ/ਪ੍ਰਤਿਭਾ ਤੇ ਨਿਰਭਰ ਕਰਦੀ ਹੈ।ਜੇ ਉਹ ਵੱਡੀ ਪ੍ਰਤਿਭਾ ਦਾ ਮਾਲਕ ਹੋਵੇਗਾ ਤਾਂ ਆਪਣੇ ਨਾਵਲਾਂ 'ਚ ਪੁਰਾਣੀਆਂ ਰੂੜ੍ਹੀਆਂ ਲੈਣ ਦੀ ਥਾਂ ਨਵੀਆਂ ਰੂੜ੍ਹੀਆਂ ਸਿਰਜ ਕੇ ਆਪਣੀ ਰਚਨਾ ਨੂੰ ਚਿਰ ਕਾਲੀ ਬਣਾਵੇਗਾ। ਜੇ ਉਹ ਸਧਾਰਨ ਪ੍ਰਤਿਭਾ ਦਾ ਮਾਲਕ ਹੋਵੇਗਾ ਤਾਂ ਉਹ ਪੁਰਾਣੀਆਂ ਰੂੜ੍ਹੀਆਂ ਦੇ ਸਿਰ ਤੇ ਹੀ ਆਪਣੀ ਨਾਵਲੀ ਸਿਰਜਣਾ ਦੀ ਗੱਡੀ ਰੇੜ੍ਹਨ ਦਾ ਯਤਨ ਕਰੇਗਾ।ਅਜਿਹੀ ਰਚਨਾ ਦੀ ਕਿੰਨੀ ਕੁ ਲੰਮੀ ਉਮਰ ਹੋਵੇਗੀ ਉਹਦੇ ਬਾਰੇ ਆਪਾਂ ਸਾਰੇ ਜਾਣਦੇ ਹਾਂ।ਆਪਣੀ ਇਸ ਧਾਰਨ ਦੀ ਪੁਸਟੀ ਲਈ ਮੈਂ ਅਰਵਿੰਗ ਸਟੋਨ ਦੇ ਨਾਵਲ 'lust for Life' ਦੀ ਮਿਸਾਲ ਦੇਣੀ ਚਾਹਾਂਗਾ। ਇਹ ਨਾਵਲ ਉਸ ਨੇ ਵੈਨ ਗਾਫ਼ ਚਿਤਰਕਾਰ ਦੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਮੁਦਤਾਂ ਪਹਿਲਾਂ ਲਿਖਿਆ ਸੀ।ਉਸ ਹੋਰ ਵੀ ਕਈ ਜੀਵਨੀ ਮੂਲਕ ਨਾਵਲ ਲਿਖੇ ਹਨ ਜਿਨ੍ਹਾਂ ਦੇ ਇਸ ਵੇਲੇ ਮੈਨੂੰ ਨਾਂ ਯਾਦ ਨਹੀਂ ਆ ਰਹੇ।ਜੇ ਉਹਦਾ ਇਹ ਨਾਵਲ ਲੋਕਾਂ ਦੇ ਚੇਤਿਆਂ ਚ ਅਜੇ ਵੀ ਜੀਂਦਾ ਹੈ ਤੇ ਮੇਰੀ ਆਸ ਮੁਤਾਬਿਕ ਬੜੀ ਦੇਰ ਤਕ ਜੀਂਦਾ ਰਹੇਗਾ ਤਾਂ ਕੋਈ ਵਜ੍ਹਾ ਨਹੀਂ ਹੋ ਸਕਦੀ ਕਿ ਪੰਜਾਬੀ ਚ ਜੀਵਨੀ ਮੂਲਕ ਨਾਵਲਾਂ ਦਾ ਭਵਿੱਖ ਨਾ ਹੋਵੇਗਾ ਜਾਂਉਹ ਪਾਠਕਾਂ ਦੇ ਚੇਤਿਆਂ ਚ ਨਾ ਵਸਦੇ ਰਹਿਣ।ਇਸੇ ਤਰ੍ਹਾਂ ਹੀ ਮੈਂ ਬੜੀ ਦੇਰ ਪਹਿਲਾਂ ਕੰਨੜ ਭਾਸ਼ਾ ਦੇ ਨਾਵਲ ਦਾ ਹਿੰਦੀ ਅਨੁਵਾਦ 'ਚਿੱਤਰ ਪ੍ਰਿਆ ਪੜ੍ਹਿਆ ਸੀ।(ਇਸ ਵੇਲੇ ਮੈਨੂੰ ਪੱਕਾ ਯਾਦ ਨਹੀਂ ਕਿ ਉਹ ਕੰਨੜ ਭਾਸ਼ਾ ਦਾ ਹੀ ਸੀ ਜਾਂ ਭਾਰਤ ਦੀ ਕਿਸੇ ਹੋਰ ਦੱਖਣੀ ਭਾਸ਼ਾ ਦਾ।)ਇਹ ਨਾਵਲ ਵੀ ਕਿਸੇ ਚਿੱਤਰਕਾਰ ਦੇ ਜੀਵਨ ਨੂੰ ਆਧਾਰ ਬਣਾ ਕੇ ਲਿਖਿਆ ਹੋਇਆ ਹੈ ਤੇ ਉਹ ਮੈਨੂੰ ਅਜ ਵੀ ਯਾਦ ਹੈ।ਇਹੀ ਗੱਲ ਇਤਿਹਾਸਕ ਨਾਵਲ ਤੇ ਵੀ ਲਾਗੂ ਹੁੰਦੀ ਹੈ।

ਮੈਂ ਨਾ ਕੋਈ ਜੀਵਨੀ ਮੂਲਕ ਤੇ ਨਾ ਹੀ ਇਤਿਹਾਸਕ ਨਾਵਲ ਲਿਖਿਆ ਹੈ।ਇਸ ਕਰਕੇ ਮੈਂ ਇਸ ਗੱਲ ਬਾਰੇ ਆਥਾਰਟੀ ਨਾਲ ਕੁਝ ਨਹੀਂ ਕਹਿ ਸਕਦਾ।ਮੇਰਾ 'ਵਹਿਣ' ਨਾਵਲ ਵੀ ਇਤਿਹਾਸਕ ਨਾਵਲ ਨਹੀਂ। ਭਾਵੇਂ ਉਹਦੇ 'ਚ ਛੇਆਂ-ਸੱਤਾਂ ਪੀੜ੍ਹੀਆਂ ਦਾ ਬਿਰਤਾਂਤ ਹੈ।ਉਹ ਯੁੱਗ-ਚੇਤਨਾ ਦਾ ਨਾਵਲ ਹੈ ਤੇ ਨਾ ਹੀ ਉਹਦੇ 'ਚ ਮਨੁੱਖ ਨੂੰ ਇਤਿਹਾਸਕ ਘਟਨਾਵਾਂ ਦਾ ਵਾਹਕ ਬਣਾਇਆ ਗਿਆ ਹੈ।ਉਹਦੇ 'ਚ ਵਿਅਕਤੀ ਘਟਨਾਵਾਂ ਦਾ ਵਾਹਕ ਨਹੀਂ ਉਨ੍ਹਾਂ ਦਾ ਸਿਰਜਕ ਹੈ।ਉਂਜ ਕੋਈ ਲੇਖਕ ਆਪਣੇ ਸਮੇਂ ਦੀਆਂ ਘਟਨਾਵਾਂ ਵਲੋਂ ਅੱਖਾਂ ਵੀ ਨਹੀਂ ਮੀਟ ਸਕਦਾ ।ਇਸ ਗੱਲ ਬਾਰੇ ਸ਼ਿਆਮ ਕਿਰਨ ਕੌਰ 'ਹਾਸ਼ੀਏ' ਨਾਵਲ ਦੀ Jhumpa Leheri ਦੇ Debut (ਨਵੇਂ ਸਾਕੇ)ਨਾਵਲ ਨਾਲ ਤੁਲਨਾਤਮਿਕ ਅਧਿਐਨ ਕਰਦੀ ਹੋਈ ਲਿਖਦੀ ਹੈ:

The autobiographical instances provide authenticity to the fictional narratives. It is generally said that a writer cannot overlook his age, political scenario of his period, personal incidents and circumstances, which implies that directly or indirectly, one finds instances from writer's life in his works."

ਇਸ ਗੱਲ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਪਹਿਲਾ ਪ੍ਰਮੁੱਖ ਕਾਰਨ ਇਹ ਹੈ ਕਿ ਪੰਜਾਬ ਦੀ ਹੀ ਨਹੀਂ, ਸਮੁੱਚੇ ਭਾਰਤ ਦੀ ਵੀ, ਸਗੋਂ ਸਾਰੇ ਸੰਸਾਰ ਦੀ ਆਬਾਦੀ ਹਜ਼ਾਰਾਂ ਸਾਲਾਂ ਤੋਂ ਪਿੰਡਾਂ ਚ ਰਹਿੰਦੀ ਆ

ਰਹੀ ਹੈ। ਜੇ ਲੋਕ ਹਜ਼ਾਰਾਂ ਸਾਲਾਂ ਤੋਂ ਪਿੰਡਾਂ ਚ ਰਹਿੰਦੇ ਆ ਰਹੇ ਹਨ ਤਾਂ ਉਨ੍ਹਾਂ ਦੇ ਸੰਸਕਾਰ ਵੀ ਇਨ੍ਹਾਂ ਹਜ਼ਾਰਾਂ ਵਰ੍ਹਿਆਂ ਚ ਹੀ ਉਥੇ ਦੀ ਜ਼ਿੰਦਗੀ ਨੇ ਹੌਲ਼ੀ-ਹੌਲ਼ੀ ਬਣਾਏ ਹੋਣਗੇ। ਸੰਸਕਾਰ ਦਸਾਂ-ਵੀਹਾਂ ਵਰ੍ਹਿਆਂ ਚ ਬਣਨ ਵਾਲੀ ਚੀਜ਼ ਨਹੀਂ ਹਨ। ਭਾਰਤ ਦੀ ਬਹੁ-ਗਿਣਤੀ ਵਸੋਂ ਅਜੇ ਵੀ ਪਿੰਡਾਂ ਚ ਹੀ ਰਹਿੰਦੀ ਹੈ। ਜੋ ਲੋਕ ਸ਼ਹਿਰਾਂ ਚ ਜਾ ਕੇ ਵਸ ਵੀ ਗਏ ਹਨ, ਉਨ੍ਹਾਂ ਦੀਆਂ ਜੜ੍ਹਾਂ ਜਾਂ ਸੰਸਕਾਰ ਅਜੇ ਵੀ ਸੌ ’ਚੋਂ ਪੰਜਾਵੇਂ ਫ਼ੀਸਦੀ ਪਿੰਡਾਂ ਵਾਲੇ ਹੀ ਹਨ ਜਾਂ ਕਹਿ ਲਓ ਉਨ੍ਹਾਂ ਦੇ ਅਚੇਤ ਵਿਚ ਅਜੇ ਵੀ ਪਿੰਡ ਹੀ ਘਰ ਕਰੀ ਬੈਠੇ ਹਨ ਤੇ ਰਚਨਾ ਦਾ ਬਹੁਤਾ ਸਬੰਧ ਸੁਚੇਤ ਨਾਲੋਂ ਅਚੇਤ ਨਾਲ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਨਾਵਲ ਪੇਂਡੂ ਸੰਸਕ੍ਰਿਤੀ ਨਾਲ ਸਬੰਧਤ ਹੀ ਵਧ ਗਿਣਤੀ ’ਚ ਹੋਣਗੇ ਤੇ ਉਨ੍ਹਾਂ ਦੀ ਗੱਲ ਵੀ ਵਧ ਹੋਵੇਗੀ। ਪਰ ਇਸ ਗੱਲ ਦਾ ਇਹ ਮਤਲਬ ਉੱਕਾ ਨਹੀਂ ਹੋਣਾ ਚਾਹੀਦਾ ਕਿ ਸ਼ਹਿਰਾਂ ਨਾਲ ਸਬੰਧਤ ਕੰਮਾਂ ਕਾਰਾਂ, ਰਿਲੇਸ਼ਨਜ਼ ਤੇ ਸਮੱਸਿਆਵਾਂ ਜਾਂ ਸ਼ਹਿਰੀ ਜ਼ਿੰਦਗੀ ਬਾਰੇ ਲਿਖੇ ਜਾ ਰਹੇ ਨਾਵਲ ਦੀ ਮਾਨਤਾ ਨਹੀਂ ਹੋਣੀ ਚਾਹੀਦੀ। ਮੈਂ ਤਾਂ ਇਹ ਗੱਲ ਬੜੇ ਸਾਲਾਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਸਾਨੂੰ, ਲੇਖਕਾਂ ਨੂੰ, ਪਿੰਡਾਂ ਤਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਨਾਵਲਕਾਰਾਂ ਨੂੰ ਨਵੀਆਂ ਧਰਤੀਆਂ ਵੀ ਫਰੋਲਣੀਆਂ ਚਾਹੀਦੀਆਂ ਹਨ। ਇਹ ਠੀਕ ਹੈ ਕਿ ਨਵੀਆਂ ਚੀਜ਼ਾਂ ਜਾਂ ਸਮੱਸਿਆਵਾਂ ਬਾਰੇ ਲਿਖਣ ਚ ਖ਼ਤਰਾਂ ਵੀ ਵਧ ਹੁੰਦਾ ਹੈ ਤੇ ਉਹਦੇ ਤੇ ਮਿਹਨਤ ਵੀ ਵਧ ਕਰਨੀ ਪੈਂਦੀ ਹੈ। ਪਰ ਇਹੀ ਦੋਵੇਂ ਗੱਲਾਂ ਕਿਸੇ ਰਚਨਾ ਨੂੰ ਵਧ ਹੰਢਣਸਾਰ ਵੀ ਬਣਾ ਸਕਦੀਆਂ ਹਨ ਤੇ ਉਸ ਵਿਧਾ ਦੇ ਖਲੋਤੇ ਪਾਣੀ ’ਚ ਹਿਲਜੁਲ ਵੀ ਪੈਦਾ ਕਰ ਸਕਦੀਆਂ ਹਨ।

ਇਸ ਸਵਾਲ ਦਾ ਜਵਾਬ ਤਾਂ ਉਹੀ ਨਾਵਲਕਾਰ ਸਹੀ ਦੇ ਸਕਦੇ ਹਨ ਜਿਨ੍ਹਾਂ ਦੇ ਨਾਵਲਾਂ ’ਚ ਔਰਤ ਸ਼ੋਸ਼ਿਤ ਹੁੰਦੀ ਪੇਸ਼ ਹੋਈ ਹੈ।ਮੇਰੇ ਲਈ ਤਾਂ ਮਰਦ ਵੀ ਇਕ ਵਿਅਕਤੀ ਹੈ ਤੇ ਇਸਤਰੀ ਵੀ।ਇਸ ਕਰਕੇ ਮੈਂ ਆਪਣੇ ਹਰ ਨਾਵਲ ਚ ਔਰਤ ਨੂੰ ਵੀ ਇਕ ਵਿਅਕਤੀ ਦੇ ਤੌਰ ਤੇ ਪੇਸ਼ ਕੀਤਾ ਹੈ ਤੇ ਮਰਦ ਨੂੰ ਵੀ।ਉਹ ਭਾਵੇਂ ‘ਆਪਣੇ ਆਪਣੇ ਰਾਹ ’ ਨਾਵਲ ਦੀ ਨਵਨੀਤ ਹੋਵੇ, ਭਾਵੇਂ ‘ਸੰਘਰਸ਼ ’ ਦੀ ਮਾਰਗ੍ਰੇਟ ਹੋਵੇ, ਬੇਸ਼ੱਕ ‘ਧੁੰਦਲਾ ਸੂਰਜ ’ ਦੀ ਦਿਲਬਾਗ ਹੋਵੇ, ਬੇਸ਼ੱਕ ‘ਲਕੀਰਾਂ ਤੇ ਮਨੁੱਖ ’ ਦੀ ਸ਼ਮਸ਼ਾਦ ਹੋਵੇ, ਭਾਵੇਂ ‘ਇਹ ਲੋਕ’ ਦੀ ਗੁਰਪਾਲ, ਬੇਸ਼ੱਕ ‘ਘਰ ਤੇ ਕਮਰੇ ’ ਦੀ ਜੂਲੀ ਬੇਟਸ ਤੇ ਤਰਸੇਮ ਹੋਣ ਜਾਂ ਤਾਰੋ ਹੋਵੇ, ਭਾਵੇਂ ‘ਪੈੜਾਂ ਦੇ ਆਰ ਪਾਰ ’ ਦੀ ਨਵਜੋਤ ਹੋਵੇ, ਬੇਸ਼ੱਕ ‘ਅਜਨਬੀ ਚਿਹਰੇ’ ਦੀ ਗਗਨਦੀਪ ਹੋਵੇ, ਭਾਵੇਂ ‘ਰਣਭੂਮੀ’ ਦੀ ਹੋਵੇ, ਬੇਸ਼ੱਕ ‘ਹਾਸ਼ੀਏ’ ਦੀ ਹਰਮੀਤ ਹੋਵੇ, ਭਾਵੇਂ ‘ਵਹਿਣ ਦੀ ਅਮਰਜੀਤ ਹੋਵੇ ਜਾਂ ਜੇਨ ਚੈਸਟਰਫ਼ੀਲਡ ਹੋਵੇ ਤੇ ਬੇਸ਼ੱਕ ਨਵੇਂ ਨਾਵਲ ‘ਸਲਤਨਤ’ ਦੀ ਪੁਸ਼ਪਿੰਦਰ ਹੋਵੇ।ਇਹ ਸਾਰੇ ਇਸਤਰੀ ਪਾਤਰ ਇਕ ਵਿਅਕਤੀ ਦੇ ਤੌਰ ਤੇ ਹੀ ਜੀਣਾ ਚਾਹੁੰਦੇ ਹਨ ਤੇ ਮਰਦ ਦੇ ਬਰਾਬਰ ਹਿੱਕ ਚੌੜੀ ਕਰਕੇ ਜੀਣਾ, ਚਾਹੁੰਦੇ ਹਨ।ਇਨ੍ਹਾਂ ਇਸਤਰੀ ਪਾਤਰਾਂ ਚੋਂ ਕਈ ਤਾਂ ਮਰਦ ਨੂੰ ਡੌਮੀਨੇਟ ਵੀ ਕਰਦੇ ਹਨ।ਪੈੜਾਂ ਦੇ ਆਰ ਪਾਰ ਨਾਵਲ ਦੀ ਨਵਜੋਤ ਤਾਂ ਇਕ ਪੂਰਨ ਵਿਅਕਤੀ ਬਣ ਕੇ ਹੀ ਨਹੀਂ, ਸਗੋਂ ਨਾਰੀਵਾਦ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਈ ਵਿਆਹ ਵਰਗੀ ਸੰਸਥਾ ਤੋਂ ਇਸ ਕਰਕੇ ਇਨਕਾਰ ਕਰ ਦਿੰਦੀ ਹੈ, ਕਿਉਂਕਿ ਉਹ ਸਮਝਦੀ ਕਿ ਇਹ ਸੰਸਥਾ ਔਰਤ ਨੂੰ ਦੂਜੈਲੀ ਬਣਾਉਂਦੀ ਹੈ।ਉਮੀਦ ਹੈ ਕਿ ਪੰਜਾਬੀ ਪਾਠਕ ਇਸ ਨਾਵਲ ਤੋਂ ਵੀ ਜਾਣੂ ਹੋਣਗੇ ਤੇ ਨਵਜੋਤ ਦੇ ਕਿਰਦਾਰ ਤੋਂ ਵੀ।ਇਸ ਆਸ ਨਾਲ ਮੈਂ ਸਮਝਦਾ ਹਾਂ ਕਿ ਇਸ ਨਾਵਲ ਬਾਰੇ ਮੈਨੂੰ ਬਹੁਤੀ ਗੱਲ ਕਰਨ ਦੀ ਲੋੜ ਨਹੀਂ ਹੈ।

## ਯੂਨੀਵਰਸਿਟੀਆਂ ਦੇ ਸਲੇਬਸਾਂ ’ਚ ਅੱਜ ਵੀ ਬਹੁਤ ਪੁਰਾਣੀਆਂ ਆਲੋਚਨਾ ਵਿਧੀਆਂ ਪੜ੍ਹਾਈਆਂ ਜਾ ਰਹੀਆਂ - ਡਾ. ਜੋਗਿੰਦਰ ਸਿੰਘ ਕੈਰੋਂ

ਸਾਹਿਤ ਦਾ ਸਫ਼ਰ ਪਹਿਲਾਂ ਮੈਂ ਕਵਿਤਾ ਲਿਖਣ ਤੋਂ ਸ਼ੁਰੂ ਕੀਤਾ ।ਕੁਝ ਕਵਿਤਾਵਾਂ ਲਿਖਣ ਤੋਂ



ਬਾਅਦ ਮੈਂ ਮਹਿਸੂਸ ਕਰ ਲਿਆ ਕਿ ਇਹ ਮੇਰੇ ਵੱਸ ਦਾ ਰੋਗ ਨਹੀਂ ।ਇਸ ਲਈ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ।1964-65 ਤੋਂ 1967-68 ਤੱਕ ਮੈਂ ਕਹਾਣੀਆਂ ਲਿਖਦਾ ਰਿਹਾ ।ਜਦ 1968 ਵਿਚ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਮ.ਏ. ਪੰਜਾਬੀ ਭਾਗ ਦੂਜਾ ਵਿਚ ਦਾਖਲਾ ਲਿਆ ਤਾਂ ਉਥੇ ਮੇਰੀ ਮੁਲਾਕਾਤ ਚੰਗੇ ਲੇਖਕਾਂ ਅਤੇ ਵਿਦਵਾਨ ਪੁਰਸ਼ਾਂ ਨਾਲ ਹੋਈ ।


ਉਨ੍ਹਾਂ ਦੀ ਸੰਗਤ ਵਿਚ ਮੈਂ ਮਹਿਸੂਸ ਕੀਤਾ ਕਿ ਮੈਂ ਤਾਂ ਬਿਲਕੁਲ ਹੀ ਪਰੰਪਰਕ ਭਾਂਤ ਦੀਆਂ ਸਧਾਰਨ ਕਹਾਣੀਆਂ ਹੀ ਲਿਖੀ ਜਾ ਰਿਹਾ ਹਾਂ ।ਹਾਂ, ਯਾਦ ਆਇਆ ਕਿ ਉਨ੍ਹਾਂ ਦਿਨਾਂ ਵਿਚ ਹੀ ਮੈਂ ਦੋ ਇਕਾਂਗੀ ਲਿਖ ਕੇ ਰੇਡੀਓ ਜਲੰਧਰ ਦੇ ਦਿਹਾਤੀ ਪ੍ਰੋਗਰਾਮ ਨੂੰ ਭੇਜੇ ਸਨ, ਜਿਨ੍ਹਾਂ ਦਾ ਪਰਸਾਰਨ ਉਦੋਂ ਹੀ ਹੋਇਆ ਜਿਸ ਨੂੰ ਮੈਂ ਅਤੇ ਸੁਰਜੀਤ ਪਾਤਰ ਨੇ ਯੂਨੀਵਰਸਿਟੀ ਦੀ ਗਰਾਊਂਡ ਵਿਚ ਬੈਠ ਕੇ ਛੋਟੇ ਜਿਹੇ ਟ੍ਰਾਂਜ਼ਿਸਟਰ ਉੱਪਰ ਸੁਣਿਆਂ ।ਜਿਸ ਲਈ ਮੈਨੂੰ ਤੀਹ ਰੁਪੈ ਮਿਲੇ ਸਨ ਜਿਨ੍ਹਾਂ ਦੀ ਉਦੋਂ ਮੈਨੂੰ ਸਖ਼ਤ ਜ਼ਰੂਰਤ ਸੀ ।

ਜਿਵੇਂ ਦੱਸਿਆ ਹੈ।ਵਿਦਵਾਨਾਂ ਦੇ ਵਿਚਾਰ ਸੁਣ ਕੇ ਮੈਂ ਕਹਾਣੀਆਂ ਅਤੇ ਇਕਾਂਗੀ ਲਿਖਣੇ ਬੰਦ ਕਰ ਦਿੱਤੇ ।ਇਹ ਗੱਲ ਸ਼ਾਇਦ 1970-71 ਦੀ ਹੈ।ਮੇਰੀ ਰਿਹਾਇਸ਼ ਅੰਮ੍ਰਿਤਸਰ ਸੀ ।ਜਿਥੇ ਦਵਿੰਦਰ ਸਤਿਆਰਥੀ, ਸੁਰਜੀਤ ਪਾਤਰ, ਦੇਵ ਅਤੇ ਹੋਰ ਬਹੁਤ ਸਾਰੇ ਦੋਸਤ ਆਏ ਹੋਏ ਸਨ ।ਦੇਵ ਪੇਂਟਿੰਗ ਕਰ ਰਿਹਾ ਸੀ, ਸਤਿਆਰਥੀ ਨੇ ਆਪਣੀ ਮਹਿਫ਼ਲ ਲਗਾਈ ਹੋਈ ਸੀ ।ਪਾਤਰ ਅਤੇ ਕੁਝ ਹੋਰ ਦੋਸਤ ਇਕ ਅੰਗ੍ਰੇਜ਼ੀ ਕਵਿਤਾ ਦਾ ਅਨੁਵਾਦ ਕਰ ਰਹੇ ਸਨ ਉਸ ਸਮੇਂ ਮੈਨੂੰ ਵੀ ਕੁਝ ਸਿਰਜਣ ਦੀ ਤਲਬ ਹੋਈ ਤਾਂ ਮੈਂ ਇਕ ਕਹਾਣੀ ‘ਮਿੱਟੀ ਦੇ ਘੋੜੇ ਵਾਲਾ’ ਲਿਖੀ ਇਹ ਪੰਜਾਬੀ ਵਿਚ ਲਿਖੀਆਂ ਜਾ ਰਹੀਆਂ ਕਹਾਣੀਆਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਕਹਾਣੀ ਸੀ ।ਜਿਹੜੀ ਇਕ ਨਵੇਂ ਨਿਕਲੇ ਪਰਚੇ ‘ਸਿਧਾਰਥ’ ਵਿਚ ਛਪੀ ਸੀ ।ਉਸ ਪਰਚੇ ਦਾ ਵੀ ਇਹ ਪਹਿਲਾ ਅੰਕ ਹੀ ਨਿਕਲ ਸਕਿਆ ਸੀ ।ਉਸ ਤੋਂ ਬਾਅਦ ਮੈਂ ਚਿਹਨਾਤਮਕ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿਚ ਡਾ. ਹਰਮਿਟ ਕਰੈਬ, ‘ਕਾਕਰੋਚਾਂ ਵਿਚ ਘਿਰਿਆ ਆਦਮੀ’ ਅਤੇ ਕਈ ਹੋਰ ਕਹਾਣੀਆਂ ਸਨ ।

ਬਾਅਦ ਵਿਚ ਮੈਂ ਸੋਚਿਆ ਕਿ ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ, ਉਹ ਇਕ ਕਹਾਣੀ ਦੇ ਕਲਾਵੇ ਵਿਚ ਨਹੀਂ ਆ ਰਿਹਾ ।ਇਸ ਲਈ ਮੈਂ ਆਪਣਾ ਪਹਿਲਾ ਨਾਵਲ ‘ਨਾਦ ਬਿੰਦ’ ਲਿਖਿਆ ।ਜਿਸ ਨੂੰ ਪਾਠਕਾਂ ਵੱਲੋਂ ਬੜਾ ਭਰਵਾਂ ਹੁੰਗਾਰਾ ਮਿਲਿਆ ਅਤੇ ਇਹ ਕਈ ਦੇਰ ਤੋਂ ਯੂਨੀਵਰਸਿਟੀ ਦੇ ਕੋਰਸਾਂ ਵਿਚ ਵੀ ਲੱਗਿਆ ਹੋਇਆ ਹੈ ਹੁਣ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਦੇਸ਼ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਵੀ ਛੱਪਣ ਜਾ ਰਿਹਾ ਹੈ।

ਸਭ ਤੋਂ ਪਹਿਲਾਂ ਮੇਰੇ ਮਨ ਵਿਚ ਕੋਈ ਦਾਰਸ਼ਨਿਕ ਸੁਆਲ ਆਉਂਦਾ ਹੈ। ਫਿਰ ਉਸ ਦੀ ਪੇਸ਼ਕਾਰੀ ਲਈ ਮੈਂ ਪਾਤਰਾਂ, ਬਿਰਤਾਂਤ ਅਤੇ ਮਾਹੌਲ ਦੀ ਸਿਰਜਣਾ ਕਰਦਾ ਹਾਂ ।ਜਿਵੇਂ ਨਾਵਲ ‘ਨਾਦ ਬਿੰਦ’ ਵਿਚ ਮੈਂ ਮਨੁੱਖੀ ਲੋੜਾਂ ਅਤੇ ਭੁੱਖਾਂ ਦੀ ਦਰਜਾਬੰਦੀ ਕਰਨ ਬਾਰੇ ਸੋਚਿਆ ਸੀ, ਉਸ ਤੋਂ ਬਾਅਦ ਪਾਤਰ ਅਤੇ ਗੁਫਾ ਵਿਚਲਾ ਮਾਹੌਲ ਉਸਾਰਿਆ ਅਤੇ ਪਾਠਕਾਂ ਸਾਹਮਣੇ ਇਹ ਸੁਆਲ ਰੱਖਿਆ ਕਿ ਰੋਟੀ ਅਤੇ ਕਾਮ ਦੀ ਭੁੱਖ ਵਿਚੋਂ ਮੁੱਢਲੀ ਕਿਹੜੀ ਹੈ ਅਤੇ ਗੌਣ ਕਿਹੜੀ ।ਆਪਣੇ ਨਾਵਲ, ‘ਮੌਤ ਇਕ ਦਰਿਆ ਦੀ’ ਵਿਚ ਇਹ ਸੁਆਲ ਪੈਦਾ ਕੀਤਾ ਹੈ ਕਿ ਜੇਕਰ ਕੋਈ ਕਲਾਕਾਰ ਕਿਸੇ ਦੀ ਜ਼ਿੰਦਗੀ ਨਹੀਂ ਬੱਚਾ ਸਕਦਾ ਤਾਂ ਉਸ ਦੀ ਕਲਾ ਦੇ ਕੀ ਅਰਥ ਹਨ ? ਇਸ ਦੇ ਨਾਲ ਹੀ ਮਨੁੱਖ ਦੇ ਵਿਕਾਸ ਵਿਚ ਉਸ ਦੀ ਚੇਤੰਨਤਾ ਦੇ ਸੁਆਲ ਨੂੰ ਲਿਆ ਹੈ ਇਸ ਵਿਚ ।ਕਿਸੇ ਵੀ ਨਾਵਲ ਦੇ ਬਿਰਤਾਂਤ ਦੀ ਪੇਸ਼ਕਾਰੀ ਲਈ ਮੇਰੀ ਦ੍ਰਿਸ਼ਟੀ ਹਮੇਸ਼ਾ ਹੀ ਅਗਾਂਹ ਵਧੂ ਲੋਕਪੱਖੀ ਰਹੀ ਹੈ।

ਬਿਲਕੁਲ ਨਹੀਂ !ਨਾ ਹੀ ਕੋਈ ਇਕ ਪਾਤਰ ਸਮੁੱਚੇ ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਕਰ ਸਕਦਾ ਹੈ। ਇਹ ਆਸ ਕਰਨੀ ਹੀ ਬਿਲਕੁਲ ਗ਼ਲਤ ਹੈ। ਹਾਂ !ਜੇਕਰ ਇਸ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਮੈਂ




ਕਹਿ ਸਕਦਾ ਹਾਂ ਕਿ 'ਨਾਦ ਬਿੰਦ' ਦੀ ਨਾਇਕ ਰੰਗੀ ਨਾਥ ਪ੍ਰਗਤੀਵਾਦ ਤੋਂ ਜੋਗ ਅਤੇ ਜੋਗ ਤੋਂ ਭੋਗ ਤੱਕ ਦਾ ਸਫ਼ਰ ਤਹਿ ਕਰਕੇ ਮੁੜ ਪ੍ਰਗਤੀਵਾਦ ਵੱਲ ਮੁੜਦਾ ਹੈ। ਇਹ ਇਕ ਤਰ੍ਹਾਂ ਨਾਲ ਪੰਜਾਬੀ ਸੱਭਿਆਚਾਰ ਦੀ ਜੁਗਤ 'ਜੋਗੀ ਉਤਰ ਪਹਾੜੋਂ ਆਇਆ, ਚਰਖੇ ਦੀ ਘੂਕ ਸੁਣ ਕੇ,...ਜੋਗ ਤੇ ਭੋਗ ਵਾਲੀ ਜੁਗਤ ਹੀ ਹੈ।

ਮੈਂ ਸਮਝਦਾ ਹਾਂ ਕਿ ਹਰ ਨਾਵਲ ਆਪਣੀ ਸੰਰਚਨਾਂ, ਸੁਭਾਅ, ਜੁਗਤ ਅਤੇ ਥੀਮ ਕਰਕੇ ਵੱਖਰਾ ਹੁੰਦਾ ਹੈ। ਜਿਹੜੀ ਗੱਲ ਵਿਲੱਖਣ ਬਿਰਤਾਂਤ ਵਾਲੀ ਹੈ। ਇਹ ਸੁਆਲ ਤਾਂ ਪਾਠਕਾਂ ਨੂੰ ਹੀ ਪੁੱਛਣਾ ਬਣਦਾ ਹੈ। ਫਿਰ ਵੀ ਮੈਂ ਸਮਝਦਾ ਹਾਂ, ਕਿ ਮੇਰੇ ਨਾਵਲ, 'ਨਾਦ ਬਿੰਦ' ਵਿਚਲਾ ਜੋਗੀਆਂ ਦੇ ਡੇਰੇ ਅਤੇ ਉਨ੍ਹਾਂ ਦੀ ਵਿਵਹਾਰਕ ਜ਼ਿੰਦਗੀ ਦਾ ਵਰਨਣ ਅਤੇ ਮੀਰਾਂ ਅਤੇ ਰੰਗੀ ਨਾਥ ਦਾ ਗੁਫਾ ਦੇ ਅੰਦਰਲਾ ਬਿਆਨ ਪਾਠਕਾ ਨੂੰ ਕਾਫੀ ਚੰਗਾ ਲੱਗਾ ਹੈ।

'ਬਾਈ ਪੋਲਰਾਂ ਦੇ ਦੇਸ਼' ਨਾਵਲ ਵਿਚ ਅਮਰੀਕਾ ਵਿਚਲੀ ਜ਼ਿੰਦਗੀ ਬਾਰੇ ਵਰਨਣ ਨੂੰ ਵੀ ਪਾਠਕਾਂ ਨੇ ਬੜਾ ਪਸੰਦ ਕੀਤਾ ।'ਰੋਜ਼ਾ ਮੇਅ' ਵਿਚਲੇ ਨਾਵਲ ਵਿਚ ਰੋਜ਼ਾ ਅਤੇ ਬਿੱਲ ਦੀ ਗੱਲਬਾਤ ਅਤੇ ਮਾਰਕ ਅਤੇ ਬਿੱਲ ਦੀ ਵਾਰਤਾਲਾਪ ਨੂੰ ਵੀ ਪਾਠਕਾਂ ਨੇ ਪਸੰਦ ਕੀਤਾ ਹੈ। ਨਾਵਲ ਲਿਖਣ ਸਮੇਂ ਮੈਂ ਕਦੀ ਬਿਰਤਾਂਤ, ਘਟਨਾਵਾਂ ਜਾਂ ਪਾਤਰਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਅਤੇ ਨਾ ਹੀ ਪਾਠਕਾਂ ਦੀ ਰੁਚੀ ਨੂੰ ਬਹੁਤੀ ਮਹੱਤਤਾ ਦਿੱਤੀ ਹੈ। ਮੇਰਾ ਸਾਰਾ ਯਤਨ ਤਾਂ ਉਸ ਫਲਸਫੇ, ਵਿਚਾਰਧਾਰਾ ਜਾਂ ਗੱਲ ਉਪਰ ਕੇਂਦ੍ਰਿਤ ਹੁੰਦਾ ਹੈ। ਜੋ ਮੈਂ ਪਾਠਕਾਂ ਸਾਹਮਣੇ ਪੇਸ਼ ਕਰਨੀ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਮੇਰੇ ਨਾਵਲਾਂ ਵਿਚਲੇ ਨਾਇਕ ਜਿਨ੍ਹਾਂ ਨੂੰ ਮੈਂ ਸੰਰਚਨਾਤਮਕ ਭਾਸ਼ਾ ਵਿਚ ਮੁੱਖ ਪਾਤਰ ਕਹਿੰਦਾ ਹਾਂ ਉਹ ਪਰੰਪਰਕ ਨਾਇਕ ਦੀ ਪਰਿਭਾਸ਼ਾ ਵਿਚ ਨਹੀਂ ਆਉਂਦੇ ਇਸੇ ਲਈ ਉਹ ਮਿਥ ਵਾਲੇ ਨਾਇਕ ਦੀ ਪਰਿਭਾਸ਼ਾ ਤੋਂ ਮੁਕਤ ਹਨ । ਮੇਰੇ ਨਾਵਲਾਂ ਦੇ ਮੁੱਖ-ਪਾਤਰ ਹਾਰਦੇ ਵੀ ਹਨ, ਜਿੱਤਦੇ ਵੀ ਹਨ, ਆਪਣੇ ਜੀਵਨ ਦੇ ਕਾਰਜ ਖੇਤਰ ਨੂੰ ਵੀ ਬਦਲਦੇ ਰਹਿੰਦੇ ਹਨ ।

ਮੇਰੇ ਨਾਵਲਾਂ ਵਿਚ ਦਲਿਤ ਪਾਤਰਾਂ ਦੀ ਗਿਣਤੀ ਬੜੀ ਨਾ ਮਾਤਰ ਹੈ। ਹਾਂ ! 'ਨਾਦ ਬਿੰਦ' ਨਾਵਲ ਵਿਚ ਗੰਡੂ ਮਿਰਾਸੀ ਆਪਣੀ ਸੰਗੀਤ ਕਲਾ ਵਿਚ ਬੜਾ ਨਿਪੁੰਨ ਹੈ ਇਸੇ ਕਲਾ ਕਰਕੇ ਹੀ ਉਹ ਲੋਕਾਂ ਵਿਚ ਹਰਮਨ ਪਿਆਰਾ ਅਤੇ ਵਿਸ਼ੇਸ਼ ਸ਼ਰਧਾ ਦਾ ਸਥਾਨ ਰੱਖਦਾ ਹੈ।

ਮੈਂ ਸਮਝਦਾ ਹਾਂ ਕਿ ਮੇਰੇ ਨਾਵਲ ਪੰਜਾਬੀ ਪਾਠਕ ਦੀ ਮਾਨਸਿਕਤਾ ਜਾਂ ਸੋਚ ਤੋਂ ਕੁਝ ਅਗੇਰੇ ਹੈ। ਸ਼ਾਇਦ ਇਹੋ ਕਾਰਨ ਹੈ 1975 ਦੇ ਨੇੜੇ ਲਿਖਿਆ 'ਨਾਦ ਬਿੰਦ' ਹੁਣ ਆਣ ਕੇ ਪਾਠਕਾਂ ਦੀ ਨਜ਼ਰੇ ਚੜ੍ਹਿਆ ਹੈ। ਇਹੋ, ਹਾਲ ਹੀ ਬਾਕੀ ਨਾਵਲਾਂ ਦਾ ਹੈ। 'ਨੀਲੇ ਤਾਰਿਆਂ ਦੀ ਮੌਤ' ਨੂੰ ਛੱਡ ਕੇ ਕਿਉਂਕਿ ਇਸ ਵਿਚ ਸਿੱਧੀਆਂ ਉਹਨਾ ਘਟਨਾਵਾਂ ਦਾ ਵਰਨਣ ਹੈ ਜਿਹੜੀਆਂ ਸਾਕਾ ਨੀਲਾ ਤਾਰਾ ਤੋਂ ਬਾਅਦ ਵਾਪਰੀਆਂ ਹਨ ।'ਮੌਤ ਇਕ ਦਰਿਆ ਦੀ' ਵਿਚ ਵੀ ਬੜੇ ਮਹੱਤਵਪੂਰਨ ਸੁਆਲਾਂ ਨੂੰ ਛੂਹਿਆ ਗਿਆ ਹੈ ਜਿਨ੍ਹਾਂ ਦੀ ਸੌਖੀ ਤਰ੍ਹਾਂ ਸਮਝ ਆਉਣੀ ਮੁਸ਼ਕਲ ਹੈ।

ਮੈਂ ਸਮਝਦਾ ਹਾਂ ਕਿ ਮੇਰੇ ਨਾਵਲ ਤਾਂ ਭਾਰਤੀ ਨਾਵਲ ਦੀ ਬਰਾਬਰੀ ਕਰ ਰਹੇ ਹਨ ਤਾਂ ਹੀ ਸ਼ਾਇਦ 'ਨਾਦ ਬਿੰਦ' ਨੂੰ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ। ਨੈਸ਼ਨਲ ਬੁੱਕ ਟਰੱਸਟ ਵੱਲੋਂ। ਮੈਂ ਆਪਣੇ ਬਾਕੀ ਨਾਵਲਾਂ ਨੂੰ ਵੀ 'ਨਾਦ ਬਿੰਦ' ਤੋਂ ਅੱਗੇ ਸਮਝਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਮਾਂ ਆਉਣ ਤੇ ਪਾਠਕ ਇਨ੍ਹਾਂ ਵਿਚ ਵੀ ਰੁਚੀ ਵਿਖਾਉਣਗੇ ।

ਮੈਂ ਇਸ ਗੱਲ ਨੂੰ ਨਹੀਂ ਮੰਨਦਾ ਕੇ ਮੇਰੇ ਨਾਵਲ ਫਿਊਡਲ ਰਿਸ਼ਤਿਆਂ ਦੀ ਪਰਿਕਰਮਾਂ ਕਰਦੇ ਹਨ । ਬਾਕੀ ਪੰਜਾਬੀ ਨਾਵਲਾਂ ਬਾਰੇ ਮੈਂ ਕੁਝ ਕਹਿ ਨਹੀਂ ਸਕਦਾ ।ਮੇਰਾ ਨਾਵਲ 'ਨਾਦ ਬਿੰਦ' ਤਾਂ ਸ਼ੁਰੂ ਹੀ ਉਸ



ਪਾਤਰ ਦੀ ਜ਼ਿੰਦਗੀ ਤੋਂ ਹੁੰਦਾ ਹੈ ਜਿਹੜਾ ਨਕਸਲਬਾੜੀ ਲਹਿਰ ਨਾਲ ਜੁੜਿਆ ਹੋਇਆ ਹੈ। 'ਸਭਨਾਂ ਜਿੱਤੀਆਂ ਬਾਜ਼ੀਆਂ' ਨਾਵਲ ਵਿਚ ਵੀ ਕਿਧਰੇ ਫਿਊਡਿਲਿਜ਼ਮ ਦੀ ਕੋਈ ਗੱਲ ਨਹੀਂ । ਸਗੋਂ ਉਸ ਦਾ ਨਾਇਕ ਤਾਂ ਹਰ ਕਿਸਮ ਦੀ ਗੁਲਾਮੀ ਤੋਂ ਨਿਜਾਤ ਚਾਹੁੰਦਾ ਹੈ। ਤੀਜਾ ਨਾਵਲ 'ਰੋਜ਼ਾ ਮੇਅ' ਵਿਚ ਵੀ ਕਿਧਰੇ ਸਰਮਾਏਦਾਰੀ ਜਾਂ ਫਿਊਡਿਲਿਜ਼ਮ ਦੀ ਗੱਲ ਨਹੀਂ ।

'ਬਾਈ ਪੋਲਰਾਂ ਦੇ ਦੇਸ਼' ਦੀ ਤਾਂ ਸਮੱਸਿਆ ਹੀ, ਪਰਵਾਸ ਦੀ ਹੈ। 'ਨੀਲੇ ਤਾਰਿਆਂ ਦੀ ਮੌਤ' ਪੰਜਾਬ ਦੇ ਸੰਤਾਪ ਨਾਲ ਸੰਬੰਧ ਰੱਖਦਾ ਹੈ। ਅਤੇ ਮੇਰਾ ਅਗਲਾ ਨਾਵਲ 'ਮੌਤ ਇਕ ਦਰਿਆ ਦੀ' ਤਾਂ ਸਮੱਸਿਆ ਹੀ ਵੱਖਰੀ ਹੈ। ਮੇਰੇ ਨਾਵਲਾਂ ਵਿਚ ਕਿਧਰੇ ਵੀ ਜਾਤੀਵਾਦ, ਭਰਾ ਭਤੀਜਾ ਵਾਦ ਜਾਂ ਕੇਵਲ ਰੁਮਾਂਸਵਾਦ ਜਾਂ ਕੋਈ ਹੋਰ ਅਜੇਹੀ ਸਮੱਸਿਆ ਨਹੀਂ ਜਿਸ ਨੂੰ ਜਗੀਰ ਦਾਰੀ ਦਾ ਪੱਖ ਪੂਰਨ ਵਾਲੀ ਰਚਨਾ ਕਿਹਾ ਜਾ ਸਕੇ ।ਨਾਵਲ ਦੀ ਆਲੋਚਨਾ, ਪਹਿਲੀ ਗੱਲ ਤਾਂ ਇਹ ਹੈ ਇਸ ਨੂੰ ਆਲੋਚਨਾ ਨਹੀਂ ਕਹਿਣਾ ਚਾਹੀਦਾ, ਆਲੋਚਨਾ ਤਾਂ ਹਰ ਨੱਥੂਖੈਰਾ ਆਪਣੇ ਹਿਸਾਬ ਨਾਲ ਕਰਦਾ ਹੀ ਰਹਿੰਦਾ ਹੈ ਮੈਂ ਸਮਝਦਾ ਹਾਂ ਕਿ ਯੂਨੀਵਰਸਿਟੀਆਂ ਦੇ ਸਲੇਬਸਾਂ ਵਿਚ ਅੱਜ ਵੀ ਬਹੁਤ ਪੁਰਾਣੀਆਂ ਆਲੋਚਨਾ ਵਿਧੀਆਂ ਪੜ੍ਹਾਈਆਂ ਜਾ ਰਹੀਆਂ ਹਨ, ਜਿਸ ਵਿਚ ਨਾਵਲ ਵਿਚ ਇਕ ਹੀਰੋ ਹੁੰਦਾ ਹੈ ਇਕ ਉਦੇਸ਼ ਹੁੰਦਾ ਹੈ ਉਸ ਵਿਚ ਇਹ ਕਹਾਣੀ ਹੁੰਦੀ ਹੈ ਵਾਰਤਾਲਾਪ ਹੁੰਦਾ ਹੈ ਆਦਿ, ਆਦਿ ।ਇਹੋ ਜਿਹਾ ਹਰਬਾ ਲਗਾ ਕੇ ਹੀ ਇਕ ਵਾਰ ਸ. ਪਿਆਰਾ ਸਿੰਘ ਭੋਗਲ ਨੇ ਅਜੀਤ ਅਖ਼ਬਾਰ ਵਿਚ ਨਾਵਲ 'ਨਾਦ ਬਿੰਦ' ਦਾ ਰਿਵਿਊ ਕਰਦਿਆਂ ਇਹ ਸਿੱਧ ਕੀਤਾ ਸੀ ਕਿ ਇਹ ਨਾਵਲ ਹੀ ਨਹੀਂ ।ਪਰੰਤੂ, ਮੈਨੂੰ ਪਤਾ ਸੀ ਕਿ ਮੈਂ ਕੀ ਲਿਖਿਆ ਹੈ। ਇਕ ਵਾਰ ਭੋਗਲ ਸਾਹਿਬ ਜਲੰਧਰ ਇਕ ਸਾਹਿਤਕ ਕਾਨਫ੍ਰੰਸ ਉਪਰ ਮਿਲੇ ਤੇ ਮੈਨੂੰ ਕਹਿਣ ਲੱਗੇ, "ਕੈਰੋਂ ਯਾਰ, ਕੋਈ ਇਹੋ ਜਿਹੀ ਚੀਜ਼ ਲਿਖ ਜਿਸ ਦੀ ਮੈਂ ਵੀ ਸਿਫਤ ਕਰ ਸਕਾਂ ।"

ਮੇਰਾ ਜੁਆਬ ਸੀ, "ਭੋਗਲ ਸਾਹਿਬ ਜੀ, ਤੁਸੀਂ 'ਨਾਦ ਬਿੰਦ' ਹੀ ਇਕ ਵਾਰ ਹੋਰ ਪੜ੍ਹ ਲਵੋ ।" ਮੈਂ ਕਹਿਣਾ ਚਾਹੁੰਦਾ ਹਾਂ ਕਿ ਨਵੇਂ ਪੰਜਾਬੀ ਨਾਵਲ ਨੂੰ ਸਮਝਣ ਅਤੇ ਆਲੋਚਨਾ ਕਰਨ ਵਾਲਾ ਵਿਦਵਾਨ ਅਜੇ ਪੈਦਾ ਹੀ ਨਹੀਂ ਹੋਇਆ ।ਉਹ ਗੁਰਦਿਆਲ ਸਿੰਘ ਅਤੇ ਜਸਵੰਤ ਸਿੰਘ ਕੰਵਲ ਦਾ ਸਮਾਂ ਸੀ ਜਦ ਪੰਜਾਬੀ ਨਾਵਲ ਪੇਂਡੂ ਸੰਸਕ੍ਰਿਤੀ ਦੁਆਲੇ ਹੀ ਘੁੰਮਦਾ ਸੀ ।ਜਾਂ ਕਹਿ ਲਈਏ ਕਿ ਇਹ ਨਾਵਲਕਾਰ ਪੇਂਡੂ ਸੰਸਕ੍ਰਿਤੀ ਨੂੰ ਆਪਣੇ ਨਾਵਲਾਂ ਦੇ ਕਲਾਵੇ ਵਿਚ ਲੈਂਦੇ ਸਨ ।ਉਨ੍ਹਾਂ ਨੂੰ ਵਡਿਆਇਆਂ ਵੀ ਆਂਚਲਿਕਤਾ ਕਰਕੇ ਜਾਂਦਾ ਸੀ ।ਹੁਣ ਉਹ ਗੱਲ ਨਹੀਂ ਰਹੀ ।ਅਜੋਕਾ ਨਾਵਲ ਹਰ ਕਿਸਮ ਦੇ ਵਿਸ਼ਿਆਂ ਨੂੰ ਆਪਣੇ ਵਿਚ ਪੇਸ਼ ਕਰ ਰਿਹਾ ਹੈ। ਪਰਵਾਸੀ ਨਾਵਲਕਾਰ ਬਹੁਤ ਸਾਰੇ ਪਰਵਾਸੀ ਮਸਲਿਆਂ ਨੂੰ ਲੈ ਕੇ ਨਾਵਲ ਲਿਖ ਰਹੇ ਹਨ, ਇਨ੍ਹਾਂ ਵਿਚ ਹਰਜੀਤ ਅਟਵਾਲ, ਹਰਮਹਿੰਦਰ ਚਹਿਲ ਅਤੇ ਕੁਲਜੀਤ ਮਾਨ ਦੇ ਨਾਵਲਾਂ ਦੀ ਗੱਲ ਕੀਤੀ ਜਾ ਸਕਦੀ ਹੈ। ਸਵਰਨ ਚੰਦਨ ਨੇ ਵੀ ਕੁਝ ਨਾਵਲਾਂ ਵਿਚ ਪਰਵਾਸੀ ਜੀਵਨ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ, ਮਨਮੋਹਨ ਬਾਵਾ ਵੀ ਸਰਬਵਿਆਪੀ ਵਿਸ਼ਿਆਂ ਨੂੰ ਲੈ ਕੇ ਨਾਵਲ ਲਿਖ ਰਿਹਾ ਹੈ ਰਾਮ ਸਰੂਪ ਰਿਖੀ ਬੜੇ ਨਿਵੇਕਲੇ ਵਿਸ਼ਿਆਂ ਨੂੰ ਲੈ ਕੇ ਨਾਵਲ ਲਿਖ ਰਿਹਾ ਹੈ। ਮੇਰੇ ਆਪਣੇ ਨਾਵਲਾਂ ਵਿਚ ਪੇਂਡੂ ਸੰਸਕ੍ਰਿਤੀ ਬੜੀ ਘੱਟ ਪੇਸ਼ ਹੋ ਸਕੀ ਹੈ ਇਸ ਦਾ ਕਾਰਨ ਨਾਵਲਾਂ ਦੇ ਥੀਮ ਹੋ ਸਕਦੇ ਹਨ ।ਮੈਨੂੰ ਪੰਜਾਬੀ ਨਾਵਲ ਦਾ ਭਵਿੱਖ ਬੜਾ ਚੰਗਾ ਲੱਗ ਰਿਹਾ ਹੈ ਕਿਉਂਕਿ ਬਹੁਤ ਸਾਰੇ ਨਵੇਂ ਲੇਖਕ ਅੱਜਕਲ੍ਹ ਨਾਵਲ ਲਿਖ ਰਹੇ ਹਨ।

## ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਲਿਖਣਾ ਦੂਸਰੇ ਨਾਵਲਾਂ ਨਾਲੋਂ ਅਸਾਨ ਹੈ - ਨਛੱਤਰ

ਨਾਵਲ ਲਿਖਣ ਬਾਰੇ ਮੈਂ ਕਦੇ ਨਹੀਂ ਸੀ ਸੋਚਿਆ। ਮੂਲ ਰੂਪ 'ਚ ਮੈਂ ਕਹਾਣੀਕਾਰ ਹਾਂ ਅਤੇ ਮੇਰੇ ਪੰਜ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ ਪਰ ਇਕ ਵਾਰ ਕਹਾਣੀ ਲਿਖਦੇ ਸਮੇਂ ਕੁਝ ਪਾਤਰ ਅਤੇ




ਘਟਨਾਵਾਂ ਮੇਰੀ ਪਕੜ ਵਿਚੋਂ ਨਿਕਲ ਦੂਰ ਜਾ ਖੜ੍ਹੇ ਅਤੇ ਮੇਰੇ ਲੱਖ ਚਾਹੁਣ ਤੇ ਵੀ ਉਹ ਕਹਾਣੀ ਦੇ ਚੌਖਟੇ ਅੰਦਰ ਆਉਣੋਂ ਨਾਂਹ ਕਰ ਦਿੱਤੀ। ਉਸ ਸਮੇਂ ਮੈਂ ਤਜਰਬੇ ਦੇ ਤੌਰ ਤੇ ਉਸ ਲੰਬੀ ਕਹਾਣੀ ਨੂੰ ਇਕ ਛੋਟਾ ਨਾਵਲ (ਨਾਵਲੈਟ) 'ਬੁੱਢੀ ਸਦੀ ਦਾ ਮਨੁੱਖ' ਬਣਾ ਦਿੱਤਾ ਜੋ ਉਸ ਸਮੇਂ ਜਲੰਧਰੋਂ ਨਿਕਲਦੇ ਪਰਚੇ ਦ੍ਰਿਸ਼ਟੀ 'ਚ ਛਪਿਆ। ਇਸੇ ਤਰ੍ਹਾਂ ਹੀ ਨਕਸਲਬਾੜੀ ਲਹਿਰ ਨਾਲ ਸਬੰਧਤ ਕੁਝ ਘਟਨਾਵਾਂ ਅਤੇ ਪਾਤਰਾਂ ਨੂੰ ਲੈ ਕੇ ਮੈਂ ਇਕ ਕਹਾਣੀ ਲਿਖਣ ਲੱਗਿਆ ਤਾਂ ਮੇਰੇ ਕੋਲੋਂ ਉਹ ਸਾਰਾ ਕੁਝ ਇੱਕ ਕਹਾਣੀ 'ਚ ਨਾ ਸਮੇਟਿਆ ਗਿਆ ਅਤੇ ਉਹ ਰਚਨਾ 'ਬਾਕੀ ਦਾ ਸੱਚ' ਨਾਵਲ ਦੇ ਰੂਪ 'ਚ ਪਾਠਕਾਂ ਸਾਹਮਣੇ ਆਈ। ਨਾਵਲ ਲਿਖਣਾ ਵੀ ਕਹਾਣੀ ਲਿਖਣ ਵਾਂਗ ਹੀ ਹੈ। ਕਹਾਣੀ ਇਕ ਵਿਚਾਰ ਜਾਂ ਇਕ ਘਟਨਾ ਨੂੰ ਲੈ ਕੇ ਲਿਖੀ ਜਾਂਦੀ ਹੈ ਜਿਸ ਵਿਚ ਸਭ ਕੁਝ ਇਕ ਬਿੰਦੂ ਦੁਆਲੇ ਘੁੰਮਦਾ ਹੈ ਪਰ ਨਾਵਲ 'ਚ ਅਜਿਹਾ ਕੋਈ ਬੰਧਨ ਨਹੀਂ। ਨਾਵਲ 'ਚ ਕਈ ਵਿਚਾਰਾਂ ਜਾਂ ਕਈ ਘਟਨਾਵਾਂ ਨੂੰ ਆਪਣੇ ਕਲਾਵੇ 'ਚ ਲੈ ਸਕਣ ਦੀ ਸਮਰੱਥਾ ਹੁੰਦੀ ਹੈ। ਜਦੋਂ ਮੈਂ ਕਿਸੇ ਵਿਚਾਰ ਜਾਂ ਘਟਨਾ ਨੂੰ ਲੈ ਕੇ ਕੁਝ ਲਿਖਣ ਬਾਰੇ ਤਿਆਰ ਹੁੰਦਾ ਹਾਂ ਤਾਂ ਉਸਨੂੰ ਰਚਨਾ ਦਾ ਜਾਮਾ ਪਹਿਨਾਉਣ ਲਈ ਕਈ ਕਈ ਦਿਨ, ਹਫ਼ਤੇ ਜਾਂ ਮਹੀਨੇ ਵੀ ਸੋਚਦੇ ਰਹਿਣਾ ਪੈਂਦਾ ਹੈ। ਉਸ ਸਾਰੇ ਕੁਝ ਬਾਰੇ ਸੋਚਦਿਆਂ ਉਸੇ ਤਰ੍ਹਾਂ ਦੇ ਕਈ ਹੋਰ ਵਿਚਾਰ ਜਾਂ ਘਟਨਾਵਾਂ ਆਪਣੇ ਆਪ ਹੀ ਜ਼ਿਹਨ 'ਚ ਘੁੰਮਣ ਲਗ ਪੈਂਦੀਆਂ ਹਨ ਜੋ ਕਦੇ ਦੇਖੀਆਂ ਜਾਂ ਸੁਣੀਆਂ ਹੁੰਦੀਆਂ ਹਨ। ਫੇਰ ਉਨ੍ਹਾਂ ਸਾਰੀਆਂ ਘਟਨਾਵਾਂ ਜਾਂ ਵਿਚਾਰਾਂ ਨੂੰ ਸਾਹਮਣੇ ਰੱਖ ਕੇ ਲਿਖਣ ਬੈਠਦਾ ਹਾਂ ਤਾਂ ਉਹ ਸਭ ਕੁਝ ਆਪੋ ਆਪਣੀ ਥਾਵੇਂ ਆ ਆ ਫਿੱਟ ਹੁੰਦਾ ਰਹਿੰਦਾ ਹੈ। ਉਨ੍ਹਾਂ ਸਾਰੀਆਂ ਘਟਨਾਵਾਂ ਜਾਂ ਪਾਤਰਾਂ ਬਾਰੇ ਲਿਖ ਲੈਣ ਤੋਂ ਬਾਅਦ ਜੋ ਚਿੱਤਰ ਅੱਖਾਂ ਸਾਹਮਣੇ ਉਭਰਦਾ ਹੈ ਉਸ ਨੂੰ ਹਰ ਕੋਣ ਤੋਂ ਦੇਖਦਾ ਹਾਂ। ਕਈ ਵਾਰ ਲੱਗਦਾ ਕਿ ਕੋਈ ਪਾਤਰ ਜਾਂ ਘਟਨਾ ਕਮਜ਼ੋਰ ਰਹਿ ਗਈ ਹੈ ਅਤੇ ਉਸ ਬਾਰੇ ਹੋਰ ਲਿਖਣ ਦੀ ਜ਼ਰੂਰਤ ਹੈ। ਕਈ ਵਾਰ ਜਿਹੜੀ ਘਟਨਾ ਜਾਂ ਪਾਤਰ ਪਹਿਲਾਂ ਨਾਵਲ ਦਾ ਅਹਿਮ ਹਿੱਸਾ ਲਗਦੇ ਹਨ ਉਹ ਬਾਅਦ 'ਚ ਫਾਲਤੂ ਲਗਣ ਲਗ ਪੈਂਦੇ ਹਨ ਅਤੇ ਕਿੰਨੇ ਹੀ ਸਫ਼ੇ ਕੱਟਣੇ ਪੈਂਦੇ ਹਨ ਕਈ ਵਾਰ ਤਾਂ ਪੂਰੇ ਦਾ ਪੂਰਾ ਕਾਂਡ ਹੀ ਉਡਾਉਣਾ ਪੈ ਜਾਂਦਾ ਹੈ।

ਨਾਵਲ ਲਿਖਦੇ ਸਮੇਂ ਕਈ ਵਾਰ ਉਸਦਾ ਅੰਤ ਕਰਨ ਲੱਗਿਆ ਬੜੀ ਔਖ ਮਹਿਸੂਸ ਹੁੰਦੀ ਹੈ। ਕਈ ਕਈ ਦਿਨ ਸੋਚ ਦੇ ਰਹਿਣ ਤੋਂ ਬਾਅਦ ਵੀ ਸਥਿਤੀ ਨਿੱਖਰ ਕੇ ਸਾਹਮਣੇ ਨਹੀਂ ਆਉਂਦੀ ਅਤੇ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਨਾਵਲ ਦਾ ਅੰਤ ਪਹਿਲਾਂ ਲਿਖਿਆ ਜਾਂਦਾ ਹੈ ਅਤੇ ਉਸ ਤੋਂ ਪਹਿਲਾਂ ਵਾਲੀਆਂ ਘਟਨਾਵਾਂ ਬਾਅਦ 'ਚ। ਇਸ ਤਰ੍ਹਾਂ ਹੀ ਨਾਵਲ ਦਾ ਨਾਂ ਰੱਖਣ ਬਾਰੇ ਹੈ। ਮੈਂ ਕਦੇ ਵੀ ਨਾਵਲ ਦਾ ਨਾਂ ਰੱਖਕੇ ਨਹੀਂ ਲਿਖਿਆ। ਨਾਵਲ ਲਿਖਣ ਤੋਂ ਬਾਅਦ ਦੂਜੇ ਤੀਜੇ ਡਰਾਫਟ ਸਮੇਂ ਕੋਈ ਨਾ ਕੋਈ ਨਾਂ ਆਪਣੇ ਆਪ ਅੱਖਾਂ ਸਾਹਮਣੇ ਆ ਜਾਂਦਾ ਹੈ।

ਨਾਵਲ ਲਿਖਦੇ ਸਮੇਂ ਮੈਂ ਇਕ ਸਧਾਰਨ ਪਾਠਕ ਦੇ ਰੂਪ ਵਿੱਚ ਵੀ ਲਿਖੇ ਜਾ ਰਹੇ ਨੂੰ ਦੇਖਦਾ ਰਹਿੰਦਾ ਹਾਂ। ਨਾਵਲ ਵਿਚਲੀਆਂ ਘਟਨਾਵਾਂ ਨੂੰ ਅਜਿਹੇ ਢੰਗ ਤਰੀਕਿਆਂ ਨਾਲ ਅੱਗੇ ਵਧਾਉਂਦਾ ਹਾਂ ਤਾਂ ਕਿ ਮੈਂ ਆਪਣੇ ਵਲੋਂ ਕਹੀ ਜਾਣ ਵਾਲੀ ਗੱਲ ਨੂੰ ਅਸਾਨੀ ਨਾਲ ਆਖ ਸਕਾਂ। ਇਸ ਗੱਲ ਦਾ ਵੀ ਧਿਆਨ ਰੱਖਦਾ ਹਾਂ ਕਿ ਅੰਤ ਤੱਕ ਪਾਠਕ ਦੀ ਜਗਿਆਸਾ ਵੀ ਬਣੀ ਰਹੇ ਕਿ ਅੱਗੇ ਕੀ ਹੋਵੇਗਾ। ਸੋ ਨਾਵਲ ਵਿਚਲੀਆਂ ਘਟਨਾਵਾਂ ਪਾਤਰਾਂ, ਵਿਸ਼ੇ ਭਾਸ਼ਾ ਅਤੇ ਬਿਰਤਾਂਤ ਸਿਰਜਣ ਦੇ ਨਾਲ ਨਾਲ ਪਾਠਕ ਨੂੰ ਨਾਲ ਲੈ ਕੇ ਚੱਲਣ ਦਾ ਧਿਆਨ ਵੀ ਰੱਖਣਾ ਪੈਂਦਾ ਹੈ। ਆਪਣੀ ਗੱਲ ਕਹਿਣ ਲਈ ਕਲਾ ਨਾਂ ਦੀ ਵਸਤੂ ਦਾ ਵੀ ਬਹੁਤ ਧਿਆਨ ਰੱਖਣਾ ਵੀ ਬਹੁਤ ਜ਼ਰੂਰੀ ਹੈ। ਜੇ ਨਾਵਲਕਾਰ ਕੋਲ ਕਲਾ ਨਹੀਂ



ਤਾਂ ਉਹ ਲਿਖਤ ਇਕ ਲੇਖ ਬਣਕੇ ਰਹਿ ਜਾਵੇਗੀ।

ਕਈ ਵਿਸ਼ੇ ਬਹੁਤ ਰੁੱਖੇ ਹੁੰਦੇ ਹਨ ਜਿਨ੍ਹਾਂ ਨੂੰ ਪਾਠਕ ਅਸਾਨੀ ਨਾਲ ਨਹੀਂ ਪਚਾ ਸਕਦਾ, ਇਸ ਲਈ ਪਾਠਕ ਨੂੰ ਅੰਤ ਤੱਕ ਨਾਲ ਜੋੜੀ ਰੱਖਣ ਲਈ ਕਈ ਤਰ੍ਹਾਂ ਦੀਆਂ ਤਕਨੀਕਾ ਵਰਤਣੀਆਂ ਪੈਂਦੀਆਂ ਹਨ।

ਇੰਨਾ ਕੁਝ ਕਰਨ ਤੋਂ ਬਾਅਦ ਵੀ ਲਿਖੇ ਹੋਏ ਨੂੰ ਛਪਣ ਤੋਂ ਪਹਿਲਾਂ ਆਪਣੇ ਨਜਦੀਕੀ ਮਿੱਤਰਾਂ ਨੂੰ ਪੜ੍ਹਾਉਂਦਾ ਹਾਂ। ਉਨ੍ਹਾਂ ਵਲੋਂ ਦਿੱਤੇ ਸੁਚਾਰੂ ਸੁਝਾਵਾਂ ਅਨੁਸਾਰ ਜਿਥੇ ਕਿਤੇ ਕੋਈ ਤਬਦੀਲੀ ਕਰਨੀ ਪਵੇ ਤਾਂ ਜ਼ਰੂਰ ਕਰਦਾ ਹਾਂ।

ਪੰਜਾਬੀ ਨਾਵਲ ਪੇਂਡੂ ਸੰਸਕ੍ਰਿਤੀ ਦੁਆਲੇ ਹੀ ਘੁੰਮੀ ਜਾ ਰਿਹਾ ਤੁਹਾਡੇ ਇਸ ਸੁਆਲ ਨਾਲ ਮੈਂ ਸਹਿਮਤ ਨਹੀਂ ਕਿਉਂਕਿ ਕਾਫੀ ਸਮਾਂ ਪਹਿਲਾਂ ਮੁੰਬਈ ਰਹਿੰਦੇ ਨਾਵਲਕਾਰ ਸੁਖਬੀਰ ਨੇ ਮਹਾਂ ਨਗਰ ਦੀ ਜ਼ਿੰਦਗੀ ਨੂੰ ਲੈ ਕੇ ਬਹੁਤ ਵਧੀਆ ਨਾਵਲ 'ਸੜਕਾਂ ਤੇ ਕਮਰੇ' ਲਿਖਿਆ ਸੀ। ਉਸ ਨਾਵਲ ਤੋਂ ਬਾਅਦ ਵੀ ਕਈ ਲੇਖਕਾਂ ਨੇ ਸ਼ਹਿਰੀ ਜੀਵਨ ਬਾਰੇ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਤਰ੍ਹਾਂ ਬਲਦੇਵ ਸਿੰਘ ਦਾ 'ਲਾਲ ਬੱਤੀ' , ਜਸਬੀਰ ਭੁੱਲਰ ਦਾ 'ਮਹੂਰਤ' ਅਤੇ ਮਨਮੋਹਨ ਦਾ ਆਪਣੀ ਤਰ੍ਹਾਂ ਦਾ ਨਾਵਲ 'ਨਿਰਵਾਣ' ਇਨ੍ਹਾਂ ਨਾਵਲਕਾਰਾਂ ਤੋਂ ਬਿਨਾਂ ਹੋਰ ਵੀ ਕਈ ਨਾਵਲਕਾਰ ਹਨ ਜਿਨ੍ਹਾਂ ਨੇ ਨਵੇਂ ਨਵੇਂ ਵਿਸ਼ਿਆਂ ਬਾਰੇ ਆਪਣੇ ਨਾਵਲਾਂ ਵਿੱਚ ਗੱਲ ਕੀਤੀ ਹੈ। ਨਵੇਂ ਨਾਵਲਕਾਰ ਸਿਰਫ ਪੇਂਡੂ ਸੰਸਕ੍ਰਿਤੀ ਦੁਆਲੇ ਹੀ ਨਹੀਂ ਘੁੰਮਦੇ ਸਗੋਂ ਪਿੰਡਾਂ ਤੋਂ ਸ਼ਹਿਰਾਂ ਵਿੱਚ ਪਲਾਇਨ ਕਰਨ ਕਰਕੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਤੌਰ ਤੇ ਪ੍ਰਭਾਵਤ ਹੋ ਰਹੇ ਮਨੁੱਖ ਦੇ ਜੀਵਨ 'ਚ ਆ ਰਹੀਆਂ ਤਬਦੀਲੀਆਂ ਨੂੰ ਫੜਨ ਦੀ ਵੀ ਕੋਸ਼ਿਸ਼ ਕਰ ਰਹੇ ਹਨ।

ਮੇਰੇ ਦੋ ਨਾਵਲ 'ਹਨੇਰੀਆਂ ਗਲੀਆਂ' ਅਤੇ 'ਸਲੋਅ ਡਾਊਨ' ਵੀ ਇਸੇ ਸ਼੍ਰੇਣੀ 'ਚ ਰੱਖੇ ਜਾ ਸਕਦੇ ਹਨ। ਇਨ੍ਹਾਂ ਦੋਹਾਂ ਨਾਵਲਾਂ ਰਾਹੀਂ ਮੈਂ ਮਹਾਂਨਗਰ ਦੇ ਮਨੁੱਖ ਦੀ ਜ਼ਿੰਦਗੀ ਨੂੰ ਚਿੱਤਰਨ ਦੀ ਕੋਸ਼ਿਸ਼ ਕੀਤੀ ਹੈ।

ਇਨ੍ਹਾਂ ਦੋਵਾਂ ਨਾਵਲ ਵਿੱਚ ਮੈਂ ਜਿਹੜਾ ਬਿਰਤਾਂਤ ਸਿਰਜਿਆ ਹੈ ਉਸ ਨੇ ਮੇਰੇ ਪਹਿਲਾਂ ਲਿਖੇ ਗਏ ਨਾਵਲਾਂ ਨਾਲੋਂ ਜਿਆਦਾ ਪਾਠਕਾਂ ਦਾ ਧਿਆਨ ਖਿਚਿਆ ਹੈ। ਇਨ੍ਹਾਂ ਨਾਵਲਾਂ ਵਿਚਲੀਆਂ ਘਟਨਾਵਾਂ ਨੂੰ ਲਿਖਦੇ ਸਮੇਂ ਮੈਂ ਅਜਿਹੀ ਤਕਨੀਕ ਨਾਲ ਚੈਪਟਰ ਬਣਾਏ ਹਨ ਕਿ ਉਨ੍ਹਾਂ ਨੂੰ ਪੜ੍ਹਦੇ ਸਮੇਂ ਪਾਠਕ ਨੂੰ ਇਕ ਚੈਪਟਰ ਸਮੁੱਚੀ ਕਹਾਣੀ ਲੱਗੇ ਪਰ ਜਦੋਂ ਸਾਰੇ ਚੈਪਟਰਾਂ ਨੂੰ ਇਕੱਠੇ ਪੜ੍ਹਿਆ ਜਾਵੇ ਤਾਂ ਉਹ ਕਿਤੇ ਨਾ ਕਿਤੇ ਇਕ ਦੂਜੇ ਨਾਲ ਜੁੜੇ ਹੋਏ ਲਗਦੇ ਹਨ।

ਇਹ ਦੋਵੇਂ ਨਾਵਲ ਤੁਹਾਡੇ ਸੁਆਲ ਪੰਜਾਬੀ ਨਾਵਲ ਦੇ ਨਾਇਕ ਦੀ ਮਿੱਥ ਤੋਂ ਵੀ ਮੁਕਤ ਹਨ। ਮੇਰੇ ਵਲੋਂ ਕੀਤੇ ਗਏ ਇਸ ਤਜ਼ਰਬੇ ਨੇ ਮੈਨੂੰ ਕਾਫ਼ੀ ਹੱਲਾ ਸ਼ੇਰੀ ਦਿੱਤੀ ਹੈ। ਇਹ ਦੋਵੇਂ ਨਾਵਲ ਇਕ ਨਾਇਕ ਮੁੱਖੀ ਨਹੀਂ ਸਗੋਂ ਬਹੁ-ਨਾਇਕ ਮੁਖੀ ਬਣ ਗਏ ਹਨ।

ਮੇਰੀ ਸਮਝ ਅਨੁਸਾਰ ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਲਿਖਣਾ ਦੂਸਰੇ ਨਾਵਲਾਂ ਨਾਲੋਂ ਅਸਾਨ ਹੈ। ਕਿਉਂਕਿ ਇਤਿਹਾਸਕ ਨਾਵਲ ਵਿਚਲੀਆਂ ਘਟਨਾਵਾਂ ਜਾਂ ਪਾਤਰ ਲੇਖਕ ਦੇ ਸਾਹਮਣੇ ਪਏ ਹੁੰਦੇ ਹਨ। ਲੇਖਕ ਨੇ ਉਨ੍ਹਾਂ ਪਾਤਰਾਂ ਜਾਂ ਘਟਨਾਵਾਂ ਨੂੰ ਅਧਾਰ ਬਣਾ ਕੇ ਹੀ ਸਭ ਕੁਝ ਚਿੱਤਰਨਾ ਹੁੰਦਾ ਹੈ। ਉਨ੍ਹਾਂ ਘਟਨਾਵਾਂ ਨੂੰ ਜਾਂ ਪਾਤਰਾਂ ਨੂੰ ਆਪਣੀ ਕਲਾ ਜਾਂ ਸ਼ੈਲੀ ਦੁਆਰਾ ਰੌਚਕ ਤਾਂ ਬਣਾ ਸਕਦਾ ਹੈ ਪਰ ਇਸ ਸਾਰੇ ਕੁਝ ਵਿੱਚ ਆਪਣੇ ਵਲੋਂ ਕੋਈ ਵਾਧਾ-ਘਾਟ ਨਹੀਂ ਕਰ ਸਕਦਾ। ਇਸ ਦੇ ਉਲਟ ਦੂਸਰੀ ਤਰ੍ਹਾਂ ਦੇ ਨਾਵਲ ਵਿੱਚ ਲੇਖਕ ਨੂੰ ਦੇਖੀਆਂ ਜਾਂ ਸੁਣੀਆਂ ਘਟਨਾਵਾਂ ਜਾਂ ਪਾਤਰਾਂ ਨੂੰ ਆਪਣੀ ਕਲਪਣਾ ਅਨੁਸਾਰ ਨਵੇਂ ਸਿਰਿਓਂ ਸਿਰਜਣਾ ਜਾਂ ਪਾਤਰ ਲੇਖਕ ਤੋਂ ਬਾਗੀ ਹੋ ਕੇ ਕੋਈ ਨਵਾਂ ਚਮਤਕਾਰ ਵੀ ਕਰ ਦਿੰਦੇ ਹਨ ਜਿਸ ਬਾਰੇ ਲੇਖਕ ਨੇ ਪਹਿਲਾਂ ਸੋਚਿਆ ਹੀ ਨਹੀਂ ਹੁੰਦਾ। ਇਸ ਸਭ ਕੁਝ

ਨੂੰ ਦੇਖਦਿਆਂ ਮੇਰੇ ਲਈ ਤਾਂ ਇਤਿਹਾਸਕ ਨਾਵਲ ਨਾਲੋਂ ਦੂਸਰੀ ਤਰ੍ਹਾਂ ਦਾ ਨਾਵਲ ਲਿਖਣਾ ਜਿਆਦਾ ਔਖਾ ਹੈ।

ਪੰਜਾਬੀ ਨਾਵਲ ਦੀ ਆਲੋਚਨਾ ਦੀ ਸਥਿਤੀ ਬਾਰੇ ਤਾਂ ਮੈਂ ਇੰਨਾ ਹੀ ਕਹਿਣਾ ਚਾਹਾਂਗਾ ਕਿ ਇਸ ਖੇਤਰ 'ਚ ਜਿੰਨਾ ਕੰਮ ਹੋਣਾ ਚਾਹੀਦਾ ਸੀ ਉਨਾ ਹੋ ਨਹੀਂ ਸਕਿਆ। ਇਸ ਖੇਤਰ ਨਾਲ ਜੁੜੇ ਆਲੋਚਕਾਂ ਨੇ ਆਪਣੀ ਹੀ ਤਰ੍ਹਾਂ ਦੇ ਫਾਰਮੂਲੇ ਬਣਾਏ ਹੋਏ ਹਨ, ਜਿਨ੍ਹਾਂ ਅਨੁਸਾਰ ਉਹ ਅੱਜ ਤੋਂ ਪੰਦਰਾਂ ਵੀਹ ਸਾਲ ਪਹਿਲਾਂ ਪੜ੍ਹੇ ਹੋਏ ਨੂੰ ਹੀ ਵਾਰ ਵਾਰ ਦੁਹਰਾਈ ਜਾ ਰਹੇ ਹਨ। ਉਹ ਨਵਾਂ ਕੁਝ ਵੀ ਨਹੀਂ ਪੜ੍ਹਦੇ ਜੇ ਭੁਲੇ ਚੁੱਕੇ ਕਿਸੇ ਨਵੇਂ ਨਾਵਲ ਬਾਰੇ ਜਿਕਰ ਕਰ ਵੀ ਦਿੱਤਾ ਤਾਂ ਉਹ ਵਿਦਵਾਨ ਇਉਂ ਸਮਝਦੇ ਹਨ ਜਿਵੇਂ ਉਨ੍ਹਾਂ ਨੇ ਲੇਖਕ ਤੇ ਕੋਈ ਅਹਿਸਾਨ ਕਰ ਦਿੱਤਾ ਹੋਵੇ। ਇਹ ਵਿਦਵਾਨ ਕਿਸੇ ਵੀ ਕੱਚੇ-ਪਿੱਲੇ ਨਾਵਲ ਨੂੰ ਪਰਚੇ ਲਿਖ ਲਿਖ ਜਾਂ ਗੋਸ਼ਟੀਆਂ ਕਰਵਾ ਕੇ ਹਿੱਟ ਕਰ ਦਿੰਦੇ ਹਨ ਅਤੇ ਚੰਗੇ ਨਾਵਲ ਨੂੰ ਇਗਨੋਰ ਕਰਕੇ ਗੁੱਠੇ ਲਾਇਨ ਲਾ ਦਿੰਦੇ ਹਨ। ਯੂਨੀਵਰਸਿਟੀਆਂ ਅੰਦਰ ਬੈਠੇ ਇਹ ਵਿਦਵਾਨ ਆਪਣੀਆਂ ਸਧਾਰਨ ਪੱਧਰ ਦੀਆਂ ਰਚਨਾਵਾਂ ਨੂੰ ਸ਼ਰੇਸ਼ਠ ਸਿੱਧ ਕਰਨ ਲਈ ਉਥੇ ਪੜ੍ਹਦੇ ਵਿਦਿਆਰਥੀਆਂ ਕੋਲੋਂ ਆਪਣੀਆਂ ਰਚਨਾਵਾਂ ਉੱਤੇ ਹੀ ਕੰਮ ਕਰਵਾਈ ਜਾਂਦੇ ਹਨ ਪਰ ਉਨ੍ਹਾਂ ਨੂੰ ਕੌਣ ਸਮਝਾਏ ਕਿ ਜਦੋਂ ਉਨ੍ਹਾਂ ਦੀ ਉਹੋ ਹੀ ਰਚਨਾ ਪਾਠਕਾਂ ਦੀ ਕਚਿਹਰੀ 'ਚ ਜਾਏਗੀ ਤਾਂ ਪਾਠਕ ਸਿਰਫ ਰਚਨਾ ਨੂੰ ਪੜ੍ਹਨਗੇ ਉਸ ਬਾਰੇ ਲਿਖੇ ਗਏ ਪੇਪਰਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ।

ਪਰ ਪਿਛਲੇ ਸਮੇਂ ਦੌਰਾਨ ਨਾਵਲ ਦੀ ਆਲੋਚਨਾ ਦੇ ਖੇਤਰ ਵਿਚ ਚੰਗਾ ਕੰਮ ਕਰ ਰਹੇ ਕੁਝ ਨਾਂ ਉਭਰ ਕੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ ਕੁਝ ਨਾਂ ਇਸ ਤਰ੍ਹਾਂ ਹਨ ਡਾ. ਰਜਨੀਸ਼ ਬਹਾਦਰ ਸਿੰਘ, ਹਰਸਿਮਰਨ ਰੰਧਾਵਾ, ਰਵੀ ਰਵਿੰਦਰ, ਗੁਰਪਾਲ ਸੰਧੂ, ਅਮਰਜੀਤ ਗਰੇਵਾਲ ਅਤੇ ਡਾ. ਮਨਮੋਹਨ।

ਅਜੋਕਾ ਪੰਜਾਬੀ ਨਾਵਲ ਦੂਸਰੀਆਂ ਭਾਰਤੀ ਭਾਸ਼ਾਵਾਂ ਤੋਂ ਅੱਗੇ ਨਹੀਂ ਤਾਂ ਉਨ੍ਹਾਂ ਦੇ ਬਰਾਬਰ ਜ਼ਰੂਰ ਖੜ੍ਹਾ ਦਿਖਾਈ ਦਿੰਦਾ ਹੈ। ਬਦਲੇਵ ਸਿੰਘ ਦਾ 'ਅੰਨਦਾਤਾ' ਮਨਮੋਹਨ ਦਾ 'ਨਿਰਵਾਣ' ਅਤੇ ਸੁਰਿੰਦਰ ਨੀਰ ਦਾ 'ਸ਼ਿਕਾਰਗਾਹ' ਕਿਸੇ ਵੀ ਭਾਰਤੀ ਭਾਸ਼ਾ 'ਚ ਲਿਖੇ ਗਏ ਨਾਵਲਾਂ ਤੋਂ ਘੱਟ ਨਹੀਂ ਪਰ ਅਨੁਵਾਦ ਦੀਆਂ ਸਹੂਲਤਾਂ ਨਾ ਹੋਣ ਕਾਰਨ ਪੰਜਾਬੀ ਵਿਚ ਲਿਖੇ ਜਾ ਰਹੇ ਚੰਗੇ ਨਾਵਲ ਪੰਜਾਬ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦੇ ਹਨ। ਜੇ ਕੋਈ ਇਕਾ-ਦੁੱਕਾ ਨਾਵਲ ਹਿੰਦੀ 'ਚ ਅਨੁਵਾਦ ਹੁੰਦਾ ਵੀ ਹੈ ਤਾਂ ਉਹ ਲੇਖਕ ਦੇ ਆਪਣੇ ਅਸਰ ਰਸੂਖ ਜਾਂ ਆਪਣੇ ਖਰਚੇ ਉੱਤੇ ਹੁੰਦਾ ਹੈ।

ਮੋਬਾ. 093132-92863

## ਮੇਰਾ ਨਾਵਲ ਮੁੱਖ ਤੌਰ 'ਤੇ ਪੇਂਡੂ ਸਮਾਜ ਨੂੰ ਚਿੱਤਰਦਾ ਹੈ
## - ਅਵਤਾਰ ਸਿੰਘ ਬਿਲਿੰਗ

ਕਵਿਤਾ, ਨਾਟਕ ਤੇ ਨਿਬੰਧ ਵਿਚ ਮੇਰੀ ਦਿਲਚਸਪੀ ਨਹੀਂ ਸੀ। ਮੈਂ ਸ਼ੁਰੂ ਤੋਂ ਹੀ ਕਹਾਣੀ ਲਿਖਦਾ ਸੀ। ਮੇਰੇ ਚਾਰ ਕਹਾਣੀ ਸੰਗ੍ਰਹਿ -'ਮੌਤ ਦੇ ਸਾਏ ਹੇਠ', 'ਆਪਣਾ ਖ਼ੂਨ', 'ਨਿਆਜ਼' ਅਤੇ 'ਪੱਛੋਂ ਦੀ ਹਵਾ' ਛਪ ਚੁੱਕੇ ਸਨ। ਫੇਰ ਪੰਜ ਨਾਵਲ 'ਨਰੰਜਣ ਮਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ', 'ਇਹਨਾਂ ਰਾਹਾਂ ਉੱਤੇ', 'ਪੱਤ ਕੁਮਲਾ ਗਏ' ਅਤੇ 'ਦੀਵੇ ਜਗਦੇ ਰਹਿਣਗੇ' ਪ੍ਰਕਾਸ਼ਤ ਹੋਏ। ਸੋ ਨਾਵਲ ਵਿਧਾ ਨੂੰ ਚੁਣਿਆ ਜਾਣਾ ਸੁਭਾਵਿਕ ਸੀ ਜੋ ਕਹਾਣੀ ਦੇ ਬਿਲਕੁੱਲ ਨਜ਼ਦੀਕ ਹੀ ਨਹੀਂ ਇਸਦਾ ਅਗਲਾ ਪੜਾਅ ਵੀ ਹੈ।

ਨਾਵਲ ਦਾ ਵਿਸ਼ਾ ਅਚਾਨਕ ਆਹੁੜਦਾ ਹੈ ਜਿਸਨੂੰ ਅਸੀਂ Conception ਆਖ ਸਕਦੇ ਹਾਂ। ਏਹੀ ਔਖਾ ਕੰਮ ਹੈ। ਫੇਰ ਮੈਂ ਘਟਨਾਵਾਂ ਸਿਰਜਦਾ ਹਾਂ। ਘਾਟਾ-ਵਾਧਾ ਕਰਦਾ ਹਾਂ। ਨਾਵਲ ਦੇ ਸੰਪੂਰਨ



ਹੋਣ ਤੱਕ ਤਿੰਨ ਚਾਰ ਵਾਰੀ ਲਿਖਦਾ ਸੋਧਦਾ ਰਹਿੰਦਾ ਹਾਂ। ਪਹਿਲੀਆਂ ਦੋ ਕਾਪੀਆਂ ਵਕਫ਼ਾ ਪਾ ਕੇ ਆਪਣਾ ਪਾਠਕ ਆਪੇ ਬਣਿਆ ਪੜ੍ਹਦਾ-ਵਾਚਦਾ ਹਾਂ। ਤੀਜੀ ਕਾਪੀ ਆਪਣੇ ਸੁਹਿਰਦ ਸ਼ੁਭ ਚਿੰਤਕਾਂ, ਬੁੱਧੀਜੀਵੀਆਂ ਅਤੇ ਸਾਧਾਰਨ ਪਾਠਕ ਨੂੰ ਵੀ ਪੜ੍ਹਆਉਂਦਾ ਹਾਂ। ਉਹਨਾਂ ਵੱਲੋਂ ਦਿੱਤਾ ਕੋਈ ਸੁਝਾਅ ਜੇ ਮੁੱਲਵਾਨ ਲੱਗੇ ਤਾਂ ਮੰਨ ਕੇ ਕੋਈ ਸੋਧ ਜਾਂ ਤਬਦੀਲੀ ਵੀ ਕਰ ਲੈਂਦਾ ਹਾਂ। ਇੰਝ ਚੌਥੀ ਕਾਪੀ ਕਈ ਸਾਲਾਂ ਵਿਚ ਤਿਆਰ ਹੁੰਦੀ ਹੈ।

ਮੈਂ ਮਾਨਵੀ ਦ੍ਰਿਸ਼ਟੀ ਦਾ ਧਾਰਨੀ ਹਾਂ। ਜਦੋਂ ਲਿਖਦਾ ਹਾਂ ਤਾਂ ਕਿਸੇ ਜ਼ਾਤ, ਧਰਮ ਜਾਂ ਵਾਦ ਤੋਂ ਮੁਕਤ ਹੁੰਦਾ ਹਾਂ। ਪਾਤਰਾਂ ਨੂੰ ਉਹਨਾਂ ਦੇ ਮੌਲਿਕ ਰੂਪ ਵਿਚ ਪੇਸ਼ ਕਰਨਾ ਮੇਰਾ ਮੁੱਖ ਮਨੋਰਥ ਹੁੰਦਾ ਹੈ। ਪਰ ਮੈਂ ਭਾਰਤੀ ਸਿਧਾਂਤ ਸਤਿਆਮ, ਸੁੰਦਰਮ, ਸ਼ਿਵਮ ਦਾ ਪੱਲਾ ਨਹੀਂ ਛੱਡਦਾ। ਸਾਡੀ ਕਲਾ-ਕ੍ਰਿਤ ਜ਼ਰੂਰ ਕਲਿਆਣਕਾਰੀ ਹੋਵੇ। ਫਸਾਦ ਕਰਾਉਣੇ ਜਾਤੀ, ਜਮਾਤੀ, ਨਿੱਜੀ, ਧਾਰਮਿਕ ਜਾਂ ਸਮਾਜਿਕ ਨਫ਼ਰਤ ਫੈਲਾਉਣੀ ਉਸਦਾ ਕਰਤੱਵ ਨਹੀਂ।

ਕਿਸੇ ਨਾਵਲ ਦੇ ਪਾਤਰ ਉਸਦੇ ਵਿਸ਼ੇ ਅਤੇ ਬਿਰਤਾਂਤ ਅਨੁਸਾਰ ਚੁਣੇ ਗਏ ਖ਼ਾਸ ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਹੀ ਕਰਦੇ ਹੁੰਦੇ ਹਨ। ਦੁਨੀਆਂ ਦਾ ਕੋਈ ਨਾਵਲ ਮੇਰੀ ਨਜ਼ਰ ਵਿਚੋਂ ਨਹੀਂ ਲੰਘਿਆ ਜਿਸਦਾ ਇਕ ਹੀ ਪਾਤਰ ਸਮੁੱਚੇ ਮਨੁੱਖ ਦੀ ਪ੍ਰਤੀਨਿਧਤਾ ਕਰਦਾ ਹੋਵੇ। ਸ਼ੇਕਸ ਪੀਅਰ ਦੇ ਕਿਸੇ ਇਕ ਨਾਟਕ ਦਾ ਪਾਤਰ ਕੀ ਸਮੁੱਚੇ ਮਨੁੱਖ ਦੀ ਪ੍ਰਤੀਨਿਧਤਾ ਕਰਦਾ ਹੈ? ਟਾਮਸ ਹਾਰਡੀ, ਟਾਲਸਟਾਇ, ਮਾਰਕਿਓਜ਼, ਸੈਰੇਮੈਗੋ ਜਾਂ ਕਿਸੇ ਭਾਰਤੀ ਲੇਖਕ ਦੀ ਕੋਈ ਇਕੋ ਰਚਨਾ ਕੀ ਸਮੁੱਚੇ ਮਨੁੱਖ ਦੀ ਪ੍ਰਤੀਨਿਧਤਾ ਕਰਦੀ ਹੈ? ਮੇਰੇ ਪਾਤਰ ਵੀ ਪੰਜਾਬੀ ਕਿਰਸਾਨੀ ਸਮਾਜ, ਵਿਸ਼ੇਸ਼ ਕਰਕੇ ਪੇਂਡੂ ਨਿਮਨ ਮੱਧ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ। ਮਿਸਾਲ ਵਜੋਂ ਨਰੰਜਣ, ਮਸ਼ਾਲਚੀ, ਜਗਤਾ, ਬਿਸ਼ਨਾ, ਰੁਲਦਾ ਰਾਮਦਾਸੀਆ, ਜੈਬਾ, ਦਿਆਲਾ, ਕਰਤਾਰ ਚੰਦ, ਪੰਜਾਬਾ ਦੇਖੇ ਜਾ ਸਕਦੇ ਹਨ। ਪੰਜਾਬੀ ਨਾਵਲ ਨੇ Blindness ਜਾਂ 'ਸਿਧਾਰਥ' ਜਾਂ 'ਬੁੱਢਾ ਤੇ ਸਮੁੰਦਰ' ਵਰਗੇ ਚਿੰਨ੍ਹਆਤਮਕ ਪਾਤਰ ਅਜੇ ਸਿਰਜਣੇ ਹਨ। ਮਨੁੱਖ ਨੂੰ ਨਿਰੇ ਮਨੁੱਖ ਵਜੋਂ ਚਿਤਰਨ ਲਈ ਹਾਲੇ ਅਸੀਂ ਰੁਚਿਤ ਨਹੀਂ ਹੋਏ। ਇਸਦੇ ਕਿੰਨੇ ਹੀ ਕਾਰਨ ਹਨ।

ਮੇਰੇ ਹਰੇਕ ਨਾਵਲ ਦਾ ਬਿਰਤਾਂਤ ਵਿਲੱਖਣ ਹੈ। 'ਨਰੰਜਣ ਮਸ਼ਾਲਚੀ' ਵਿਚ ਪਤੀ ਪਤਨੀ ਵਿਚਕਾਰ ਪਨਪਿਆ ਸ਼ੱਕ, ਖਿਚਾਅ ਅਤੇ ਨਫ਼ਰਤ ਉਸ ਵਿਚਲੇ ਦੁਖਾਂਤ ਨੂੰ ਜਨਮ ਦਿੰਦਾ ਹੈ। 'ਖੇੜੇ ਸੁੱਖ ਵਿਹੜੇ ਸੁੱਖ' ਵਿਚ ਵੀਹਵੀਂ ਸਦੀ ਦੇ ਪਹਿਲੇ ਪੰਜ ਦਹਾਕਿਆਂ ਦੌਰਾਨ ਖੜੌਤ ਦਾ ਸ਼ਿਕਾਰ ਹੋਏ ਸਾਂਝੇ ਪੇਂਡੂ ਸਮਾਜ ਨੂੰ ਚਿੱਤਰਨਾ ਆਪਣੇ ਆਪ ਵਿਚ ਇਕ ਵਿਲੱਖਣ ਕਾਰਜ ਸੀ। 'ਇਹਨਾਂ ਰਾਹਾਂ ਉੱਤੇ' ਵਿਚ ਜ਼ਮੀਨ-ਜਾਇਦਾਦ ਦੇ ਮੋਹ ਵਿਚੋਂ ਉਪਜਿਆ ਗ੍ਰਹਿਸਤੀ ਸੰਕਟਮਾਈ ਬਿਰਤਾਂਤ ਹੈ ਜੋ ਦੋ ਨਹੀਂ, ਤਿੰਨ ਨੌਜਵਾਨ ਦਿਲਾਂ ਦੇ ਵਿਆਹੁਤਾ ਸੁੱਖ ਨੂੰ ਨਿਗਲਦਾ, ਉਹਨਾਂ ਨੂੰ ਆਪਣੇ ਹਾਣ ਦੇ ਸਾਥ ਤੋਂ ਵਿਰਵਾ ਰੱਖਦਾ ਹੈ। 'ਪੱਤ ਕੁਮਲਾ ਗਏ' ਵਿਚ ਪੇਂਡੂ ਕਿਰਸਾਣ ਅਤੇ ਦਲਿਤ ਪਾਤਰਾਂ ਦੀ ਕਰੁਣਾਮਈ ਅਤੇ ਦਰਦਨਾਕ ਆਰਥਿਕਤਾ ਨੇ ਪਾਠਕਾਂ ਨੂੰ ਝੰਜੋੜਿਆ ਹੈ। 'ਦੀਵੇ ਜਗਦੇ ਰਹਿਣਗੇ' ਵਿਚ ਵੀਹਵੀਂ ਸਦੀ ਦੇ ਦੂਜੇ ਅੱਧ ਦੌਰਾਨ ਪੰਜਾਬੀ ਸਮਾਜ ਦਾ ਵਿਕਾਸ ਤੇ ਜਾਤੀ ਟਕਰਾਅ ਨੂੰ ਦਿਖਾਇਆ ਹੈ ਜਿਸ ਵਿਚ ਦਲਿਤਾਂ ਦੀ ਵਿਸ਼ੇਸ਼ ਭੂਮਿਕਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਨਾਵਲ ਦਾ ਵਿਸ਼ਾ ਤਾਂ ਅਚਾਨਕ ਆਹੁੜਦਾ ਹੈ। ਫੇਰ ਘਟਨਾਵਾਂ ਸਿਰਜੀਆਂ ਜਾਂਦੀਆਂ ਹਨ। ਜੋ ਆਪਣੇ ਆਪ ਵਿਚ ਬਿਰਤਾਂਤ ਸਿਰਜਦੀਆਂ ਪਾਤਰ ਉਸਾਰੀ ਵੀ ਕਰਦੀਆਂ ਹਨ। ਵਿਸ਼ੇ ਨੂੰ ਸਿੱਧ ਕਰਨ ਲਈ ਬਿਰਤਾਂਤ ਨਹੀਂ ਉਸਾਰਿਆ ਜਾਂਦਾ। ਇਹ ਸਾਰਾ ਕੁਝ ਬਤੌਰ ਲੇਖਕ ਬੇਦਖ਼ਲ ਰਹਿ ਕੇ ਸੁਝਾਊ ਪੱਧਰ ਤੱਕ ਹੀ ਸੀਮਿਤ ਰੱਖਣਾ ਹੁੰਦਾ ਹੈ। ਸਿੱਧਾ ਪ੍ਰਚਾਰ ਜਾਂ ਦਖ਼ਲ ਤਾਂ ਕਿਸੇ ਰਚਨਾ ਨੂੰ ਯਥਾਰਥਕ ਨਾ ਬਣਾ ਕੇ, ਨਾਅਰੇ ਦਾ ਸਾਹਿਤ ਬਣਾ ਦੇਵੇਗਾ।




ਪਾਠਕਾਂ ਦੀ ਰੁਚੀ ਲਈ ਮੈਂ ਉਸਨੂੰ ਦਿਲਚਸਪ ਬਣਾਉਣ ਵਾਸਤੇ ਵਿਸ਼ੇਸ਼ ਜੁਗਤਾਂ ਵਰਤਦਾ ਹਾਂ। ਜੇ ਸਾਡੀ ਰਚਨਾ ਪੜ੍ਹਨ ਅਤੇ ਮਾਣਨਯੋਗ ਨਹੀਂ ਅਤੇ ਨਾ ਹੀ ਕੋਈ ਨਵੀਂ ਜਾਣਕਾਰੀ ਦਿੰਦੀ ਹੈ ਤਾਂ ਉਸਦੇ ਲਿਖਣ ਦਾ ਮਨੋਰਥ ਕੀ ਹੈ।

ਮੇਰੇ ਸਾਰੇ ਨਾਵਲ ਤਾਂ ਪਰੰਪਰਿਕ ਨਾਇਕ ਦੀ ਮਿੱਥ ਤੋਂ ਪੂਰੀ ਤਰ੍ਹਾਂ ਮੁਕਤ ਹਨ। ਮੇਰੇ ਨਾਵਲਾਂ ਵਿਚ ਇਕ ਨਹੀਂ ਕਈ ਕਈ ਕੇਂਦਰੀ ਪਾਤਰ ਵੀ ਹਨ। ਮਿਸਾਲ ਵਜੋਂ 'ਖੇੜੇ ਸੁੱਖ ਵਿਹੜੇ ਸੁੱਖ' ਅਤੇ 'ਪੱਤ ਕੁਮਲਾ ਗਏ' ਨੂੰ ਲੈ ਸਕਦੇ ਹੋ। ਨਰੰਜਣ ਮਸ਼ਾਲਚੀ ਵੀ ਗੁਣਾਂ ਔਗੁਣਾਂ ਨਾਲ ਭਰਪੂਰ ਕੇਂਦਰੀ ਪਾਤਰ ਹੈ। 'ਇਹਨਾਂ ਰਾਹਾਂ ਉੱਤੇ' ਵਿਚ ਪਹਿਲੇ ਭਾਗ ਨੂੰ ਲਾਣੇਦਾਰਨੀ ਲਾਭ ਕੌਰ, ਦੂਜੇ ਹਿੱਸੇ ਨੂੰ ਨਸੀਬ ਕੌਰ ਅਤੇ ਤੀਜੇ ਨੂੰ ਸਰਬੋ ਅਤੇ ਵਿਸ਼ਵ ਪ੍ਰਤੀ ਪ੍ਰਭਾਵਤ ਕਰਦੀਆਂ ਹਨ। 'ਪੱਤ ਕੁਮਲਾ ਗਏ' ਵਿਚ ਜੈਬਾ ਕੇਂਦਰੀ ਪਾਤਰ ਹੈ ਜਾਂ ਰੁਲਦਾ ਰਾਮਦਾਸੀਆ? ਤੁਸੀਂ ਆਪ ਵੀ ਨਿਖੇੜਾ ਨਹੀਂ ਕਰ ਸਕਦੇ। 'ਦੀਵੇ ਜਗਦੇ ਰਹਿਣਗੇ' ਵਿਚ ਦਿਆਲਾ, ਬਿਸ਼ਨਾ ਅਤੇ ਪੰਜਾਬਾ ਕੇਂਦਰੀ ਪਾਤਰ ਹਨ। ਅਸਰ ਦਾਇਕ ਦਲਿਤ ਪਾਤਰ ਰਾਮਾ ਅਤੇ ਦੀਸ਼ਾ ਦੁਕਾਨਦਾਰ ਵੀ ਜ਼ਰੂਰ ਹਨ।

ਦਲਿਤ ਉਹ ਹੈ ਜੋ ਸਮਾਜਿਕ ਤੇ ਆਰਥਿਕ ਪੱਖ ਤੋਂ ਦਰੜਿਆ ਰਹਿ ਗਿਆ ਹੈ ਪਰ ਸਾਡੇ ਕੇਸ ਵਿਚ ਸਿਰਫ ਚਮੜੇ ਦਾ ਕੰਮ ਕਰਨ ਵਾਲੇ ਅਤੇ ਸਫ਼ਾਈ ਸੇਵਕਾਂ ਨੂੰ ਹੀ ਮੁੱਖ ਤੌਰ ਉੱਤੇ ਜਾਤ ਆਧਾਰਿਤ ਦਲਿਤ ਮੰਨ ਲਿਆ ਗਿਆ ਹੈ ਕਿਉਂਕਿ ਉਹ ਕਿਸੇ ਸਮੇਂ ਭਿੱਟ ਅਤੇ ਛੂਆ ਛੂਤ ਦਾ ਸ਼ਿਕਾਰ ਵੀ ਰਹੇ ਹਨ। ਮੇਰਾ ਨਾਵਲ ਮੁੱਖ ਤੌਰ 'ਤੇ ਪੇਂਡੂ ਸਮਾਜ ਨੂੰ ਚਿੱਤਰਦਾ ਹੈ ਜਿਸ ਵਿਚ ਧਨੀ ਕਿਸਾਨੀ, ਨਿਮਨ ਕਿਸਾਨੀ ਅਤੇ ਮਜ਼ਦੂਰ ਜਮਾਤ ਹੈ। ਮੇਰੇ ਸਾਰੇ ਨਾਵਲਾਂ ਵਿਚ ਘਟਨਾਵੀ ਵੇਰਵਿਆਂ ਦੇ ਅਨੁਪਾਤ ਅਨੁਸਾਰ ਸਾਰੇ ਪਾਤਰਾਂ ਦਾ ਚਿਤਰਣ ਕੀਤਾ ਗਿਆ ਹੈ। 'ਨਰੰਜਣ ਮਸ਼ਾਲਚੀ' ਵਿਚ ਜਥੇਦਾਰਨੀ ਅਤੇ ਉਸਦੇ ਸਾਂਝੀ ਮਿੰਦਰੀ ਦਾ ਵਾਰਤਾਲਾਪ ਦੇਖੋ ਜਦੋਂ ਉਹ ਕਮਾਦ ਵਿਚ ਲੁਕਾ ਕੇ ਰੱਖੇ ਰੇਮ ਦੇ ਥੈਲਿਆਂ ਨੂੰ ਦੇਖਦੀ ਮਿੰਦਰੀ ਉਪਰ ਸ਼ੱਕ ਕਰਦੀ ਹੈ ਤਾਂ ਟੋਕੇ ਦੀਆਂ ਪੰਡਾਂ ਪਾਉਂਦਾ ਮਿੰਦਰੀ ਉਸ ਅੱਗੇ ਸਾਵਧਾਨ ਖੜ੍ਹਾ ਹੋ ਜਾਂਦਾ ਹੈ, 'ਨਹੀਂ ਚਾਚੀ, ਏਹ ਤਾਂ ਥੋਨੂੰ ਐਵੇਂ ਵਹਿਮ ਵੱਢ-ਵੱਢ ਖਾਈ ਜਾਂਦੈ। ਜੇ ਅਸੀਂ ਗਰੀਬ ਆਂ ਤਾਂ ਏਹਦਾ ਮਤਲਬ ਏਹ ਤਾਂ ਨਹੀਂ ਬਈ ਅਸੀਂ ਚੋਰੀਆਂ ਕਰਦੇ ਫਿਰਦੇ ਹਾਂ। 'ਦੀਵੇ ਜਗਦੇ ਰਹਿਣਗੇ' ਵਿਚ ਇਕ ਦਿਨ 'ਵਿਹੜੇ ਵੱਲ ਗਏ ਦਿਆਲੇ ਅੱਗੇ ਦਲਿਤ ਰਾਮਾ ਨਿਹੋਰਾ ਕਰਦਾ ਹੈ, "ਸਾਡੇ ਪਾਣੀ ਨਾਲ ਤਾਂ ਜਾਣੀਦੀ, ਸਰਪੰਚ ਸਾਹਬ, ਥੋਨੂੰ ਭਿੱਟ ਚੜ੍ਹਦੀ ਐ, ਆਹ ਜਿਹੜੀ ਬਦਬੂ ਮਾਰਦੀ ਹਵਾ ਥੋਡੇ ਕੰਨੀਂ ਜਾਂਦੀ, ਏਹਨੂੰ ਕਿੱਕਨ ਮੋੜੋਂਗੇ? " ਤਾਂ ਦਿਆਲਾ ਹਰਖ਼ ਕੇ ਬੋਲਿਆ, "ਭਿੱਟ-ਭੁੱਟ ਵਾਲੀਆਂ ਗੱਲਾਂ ਤਾਂ ਹੁਣ ਬਹੁਤ ਪਿੱਛੇ ਰਹਿ ਗੀਆਂ। ਐਵੇਂ ਲਾਈ ਬੁਝਾਈ ਕਰਨੀ ਨਹੀਂ ਸੋਭਦੀ। ਅਜ ਕੱਲ੍ਹ ਦਸਾਂ 'ਚੋਂ ਨੌਂ ਗੰ੍ਰਥੀ ਤਾਂ ਥੋਡੇ 'ਚੋਂ ਹੈਗੇ ਨੇ। ਭਜਨ ਪਾਠ 'ਤੇ ਤੁਸੀਂ ਕਬਜ਼ਾ ਕਰ ਰੱਖਿਐ।" 'ਪੱਤ ਕੁਮਲਾ ਗਏ' ਵਿਚ ਜਿਥੇ ਨਿਮਨ ਕਿਸਾਨੀ ਬਨਾਮ ਧਨੀ ਕਿਸਾਨੀ ਅਤੇ ਨਿਮਨ ਦਲਿਤ ਵਰਗ ਬਨਾਮ ਉੱਚ ਦਲਿਤ ਵਰਗ ਦਾ ਚਿੰਤਨ ਦਰਸਾਇਆ ਗਿਆ ਹੈ, ਉਥੇ ਦਲਿਤ ਰੁਲਦੇ ਫਰੌਟੀਏ ਦਾ ਦ੍ਰਿਸ਼ਟੀਕੋਣ ਇਸ ਵਾਰਤਾਲਾਪ ਤੋਂ ਸਪਸ਼ਟ ਹੋ ਜਾਂਦਾ ਹੈ ਜਦੋਂ ਸਰਵਣ ਪਾਤਸ਼ਾਹ ਉਸਨੂੰ ਖਿਝਾਉਂਦਾ ਚਿੜਾਉਂਦਾ ਹੈ ਤਾਂ ਰੁਲਦੇ ਦੇ ਮਨ ਵਿਚ ਆਇਆ ਕਿ ਗਲ ਹੱਥਾ ਮਾਰ ਕੇ ਪਾਤਸ਼ਾਹ ਨੂੰ ਵਗਾਹ ਕੇ ਮਾਰੇ। ਉਹ ਹੁਣ ਪਹਿਲਾਂ ਵਾਲਾ ਵਗਾਰੀ ਥੋੜ੍ਹੇ ਰਹਿ ਗਿਆ ਸੀ। ਉਧਰ ਪੱਛੜੀਆਂ ਜਾਤਾਂ ਵਿਚੋਂ ਅਤਿ ਗਰੀਬ ਗੱਟੂ ਬਾਹਮਣ ਅਤੇ ਸਰੂਪੇ ਸੁਨਿਆਰੇ ਵਰਗੇ ਆਪਣੇ ਅਣਗੌਲੇ ਦਲਿਤਪੁਣੇ ਨੂੰ ਮਜ਼ਾਕ ਵਿਚ ਚਿਤਾਰ ਕੇ ਹੀ ਸੰਤੁਸ਼ਟ ਹੋ ਜਾਂਦੇ ਹਨ,



ਜੱਟ ਛੀਂਬੇ ਝਿਊਰ ਝੋਕੇ,
ਬਾਹਮਣ ਬਾਣੀਏ ਸੁਨਿਆਰ ਢੋਕੇ
ਰੋਵੋ ਆਜ਼ਾਦੀ ਨੂੰ, ਮਾਣੋ ਬਰਬਾਦੀ ਨੂੰ
ਲੈ ਲਓ ਡੋਕੇ!"

ਜਦੋਂ ਮਜ਼ਦੂਰ ਗੱਟੂ ਬਾਹਮਣ 'ਵੰਡੀਆਂ ਪਾਊ ਸਰਕਾਰ' ਨੂੰ ਬਦਲਣ ਲਈ ਸੁਝਾਅ ਦਿੰਦਾ ਹੈ ਤਾਂ ਸਰੂਪੇ ਦੀ ਟਿੱਪਣੀ ਹੈ, "ਕਿਹੜਾ ਬਦਲ ਲਊ? ਸਰਕਾਰ ਨ੍ਹੀਂ ਬਦਲਦੀ, ਵੀਰਨੋਂ ਰੰਗ ਬਦਲਦੇ ਨੇ। ਰੰਗ ਬਦਲਿਆਂ ਸਾਨੂੰ ਰੁਜ਼ਗਾਰ ਨ੍ਹੀਂ ਮਿਲਣਾ।" ਇਹ ਪੱਛੜੇ ਰਹਿ ਗਏ ਦੂਜੀ ਵੰਨਗੀ ਦੇ ਦਲਿਤਾਂ ਦਾ ਚਿੰਤਨ ਹੈ।


ਮੇਰੇ ਖਿਆਲ ਵਿਚ ਪੰਜਾਬੀ ਨਾਵਲ ਦੀ ਉਮਰ ਹਿੰਦੀ ਜਾਂ ਭਾਰਤੀ ਨਾਵਲ ਦੇ ਮੁਕਾਬਲੇ ਬਹੁਤ ਛੋਟੀ ਹੈ। ਇੰਨੀ ਅਵਸਥਾ ਦੌਰਾਨ ਇਸ ਨੇ ਕਾਫੀ ਵਿਕਾਸ ਕੀਤਾ ਹੈ। ਕਈ ਮਾਅਰਕੇ ਦੀਆਂ ਰਚਨਾਵਾਂ ਸਿਰਜੀਆਂ ਗਈਆਂ ਹਨ ਜਿਹਨਾਂ ਨੂੰ ਭਾਰਤੀ ਨਾਵਲ ਦੇ ਮੁਕਾਬਲੇ ਉੱਤੇ ਰੱਖਿਆ ਜਾ ਸਕਦਾ ਹੈ। ਨਿਰਾਸ਼ ਹੋਣ ਵਾਲੀ ਸਾਡੀ ਹਾਲਤ ਨਹੀਂ ਹੈ ਨਾ ਹੀ ਇਸ ਪੱਖ ਤੋਂ ਸਾਨੂੰ ਅਹਿਸਾਸ ਏ ਕਮਤਰੀ ਦੇ ਸ਼ਿਕਾਰ ਹੋਣਾ ਸ਼ੋਭਦਾ ਹੈ।

ਜਾਗੀਰਦਾਰੀ ਪ੍ਰਥਾ ਵਿਚ ਸਾਰਾ ਕੁਝ ਮਾੜਾ ਅਤੇ ਨਿੰਦਣਯੋਗ ਨਹੀਂ ਸੀ ਜਿਵੇਂ ਕੁਝ ਆਲੋਚਕ ਨਿੰਦਦੇ-ਭੰਡਦੇ ਆਏ ਨੇ। ਸਾਂਝਾ ਭਾਈਚਾਰਾ, ਆਪਸੀ ਮਦਦ ਅਤੇ ਸਹਾਰਾ ਬਣਨਾ, ਸਮੂਹ ਲਈ ਜਿਊਣਾ, ਅਪਣੱਤ ਦਿਖਾਉਣਾ, ਪਿੰਡ ਤੇ ਬੰਨੇ ਚੰਨੇ ਦੀ ਲਾਜ ਰੱਖਣਾ, ਹਰੇਕ ਜਾਤੀ-ਧਰਮ ਦੇ ਵਡੇਰਿਆਂ ਦਾ ਦਾਦਾ ਤਾਇਆ ਜਾਂ ਬਾਬਾ ਆਖ ਅਦਬ ਕਰਨਾ, ਆਦਿ ਕਿੰਨੇ ਗੁਣ ਉਸ ਸਿਸਟਮ ਵਿਚ ਸਮੋਏ ਹੋਏ ਸਨ ਬੇਸ਼ੱਕ ਜਾਤੀ ਹਉਮੇਂ, ਵਗਾਰ ਲੈਣੀ, ਲੁੱਟ-ਖਸੁੱਟ ਕਰਨੀ, ਔਰਤ ਨੂੰ ਹੀਣੀ ਸਮਝਣਾ, ਆਦਿ ਉਸਦੇ ਔਗੁਣ ਵੀ ਸਨ। ਹੁਣ ਨਿੱਜਵਾਦੀ ਸਿਸਟਮ ਵੱਲ ਰੁਚਿਤ ਹੋਏ ਸਮਾਜ ਵਿਚੋਂ ਫਿਊਡਲ ਰਿਸ਼ਤਿਆਂ ਨੂੰ ਇਕੋ ਝਟਕੇ ਨਾਲ ਤਾਂ ਕੋਈ ਸਰਜਨ ਹੀ ਚੀਰ ਫਾੜ ਕਰਕੇ ਨਿਖੇੜ ਸਕਦਾ ਹੈ। ਸਾਹਿਤਕਾਰ ਜੋ ਸਮਾਜ ਅਨੁਸਾਰ ਸਹਿਜ ਚਾਲ ਚਲਦਾ ਹੈ ਕਿੰਝ ਇਕਦਮ ਬਦਲ ਦੇਵੇ? ਮੇਰੇ ਨਾਵਲ ਅਜਿਹੀ ਤਬਦੀਲੀ ਨੂੰ ਹੀ ਦਰਸਾਉਂਦੇ ਹਨ। 'ਪੱਤ ਕੁਮਲਾ ਗਏ' ਵਿਚ ਦਲਿਤਾਂ ਦਾ ਉਭਾਰ ਅਤੇ ਉਹਨਾਂ ਵਿਚ ਵੀ ਮਨੁੱਖਤਾ ਦਾ ਨਿਘਾਰ, 'ਦੀਵੇ ਜਗਦੇ ਰਹਿਣਗੇ' ਵਿਚ ਦਲਿਤ ਮੁਕਤੀ ਵਿਚ ਸਥਾਨਕ ਸਿਆਸਤ ਦਾ ਯੋਗਦਾਨ ਵੀ ਤੁਸੀਂ ਦੇਖ ਸਕਦੇ ਹੋ ਜੋ ਫਿਊਡਲਿਜ਼ਮ ਨੂੰ ਇਕਦਮ ਨਕਾਰਨ ਵਾਲਾ ਕਾਰਜ ਹੈ। ਤਟਫਟ ਤਬਦੀਲੀ ਸਾਡੇ ਗੀਤਕਾਰ ਜ਼ਰੂਰ ਫੜਦੇ ਹਨ ਇਕ ਉਦਾਹਰਨ ਦੇਖੋ-

'ਚੱਲ ਚੱਲੀਏ ਲਾਦੇਨ ਵਾਂਗ ਆਪਾਂ ਨੀ ਦੂਰ ਕਿਤੇ ਘਰ ਪਾ ਲ ਲੀਏ।
ਮੇਰੇ ਵੀਰ ਵੀ ਉਬਾਮਾ ਵਰਗੇ ਝੱਟ ਤੈਨੂੰ ਲੱਭ ਲੈਣਗੇ।"

ਅਜਿਹਾ ਕਾਰਜ ਪੱਤਰਕਾਰੀ ਕਰ ਸਕਦੀ। ਹਲਕੇ ਲੋਕਗੀਤ ਕਰ ਰਹੇ ਹਨ ਪਰ ਸਾਹਿਤਕਾਰ ਨੇ ਚਿਰ ਸਥਾਈ ਯਥਾਰਥ ਨੂੰ ਫੜਨਾ ਹੁੰਦਾ ਹੈ।

ਸਾਡਾ ਸਮੁੱਚਾ ਆਲੋਚਕ ਜਗਤ ਸਾਡੇ ਨਾਵਲ ਰੂਪੀ ਪੁਲੰਦਿਆਂ ਨੂੰ ਪੜ੍ਹਦਾ ਤਾਂ ਹੈ। ਨਾਵਲ ਵੈਸੇ ਵੀ ਸਭ ਤੋਂ ਵੱਧ ਪੜ੍ਹੀ ਅਤੇ ਮਾਣੀ ਜਾਂਦੀ ਵਿਧਾ ਹੈ। ਸਥਾਪਤ ਅਤੇ ਮੂਲੋਂ ਨਵੇਂ ਆਲੋਚਕਾਂ ਵਲੋਂ ਨਾਵਲ ਪੜ੍ਹਿਆ ਜ਼ਰੂਰ ਜਾਂਦਾ ਹੈ। ਪੁਰਾਣਿਆਂ ਨਾਲੋਂ ਨਵੇਂ ਸਥਾਪਤ ਹੋ ਰਹੇ ਆਲੋਚਕ ਜ਼ਿਆਦਾ ਸਰਗਰਮ ਹਨ। ਮਿਸਾਲ ਵਜੋਂ ਡਾ. ਰਮਿੰਦਰ ਕੌਰ, ਜੇ. ਬੀ. ਸੇਖੋਂ, ਸਾਕ ਮੁਹੰਮਦ, ਪਰਮਜੀਤ ਕੌਰ ਸਿੱਧੂ, ਪ੍ਰੋ. ਹਰਿੰਦਰ ਬਰਾੜ। ਬੇਸ਼ੱਕ ਅਜੇ ਚੋਣਵੀਆਂ ਗਲਪ ਰਚਨਾਵਾਂ ਦੀ ਹੀ ਆਲੋਚਨਾ ਹੋ ਰਹੀ ਹੈ। ਪਰ ਕਿਸੇ ਚੰਗੀ ਨਾਵਲੀ ਕ੍ਰਿਤ ਨੂੰ ਸਾਡੇ ਆਲੋਚਕ ਅਣਗੌਲੀ ਨਹੀਂ ਰਹਿਣ ਦਿੰਦੇ। ਸਮੁੱਚੇ ਅਜੋਕੇ ਪੰਜਾਬੀ ਨਾਵਲ ਦੀ ਆਲੋਚਨਾ ਬਾਰੇ ਕੋਈ ਇਕ ਪੁਸਤਕ ਅਜੇ ਤੱਕ ਸਾਹਮਣੇ ਨਹੀਂ ਆਈ।




ਮੇਰਾ ਪਹਿਲਾ ਨਾਵਲ 'ਨਰੰਜਣ ਮਸ਼ਾਲਚੀ' ਬਹੁਤ ਚਰਚਿਤ ਰਿਹਾ ਹੈ ਜਿਹੜਾ Auto-bio-Graphical Novel ਹੀ ਤਾਂ ਸੀ। ਵੈਸੇ ਨਾਵਲ ਅਜਿਹੀ ਵਿਧਾ ਹੈ ਜਿਸਨੇ ਮੂਲ ਅਤੇ ਮੁੱਖ ਰੂਪ ਵਿਚ ਸਭ ਤੋਂ ਪਹਿਲਾਂ ਸਮਾਜ ਨੂੰ ਸੰਬੋਧਨ ਕਰਨਾ ਹੁੰਦਾ ਹੈ। ਇਹ ਆਧੁਨਿਕ ਸਮਾਜ ਦਾ ਮਹਾਂ ਕਾਵਿ ਹੈ। ਜੀਵਨੀ ਮੂਲਕ, ਇਤਿਹਾਸਕ ਪਰਾ ਯਥਾਰਥਿਕ ਜਾਂ ਫੈਂਟਸੀ ਭਰਪੂਰ ਵੰਨਗੀਆਂ ਪਿਛੋਂ ਆਉਂਦੀਆਂ ਹਨ। ਚੰਗੀ ਰਚਨਾ ਭਾਵੇਂ ਉਹ ਕਿਸੇ ਵੰਨਗੀ ਦੀ ਹੋਵੇ, ਉਸਦਾ ਭਵਿੱਖ ਰੌਸ਼ਨ ਹੈ।


ਜਿਵੇਂ ਪਹਿਲਾਂ ਦੱਸਿਆ ਹੈ ਕਿ ਪੰਜਾਬੀ ਸਮਾਜ ਅਜੇ ਵੀ ਪੇਂਡੂ ਕਿਰਸਾਣੀ ਪੇਂਡੂ ਸੰਸਕ੍ਰਿਤੀ ਉੱਤੇ ਆਧਾਰਿਤ ਹੈ। ਹਾਲੇ ਵੀ ਸਾਡੀ 60 ਫੀਸਦੀ ਆਬਾਦੀ ਪੇਂਡੂ ਹੈ। ਸਾਡੇ ਸ਼ਹਿਰਾਂ ਵਿਚ ਵੀ ਪਿੰਡਾਂ ਵਿਚੋਂ ਪਰਵਾਸ ਕਰਕੇ ਆਏ ਪੇਂਡੂ ਹੀ ਨਾਂ ਵਸਦੇ ਹਨ। ਸ਼ਹਿਰਾਂ ਦੀ ਆਰਥਿਕਤਾ ਅਜੇ ਵੀ ਛੋਟੀ ਵੱਡੀ ਕਿਰਸਾਨੀ ਅਤੇ ਮਜ਼ਦੂਰ ਜਮਾਤ ਉੱਤੇ ਟੇਕ ਰੱਖਦੀ ਹੈ। ਜੇ ਫ਼ਸਲ ਚੰਗੀ ਨਾ ਹੋਵੇ ਤਾਂ ਬਾਜ਼ਾਰਾਂ ਵਿਚ ਕਾਂ ਪੈਂਦੇ ਹਨ ਅਤੇ ਲਾਲੇ ਮੱਖੀਆਂ ਮਾਰਦੇ ਹਨ। ਪਿੰਡਾਂ ਵੱਲ ਦੇਖਦੇ ਹਨ। ਸੋ ਪੇਂਡੂ ਸੰਸਕ੍ਰਿਤੀ ਦਾ ਭਾਰੂ ਹੋਣਾ ਕੁਦਰਤੀ ਅਮਲ ਹੈ। ਸਾਡੇ ਕੁਝ ਅਖਾਉਤੀ ਸ਼ਹਿਰੀ ਲੇਖਕਾਂ -ਬੁੱਧੀਜੀਵੀਆਂ ਨੂੰ ਪੇਂਡੂ ਜੀਵਨ ਨਾਲ ਕੁਝ ਜ਼ਿਆਦਾ ਹੀ ਚਿੜ੍ਹ ਹੋ ਗਈ ਜਾਪਦੀ ਹੈ। ਨਾਵਲਕਾਰ ਨੇ ਤਾਂ ਆਪਣੇ ਸਮਾਜਿਕ ਵਰਤਾਰੇ ਨੂੰ ਹੀ ਚਿੱਤਰਨਾ ਹੁੰਦਾ ਹੈ।

ਇਸਦਾ ਉੱਤਰ ਵੀ ਉਪਰੋਕਤ ਚਰਚਾ ਵਿਚੋਂ ਸਪਸ਼ਟ ਹੈ। ਨਾਰੀ ਦਾ ਦੂਜਾ ਪੱਖ ਵੀ ਸਾਡੇ ਨਾਵਲਾਂ ਵਿਚ ਆਇਆ ਹੈ। ਨਾਵਲੀ ਬਿਰਤਾਂਤ ਦੀ ਸਥਿਤੀ ਅਨੁਸਾਰ ਹੀ ਸੋਸ਼ਣ ਅਤੇ ਉਥਾਨ ਚਿੱਤਰਨਾ ਹੁੰਦਾ ਹੈ। ਮੇਰੇ ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' ਵਿਚ ਜਿੰਦਰੋਂ ਆਪਣੇ ਨਸ਼ਈ, ਅਨਪੜ੍ਹ ਅਤੇ ਭਰਜਾਈ ਜਗੀਰੋ ਪਿੱਛੇ ਲੱਗੇ ਪਤੀ ਜਿਊਣੇ ਨੂੰ ਛੱਡ ਕੇ ਉੱਚ ਵਿੱਦਿਆ ਵਿਚ ਰੁਚਿਤ ਹੋ ਜਾਂਦੀ ਹੈ। 'ਖੇੜੇ ਸੁੱਖ ਵਿਹੜੇ ਸੁੱਖ' ਦੀ ਹੱਥੋ ਹੱਥ ਵਿਕਦੀ ਭਾਗੋ ਨੂੰ ਜਦੋਂ ਆਪਣਾ ਮੁੱਲ ਵੱਟ ਕੇ ਜਗਤਾ ਦੁਬਾਰਾ ਉਸਦੇ ਪਹਿਲੇ ਮਾਲਕ ਦੇ ਸਪੁਰਦ ਕਰਨੀ ਚਾਹੁੰਦਾ ਹੈ ਤਾਂ ਉਹ ਬਗਾਵਤ ਕਰ ਦਿੰਦੀ ਹੈ। 'ਇਹਨਾਂ ਰਾਹਾਂ ਉੱਤੇ' ਦੀ ਵਿਸ਼ਵਪ੍ਰੀਤ ਆਪਣੇ ਨਸ਼ੇੜੀ ਪਤੀ ਦਿਓਲ ਨੂੰ ਛੱਡਕੇ ਸੁੱਖੇ ਨੂੰ ਅਪਣਾਉਂਦੀ ਹੈ ਅਤੇ ਵਿਦੇਸ਼ ਲਿਜਾ ਕੇ ਉਸਦਾ ਸੋਸ਼ਣ ਕਰਨਾ ਲੋਚਦੀ ਹੈ। ਨਾਰੀ ਨੂੰ ਸਮਾਜਿਕ ਵਰਤਾਰੇ ਅਨੁਸਾਰ ਹੀ ਚਿਤਰਿਆ ਜਾਣਾ ਸੁਭਾਵਿਕ ਹੁੰਦਾ ਹੈ। ਅਸੀਂ ਬਤੌਰ ਨਾਵਲਕਾਰ, ਹਕਸਲੇ ਵਾਂਗ ਕੋਈ ਬਹਾਦਰ ਨਵਾਂ ਸੰਸਾਰ Bravenew World ਨਹੀਂ ਸਿਰਜ ਸਕਦੇ ਜਿਸਦੀ ਸਾਡੇ ਸਮਾਜ ਵਿਚ ਹੋਂਦ ਹੀ ਨਾ ਹੋਵੇ।

## ਅਜੇ ਪੰਜਾਬੀ 'ਚ ਚੰਗੇ ਇਤਿਹਾਸਕ ਨਾਵਲ ਨਹੀਂ ਲਿਖੇ ਜਾ ਰਹੇ - ਕੁਲਦੀਪ ਸਿੰਘ ਬੇਦੀ

ਮੈਂ ਕਹਾਣੀ ਲਿਖਣੀ ਆਰੰਭ ਕੀਤੀ, ਪਰ ਉਸ ਨਾਲੋਂ ਵੀ ਪਹਿਲਾਂ ਮੇਰੀਆਂ ਕੁਝ ਗ਼ਜ਼ਲਾਂ 'ਅਜੀਤ' ਦੀ ਗ਼ਜ਼ਲ ਫੁਲਵਾੜੀ ਵਿਚ ਵੀ ਛਪੀਆਂ। ਪਿਛੋਂ ਕਹਾਣੀਆਂ ਲਿਖੀਆਂ ਤਾਂ ਜਾਪਿਆ ਕੁਝ ਗੱਲਾਂ ਕਹਿਣੋਂ ਤਾਂ ਰਹਿ ਗਈਆਂ ਨੇ। ਫਿਰ ਇਕ ਹੜਤਾਲ ਮੈਂ 1974 'ਚ ਲੜੀ, ਟਰੇਡ ਯੂਨੀਅਨ ਲੀਡਰ ਵਜੋਂ। ਇਹ ਹੜਤਾਲ ਫੇਲ ਹੋ ਗਈ। ਲੱਗਭੱਗ ਇਕ ਹਜ਼ਾਰ ਵਰਕਰ ਬੇਰੁਜ਼ਗਾਰ ਹੋ ਗਿਆ। ਇਹ ਹੜਤਾਲ ਤਿੰਨ ਮਹੀਨੇ ਚੱਲੀ। ਇਹ ਸਾਰਾ ਘਟਨਾਕ੍ਰਮ ਜਿਥੇ ਮਜ਼ਦੂਰਾਂ ਦੇ ਸੰਘਰਸ਼ ਨੂੰ ਪੇਸ਼ ਕਰਨ ਵਾਲਾ ਸੀ ਉਥੇ ਹੀ ਸਿਆਸੀ ਅਤੇ ਪੁਲਸ ਅਫ਼ਸਰਾਂ ਦੇ ਦੰਭੀ ਚਿਹਰਿਆਂ ਨੂੰ ਵੀ ਉਜਾਗਰ






ਕਰਦਾ ਸੀ। ਇਹ ਨਾਵਲ 12-14 ਸਾਲ ਮੇਰੇ ਅੰਦਰ ਪੱਕਦਾ ਰਿਹਾ। ਫਿਰ ਮੈਂ 'ਦਾਅ ਪੇਚ' ਨਾਂ ਦਾ ਨਾਵਲ ਇਸਦੇ ਸਥਿਤੀ ਨੂੰ ਬਿਆਨ ਕਰਦਾ ਲਿਖਿਆ।

ਇਹ ਹੋਰ ਕਹਾਣੀ ਮੇਰੇ ਜ਼ਿਹਨ 'ਚ ਸੀ , ਜੋ ਕਹਾਣੀ ਦੀ ਲੰਬਾਈ ਨਾਲੋਂ ਵੱਧ ਗਈ। ਮੇਰਾ ਦਿਲ ਕੀਤਾ ਕਿ ਇਸ ਵਿਚ ਹੋਰ ਪਾਸਾਰ ਪਾਏ ਜਾਣ ਤਾਂ ਇਹ ਨਾਵਲ ਬਣ ਸਕਦਾ ਹੈ। ਖ਼ੈਰ ਇਹ ਨਾਵਲ ਤਾਂ ਨਹੀਂ ਸਗੋਂ ਨਾਵਲਿਟ 'ਜੇਕਰ' ਬਣ ਗਿਆ। ਹੁਣ ਦੋ ਨਾਵਲ ਲਿਖਣ ਪਿਛੋਂ ਮੇਰਾ ਝੁਕਾਅ ਨਾਵਲ ਰਚਨਾ ਵਲ ਹੋ ਗਿਆ। ਕਹਾਣੀ ਮੇਰੇ ਤੋਂ ਦੂਰ ਹੋ ਗਈ। ਕੋਈ ਅਜਿਹਾ ਵਿਸ਼ਾ ਫੜਦਾ ਜੋ ਵੱਡੇ ਪਾਸਾਰ ਵਾਲਾ ਹੁੰਦਾ, ਫਿਰ ਉਸ ਤੇ ਕੀਤੀ ਹੋਈ ਮਿਹਨਤ ਦੇ ਸਿੱਟੇ ਵਜੋਂ ਇਹ ਵਿਸ਼ਾ ਨਾਵਲ ਦਾ ਰੂਪ ਅਖਤਿਆਰ ਕਰ ਜਾਂਦਾ।

ਨਾਵਲ ਦੀ ਸਿਰਜਣਾ ਬਾਰੇ ਮੇਰਾ ਕਹਿਣਾ ਹੈ ਕਿ ਜੇ ਤੁਹਾਡੇ ਕੋਲ ਕਹਿਣ ਲਈ ਕੋਈ ਗੱਲ ਹੈ, ਕੋਈ ਵਿਸ਼ਾ ਹੈ ਅਤੇ ਉਸ 'ਤੇ ਤੁਹਾਡੀ ਪਕੜ ਮਜਬੂਤ ਹੈ, ਤਾਂ ਫਿਰ ਨਾਵਲ ਦੀ ਸਿਰਜਣਾ ਹੋ ਜਾਂਦੀ ਹੈ। ਅਸਲ ਵਿਚ ਬਿਨਾਂ ਕਿਸੇ ਗੱਲ ਤੋਂ ਕੁਝ ਨਹੀਂ ਲਿਖਿਆ ਜਾਂਦਾ। ਜਿਵੇਂ 'ਦਾਅ ਪੇਚ' ਨਾਵਲ ਦਾ ਵਿਸ਼ਾ ਮੇਰੇ ਅੰਦਰ ਪੱਕਦਾ ਰਿਹਾ ਅਤੇ ਫਿਰ ਮੈਂ ਜਦੋਂ ਇਸਨੂੰ ਲਿਖਣ ਬੈਠਾ ਤਾਂ ਇਸਦੇ ਕਾਂਡ ਦੇ ਹਿਸਾਬ ਨਾਲ ਘਟਨਾਵਾਂ ਮੇਰੇ ਜ਼ਿਹਨ 'ਚ ਸਨ। ਇਹ 22 ਕਾਂਡਾਂ ਦਾ ਨਾਵਲ ਸੀ ਅਤੇ ਇਸਨੂੰ ਮੈਂ 22 ਦਿਨਾਂ 'ਚ ਮੁਕੰਮਲ ਕਰ ਲਿਆ। ਇਸੇ ਤਰ੍ਹਾਂ ਇਕ ਹੋਰ ਨਾਵਲ 'ਕਾਸ਼' ਹੈ, ਜੋ ਸਰੀਰਕ ਤੌਰ ਤੇ ਅਧੂਰੀ ਪਰ ਦਿਮਾਗੀ ਤੌਰ ਤੇ ਪੂਰੀ ਮੁਟਿਆਰ ਦੀ ਜੀਵਨ ਗਾਥਾ ਨੂੰ ਪੇਸ਼ ਕਰਦਾ ਹੈ। ਮੈਂ ਅਜਿਹੀਆਂ ਤਿੰਨ ਚਾਰ ਮੁਟਿਆਰਾਂ ਨਾਲ ਉਨ੍ਹਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ, ਸਮਾਜ ਦਾ ਉਨ੍ਹਾਂ ਪ੍ਰਤੀ ਰਵੱਈਆ ਅਤੇ ਉਨ੍ਹਾਂ ਦਾ ਆਪਣੇ ਪ੍ਰਤੀ ਅਤੇ ਲੋਕਾਂ ਪ੍ਰਤੀ ਦ੍ਰਿਸ਼ਟੀਕੋਣ ਦਾ ਅਧਿਐਨ ਕੀਤਾ ਤਾਂ ਇਸ ਨਾਵਲ ਦੀ ਰਚਨਾ ਕਰਨਾ ਮੇਰੇ ਲਈ ਸੌਖਾ ਹੋ ਗਿਆ। ਇਕ ਹੋਰ ਨਾਵਲ 'ਰੰਗ ਤਮਾਸ਼ਾ' ਅਸਲ 'ਚ ਮੇਰਾ ਅਮੇਰਿਕਾ ਦਾ ਸਫ਼ਰਨਾਮਾ ਸੀ, ਪਰ ਇਹਨੂੰ ਨਾਵਲੀ ਰੂਪ ਇਸ ਲਈ ਦੇਣਾ ਪਿਆ ਕਿ ਇਹ ਸਫ਼ਰ, ਸਿਰਫ ਸਫ਼ਰ ਨਹੀਂ ਸੀ ਹੋਰ ਵੀ ਬਹੁਤ ਕੁਝ ਸੀ।

ਨਾਵਲ ਨੂੰ ਪੇਸ਼ ਕਰਨ ਲਈ ਸਾਡੀ ਦ੍ਰਿਸ਼ਟੀ ਈਮਾਨਦਾਰਾਨਾ ਹੋਣੀ ਚਾਹੀਦੀ ਹੈ। ਸਾਹਿਤ ਰਚਨਾ 'ਚ ਤੁਸੀਂ ਕਿਸੇ ਬਨਾਉਟੀ ਸਥਿਤੀ ਨੂੰ ਪੇਸ਼ ਨਹੀਂ ਕਰ ਸਕਦੇ। ਸਾਹਿਤ ਯਥਾਰਥ ਨਾਲੋਂ ਵੀ ਵੱਡਾ ਸੱਚ ਹੁੰਦਾ ਹੈ। ਕਈ ਵਾਰ ਯਥਾਰਥਕ ਗੱਲਾਂ ਵੀ ਸੱਚ ਨਹੀਂ ਜਾਪਦੀਆਂ ਪਰ ਸਾਹਿਤ 'ਚ ਪੇਸ਼ ਕੀਤਾ ਗਿਆ ਸੱਚ ਬਹੁਤ ਵੱਡਾ ਹੋ ਨਿਬੜਦਾ ਹੈ। ਮੇਰਾ ਦ੍ਰਿਸ਼ਟੀਕੋਣ ਸੰਕੀਰਨ ਨਹੀਂ ਅਤੇ ਅਜਿਹੀ ਕੋਈ ਵੀ ਸੰਕੀਰਨਤਾ ਮੈਂ ਆਪਣੇ ਨਾਵਲਾਂ ਦੇ ਨਹੀਂ ਆਉਣ ਦਿੱਤੀ।

ਮੇਰੇ ਨਾਵਲ ਦੇ ਪਾਤਰ ਸਧਾਰਨ ਮਨੁੱਖ ਹਨ ਅਤੇ ਉਹ ਸਧਾਰਨ ਮਨੁੱਖਾਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ। ਮੈਂ ਮਿਥ ਕੇ ਕਦੇ ਪਾਤਰ ਦੀ ਸਿਰਜਣਾ ਨਹੀਂ ਕੀਤੀ ਅਤੇ ਨਾ ਹੀ ਚਾਹਿਆ ਹੈ ਕਿ ਮੇਰਾ ਇਹ ਪਾਤਰ ਵਿਸ਼ੇਸ਼ ਬਣਦਾ ਬਣਦਾ ਆਪਣਾ ਮਨੁੱਖ ਹੋਣ ਦਾ ਹੀ ਗੁਣ ਗੁਆ ਬੈਠੇ। 'ਕਾਸ਼' ਨਾਵਲ ਦੀ ਕੁਲਵਿੰਦਰ ਇਕ ਬੜੀ ਸਮਰਥ ਪਾਤਰ ਹੈ। ਉਹ ਅਪੰਗ ਹੋਣ ਦੇ ਬਾਵਜੂਦ, ਦੱਬੇ ਕੁਚਲੇ ਲੋਕਾਂ ਲਈ ਵਧ ਚੜ੍ਹ ਕੇ ਕੰਮ ਕਰਦੀ ਹੈ। ਉਹ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਰਦੀ ਕਿ ਸਮਾਜ ਉਹ ਬਾਰੇ ਕੀ ਸੋਚਦਾ ਹੈ, ਸਗੋਂ ਉਹ ਇਹ ਸੋਚਦੀ ਹੈ ਕਿ ਇਸ ਸਮਾਜ ਨੂੰ ਦੁਖ ਰਹਿਤ, ਕਲੇਸ਼ ਰਹਿਤ ਬਣਾਉਣ ਵਿਚ ਉਹ ਆਪਣਾ ਕੀ ਯੋਗਦਾਨ ਪਾ ਸਕਦੀ ਹੈ। 'ਰੰਗ ਤਮਾਸ਼ਾ' ਦੀ ਪਾਕਿਸਤਾਨੀ ਪੱਤਰਕਾਰ ਕੁੜੀ




ਬਾਨੋ ਵੀ ਬੜੀ ਦਲੇਰ ਔਰਤ ਵਜੋਂ ਪੇਸ਼ ਹੁੰਦੀ ਹੈ, ਜੋ ਗਲਤ ਗੱਲਾਂ ਦਾ ਡਟ ਕੇ ਵਿਰੋਧ ਕਰਦੀ ਹੈ। ਹੁਣੇ ਜਿਹੇ ਛਪ ਕੇ ਆਏ ਨਾਵਲ 'ਸੰਗੜ ਨਾ ਫੜ' ਦੀ ਪਾਤਰ ਜਸਮੀਨ ਵੀ ਆਧੁਨਿਕ ਸਮਾਜ 'ਚ ਵਿਚਰਦੀ, ਮਹਾਂਨਗਰ 'ਚ ਰਹਿੰਦੀ ਹੋਈ ਇਕੱਲੀ ਔਰਤ (ਸਿੰਗਲ ਪੇਰੈਂਟ) ਦੀ ਤਰਜ਼ਮਾਨੀ ਕਰਦੀ ਹੈ।

ਮੇਰੇ ਹਰ ਨਾਵਲ ਦਾ ਬਿਰਤਾਂਤ ਵਿਲੱਖਣ ਹੈ। 'ਦਾਅ ਪੇਚ 'ਚ ਮਜ਼ਦੂਰਾਂ ਦੀ ਹੜਤਾਲ ਮੇਰਾ ਖਿਆਲ ਹੈ ਕਿ ਪਹਿਲੀ ਵਾਰ ਇਸ ਤਰ੍ਹਾਂ ਪੰਜਾਬੀ ਨਾਵਲ 'ਚ ਪੇਸ਼ ਹੋਈ ਹੈ। 'ਜੇਕਰ' ਨਾਵਲ ਨੂੰ ਛੱਡ ਕੇ ਮੈਂ ਕਿਸੇ ਵੀ ਨਾਵਲ 'ਚ ਨਾਇਕ ਨੂੰ ਸਥਾਪਤ ਨਾਇਕ ਵਾਲੀ ਇਮੇਜ 'ਚ ਨਹੀਂ ਪੇਸ਼ ਕੀਤਾ। ਮੇਰੇ ਪਾਤਰ ਬਿਲਕੁਲ ਸਧਾਰਨ ਹਨ, ਉਹ ਯੋਧੇ ਨਹੀਂ, ਉਹ ਥਿੜਕਦੇ ਹਨ ਅਤੇ ਫਿਰ ਸੰਭਲ ਦੇ ਹਨ।

ਨਾਵਲ ਆਲੋਚਕਾ ਦੀ ਸਥਿਤੀ ਬਾਕੀ ਸਾਹਿਤਕ ਵਿਧਾਵਾਂ ਵਰਗੀ ਹੀ ਹੈ। ਆਲੋਚਕਾਂ ਨੇ ਆਪਣੇ ਲੇਖਕ ਪਾਲੇ ਹੋਏ ਹਨ ਅਤੇ ਕੁਝ ਲੇਖਕਾਂ ਨੇ ਆਪੋ ਆਪਣੇ ਆਲੋਚਕਾ , ਕਈ ਲੇਖਕ ਤਾਂ ਆਪਣੇ ਨਾਵਲ ਛਪਣ ਤੋਂ ਪਹਿਲਾਂ ਆਪਣੇ ਆਲੋਚਕ ਕੋਲੋਂ ਪਾਸ ਕਰਵਾਉਂਦੇ ਹਨ ਅਤੇ ਫਿਰ ਛਪਣ ਤੋਂ ਪਿਛੋਂ ਉਸ ਕੋਲੋਂ ਸ਼ਾਬਸ਼ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਕੁਝ ਆਲੋਚਕ ਸਿਰਫ ਖਾਸ ਕਿਸਮ ਦੀਆਂ ਕਹਾਣੀਆਂ ਅਤੇ ਖਾਸ ਨਾਵਲਕਾਰਾਂ ਤਕ ਹੀ ਸੀਮਤ ਰਹਿੰਦੇ ਹਨ। ਉਹ ਵਿਚਾਰੇ ਇੰਨਾ ਪੜ੍ਹ ਵੀ ਨਹੀਂ ਸਕਦੇ, ਜਿੰਨਾ ਛਪ ਰਿਹਾ ਹੈ। ਉਹਨਾਂ ਨੂੰ ਕੋਈ ਹਿੰਮਤ ਨਾਲ ਪੜ੍ਹਾ ਦੇਵੇ ਤਾਂ ਉਹ ਉਹਦਾ ਮੁੱਲ ਮੋੜਨ ਦੀ ਕੋਸ਼ਿਸ਼ ਕਰਦੇ ਹਨ।

ਜੀਵਨੀ ਮੂਲਕ ਨਾਵਲਾਂ ਦਾ ਮਹੱਤਵ ਮੈਂ ਮੰਨਦਾ ਹਾਂ। ਉਸ ਤਰ੍ਹਾਂ ਸ਼ਾਇਦ ਜੀਵਨੀ ਨੂੰ ਨਾ ਪੜ੍ਹਿਆ ਜਾਏ, ਪਰ ਨਾਵਲ ਰੂਪ 'ਚ ਪੇਸ਼ ਹੋਈ ਜੀਵਨੀ ਪੜ੍ਹੀ ਜਾਂਦੀ ਹੈ। ਅਜਕਲ ਸਫ਼ਰਨਾਮਾ ਮੂਲਕ ਨਾਵਲ ਲਿਖਣ ਦਾ ਵੀ ਰੁਝਾਨ ਹੈ। 'ਰੰਗ ਤਮਾਸ਼ਾ' ਮੇਰਾ ਸਫ਼ਰਨਾਮਾ ਸੀ ਪਰ ਮੈਂ ਇਸਨੂੰ ਨਾਵਲੀ ਰੂਪ ਦਿੱਤਾ ਹੈ। ਇਤਿਹਾਸਕ ਪਿਛੋਕੜ ਵਾਲੇ ਨਾਵਲਾਂ ਦੀ ਮਹੱਤਤਾ ਹੋ ਸਕਦੀ ਹੈ ਪਰ ਜੇ ਉਨ੍ਹਾਂ ਦੀ ਪੇਸ਼ਕਾਰੀ 'ਚ ਕੁਝ ਵੀ ਬਨਾਵਟੀ ਨਾ ਲੱਗੇ। ਮੈਂ ਕਿਸੇ ਨਾਵਲਕਾਰ ਦਾ ਨਾਂ ਲਏ ਬਿਨਾਂ ਕਹਿਣਾ ਚਾਹਾਂਗਾ ਕਿ ਅਜੇ ਪੰਜਾਬੀ 'ਚ ਚੰਗੇ ਇਤਿਹਾਸਕ ਨਾਵਲ ਨਹੀਂ ਲਿਖੇ ਜਾ ਰਹੇ।

ਪੰਜਾਬੀ ਨਾਵਲ ਬੇਸ਼ਕ ਪੇਂਡੂ ਸਭਿਆਚਾਰ ਦੀ ਪੇਸ਼ਕਾਰੀ ਕਰ ਰਿਹਾ ਹੈ, ਪਰ ਮੇਰੇ ਸਾਰੇ ਨਾਵਲ ਸ਼ਹਿਰੀ ਜੀਵਨ ਦੀ ਪੇਸ਼ਕਾਰੀ ਵਾਲੇ ਹਨ। ਖਾਸ ਤੌਰ ਤੇ 'ਸੰਗਲ ਨਾ ਫੜ' ਮਹਾਂਨਗਰ ਦੇ ਜੀਵਨ ਨੂੰ ਪੇਸ਼ ਕਰਦਾ ਹੈ। ਸਾਡੇ ਬਹੁਤੇ ਨਾਵਲਕਾਰ ਪੇਂਡੂ ਪਿਛੋਕੜ ਵਾਲੇ ਹਨ ਅਤੇ ਉਹ ਆਪਣੀ ਪੇਂਡੂ ਸੰਸਕ੍ਰਿਤੀ ਦੀ ਪੇਸ਼ਕਾਰੀ ਬੜੀ ਸ਼ਿੱਦਤ ਨਾਲ ਕਰਦੇ ਹਨ। ਇਸੇ ਲਈ ਬਹੁਤੇ ਪੰਜਾਬੀ ਨਾਵਲਾਂ 'ਚ ਸਾਡਾ ਪੇਂਡੂ ਜੀਵਨ ਪੇਸ਼ ਹੋਇਆ ਹੈ। ਨਾਰੀ ਸ਼ੋਸ਼ਣ ਦਾ ਵਿਸ਼ਾ ਸਿਰਫ ਸਾਡੇ ਨਾਵਲਾਂ 'ਚ ਜਾਂ ਕਹਾਣੀਆਂ 'ਚ ਹੀ ਪੇਸ਼ ਨਹੀਂ ਹੁੰਦਾ ਸਗੋਂ ਇਹ ਸਮਾਜਿਕ ਵਰਤਾਰਾ ਹੈ ਜੋ ਅੱਜ ਇਲੈਕਟ੍ਰਾਨਿਕ ਮੀਡੀਆ ਰਾਹੀਂ ਸਾਡੇ ਘਰਾਂ ਤੱਕ ਵੀ ਪਹੁੰਚਿਆ ਹੋਇਆ ਹੈ। ਜਿਵੇਂ ਮਰਦ ਦੇ ਕਈ ਰੂਪ ਹਨ, ਔਰਤ ਦੇ ਵੀ ਕਈ ਰੂਪ ਹਨ। ਕਿਸੇ ਪਲ ਉਹ ਝੁਕਦੀ ਹੈ, ਕਿਸੇ ਪਲ ਉਹ ਮਰਦ ਨੂੰ ਝੁਕਾਉਂਦੀ ਹੈ। ਹੁਣ ਸਾਹਿਤ 'ਚ ਨਾਰੀ ਸ਼ੋਸ਼ਣ ਹੀ ਵਿਸ਼ਾ ਨਹੀਂ, ਹੋਰ ਵੀ ਕਈ ਵਿਸ਼ੇ ਹਨ, ਪਰ ਨਾਰੀ ਕਿਉਂਕਿ ਸਾਡੇ ਸਮਾਜਿਕ ਸਿਆਸੀ ਨੌਕਰਸ਼ਾਹੀ ਦੇ ਦਰਮਿਆਨ 'ਚ ਆ ਜਾਂਦੀ ਹੈ, ਇਸ ਲਈ ਸਾਨੂੰ ਲਗਦਾ ਹੈ ਕਿ



ਉਹ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਦਰਅਸਲ ਮਰਦ ਵੀ ਇਸ ਸਥਿਤੀ 'ਚ ਕੋਈ ਘਟ ਸ਼ੋਸ਼ਣ ਦਾ ਸ਼ਿਕਾਰ ਨਹੀਂ ਹੋ ਰਿਹਾ।

## ਮੈਨੂੰ ਇਤਿਹਾਸਕ ਨਾਵਲ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ - ਬਲਬੀਰ ਪਰਵਾਨਾ




ਮੈਂ ਕਵਿਤਾਵਾਂ ਵੀ ਲਿਖੀਆਂ ਹਨ, ਮਿੰਨੀ ਕਹਾਣੀਆਂ ਵੀ। ਕਹਾਣੀਆਂ ਤੇ ਨਾਵਲੈੱਟ ਵੀ। ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਨਾਵਲ ਲਿਖ ਰਿਹਾ ਹਾਂ, ਹਰ ਸਾਲ ਇਕ ਨਾਵਲ। ਮੈਨੂੰ ਲਗਦਾ ਹੈ ਜਿਵੇਂ ਨਾਵਲ 'ਚ ਲੇਖਕ ਆਪਣੀ ਗੱਲ ਪੂਰੇ ਮਨ ਨਾਲ ਕਹਿ ਸਕਦਾ ਹੈ, ਦੂਸਰੀਆਂ ਵਿਧਾਵਾਂ ਦੀਆਂ ਸੀਮਾਵਾਂ ਕਰਕੇ ਉਵੇਂ ਨਹੀਂ ਕਹਿ ਸਕਦਾ। ਇਸ 'ਚ ਜ਼ਿੰਦਗੀ ਦੇ ਸਮੁੱਚ ਨੂੰ ਚਿਤਰਿਆ ਜਾਂਦਾ, ਬਹੁਪਰਤੀ ਰੂਪ 'ਚ। ਜਿਵੇਂ ਕਾਲੀਆਂ ਘਟਾਵਾਂ ਵਾਲੀ ਰਾਤ 'ਚ, ਬਿਜਲੀ ਦੀ ਲਿਸ਼ਕੋਰ ਇਕ ਪਲ ਲਈ ਸਭ ਕੁਝ ਚਾਨਣ ਚਾਨਣ ਕਰ ਜਾਂਦੀ ਹੈ, ਇਕ ਝਲਕ ਦਿਖਾ ਜਾਂਦੀ ਹੈ ਚੁਗਿਰਦੇ ਦੀ, ਪਰ ਜੇ ਤੁਸੀਂ ਕਿਸੇ ਥਾਂ ਬਾਰੇ ਪੂਰੀ ਤਰ੍ਹਾਂ ਜਾਨਣਾ ਹੈ ਤਾਂ ਦਿਨ ਦੀ ਉਡੀਕ ਕਰਨੀ ਪਵੇਗੀ। ਨਾਵਲ ਇਹ ਦਿਨ ਦਾ ਸਫ਼ਰ ਹੈ।

ਨਾਵਲ ਲਿਖਣ ਤੋਂ ਪਹਿਲਾਂ ਮੇਰੇ ਮਨ 'ਚ ਕੁਝ ਸਮਾਜਕ ਵਰਤਾਰੇ ਹੁੰਦੇ ਹਨ, ਜਿਹੜੇ ਮੈਨੂੰ ਚੁੱਭਦੇ ਹਨ ਜਾਂ ਇਨ੍ਹਾਂ 'ਚ ਹੋਰ ਲੋਕਾਂ ਦੇ ਦਮ ਘੁੱਟ ਹੁੰਦੇ ਵੀ ਦੇਖਦਾ ਹਾਂ। ਮੈਨੂੰ ਲਗਦਾ ਇੰਜ ਨਹੀਂ ਹੋਣਾ ਚਾਹੀਦਾ। ਬਸ ਇਹ ਰੜਕ ਹੀ ਕਿਸੇ ਨਾਵਲ ਦੀ ਸਿਰਜਣਾ ਦਾ ਪ੍ਰੇਰਨਾ-ਸਰੋਤ ਹੋ ਨਿਬੜਦੀ ਹੈ। ਜਦੋਂ ਇਹ ਨਿਸ਼ਚਿਤ ਹੋ ਜਾਵੇ ਕਿ ਇਸ ਬਾਰੇ ਲਿਖਣਾ ਹੈ ਤਾਂ ਫਿਰ ਉਸ ਵਿਸ਼ੇ ਨੂੰ ਹੋਰ ਵਿਸਥਾਰ ਨਾਲ ਵਿਚਾਰਨ ਲਗ ਪੈਂਦਾ ਹਾਂ, ਮਸਲਨ ਅਜਿਹੇ ਵਰਤਾਰਿਆਂ ਦਾ ਇਤਿਹਾਸਕ ਪਿਛੋਕੜ ਕੀ ਹੈ? ਇਹ ਵਰਤਮਾਨ 'ਚ ਕਿਹੜੀਆਂ ਤਬਦੀਲੀਆਂ ਨਾਲ ਪੁੱਜੇ? ਤੇ ਭਵਿੱਖ ਕੀ ਹੋ ਸਕਦਾ! ਭਵਿੱਖ ਨੂੰ ਮੈਂ ਆਪਣੀ ਸੋਚ ਦੀ ਟਵਿਸਟ ਵੀ ਦਿੰਦਾ ਹਾਂ। ਲਿਖਣ ਲੱਗਿਆਂ ਮੇਰੇ ਮਨ 'ਚ ਮੋਟਾ ਮੋਟਾ ਖਾਕਾ ਹੁੰਦਾ ਹੈ, ਪਲਾਟ ਦੀ ਮੋਟੀ ਮੋਟੀ ਰੂਪ ਰੇਖਾ... ਪਰ ਜਿਉਂ ਜਿਉਂ ਲਿਖਦਾ ਜਾਂਦਾ ਹਾਂ, ਇਹ ਰੂਪ-ਰੇਖਾ ਠੋਸ ਰੂਪ ਅਖਤਿਆਰ ਕਰਦੀ ਜਾਂਦੀ ਹੈ ਤੇ ਨਾਲੋ ਨਾਲ ਬਦਲਦੀ ਵੀ!

ਮੈਂ ਮਾਰਕਸੀ ਫ਼ਲਸਫ਼ੇ ਅਨੁਸਾਰ ਸਮਾਜਕ ਵਿਕਾਸ ਦੀ ਤੋਰ ਨੂੰ ਸਮਝਣ ਦਾ ਯਤਨ ਕਰਦਾ ਹਾਂ। ਮੈਂ ਇਸ ਲਈ ਲਿਖਦਾ ਹਾਂ ਕਿ ਮੇਰੇ ਜ਼ਿਹਨ 'ਚ ਇਹ ਕੀੜਾ ਸੁਲਗਦਾ ਹੈ ਕਿ ਮੌਜੂਦ ਸਮਾਜਕ ਵਹਿਣ ਤੇ ਇਸ ਉਪਰ ਉਸਰੇ ਸੱਤਵਾਦੀ ਢਾਂਚੇ 'ਚ ਕਿਤੇ ਵੱਡੀ ਗੜਬੜ ਹੈ। ਇਹ ਗੜਬੜ ਉਸਾਰ 'ਚ ਹੀ ਨਹੀਂ ਆਧਾਰ 'ਚ ਵੀ ਹੈ ਜਿਹੜਾ ਵਿਚਾਰਵਾਦ 'ਤੇ ਉਸਰਿਆ ਹੋਇਆ। ਸੋ ਇਸ ਵਿਚਾਰਵਾਦ 'ਤੇ ਉਸਰੇ ਪ੍ਰਬੰਧ, ਪੂੰਜੀਵਾਦ ਨੂੰ ਬਦਲੇ ਬਿਨਾਂ ਸਮਾਜ ਦੀ ਤੋਰ ਠੀਕ ਨਹੀਂ ਹੋ ਸਕਦੀ। ਮਨੁੱਖਤਾ ਦਾ ਭਵਿੱਖ ਕੇਵਲ ਸਮਾਜਵਾਦ 'ਚ ਹੀ ਸੁਰੱਖਿਅਤ ਹੈ। ਇਹ ਮੇਰੀਆਂ ਸਾਰੀਆਂ ਰਚਨਾਵਾਂ ਦੇ ਪਿਛੇ ਦੀ ਦ੍ਰਿਸ਼ਟੀ ਹੈ।

ਮੇਰੀ ਨਾਵਲ ਚੌ-ਲੜੀ ਵਿਚਲਾ ਕੇਂਦਰੀ ਪਾਤਰ ਜਗਵਿੰਦਰ। ਇਹ ਲੜੀ 'ਗਹਿਰ ਚੜ੍ਹੀ ਅਸਮਾਨ' , 'ਨਿੱਕੇ ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ' ਅਤੇ 'ਕਥਾ ਇਸ ਯੁੱਗ ਦੀ' ਬੀਤੀ ਸਦੀ ਦੇ ਤੀਸਰੇ ਦਹਾਕੇ ਤੋਂ ਲੈ ਕੇ, ਇਸ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਦੇ ਪੰਜਾਬੀ ਸਮਾਜ ਨੂੰ ਆਪਣੇ





ਕਲਾਵੇ 'ਚ ਲੈਂਦੀ ਹੈ। ਜਗਵਿੰਦਰ ਸਾਧਾਰਨ ਕਿਸਾਨ ਪਰਿਵਾਰ 'ਚ ਜਨਮ ਲੈ ਕੇ ਘਰਦੀਆਂ ਥੁੜਾਂ ਟੁੱਟਾਂ ਨੂੰ ਜਰਦਾ, ਕਮਿਊਨਿਸਟ ਲਹਿਰ ਦੇ ਨੇੜੇ ਆਉਂਦਾ। ਇਸ 'ਚ ਉਹ ਮਨ ਲਾ ਕੇ ਕੰਮ ਵੀ ਕਰਦਾ, ਸੁਹਣਾ ਸਮਾਜ ਸਿਰਜਣ ਦੇ ਸੁਪਨੇ ਨੂੰ ਲੈ ਕੇ ਪਰ ਲਹਿਰ ਅੰਦਰਲੇ ਸੱਤਵਾਦੀ ਢਾਂਚੇ ਦੇ ਉਹ ਅਨੁਕੂਲ ਨਹੀਂ ਹੋ ਸਕਦਾ ਤੇ ਲਹਿਰ ਤੋਂ ਦੂਰੀ ਬਣਾ ਲੈਂਦਾ ਪਰ ਫ਼ਲਸਫ਼ੇ ਤੇ ਦ੍ਰਿੜ ਰਹਿੰਦਿਆਂ। ਉਹ ਪਤਰਕਾਰਤਾ ਵੀ ਕਰਨ ਲੱਗ ਪੈਂਦਾ। ਪੱਤਰਕਾਰਤਾ ਵਿਚ ਬੇਅਸੂਲੇਪਣ ਨਾਲ ਲੜਦਿਆਂ ਉਹ ਇਸਤੋਂ ਦੂਰ ਹੁੰਦਾ ਤਾਂ ਆਰਥਕ ਕਾਰਨਾਂ ਕਰਕੇ ਉਸਦਾ 'ਘਰ' ਵੀ ਟੁੱਟ ਜਾਂਦਾ। ਪਰ ਉਹ ਹਾਰਦਾ ਨਹੀਂ, ਇਸ ਸਾਰੇ ਕੁਝ ਦੇ ਬਦਲ ਵਜੋਂ ਨਵਾਂ ਚਿੰਤਨ ਘੜਨ ਦੇ ਆਹਰ 'ਚ ਜੁੱਟ ਜਾਂਦਾ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਪੰਜਾਬ ਦੇ ਚਿੰਤਨਸ਼ੀਲ ਬੰਦੇ ਦੀ ਪ੍ਰਤੀਨਿਧਤਾ ਕਰਦਾ, ਪਰ ਅਜਿਹਾ ਪਾਤਰ ਪੰਜਾਬੀ ਨਾਵਲ ਵਿਚ ਪਹਿਲਾਂ ਨਹੀਂ ਹੈ, ਇਹ ਜ਼ਰੂਰ ਆਖਿਆ ਜਾ ਸਕਦਾ।

ਨਾਵਲ 'ਨਿੱਕੇ ਨਿੱਕੇ ਯੁੱਧ' ਵਿਚਲੇ ਬਿਰਤਾਂਤ ਵਿਚ ਮੈਂ ਹਰੇ ਇਨਕਲਾਬ ਨਾਲ ਪੰਜਾਬ ਦੇ ਪੇਂਡੂ ਸਮਾਜ ਦੀ ਬਦਲ ਰਹੀ ਨੁਹਾਰ, ਰਿਸ਼ਤਿਆਂ ਦੀ ਟੁੱਟ ਭੱਜ ਤੇ ਇਸ ਵਿਚ ਖੱਬੀ ਲਹਿਰ ਦੇ ਸੁੰਗੜਦੇ ਜਾਣ ਦੇ ਤਰਕ ਨੂੰ ਸਿਰਜਿਆ ਹੈ। ਇਸ ਕਾਰਨ ਇਹ ਛਾਪਦਿਆਂ ਹੀ ਚਰਚਾ 'ਚ ਆ ਗਿਆ ਸੀ। ਪਿਛੋਂ ਛਪੇ ਨਾਵਲ ਚਰਚਾ 'ਚ ਤਾਂ ਭਾਵੇਂ ਰਹੇ ਹਨ, ਪਰ ਇਸ ਕਦਰ ਨਹੀਂ। ਇਸਦੇ ਛਪਣ ਤੋਂ ਲੈ ਕੇ ਅੱਜ ਤੱਕ, ਪਿਛਲੇ ਲਗਾਤਾਰ ਛੇ ਸਾਲਾਂ ਤੋਂ ਇਸਦੀ ਚਰਚਾ ਦਾ ਗ੍ਰਾਫ਼ ਉਹੀ ਹੈ।

ਵਿਚਾਰਧਾਰਾ ਮੇਰੇ ਲਈ ਮੁੱਖ ਹੈ। ਵਿਚਾਰਧਾਰਾ ਹੀ ਹੈ ਜਿਹੜੀ ਸਮਾਜਕ ਤੋਰ ਨੂੰ ਸਪੱਸ਼ਟ ਤੌਰ 'ਤੇ ਸਮਝਾਉਂਦੀ ਹੈ। ਮੈਂ ਇਕ ਵੀ ਸਤਰ ਲਿਖਦਾ ਹਾਂ ਤਾਂ ਮੈਨੂੰ ਪਤਾ ਹੁੰਦਾ ਹੈ ਕਿ ਮੈਂ ਇਹ ਕਿਉਂ ਲਿਖ ਰਿਹਾ ਹਾਂ। ਪਾਠਕ ਮੇਰੇ ਧਿਆਨ 'ਚ ਤਾਂ ਹੁੰਦੇ ਹਨ ਪਰ ਮੈਂ ਇਸ ਲਈ ਲਿਖਤ ਨਾਲ ਕੋਈ ਸਮਝੌਤਾ ਨਹੀਂ ਕਰਦਾ। ਇਹ ਮੈਂ ਆਪਣੇ ਨਾਵਲ 'ਕਥਾ ਇਸ ਯੁੱਗ ਦੀ' ਦੇ ਹਵਾਲੇ ਨਾਲ ਗੱਲ ਕਰਦਾ ਹਾਂ। ਇਹ ਗਲ ਮੈਂ ਪਹਿਲਾਂ ਕਿਤੇ ਲਿਖੀ ਵੀ ਹੈ, "ਜਦੋਂ ਮੈਂ ਇਹ ਨਾਵਲ ਲਿਖਣਾ ਸ਼ੁਰੂ ਕੀਤਾ ਤਾਂ ਆਪਣੇ ਆਪ ਨਾਲ ਫੈਸਲਾ ਕੀਤਾ ਸੀ ਕਿ ਸਮਾਜਕ ਵਿਕਾਸ ਦੀ ਤੋਰ ਬਾਰੇ, ਰਾਜਨੀਤੀ ਦੇ ਵਹਿਣ ਤੇ ਪੱਤਰਕਾਰਤਾ ਦੇ ਮਿਸ਼ਨ ਤੋਂ ਪ੍ਰਾਡਕਟ 'ਚ ਬਦਲ ਜਾਣ ਜਿਹੇ ਮੁੱਦਿਆਂ, ਵਿਆਹ ਸੰਸਥਾ ਦੇ ਤੇਜ਼ੀ ਨਾਲ ਅਪ੍ਰਸੰਗਿਕ ਹੋਈ ਜਾਣ, ਵਰਜਣਾਵਾਂ ਦੇ ਟੁੱਟਦੇ ਟੈਬੂਆਂ ਬਾਰੇ ਖੁੱਲ ਕੇ ਗੱਲਾਂ ਕਰਨੀਆਂ ਹਨ। ਇਸ ਲਈ ਜੇ ਨਾਵਲ ਦੀਆਂ ਵਿਧਾਗਤ ਸੀਮਾਵਾਂ ਨੂੰ ਕਿਤੇ ਉਲੰਘਣਾ ਵੀ ਪਿਆ ਤਾਂ ਉਲੰਘਾਂਗਾ, ਪਰ ਆਪਣੀਆਂ ਚਿੰਤਨੀ-ਧਾਰਨਾਵਾਂ ਬਾਰੇ ਗੱਲ ਅਧੂਰੀ ਨਹੀਂ ਛੱਡਣੀ। ਇਸਤੋਂ ਮੇਰੀ ਸਮਝ ਸਪੱਸ਼ਟ ਹੋ ਹੀ ਜਾਂਦੀ ਹੈ।

ਨਾਇਕ ਦੀ ਮਿੱਥ ਦਾ ਕੀ ਅਰਥ ਹੈ! ਕੀ ਨਾਵਲ ਨਾਇਕ ਤੋਂ ਮੁਕਤ ਹੋ ਸਕਦਾ? ਫਿਰ ਉਹ ਨਾਵਲ ਕਿਵੇਂ ਹੈ, ਬਿਰਤਾਂਤ ਕਿਉਂ ਨਹੀਂ? ਨਾਵਲ ਨਾਇਕ ਦੇ ਦੁਆਲੇ ਹੀ ਬੁਣਿਆ ਜਾਣਾ ਹੈ। ਉਹ ਨਾਇਕ ਸਮਾਜ ਦੀ ਕਿਸ ਪਰਤ ਜਾਂ ਵਰਗ 'ਚੋਂ ਹੈ ਜਾਂ ਫਿਰ ਉਹ ਲਘੂ ਮਾਨਵ ਹੋਵੇ ਕਿ ਮਹਾਂ ਮਾਨਵ... ਇਨਾਂ ਮੁੱਦਿਆਂ 'ਤੇ ਤਾਂ ਬਹਿਸ ਹੋ ਸਕਦੀ ਹੈ ਪਰ ਨਾਇਕ ਤੋਂ ਮੁਕਤੀ ਦੀ ਨਹੀਂ। ਅਜਿਹੇ ਤਜਰਬੇ ਤਾਂ ਕਦੀ ਕਦੀ ਹੁੰਦੇ ਰਹਿੰਦੇ ਹਨ, ਪਰ ਇਹ ਮੁੱਖਧਾਰਾ ਕਦੀ ਨਹੀਂ ਬਣਦੇ।




ਮੇਰੇ ਨਾਵਲਾਂ 'ਚ ਬਹੁਤੇ ਦਲਿਤ ਪਾਤਰ ਉਭਰਵੇਂ ਰੂਪ 'ਚ ਆਏ ਨਹੀਂ, ਕਿਉਂਕਿ ਇਨ੍ਹਾਂ ਦਾ ਮੁਖ ਫੋਕਸ ਬਦਲਦੀ ਹੋਈ ਕਿਸਾਨੀ ਜਾਂ






ਸ਼ਹਿਰੀ ਨੌਕਰੀ ਪੇਸ਼ਾ-ਮੱਧ ਵਰਗ ਦੀ ਜੀਵਨਜਾਚ 'ਚ ਆ ਰਹੇ ਬਦਲਾਵਾ 'ਤੇ ਕੇਂਦਰਿਤ ਹੈ। ਹਾਂ 'ਗਹਿਰ ਚੜ੍ਹੀ ਅਸਮਾਨ' ਤੇ 'ਨਿੱਕੇ ਨਿੱਕੇ ਯੁੱਧ' ਵਿਚ ਕੁਝ ਸਕਤੀਸ਼ਾਲੀ ਦਲਿਤ ਪਾਤਰ ਹਨ। ਇਹ ਪਾਤਰ ਪਿੰਡ ਦੀ ਆਰਥਕ ਤੇ ਸਮਾਜਕ ਦਾਬੇ ਵਾਲੀ ਜੀਵਨ ਜਾਚ ਦੇ ਖਿਲਾਫ਼ ਵਿਦਰੋਹ ਕਰਦੇ ਹਨ। ਇਹ ਵਿਦਰੋਹ ਪਹਿਲਾਂ ਕਮਿਊਨਿਸਟਾਂ ਦੀ ਅਗਵਾਈ 'ਚ ਹੁੰਦਾ, ਫਿਰ ਉਹ ਬਸਪਾ ਦੀ ਰਾਜਨੀਤੀ ਨਾਲ ਜੁੜਕੇ ਆਪਣੀ ਹੋਂਦ ਦੇ ਨਵੇਂ ਦਿਸਹੱਦੇ ਤਲਾਸ਼ਦੇ ਹਨ। ਮੇਰੀ ਇਹ ਧਾਰਨਾ ਹੈ ਕਿ ਕਮਿਊਨਿਸਟ ਲਹਿਰ ਨੇ ਦਲਿਤਾਂ 'ਚ ਸਵੈ ਹੋਂਦ ਦਾ ਅਹਿਸਾਸ ਭਰਿਆ ਹੈ ਤੇ ਅੰਬੇਡਕਰ ਉਸ ਹੋਂਦ ਨੂੰ ਸੱਤਾ ਉਪਰ ਕਬਜ਼ੇ ਦੇ ਰਾਹ ਤੋਰਦਾ, ਜਾਤੀ ਸਮੀਕਰਨਾਂ ਦੇ ਆਧਾਰ 'ਤੇ।

ਪੰਜਾਬੀ ਨਾਵਲ ਭਾਰਤੀ ਨਾਵਲ ਤੋਂ ਬਹੁਤ ਪਿਛੇ ਹੈ। ਇਹ ਸਾਨੂੰ ਵਿਧਾ ਦੀ ਪਰੰਪਰਾ 'ਚ ਰੱਖ ਕੇ ਦੇਖਣਾ ਚਾਹੀਦਾ। ਭਾਵੇਂ ਸਾਡੇ ਕੁਝ ਸ਼ਾਹਕਾਰ ਨਾਵਲ ਹਨ ਜਿਵੇਂ ਨਾਨਕ ਸਿੰਘ ਦਾ 'ਪਵਿੱਤਰ ਪਾਪੀ', ਕੰਵਲ ਦੇ 'ਪੂਰਨਮਾਸ਼ੀ', 'ਰਾਤ ਬਾਕੀ ਹੈ', ਗੁਰਦਿਆਲ ਸਿੰਘ ਦੇ 'ਮੜ੍ਹੀ ਦਾ ਦੀਵਾ', 'ਅਨਹੋਏ', ਟਿਵਾਣਾ ਦਾ 'ਇਹ ਹਮਾਰਾ ਜੀਵਣਾ', ਕੁੱਸਾ ਦੇ 'ਅੱਗ ਦਾ ਦਰਿਆ' , 'ਰੋਹੀ ਬੀਆਬਾਨ', ਸੇਖੋਂ ਦਾ 'ਲਹੂ ਮਿੱਟੀ', ਨਰੂਲੇ ਦਾ 'ਪਿਓ ਪੁੱਤਰ', ਮੋਹਨ ਕਾਹਲੋਂ ਦਾ 'ਬੇੜੀ ਤੇ ਬਰੇਤਾ', 'ਪ੍ਰਦੇਸੀ ਰੁੱਖ' ਆਦਿ। ਪਰ ਇਹ ਵਿਕੋਲੋਤਰੀਆਂ ਉਦਾਹਰਣਾ ਹਨ, ਸਮਰੱਥ ਨਾਵਲਾਂ ਦੀ ਪਰੰਪਰਾ ਨਹੀਂ ਬਣ ਸਕੀ ਹੈ। ਅੱਜ ਲਿਖਿਆ ਜਾ ਰਿਹਾ ਨਾਵਲ ਤਾਂ ਪੰਜਾਬੀ ਨਾਵਲ ਦੀਆਂ ਆਪਣੀਆਂ ਸਿਖਰਾਂ ਤੱਕ ਵੀ ਨਹੀਂ ਪੁੱਜ ਰਿਹਾ ਹੈ!

ਨਾਵਲ ਨੇ ਆਪਣੇ ਸਮਕਾਲ ਨੂੰ ਪੇਸ਼ ਕਰਨਾ ਹੁੰਦਾ। ਪੰਜਾਬੀ ਸਮਾਜ ਜੇ ਫਿਊਡਲ ਸਭਿਆਚਾਰ 'ਚ ਗ੍ਰਸਤ ਹੈ ਤਾਂ ਨਾਵਲ ਇਸਦੀ ਪੇਸ਼ਕਾਰੀ ਤੋਂ ਕਿਵੇਂ ਬਚ ਸਕਦਾ। ਹੁਣ ਫਿਊਡਲ ਤੋਂ ਅਗਾਂਹ ਕਾਰਪੋਰੇਟੀ ਜੀਵਨਜਾਚ ਆਪਣੇ ਪੰਜੇ ਪਿੰਡ 'ਤੇ ਫੈਲਾਅ ਰਹੀ ਹੈ। ਮੇਰੇ ਨਾਵਲ 'ਕਥਾ ਇਸ ਯੁੱਗ ਦੀ', ਖੇਤਾਂ ਦਾ ਰੁਦਨ' ਅਤੇ 'ਅੰਬਰ ਵਲ ਉਡਾਣ' 'ਚ ਇਸ ਨਵੀਂ ਆ ਰਹੀ ਜੀਵਨ ਜਾਚ ਦੇ ਸੰਕੇਤ ਫੜਨ ਦਾ ਯਤਨ ਕੀਤਾ ਗਿਆ ਹੈ।

ਮਨੁੱਖੀ ਵਿਹਾਰ ਨੂੰ ਸਭ ਤੋਂ ਵੱਧ ਆਰਥਿਕਤਾ ਪ੍ਰਭਾਵਿਤ ਕਰਦੀ ਹੈ। ਦੂਸਰੇ ਨੰਬਰ ਉਪਰ ਵਿਚਾਰਧਾਰਾ।

ਪੰਜਾਬੀ ਨਾਵਲ ਆਲੋਚਨਾ ਬਾਕੀ ਵਿਧਾਵਾਂ ਦੇ ਮੁਕਾਬਲੇ ਵਧੇਰੇ ਸੰਜੀਦਾ ਤੇ ਸਮਰੱਥ ਹੈ। ਡਾ. ਰਘਬੀਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸੁਰਜੀਤ, ਡਾ. ਸੁਰਜੀਤ ਬਰਾੜ, ਡਾ. ਖਾਹਰਾ, ਦੇ ਨਾਲ ਨਾਲ ਨਵੀਂ ਪੀੜ੍ਹੀ 'ਚੋਂ ਡਾ. ਸਾਕ ਮੁਹੰਮਦ, ਪਰਮਜੀਤ ਕੌਰ ਸਿੱਧੂ, ਮਿਨਾਕਸ਼ੀ ਰਾਠੌਰ, ਅਕਾਲ ਅੰਮ੍ਰਿਤ ਕੌਰ, ਜੇ. ਬੀ. ਸੇਖੋਂ ਵੀ ਚੰਗਾ ਸੰਜੀਦਾ ਕੰਮ ਕਰ ਰਹੇ ਹਨ।


ਬਹੁਤਾ ਚੰਗਾ ਨਹੀਂ। ਮਨਮੋਹਨ ਬਾਵੇ ਦੇ 'ਯੁੱਧ ਨਾਦ' ਤੋਂ ਬਿਨਾਂ ਮੈਨੂੰ ਕਿਸੇ ਹੋਰ ਜੀਵਨੀ ਮੂਲਕ ਇਤਿਹਾਸਕ ਨਾਵਲ ਨੇ ਬਹੁਤਾ ਪ੍ਰਭਾਵਿਤ ਨਹੀਂ ਕੀਤਾ। ਪੰਜਾਬੀ 'ਚ ਇਹ ਪਹਿਲਾਂ ਵੀ ਬਹੁਤ ਲਿਖੇ ਗਏ ਹਨ ਤੇ ਹੁਣ ਵੀ ਲਿਖੇ ਜਾ ਰਹੇ ਹਨ ਪਰ ਗੁਣਾਤਮਕ ਪੱਖੋਂ। ਭਵਿੱਖ ਮੈਨੂੰ ਕੋਈ ਬਹੁਤਾ ਚੰਗਾ ਨਹੀਂ ਲਗਦਾ!

ਪੰਜਾਬ 'ਚ ਸ਼ਹਿਰ ਜਾਂ ਕਸਬੇ ਹਨ ਕਿੰਨੇ ਕੁ? ਕਿੰਨੇ ਪ੍ਰਤੀਸ਼ਤ ਵਸੋਂ ਇਨ੍ਹਾਂ 'ਚ ਰਹਿੰਦੀ ਹੈ ਤੇ ਕਿੰਨੇ ਪ੍ਰਤੀਸ਼ਨ ਪਿੰਡਾਂ 'ਚ ... ਕੀ ਸਾਹਿਤ ਨੇ ਆਪਣੇ ਸਮਾਜ ਨੂੰ ਪ੍ਰਤੀਬਿੰਬਤ ਨਹੀਂ ਕਰਨਾ ਹੁੰਦਾ! ਸੁਆਲ ਅਸਲ 'ਚ ਇਹ ਹੋਣਾ ਚਾਹੀਦਾ ਹੈ ਕਿ ਪੰਜਾਬੀ ਨਾਵਲ ਬਦਲ ਰਹੇ ਪੰਜਾਬ ਦੇ ਪਿੰਡ ਨੂੰ ਫੜ ਰਿਹਾ ਹੈ

ਕਿ ਨਹੀਂ ਜਾਂ ਉਹ ਸੰਨ 60 ਵਾਲੇ ਪਿੰਡ ਨੂੰ ਹੀ ਅੱਜ ਵੀ ਮੁੜ ਮੁੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਕਾਰਪੋਰੇਟ ਪੂੰਜੀ ਨੇ ਖੇਤੀ ਦੇ ਖੇਤਰ 'ਚ ਘੁਸਪੈਠ ਨਾਲ ਜਿਹੜੀ ਉਥੱਲ ਪੁੱਥਲ ਮਚਾਈ ਹੈ, ਕੀ ਉਹ ਪ੍ਰਤੀਬਿੰਬਤ ਹੋ ਰਹੀ ਹੈ? ਮੇਰਾ ਨਾਵਲ 'ਅੰਬਰ ਵਲ ਉਡਾਣ' ਇਸ ਬਦਲ ਰਹੇ ਜੁਗਰਾਫ਼ੀਏ ਤੇ ਰਿਸ਼ਤਿਆਂ ਦੇ ਬਦਲਦੇ ਸਮੀਕਰਨ ਪੇਸ਼ ਕਰਨ 'ਤੇ ਕੇਂਦਰਿਤ ਹੈ। ਨਵਾਂ ਨਾਵਲ 'ਖੇਤਾਂ ਦਾ ਰੁਦਨ' ਤਾਂ ਹੈ ਹੀ ਇਸਦੇ ਇਤਿਹਾਸ, ਵਰਤਮਾਨ 'ਚ ਹੋਂਦ ਦੀ ਤਲਾਸ਼ ਤੇ ਖੇਤੀ ਦੇ ਮਰ ਰਹੇ ਸਭਿਆਚਾਰ ਦੀ ਪੇਸ਼ਕਾਰੀ 'ਤੇ।




ਹਰ ਫਿਊਡਲ ਸਭਿਆਚਾਰ 'ਚ ਔਰਤ ਸ਼ੋਸ਼ਣ ਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦੀ ਹੈ, ਇਥੋਂ ਤੱਕ ਕਿ ਪੂੰਜੀਵਾਦ ਵਿਚ ਵੀ... ਭਾਵੇਂ ਉਸ ਸ਼ੋਸ਼ਣ ਦਾ ਰੂਪ ਬਦਲ ਜਾਂਦਾ ਹੈ। ਸੋ ਪੰਜਾਬੀ ਨਾਵਲ ਵਿਚ ਨਵੀਂ ਔਰਤ ਦੇ ਨਕਸ਼, ਸ਼ੋਸ਼ਣ ਮੁਕਤ ਔਰਤ ਕਿਹੋ ਜਿਹੀ ਹੋਵੇ, ਦੇ ਸੰਕੇਤ ਹੀ ਫੜੇ ਜਾ ਸਕਦੇ ਹਨ। ਮੈਂ ਆਪਣੇ ਨਾਵਲ 'ਕਥਾ ਇਸ ਯੁੱਗ ਦੀ' ਵਿਚ ਅਚਲਾ ਪਾਂਡੇ ਨੂੰ ਇਸ ਤਰ੍ਹਾਂ ਦੀ ਪਾਤਰ ਵਜੋਂ ਪੇਸ਼ ਕੀਤਾ ਹੈ। ਉਹ ਆਪਣੀਆਂ ਸ਼ਰਤਾਂ ਤੇ ਜੀਉਂਦੀ ਹੈ, ਆਪਣੀ ਮਰਜ਼ੀ ਅਨੁਸਾਰ ਸੰਬੰਧ ਸਿਰਜਦੀ ਹੈ। ਇਹ ਉਸ ਆਹਟ ਦੀ ਕਨਸੋਅ ਹੈ, ਜਿਸ ਵਲ ਨਵੀਂ ਪੀੜ੍ਹੀ ਕਦਮ ਪੁੱਟ ਰਹੀ ਹੈ। 'ਅੰਬਰ ਵਲ ਉਡਾਣ' ਦੀ ਪਾਲੀ ਵੀ ਮੁਕਤ-ਸੰਸਾਰ ਵਲ ਵਧਣਾ ਲੋਚਦੀ ਹੈ ਪਰ ਉਸਦੀ ਫੜਫੜਾਹਟ ਕਾਰਪੋਰੇਟ ਪੂੰਜੀ 'ਚ ਉਲਝ ਜਾਂਦੀ ਹੈ। ਮੇਰੀ ਇਹ ਧਾਰਨਾ ਹੈ ਕਿ ਜਿੰਨਾ ਚਿਰ ਸਮਾਜ ਦਾ ਤਾਣਾ ਬਾਣਾ ਜਾਇਦਾਦ ਦੇ ਆਧਾਰਾਂ ਤੋਂ ਮੁਕਤ ਨਹੀਂ ਹੁੰਦਾ, ਨਾਰੀ ਦੇ ਸ਼ੋਸ਼ਣ ਨੂੰ ਨਹੀਂ ਰੋਕਿਆ ਜਾ ਸਕਦਾ। ਔਰਤ ਦੇ ਸ਼ੋਸ਼ਣ ਦੀਆਂ ਸਾਰੀਆਂ ਤੰਦਾਂ ਦੀ ਜੜ ਵਿਚਾਰਵਾਦੀ ਫਲਸਫੇ ਤੇ ਪੂੰਜੀ 'ਚ ਨਿਹਿਤ ਹਨ। ਇਸਦਾ ਬਦਲ ਹੀ ਸੋਸ਼ਣ ਮੁਕਤ ਸਮਾਜ ਤੇ ਰਿਸ਼ਤਿਆਂ ਨੂੰ ਸਿਰਜੇਗਾ।




## ਇਤਿਹਾਸਕ ਨਾਵਲ ਆਮ ਲੋਕਾਂ ਲਈ ਪ੍ਰੇਰਣਾ ਦਾ ਸਭ ਤੋਂ ਉੱਤਮ ਸੋਮਾ ਹੈ

## - ਅਸ਼ੋਕ ਚਰਨ ਆਲਮਗੀਰ

ਪਚਵਿੰਜਾ ਵਰ੍ਹੇ ਹੋ ਗਏ ਨੇ ਮੈਨੂੰ ਲਿਖਦਿਆਂ। ਕਵਿਤਾ, ਕਹਾਣੀ, ਵਿਗਿਆਨ ਕਥਾ, ਵਿਅੰਗ, ਜਿਗਰਪਾਰਾ, ਤੇ ਨਾਟਕ ਆਦਿ ਵਿਧਾਵਾਂ ਵਿਚ ਮੇਰੀਆਂ ਕਿਤਾਬਾਂ ਛਪਦੀਆਂ ਰਹੀਆਂ। ਕਾਫੀ ਸਮੇਂ ਬਾਅਦ ਮੈਂ ਮਹਿਸੂਸ ਕੀਤਾ ਕਿ ਕੇਵਲ ਨਾਵਲ ਹੀ ਇਕ ਅਜਿਹੀ ਸਾਹਿਤਕ ਵੰਨਗੀ ਹੈ ਜੋ ਲੇਖਕ ਦੀ ਕਲਮ ਨੂੰ ਵਿਸ਼ਾਲ ਤੇ ਵਿਸਤ੍ਰਿਤ ਖੇਤਰ ਬਖ਼ਸ਼ਦੀ ਹੈ। ਲੇਖਕ ਨਾਵਲ ਵਿਚ ਹੀ ਆਪਣੀ ਵਿਚਾਰਧਾਰਾ ਨੂੰ ਵਧੇਰੇ ਰਸੀਲੀ ਬਣਾ ਕੇ ਪੇਸ਼ ਕਰ ਸਕਦਾ ਹੈ ਅਤੇ ਆਪਣੇ ਵਿਸ਼ਾ ਵਸਤੂ ਨਾਲ ਪੂਰਾ ਇਨਸਾਫ ਕਰ ਸਕਦਾ ਹੈ। ਪਾਠਕ ਦੀ ਉਤਸੁਕਤਾ ਤੇ ਦਿਲਚਸਪੀ ਕਾਇਮ ਰੱਖ ਸਕਣ ਦੀ ਸਮਰਥਾ ਵੀ ਨਾਵਲ ਵਿਚ ਵਧੇਰੇ ਹੈ। ਸ਼ਾਇਦ ਏਸੇ ਕਰਕੇ ਹੀ ਮੇਰੀਅਨ ਕਰਾਫੋਰਡ ਨੇ ਇਕ ਵਾਰ ਇਕ ਮੁਹਾਵਰਾ ਘੜਿਆ ਤੇ ਕਿਹਾ ਸੀ, "ਨਾਵਲ ਤਾਂ ਜੇਬ ਵਿਚ ਪੈ ਸਕਣ ਵਾਲੀ ਰੰਗ ਭੂਮੀ ਹੈ।"

ਇਸ ਜੇਬ ਵਿਚ ਪੈ ਸਕਣ ਵਾਲੀ ਰੰਗਭੂਮੀ ਸਦਕਾ ਮੇਰੀ ਨਾਵਲ ਲਿਖਣ ਵਲ ਰੁਚੀ ਵਧੀ ਤੇ ਮੇਰੇ ਪਹਿਲੇ ਹੀ ਨਾਵਲ ਨੂੰ ਪੰਜਾਬ ਸਰਕਾਰ ਵਲੋਂ 'ਨਾਨਕ ਸਿੰਘ ਪੁਰਸਕਾਰ' ਮਿਲ ਗਿਆ ਤੇ ਹੁਣ ਜਿਉਂ ਜਿਉਂ ਭਿੱਜੀ ਕੰਬਲੀ ਤਿਉਂ ਤਿਉਂ ਭਾਰੀ ਹੋ!



ਮੈਂ ਉਸ ਸਮੇਂ ਤੋਂ ਮਨੋਵਿਗਿਆਨ, ਸੋਸ਼ਿਆਲੋਜੀ ਅਤੇ ਫਿਲੌਸਫੀ ਦਾ ਵਿਦਿਆਰਥੀ ਸਾਂ ਜਦੋਂ ਕਥਿਤ ਵਿਸ਼ੇ ਪੰਜਾਬ ਯੂਨੀਵਰਸਿਟੀ ਨੇ ਨਵੇਂ ਨਵੇਂ ਨਿਰਧਾਰਿਤ ਕੀਤੇ ਸਨ। ਸੋ ਸਮਾਜ ਅਤੇ ਵਿਅਕਤੀ ਦੇ ਜੀਵਨ ਵਿਚ ਵਾਪਰਦੀ ਹਰ ਘਟਨਾ ਨੂੰ ਮੈਂ ਬਹੁਤ ਗਹੁ ਨਾਲ ਨਿਰਖਦਾ ਪਰਖਦਾ ਹਾਂ ਤੇ ਇਹਨਾਂ ਦੇ ਪਿਛੋਕੜ ਵਿਚਲੇ ਕਾਰਨਾ ਅਤੇ ਕਾਰਕਾਂ ਦੀ ਖੋਜ ਪੜਤਾਲ ਕਰਦਾ ਰਹਿੰਦਾ ਹਾਂ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਦ੍ਰਿਸ਼ਟੀ ਗੋਚਰ ਯਥਾਰਥ ਨੂੰ ਕਲਾ ਰਾਹੀਂ ਹੋਰ ਬਿਹਤਰ ਬਣਾ ਕੇ ਪੇਸ਼ ਕਰਨ ਖਾਤਰ ਇਕ ਢੁਕਵਾਂ ਪਲਾਟ ਅਤੇ ਸਹੀ ਪਾਤਰ ਚੁਣੇ ਜਾਣ ਤਾਂ ਜੋ ਸੁਆਦਲੇ ਵਾਤਾਵਰਣ ਰਾਹੀਂ ਕਥਾ, ਆਪਣੇ ਆਸ਼ੇ ਨੂੰ ਲੈ ਕੇ ਆਪਣੇ ਉਚੇਰੇ ਮੰਤਵ-ਸ਼ਿਖਰ ਵੱਲ, ਸ੍ਵੈ-ਭਰੋਸੇ ਵਾਲੇ ਯਾਤਰੀ ਵਾਂਗ, ਨਿਰੰਤਰ ਵਧਦੀ ਰਹੇ।

ਨਾਵਲ ਲਿਖਦਿਆਂ ਮੈਂ ਆਪਣੇ ਮਨੋਰਥ ਨੂੰ ਇਕ ਪਲ ਲਈ ਵੀ ਅੱਖੋਂ ਪਰੋਖੇ ਨਹੀਂ ਹੋਣ ਦੇਂਦਾ ਕਿਉਂਕਿ ਆਪਣੇ ਦੇਸ਼ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਦੇ ਸੱਤਾਧਾਰੀ ਰਾਤ ਦਿਨ ਇਕ ਕਰਕੇ ਦੋਹੀਂ ਹੱਥੀਂ ਸਭ ਤਰ੍ਹਾਂ ਦੇ ਵਸੀਲੇ ਇਸ ਤਰ੍ਹਾਂ ਲੁਟ ਰਹੇ ਹਨ ਕਿ ਆਮ ਆਦਮੀ ਦੇ ਪਿੜ ਪੱਲੇ ਕੁਝ ਬਚਦਾ ਹੀ ਨਹੀਂ। ਸੋ ਮੇਰੀ ਲਿਖਣ ਪ੍ਰਕਿਰਿਆ ਬਹੁਤ ਸਰਲ ਸਪਸ਼ਟ ਹੈ ਜੋ ਕਦੇ ਵੀ ਆਪਣੇ ਨਿਸ਼ਾਨੇ ਤੋਂ ਨਹੀਂ ਖੁੰਜਦੀ!

ਜਿਵੇਂ ਕਿ ਮੈਂ ਆਪਣੇ ਮੰਤਵ ਤੇ ਨਿਸ਼ਾਨੇ ਪ੍ਰਤੀ ਸੁਚੇਤ ਰਹਿੰਦਾ ਹਾਂ ਸੋ ਮੈਨੂੰ ਕਈ ਕਾਂਡਾਂ ਵਿਚ ਕੁਝ ਉਚੇਰੀਆਂ ਪ੍ਰਸਥਿਤੀਆਂ ਅਤੇ ਵਾਤਾਵਰਣ ਉਸਾਰਨੇ ਪੈਂਦੇ ਹਨ। ਉਹਨਾਂ ਸਥਾਨਾਂ ਅਤੇ ਚੌਗਿਰਦਿਆਂ ਦੇ ਬਿਆਨ ਨੂੰ ਕੁਝ ਵਿਸਥਾਰ ਨਾਲ ਬਿਆਨਦਾ ਹਾਂ ਤਾਂ ਸਥਾਨ ਵਿਸ਼ੇਸ਼ ਨੂੰ ਪਾਠਕ ਖੁਦ ਦੇਖਦਾ ਹੋਇਆ ਅਨੁਭਵ ਕਰ ਸਕੇ।

ਮੇਰੇ ਨਾਵਲਾਂ ਵਿਚ ਪੰਜ ਸੱਤ ਉੱਘੇ ਪਾਤਰ ਹੁੰਦੇ ਹਨ ਜਿਨ੍ਹਾਂ ਦੀ ਵਾਰਤਾਲਾਪ ਤੋਂ ਕਹਾਣੀ ਅਗਾਂਹ ਤੁਰਦੀ ਹੈ ਸੋ ਮੈਂ ਹਰ ਪਾਤਰ ਦੀ ਉਮਰ, ਵਿਦਿਅਕ ਯੋਗਤਾ ਅਤੇ ਸਮਾਜਕ ਰੁਤਬੇ ਮੁਤਾਬਿਕ ਉਸ ਦੇ ਮੂੰਹੋਂ ਅਨੁਕੂਲ ਭਾਸ਼ਾ ਅਤੇ ਮੁਹਾਵਰਿਆਂ ਦੀ ਵਰਤੋਂ ਕਰਵਾਉਂਦਾ ਹਾਂ ਤਾਂ ਜੋ ਪਾਠਕ ਸਮਾਜ ਵਿਚ ਵਿਚਰ ਰਹੇ ਮਨੁੱਖਾਂ ਵਿਚੋਂ ਨਾਵਲੀ ਪਾਤਰਾਂ ਦੇ ਸਮਰੂਪ ਹੋਣ ਦੀ ਕਲਪਣਾ ਕਰ ਸਕੇ।

ਮੈਂ ਆਪਣੀ ਮੰਤਵ-ਸਿਧੀ ਵਾਸਤੇ ਇਕ ਦੋ ਜਾਂ ਤਿੰਨ ਨਾਇਕ ਜਾਂ ਨਾਇਕਾਵਾਂ ਦੇ ਰੂਪ ਵਿਚ ਜੋ ਪਾਤਰ ਰਖਦਾ ਹਾਂ ਉਹਨਾਂ ਪ੍ਰਤੀ ਮੇਰਾ ਬਿਰਤਾਂਤ ਸਾਊ ਸੁਝਾਊ ਤੇ ਰੌਚਿਕਤਾ ਭਰਪੂਰ ਹੁੰਦਾ ਹੈ ਤਾਂ ਜੋ ਪਾਠਕ ਜਨ ਉਹਨਾਂ ਵਿਚੋਂ ਕਿਸੇ ਇਕ ਨੂੰ (ਰੋਲ ਮਾਡਲ) ਉੱਤਮ ਨਮੂਨੇ ਵਾਲਾ ਮੰਨ ਕੇ ਉਸ ਨਾਲ ਇਕ-ਮਿਕ ਹੋਇਆ ਰਹੇ।

ਮੇਰੇ ਨਾਵਲ ਵਧੇਰੇ ਕਰਕੇ ਪਾਤਰ ਪ੍ਰਧਾਨ ਨਾਵਲ ਹੁੰਦੇ ਹਨ। ਕੁਝ ਇਕ ਪਾਤਰਾਂ ਨੂੰ ਤਾਂ ਮੈਂ ਆਦਰਸ਼ਕ ਪਾਤਰ ਦੇ ਤੌਰ ਤੇ ਪੇਸ਼ ਕੀਤਾ ਹੈ। ਰੱਜੀ ਨਾਮ ਦਾ ਮੇਰਾ ਇਸਤਰੀ ਪਾਤਰ ਪੰਜਾਬੀਅਤ ਦੀ ਜੀਉਂਦੀ ਜਾਗਦੀ ਤਸਵੀਰ ਹੈ ਪਰ ਜੇ ਸਵਾਲ ਕਰਤਾ ਦਾ ਭਾਵਿ ਪੁਰਸ਼ ਪਾਤਰਾਂ ਵਿਚੋਂ ਚੁਣਿਆ ਹੋਇਆ ਪਾਤਰ ਹੀ ਲਿਆ ਜਾਵੇ ਤਾਂ ਮੈਂ ਆਪਣੇ ਕਾਲਾਤੀਡ ਨਾਮ ਦੇ ਪਾਤਰ ਦਾ ਜ਼ਿਕਰ ਕਰਨ ਦੀ ਆਗਿਆ ਲਵਾਂਗਾ। ਉਹ ਏਨਾ ਵਿਦਵਾਨ ਸੀ ਕਿ ਉਸਨੂੰ ਚਲਦਾ ਫਿਰਦਾ ਵਿਸ਼ਵ-ਕੋਸ਼ ਕਿਹਾ ਜਾ ਸਕਦਾ ਸੀ। ਆਮ ਗਿਆਨ ਵਿਗਿਆਨ ਦੀ ਭਰਪੂਰ ਵਾਕਫੀ ਤੋਂ ਇਲਾਵਾ ਉਹ ਸੰਸਾਰ ਭਰ ਦੇ ਦੇਸ਼ਾਂ ਦੇ ਮਿਥਿਹਾਸ ਇਤਿਹਾਸ, ਭੂਗੋਲ ਅਤੇ ਅਜੋਕੀ ਵਿਸ਼ਵ ਰਾਜਨੀਤੀ ਦਾ ਗਿਆਤਾ ਸੀ। ਉਹ ਸਿਰਫ ਗਿਅਤਾ ਹੀ ਨਹੀਂ ਸੀ ਇਕ ਹਰਮਨ ਪਿਆਰਾ ਵਕਤਾ ਵੀ ਸੀ। ਸੰਖੇਪ ਇਹ ਕਿ ਉਸ ਨੂੰ ਆਪਣੇ ਯੁੱਗ ਦੀ ਪੀੜ ਦਾ ਅਹਿਸਾਸ ਸੀ। ਨਵੀਨਤਮ ਭਾਵਿ ਬੋਧ ਦਾ ਧਨੀ ਸੀ। ਸੀਨੇ ਵਿਚ ਮਨੁੱਖੀ ਭਾਈਚਾਰੇ ਦੇ ਰੌਸ਼ਨ ਭਵਿੱਖ ਦੀ ਆਸ ਨਾਲ ਉਹ ਸੰਘਰਸ਼-ਰਤ ਰਹਿਣ ਵਾਲਾ ਪੰਜਾਬੀ ਮਰਦ ਸੀ ਜੋ ਸਮੁੱਚੇ 'ਪੰਜਾਬੀ ਮਨੁੱਖ ਦੀ ਪ੍ਰਤੀਨਿਧਤਾ ਦਾ ਯੋਗ ਪਾਤਰ ਸੀ।




ਮੇਰੇ ਇਕ ਨਾਵਲ ਦਾ ਨਾਮ ਹੈ 'ਮਹਾਂ ਬਲੀ' ਇਸ ਵਿਚ ਅੱਜ ਤੋਂ ਪੈਂਤੀ-ਛੱਤੀ ਸੌ ਸਾਲ ਪਹਿਲਾਂ ਦੀ ਕਥਾ ਹੈ। ਇਹ ਉਹ ਸਮਾਂ ਸੀ ਜਦੋਂ ਅਜੇ ਆਰੀਆ ਲੋਕ ਸਪਤ ਸਿੰਧੂ ਦੀ ਧਰਤ ਉੱਤੇ ਨਹੀਂ ਸਨ ਆਏ। ਅਨਆਰੀਆ ਕਬੀਲੇ ਜੋ ਖੇਤੀ ਬਾੜੀ ਤੋਂ ਇਲਾਵਾਂ ਦਸਤਕਾਰੀ, ਵਸਤਰ ਸਾਜੀ, ਬਰਤਨ ਸਾਜੀ ਤੋਂ ਇਲਾਵਾ ਨਾਵ-ਸਾਜੀ ਅਤੇ ਖਾਸ ਤੌਰ ਭਵਨ ਨਿਰਮਾਣ ਵਿਚ ਸਿੱਧ ਹਸਤ ਸਨ। ਇਹ ਅਮਨ ਪਸੰਦ ਤੇ ਖ਼ੁਸ਼ਹਾਲ ਗਣਰਾਜੇ ਸਨ ਜੋ ਛੋਟੇ ਛੋਟੇ ਜਨ ਸਮੂਹਾਂ ਉੱਤੇ ਰਾਜ ਕਰਦੇ ਸਨ। ਰਾਜੇ ਕਲਗੀਆਂ ਅਤੇ ਤਾਜ ਤਖਤ ਤੋਂ ਪ੍ਰਹੇਜ਼ ਕਰਦੇ ਸਨ। ਇਹਨਾਂ ਨੇ ਹੜੱਪਾ, ਰੋਪੜ, ਮਹਿੰਜੋਦੜੋ ਆਦਿ ਸ਼ਹਿਰਾਂ ਵਰਗੇ 90 ਸ਼ਹਿਰ ਵਸਾਏ ਹੋਏ ਸਨ। ਗੁਜਰਾਤ ਕਾਠੀਆਵਾੜ ਕੋਲ ਇਕ ਸ਼ਹਿਰ ਜਲਮਗਨ ਵੀ ਹੋਇਆ ਸੀ। ਆਰੀਆ ਦੇ ਹੱਲਿਆਂ ਤੋਂ ਪਰਾਜਤ ਹੋ ਕੇ ਇਹ ਲੋਕ ਜਾਂ ਤਾਂ ਦੂਰ ਦੱਖਣ ਪੂਰਬੀ ਜੰਗਲਾਂ ਵਿਚ ਲੁਕ ਛਿਪ ਕੇ ਰਹੇ ਜਾਂ ਫਿਰ ਨੀਚ ਸ਼ੂਦਰ ਅਖਵਾਏ। ਇਸ ਸਭ ਕਾਸੇ ਦੇ ਨਾਵਲੀ ਬਿਰਤਾਂਤ ਨੇ ਲੋਕਾਂ ਦਾ ਧਿਆਨ ਮੇਰੇ ਵੱਲ ਵਧ ਖਿੱਚਿਆ।

ਸੌ ਪ੍ਰਤੀਸ਼ਤ ਤਾਂ ਨਹੀਂ ਫਿਰ ਵੱਡੀ ਗਿਣਤੀ ਵਿਚ ਪੰਜਾਬੀ ਨਾਵਲ ਨਾਇਕ ਦੀ ਮਿੱਥ ਨਾਲ ਬੱਝ ਚੁੱਕਾ ਹੈ ਜਿਵੇਂ ਸਾਡੀਆਂ ਫਿਲਮਾਂ ਇਕ ਫਾਰਮੂਲੇ ਨਾਲ ਹੀ ਨਿਰਮਿਤ ਕੀਤੀਆਂ ਜਾਂਦੀਆਂ ਹਨ। ਜਦੋਂ ਇਕ ਨਾਇਕ ਪ੍ਰਧਾਨ ਨਾਵਲ ਪ੍ਰਸਿੱਧ ਹੋ ਗਿਆ ਲੜੀ ਚਲ ਪਈ ਸਿਲਸਿਲਾ ਰੀਸੋ ਰੀਸੀ ਵੇਖੋ ਵੇਖੀ ਚਲਿਆ ਰਹਿੰਦਾ ਹੈ। ਵਿਚਾਰੇ ਪਾਠਕ ਵੀ ਅਜਿਹੀ ਪਾਠ-ਸਮਗਰੀ ਪੜ੍ਹਨ ਦੇ ਆਦੀ ਹੋ ਜਾਂਦੇ ਹਨ।

ਜਿੱਥੋਂ ਤੱਕ ਮੇਰੇ ਨਾਵਲਾਂ ਦਾ ਸਵਾਲ ਹੈ ਮੈਂ ਤਾਂ ਜਦੋਂ ਅਗਲਾ ਨਾਵਲ ਲਿਖਣਾ ਆਰੰਭ ਕਰਦਾ ਹਾਂ ਤਾਂ ਪਹਿਲੇ ਨਾਵਲਾਂ ਤੋਂ ਪ੍ਰਸਥਿਤੀ, ਪਿੱਠਭੂਮੀ ਅਤੇ ਸਮਾਂ, ਸਥਾਨ ਆਦਿ ਬਦਲ ਦੇਂਦਾ ਹਾਂ। ਨਾਇਕ ਇਕ ਦੋ ਜਾਂ ਤਿੰਨ ਮੇਰੇ ਨਾਵਲਾਂ ਵਿਚ ਹੁੰਦੇ ਜ਼ਰੂਰ ਨੇ ਪਰ ਉਹ ਮੇਰੇ ਵਿਸ਼ੇ ਵਸਤੂ ਨੂੰ ਅੱਗੇ ਤੋਰਨ ਦੇ ਮਾਤਰ ਕਾਰਕ ਜਾਂ ਪੂਰਕ ਹੀ ਹੁੰਦੇ ਹਨ।

ਮੈਂ ਆਪਣੇ ਸਾਰੇ ਨਾਵਲਾਂ ਵਿਚ ਦਲਿਤ ਅਤੇ ਆਦਿਵਾਸੀ ਪਾਤਰਾਂ ਨੂੰ ਪੂਰੀ ਦਿਲੀ ਹਮਦਰਦੀ ਨਾਲ ਚਿਤ੍ਰਿਆ ਹੈ। ਮੇਰਾ ਤਾਂ ਮੁੱਖ ਵਿਸ਼ਾ ਇਹੀ ਹੈ ਕਿ ਗਰੀਬੀ ਤੇ ਅਮੀਰੀ ਦੇ ਵਧਦੇ ਜਾ ਰਹੇ ਪਾੜੇ ਨੂੰ ਹਰ ਸੰਭਵ ਅੰਦੋਲਨ ਨਾਲ ਮਲੀਆਮੇਟ ਕੀਤਾ ਜਾਵੇ। ਰੱਜੀ ਜੋ ਮੇਰਾ ਇਕ ਪਾਤਰ ਹੈ, ਵਿਧਵਾ ਹੈ ਪਰ ਜਦੋਂ ਵਿਆਹੀ ਜਾਂਦੀ ਹੈ ਤਾਂ ਬਾਕੀ ਰਹਿੰਦੀ ਉਮਰ ਤੱਕ ਆਪਣੇ ਪਤੀ ਨਾਲ ਪੂਰੀ ਤਰ੍ਹਾਂ ਸਰਗਰਮ ਸੰਘਰਸ਼ ਵਿਚ ਜਾਨ ਦੀ ਬਾਜੀ ਲਗਾਉਂਦੀ ਹੈ। ਅਫਰੀਕਨ ਨੀਗਰੋ ਜੋ ਮੇਰੇ ਨਾਵਲ ਦੇ ਪਾਤਰ ਹਨ। ਵਾਰ ਵਾਰ ਬਗਾਵਤ ਉੱਤੇ ਉਤਾਰੂ ਹੋ ਜਾਂਦੇ ਹਨ ਭਾਵੇਂ ਉਹਨਾਂ ਦੀਆਂ ਬਗਾਵਤਾਂ ਅਸਫਲ ਰਹਿੰਦੀਆਂ। ਅਜਿਹੀਆਂ ਬਹੁਤ ਮਿਸ਼ਾਲਾਂ ਹਨ ਮੇਰੇ ਨਾਵਲਾਂ ਵਿਚ।

ਪੰਜਾਬੀ ਭਾਸ਼ਾ ਹੁਣ ਕਿਸੇ ਸੀਮਿਤ ਖੇਤਰ ਦੀ ਭਾਸ਼ਾ ਨਹੀਂ ਰਹੀ ਭਾਰਤੀ ਭਾਸ਼ਾਵਾਂ ਕੀ ਇਹ ਸਾਰੀ ਦੁਨੀਆਂ ਦੀਆਂ ਭਾਸ਼ਾਵਾਂ ਦੀ ਤੁਲਨਾ ਵਿਚ ਇਕ ਸਮਰਥ ਭਾਸ਼ਾ ਹੈ। ਹੁਣ ਇਸ ਵਿਚ ਦਾਰਸ਼ਨਿਕ, ਵਿਗਿਆਨਿਕ ਤੇ ਮਨੋਵਿਗਿਆਨਕ ਵਿਸ਼ੇ ਲਿਆਉਣੇ ਚਾਹੀਦੇ ਹਨ ਸੋ ਉਹ ਮੇਰੇ ਨਾਵਲਾਂ ਵਿਚ ਵੇਖੇ ਜਾ ਸਕਦੇ ਹਨ। ਭਾਰਤੀ ਕਲਮਕਾਰਾਂ ਵਿਚ ਪ੍ਰੇਮ ਚੰਦ, ਕ੍ਰਿਸ਼ਨ ਚੰਦਰ, ਹਰੀ ਸ਼ੰਕਰ ਪਰਸਾਈ ਤੋਂ ਲੈ ਕੇ ਮਹਾਂ ਪੰਡਿਤ ਰਾਹੁਲ ਸੰਕ੍ਰਤਿਆਇਨ, ਡਾ. ਰਾਂਘੇ ਰਾਘਵ, ਅਗੇਯ ਅਤੇ ਆਚਾਰੀਆਂ ਚਤੁਰ ਸੈਨ ਸ਼੍ਰੇਸ਼ਟ ਹਨ ਜਿਨ੍ਹਾਂ ਇਤਿਹਾਸ ਦੇ ਅਗੇਤਰ-ਪਿਛੇਤਰ ਨੂੰ ਖੋਜਿਆ। ਮੇਰਾ ਨਾਵਲ ਇਤਿਹਾਸ ਮਿਥਿਹਾਸ ਨੂੰ ਮੰਥਣ ਦੇ ਨਾਲ ਨਾਲ ਭਵਿੱਖ ਉਨਮੁਖੀ ਹੁੰਦਾ ਹੈ। ਜਦ ਵੀ ਲਿਖਣ ਦਾ ਉਪਰਾਲਾ ਕਰਾਂ ਤਾਂ ਪੰਜਾਬੀ ਭਾਸ਼ਾ ਦੀ ਸਮਰਥਾ ਉੱਤੇ ਫ਼ਖ਼ਰ ਕਰਦਾ ਹੋਇਆ ਹੀ ਲਿਖਦਾ ਹਾਂ।



ਮੇਰੇ ਸਮੇਤ ਨਾ ਕਹੋ ਜਨਾਬ! ਛੇ ਨਾਵਲ ਦੇ ਚੁੱਕਾ ਹਾਂ। ਅਕਾਰੋਂ ਵਾਹਵਾ ਹਨ ਪ੍ਰਕਾਰੋਂ ਬਿਲਕੁਲ ਵੱਖਰੇ। ਮਹਾਂ ਬਲੀ (ਨਾਵਲ ਬਾਬਤ ਤਾਂ ਦਸ ਹੀ ਚੁੱਕਾ ਹਾਂ।) ਅਲਬਰੂਨੀ ਤੇ ਉਸਦੀ ਮਹਿਬੂਬ ਪੂੰਜੀਵਾਦ ਵਿਰੁੱਧ ਸੰਘਰਸ਼ਾਂ ਦੀ ਕਥਾ ਹੈ, 'ਗ੍ਰੀਸ਼ਨ ਰੋਮਨ ਦੇਵਤੇ' ਪ੍ਰਕਿਰਤੀਵਾਦੀ ਦੇਵਤਿਆਂ ਦੇ ਪ੍ਰਦੂਣ ਵਿਰੁੱਧ ਸਰਗਰਮੀਆਂ ਵਿਚ ਅਣਮਨੁਖੀ ਤਾਕਤਾਂ ਦੇ ਖਾਤਮੇ ਦੇ ਯੁੱਧਾਂ ਤੇ ਆਧਾਰਿਤ ਹੈ। 'ਇਕ ਹਜ਼ਾਰ ਇਕ ਪੀਲੀਆਂ ਰਾਤਾਂ' ਦੂਰ ਪੂਰਬੀ ਦੇਸ਼ਾਂ ਦੇ ਇਨਕਲਾਬਾਂ ਦੀ ਰੂਪ ਰੇਖਾ ਹੈ। 'ਲਾਤਿਨ ਅਮਰੀਕਾ ਦੀ ਧੀ' ਦੱਖਣੀ ਅਮਰੀਕਾ ਦੇ ਚੌਵੀ ਦੇਸ਼ ਦੇ 300 ਸਾਲਾਂ ਤੱਕ ਗੁਲਾਮ ਰਹਿ ਕੇ ਸੁਤੰਤਰ ਹੋਣ ਦਾ ਇਤਿਹਾਸ ਹੈ। ਛੇਵਾਂ ਨਾਵਲ 'ਕਲਿ ਆਈ ਕੁੱਤੇ ਮੂੰਹੀਂ' ਪੂਰੀ ਪ੍ਰਿਥਵੀ ਨੂੰ ਇਕ ਪਿੰਡ ਦੀ ਝਲਕ ਦਰਸਾ ਕੇ ਮਾਨਵ-ਮਾਤਰ ਦੀ ਸਾਂਝੀ ਪੀੜਾ ਹਰਨ ਦੇ ਯਤਨ ਹਨ।

ਮੈਂ ਆਪਣੇ ਨਾਵਲਾਂ ਵਿਚ ਬਹੁਤ ਸਾਰੇ ਗੁਜਰੇ ਤੱਤ ਨਾ ਕੇਵਲ ਸ਼ਾਮਲ ਕੀਤੇ ਹਨ ਬਲਕਿ ਬਹੁਤ ਸਾਰੀਆਂ ਪਹਿਲ ਕਦਮੀਆਂ ਕੀਤੀਆਂ ਹਨ ਜੋ ਸਿੱਧੇ ਤੌਰ ਤੇ ਮਨੁੱਖੀ ਵਿਹਾਰ ਨੂੰ ਪ੍ਰਭਾਵਿਤ ਕਰਨ ਦੇ ਸਮਰਥ ਹਨ।

ਮੈਂ ਪੂਰੀ ਪ੍ਰਿਥਵੀ ਨੂੰ ਇਕ ਪਿੰਡ ਮੰਨ ਕੇ ਵਿਸ਼ਵ-ਵਿਆਪੀ ਮੁੱਦਿਆਂ ਉੱਤੇ ਤਰੈਕਾਲ ਦਰਸ਼ੀ ਨਾਵਲ ਲਿਖਦਾ ਹਾਂ। ਪੂੰਜੀਵਾਦ ਦੀ ਚੱਕੀ ਹੇਠ ਪਿਸ ਰਹੇ ਆਮ ਲੋਕਾਂ ਅਤੇ ਖਾਸ ਕਰਕੇ ਦਲਿਤਾਂ ਆਦਿ ਵਾਸੀਆਂ ਦੀ ਕੰਗਾਲੀ ਦੇ ਮੁੱਦਿਆਂ ਨੂੰ ਮੁੱਖ ਤੌਰ ਤੇ ਪੇਸ਼ ਕਰਦਾ ਹਾਂ।

ਸੱਤਾਧਾਰੀਆਂ ਅਤੇ ਪੂੰਜੀਪਤੀਆਂ ਦੇ ਉਹਨਾਂ ਹਥਕੰਡਿਆਂ ਨੂੰ ਬੇਨਕਾਬ ਕਰਦਾ ਹਾਂ ਜਿਹੜੇ ਉਹ ਆਪਣੇ ਘਪਲਿਆਂ ਘੁਟਾਲਿਆਂ, ਜਾਅਲਸਾਜ਼ੀਆਂ, ਚਾਲਬਾਜ਼ੀਆਂ ਅਤੇ ਹੋਰ ਛਲਾਂ-ਕਪਟਾਂ ਨੂੰ ਛੁਪਵਾਉਣ ਅਤੇ ਸਾਊ ਸ਼ਰੀਫ ਬਣੇ ਰਹਿਣ ਲਈ ਕਰਦੇ ਹਨ। ਮਿਸਾਲ ਦੇ ਤੌਰ ਤੇ ਉਹ ਐਸੇ ਅੰਕੜੇ ਦਰਸਾਉਣਗੇ ਕਿ ਗਰੀਬੀ ਘੱਟ ਰਹੀ ਹੈ ਤੇ ਦੇਸ਼ ਅਮੀਰ ਹੋ ਰਿਹਾ । ਖਰਬਾਂ ਦੇ ਕਾਲੇ ਧਨ ਵਲ ਲੋਕਾਂ ਦਾ ਧਿਆਨ ਨਹੀਂ ਜਾਣ ਦੇਣਗੇ। ਬਾਹਰੀ ਤੇ ਅੰਦਰੂਨੀ ਖਤਰਿਆਂ ਦਾ ਹਊਆ ਦਿਖਾ ਕੇ ਉਸ ਉੱਤੇ ਖਰਬਾਂ ਖਰਚ ਸਕਣ ਦਾ ਆਪਣਾ ਅਧਿਕਾਰ ਬਣਾਈ ਰੱਖਣਗੇ। ਫਿਲਮਾਂ ਵਿਚ ਲੱਚਰ ਨਾਚ ਆਈਟਮਾ ਨੂੰ ਖੁੱਲ੍ਹ ਦੇ ਕੇ ਉਹਨਾਂ ਉੱਤੇ ਬੇਤਹਾਸ਼ਾ ਖਰਚ ਕਰਨ ਦੇ ਆਡੰਬਰ ਰਚਣਗੇ। ਖੇਡ ਨੂੰ ਖੇਡ ਨਹੀਂ ਰਹਿਣ ਦੇਂਦੇ ਸਿਰਫ ਪੇਸ਼ਾਵਰ ਖਿਡਾਰੀਆਂ ਨੂੰ ਵਾਰ ਵਾਰ ਖਿਡਵਾਉਣ ਅਤੇ ਉਹਨਾਂ ਵਿਚ ਡਰੱਗ ਤੇ ਨਸ਼ੇ ਦੀ ਆਦਤ ਨਾਲ ਜਿੱਤ ਸਕਣ ਲਈ ਪ੍ਰੇਰਨ ਕਰਨਗੇ। ਚੀਅਰਲੀਡਰਜ਼ ਦਾ ਖੇਡ ਵਿਚ ਦਾਖਲਾ ਆਦਿ ਬੇਗਿਣਤ ਧਨ ਦੀ ਬਰਬਾਦੀ ਕਰਵਾ ਕੇ ਸੱਟੇ ਤੇ ਜੂਏ ਦਾ ਰਾਹ ਪੱਧਰਾ ਕਰਨਗੇ ਆਦਿ ਜਨ ਜੀਵਨ ਦੀਆਂ ਮੁਸੀਬਤਾਂ ਵਧਾਈ ਜਾਣ ਦਾ ਕਾਰਣ ਬਣਦੇ ਰਹਿਣਗੇ।

ਆਰੰਭ ਵਿਚ ਕੋਈ ਸੌ ਸਾਲ ਈਸਵੀਂ ਤੋਂ ਪਹਿਲਾਂ ਹੀ ਸੁਹਜ-ਸਾਸ਼ਤਰੀਆਂ ਨੇ ਬੜੇ ਸੁੰਦਰ ਸੁਝਾਓ ਦੇਣੇ ਸ਼ੁਰੂ ਕਰ ਦਿੱਤੇ ਸਨ। ਭਰਤ ਮੁਨੀ, ਭਾਮਾ, ਵਾਮਨ, ਰਾਜ ਸ਼ੇਖਰ, ਅਭਿਨਵ ਗੁਪਤ, ਮੱਮਟ ਤੇ ਮਹਿਮਾ ਭੱਟ ਆਦਿ ਸਾਹਿਤਕ ਸਮੀਖਿਆਕਾਰ ਹੋਏ ਹਨ ਜਿਨ੍ਹਾਂ ਵਿਚ ਕਈਆਂ ਨੇ ਅਭਿਵਿਅੰਜਨਾ, ਅਲੰਕਾਰਾਂ, ਸ਼ਬਦ-ਸ਼ਕਤੀ, ਨੌ ਰਸਾਂ, ਤਰਕ, ਜਾਂ ਸੂਤਰ ਪ੍ਰਣਾਲੀ ਉੱਤੇ ਆਪਣੀ ਆਪਣੀ ਦ੍ਰਿਸ਼ਟੀ ਤੋਂ ਬਲ ਦਿੱਤਾ। ਉਦੋਂ ਤੋਂ ਲੈ ਕੇ ਸਾਹਿਤ ਦੇ ਰੂਪਾਂ ਵਿਚ ਢੇਰ ਸਾਰੀਆਂ ਤਬਦੀਲੀਆਂ ਵਿਦਮਾਨ ਹੋ ਚੁੱਕੀਆਂ ਹਨ। ਆਲੋਚਨਾ ਵਿਚ ਵੀ ਤਬਦੀਲੀਆਂ ਆਈਆਂ ਜ਼ਰੂਰ ਹਨ ਪਰ ਉਸਾਰੂ ਪੱਖੀ ਨਹੀਂ। ਧੜੇਬੰਦੀ, ਖਹਿਬਾਜ਼ੀ, ਈਰਖਾ, ਚੁਗਲੀ ਆਦਿ ਔਗੁਣ ਭਾਰੂ ਹਨ। ਆਲੋਚਨਾ ਤਾਂ ਅੱਜ ਕਲ ਇਕ ਪੇਸ਼ਾ ਬਣ ਕੇ ਰਹਿ ਗਈ ਹੈ। ਇਸ ਪ੍ਰਕਿਰਿਆ ਨੂੰ ਅੰਤਿਮ ਰੂਪ ਢਾਬਿਆਂ, ਰੈਸਟੋਰੈਂਟਾਂ, ਹੋਟਲਾਂ ਜਾਂ ਕਲੱਬਾਂ ਵਿਚ ਦਿੱਤਾ ਜਾਂਦਾ ਹੈ ਮੇਰੇ ਵਰਗਾ ਬੰਦਾ ਜੋ ਕਿਤਿਓਂ ਵੀ ਚਾਹ-ਸ਼ਰਾਬ ਜਾਂ ਭੋਜਨ ਆਦਿ ਨਹੀਂ ਕਰਦਾ ਉਸ ਤੋਂ ਹਰ ਸਮੀਖਿਅਕ ਦੂਰੀ ਬਣਾਈ ਰਖਣਾ ਹੀ ਠੀਕ ਸਮਝਦਾ ਹੈ।

ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਆਮ ਲੋਕਾਂ ਲਈ ਅਤੇ ਖਾਸ ਕਰਕੇ ਯੁਵਕਾਂ ਵਾਸਤੇ

ਪ੍ਰੇਰਣਾ ਦਾ ਸਭ ਤੋਂ ਉੱਤਮ ਸੋਮਾ ਹੋਇਆ ਕਰਦਾ ਹੈ। ਇਸ ਪ੍ਰਕਾਰ ਦੇ ਨਾਵਲਾਂ ਦਾ ਸਥਾਨ, ਸਭ ਤਰ੍ਹਾਂ ਦੀਆਂ ਗਲਪ ਰਚਨਾਵਾਂ ਵਿਚ ਸ਼੍ਰੋਮਣੀ ਹੈ। ਰਹੀ ਗਲ ਇਸ ਦੇ ਭਵਿੱਖ ਦੀ ਭਵਿੱਖ ਤਾਂ ਇਸਦਾ ਬਹੁਤ ਰੌਸ਼ਨ ਹੈ। ਭਾਵੇਂ ਪੰਜਾਬੀ ਵਿਚ ਇਸ ਵਿਧਾ ਵਲ ਧਿਆਨ ਬਹੁਤ ਘੱਟ ਦਿੱਤਾ ਗਿਆ ਹੈ। ਇਸ ਖੇਤਰ ਵਿਚ ਕੰਮ ਕਰਨ ਦੀ ਬਹੁਤ ਲੋੜ ਹੈ। ਬੇਸ਼ਕ ਦਾਸ ਦੇ ਛੇ ਨਾਵਲਾਂ ਵਿਚੋਂ ਚਾਰ ਇਤਿਹਾਸਕ ਹਨ। ਸੱਤਵਾਂ ਨਾਵਲ ਜੋ ਮੈਂ ਲਿਖ ਰਿਹਾ ਹਾਂ। ਨਿਰੋਲ ਜੀਵਨੀ ਮੂਲਕ ਹੋਵੇਗਾ। ਉਸ ਵਿਚ ਚੌਦਵੀਂ ਸਦੀ ਦੇ ਇਕ ਮਹਾਨਤਮ ਵਿਅਕਤੀ ਦੀ ਜੀਵਨੀ ਹੈ ਜਿਸ ਦੀਆਂ ਸਰਗਰਮੀਆਂ ਦੇ ਕੀਰਤੀਮਾਨਾਂ ਨੂੰ ਅੱਜ ਤੱਕ ਕੋਈ ਵੀ ਨਹੀਂ ਛੋਹ ਸਕਿਆ।

ਹਿੰਦੀ ਨਾਵਲਿਸਟ ਫਣੀਸ਼ਵਰ ਨਾਥ ਰੇਣੂ ਨੇ ਇਕ ਨਾਵਲ 'ਮੈਲਾ ਆਂਚਲ' ਲਿਖਿਆ ਜੋ ਕੋਰਸਾਂ ਵਿਚ ਲਗ ਗਿਆ। ਫਿਰ ਕੀ ਸੀ ਕਿ ਹਵਾ ਚਲ ਪਈ। ਬਹੁਤ ਸਾਰੇ ਹਿੰਦੀ ਅਤੇ ਪੰਜਾਬੀ ਨਾਵਲ ਪੇਂਡੂ ਸਭਿਆਚਾਰ ਦੁਆਲੇ ਕੋਹਲੂ ਦੇ ਬੈਲ ਵਾਂਗ ਘੁੰਮਣ ਲੱਗ ਪਏ। ਆਪਾਂ ਤਾਂ ਰੀਸ ਦੀ ਪ੍ਰਵਿਰਤੀ ਤੋਂ ਹਮੇਸ਼ਾਂ ਬਾਹਰ ਰਹੇ ਹਾਂ। ਸਮੱਸਿਆ ਉਹੀ ਲੈਂਦੇ ਹਾਂ ਜੋ ਪਿੰਡ, ਸ਼ਹਿਰ ਜਾਂ ਕਸਬੇ ਦੀ ਬਹੁ ਗਿਣਤੀ ਜਨ ਸੰਖਿਆ ਦੀ ਸਮੱਸਿਆ ਹੋਵੇ!

ਇਸ ਵਿਚ ਕੋਈ ਸੰਦੇਹ ਨਹੀਂ ਕਿ ਨਾਰੀ ਆਦਿ ਕਾਲ ਤੋਂ ਹੀ ਸ਼ੋਸ਼ਣ ਦਾ ਸ਼ਿਕਾਰ ਰਹੀ ਹੈ। ਪ੍ਰਕਿਰਤੀ ਨੇ ਹੀ ਉਸਨੂੰ ਜਨਮ ਦੇਣ ਤੋਂ ਨੌਂ ਮਹੀਨੇ ਪਹਿਲਾਂ ਬੱਚੇ ਦਾ ਬੋਝ ਢੋਣ ਦੀ ਜ਼ਿਮੇਵਾਰੀ ਦਿੱਤੀ ਹੋਈ ਹੈ ਤੇ ਫਿਰ ਸੱਤਾ ਸਾਲ ਦੇ ਛੋਟੇ ਬੱਚੇ ਦਾ ਪਾਲਣ ਪੋਸ਼ਣ ਵੀ ਉਸੇ ਦੀ ਦੇਖ ਭਾਲ ਵਿਚ ਹੀ ਸੰਭਵ ਹੈ। ਇਸ ਤਰ੍ਹਾਂ ਚਾਰ ਪੰਜ ਬੱਚੇ ਪਾਲਣੇ ਇਕ ਜ਼ੋਖ਼ਮ ਦਾ ਕੰਮ ਹੈ। ਫਿਰ ਇਸਤਰੀ ਦਾ ਸਰੀਰ ਅਤਿ ਕੋਮਲ ਹੋਣ ਕਾਰਣ ਕਰੜੀ ਮੁਸ਼ੱਕਤ ਤੇ ਭਾਰੀਆਂ ਮੁਹਿੰਮਾਂ ਦੇ ਯੋਗ ਨਹੀਂ ਹੁੰਦਾ ਸੋ ਉਸਨੂੰ ਸਹਾਇਤਾ ਵਾਸਤੇ ਕਿਸੇ ਪੁਰਸ਼ ਦੀ ਲੋੜ ਪੈਂਦੀ ਹੈ ਪੁਰਸ਼ ਉਸਦਾ ਨਾਜ਼ਾਇਜ ਲਾਭ ਲੈਂਦੇ ਰਹਿੰਦੇ ਹਨ। ਅਜਿਹੀ ਸਮਾਜਕ ਸਥਿਤੀ ਨਾਵਲਕਾਰਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਨਾਰੀ ਦਾ ਦੂਜਾ ਰੂਪ ਵੀ ਹੈ ਜਦੋਂ ਨਾਰੀਆਂ ਦੁਰਗਾਂ ਜਾਂ ਚੰਡੀ ਦਾ ਰੂਪ ਧਾਰਦੀਆਂ ਹਨ। ਇਕ ਫਿਲਾਸਫਿਰ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਸੀ ਇਤਿਹਾਸ ਦੀ ਹਰ ਜੁਗ ਪਲਟਾਊ ਘਟਨਾ ਪਿੱਛੇ ਕਿਸੇ ਨਾ ਕਿਸੇ ਨਾਰੀ ਦਾ ਹੱਥ ਰਿਹਾ ਹੈ। ਮੇਰੇ ਇਤਿਹਾਸਕ ਨਾਵਲਾਂ ਵਿਚ ਦਰਜਣਾ ਉਦਾਹਰਣ ਮੌਜੂਦ ਹਨ। ਸਥਾਨ ਦੀ ਬੰਦਸ਼ ਹੋਣ ਕਰ ਕੇ ਸਭ ਨਾਵਲਾਂ ਦਾ ਵਰਣਨ ਸੰਭਵ ਨਹੀਂ ਹੈ।

ਮੋਬਾ.-97801-51216, 97813-15458

## ਮੈਂ ਆਪਣੇ ਨਾਵਲਾਂ ਵਿਚ ਫਿਲਮੀ ਜ਼ਿੰਦਗੀ ਦੇ ਕੁਝ ਸੱਚ ਨੂੰ ਬਿਆਨ ਕੀਤਾ ਹੈ- ਬੂਟਾ ਸਿੰਘ ਸ਼ਾਦ

ਨਾਵਲ ਦੀ ਵਿਧਾ ਚੁਣਨ ਦਾ ਮਕਸਦ ਇਹ ਸੀ ਕਿ ਜਿਹੜੇ ਪਾਤਰ ਜਾਂ ਪਲਾਟ ਮੇਰੇ ਜ਼ਿਹਨ ਵਿਚ ਕੁਸ਼ਤੀ ਕਰ ਰਹੇ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਵਿਕਸਤ ਹੋਣ ਦਾ ਮੌਕਾ ਮਿਲ ਜਾਂਦਾ ਹੈ। ਕਿਉਂਕਿ ਮੇਰੇ ਅੰਦਰ ਇਕ ਸਮੁੰਦਰ ਵਰਗਾ ਤੂਫ਼ਾਨ ਹੈ, ਜਿਹੜਾ ਸਿਰਫ਼ ਨਾਵਲ ਵਿਧਾ ਦੇ ਮੇਚ ਹੀ ਆਉਂਦਾ ਹੈ। ਦਰਿਆ, ਨਹਿਰਾਂ ਆਦਿ ਇਸ ਦੀ ਵਿਸ਼ਾਲਤਾ ਨੂੰ ਨਹੀਂ ਸੰਭਾਲ ਸਕਦੀਆਂ। ਕਹਿਣ ਤੋਂ ਭਾਵ ਨਿੱਕੀ ਕਹਾਣੀ ਜਾਂ ਮਿੰਨੀ ਕਹਾਣੀ ਵਿਚ ਉਹ ਸਭ ਨਹੀਂ ਸਮਾ ਸਕਦਾ ਸੀ।

ਸਿਰਜਣਾ ਮੈਂ ਨਹੀਂ ਕਰਦਾ ਇਹ ਤਾਂ ਬਾਜਾਂ ਵਾਲਾ ਕਰਾਉਂਦਾ ਹੈ। ਮੈਂ ਲਿਖਣ ਤੋਂ ਪਹਿਲਾਂ ਕਲਗੀਆਂ ਵਾਲੇ ਅੱਗੇ ਬੇਨਤੀ ਕਰਦਾ ਹਾਂ ਕਿ ਤੁਸੀਂ ਆਪ ਹੀ ਕ੍ਰਿਪਾ ਦ੍ਰਿਸ਼ਟੀ ਅਨੁਸਾਰ ਕਰਵਾ ਲਓ। ਬਸ ਫਿਰ ਮੈਂ ਜਦ ਲਿਖਣਾ ਸ਼ੁਰੂ ਕਰਦਾ ਹਾਂ ਤਾਂ ਆਪਣੇ ਆਪ ਹੀ ਮੇਰੇ ਦਿਲ ਦਿਮਾਗ਼ ਵਿਚ



ਜੀਵਨ ਦੀਆਂ ਘਟਨਾਵਾਂ ਦਾ ਇਕ ਪਲਾਟ ਬਣ ਜਾਂਦਾ ਹੈ ਅਤੇ ਮੈਂ ਲਿਖਦਾ ਹੀ ਚਲਾ ਜਾਂਦਾ ਹਾਂ...

ਜੇ ਨਾਵਲੀ ਬਿਰਤਾਂਤ ਦੀ ਪੇਸ਼ਕਾਰੀ ਕਰਨ ਵਿਚ ਵਰਤੀ ਜਾਂਦਾ ਦ੍ਰਿਸ਼ਟੀ ਦੀ ਗੱਲ ਕਰੀਏ ਤਾਂ ਮੈਂ ਇਹੀ ਕਹਿਣਾ ਹੈ ਕਿ ਮੈਂ ਸਿਰਫ ਯਥਾਰਥ ਵਿਚ ਵਾਪਰੀਆਂ ਘਟਨਾਵਾਂ ਨੂੰ ਕਲਪਨਾ ਅੰਸ਼ ਮਿਲਾ ਕੇ ਪੇਸ਼ ਕਰਦਾ ਹਾਂ। ਉਹ ਕਿਹੜੀ ਤੇ ਕਿਸ ਦ੍ਰਿਸ਼ਟੀ ਤੋਂ ਪੇਸ਼ ਹੋ ਰਿਹਾ ਹੈ ਇਹ ਪਾਤਰ ਜਾਂ ਆਲੋਚਕ ਤੈਅ ਕਰਦੇ ਹਨ। ਮੈਂ ਨਹੀਂ! ਮੇਰਾ ਕਾਰਜ ਸਿਰਫ਼ ਨਾਵਲ ਦੀ ਸਿਰਜਣਾ ਕਰਨਾ ਹੈ।

ਮੇਰੇ ਨਾਵਲਾਂ ਦੇ ਸਾਰੇ ਪਾਤਰ ਪੰਜਾਬੀ ਸਭਿਆਚਾਰ ਤੇ ਮਨੁੱਖ ਦੀ ਦਾਸਤਾਨ ਨੂੰ ਹੀ ਪੇਸ਼ ਕਰਦੇ ਹਨ। ਇਹ ਪਾਤਰ ਵਿਲੱਖਣ ਰੂਪ ਵਿਚ ਹੀ ਪੇਸ਼ ਹੋਏ ਹਨ। ਜੀਵਨ ਵਿਸ਼ਾਲ ਮਨੁੱਖਤਾ ਦੇ ਸੁਭਾਅ ਨੂੰ ਦਰਸਾਉਂਦਾ ਹੈ ਅਤੇ ਮੇਰੇ ਪਾਤਰ ਆਮ ਤੌਰ ਤੇ ਉਨ੍ਹਾਂ ਪਾਤਰਾਂ ਦੀ ਤਰਜਮਾਨੀ ਕਰਦੇ ਹਨ ਜਿਹੜੇ ਈਸ਼ਵਰ ਦੀ ਬਣਾਈ ਦ੍ਰਿਸ਼ਟੀ ਅਨੁਸਾਰ ਇੱਕ ਦੂਜੇ ਨਾਲ ਮਿਲਦੇ ਨਹੀਂ, ਉਹ ਆਪਣੇ ਆਪ ਵਿਚ ਸੰਪੂਰਨਤਾ ਵਿਚ ਹੁੰਦੇ ਹਨ। ਇਸ ਗੱਲ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਲਈ ਤੁਸੀਂ ਮੇਰੇ ਨਾਵਲ 'ਸਿੱਖ', ਚਲਦੀ ਵਹੀਰ, ਖਾਲਸਾ ਵੇਖ ਸਕਦੇ ਹੋ।

ਮੇਰੇ ਨਾਵਲਾਂ ਦੇ ਪਾਤਰ ਜੀਵਨ ਦੀ ਹਕੀਕਤ ਨੂੰ ਉਘਾੜਦੇ ਹਨ। 'ਅੱਧੀ ਰਾਤ ਪਹਿਰ ਦਾ ਤੜਕਾ' ਨਾਵਲ ਦਾ ਜੰਗ ਸਿੰਘ, 'ਕੁੱਤਿਆਂ ਵਾਲੇ ਸਰਦਾਰ' ਦੀ ਨਾਇਕਾ ਯਾਰ ਮੈਡਮ, 'ਬੰਜਰ ਧਰਤੀ 'ਟਹਿਕਦਾ ਫੁੱਲ' ਦਾ ਪਾਤਰ ਤੋਤੀ ਆਦਿ ਤਕਰੀਬਨ ਹਰ ਨਾਵਲ ਵਿਚੋਂ ਮੇਰੇ ਪਾਤਰ ਚੁਣੇ ਜਾ ਸਕਦੇ ਹਨ, ਜਿਹੜੇ ਜੀਵਨ ਦੇ ਬਿਰਤਾਂਤ ਨੂੰ ਬੜੇ ਅਨੋਖੇ ਤਰੀਕੇ ਨਾਲ ਸੱਚਾਈ ਦੇ ਨੇੜੇ ਹੋਣ ਦਾ ਦਾਅਵਾ ਵੀ ਕਰਦੇ ਹਨ।

ਮੈਂ ਜੀਵਨ ਦੀਆਂ ਘਟਨਾਵਾਂ ਨੂੰ ਬਿਆਨ ਕਰਦਾ ਹਾਂ, ਜਿਹੜੀਆਂ ਪਾਤਰਾਂ ਨਾਲ ਜੁੜੀਆਂ ਹੁੰਦੀਆਂ ਹਨ। ਲਿਖਦੇ ਸਮੇਂ ਮੇਰਾ ਧਿਆਨ ਉਨ੍ਹਾਂ ਪਾਤਰਾਂ ਦੀ ਹੋਣੀ ਨੂੰ ਬਿਆਨ ਕਰਨਾ ਹੁੰਦਾ ਹੈ ਨਾ ਕਿ ਪਾਠਕਾਂ ਦੀ ਰੁਚੀ ਨੂੰ। ਉਹ ਪਾਤਰ ਆਮ ਲੋਕਾਂ ਵਿਚੋਂ ਹੀ ਵਿਚਰਦੇ ਹਨ ਅਤੇ ਨਾਵਲ ਵਿਚ ਆ ਜਾਂਦੇ ਹਨ ਜਿਸ ਕਾਰਣ ਪਾਠਕ ਉਨ੍ਹਾਂ ਨੂੰ ਪਸੰਦ ਕਰਦੇ ਹਨ। ਇਹ ਕੋਈ ਸੋਚੀ ਸਮਝੀ ਸਾਜ਼ਿਸ ਨਹੀਂ ਹੈ। ਇਹ ਵੇਗ ਵਿਚੋਂ ਨਿਕਲੇ ਸੱਚ ਨੂੰ ਬਿਆਨ ਕਰਦੀਆਂ ਹਕੀਕਤ ਨਾਲ ਦਸਤਪੰਜਾ ਲੈਂਦੀਆਂ ਮਨੁੱਖੀ ਸੱਚਾਈਆਂ ਹਨ।

ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਨਾਇਕ ਜਾਂ ਨਾਇਕਾ ਦੀ ਮਿੱਥ ਮੇਰੇ ਨਾਵਲਾਂ ਦੀ ਬਣਤਰ 'ਤੇ ਪੂਰੀ ਨਹੀਂ ਢੁੱਕਦੀ। ਮੇਰੇ ਬਹੁਤ ਸਾਰੇ ਨਾਵਲਾਂ ਨਾਇਕ ਪ੍ਰਧਾਨ ਹੈ ਹੀ ਨਹੀਂ। ਕਿਤੇ ਔਰਤ ਪ੍ਰਧਾਨ ਹੈ ਕਿਤੇ ਉਨ੍ਹਾਂ ਦੇ ਮਾਪਿਆਂ ਨੂੰ ਅੱਗੇ ਲੈ ਆਇਆ ਹਾਂ। ਇਹ ਰੂੜ੍ਹੀ ਏਨੀ ਜਲਦੀ ਖ਼ਤਮ ਹੋਣ ਵਾਲੀ ਵੀ ਨਹੀਂ ਹੈ ਕਿਉਂਕਿ ਅਜੇ ਵੀ ਅਸੀਂ ਬਦਲ ਲਈ ਕੋਈ ਅਗਵਾਈ ਵਾਲਾ ਭਾਲਦੇ ਹਨ ਇਹ ਭਾਲ ਹੀ ਨਾਇਕ ਜਾਂ ਖਲਨਾਇਕ ਬਣਾਉਂਦੀ ਹੈ। ਸੋ ਮੈਂ ਤਾਂ ਆਪਣੇ ਨਾਵਲ ਵਿਚ ਅਜਿਹਾ ਨਹੀਂ ਕਰਦਾ ਹਾਂ ਪਾਠਕ ਜੋ ਚਾਹੁੰਦੇ ਹਨ ਜੋ ਸੋਚਦੇ ਹਨ ਉਹੀ ਹੁੰਦਾ ਹੈ।

ਮੈਂ ਯਥਾਰਥਵਾਦੀ ਲੇਖਕ ਹਾਂ। ਜਿਵੇਂ ਮੈਂ ਸੱਚ ਨੂੰ ਮਹਿਸੂਸ ਕਰਦਾ ਹਾਂ ਜਾਂ ਵੇਖਦਾ ਹਾਂ ਉਹੀ ਮੇਰੇ ਨਾਵਲਾਂ ਵਿਚ ਵਾਪਰਦਾ ਹੈ। ਦਲਿਤ ਪਾਤਰਾਂ ਨਾਲ ਵੀ ਅਜਿਹਾ ਹੀ ਹੈ। ਮੁੱਖ ਤੌਰ ਤੇ ਮੈਂ ਆਪਣੇ ਨਾਵਲ 'ਬਾਝ ਭਰਾਵਾਂ ਸਕਿਆ' ਦਾ ਜ਼ਿਕਰ ਕਰਦਾ ਹਾਂ ਕਿਉਂਕਿ ਇਹ ਨਾਵਲ ਦਲਿਤ ਪਾਤਰਾਂ ਦੀ ਸਥਿਤੀ ਜੋ ਅੱਜ ਤੋਂ 50 ਸਾਲ ਪੁਰਾਣੀ ਹੈ ਦਾ ਬਿਆਨ ਪੇਸ਼ ਕੀਤਾ ਗਿਆ ਹੈ। ਮਾਲਕ ਕਿਵੇਂ ਬੁਢਾਪੇ ਵਿਚ ਆਪਣੇ ਸੀਰੀ ਦੀ ਵਡਿਆਈ ਕਰਵਾਉਂਦਾ ਹੈ ਅਤੇ ਕਰਦਾ ਹੈ। ਇਹ ਡੂੰਘਾ ਤੇ ਗੂੜ੍ਹਾ ਰਿਸ਼ਤਾ ਜੋ ਪੰਜਾਬੀ ਸਭਿਆਚਾਰ 'ਚੋਂ ਅਲੋਪ ਹੋ ਚੁੱਕਾ ਹੈ ਦੀ ਤਰਜਮਾਨੀ ਕਰਦਾ ਨਾਵਲ ਹੈ।

ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਨਾਵਲ ਭਾਰਤੀ ਪੱਧਰ 'ਤੇ ਹਰ ਭਾਸ਼ਾ ਦੇ ਨਾਵਲ ਨਾਲ ਬਰ ਮੇਚ ਕੇ ਖੜ੍ਹਾ ਹੈ। ਇਸ ਵਿਚ ਨਿਰੰਤਰ ਨਵੇਂ ਤਜਰਬੇ ਅਜੇ ਵੀ ਜਾਰੀ ਹਨ। ਪੰਜਾਬੀ ਨਾਵਲਾਂ 'ਤੇ ਬਣੀਆਂ ਟੈਲੀ ਫ਼ਿਲਮਾਂ ਅਤੇ ਫਿਲਮਾਂ ਵੀ ਉਨ੍ਹਾਂ ਦੇ ਮਿਆਰ ਨੂੰ ਬਿਆਨ ਕਰਦੀਆਂ


ਹਨ। 'ਪਿੰਜਰ', 'ਟਰੇਨ ਟੂ ਪਾਕਿਸਤਾਨ' ਆਦਿ ਨਾਵਲਾਂ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ।

ਮੈਨੂੰ ਫਿਊਡਲ ਰਿਸ਼ਤਿਆਂ ਦੀ ਗੱਲ ਸਮਝ ਨਹੀਂ ਆਉਂਦੀ। ਮੇਰੇ ਨਾਵਲ ਮਨੁੱਖਤਾ ਦੇ ਰਿਸ਼ਤਿਆਂ ਦੀ ਪਰਕਰਮਾ ਕਰਦੇ ਹਨ। ਮੇਰਾ ਹਰ ਨਾਵਲ ਇਸ ਗੱਲ ਦੀ ਗਵਾਹੀ ਦੇਂਦਾ ਹੈ।

ਮੈਂ ਵੀ ਜੀਵਨੀ ਮੂਲਕ ਨਾਵਲ ਲਿਖੇ ਹਨ। ਇਸ ਦਾ ਭਵਿੱਖ ਬਹੁਤ ਉਜਵਲ ਹੈ। ਇਤਿਹਾਸਕ ਨਾਵਲਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿੱਥੇ ਇਤਿਹਾਸ ਨੂੰ ਦਰਸਾਉਂਦੇ ਹਨ ਉਥੇ ਪਾਠਕਾਂ ਨੂੰ ਗਿਆਨ ਵੀ ਵਧੀਆ ਤੇ ਰੌਚਿਕ ਤਰੀਕੇ ਨਾਲ ਕਰਵਾ ਦੇਂਦੇ ਹਨ। ਮੈਂ ਆਪਣੇ ਨਾਵਲਾਂ ਵਿਚ ਫਿਲਮੀ ਜ਼ਿੰਦਗੀ ਦੇ ਕੁਝ ਸੱਚ ਨੂੰ ਬਿਆਨ ਕੀਤਾ ਹੈ। ਮੈਂ ਹੀ ਨਹੀਂ ਜਸਵੰਤ ਸਿੰਘ ਕੰਵਲ ਨੇ ਆਪਣੀ ਸਵੈ ਜੀਵਨੀ 'ਪੁੰਨਿਆ ਦਾ ਚਾਨਣ' ਵਿਚ ਨਾਵਲੀ ਬਿਰਤਾਂਤ ਹੀ ਸਿਰਜਿਆ ਹੈ। ਉਹ ਸਵੈ ਜੀਵਨੀ ਇਕ ਇਸ਼ਕ ਦੀ ਦਾਸਤਾਨ ਹੀ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਦਾ ਸੱਚ ਹੈ, ਨਿਰੋਲ ਸੱਚ। ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਲਾਲ ਬੱਤੀ' ਵੀ ਉਸ ਦੇ ਜ਼ਿੰਦਗੀ ਦਾ ਅਨੁਭਵ ਹੀ ਤੇ ਹੈ। ਸੋ ਇਹ ਨਾਵਲ ਪਾਠਕਾਂ ਦੇ ਗਿਆਨ ਵਿਚ ਵਾਧਾ ਤੇ ਕਰਦੇ ਹਨ ਉਥੇ ਇਕ ਮੂਕ ਸੰਦੇਸ਼ ਵੀ ਛੱਡ ਜਾਂਦੇ ਹਨ। ਪਰਵਾਸੀ ਨਾਵਲਕਾਰ ਵੀ ਅਜਿਹੀਆਂ ਕਿਰਤਾਂ ਦੀ ਸਿਰਜਣਾ ਕਰ ਰਹੇ ਹਨ।

ਜੇ ਨਾਰੀ ਦੀ ਗੱਲ ਕਰੀਏ ਤਾਂ ਨਾਰੀ ਸਮਾਜ ਵਿਚ ਦੂਜੈਲਾ ਸਥਾਨ ਰੱਖਦੀ ਹੈ। ਇਸ ਸਮਾਜ ਦੇ ਸਾਰੇ ਅਸੂਲ ਉਸ ਨੂੰ ਦਬਾਉਣ ਲਈ ਹੀ ਬਣਾਏ ਗਏ ਹਨ। ਫਿਰ ਇਹ ਕਹਿਣਾ ਕਿ ਉਹ ਹੀ ਸ਼ੋਸ਼ਣ ਦਾ ਸ਼ਿਕਾਰ ਕਿਉਂ ਹੈ, ਹਾਸੋਹੀਣੀ ਗੱਲ ਜਾਪਦੀ ਹੈ। ਇਹ ਵਰਤਾਰਾ ਅਜ਼ਲ ਤੋਂ ਹੀ ਉਸ ਨਾਲ ਵਾਪਰ ਰਿਹਾ ਹੈ ਅਸੀਂ ਬਦਲ ਦੀ ਗੱਲ ਕਰਦੇ ਹਾਂ ਪਰ ਬਦਲਣ ਤੋਂ ਅਸੀਂ ਇਨਕਾਰੀ ਹਾਂ। ਮੇਰੇ ਨਾਵਲਾਂ ਵਿਚ ਔਰਤ ਦਾ ਉਹੀ ਰੂਪ ਪੇਸ਼ ਹੋਇਆ ਹੈ ਜੋ ਸਮਾਜ ਵਿਚ ਉਸ ਦਾ ਹੈ। ਕੁਝ ਵੀ ਵੱਖਰਾ ਨਹੀਂ। ਹਾਂ ਮੇਰੇ ਨਾਵਲ ਦੀਆਂ ਔਰਤਾਂ ਸੰਘਰਸ਼ ਵੀ ਕਰਦੀਆਂ ਹਨ ਪਰੰਤੂ ਔਰਤ ਪੁਣੇ ਵਿਚ ਹੀ। ਨਾਰੀ ਉੱਚੀ ਵੀ ਹੈ ਅਤੇ ਬਹੁਤ ਸਾਰੇ ਨਾਵਲਾਂ ਵਿਚ ਉਹ ਬੇਮਿਸਾਲ ਵੀ ਹੈ? ਆਖਰੀ ਬਾਤ ਨਾਰੀ ਹੀ ਸੰਸਾਰ ਹੈ ਅਤੇ ਨਾਰੀ ਹੈ ਵੀ ਕੁਝ ਨਹੀਂ?

## ਆਲੋਚਕ ਮੇਰੇ ਨਾਵਲਾਂ ਉੱਤੇ ਅਸ਼ਲੀਲਤਾ ਦਾ ਦੂਸ਼ਣ ਲਾਉਂਦੇ ਹਨ
## - ਮੋਹਨ ਸਿੰਘ ਕੁੱਕੜਪਿੰਡੀਆ




ਵਿਦੇਸ਼ ਵਿਚ ਨਿੱਕਾ ਹੁੰਦਾ ਚਲੇ ਗਿਆ। ਉਥੇ ਹੀ ਕੰਵਲ ਦਾ ਨਾਵਲ 'ਸੱਚ ਨੂੰ ਫਾਂਸੀ' ਤੇ ਨਾਨਕ ਸਿੰਘ ਦਾ 'ਚਿੱਟਾ ਲਹੂ' ਪੜ੍ਹਿਆ। ਮੇਰੇ ਅੰਦਰੋਂ ਇਕ ਕਹਾਣੀ ਨਿਕਲੀ 'ਮਾਵਾਂ ਧੀਆਂ' ਫਿਰ ਅੱਠ ਦਸ ਕਹਾਣੀਆਂ ਤੋਂ ਬਾਅਦ ਛੋਟਾ ਜਿਹਾ ਨਾਵਲ ' ਵੈਰਨ ਵਲਾਇਤ' ਲਿਖਿਆ ਗਿਆ। ਇਸ ਨਾਵਲ ਬਾਰੇ ਅਵਤਾਰ ਜੰਡਿਆਲਵੀ ਨੇ ਕਿਹਾ, 'ਇਹ ਇਕ ਸਖਾਂਦਰੂ ਜਿਹਾ ਯਤਨ ਹੈ।' ਫਿਰ ਉਸ ਨੂੰ ਸੋਧ ਕੇ 'ਮੇਰਾ ਗੁਆਚਾ ਪਿਆਰ' ਲਿਖ ਲਿਆ। ਮੈਂ ਉਨ੍ਹਾਂ ਦਿਨ੍ਹਾਂ ਵਿਚ ਵੇਅਰ ਹਾਊਸ ਵਿਚ ਕੰਮ ਕਰਦਾ ਸੀ। ਉਥੇ ਵਿਹਲੇ ਸਮੇਂ ਪੜ੍ਹਦਿਆਂ-ਪੜ੍ਹਦਿਆਂ ਇਕ ਨਾਵਲ ਲਿਖ ਦਿੱਤਾ "ਖ਼ੂਨ ਗਰੀਬਾਂ ਦਾ' ਮੇਰੇ ਦਿਮਾਗ਼ ਵਿਚ ਬਚਪਨ ਵਿਚ ਪ੍ਰਤਾਪ ਸਿੰਘ ਕੈਰੋਂ ਦੀ ਹਕੂਮਤ ਸਮੇਂ ਕਿਸਾਨ ਮੋਰਚੇ ਦੀਆਂ ਯਾਦਾਂ ਕਾਇਮ ਸਨ। ਇਹਦੇ ਵਿਚ ਮੈਂ ਆਪਣੇ ਪਿਤਾ ਜੀ ਦੀ ਪਰਦੇਸ ਨੂੰ ਰੋਟੀ ਕਮਾਉਣ ਦੀ ਮਜਬੂਰੀ ਲਿਖੀ। ਇਸ ਨਾਵਲ ਦਾ ਕਾਫੀ ਕੁਝ ਮੇਰੇ ਮਾਂ ਪਿਓ ਦੇ ਘਰ ਨਾਲ ਸੰਬੰਧਤ ਹੈ। ਉਹਨਾਂ ਦਿਨਾਂ ਵਿਚ ਜਿਆਦਾਤਰ ਕਿਤਾਬਾਂ ਦਿੱਲੀ ਤੋਂ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਛਾਪਦੇ ਸਨ। ਇੰਗਲੈਂਡ ਤੋਂ ਚਿੱਠੀ ਲਿਖ ਕੇ ਮੈਂ ਇਕ ਦਿਨ ਉਨ੍ਹਾਂ ਕੋਲ ਦੋ ਕਿਤਾਬਾਂ ਖਰੜਾ ਲੈ ਗਿਆ। ਉਨ੍ਹਾਂ ਖਰੜਾ ਪੜ੍ਹ ਕੇ ਕਿਹਾ, "ਦੋ ਹਜ਼ਾਰ ਰੁਪਏ



ਖਰਚ ਹੋਣਗੇ।" ਪੰਜ ਛੇ ਮਹੀਨੇ ਬਾਅਦ ਮੇਰੇ ਦੋਵੇਂ ਨਾਵਲ 'ਮੇਰਾ ਗਵਾਚਿਆ ਪਿਆਰ', 'ਖ਼ੂਨ ਗਰੀਬਾਂ ਦਾ' ਦੀ ਦੋ ਦੋ ਸੌ ਕਾਪੀਆਂ ਰਇਲਟੀ ਦੀਆਂ ਮੈਨੂੰ ਇੰਗਲੈਂਡ ਭੇਜ ਦਿੱਤੀਆਂ। ਅੱਜ 'ਗੋਰੀਆਂ' ਅਤੇ 'ਸਾਨੂੰ ਟੋਹਲ ਲਈ ਵਲੈਤੋਂ ਆ ਕੇ' ਜਾਂ 'ਗੋਰਿਆਂ ਦਾ ਦੇਸ਼' ਦੇ ਛਪਣ 'ਤੇ ਓਨੀ ਖ਼ੁਸ਼ੀ ਨਹੀਂ ਹੁੰਦੀ ਜਿੰਨੀ ਉਸ ਸਮੇਂ ਹੋਈ ਸੀ।

'ਤਰੀਖ਼ ਗਵਾਹੀ ਦੇਵੇਗੀ' ਨਾਵਲ ਮੈਂ ਨਕਸਲੀ ਲਹਿਰ ਬਾਰੇ ਲਿਖਿਆ। 1975 ਦੀ ਐਮਰਜੈਂਸੀ ਵੇਲੇ ਛਪ ਨਾ ਸਕਿਆ ਫਿਰ ਉਸ ਤੋਂ ਬਾਅਦ ਪਿਆਰਾ ਸਿੰਘ ਦਾਤਾ ਨੇ ਛਾਪ ਲਿਆ। ਕਾਲੇ ਸੰਘਿਆਂ ਵਾਲੇ ਨਕਸਲੀ ਪ੍ਰੋ. ਹਰਭਜਨ ਸਿੰਘ ਬਾਰੇ ਮੈਂ ਪੜ੍ਹਿਆ ਸੀ। ਫਿਰ ਇਸ ਲਹਿਰ ਨਾਲ ਜੁੜੇ ਪਰਮਜੀਤ ਸਿੰਘ ਚਾਹਲ, ਅਵਤਾਰ ਸਿੰਘ ਪਾਸ਼, ਦਰਸ਼ਨ ਖਟਕੜ ਤੋਂ ਵੀ ਸਮੱਗਰੀ ਇਕੱਤਰ ਕੀਤੀ।

ਮੇਰੇ ਨਾਵਲ ਪਰਵਾਸੀ ਜੀਵਨ ਦੇ ਅੰਦਰਲੇ ਸੱਚ ਨੂੰ ਪੇਸ਼ ਕਰਦੇ ਹਨ। ਜੋ ਕੁਝ ਵਾਪਰਿਆ ਮੈਂ ਲਿਖ ਦਿੱਤਾ। ਮੇਰਾ ਇੰਗਲੈਂਡ ਬਾਰੇ ਲਿਖਿਆ ਹਰ ਨਾਵਲ ਉਥੇ ਵਾਪਰੀ ਅੱਖੀਂ ਦੇਖੀ ਸੱਚੀ ਘਟਨਾ ਹੈ। ਇਹ ਨਾਵਲ ਕੋਈ ਮਨਘੜਤ ਕਲਪਨਾਸ਼ੀਲ ਘਟਨਾਵਾਂ ਨਹੀਂ। ਮੇਰੀ ਕੋਸ਼ਿਸ਼ ਰਹੀ ਹੈ ਕਿ ਆਪਣੇ ਲੋਕਾਂ ਨਾਲ ਬੀਤੀਆਂ ਘਟਨਾਵਾਂ ਨੂੰ ਆਪਣੀ ਲਿਖਤ ਵਿਚ ਲਿਆਂਦਾ ਜਾਵੇ। 'ਸਾਨੂੰ ਟੋਹਲ ਲਈ ਵਲੈਤੋਂ ਆ ਕੇ' ਵਿਚ ਵਾਪਰਦੀਆਂ ਸੈਕਸੂਏਲ ਘਟਨਾਵਾਂ ਬਾਰੇ ਅੱਜ ਤੋਂ ਪੰਜਾਹ ਸਾਲ ਪਹਿਲਾਂ ਲਿਖਿਆ ਹੀ ਨਹੀਂ ਸੀ ਜਾ ਸਕਦਾ। ਪਰ ਹੁਣ ਉਥੇ ਦੀ ਸਾਰੀ ਤਸਵੀਰ ਪੜ੍ਹਨ ਵਾਲਿਆਂ ਅੱਗੇ ਦੱਸਣ ਲਈ ਜ਼ਰੂਰੀ ਹੈ। ਉਹ ਵਾਪਰੀਆਂ ਘਟਨਾਵਾਂ ਪੜ੍ਹਨ ਵਾਲੇ ਦੀਆਂ ਅੱਖਾਂ ਰਾਹੀਂ ਦਿਸਣੀਆਂ ਚਾਹੀਦੀਆਂ ਹਨ। "ਵੈਰਨ ਵਲਾਇਤ' ਵਿਚ ਸਾਧਾ ਦੇ ਡੇਰਿਆਂ ਵਿਚ ਹੁੰਦੇ ਕੁਕਰਮ ਨੂੰ ਨੰਗਾ ਕੀਤਾ ਹੈ। ਇਹ ਬਿਰਤਾਂਤ ਮੈਨੂੰ ਇਕ ਪੰਜਾਬੀ ਕੁੜੀ ਨੇ ਇਕ ਬਾਬੇ ਦੀ ਚੋਰੀ ਵੀਡੀਓ ਬਣਾ ਕੇ ਦੱਸਿਆ। ਫਿਰ ਇਸ ਨਾਵਲ ਦੇ ਪ੍ਰਕਾਸ਼ਕ ਨੇ ਮੈਨੂੰ ਦੱਸਿਆ ਕਿ ਇਕੱਲੇ ਬਠਿੰਡੇ ਵਿਚ ਉਸ ਨਾਵਲ ਦੀ ਪਹਿਲੀ ਪ੍ਰਕਾਸ਼ਨ ਵਿਚ ਕਈ ਸੌ ਕਾਪੀਆਂ ਵਿਕੀਆ ਸਨ। ਭਾਵ ਪੜ੍ਹਨ ਵਾਲਿਆਂ ਨੇ ਉਸ ਲਿਖੇ ਹੋਏ ਸੱਚ ਨੂੰ ਆਪਣਾ ਸਮਝ ਕੇ ਪੜ੍ਹਿਆ ਅਤੇ ਸਲਾਹਿਆ ਹੈ। ਜਿਥੇ ਮੈਂ ਆਇਰਲੈਂਡ ਦੇ ਲੋਕ ਸੰਘਰਸ਼ ਤੇ 'ਗੁਲਾਮੀ' ਨਾਵਲ ਲਿਖਿਆ ਇਸ ਦੀ ਸਮੱਗਰੀ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਇਕੱਠੀ ਕੀਤੀ। ਇਸ ਦਾ ਜ਼ਿਕਰ ਮੈਂ ਆਪਣੀ ਸਵੈ ਜੀਵਨੀ 'ਮੇਰੀ ਅਧੂਰੀ ਕਹਾਣੀ' ਵਿਚ ਵਿਸਥਾਰ ਨਾਲ ਲਿਖਿਆ ਹੈ।

ਕਿਸੇ ਨਾਵਲ ਨੂੰ ਲਿਖਣ ਲੱਗਾ ਮੈਂ ਉਹਦੇ ਰੂਪ, ਵਸਤੂ ਬਾਰੇ ਨਿਰਣਾ ਨਹੀਂ ਕੀਤਾ। ਬਿਲਕੁੱਲ ਬੇਫਿਕਰ ਨਿਧੜਕ ਹੋ ਕੇ ਡਟ ਕੇ ਲਿਖਦਾ ਹਾਂ। ਜੇਕਰ ਦੁਬਾਰਾ ਲਿਖਣ ਲੱਗਾ ਜ਼ਰੂਰ ਦੇਖਦਾ ਹਾਂ ਕਿ ਕਿਤੇ ਮੈਂ ਕੋਈ ਸਿਧਾਂਤਕ ਜਾਂ ਟੈਕਨੀਕਲ ਕਮਜ਼ੋਰੀ ਨਹੀਂ ਤਾਂ ਕਰ ਲਈ। ਕਈ ਵਾਰ ਮੈਂ 'ਗੋਰੀਆਂ' ਨਾਵਲ ਪੜ੍ਹ ਕੇ ਹੈਰਾਨ ਹੁੰਦਾ ਹਾਂ ਕਿ ਮੈਂ ਇਸ ਤਰ੍ਹਾਂ ਇਹ ਨਾਵਲ ਕਿਵੇਂ ਲਿਖ ਦਿੱਤਾ। ਮੈਂ ਆਪਣਾ ਹਰ ਨਾਵਲ ਤਿੰਨ ਕੁ ਹਫਤਿਆਂ ਵਿਚ ਲਿਖ ਲੈਂਦਾ ਹਾਂ। ਮੈਂ ਕਿਸੇ ਨਾਵਲ ਉੱਤੇ ਸਾਲ ਭਰ ਕੰਮ ਨਹੀਂ ਕੀਤਾ। ਮੇਰੇ ਕੋਲੋਂ ਇੰਗਲੈਂਡ ਦੀ ਜ਼ਿੰਦਗੀ ਬਾਰੇ ਅੱਖੀ ਦੇਖਿਆ ਅਨੁਭਵ ਹੈ। ਉਥੇ ਮੈਂ ਜ਼ਿੰਦਗੀ ਦੇ ਪੰਜਾਹ ਸਾਲ ਗੁਜਾਰੇ ਹਨ। ਉਥੇ ਦੇ ਲੋਕਾਂ ਬਾਰੇ, ਪੰਜਾਬੀ ਲੋਕਾਂ ਬਾਰੇ ਮੇਰੇ ਮਨ ਵਿਚ ਬਹੁਤ ਗੱਲਾਂ ਹਨ। ਆਪਣੀ ਦ੍ਰਿਸ਼ਟੀ ਤੋਂ ਉਨ੍ਹਾਂ ਪਾਤਰਾਂ ਨੂੰ ਪੇਸ਼ ਕਰਦਾ ਹਾਂ।

ਭਾਵੇਂ ਕਿ ਕੁਝ ਆਲੋਚਕ ਮੇਰੇ ਨਾਵਲਾਂ ਉੱਤੇ ਅਸ਼ਲੀਲਤਾ ਦਾ ਦੂਸ਼ਣ ਲਾਉਂਦੇ ਹਨ ਮੇਰੀ ਧਾਰਨਾ ਹੈ ਕਿ ਇਹ ਉਥੇ ਦੀ ਜ਼ਿੰਦਗੀ ਨੂੰ ਪੇਸ਼ ਕਰਨ ਲਈ ਬਹੁਤ ਜ਼ਰੂਰੀ ਹੈ। ਹਰ ਆਲੋਚਕ ਦੇ ਆਪਣੇ ਦੋ ਢਾਈ ਨਾਵਲਕਾਰ ਹੁੰਦੇ ਹਨ ਉਹ ਉਨ੍ਹਾਂ ਨੂੰ ਪੌੜ੍ਹੀਆਂ ਲਾ ਲਾ ਕੇ ਉੱਪਰ ਚੁੱਕਣ ਵਿਚ ਸਾਰੀ ਉਮਰ ਲੱਗੇ ਰਹਿੰਦੇ ਹਨ। ਮੈਂ ਜਦੋਂ ਕੋਈ ਨਵਾਂ ਨਾਵਲ ਲਿਖਦਾ ਹਾਂ ਤਾਂ ਮੇਰੇ ਅੱਗੇ ਮੇਰੇ ਪਾਠਕ ਹੁੰਦੇ ਹਨ ਆਲੋਚਕ ਨਹੀਂ। ਮੈਂ ਪਾਠਕਾਂ ਲਈ ਨਾਵਲ ਲਿਖਦਾ ਹਾਂ ਤੇ ਉਹ ਮੇਰੇ ਨਾਵਲ ਪੜ੍ਹਦੇ ਹਨ।

ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਜਿਹੜੇ ਨਾਵਲ ਛਪੇ ਹਨ

ਉਹ ਆਪਣੀ ਥਾਂ ਨਹੀਂ ਬਣਾ ਸਕੇ। ਗੁਰਦਿਆਲ ਸਿੰਘ ਦਾ ਜਦੋਂ 'ਮੜ੍ਹੀ ਦਾ ਦੀਵਾ' ਇੰਗਲੈਂਡ ਪ੍ਰੈਸ ਨੂੰ ਛਾਪਣ ਲਈ ਭੇਜਿਆ ਗਿਆ ਤਾਂ ਉਹਨਾਂ ਦਾ ਉੱਤਰ ਸੀ, ਅਸੀਂ ਉਹ ਹੀ ਨਾਵਲ ਛਾਪ ਸਕਦੇ ਹਾਂ, ਜੋ ਲੋਕ ਮੰਗਣਗੇ। ਜਿਹੜਾ ਇਥੇ ਇੰਗਲੈਂਡ ਵਿਚ ਸਾਡੇ ਕਲਚਰ 'ਤੇ ਲਿਖਿਆ ਗਿਆ ਹੋਵੇ। ਬਲਦੇਵ ਸਿੰਘ ਦਾ ਨਾਵਲ ਪੰਜਾਬ ਵਿਚ ਪਿਛੇ ਜਿਹੇ ਅੰਗਰੇਜ਼ੀ ਵਿਚ ਛਪਿਆ। ਉਹਦੇ ਨਾਲ ਅੰਗਰੇਜ਼ੀ ਪਾਠਕਾਂ ਦਾ ਕੀ ਸਰੋਕਾਰ ਹੋਵੇਗਾ। ਕਿਉਂਕਿ ਉਹਦੀ ਕਹਾਣੀ ਪੰਜਾਬ ਦੇ ਕਿਸਾਨਾ ਦੀ ਕਹਾਣੀ ਹੈ। ਵਿਦੇਸ਼ ਵਿਚ ਸੰਸਾਰ ਵਿਚ ਉਹੀ ਨਾਵਲ ਵਿਕੇਗਾ ਜਿਹਦੇ ਵਿਚ ਉਥੇ ਦੇ ਸਮਾਜ ਨਾਲ ਸਬੰਧਤ ਬਿਰਤਾਂਤ ਹੋਵੇ। 'ਲਹੂ ਦੀ ਲੋਅ' ਨਾਵਲ ਵੀ ਜੇਕਰ ਇੰਗਲੈਂਡ ਅਮਰੀਕਾ ਵਿਚ ਛਪੇ ਤਾਂ ਉਸ ਨੂੰ ਉਥੇ ਪਾਠਕ ਖਰੀਦਣਗੇ ਨਹੀਂ। ਕਿਉਂਕਿ ਉਹ ਪੰਜਾਬ ਵਿਚ ਵਾਪਰੀ ਲਹਿਰ ਨਾਲ ਸਬੰਧਤ ਹੈ। ਉਥੇ ਦੇ ਪਾਠਕਾਂ ਨੂੰ ਇਸ ਲਹਿਰ ਨਾਲ ਕੋਈ ਲਗਾਓ ਨਹੀਂ। ਇਹ ਨਾਵਲ ਵਿਕਦੇ ਹਨ ਪਰ ਓਨੀ ਵੱਡੀ ਪੱਧਰ ਤੇ ਨਹੀਂ ਜਿਨੀ ਵੱਡੀ ਪੱਧਰ ਤੇ ਸਲਮਾਨ ਰਸ਼ਦੀ ਜਾਂ ਵਿਕਰਮ ਸੇਠ ਵਰਗੇ ਨਾਵਲਕਾਰ ਵਿਕਦੇ ਹਨ।

## ਖੰਡਰ ਹੋ ਗਏ ਕਿਸਾਨੀ ਦੇ ਬੁਰਜ
## -ਦਰਸ਼ਨ ਸਿੰਘ ਗੁਰੂ




ਜਦੋਂ ਮੈਂ 'ਬੁਰਜਾਂ ਦੇ ਖੰਡਰ' ਨਾਵਲ ਲਿਖਣ ਬਾਰੇ ਸੋਚਿਆ ਸੀ, ਤਾਂ ਮੇਰੇ ਮਨ 'ਚ ਅਨੇਕਾਂ ਹੀ ਖਿਆਲ ਪੈਦਾ ਹੋ ਗਏ। ਕਹਾਣੀ ਦਾ ਤਾਣਾ-ਬਾਣਾ ਮੇਰੇ ਮਨ 'ਚ ਉਸਲ ਵੱਟੇ ਲੈ ਰਿਹਾ ਸੀ ਕਿਉਂਕਿ ਕਿਸੇ ਇੱਕ ਕਹਾਣੀ 'ਚ ਇਸ ਨੂੰ ਨਹੀਂ ਲਿਖ ਸਕਦਾ ਸੀ। ਮੇਰੇ ਅੱਗੇ ਤਾਂ ਸਮੁੱਚੇ ਸਮਾਜ ਦੀ ਪੇਂਡੂ ਵਸੋਂ ਜਿਹੜੀ ਜ਼ਿੰਦਗੀ ਦੀਆਂ ਅਨੇਕਾਂ ਸਮੱਸਿਆਵਾਂ, ਥੁੜਾਂ, ਟੁੱਟਾਂ, ਮੰਦਹਾਲੀ, ਕੰਗਾਲੀ 'ਚ ਫਸੀ ਧਾਹਾਂ ਮਾਰ ਰਹੀ ਹੈ, ਸਾਹਮਣੇ ਵਾਸਤਾ ਪਾਉਂਦੀ ਦਿਖਾਈ ਦੇ ਰਹੀ ਸੀ। ਇਹੀ ਕਾਰਨ ਹੈ ਕਿ ਮੈਂ ਨਾਵਲ ਲਿਖਣ ਤੋਂ ਪਹਿਲਾਂ ਕਹਾਣੀਆਂ ਲਿਖਣ ਵੇਲੇ ਵੀ ਇਨ੍ਹਾਂ ਲੋਕਾਂ ਦੇ ਦੁੱਖ ਦਰਦਾਂ ਦੀ ਗੱਲ ਕਰਨ ਦਾ ਯਤਨ ਕਰਦਾ ਰਿਹਾ ਹਾਂ।

ਮੈਂ ਕਿੱਤੇ ਵਜੋਂ ਪਟਵਾਰੀ ਹੋਣ ਕਰਕੇ ਪਿੰਡਾਂ ਦੇ ਲੋਕਾਂ ਨੂੰ ਨੇੜੇ ਹੋ ਕੇ ਦੇਖਦਾ ਰਹਿੰਦਾ ਹਾਂ। ਉਹਨਾਂ ਦੀਆਂ ਖੁਸ਼ੀਆਂ-ਗਮੀਆਂ, ਖੁਦਕੁਸ਼ੀਆਂ ਕਰ ਗਏ ਲੋਕਾਂ ਦੇ ਘਰ ਵੀ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ। ਜਦੋਂ ਕਦੇ ਆਰਥਿਕਤਾ ਦੀ ਚੱਕੀ ਪਿਸ ਰਹੇ ਲੋਕ ਆਪਣੇ ਜੀਵਨ ਨਿਰਵਾਹ ਨੂੰ ਅੱਗੇ ਤੋਰਨ ਲਈ ਆਪਣੀ ਜ਼ਮੀਨ ਬੈ, ਗਹਿਣੇ ਕਰਨ ਲਈ ਫ਼ਰਦ ਲੈਣ ਆਉਂਦੇ ਹਨ, ਮੈਂ ਉਹਨਾਂ ਦਾ ਚਿਹਰਾ ਕਿਸੇ ਕਿਤਾਬ ਵਾਂਗ ਪੜ੍ਹ ਲੈਂਦਾ ਹਾਂ। ਉਹਨਾਂ ਦੇ ਚੇਹਰੇ 'ਤੇ ਬੇਵਸੀ ਦੀਆਂ ਲਕੀਰਾਂ ਸਮਝਣ ਤੇ ਜਾਨਣ ਦਾ ਵੀ ਮੈਨੂੰ ਅਨੁਭਵ ਹੋ ਗਿਆ ਹੈ। ਆਪਣੀ ਧੀ ਦੇ ਵਿਆਹ 'ਤੇ ਦਾਜ ਉਪਰ ਵੱਧ ਤੋਂ ਵੱਧ ਖਰਚ ਕਰਕੇ ਧੀ ਦਾ ਵਸੇਬਾ ਕਰਨਾ, ਉਸ ਦੀ ਮਜ਼ਬੂਰੀ ਹੁੰਦੀ ਹੈ। ਹਰ ਇੱਕ ਵੱਧ ਤੋਂ ਵੱਧ ਦਾਜ ਲੈਣ ਲਈ ਮੂੰਹ ਅੱਡੀ ਖੜ੍ਹਾ ਹੁੰਦਾ ਹੈ। ਮਜ਼ਬੂਰੀ ਜ਼ਿਆਦਾ ਲੋਕਾਂ ਦੀ ਹੁੰਦੀ ਹੈ, ਟੋਹਰ ਬਣਾਉਣ ਲਈ ਥੋੜ੍ਹੇ ਲੋਕ ਹੀ ਹੁੰਦੇ ਹਨ। ਬਹੁਤੇ ਆੜ੍ਹਤੀਆਂ ਤੇ ਬੈਂਕਾਂ ਦੇ ਚੱਕਰਵਿਊ 'ਚ ਫਸ ਕੇ ਬੇ-ਜ਼ਮੀਨੇ ਹੋ ਕੇ ਮਜ਼ਦੂਰ ਵਰਗ 'ਚ ਸ਼ਾਮਿਲ ਹੋ ਰਹੇ ਹਨ। ਇਸ ਤੋਂ ਵੀ ਹੋਰ ਪੈਨਸ਼ਨਾਂ ਦੇ ਆਸਰੇ ਜ਼ਿੰਦਗੀ ਬਸਰ ਕਰਨ ਲਈ ਬੁਢਾਪੇ 'ਚ ਆ ਕੇ ਫਾਇਲਾਂ ਚੁੱਕੀ ਫਿਰਦੇ ਲੋਕ ਵੀ ਮੇਰੇ ਕੋਲ ਆਉਂਦੇ ਹਨ। ਮੈਂ ਸੋਚਦਾ ਹਾਂ ਕਿ ਸੋਨੇ ਦੀ ਚਿੜੀ ਭਾਰਤ ਤੇ ਰੰਗਲੇ ਪੰਜਾਬ 'ਚ ਹੁਣ ਬਹੁਤ ਕੁਝ ਢਹਿ ਢੇਰੀ ਹੋ ਗਿਆ ਹੈ।



ਮੈਂ ਕਹਾਣੀਆਂ ਲਿਖਣ ਵੇਲੇ ਵੀ ਕਹਾਣੀ ਲਿਖਣ ਲਈ ਕੋਈ ਜੱਦੋ ਜਹਿਦ ਨਹੀਂ ਕੀਤੀ। ਕਹਾਣੀਆਂ ਦੇ ਨਾਲ ਤੁਰਦਾ-ਤੁਰਦਾ ਆਪਣੇ ਆਲੇ-ਦੁਆਲੇ ਦੇ ਪਾਤਰਾਂ ਦੀਆਂ ਦੁੱਖ ਤਕਲੀਫਾਂ ਨੂੰ ਚਿਤਰਦਾ ਹਾਂ। ਇਸੇ ਤਰ੍ਹਾਂ ਹੀ ਨਾਵਲ 'ਬੁਰਜਾਂ ਦੇ ਖੰਡਰ' ਦੇ ਪਾਤਰ ਵੀ ਮੇਰੇ ਆਲੇ-ਦੁਆਲੇ ਹੀ ਤੁਰਦੇ-ਫਿਰਦੇ। ਨਾਵਲ ਨੂੰ ਲਿਖਣ ਤੋਂ ਪਹਿਲਾਂ ਇਹ ਵੀ ਮਨ ਵਿਚ ਸੀ, ਰਾਮ ਸਰੂਪ ਅਣਖੀ, ਗੁਰਦਿਆਲ ਸਿੰਘ, ਜਸਵੰਤ ਕੰਵਲ, ਬਲਦੇਵ ਸਿੰਘ ਸੜਕਨਾਮਾ, ਓਮ ਪ੍ਰਕਾਸ਼ ਗਾਸੋ, ਪਰਗਟ ਸਿੰਘ ਸਿੱਧੂ ਤੇ ਹੋਰ ਵੀ ਨਾਵਲਕਾਰਾਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਆਪਣੇ ਲਿਖਣ ਢੰਗ ਨਾਲ ਲਿਖਿਆ ਹੈ। ਮੈਂ ਇਹ ਵੀ ਮਹਿਸੂਸ ਕੀਤਾ ਸੀ ਜਿਹੜਾ ਉਹਨਾਂ ਨੇ ਨਹੀਂ ਲਿਖਿਆ ਉਸ ਬਾਰੇ ਲਿਖਾਂ। ਜਦੋਂ ਮੈਂ ਇਹ ਨਾਵਲ ਲਿਖ ਲਿਆ, ਮੈਂ ਫਿਰ ਮਹਿਸੂਸ ਕੀਤਾ, ਅਜੇ ਬਹੁਤ ਕੁਝ ਲਿਖਣ ਵਾਲਾ ਰਹਿੰਦਾ ਹੈ। ਜੋ ਕਿ ਆਉਣ ਵਾਲੇ ਨਾਵਲਾਂ 'ਚ ਲਿਖਾਂਗਾ।

ਮੈਂ ਇਹ ਨਾਵਲ ਮੁਰੱਬਾਬੰਦੀ ਜਿਹੜੀ 1957-58 ਤੋਂ ਸ਼ੁਰੂ ਹੋ ਗਈ ਸੀ, ਉਥੋਂ ਲਿਖਣਾ ਸ਼ੁਰੂ ਕੀਤਾ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਪੇਂਡੂ ਜੀਵਨ 'ਚ ਕਿਹੜੀਆਂ-ਕਿਹੜੀਆਂ ਤਬਦੀਲੀਆਂ ਆਈਆਂ ਹਨ। ਸਭਿਆਚਾਰਕ, ਸਮਾਜਿਕ, ਆਰਥਿਕ, ਧਾਰਮਿਕ ਤੇ ਹੋਰ ਬਹੁਤ ਸਾਰੀਆਂ। ਮੁਰੱਬਾਬੰਦੀ ਹੋਣ ਨਾਲ ਚੇਤੰਨਤਾ ਸ਼ੁਰੂ ਹੋ ਗਈ ਸੀ। ਭਾਰਤ ਦੀ ਵੰਡ ਤੋਂ ਇੱਕ ਦਹਾਕਾ ਬਾਅਦ ਵੀ ਅਜੇ ਲੋਕ ਮਨਾਂ 'ਚ ਉਸ ਦਾ ਅਸਰ ਦਿਸ ਰਿਹਾ ਸੀ। ਮੁਰੱਬਾਬੰਦੀ ਹੋਣ ਕਰਕੇ ਪਿੰਡਾਂ ਦੀਆਂ ਬੇ-ਢਵੀਆਂ ਜ਼ਮੀਨਾਂ ਦੀ ਪੈਮਾਇਸ਼ ਨਾਲ ਮੂੰਹ-ਮੁਹਾਂਦਰਾ ਬਦਲ ਗਿਆ। ਖੇਤਾਂ ਨੂੰ ਰਾਹ-ਪਹੀਆਂ ਲੱਗੇ। ਸਾਂਝੇ ਮੁਫਾਦਾਂ ਲਈ ਜ਼ਮੀਨ ਰੱਖੀ ਗਈ। ਉਸ ਸਮੇਂ ਕੀ ਹੋਇਆ ਕੀ ਹੁੰਦਾ ਆ ਰਿਹਾ ਹੈ, ਇਸ ਦਾ ਮੈਨੂੰ 1989 'ਚ ਜਦੋਂ ਮੈਂ ਪਟਵਾਰੀ ਭਰਤੀ ਹੋਇਆ ਪਤਾ ਲੱਗਿਆ। ਪਟਵਾਰੀਆਂ ਦੀ ਉਹ ਤੀਸਰੀ ਪੀੜ੍ਹੀ ਜਿਹੜੀ ਮੁਰੱਬਾਬੰਦੀ ਵੇਲੇ ਕੰਮ ਕਰਦੀ ਸੀ, ਮੈਂ ਉਨ੍ਹਾਂ ਨਾਲ ਵੀ ਕੁਝ ਵਰ੍ਹੇ ਬਿਤਾਏ, ਜਿਨ੍ਹਾਂ 'ਚ ਕੋਈ ਵਿਰਲਾ ਹੀ ਰਹਿੰਦਾ ਹੈ, ਕਿਸ ਤਰ੍ਹਾਂ ਉਹਨਾਂ ਸਮਿਆਂ 'ਚ ਸ਼ਾਤਰ ਲੋਕਾਂ ਨੇ ਮਹਿਕਮਿਆਂ ਦੇ ਅਫਸਰਾਂ ਨਾਲ ਮਿਲਕੇ ਮੁਫਾਦ ਲਏ। ਲੋਕਾਂ 'ਚ ਜ਼ਮੀਨੀ ਮੋਹ ਜਾਗ ਪਿਆ। ਖੇਤੀਬਾੜੀ ਯੂਨੀਵਰਸਿਟੀ ਦੇ ਹੋਂਦ 'ਚ ਆਉਣ ਨਾਲ ਹਰੀ ਕ੍ਰਾਂਤੀ ਦਾ ਦੌਰ ਸ਼ੁਰੂ ਹੋ ਗਿਆ। ਲੋਕਾਂ 'ਚ ਮਸ਼ੀਨਰੀ ਆਉਣ ਨਾਲ ਖੇਤੀ ਕਰਨ ਦੀ ਚਾਹਤ ਪੈਦਾ ਹੋ ਗਈ। ਇਹ ਸਾਰਾ ਕੁਝ ਇਸਤਰੀ ਦੇ ਆਲੇ-ਦੁਆਲੇ ਵੀ ਘੁੰਮਿਆ। ਦੋ-ਚਾਰ ਭਰਾਵਾਂ 'ਚੋਂ ਇੱਕ ਦੋ ਦਾ ਵਿਆਹ ਹੀ ਕਰਨਾ ਵੀ ਪ੍ਰਚੱਲਤ ਹੋ ਗਿਆ ਸੀ, ਫਿਰ ਛੜਿਆਂ ਦੀ ਜ਼ਮੀਨ ਕਿਸ ਤਰ੍ਹਾਂ ਰੱਖੀ ਜਾਵੇ, ਜ਼ਮੀਨ ਅੱਗੇ ਨਾ ਵੰਡੀ ਜਾਵੇ, ਇਹ ਸਿਲਸਿਲੇ ਵੀ ਜ਼ਮੀਨੀ ਰਿਸ਼ਤਿਆਂ ਨਾਲ ਜੁੜੇ ਆ ਰਹੇ ਸਨ, ਜਿਹੜੇ ਮੇਰੇ ਕੋਲ ਦੀ ਲੰਘਦੇ ਰਹਿੰਦੇ।

ਪੰਜਾਬ 'ਚ ਚੱਲੀਆਂ ਲਹਿਰਾਂ। ਭਾਰਤ-ਪਾਕਿਸਤਾਨ ਤੇ ਚੀਨ ਨਾਲ ਹੋਈਆਂ ਲੜਾਈਆਂ ਨੇ ਵੀ ਪੰਜਾਬ ਨੂੰ ਪ੍ਰਭਾਵਿਤ ਕੀਤਾ ਹੈ। ਇਹ ਸਭ ਕੁਝ ਮੈਂ ਅੱਖੀਂ ਦੇਖਿਆ ਹੈ, ਇਹ ਮੇਰੇ ਨਾਵਲ ਲਿਖਣ ਵੇਲੇ ਗੱਲਾਂ ਮਨ 'ਚ ਪਈਆਂ ਸਨ।

ਲੇਖਕਾਂ ਦੇ ਪੇਂਡੂ ਜੀਵਨ ਬਾਰੇ ਮੇਰੇ ਵਿਚਾਰਾਂ ਤੋਂ ਵੱਖਰੇ ਵਿਚਾਰ ਹੋ ਸਕਦੇ ਹਨ। ਪ੍ਰੰਤੂ ਜਿਵੇਂ ਮੈਂ ਇਸ ਨਾਵਲ ਨੂੰ ਲਿਖਣ ਵੇਲੇ ਮਹਿਸੂਸ ਕੀਤਾ ਹੈ ਉਹ ਇਹ ਹੈ ਕਿ ਹਰੀ ਕ੍ਰਾਂਤੀ ਸ਼ੁਰੂ ਹੋਣ ਤੋਂ ਬਾਅਦ ਜਿਸ ਨੂੰ ਵਿਕਾਸ ਸ਼ੁਰੂ ਹੋਣਾ ਆਖਦੇ ਹਾਂ। ਅੰਨ ਦੇ ਭੰਡਾਰ ਇਕੱਠੇ ਹੋ ਗਏ। ਖੇਤੀ ਬਲਦਾਂ ਦੇ ਹਲ ਤੋਂ ਟਰੈਕਟਰ ਤੇ ਹੋਰ ਵਿਕਸਤ ਮਸ਼ੀਨਰੀ ਰਾਹੀਂ ਹੋਣ ਲੱਗ ਪਈ। ਲੋਕਾਂ 'ਚ ਹੱਥੀਂ ਕੰਮ ਕਰਨ ਦਾ ਰੁਝਾਨ ਘੱਟਣ ਲੱਗ ਪਿਆ। ਲੋਕ ਮਸ਼ੀਨੀਕਰਨ 'ਚ ਉਲਝ ਗਏ। ਮਹਿੰਗੀ ਮਸ਼ੀਨਰੀ ਨੇ ਜਿੱਥੇ ਕਿਸਾਨੀ ਕਰਜ਼ੇ 'ਚ ਡੋਬੀ ਉਥੇ ਲੋਕ ਹੱਥੀਂ ਕਿਰਤ ਤੋਂ ਪਾਸੇ ਕਰ ਲਏ। ਸ਼ਹਿਰਾਂ 'ਚ ਲੋਕ ਕਦੇ ਕਦਾਈਂ ਕੋਈ ਸੌਦਾ ਜਾਂ ਚੀਜ਼

ਵਸਤ ਲੈਣ ਜਾਂਦੇ ਸਨ। ਬਗੈਰ ਲੂਣ ਤੋਂ ਸਭ ਕੁਝ ਪਿੰਡ 'ਚ ਹੀ ਪ੍ਰਾਪਤ ਹੋ ਜਾਂਦਾ ਸੀ। ਕਿਸਾਨ ਦਾ ਪੁੱਤ ਪੜ੍ਹਾਈ ਦੇ ਨਾਲ ਨਾਲ ਖੇਤੀ ਦੇ ਕੰਮ ਦੀ ਮੁਹਾਰਤ ਹਾਸਲ ਕਰ ਲੈਂਦਾ ਸੀ। ਮੋਚੀ ਦਾ ਪੁੱਤ ਪੜ੍ਹਾਈ ਦੇ ਨਾਲ ਨਾਲ ਪਿਤਾ ਪੁਰਖੀ ਕਿੱਤਾ ਸਿੱਖ ਲੈਂਦਾ। ਇਸੇ ਤਰ੍ਹਾਂ ਲੋਹਾਰ, ਤਰਖਾਣ, ਸੁਨਿਆਰ, ਘੁਮਿਆਰ ਆਦਿ। ਜੇਕਰ ਉਹਨਾਂ ਨੂੰ ਹੋਰ ਕੋਈ ਕੰਮ ਨਾ ਮਿਲਦਾ ਤਾਂ ਪਿਤਾ ਪੁਰਖੀ ਕੰਮ ਸ਼ੁਰੂ ਕਰ ਲੈਂਦੇ ਸਨ। ਪ੍ਰੰਤੂ ਮਸ਼ੀਨੀਕਰਣ ਨੇ ਸਾਡੇ ਉਹ ਪਿਤਾ ਪੁਰਖੀ ਕਿੱਤੇ ਖੋਹ ਕੇ ਬੇ-ਰੁਜ਼ਗਾਰੀ 'ਚ ਵਾਧਾ ਕੀਤਾ ਹੈ। ਅਸਥਿਰ ਹੋਈ ਨੌਜਵਾਨੀ ਨੂੰ ਨਸ਼ਿਆਂ ਵੱਲ ਰੁਚਿਤ ਕੀਤਾ ਹੈ। ਫਿਰ ਸਾਰੇ ਪ੍ਰਭਾਵ ਸਮੁੱਚੇ ਪੰਜਾਬ 'ਚ ਕਿਸ ਤਰ੍ਹਾਂ ਪਏ ਇਹ ਮੈਂ ਨਾਵਲ 'ਬੁਰਜਾਂ ਦੇ ਖੰਡਰ' 'ਚ ਕਹਿਣ ਦਾ ਯਤਨ ਕੀਤਾ ਹੈ। ਇਸ ਵਿੱਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਇਹ ਬੁਰਜ ਖੰਡਰ ਕਿਵੇਂ ਬਣੇ ਹਨ, ਤੇ ਖੰਡਰਾਂ ਤੋਂ ਬੁਰਜ ਕਿਵੇਂ ਬਣਾਏ ਜਾ ਸਕਦੇ ਹਨ। ਇਹ ਨਾਵਲ ਲਿਖਣ ਲਈ ਮੈਂ ਚਾਰ ਸਾਲ ਲੱਗਿਆ ਰਿਹਾ। ਇਸ 'ਚ ਮੇਰੇ ਜੀਵਨ ਦਾ ਅਨੁਭਵ ਵੀ ਹੈ। ਨਾਵਲ 'ਬੁਰਜਾਂ ਦੇ ਖੰਡਰ' ਦੇ ਸਾਰੇ ਪਾਤਰ ਮੈਂ ਆਲੇ-ਦੁਆਲੇ ਤੋਂ ਹੀ ਲਏ ਹਨ। ਜਿੰਨ੍ਹਾਂ 'ਚ ਮੈਂ ਹਮੇਸ਼ਾ ਵਿਚਰਦਾ ਹਾਂ। ਬੱਗੜ ਵਰਗੇ ਸ਼ਾਤਰ ਮਨੁੱਖ, ਜੀਤੇ, ਸੁਰਜਨ, ਹਰਦਿਆਲ, ਨਾਜ਼ਰ, ਤੇਜੇ ਵਰਗੇ ਆਮ ਮਨੁੱਖ ਮੇਰੇ ਆਲੇ-ਦੁਆਲੇ ਰਹਿੰਦੇ ਹਨ। ਸੀਤੋ, ਅੱਕੀ, ਅਮਰੋ, ਨੰਦੋ ਅੱਜ ਵੀ ਪੰਜਾਬ ਦੇ ਹਰ ਪਿੰਡ 'ਚ ਵੇਖਦਾ ਹਾਂ।


ਮੈਨੂੰ ਨਾਵਲ ਲਿਖਣ ਵੇਲੇ ਸਾਰੇ ਪਾਤਰ ਆਪਣੇ ਆਲੇ-ਦੁਆਲੇ ਤੁਰਦੇ ਫਿਰਦੇ ਨਜ਼ਰ ਆਉਂਦੇ ਹਨ। ਬਹੁਤ ਸਾਰੀਆਂ ਗੱਲਾਂ ਸੁਪਨਿਆਂ 'ਚ ਵੀ ਉਹਨਾਂ ਨਾਲ ਕੀਤੀਆਂ ਹਨ। ਨਾਵਲ ਲਿਖਣ ਲਈ ਕੋਈ ਜਗ੍ਹਾ ਤੇ ਸਮਾਂ ਵੀ ਮੇਰੇ ਲਈ ਨਿਸ਼ਚਿਤ ਨਹੀਂ। ਮੈਂ ਜਦੋਂ ਸਮਾਂ ਲੱਗਦਾ ਲਿਖ ਲੈਂਦਾ ਸੀ। ਕਾਂਡ ਪੂਰਾ ਹੋਣ ਤੋਂ ਬਾਅਦ ਅਗਲਾ ਕਾਂਡ ਲਿਖਣ ਲਈ ਤਿਆਰ ਹੁੰਦਾ ਸੀ, ਮੈਨੂੰ ਕੋਈ ਵੀ ਸਮੱਸਿਆ ਨਾਵਲ ਲਿਖਣ ਲਈ ਨਹੀਂ ਆਈ। ਬਾਕੀ ਨਾਵਲਕਾਰਾਂ ਦੇ ਨਾਵਲਾਂ ਤੋਂ ਇਹ ਨਾਵਲ ਇਸ ਲਈ ਵੱਖਰਾ ਹੈ ਕਿਉਂਕਿ ਮੁਰੱਬਾਬੰਦੀ ਤੋਂ ਲੈਕੇ ਅੱਜ ਤੱਕ ਕਿਸਾਨੀ ਦੇ ਵਿੱਚ ਜੋ ਤਬਦੀਲੀਆਂ ਆਈਆਂ ਹਨ ਤੇ ਪਿੰਡਾਂ ਦਾ ਮੂੰਹ ਮੁਹਾਂਦਰਾ ਬਦਲਿਆ ਹੈ, ਕਿਰਤ ਨਾਲੋਂ ਲੋਕ ਟੁੱਟ ਚੁੱਕੇ ਹਨ, ਪੰਜਾਬ ਦੀ ਨੌਜੁਆਨੀ ਨਸ਼ਿਆਂ ਦੇ ਵਿੱਚ ਗਲਤਾਨ ਹੋਕੇ ਪਿਤਾ ਪੁਰਖੀ ਕਿੱਤਿਆਂ ਨਾਲੋਂ ਦੂਰ ਹੁੰਦੀ ਜਾ ਰਹੀ ਹੈ। ਹਰ ਪਿੰਡ ਵਿੱਚ ਰਾਜਨੀਤੀ ਪ੍ਰਵੇਸ਼ ਕਰ ਗਈ ਹੈ। ਪਿੰਡਾਂ ਦਾ ਭਾਈਚਾਰਾ ਲੀਰੋ ਲੀਰ ਹੋ ਚੁੱਕਿਆ। ਇਹ ਸਭ ਕੁੱਝ ਇੰਨਾ ਵਿਸਥਾਰ ਪੂਰਵਕ ਲਿਖਿਆ ਗਿਆ ਹੈ ਕਿ ਮੈਨੂੰ ਤਸੱਲੀ ਹੈ ਕਿ ਇਹ ਨਾਵਲ ਸਮੁੱਚੇ ਪੰਜਾਬ ਦੀ ਤਸਵੀਰ ਪੇਸ਼ ਕਰੇਗਾ। ਮੈਂ ਇਹ ਨਾਵਲ 'ਬੁਰਜਾਂ ਦੇ ਖੰਡਰ' ਲਿਖਕੇ ਸਮੁੱਚੇ ਪੰਜਾਬ ਦੀ ਤਸਵੀਰ ਪੇਸ਼ ਕਰਨ ਦਾ ਯਤਨ ਕੀਤਾ ਹੈ। ਆਉਣ ਵਾਲੇ ਸਮੇਂ 'ਚ ਅੱਗੇ ਗੱਲ ਚਲਾਉਣ ਦਾ ਯਤਨ ਕਰਾਂਗਾ।

*ਫ਼ੋਨ : 98728-62891*

## ਬਹੁਤੇ ਨਾਵਲਾਂ ਵਿੱਚ ਖੁਰ ਰਹੇ ਪਿੰਡ ਦੀ ਮਾਨਸਿਕਤਾ ਨੂੰ ਫੜ੍ਹਨ ਦੀਆਂ ਕੋਸ਼ਿਸ਼ਾ ਹੋ ਰਹੀਆਂ -ਪਰਗਟ ਸਿੰਘ ਸਤੌਜ

ਮੇਰੀ ਸ਼ੁਰੂ ਤੋਂ ਹੀ ਰੁਚੀ ਨਾਵਲ ਵੱਲ ਰਹੀ ਹੈ। ਜਦੋਂ ਮੈਂ ਸਾਹਿਤ ਪੜ੍ਹਨਾ ਸ਼ੁਰੂ ਕੀਤਾ ਓਦੋਂ ਵੀ ਜ਼ਿਆਦਾ ਨਾਵਲ ਹੀ ਪੜ੍ਹੇ। ਹੁਣ ਵੀ ਮੈਨੂੰ ਆਪਣੀ ਗੱਲ ਨਾਵਲ ਰਾਹੀਂ ਹੀ ਕਹਿ ਕੇ ਤਸੱਲੀ ਹੁੰਦੀ ਹੈ। ਨਾਵਲ ਲਿਖੇ ਬਿਨ੍ਹਾਂ ਮੈਨੂੰ ਰੱਜ ਜਿਹਾ ਨਹੀਂ ਆਉਂਦਾ। ਮੇਰੇ ਦਿਮਾਗ਼ 'ਚ ਵੀ ਜੋ ਪਲਾਟ ਆਉਂਦੇ ਹਨ, ਉਹ ਨਾਵਲ ਲਈ ਹੀ ਢੁਕਵੇਂ ਹੁੰਦੇ ਹਨ। ਉਹ ਪਲਾਟ ਨਾ ਤਾਂ ਕਹਾਣੀ ਦੇ ਮੇਚ ਆਉਂਦਾ ਹੈ, ਨਾ






ਕਵਿਤਾ ਦੇ। ਉਨ੍ਹਾਂ ਪਲਾਟਾਂ ਲਈ ਨਾਵਲ ਹੀ ਚਾਹੀਦਾ ਹੈ।


ਮੈਂ ਨਾਵਲ ਦੀ ਸਿਰਜਣਾ ਆਪਣੇ ਅਨੁਭਵ ਵਿੱਚੋਂ ਕਰਦਾ ਹਾਂ। ਕੋਈ ਗੱਲ ਮੇਰੇ ਅਨੁਭਵੋ ਬਾਹਰੀ ਹੋਵੇ ਤਾਂ ਪਹਿਲਾਂ ਮੈਂ ਖ਼ੁਦ ਅਨੁਭਵ ਇਕੱਠੇ ਕਰਦਾ ਹਾਂ, ਇਸ ਲਈ ਚਾਹੇ ਮੈਨੂੰ ਕਿੰਨਾ ਵੀ ਸਮਾਂ ਲੱਗੇ ਜਾਂ ਕਿੰਨੀ ਵੀ ਮਿਹਨਤ ਕਰਨੀ ਪਵੇ। ਜਿੰਨੀ ਦੇਰ ਮੇਰੀ ਪੂਰੀ ਤਸੱਲੀ ਨਹੀਂ ਹੋ ਜਾਂਦੀ, ਨਾਵਲ ਲਿਖਣਾ ਸ਼ੁਰੂ ਨਹੀਂ ਕਰਦਾ। ਜਿਹੜਾ ਨਾਵਲ ਮੈਂ ਲਿਖਣਾ ਹੋਵੇ ਪਹਿਲਾਂ ਉਸਦੀ ਮੋਟੀ ਮੋਟੀ ਕਹਾਣੀ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਮੈਂ ਆਪਣੇ ਦਿਮਾਗ਼ ਵਿੱਚ ਬਿਠਾ ਲੈਂਦਾ ਹਾਂ। ਜਦੋਂ ਲਿਖਣਾ ਸ਼ੁਰੂ ਕਰਦਾ ਹਾਂ ਤਾਂ ਉਸਨੂੰ ਵਿਸਥਾਰ ਆਉਂਦਾ ਜਾਂਦਾ ਹੈ। ਸਾਰੇ ਕਾਂਡ ਲੜੀਵਾਰ ਲਿਖਦਾ ਹਾਂ। ਕਈ ਵਾਰ ਮੈਂ ਇੱਕ ਦਿਨ 'ਚ ਪੰਦਰਾਂ ਪੰਨੇ ਲਿਖ ਦਿੰਦਾ ਹਾਂ ਤੇ ਕਦੀ ਇੱਕ ਡਾਇਲਾਗ ਲਿਖਣ ਲੱਗਿਆਂ ਹੀ ਕਈ ਕਈ ਦਿਨ ਲੱਗ ਜਾਂਦੇ ਹਨ।

ਪਾਠਕ ਕਦੇ ਵੀ ਥੋੜ੍ਹੇ ਬਹੁਤੇ ਵਿਲੱਖਣ ਬਿਰਤਾਂਤਕ ਹਿੱਸੇ ਨਾਲ ਨਹੀਂ ਖਿੱਚਿਆ ਜਾ ਸਕਦਾ। ਜੇ ਤੁਹਾਡੀ ਸਾਰੀ ਲਿਖਤ ਵਿੱਚ ਹੀ ਅਜਿਹੀ ਖ਼ਾਸੀਅਤ ਹੈ ਫਿਰ ਹੀ ਪਾਠਕ ਤੁਹਾਡੇ ਨਾਲ ਜੁੜਨਗੇ। ਜੇ ਮੈਂ ਕਿਸੇ ਪਾਠਕ ਨੂੰ ਕੋਈ ਸਵਾਲ ਕਰਦਾ ਹਾਂ ਕਿ ਤੁਹਾਨੂੰ ਇਸ ਵਿਚਲੀ ਕਿਹੜੀ ਚੀਜ਼ ਜਾਂ ਕਿਹੜਾ ਬਿਰਤਾਂਤ ਚੰਗਾ ਲੱਗਾ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ 'ਸਾਰਾ ਕੁਝ'। ਹੁਣ ਜਾਂ ਤਾਂ ਮੇਰੇ ਨਾਵਲਾਂ ਵਿੱਚ ਵਿਲੱਖਣ ਬਿਰਤਾਂਤ ਹੈ ਹੀ ਨਹੀਂ ਜਾਂ ਸਾਰਾ ਹੀ ਵਿਲੱਖਣ ਹੈ।

ਮੈਂ ਸਭ ਤੋਂ ਪਹਿਲਾਂ ਪਾਠਕਾਂ ਨੂੰ ਧਿਆਨ ਵਿੱਚ ਰੱਖਦਾ ਹਾਂ ਕਿਉਂਕਿ ਜੇ ਮੈਂ ਨਾਵਲ ਪੜ੍ਹਨ ਵਾਲਿਆਂ ਨੂੰ ਧਿਆਨ ਵਿੱਚ ਰੱਖਾਂਗਾ ਤਾਂ ਮੈਨੂੰ ਨਾਵਲ ਦੇ ਬਿਰਤਾਂਤ, ਘਟਨਾਵਾਂ, ਪਾਤਰ ਤੇ ਵਿਸ਼ੇ ਵੱਲ ਵੀ ਖ਼ਾਸ ਧਿਆਨ ਦੇਣਾ ਪਵੇਗਾ। ਜੇਕਰ ਪਾਠਕ ਨੂੰ ਇਨ੍ਹਾਂ ਵਿੱਚੋਂ ਇੱਕ ਪੱਖ ਦੀ ਵੀ ਘਾਟ ਰੜਕੇਗੀ ਤਾਂ ਉਹ ਮੇਰੀ ਰਚਨਾ ਨੂੰ ਨਿਕਾਰ ਸਕਦਾ ਹੈ। ਸੋ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਇਨ੍ਹਾਂ ਸਾਰੇ ਪੱਖਾਂ ਪ੍ਰਤੀ ਸੁਚੇਤ ਹੋ ਕੇ ਪਾਠਕਾਂ ਨੂੰ ਨਾਲ ਜੋੜੀ ਰੱਖਣਾ।

ਪਹਿਲੀ ਗੱਲ ਮੈਂ ਇਹ ਮੰਨਦਾ ਹਾਂ ਕਿ ਨਾਇਕ ਪ੍ਰਧਾਨ ਹੋਣਾ ਨਾਵਲ ਦੀ ਕੋਈ ਕਮਜ਼ੋਰੀ ਨਹੀਂ। ਨਾਇਕ ਦਾ ਸੰਕਲਪ ਆਪਣੇ ਪਿਛੋਕੜ ਨਾਲ ਜੁੜਿਆ ਹੋਇਆ ਹੈ। ਇਸ ਤੋਂ ਏਨੀ ਜਲਦੀ ਤਾਂ ਮੁਕਤ ਨਹੀਂ ਹੋਇਆ ਜਾ ਸਕਦਾ। ਹਾਂ! ਹੁਣ ਜਿਉਂ ਜਿਉਂ ਸਮਾਂ ਬਦਲ ਰਿਹਾ ਹੈ ਇਸ ਵਿੱਚ ਫਰਕ ਜ਼ਰੂਰ ਆ ਰਿਹਾ ਹੈ। ਹੁਣ ਬਹੁਤੇ ਅਜਿਹੇ ਨਾਵਲ ਆ ਰਹੇ ਹਨ ਜਿਨ੍ਹਾਂ ਵਿੱਚ ਕੋਈ ਇੱਕ ਨਾਇਕ ਨਹੀਂ ਹੁੰਦਾ। ਮੇਰਾ ਪਹਿਲਾ ਨਾਵਲ 'ਭਾਗੂ' ਨਇਕ ਪ੍ਰਧਾਨ ਸੀ। ਦੂਸਰੇ ਨਾਵਲ 'ਤੀਵੀਆਂ' ਵਿੱਚ ਕੋਈ ਨਾਇਕ ਨਹੀਂ। ਪਰ ਮੈਂ ਵੇਖਿਆ ਹੈ ਕਿ ਬਹੁਤੇ ਪਾਠਕਾਂ ਦੀ ਮਾਨਸਿਕਤਾ ਅਜੇ ਵੀ ਨਾਇਕ ਨਾਲ ਜੁੜੀ ਹੋਈ ਹੈ। ਮੇਰੇ ਇਸ ਨਾਵਲ ਵਿੱਚ ਵੀ ਜਿਹੜਾ ਪਾਤਰ ਕਿਸੇ ਪਾਠਕ ਨੂੰ ਵੱਧ ਪ੍ਰਭਾਵਿਤ ਕਰ ਗਿਆ, ਉਹ ਉਸ ਨੇ ਨਾਇਕ ਮੰਨ ਲਿਆ। ਕਿਸੇ ਨੂੰ ਬਸ਼ੀਰਾਂ ਚੰਗੀ ਲੱਗੀ, ਕਿਸੇ ਨੂੰ ਦੇਵਕੀ, ਕੋਈ ਜਲਕੁਰ ਨਾਲ ਖੜ੍ਹਿਆ। ਕਿਸੇ ਦੀਆਂ ਨਜ਼ਰਾਂ 'ਚ ਰਾਜੂ ਨਾਇਕ ਬਣਿਆ, ਕੋਈ ਸਿੰਦੂ ਨੂੰ ਮੰਨਦਾ ਰਿਹਾ ਤੇ ਕੋਈ ਰੋਹੀ ਦਾ ਆਸ਼ਕ ਹੋ ਗਿਆ।

ਮੈਂ ਕੁਝ ਇਸ ਤਰ੍ਹਾਂ ਦੇ ਵੇਰਵੇ ਨਾਵਲ ਵਿੱਚ ਪਾਉਂਦਾ ਹਾਂ ਜਿਹੜੇ ਮਨੁੱਖ ਨੂੰ ਧੁਰ ਅੰਦਰ ਤੱਕ ਝੰਜੋੜ ਦੇਣ। ਉਹ ਕਹਾਣੀ 'ਚ ਆਪ ਤੁਰਿਆ ਫਿਰਦਾ ਮਹਿਸੂਸ ਕਰੇ। ਉਸਨੂੰ ਸਾਰੀਆਂ ਨਾਵਲੀ ਘਟਨਾਵਾਂ ਆਪਣੀਆਂ ਅੱਖਾਂ ਅੱਗੇ ਵਾਪਰ ਰਹੀਆਂ ਜਾਪਣ। ਕੁਝ ਅਜਿਹੇ ਵੇਰਵੇ ਵੀ ਜਿਹੜੇ ਮਨੁੱਖ ਦੀਆਂ ਮਨੁੱਖਤਾਂ ਵਾਲੀਆਂ ਭਾਵਨਾਵਾਂ ਉਤੇਜਿਤ ਕਰਦੇ ਹੋਣ। ਜਿਵੇਂ 'ਭਾਗੂ' ਨਾਵਲ ਵਿੱਚ ਕਿਰਨਾ ਦਾ ਗੈਰ ਮਨੁੱਖਤਾ ਵਾਲਾ ਵਿਵਹਾਰ ਪਾਠਕ ਨੂੰ ਉਸ ਦਾ ਵਿਰੋਧੀ ਬਣਾ ਦਿੰਦਾ ਹੈ। ਇਸੇ ਤਰ੍ਹਾਂ 'ਤੀਵੀਆਂ' ਵਿੱਚ




ਬਸ਼ੀਰਾਂ ਦਾ ਆਪਣੇ ਪੁਰਾਣੇ ਘਰ ਨੂੰ ਵੇਖਣ ਜਾਣਾ, ਤੇਜੇ ਵੱਲੋਂ ਬਸ਼ੀਰਾਂ ਦੀ ਕੁੱਟ-ਮਾਰ ਜਾਂ ਅਖੀਰ ਤੇ ਰਾਜੂ ਦੀ ਮਾਨਸਿਕਤਾ ਤੇ ਉਸ ਵੱਲੋਂ ਖ਼ੁਦਕੁਸ਼ੀ ਕਰ ਜਾਣਾ ਅਜਿਹੇ ਵੇਰਵੇ ਹਨ ਜਿਹੜੇ ਮਨੁੱਖ ਦੇ ਭੈੜੇ ਵਿਹਾਰ ਨੂੰ ਰੱਦ ਕਰਕੇ ਪਾਠਕ ਨੂੰ ਸਹੀ ਧਿਰ ਨਾਲ ਖੜ੍ਹਨ ਲਈ ਹਲੂਣਾ ਦਿੰਦੇ ਹਨ। ਪਾਠਕ ਪੜ੍ਹ ਕੇ ਇਹਨਾਂ ਹਾਸ਼ੀਏ ਤੇ ਧੱਕ ਦਿੱਤੇ ਲੋਕਾਂ ਨਾਲ ਭਾਵਨਾਤਮਿਕ ਤੌਰ ਤੇ ਜੁੜ ਜਾਂਦਾ ਹੈ।

ਮੇਰੀ ਵਾਤਾਵਰਨ ਵੀ ਅਜਿਹਾ ਚਿਤਰਣ ਦੀ ਕੋਸ਼ਿਸ਼ ਰਹਿੰਦੀ ਹੈ ਕਿ ਪਾਠਕ ਪੜ੍ਹ ਰਹੇ ਦ੍ਰਿਸ਼ ਨੂੰ ਹੂ-ਬ-ਹੂ ਵੇਖਦਾ ਮਹਿਸੂਸ ਕਰੇ। ਫ਼ਿਲਮ ਵਾਂਗ।

ਪੰਜਾਬ ਦੀ ਜ਼ਿਆਦਾਤਰ ਵਸੋਂ ਪਿੰਡਾਂ ਵਿੱਚ ਹੀ ਵਸਦੀ ਹੈ। ਬਹੁਤੇ ਨਾਵਲਕਾਰ ਵੀ ਪਿੰਡਾਂ ਦੇ ਹੀ ਵਸਨੀਕ ਹਨ। ਨਾਵਲ ਲਿਖਣ ਲਈ ਬਹੁਤ ਜ਼ਿਆਦਾ ਅਨੁਭਵ ਦੀ ਜ਼ਰੂਰਤ ਹੈ। ਸੋ, ਜੇ ਬਹੁਤੇ ਨਾਵਲਕਾਰਾਂ ਨੂੰ ਪਿੰਡਾਂ ਦਾ ਅਨੁਭਵ ਹੈ ਤਾਂ ਬਹੁਤਾ ਪਿੰਡਾਂ ਬਾਰੇ ਹੀ ਲਿਖਿਆ ਜਾਵੇਗਾ। ਸਾਹਿਤ ਦੇ ਬਹੁਤੇ ਪਾਠਕ ਵੀ ਤਾਂ ਪਿੰਡਾਂ ਵਿੱਚ ਹੀ ਬੈਠੇ ਹਨ। ਜਾਂ ਉਹ ਹਨ ਜੋ ਪਿੰਡਾਂ 'ਚੋਂ ਪਰਵਾਸ ਕਰ ਕੇ ਸ਼ਹਿਰ ਵਸ ਗਏ ਹਨ। ਮਸ਼ੀਨਾਂ ਨਾਲ ਮਸ਼ੀਨਾਂ ਹੋਏ ਸ਼ਹਿਰੀ ਬਾਬੂਆਂ ਕੋਲ ਤਾਂ ਸਾਹਿਤ ਪੜ੍ਹਨ ਦਾ ਟਾਇਮ ਹੀ ਨਹੀਂ ਹੈ।

ਬਾਕੀ ਜਿਹੜੇ ਹੁਣ ਨਾਵਲ ਆ ਰਹੇ ਹਨ, ਚਾਹੇ ਬਹੁਤੇ ਪਿੰਡਾਂ ਉਪਰ ਹੀ ਲਿਖੇ ਗਏ ਹਨ ਪਰ ਉਨ੍ਹਾਂ ਵਿੱਚ ਪੇਂਡੂ ਸੰਸਕ੍ਰਿਤੀ ਤੋਂ ਹਟ ਕੇ ਹੋਰ ਪੱਖ ਵੀ ਛੋਹੇ ਗਏ ਹਨ ਜਾਂ ਛੋਹੇ ਜਾਂ ਛੋਹੇ ਜਾ ਰਹੇ ਹਨ। ਹੁਣ ਬਹੁਤੇ ਨਾਵਲਾਂ ਵਿੱਚ ਖੁਰ ਰਹੇ ਪਿੰਡ ਦੀ ਮਾਨਸਿਕਤਾ ਨੂੰ ਫੜ੍ਹਨ ਦੀਆਂ ਕੋਸ਼ਿਸ਼ਾ ਹੋ ਰਹੀਆਂ ਹਨ।

ਜੇ ਅਸਲ ਸਮਾਜ ਵਿੱਚ ਨਾਰੀ ਸ਼ੋਸ਼ਣ ਦਾ ਸ਼ਿਕਾਰ ਹੈ ਤਾਂ ਨਾਵਲ ਵਿੱਚ ਵੀ ਤਾਂ ਇਹੀ ਆਵੇਗਾ। ਨਾਵਲ ਇਹ ਗੱਲ ਕਿਵੇਂ ਕਰ ਸਕਦਾ ਹੈ ਕਿ ਸਮਾਜ ਵਿੱਚ ਵਾਪਰ ਕੁਝ ਹੋਰ ਰਿਹਾ ਹੋਵੇ ਤੇ ਲਿਖਿਆ ਕੁਝ ਹੋਰ ਜਾਵੇ। ਬਾਕੀ ਇਹ ਵੀ ਨਹੀਂ ਕਿ ਪੰਜਾਬੀ ਨਾਵਲ ਨਾਰੀ ਦੇ ਦੂਸਰੇ ਪੱਖ ਪੇਸ਼ ਕਰਨ ਤੋਂ ਬਿਲਕੁਲ ਕੋਰਾ ਹੈ। ਮੇਰੇ ਨਾਵਲ 'ਭਾਗੂ' ਵਿੱਚ ਕਿਰਨਾ, ਹੋਰਾਂ ਦਾ ਸ਼ੋਸ਼ਣ ਕਰਦੀ ਹੈ। ਪਰਗਟ ਸਿੰਘ ਸਿੱਧੂ ਦੇ 'ਅਲਵਿਦਾ ਅਮੀਰਪੁਰ' ਕੁਲਦੀਪ ਸਿੰਘ ਬੇਦੀ ਦੇ 'ਸੰਗਲ ਨਾ ਫੜ' ਜਸਵੰਤ ਸਿੰਘ ਕੰਵਲ ਦੇ 'ਜ਼ੇਰਾ' ਆਦਿ ਨਾਵਲਾਂ ਵਿੱਚ ਔਰਤ ਦਾ ਦੂਸਰਾ ਪੱਖ ਹੀ ਵਿਖਾਇਆ ਗਿਆ ਹੈ।



## ਮੁਲਾਕਾਤ:

# "ਪੰਜਾਬੀ ਵਿਚ ਵੱਡੇ ਕੈਨਵਸ ਨੂੰ ਚਿਤਰਨ ਵਾਲਾ ਕੋਈ ਨਾਵਲ ਨਹੀਂ"- ਰਜਨੀਸ਼ ਬਹਾਦਰ ਸਿੰਘ

**ਮੁਲਾਕਾਤੀ: ਭਗਵੰਤ ਰਸੂਲਪੁਰੀ**

*(ਰਜਨੀਸ਼ ਬਹਾਦਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਗਲਪ ਤੇ ਸਾਰਥਕ ਸਮੀਖਿਆ ਕਰਦਾ ਆ ਰਿਹਾ ਹੈ। ਉਸ ਦੀਆਂ ਮੌਲਿਕ ਧਾਰਨਾਵਾਂ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਮੁੱਲਵਾਨ ਵਾਧਾ ਕੀਤਾ ਹੈ। ਸਮਕਾਲੀ ਨਾਵਲ ਦੇ ਬਹਾਨੇ ਪੰਜਾਬੀ ਨਾਵਲ ਨਾਲ ਸਬੰਧਤ ਉਸ ਨਾਲ ਮੁਲਾਕਾਤ ਕੀਤੀ ਤਾਂ ਕਿ ਨਾਵਲਕਾਰਾਂ ਦੇ ਵਿਚਾਰਾ ਦੇ ਬਰਾਬਰ ਸਮੀਖਿਆ ਦੀ ਇਕ ਪੜਤ ਪੈਦਾ ਕੀਤੀ ਜਾ ਸਕੇ। ਮੁਲਾਕਾਤ ਵਿਚ ਪੰਜਾਬੀ ਨਾਵਲ ਦੇ ਕੁੱਝ ਅਹਿਮ ਮੁੱਦਿਆਂ ਬਾਰੇ ਗੱਲਾਂ ਹੋਈਆਂ, ਜਿਵੇਂ ਨਾਵਲਕਾਰਾਂ ਦੀ ਇਸ ਅੰਕ ਵਿਚ ਲਿਖੀਆਂ ਗੱਲਾਂ ਪੜ੍ਹ ਕੇ ਸਮੀਖਿਅਕ ਪਰੇਸ਼ਾਨ ਹੋਣਗੇ ਉਂਝ ਹੀ ਇਕ ਗਲਪ ਆਲੋਚਕ ਦੀ ਗੱਲਾਂ ਪੜ੍ਹ ਕੇ ਨਾਵਲਕਾਰ ਵੀ ਪਰੇਸ਼ਾਨ ਹੋਣਗੇ। ਮੇਰਾ ਮੁੱਖ ਉਦੇਸ਼ ਇਸ ਨੂੰ ਇਕ ਸੰਵਾਦ ਦਾ ਰੂਪ ਦੇਣਾ ਹੈ। ਸੰਵਾਦ ਵਿਚੋਂ ਕੁੱਝ ਮੁੱਦੇ ਸਾਫ ਹੋਣਗੇ। -ਸੰਪਾਦਕ)*

**? ਸਭ ਤੋਂ ਪਹਿਲਾਂ ਤਾਂ ਆਪਾਂ ਸਮਕਾਲੀ ਨਾਵਲ ਬਾਰੇ ਸਪੱਸ਼ਟ ਹੋਈਏ। ਸਮਕਾਲੀ ਨਾਵਲ ਅਸੀਂ ਕਿਸ ਨੂੰ ਕਹੀਏ? ... ਉਹ ਨਾਵਲ ਜੋ ਅੱਜ ਦੇ ਸਮੇਂ ਵਿਚ ਬੈਠ ਕੇ 50 ਜਾਂ ਸੌ-ਦੌ ਸੌ ਸਾਲ ਜਾਂ ਇਸ ਤੋਂ ਪਹਿਲਾਂ ਦੇ ਸਮੇਂ ਨੂੰ ਲੈ ਕੇ ਲਿਖਿਆ ਜਾ ਰਿਹਾ ਜਾਂ ਫਿਰ ਉਸ ਨਾਵਲ ਨੂੰ ਕਹੀਏ ਜਿਹੜੇ ਨਾਵਲ ਵਿਚ ਅਜੋਕੇ ਸਮੇਂ ਨੂੰ ਫੜਿਆ ਗਿਆ ਹੈ।**

-ਜਦੋਂ ਅਸੀਂ ਸਮਕਾਲ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਇਹੀ ਹੁੰਦਾ ਕਿ ਜਿਹੜਾ ਨਾਵਲ ਅੱਜ ਦੇ ਦੌਰ ਵਿਚ ਲਿਖਿਆ ਜਾ ਰਿਹਾ ਹੈ। ਸਮਕਾਲੀ ਦੌਰ ਨੂੰ ਜਦੋਂ ਆਪਾਂ ਨਿਸ਼ਚਤ ਕਰਦੇ ਹਾਂ ਤਾਂ ਇਸ ਸਮੇਂ ਨੂੰ ਇਕ ਦਹਾਕੇ ਦੇ ਆਰ ਪਾਰ ਫੈਲਾ ਦਿੰਦੇ ਹਾਂ। ਲਗਭਗ ਵੀਹ ਸਾਲ ਵਿਚ ਲਿਖਿਆ ਗਿਆ ਨਾਵਲ ਸਮਕਾਲ ਨਾਲ ਸਬੰਧਤ ਹੁੰਦਾ ਹੈ। ਵਿਸ਼ਾ ਕੋਈ ਵੀ ਹੋਵੇ। ਚਾਹੇ ਉਹ ਅੱਜ ਦੇ ਸਮੇਂ ਨੂੰ ਪੇਸ਼ ਕਰਨ ਵਾਲਾ ਨਾਵਲ ਹੈ ਚਾਹੇ ਅੱਜ ਤੋਂ ਸੌ ਸਾਲ ਪਹਿਲਾਂ ਦਾ ਨਾਵਲ ਜਾਂ ਦੋ ਸੌ ਸਾਲ ਜਾਂ ਇਕ ਹਜਾਰ ਸਾਲ ਪਹਿਲਾਂ ਦੇ ਜੀਵਨ ਨੂੰ ਪੇਸ਼ ਕਰ ਰਿਹਾ ਹੈ। ਸਮਕਾਲ ਵਿਚ ਬੈਠ ਕੇ ਭੂਤ ਕਾਲ ਨੂੰ ਲਿਖ ਰਿਹਾ ਉਹ ਨਾਵਲ ਵੀ ਸਮਕਾਲੀ ਨਾਵਲ ਕਹਾਏਗਾ। ਨਾਵਲ ਇਕ ਅਜਿਹੀ ਵਿਧਾ ਹੈ ਜਿਹਦੇ ਵਿੱਚ ਸਮਰੱਥਾ ਹੁੰਦੀ ਹੈ ਕਿ ਉਹ ਸਮੇਂ ਨੂੰ ਹਰ ਕੋਣ ਤੋਂ ਫੜਦਾ ਹੈ। ਅਹਿਮ ਮੁੱਦਾ ਇਹ ਹੈ ਕਿ 20 ਸਾਲ ਵਿੱਚ ਲਿਖਿਆ ਸਮਕਾਲੀ ਨਾਵਲ ਕਿਹੜੇ ਕਿਹੜੇ ਮਸਲਿਆਂ ਨੂੰ ਐਡਰਸ ਕਰ ਰਿਹਾ ਹੈ। ਕਿਹੜੇ ਮਸਲਿਆਂ ਨੂੰ ਸੰਬੋਧਤ ਹੈ। ਸਮਕਾਲ ਵਿਚ ਬੈਠ ਕੇ ਨਾਵਲਕਾਰ ਆਪਣੇ ਭੂਤ, ਵਰਤਮਾਨ ਤੇ ਇਤਿਹਾਸ, ਮਿਥਿਹਾਸ ਦੀ ਤਲਾਸ਼ ਕਰਦਾ ਹੈ। ਦੇਖਣਾ ਇਹ ਹੈ ਕਿ ਸਮਕਾਲ ਵਿਚ ਕੇਂਦਰਿਤ ਮੁੱਦੇ ਕਿਹੜੇ ਕਿਹੜੇ ਹਨ।

**? ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਜਾਂ ਦਲੀਪ ਕੌਰ ਟਿਵਾਣਾ ਤੋਂ ਬਾਅਦ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਸਾਰੇ ਨਵੇਂ ਨਾਂ ਉਭਰੇ। ਇਨ੍ਹਾਂ ਤਿੰਨਾਂ ਨਾਵਲਕਾਰਾਂ ਦੀ ਚੜ੍ਹਤ ਵਿਚ ਹੀ ਪੰਜਾਬ ਸੰਕਟ ਆਉਂਦਾ ਹੈ, ਉਸ ਦੌਰ ਦੇ ਨਾਵਲ ਆਉਂਦੇ ਹਨ। ਫਿਰ ਪੰਜਾਬ ਸੰਕਟ ਤੋਂ ਬਾਅਦ ਦੇ ਨਾਵਲਕਾਰਾਂ ਵਿਚ ਵਿਸ਼ੇ ਤੇ ਸ਼ੈਲੀ ਪੱਖ ਤੋਂ ਕਿਹੜੀ ਤਬਦੀਲੀ ਤੁਸੀਂ ਵੇਖਦੇ ਹੋ।**

-ਇਹਨਾਂ ਤਿੰਨੇ ਨਾਵਲਕਾਰਾਂ ਨੂੰ ਜੇ ਤਾਂ ਆਪਾਂ ਪੀੜੀ ਦੇ ਤੌਰ ਤੇ ਵੇਖੀਏ ਤਾਂ ਵੱਖਰੀ ਗੱਲ ਨਹੀਂ ਤਾਂ ਇਹ ਤਿੰਨੋਂ ਨਾਵਲਕਾਰ ਅੱਜ ਵੀ ਨਾਵਲ ਲਿਖ ਰਹੇ ਹਨ। ਜਦੋਂ ਆਪਾਂ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਨੂੰ ਵੇਖਦੇ ਹਾਂ ਤਾਂ ਉਹ ਲਹਿਰਾਂ ਦਾ ਨਾਵਲਕਾਰ ਹੈ। ਪਿਛਲੇ ਪੰਜਾਹ ਸਾਲਾਂ ਦੌਰਾਨ ਉਸ ਦੀ ਨਾਵਲਕਾਰੀ ਵੇਖ ਸਕਦੇ ਹਾਂ। ਜਦੋਂ-ਜਦੋਂ ਵੀ ਪੰਜਾਬ ਵਿਚ ਲਹਿਰਾਂ ਉੱਠੀਆਂ ਕੰਵਲ ਨੇ ਉਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਨਾਵਲਕਾਰੀ ਕੀਤੀ। ਮਿਸਾਲ ਵਜੋਂ ਜਦੋਂ ਪੰਜਾਬ ਵਿਚ ਖੱਬੇ ਪੱਖੀ ਲਹਿਰ ਉੱਠਦੀ ਹੈ। ਮੁਜਾਰਾ ਮੂਵਮੈਂਟ ਨਾਲ ਜੁੜਿਆ ਉਸ ਦਾ ਨਾਵਲ 'ਰਾਤ ਬਾਕੀ ਹੈ' ਆਉਂਦਾ ਹੈ। 'ਰਾਤ ਬਾਕੀ ਹੈ' ਰਾਜਨੀਤਿਕ ਚੇਤਨਾ ਵਾਲਾ ਇਕ ਅਜਿਹਾ ਨਾਵਲ ਹੈ ਜਿਹਨੇ ਖੱਬੇ ਪੱਖੀ ਪਾਠਕ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਉਸ ਸਮੇਂ ਦੇ ਯੂਥ ਨੂੰ ਪ੍ਰਭਾਵਿਤ ਵੀ ਕੀਤਾ। ਉਸ ਸਮੇਂ ਦੌਰਾਨ ਖੱਬੇ ਪੱਖੀ ਲਹਿਰ ਵਿਚੋਂ ਨਵੇਂ ਰੁਝਾਨ ਪੈਦਾ ਹੋਏ ਉਨ੍ਹਾਂ ਰੁਝਾਨਾਂ ਵਿੱਚ ਨਕਸਲਬਾੜੀ ਲਹਿਰ ਉੱਠਦੀ ਹੈ। ਜਿਨ੍ਹਾਂ ਖੱਬੇ ਪੱਖੀ ਲੋਕਾਂ ਨੇ ਉਸ ਵੇਲੇ ਦੀ ਪ੍ਰੰਪਰਗਤ ਸੋਚ ਨੂੰ ਛੱਡ ਕੇ ਸਮਾਜਵਾਦ ਲਈ ਹਥਿਆਰਬੰਦ ਦਾ ਰਸਤਾ ਅਖਤਿਆਰ ਕੀਤਾ ਉਹ ਸੀ ਨਕਸਲਬਾੜੀ ਲਹਿਰ। ਉਸ ਹਥਿਆਰਬੰਦ ਲਹਿਰ ਵਿਚੋਂ ਸਟੇਟ ਨਾਲ ਟਕਰਾਅ ਪੈਦਾ ਹੋਇਆ ਉਸ ਵਿਚੋਂ ਸਮੱਸਿਆ ਪੈਦਾ ਹੋਈ। ਕੰਵਲ ਨੇ ਉਸ ਚੇਤਨਾ ਬਾਰੇ ਨਾਵਲ ਲਿਖਣੇ ਆਰੰਭ ਕਰ ਦਿਤੇ ਜਿਸ ਵਿਚ ਉਸ ਦਾ ਪ੍ਰਮੁੱਖ ਨਾਵਲ 'ਲਹੂ ਦੀ ਲੋਅ' ਹੈ। ਫਿਰ ਪੰਜਾਬ ਸਮੱਸਿਆ ਆ ਜਾਂਦੀ ਹੈ। ਪੰਜਾਬ ਸਮੱਸਿਆ ਦਾ ਮੂਲ ਮੁੱਦਾ ਇਹ ਸੀ ਕਿ ਜਿਹੜਾ ਸਰਮਾਏਦਾਰੀ ਦਾ ਸੰਕਟ ਹੈ ਇਸ ਪਰੰਪਰਾਗਤ ਸਮਾਜ ਦੀ ਮੁਕਤੀ ਸਮਾਜਵਾਦ ਵਿਚ ਨਹੀਂ ਹੋਣੀ ਜਦੋਂ ਕੌਮੀਅਤ ਦੀ ਅਜ਼ਾਦੀ ਦਾ ਮਸਲਾ ਖੜਦਾ ਹੈ ਜਿਸਦੇ ਵਿਚ ਸਿੱਖ ਨੂੰ ਇਕ ਕੌਮ ਬਣਾ ਕੇ ਪੇਸ਼ ਕੀਤਾ ਕਿ ਸਿੱਖ ਕੌਮ ਗੁਲਾਮੀ ਦਾ ਜੀਵਨ ਹੰਢਾ ਰਹੀ ਹੈ। ਮੁਕਤੀ ਦਾ ਜਿਹੜਾ ਮਾਡਲ ਹੈ ਉਹ ਧਰਮ ਦੇ ਅਧਾਰ ਤੇ ਮੁਕਤੀ ਦਾ ਹੋਣਾ ਚਾਹੀਦਾ ਹੈ। ਉਹਦੇ ਵਿਚੋਂ ਨਾਵਲ ਵੀ ਨਿਕਲੇ ਤਾਂ ਕੰਵਲ 'ਮੋੜਾ' ਨਾਵਲ ਰਾਹੀਂ ਉਸ ਪਾਸੇ ਵੱਲ ਨੂੰ ਤੁਰ ਪਿਆ। 'ਐਨਿਆਂ 'ਚੋਂ ਉੱਠੋ ਸੂਰਮਾ' ਨਾਲ ਸਿਖ਼ਰ ਤੇ ਪਹੁੰਚ ਗਿਆ। ਇਹ ਧਰਮ ਅਧਾਰਤ ਨਾਵਲਕਾਰੀ ਸੀ। ਇੰਜ ਕੰਵਲ ਦੀ ਵਿਚਾਰਧਾਰਾ ਨਿਰੰਤਰ ਬਦਲਦੀ ਰਹੀ ਹੈ। ਉਸ ਤੋਂ ਬਾਅਦ ਅਸੀਂ ਟਿਵਾਣਾ ਦੇ ਨਾਵਲ ਵੇਖਦੇ ਹਾਂ। ਟਿਵਾਣਾ ਨੇ ਸਾਡੇ ਸਮਾਜ ਵਿਚ ਨਾਰੀ ਦੀ ਹੋਂਦ ਤੇ ਪੁਜੀਸ਼ਨ ਹੈ ਉਸ ਨੂੰ ਲੈ ਕੇ ਨਾਵਲ ਦੀ ਰਚਨਾ ਹੁੰਦੀ ਹੈ। ਜਦੋਂ ਨਾਰੀ ਦੀ ਪੁਜੀਸ਼ਨ ਨੂੰ ਪੇਸ਼ ਕੀਤਾ ਜਾਂਦਾ ਹੈ। ਉਹਦੇ 'ਚ ਜਾਂ ਤਾਂ ਅਸੀਂ ਵੇਖਦੇ ਹਾਂ ਕਿ ਜਿਹੜੇ ਨਾਰੀ ਨਾਲ ਸੰਬੰਧਤ ਸਿਧਾਂਤ ਚੱਲੇ... ਕਿ ਨਾਰੀ ਅਜ਼ਾਦ ਤਾਂ ਹੋਵੇਗੀ ਜਦੋਂ ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜੀ ਹੋਵੇਗੀ। ਇਹ ਸਾਡੀ ਸੰਸਕ੍ਰਿਤੀ ਦਾ ਮਸਲਾ ਹੈ। ਔਰਤ ਦੇ ਸੰਕਟ ਪੇਸ਼ ਕੀਤਾ ਉਸ ਔਰਤ ਰਾਹੀਂ ਇਨਕਲਾਬੀ ਚੇਤਨਾ ਦੀ ਗੱਲ ਨਹੀਂ ਕਰਦੀ। ਉਹ ਤਾਂ ਕੇਵਲ ਔਰਤ ਦੀ ਪੁਜ਼ੀਸ਼ਨ ਪੇਸ਼ ਕਰ ਰਹੀ ਹੈ। ਜਿਵੇਂ 'ਇਹੁ ਹਮਾਰਾ ਜੀਵਣਾ' ਵਿਚ ਟਿਵਾਣਾ ਔਰਤ ਦਾ ਦੁਖਾਂਤ ਦਾ ਜੀਵਨ ਪੇਸ਼ ਕਰਦੀ ਹੈ। ਜੇ ਅਸੀਂ ਪਿਛਲੇ ਸਮੇਂ ਦੌਰਾਨ ਉਸਦੇ ਨਾਵਲ ਪੜ੍ਹੀਏ ਤਾਂ ਉਹ ਅਧਿਆਤਮਿਕ ਕਿਸਮ ਦੇ ਨਾਵਲ ਹਨ। ਇਨ੍ਹਾਂ ਨਾਵਲਕਾਰਾਂ ਤੋਂ ਜਦੋਂ ਪੰਜਾਬ ਸਮੱਸਿਆ ਆਉਂਦੀ ਹੈ ਤਾਂ ਪੰਜਾਬੀ ਨਾਵਲ ਦਾ ਇਕ ਮੁਹਾਵਰਾ ਬਦਲ ਜਾਂਦਾ ਹੈ। ਇਸ ਮੁਹਾਵਰੇ ਵਿੱਚ ਪੰਜਾਬ ਸਮੱਸਿਆ ਤੋਂ ਉਪਜੀ ਹਿੰਸਾ ਵਿਚੋਂ ਪੀੜਾ, ਦੁੱਖ ਨਾਵਲ ਵਿਚ ਪੇਸ਼ ਹੋਇਆ। ਇਸ ਨੂੰ ਇਨ੍ਹਾਂ ਨਾਵਲਕਾਰਾਂ ਨੇ ਵੀ ਪੇਸ਼ ਕੀਤਾ। ਹੋਰਨਾ ਨਾਵਲਕਾਰਾਂ ਨੇ ਵੀ ਪੇਸ਼ ਕੀਤਾ। ਹਰ ਸਾਹਿਤਕਾਰ ਨੇ ਇਸ ਮਸਲੇ ਨੂੰ ਆਪਣੀਆਂ ਰਚਨਾਵਾਂ ਵਿਚ ਲਿਆ। ਭਾਵ ਕਿ ਇਹ ਮਸਲਾ ਕੇਂਦਰ ਵਿਚ ਆ ਗਿਆ। ਅਸਲ ਵਿਚ 90 ਤੋਂ ਬਾਅਦ ਨਾਵਲ ਵਿਚ ਠਹਿਰਾਅ ਪੈਦਾ ਹੁੰਦਾ ਹੈ। ਜਿਸ ਨਾਵਲ ਨੂੰ ਆਪਾ ਸਮਕਾਲੀ ਕਹਿੰਦੇ ਹਾਂ ਨਾਵਲ ਵਿਚ ਤਬਦੀਲੀ ਆਉਂਦੀ ਹੈ। ਇਕ ਤਾਂ ਇਹ ਕਿ



ਪੰਜਾਬ ਵਿਚ ਮਨੁੱਖਤਾ ਦੇ ਜਿਹੜਾ ਦੀਰਘਕਲੀਨ ਮਸਲੇ ਹਨ ਜਿਵੇਂ ਰਿਸ਼ਤਿਆਂ ਦੀ ਟੁੱਟ ਭੱਜ ਜਾਂ ਵਿਸ਼ਵੀਕਰਨ ਦੇ ਪ੍ਰਭਾਵ ਥੱਲੇ ਖਪਤਵਾਦ ਤੇ ਉਪਭੋਗੀ ਸੱਭਿਆਚਾਰ ਆਉਂਦਾ ਹੈ। ਇਸ ਨੇ ਮਨੁੱਖ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ। ਕਿਸਾਨੀ ਨੂੰ ਕਿਵੇਂ ਪ੍ਰਭਾਵਿਤ ਕੀਤਾ। ਦੂਜੀ ਤਬਦੀਲੀ ਇਹ ਆਈ ਕਿ ਜਿਹੜੇ ਜੀਵਨ ਦਾ ਸੱਚ ਸੀ। ਉਸ ਯਥਾਰਥ ਨੂੰ ਕਈ ਕੋਣਾ ਤੋਂ ਵੇਖਣ ਦਾ ਸੰਕਲਪ ਸ਼ੁਰੂ ਹੋ ਗਿਆ। ਜਿਹੜਾ ਰਿਸ਼ਤੇ ਵਿਵਰਜਤ ਸਨ ਉਹ ਨਾਵਲਾਂ ਵਿਚ ਪੇਸ਼ ਹੋਣੇ ਸ਼ੁਰੂ ਹੋ ਗਏ। ਜਿਵੇਂ ਔਰਤ ਦੀ ਗੱਲ ਹੈ। ਔਰਤ ਦੇ ਮਸਲੇ ਵਿਚ ਸਾਡੇ ਜੀਵਨ ਨਾਲ ਜੁੜੀਆਂ ਹੋਈਆਂ ਮਰਿਯਾਦਾ ਸਨ। ਇਨ੍ਹਾਂ ਨੇ ਸਾਡੇ ਨਾਵਲਕਾਰਾਂ ਤੇ ਕਹਾਣੀਕਾਰਾਂ ਨੇ ਭੰਗ ਕਰ ਦਿੱਤਾ। ਕਿ ਉਪਭੋਗੀ ਸਭਿਆਚਾਰ ਵਿਚ ਔਰਤ ਆਪਣੇ ਜਿਸਮ ਨੂੰ ਵਸਤੂ ਬਣਾ ਕੇ ਪੇਸ਼ ਕਰ ਰਹੀ ਹੈ। ਔਰਤ ਲਈ ਇਹ ਰਿਸ਼ਤਾ-ਨਾਤਾ ਪ੍ਰਬੰਧ ਬਹੁਤ ਵੱਡੇ ਟੈਬੂ ਨਹੀਂ ਬਣਦੇ। ਔਰਤ ਜਿਸ ਕਿਸਮ ਦਾ ਰਿਸ਼ਤਾ ਚਾਹੁੰਦੀ ਹੈ ਹੰਢਾ ਲੈਂਦੀ ਹੈ, ਇਹ ਮਸਲੇ ਨਾਵਲਾਂ ਵਿਚ ਆਏ। ਇਸ ਦੌਰ ਵਿਚ ਬਹੁਤ ਸਾਰੇ ਨਾਵਲਕਾਰਾਂ ਲਈ ਇਹ ਸੰਕਟ ਵੀ ਆ ਗਿਆ ਕਿ ਇਸ ਸਮੇਂ 'ਚ ਆ ਕੇ ਨਾਵਲਕਾਰ ਨੂੰ ਲੱਗਣ ਲੱਗ ਪਿਆ ਕਿ ਅਸੀਂ ਹੁਣ ਕੀ ਲਿਖੀਏ। ਉਹ ਫਿਰ ਇਤਿਹਾਸ ਵੱਲ ਨੂੰ ਮੁੜਨੇ ਸ਼ੁਰੂ ਹੋ ਗਏ। ਇਤਿਹਾਸਕ ਨਾਵਲਾਂ ਦੀ ਪ੍ਰੰਪਰਾ ਸਾਡੇ ਕੋਲ ਪਹਿਲਾਂ ਵੀ ਸੀ ਪਰ ਇਸ ਦੌਰ ਵਿਚ ਜਿਹੜਾ ਇਤਿਹਾਸਕ ਨਾਵਲ ਆਇਆ। ਹੋਣਾ ਤਾਂ ਇਹ ਚਾਹੀਦਾ ਸੀ ਕਿ ਜਿਹੜੇ ਮਸਲੇ ਮਨੁੱਖ ਦੇ ਬੁਨਿਆਦੀ ਹਨ ਉਨ੍ਹਾਂ ਮਸਲਿਆਂ ਦਾ ਹੱਲ ਅਸੀਂ ਇਤਿਹਾਸ ਵਿਚੋਂ ਲੱਭਦੇ। ਪਰ ਹੋਇਆ ਇਸ ਤੋਂ ਉਲਟ ਬਹੁਤੇ ਨਾਵਲਕਾਰਾਂ ਨੇ ਪੱਪੂਲੈਰਟੀ ਦੇ ਤੌਰ ਤੇ ਇਤਿਹਾਸਕ ਲਿਖਣੇ ਸ਼ੁਰੂ ਕਰ ਦਿੱਤੇ। ਨਵਾਂ ਕੁਝ ਨਹੀਂ ਲੈ ਕੇ ਆਏ। ਇਹ ਗੱਲਾਂ ਸਮਕਾਲੀ ਨਾਵਲ ਵਿਚ ਉਭਰਨ ਲੱਗ ਪਈਆਂ।

**? ਇਸ ਦੌਰ ਤੋਂ ਪਹਿਲਾਂ ਦੇ ਨਾਵਲਾਂ ਵਿਚ ਜਿਹੜੀ ਔਰਤ ਰਵਾਇਤੀ ਕਿਸਮ ਦੀ ਆਉਂਦੀ ਹੈ। ਟਿਵਾਣਾ ਦੇ ਨਾਵਲਾਂ ਦੇ ਹਵਾਲੇ ਨਾਲ ਤੁਸੀਂ ਗੱਲ ਕੀਤੀ ਅਤੇ ਸਮਕਾਲੀ ਨਾਵਲ ਵਿਚ ਜਿਹੜੀ ਔਰਤ ਪੇਸ਼ ਹੋਈ ਹੈ ਉਹ ਕਿਸ ਕਿਸਮ ਦੀ ਔਰਤ ਪੇਸ਼ ਹੋਈ ਹੈ। ਪਹਿਲੇ ਨਾਲੋਂ ਉਹਦੇ ਵਿਚ ਕਿੰਨੀ ਕੁ ਵੱਖਰਤਾ ਹੈ।**

-ਪੰਜਾਬੀ ਨਾਵਲ ਦੀ ਇਕ ਸੀਮਾ ਵੀ ਹੈ। ਸੀਮਾ ਇਹ ਬਣੀ ਹੋਈ ਹੈ ਕਿ ਜਿਹੜਾ ਸਾਡਾ ਪੰਜਾਬੀ ਨਾਵਲਕਾਰ ਹੈ। ਬਹੁਤਾ ਪੇਂਡੂ ਪਿਛੋਕੜ ਦਾ ਹੈ। ਪੇਂਡੂ ਸੰਸਕ੍ਰਿਤੀ ਤੇ ਪੇਂਡੂ ਮੁਹਾਵਰੇ ਦਾ ਹੈ। ਨੈਤਿਕ ਕਦਰਾ-ਕੀਮਤਾ ਵੀ ਉਸ ਤਰ੍ਹਾਂ ਦੀ ਪਈਆਂ ਹਨ ਜਿਹੜੀਆਂ ਪਹਿਲੇ ਦੌਰ ਦੀਆਂ ਸਨ। ਨਵੀਂ ਤਕਨੀਕ ਨੂੰ ਉਸ ਨੇ ਆਤਮਸਾਤ ਨਹੀਂ ਕੀਤਾ। ਪੰਜਾਬੀ ਨਾਵਲ ਵਿਚ ਜਿਹੜੀ ਔਰਤ ਪੇਸ਼ ਹੋਈ ਹੈ ਉਹ ਰਵਾਇਤ ਕਿਸਮ ਦੀ ਹੈ। ਜਿਹੋ ਜਿਹੀ ਔਰਤ ਪੇਸ਼ ਹੋਣੀ ਚਾਹੀਦੀ ਸੀ ਉਹ ਔਰਤ ਪੇਸ਼ ਨਹੀਂ ਹੋਈ। ਔਰਤ ਇਕ ਸਹਾਇਕ ਪਾਤਰ ਦੇ ਤੌਰ ਤੇ ਪੇਸ਼ ਜ਼ਰੂਰ ਹੋਈ। ਔਰਤ ਕੇਂਦਰੀ ਪਾਤਰ ਨਹੀਂ ਬਣ ਸਕੀ। ਨਾਇਕਾ ਵਾਲੀ ਤਾਂ ਗੱਲ ਹੀ ਨਹੀਂ। ਔਰਤ ਮਰਦ ਦੇ ਸੰਬੰਧ ਵਿਚ ਜੇਕਰ ਔਰਤ ਨੂੰ ਪੇਸ਼ ਵੀ ਕੀਤਾ ਗਿਆ ਕਿਸੇ ਕਿਸੇ ਨਾਵਲ ਵਿਚ ਔਰਤ ਦੇ ਮਸਲੇ ਤੋਂ ਕੁਝ ਖੁੱਲ੍ਹਾਂ ਲਈਆਂ ਗਈਆਂ ਹਨ। ਇਹ ਖੁੱਲ੍ਹਾਂ ਲੈਣ ਦਾ ਮਤਲਬ ਇਹ ਨਹੀਂ ਕਿ ਉਹ ਔਰਤ ਦੇ ਮਸਲੇ ਨੂੰ ਡੀਲ ਨਹੀਂ ਕਰਦੇ। ਵੱਖਰਤਾ ਦੀ ਜਿਹੜੀ ਗੱਲ ਕੀਤੀ ਹੈ ਜਿਹੜੀ ਔਰਤ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਜਿਹੜੇ ਟੈਬੂ ਤੋੜਦੀ ਹੈ। ਉਹ ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਔਰਤਾਂ ਤੋੜਦੀਆਂ ਹਨ। ਜਿਹੜੀਆਂ ਔਰਤਾਂ ਪਰਵਾਨਾ ਪੇਸ਼ ਕਰਦਾ ਹੈ ਜੇ ਕਰ ਉਹ ਵਿਆਹ ਬਾਹਰੇ ਸੰਬੰਧ ਹੰਢਾਉਂਦੀਆਂ ਹਨ, ਇਨ੍ਹਾਂ ਸਬੰਧਾਂ ਨੂੰ ਲੈ ਕੇ ਉਨ੍ਹਾਂ ਦੇ ਮਨ ਵਿਚ ਗਿਲਾਨੀ ਨਹੀਂ ਹੈ। ਉਹ ਇਹ ਕਹਿੰਦੀਆਂ ਹਨ ਜੇਕਰ ਮਰਦ ਔਰਤ ਨੂੰ ਵਰਤ

ਸਕਦਾ ਹੈ ਔਰਤਾਂ  ਵੀ ਮਰਦ ਨੂੰ ਵਰਤ ਸਕਦੀਆਂ ਹਨ। ਆਪਾਂ'ਨਿੱਕੇ ਨਿੱਕੇ ਯੁੱਧ' ਜਾਂ 'ਅੰਬਰ ਵੱਲ ਉਡਾਨ' ਦੇ ਦੋ-ਤਿੰਨ ਔਰਤ ਪਾਤਰ ਵੇਖ ਸਕਦੇ ਹਾਂ। ਆਪਣੇ ਲਾਭ ਲਈ ਜਿਹੜੇ ਢੰਗ ਤਰੀਕੇ ਮਰਦ ਵਰਤਦਾ ਹੈ ਉਹ ਔਰਤ ਵੀ ਵਰਤ ਸਕਦੀ ਹੈ। ਉਹਦੇ ਮਨ ਵਿਚ ਵਿਆਹ ਬਾਹਰੇ ਸੰਬੰਧ ਹੰਢਾ ਕੇ ਕੋਈ ਗਿਲਾਨੀ ਪੈਦਾ ਨਹੀਂ ਹੁੰਦੀ। ਅਸੀਂ ਵੇਖਦੇ ਹਾਂ ਕਿਸੇ ਔਰਤ ਨਾਵਲਕਾਰ ਨੇ ਇਹੋ ਜਿਹੇ ਬੋਲਡ ਇਸਤਰੀ ਪਾਤਰ ਪੇਸ਼ ਨਹੀਂ ਕੀਤੇ। ਜਿਵੇਂ ਪਰਗਟ ਸਿੰਘ ਸਤੌਜ ਦਾ 'ਤੀਵੀਆਂ' ਨਾਵਲ ਹਨ ਉਸ ਵਿਚ ਉਸ ਨੇ ਔਰਤ ਦਾ ਇਹੋ ਜਿਹਾ ਚਿਹਰੇ ਪੇਸ਼ ਨਹੀਂ ਕੀਤਾ ਕਿ ਉਹ ਕੋਈ ਬੋਲਡ ਸਟੈਪ ਚੁੱਕਦੀਆਂ ਹਨ। ਕਿ ਔਰਤ ਸਾਡੇ ਸਮਾਜ ਸਾਹਮਣੇ ਵੰਗਾਰ ਬਣ ਕੇ ਖੜਦੀ ਹੈ।

**? ਸਾਡੇ ਵਧੇਰੇ ਨਾਵਲਾਂ ਵਿਚ ਇਸ ਕਿਸਮ ਦੀ ਪ੍ਰੰਪਰਕ ਕਿਸਮ ਦੀ ਔਰਤ ਹੀ ਪੇਸ਼ ਹੁੰਦੀ ਹੈ। ਇਹ ਨਾਵਲਕਾਰਾਂ ਦੀ ਕਿਹੜੀ ਮਾਨਸਿਕਤਾ ਹੈ ਕਿ ਨਾਵਲਕਾਰ ਨਾਇਕ ਦੀ ਮਿੱਥ ਨੂੰ ਤਾਂ ਨਾਵਲਾਂ ਵਿਚ ਪੇਸ਼ ਕਰਦਾ ਹੈ ਜਿਵੇਂ ਸਾਡੇ ਕੋਲ 'ਪਰਸਾ' ਨਾਵਲ ਹੈ। ਬਲਦੇਵ ਸਿੰਘ ਦੇ ਇਤਿਹਾਸਕ ਨਾਵਲ ਹਨ। ਪਰ ਉਹ ਨਾਇਕਾਂ ਦੀ ਮਿੱਥ ਨੂੰ ਸਥਾਪਿਤ ਕਿਓ ਨਹੀਂ ਕਰਦਾ? ਇਹ ਲੇਖਕ ਦੀ ਕਿਹੜੀ ਮਾਨਸਿਤਾ ਹੁੰਦੀ ਹੈ।**

-ਸਾਡੇ ਨਾਵਲਕਾਰ ਦੀ ਮਾਨਸਿਕਤਾ ਪੇਂਡੂ ਸੰਸਕ੍ਰਿਤੀ ਨਾਲ ਜੁੜੀ ਹੋਈ ਹੈ। ਇਸੇ ਕਰਕੇ ਜਿਹੜੀ ਔਰਤ ਹੈ ਉਹ ਨਾਵਲ ਕੇ ਕੇਂਦਰ ਵਿਚ ਨਹੀਂ ਸਹਾਇਕ ਦੇ ਤੌਰ ਤੇ ਪੇਸ਼ ਹੋਈ ਹੈ। ਇਹ ਜ਼ਰੂਰ ਹੋਇਆ ਕਿ ਔਰਤ ਦਾ ਕਾਇਆ ਕਲਪ ਹੋ ਗਿਆ। ਜਿਵੇਂ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਅਸੀਂ ਵੇਖਦੇ ਹਾਂ ਕਿ ਉਹ ਨਾਵਲ 'ਚ ਇਕ ਇਕ ਔਰਤ ਪੇਸ਼ ਕਰਦਾ ਹੈ ਕਿ ਉਹ ਪਹਿਲਾਂ ਮਾੜੇ ਚਰਿੱਤਰ ਦੀ ਔਰਤ ਹੁੰਦੀ ਹੈ ਫਿਰ ਉਹ ਦਾਨੀ ਔਰਤ ਬਣ ਜਾਂਦੀ ਹੈ। ਇਹ ਤਬਦੀਲੀ ਤਾਂ ਉਮਰ ਬੀਤਣ ਨਾਲ ਅਣਖੀ ਲੈ ਕੇ ਆਉਂਦਾ ਹੈ। ਪਰ ਔਰਤ ਦੇ ਨਵੇਂ ਰੂਪ ਨੂੰ ਕੇਂਦਰ ਵਿਚ ਨਹੀਂ ਲੈ ਕੇ ਆਉਂਦਾ। ਇਹ ਗੱਲ ਪੱਕ ਚੁੱਕੀ ਹੈ ਕਿ ਪੰਜਾਬ ਦਾ ਜਿਹੜਾ ਨਾਵਲਕਾਰ ਹੈ ਉਹ ਪੁਰਾਣੀ ਸੰਸਕ੍ਰਿਤੀ ਨਾਲ ਜੁੜਿਆ ਹੋਣ ਕਰਕੇ ਔਰਤ ਦੇ ਜੀਵਨ ਦੀਆਂ ਵੱਖਰੀਆਂ ਵੱਖਰੀਆਂ ਪਰਤਾਂ ਨੂੰ ਨਾ ਸਮਝਦਾ ਹੈ ਨਾ ਵੇਖਦਾ ਹੈ। ਇਕ ਗੱਲ ਹੋਰ ਸਾਡਾ ਨਾਵਲਕਾਰ ਦੁਨੀਆਂ ਦਾ ਸਾਹਿਤ ਪੜ੍ਹਦਾ ਹੈ ਉਹ ਵੇਖਦਾ ਹੈ ਔਰਤ ਉਨ੍ਹਾਂ ਨਾਵਲਾਂ ਵਿਚ ਕਿਵੇਂ ਪੇਸ਼ ਹੋ ਰਹੀ ਹੈ। ਭਾਰਤ ਦੀਆਂ ਬਾਕੀ ਭਾਸ਼ਾਵਾਂ ਦੇ ਨਾਵਲ ਵੀ ਪੜ੍ਹਦਾ ਹੈ। ਜੇਕਰ ਲੇਖਕ ਦੀ ਚੇਤਨਾ ਸੀਮਤ ਹੋਵੇ ਤਾਂ ਵੀ ਔਰਤ ਦਾ ਵੱਡਾ ਕਰੈਕਟਰ ਪੇਸ਼ ਨਹੀਂ ਹੋ ਸਕਦਾ। ਔਰਤ ਕੋਲ ਪਤਨੀ, ਮਾਂ, ਮਹਿਬੂਬਾ ਹੋਣ ਦਾ ਅਨੁਭਵ ਤੇ ਅਹਿਸਾਸ ਹੈ ਉਹ ਮਰਦ ਕੋਲ ਨਹੀਂ ਹੋ ਸਕਦਾ। ਮਰਦ ਉਸ ਚੀਜ਼ ਨੂੰ ਆਪਣੀ ਦ੍ਰਿਸ਼ਟੀ ਨਾਲ ਦੇਖੇਗਾ। ਔਰਤ ਨਾਵਲਕਾਰ ਦੇਖਦੀ ਹੈ ਕਿ ਉਹਦੇ ਜੀਵਨ ਵਿਚ ਜਿਹੜੇ ਸਮੇਂ ਸਮੇਂ ਮਰਦ ਆਏ ਉਨ੍ਹਾਂ ਦੀ ਕਿਹੋ ਜਿਹੀ ਭੂਮਿਕਾ ਹੈ। ਜੇਕਰ ਉਹ ਤਜਰਬਿਆ ਨੂੰ ਪੇਸ਼ ਕਰੇਗੀ ਤਾਂ ਯਕੀਨਨ ਵੱਖਰੀ ਕਿਸਮ ਦੀ ਗੱਲ ਹੋਵੇਗੀ। ਦੂਜੀ ਗੱਲ ਕਿ ਔਰਤ ਦੀ ਰਵਾਇਤ ਨਾਲ ਬੱਝੀ ਹੋਈ ਹੈ ਲਿਖਣ ਤੋਂ ਪਹਿਲਾਂ ਉਹ ਵੀ ਪੁੱਤ, ਧੀ, ਪਤੀ, ਪਿਓ, ਭਰਾ ਨਾਲ ਜੁੜੀ ਹੋਈ ਹੈ। ਉਸ ਦੀਆਂ ਗੱਲਾਂ ਨੂੰ ਸਮਾਜ ਵਿਚ ਕਿਵੇਂ ਰੱਖ ਕੇ ਵੇਖਣਗੇ। ਪ੍ਰਭਾ ਖੇਤਾਨ ਵਰਗੀਆਂ ਔਰਤਾਂ ਸਾਡੇ ਕੋਲ ਨਹੀਂ ਹਨ। ਜੇ ਤੁਸੀਂ ਅੰਮ੍ਰਿਤਾ ਦੇ ਨਾਵਲ ਵੇਖੋਂ ਤਾਂ ਉਸ ਨੇ ਤਾਂ ਰਿਸ਼ਤਿਆ ਨੂੰ ਐਨਾ ਗਲੋਰੀਫਾਈ ਕਰ ਦਿੱਤਾ । ਉਹਦੇ ਕੋਲ ਮਿਡਲ ਕਲਾਸ ਦੀ ਔਰਤ ਦਾ ਵੱਖਰਾ ਹੀ ਬਿੰਬ ਹੈ। ਜਿਹੜੀ ਮਿਡਲ ਕਲਾਸ ਦੀ ਔਰਤ ਦਾ ਅਨੁਭਵ ਤਾਂ ਹੈ ਜਿਹੜੀ ਲੋਅਰ ਕਿਸਾਨੀ ਜੀਵਨ ਦੀ ਔਰਤ ਹੈ, ਦਫਤਰਾਂ ਵਿਚ ਕੰਮ ਕਰਵ ਵਾਲੀਆਂ ਔਰਤਾਂ ਦਾ ਤਜਰਬਾ ਤਾਂ ਅੰਮ੍ਰਿਤਾ ਕੋਲ ਨਹੀਂ ਹੈ। ਉਹ ਬਿੰਬ ਮਰਦ ਨਾਵਲਕਾਰਾਂ ਵਿਚ ਨਹੀਂ ਉਭਰਨਾ। ਔਰਤ ਨਾਵਲਕਾਰ ਹੀ ਉਭਾਰ ਸਕਦੀਆਂ ਸਨ। ਸਾਡੇ ਕੋਲ ਜਿਹੜੀਆਂ ਔਰਤ ਨਾਵਲਕਾਰਾਂ ਆਈਆਂ ਜਿਵੇਂ ਟਿਵਾਣਾ ਹੈ ਉਹ ਇਕੋ ਕਿਸਮ ਦੀ



ਔਰਤ ਨੂੰ ਪੇਸ਼ ਕਰਦੀ ਰਹੀ। ਜੇ ਬਲਜੀਤ ਕੌਰ ਬੱਲੀ ਆਈ ਉਹ ਵੀ ਇਕੋ ਕਿਸਮ ਦੀ ਔਰਤ ਪੇਸ਼ ਕਰਦੀ ਹੈ। ਸਾਡੇ ਕੋਲ ਵੱਡੀ ਪ੍ਰਤਿਭਾ ਵਾਲੀ ਔਰਤ ਨਹੀਂ। ਮਰਦ ਨੇ ਜਿਨ੍ਹਾਂ ਕੁ ਔਰਤ ਦਾ ਰੂਪ ਵੇਖਿਆ ਉਹ ਚਿਤਰ ਦਿੱਤਾ। ਔਰਤ ਨਾਵਲਕਾਰਾਂ ਨੇ ਸਮਾਜਿਕਤਾ ਦੇ ਪਰਦੇ ਥੱਲੇ ਔਰਤ ਨੂੰ ਚਿਤਰਿਆ। ਬਦਲਦੇ ਸਮੇਂ ਦੀ ਪੰਜਾਬੀ ਔਰਤ ਪੰਜਾਬੀ ਨਾਵਲ ਵਿਚ ਅਜੇ ਪੇਸ਼ ਨਹੀਂ ਹੋ ਸਕੀ।

**? ਇਹ ਕੀ ਗੱਲ ਹੈ ਕਿ ਸਾਡੇ ਨਾਵਲਕਾਰ ਫਿਊਡਲ ਰਿਸ਼ਤਿਆਂ ਦੁਆਲੇ ਹੀ ਘੁੰਮੀ ਜਾ ਰਹੇ ਹਨ।**

-ਸਾਡੇ ਭਾਰੂ ਨਾਵਲ ਪ੍ਰਵਿਰਤੀਆਂ 'ਤੇ ਅਧਾਰਤ ਹੈ। ਪ੍ਰਵਿਰਤੀਆਂ ਵਿਚੋਂ ਜਿਹੜਾ ਸਾਹਿਤ ਪੈਦਾ ਹੁੰਦਾ ਹੈ, ਉਹਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ। ਪ੍ਰਵਿਰਤੀਆਂ ਨਾਲ ਜੁੜੇ ਹੋਏ ਲੋਕਾਂ ਦੀ ਇਕ ਮਾਨਸਿਕਤਾ ਹੁੰਦੀ ਹੈ, ਲੇਖਕ ਦਾ ਇਕ ਅਦਰਸ਼ ਹੁੰਦਾ ਉਸ ਅਦਰਸ਼ ਨੂੰ ਨਾਵਲਕਾਰ ਪੇਸ਼ ਕਰਦਾ ਹੈ। ਸਾਡੇ ਕੋਲ ਜਿਹੜਾ ਧਾਰਮਿਕ ਪ੍ਰਵਿਰਤੀਆਂ ਦਾ ਨਾਵਲ ਸੀ, ਮਨੁੱਖ 'ਤੇ ਉਸ ਦਾ ਜਿਹੜਾ ਵਿਹਾਰ ਹੈ ਉਸ ਨੂੰ ਨਿਰਧਾਰਤ ਕਰ ਲਿਆ ਕਿ ਮਨੁੱਖ ਦਾ ਜਿਹੜਾ ਵਿਹਾਰ ਹੈ ਉਸ ਨੂੰ ਨਿਰਧਾਰਤ ਕਰਨ ਵਾਲਾ ਧਰਮ ਹੈ। ਤੇ ਇਸ ਪਲੇਟਫਾਰਮ ਤੇ ਖੜ ਕੇ ਆਪਣੀ ਲੜਾਈ ਲੜਨੀ ਚਾਹੀਦੀ ਹੈ। ਹੁਣ ਸਾਡੇ ਧਰਮ ਵਿਚ ਜਿਹੜੀ ਸਾਡੀ ਔਰਤ ਹੈ ਉਹ ਤਾਂ ਕਿਤੇ ਵੀ ਨਹੀਂ ਕਰਦੀ। ਜਿਵੇਂ 'ਸੁੰਦਰੀ' ਵਿਚ ਔਰਤ ਦਾ ਬਿੰਬ ਪੇਸ਼ ਹੋਇਆ ਉਹ ਇਕ ਸੱਚੇ ਸੁੱਚੇ ਕਿਰਦਾਰ ਵਾਲੀ ਔਰਤ ਹੈ। ਉਹਦੇ ਵਿਚ ਔਰਤ ਤਾਂ ਗੁੰਮ ਹੈ। ਇਸੇ ਤਰ੍ਹਾਂ ਸਾਡੇ ਕੋਲ ਪ੍ਰਗਤੀਵਾਦੀ ਨਾਵਲ ਆਉਂਦਾ ਹੈ। ਉਸ ਨੇ ਵੀ ਇਕ ਨਿਸ਼ਾਨਾ ਮਿੱਥ ਲਿਆ ਉਹ ਨਿਸ਼ਾਨਾ ਸਮਾਜਵਾਦ ਸੀ। ਇਸ ਵਿਚੋਂ ਜਾਂ ਮਨੁੱਖ ਦੀ ਮਾੜੀ ਹਾਲਤ ਪੇਸ਼ ਕਰਦਾ ਸੀ ਜਾਂ ਸੰਘਰਸ਼ ਪੇਸ਼ ਕਰਨਾ ਸੀ। ਉਸ ਸੰਘਰਸ ਵਿਚ ਵੀ ਔਰਤ ਦਾ ਐਨਾ ਕੁ ਰੋਲ ਹੈ ਜਿਹੜੀ ਮਰਦ ਦੀ ਸਹਾਇਕ ਬਣ ਕੇ ਆਈ। ਉਸ ਪ੍ਰਵਿਰਤੀ ਵਿਚ ਔਰਤ ਸਾਨੂੰ ਕਿਤੇ ਨਜ਼ਰ ਨਹੀਂ ਆਉਂਦੀ। ਯਥਾਰਥ ਦੇ ਕੇਂਦਰ ਵਿਚ ਵੀ ਔਰਤ ਨਹੀਂ ਲੱਭਦੀ। ਇਕ ਤਾਂ ਸਾਡੀਆਂ ਪ੍ਰਵਿਰਤੀਆਂ ਨੇ ਔਰਤ ਦੇ ਕਿਰਦਾਰ ਨੂੰ ਮਾਰ ਦਿੱਤਾ। ਦੂਜਾ ਸਾਡੇ ਕੋਲ ਵੱਡੀ ਗਿਣਤੀ ਵਿਚ ਔਰਤ ਲੇਖਕਾਵਾਂ ਉਭਰ ਕੇ ਸਾਹਮਣੇ ਨਹੀਂ ਆਈਆਂ। ਜੋ ਔਰਤ ਦੇ ਵੱਖ ਵੱਖ ਪੱਖਾਂ ਨੂੰ ਪੇਸ਼ ਕਰ ਸਕਦੀਆਂ। ਇਸੇ ਕਰਕੇ ਔਰਤ ਹਾਸ਼ੀਏ ਤੇ ਰਹਿ ਗਈ। ਇਹ ਗੱਲ ਹੋਰ ਜਿਹੜੀ ਨੋਟ ਕਰਨ ਵਾਲੀ ਹੈ। ਜਿਹੜੀ ਪੰਜਾਬੀ ਨਾਵਲ ਦੀ ਸੀਮਾ ਬਣਦੀ ਹੈ। ਪੰਜਾਬੀ ਨਾਵਲ ਦਾ ਫੈਲਾਓ ਗਗਨ ਮੁੱਖੀ -ਹੌਰਜੈਂਟਲੀ ਨਹੀਂ ਫੈਲਦਾ। ਉਹ ਪੌੜੀਦਾਰ ਫੈਲਦਾ ਹੈ। ਉਹਦੇ ਵਿਚ ਇਕ ਗੱਲ ਇਹ ਹੈ ਕਿ ਉਹ ਸਮਾਜ ਦੇ ਇਕ ਹਿੱਸੇ ਤੇ ਕੇਂਦਰਿਤ ਨਾਵਲ ਨੂੰ ਕਰਦੇ ਹਨ। ਸਮੁੱਚਾ ਸਮਾਜ ਉਹਦੇ ਵਿਚੋਂ ਬਾਹਰ ਚਲੇ ਜਾਂਦਾ ਹੈ। ਕਿਸੇ ਵੀ ਨਾਵਲਕਾਰ ਦਾ ਨਾਵਲ ਪੜ੍ਹ ਕੇ ਤੁਸੀਂ ਉਸ ਵਿਚ ਸਮੁੱਚਾ ਸ਼ਹਿਰ ਜਾਂ ਪਿੰਡ ਨਹੀਂ ਲੱਭ ਸਕਦੇ। ਪਿੰਡ ਵਿਚ ਇਕ ਦਲਿਤ ਕੀ ਸੋਚਦਾ ਹੈ। ਇਕ ਦਲਿਤ ਦੇ ਜੀਵਨ ਦੀ ਗਹਿਰਾਈ ਕਿਸਾਨੀ ਮਾਨਸਿਕਤਾ ਵਾਲੇ ਨਾਵਲਕਾਰ ਕੋਲ ਤਾਂ ਹੈ ਨਹੀਂ। ਜਿਥੇ ਵੀ ਉਸ ਦੇ ਨਾਵਲ ਵਿਚ ਦਲਿਤ ਪਾਤਰ ਆਏ ਉਹ ਹਾਸ਼ੀਏ ਤੇ ਰਹੇ। ਸਾਡੇ ਕੋਲ ਵਧੀਆ ਦਲਿਤ ਕਹਾਣੀਕਾਰ ਹਨ ਪਰ ਨਾਵਲਕਾਰ ਨਹੀਂ। ਸਾਡੇ ਕੋਲ ਦਲਿਤ ਨਾਵਲ ਤਾਂ ਹਨ। ਪਰ ਦਲਿਤ ਦੇ ਮਸਲੇ ਸਮੁੱਚੇ ਰੂਪ ਵਿਚ ਅਜੇ ਨਾਵਲ ਵਿਚ ਪੇਸ਼ ਨਹੀਂ ਹੋ ਸਕੇ। ਏਥੋਂ ਤੱਕ ਕਿ ਸਾਡੇ ਸਮਾਜ ਵਿਚ ਗੈਰ ਸਿੱਖ ਜਾਂ ਹਿੰਦੂ ਪਾਤਰਾਂ ਜਿਹੜੇ ਜਿਉਂਦੇ ਹਨ ਸਾਡੇ ਨਾਵਲਾਂ ਵਿਚ ਉਨ੍ਹਾਂ ਦਾ ਜੀਵਨ ਪੇਸ਼ ਨਹੀਂ ਹੋ ਰਿਹਾ। ਇਸ ਕਰਕੇ ਸਾਡੇ ਨਾਵਲ ਦੁਮੇਲ ਰੂਪ ਵਿਚ ਫੈਲਣ ਦੀ ਬਜਾਇ ਪੌੜੀਦਾਰ ਰੂਪ ਵਿਚ ਫੈਲਦਾ ਹੈ। ਹੁਣ ਨਵੇਂ ਨਾਵਲਕਾਰਾਂ ਨੇ ਇਹ ਮੁੱਦੇ ਉਠਾਏ ਹਨ, ਪਰ ਸਾਡਾ ਪੁਰਾਣਾ ਬਹੁਤਾ ਨਾਵਲ ਇਨ੍ਹਾਂ ਮੁੱਦਿਆਂ ਨੂੰ ਨਹੀਂ ਫੜਦਾ। ਨਾਵਲ ਜਿਹੜੀ ਇਤਿਹਾਸ ਦੀ ਖੋਜ ਦੀ ਮੰਗ ਕਰਦਾ ਹੈ। ਉਹ ਵੀ ਨਹੀਂ। ਮੈਂ ਨਾਵਲਕਾਰ ਨੂੰ ਪੁੱਛਦਾ ਹਾਂ ਕਿ ਤੁਹਾਡੇ ਨਾਵਲ ਵਿਚ ਪੁਰਾਣਾ ਪਿੰਡ ਬੈਠਾ ਹੋਇਆ ਹੈ। ਗੁੰਮ

ਰੋ ਰਹੇ ਪਿੰਡ ਦਾ ਤਾਂ ਚਿੱਤਰ ਕੋਈ ਨਹੀ? ਸਾਹਿਜਤਾ ਵਾਲਾ ਤਾਂ ਜੀਵਨ ਹੀ ਨਹੀਂ ਲੱਭਦਾ।

**? ਮੈਂ ਅਵਤਾਰ ਸਿੰਘ ਬਿਲਿੰਗ ਦੇ ਨਾਵਲ ਪੜ੍ਹੇ ਹਨ ਉਸ ਨੇ ਪੰਜਾਬ ਦੇ ਸਮੁੱਚੇ ਪਿੰਡ ਨੂੰ ਕਾਫੀ ਬਰੀਕੀ ਨਾਲ ਚਿਤਰਿਆ ਹੈ। ਢਾਹੇ ਇਲਾਕੇ ਦੀ ਆਂਚਲਿਕਤਾ ਨੂੰ ਬੜੀ ਬਰੀਕੀ ਨਾਲ ਫੜਿਆ ਹੈ।**

-ਨਹੀਂ ... ਨਹੀਂ... ਤੁਸੀਂ ਉਹਦੇ ਨਾਵਲ ਵੇਖੋਂ ਇਕ ਹੈ 'ਨਿਰੰਜਣ ਮਿਸ਼ਾਲਚੀ', ਇਕ ਹੈ 'ਖੇੜੇ ਸੁੱਖ ਵੇਹੜੇ ਸੁੱਖ' ਜਿਹੜਾ ਵੱਡੇ ਕੈਨਵਸ ਵਾਲਾ ਨਾਵਲ ਹੈ ਉਹਦੇ ਵਿਚ ਛੋਟੇ ਛੋਟੇ ਚਿੱਤਰ ਪੇਸ਼ ਹੋਏ ਹਨ। ਉਸ ਨੇ ਓਨਾ ਕੁ ਜੀਵਨ ਹੀ ਪੇਸ਼ ਕੀਤਾ ਹੈ। ਜਿਸ ਬਾਰੇ ਉਹਦੇ ਤਜਰਬੇ ਸਨ। ਪਿੰਡ ਦੀ ਸਾਂਝ ਦਲਿਤ ਤੇ ਕਿਸਾਨ ਦੀ ਉਹ ਖੇਤ ਤੀਕ ਸੀਮਿਤ ਹੈ। ਬਾਕੀ ਹੋਰ ਕਿਸੇ ਗੱਲ ਦਾ ਜ਼ਿਕਰ ਨਹੀਂ। ਕਿ ਇਕ ਦਲਿਤ ਦੇ ਘਰ ਵਿਚ ਉਹਦਾ ਕਿਵੇਂ ਰਿਸ਼ਤਾ ਨਾਤਾ ਚੱਲਦਾ ਹੈ। ਉਸ ਦੇ ਕਿਹੋ ਜਿਹੇ ਸੰਸਕਾਰ ਹਨ। ਉਹ ਪੇਸ਼ ਨਹੀਂ ਹੋਇਆ। ਜੇਕਰ ਪਿੰਡ ਦਾ ਬ੍ਰਾਹਮਣ ਪਾਤਰ ਪੇਸ਼ ਹੋਇਆ ਹੈ ਇਸ ਕਰਕੇ ਕਿ ਉਹਦੀ ਯਾਰੀ ਪਿੰਡ ਦੇ ਕਿਸਾਨ ਨਾਲ ਹੈ। ਪੰਜਾਬ ਸੰਕਟ ਵੇਲੇ ਜਦੋਂ ਇਕ ਹਿੰਦੂ ਪਿੰਡ ਛੱਡਦਾ ਸੀ ਉਹਦੇ ਪਿੰਡ ਛੱਡਣ ਦੇ ਦੁੱਖ ਬਾਰੇ ਨਾਵਲਕਾਰ ਮਹਿਸੂਸ ਨਹੀਂ ਕਰਦਾ। ਉਹਦੀਆਂ ਕਿਹੜੀਆਂ ਭਾਵਨਾਵਾਂ ਹਨ। ਇਹ ਨਾਵਲਾਂ ਵਿਚ ਜਿਹੜੇ ਚਿੱਤਰ ਪੇਸ਼ ਹੋਏ ਹਨ ਉਹ ਗਹਿਰਾਈ ਵਾਲੇ ਚਿੱਤਰ ਨਹੀਂ ਹਨ। ਇਨ੍ਹਾਂ ਵਿਚ ਇਕ ਮੋਟੇ ਰੂਪ ਵਿਚ ਓਪਰਾ ਓਪਰਾ ਚਿੱਤਰ ਹੈ। ਇਕ ਮੁੱਖ ਪਾਤਰ ਜੱਟ ਕਿਸਾਨ ਹੈ, ਉਹਦੇ ਮਿੱਤਰ ਹਨ ਹਿੰਦੂ ਪਾਤਰ ਹਨ, ਇਹ ਕੋਈ ਦਲਿਤ ਵੀ ਹੋ ਸਕਦਾ ਹੈ। ਬਸ ਐਥੋਂ ਤੱਕ ਸੀਮਤ ਹੈ। ਗਹਿਰਾਈ ਨਹੀਂ।

**? ਇਹ ਗੱਲ ਵੱਡੀ ਹੈ ਕਿ ਬਿਲਿੰਗ ਨੇ ਢਾਹੇ ਦੇ ਇਲਾਕੇ ਦੀ ਆਂਚਲਿਕਤਾ ਨੂੰ ਬੜੀ ਬਰੀਕੀ ਨਾਲ ਆਪਣੇ ਨਾਵਲਾਂ ਵਿਚ ਸਾਂਭਿਆ ਹੈ। ਜਸਵੀਰ ਮੰਡ ਨੇ ਪੁਆਧ ਦੇ ਇਲਾਕੇ ਦੀ ਆਂਚਲਿਕਤਾ ਆਪਣੇ ਨਾਵਲਾਂ 'ਔੜ ਦੇ ਬੀਜ', ਆਖਰੀ ਪਿੰਡ ਦੀ ਕਥਾ', ਤੇ 'ਖਾਜ਼' ਵਿਚ ਪੇਸ਼ ਕੀਤਾ ਹੈ।**

-ਜਦੋਂ ਅਸੀਂ ਵੱਖ ਵੱਖ ਖਿੱਤੇ ਨੂੰ ਚਿਤਰਨ ਵਾਲੀ ਗੱਲ ਕਰਾਂਗੇ ਤਾਂ। ਅਸਲੀ ਨਾਵਲ ਦੇ ਮਕਸਦ ਤੋਂ ਪਾਸੇ ਹੋ ਜਾਵਾਗੇ। ਫਿਰ ਇਹ ਕਹਾਂਗੇ ਕਿ ਮਾਲਵੇ ਖਿੱਤੇ ਨੂੰ ਗੁਰਦਿਆਲ ਸਿੰਘ ਨੇ ਚਿਤਰਿਆ। ਇਥੇ ਮਸਲਾ ਆਂਚਲਿਤਾ ਦਾ ਨਹੀਂ ਹੈ। ਜੇ ਤਾਂ ਅਸੀਂ ਆਂਚਲਿਤਾ ਬਾਰੇ ਗੱਲ ਕਰਨੀ ਤਾਂ ਫਿਰ ਕਹਾਂਗੇ ਕਿ ਸਾਡੇ ਸਮਾਜ ਵਿਚ ਜਿਹੜਾ ਭਾਰੂ ਸਭਿਆਚਾਰ ਵਿਚ ਜਿਹੜੇ ਸਥਾਨਿਕ ਸੱਭਿਆਚਾਰ ਦੇ ਟਕਰਾਅ ਹਨ। ਉਸ ਟਕਰਾਅ ਵਿਚ ਜਿਹੜੀ ਵੱਖਰਦਾ ਹੈ ਉਸ ਨੂੰ ਅਸੀਂ ਆਂਚਲਿਕਤਾ ਕਹਿੰਦੇ ਹਾਂ। ਸਿਧਾਂਤ ਤਾਂ ਇਹਦਾ ਇਹ ਬਣਦਾ ਹੈ। ਪਰ ਅਸੀਂ ਇਹ ਲਈ ਜਾਂਦੇ ਹਾਂ ਕਿ ਇਕ ਖਿੱਤੇ ਦੀ ਬੋਲੀ, ਇਕ ਖਿੱਤੇ ਦਾ ਵਰਤ ਵਿਹਾਰ, ਸਭਿਆਚਾਰ ਜਦੋਂ ਨਾਵਲ ਵਿਚ ਪੇਸ਼ ਹੁੰਦਾ ਹੈ ਉਹਨੂੰ ਅਸੀਂ ਆਂਚਲਿਕਤਾ ਕਹੀ ਜਾਂਦੇ ਹਾਂ। ਨਾਵਲਕਾਰ ਜਦੋਂ ਇਕ ਖਿੱਤੇ ਦੇ ਪਿੰਡਾਂ ਦੇ ਜੀਵਨ ਨੂੰ ਪੇਸ਼ ਕਰਦਾ ਹੈ ਤਾਂ ਉਹ ਨਾਵਲਕਾਰ ਇੱਕ ਖਿੱਤੇ ਨੂੰ ਚੁਣੂਗਾ ... ਮਸਲਨ ਰਾਮ ਸਰੂਪ ਅਣਖੀ, ਗੁਰਦਿਆਲ ਸਿੰਘ ਮਾਲਵੇ ਦੇ ਖਿੱਤੇ ਨੂੰ ਚੁਣਦਾ ਹੈ। ਉਹਦੇ ਵਿਚ ਉਹਦੇ ਆਸ-ਪਾਸ ਦੇ ਪਿੰਡ ਹੋਣਗੇ। ਉਹਦੇ ਪਾਤਰ ਉਸ ਤਰ੍ਹਾਂ ਦੇ ਹੋਣਗੇ। ਜੇਕਰ ਜਸਬੀਰ ਮੰਡ ਪੁਆਧ ਬਾਰੇ ਨਾਵਲ ਲਿਖਦਾ ਹੈ ਉਹਦੇ ਪਾਤਰ ਪੁਆਧੀ ਬੋਲੀ ਬੋਲਣਗੇ। ਪਰ ਪੁਆਧ ਦਾ ਸਬ ਕਲਚਰ ਜਦੋਂ ਵੱਡੇ ਕਲਚਰ ਦੇ ਵਿਰੋਧ ਵਿਚ ਖੜਦਾ ਹੈ, ਵੱਖਰਤਾ ਵਾਲਾ ਮਸਲਾ ਤਾਂ ਉਦੋਂ ਪੈਦਾ ਹੁੰਦਾ ਹੈ ਜੋ ਉਹਦੇ ਨਾਵਲਾਂ ਵਿਚ ਹੈ ਨਹੀਂ। ਮੈਂ ਆਲੋਚਕਾ ਬਾਰੇ ਸੋਚਦਾ ਹਾਂ ਕਿ ਇਹ ਕਿਸੇ ਮਸਲੇ ਦੀ ਗਹਿਰਾਈ ਵਿਚ ਨਹੀਂ ਜਾਂਦੇ। ਆਂਚਲਿਕਤਾ ਵਿਚ ਕਿਸੇ ਖਿੱਤੇ ਦੇ ਮਨੁੱਖ ਦਾ ਉਹ ਸੁਭਾਅ ਜਿਹੜਾ ਕੇਂਦਰੀ ਕਲਚਰ ਦੇ ਵਿਰੋਧ ਵਿਚੋਂ ਪੈਦਾ ਹੁੰਦਾ ਹੈ। ਉਹਦੇ ਪਸਾਰ ਉਹਦੇ ਵਿਚੋਂ ਉਭਰਨੇ ਚਾਹੀਦੇ ਹਨ। ਪਰ ਅਸੀਂ ਇਕ ਇਲਾਕੇ ਦੀ ਬੋਲੀ, ਉਸ ਖਿੱਤੇ ਦੇ ਰਹਿਣ ਸਹਿਣ ਨੂੰ ਹੀ



ਆਂਚਲਿਕਤਾ ਕਹੀ ਜਾਂਦੇ ਹਾਂ। ਇਸ ਕਰਕੇ ਪੰਜਾਬੀ ਨਾਵਲ ਦੇ ਵੱਡੇ ਮਸਲਿਆਂ ਨੂੰ ਹੱਲ ਕਰਨ ਵਾਲੇ ਸਾਡੇ ਕੋਲ ਕੋਈ ਵੀ ਨਾਵਲ ਨਹੀਂ। ਇਹ ਤਾਂ ਉਥੇ ਦੀ ਬੋਲੀ ਹੈ ਪਾਤਰ ਵਿਚਰ ਰਹੇ ਹਨ। ਇਹਨੂੰ ਨਾਵਲ ਦੀ ਲੁਕੇਲ ਕਹਿੰਦੇ ਹਾਂ। ਬਲਬੀਰ ਪਰਵਾਨਾ ਆਪਣੇ ਨਾਵਲਾਂ ਵਿਚ ਕੰਢੀ ਦੇ ਖੇਤਰ ਦੀ ਲੁਕੇਲ ਨੂੰ ਪੇਸ਼ ਕਰੀ ਜਾਂਦਾ ਹੈ। ਇਹ ਨਾਵਲਕਾਰ ਵੱਖ ਵੱਖ ਲੁਕੇਲਾ ਨੂੰ ਪੇਸ਼ ਕਰਨ ਵਾਲੇ ਨਾਵਲਕਾਰ ਹਨ।

**? ਪਰ ਇਹੋ ਜਿਹੇ ਵੱਖ ਵੱਖ ਖਿੱਤਿਆਂ ਬਾਰੇ ਲਿਖੇ ਨਾਵਲਾਂ ਨੂੰ ਵੱਡੇ ਨਾਵਲਾਂ ਦੇ ਤੌਰ ਤੇ ਕਿਉਂ ਉਭਾਰਿਆ ਜਾਂਦਾ ਹੈ।**

-ਪੰਜਾਬੀ ਨਾਵਲ ਦੀ ਚਿੰਤਨ ਦੀ ਪ੍ਰੰਪਰਾ ਅਜੀਬ ਕਿਸਮ ਦੀ ਹੈ। ਨਾਵਲ ਦੇ ਖੇਤਰ ਵਿਚ ਜਿਹੜਾ ਆਲੋਚਨਾ ਦਾ ਕੰਮ ਹੋਣਾ ਚਾਹੀਦਾ ਹੈ ਮੇਰੇ ਮੱਤ ਅਨੁਸਾਰ ਤਿੰਨ ਪੜ੍ਹਾਵਾਂ ਵਿਚ ਹੋਣਾ ਚਾਹੀਦਾ ਹੈ। ਪਹਿਲਾ ਤਾਂ ਜਾਣਕਾਰੀ ਦਾ ਮਸਲਾ ਹੈ। ਦੂਜਾ ਹੈ ਜਾਣਕਾਰੀ ਨਾਲ ਜੁੜਿਆ ਹੋਇਆ ਗਿਆਨ। ਤੀਜਾ ਹੁੰਦਾ ਚਿੰਤਨ ਦਾ ਸਾਡੀ ਆਲੋਚਨਾ ਵਿਚ ਚਿੰਤਨ ਬਹੁਤ ਸੀਮਤ ਹੈ। ਸੀਮਤ ਆਲੋਚਕਾ ਨੇ ਇਹਦੇ ਤੇ ਕੰਮ ਕੀਤਾ ਹੈ। ਇਸ ਮਸਲੇ ਤੇ ਜੁਗਿੰਦਰ ਸਿੰਘ ਰਾਹੀਂ ਨੇ ਕੰਮ ਕੀਤਾ। ਰਾਹੀ ਨੇ ਕੁਝ ਚਿੰਤਨ ਨਾਲ ਜੁੜੇ ਮਸਲੇ ਉਭਾਰੇ। ਪਰ ਉਸ ਦੀ ਪਹਿਲੀ ਅਤੇ ਬਾਅਦ 'ਚ ਕੀਤੀ ਗਈ ਆਲੋਚਨਾ ਵਿਚ ਬਹੁਤ ਅੰਤਰ ਹਨ। ਫਿਰ ਵਿਨੋਦ ਨੇ ਕੁਝ ਚਿੰਤਨੀ ਮਸਲੇ ਚੁੱਕੇ। ਅਗਲੀ ਪੀੜ੍ਹੀ ਵਿਚ ਜਿਨ੍ਹਾਂ ਨੇ ਚਿੰਤਨ ਦੇ ਮਸਲੇ ਉਠਾਏ ਉਹ ਸੁਖਦੇਵ ਸਿੰਘ ਖਾਹਰਾ ਨੇ ਉਠਾਏ। ਦਵੇਸ਼ਵਰ ਨੇ ਕੁਝ ਮਸਲੇ ਚੁੱਕੇ। ਨਵੀਂ ਪੀੜ੍ਹੀ ਵਿਚ ਜੇ ਮੈਨੂੰ ਚਿੰਤਨ ਦੀ ਪੱਧਰ ਤੇ ਕਣ ਨਜ਼ਰ ਆਉਂਦਾ ਹੈ ਉਹ ਮੈਨੂੰ ਸੁਰਜੀਤ ਸਿੰਘ 'ਚ ਨਜ਼ਰ ਆਉਂਦਾ ਹੈ। ਉਸ ਨੇ ਕੁਝ ਮਸਲੇ ਫੜੇ ਵੀ ਹਨ। ਜਿਨ੍ਹਾਂ ਰਾਹੀਂ ਉਹ ਸੰਵਾਦ ਰਚਾਉਂਦਾ ਹੈ। ਹੁਣ ਸਾਡੇ ਨਾਵਲ ਆਲੋਚਨਾ ਵਿਚ ਹੋ ਕੀ ਰਿਹਾ ਹੈ। ਇਕ ਨਾਵਲਕਾਰ ਹੈ ਉਸ ਨੇ ਆਪਣੇ ਦੋ-ਤਿੰਨ ਆਲੋਚਕ ਰੱਖੇ ਹੋਏ ਹਨ। ਉਹ ਇਹੋ ਜਿਹੀ ਪੇਸ਼ ਕਰਦੇ ਹਨ ਕਿ ਇਸ ਨਾਵਲ ਵਿਚ ਆਹ ਪਾਤਰ ਬੜੇ ਕਮਾਲ ਦੇ ਹਨ। ਇਹ ਟਕਰਾਅ ਬੜਾ ਕਮਾਲ ਹੈ। ਆਹ ਪੂੰਜੀਵਾਦੀ ਪ੍ਰਬੰਧ ਦੀਆਂ ਵਿਕਰਾਲਤਾਵਾਂ ਹਨ। ਇਹੋ ਜਿਹੀਆਂ ਚਾਰ-ਪੰਜ ਕਿਸਮ ਦੀਆਂ ਵਾਹੀਯਾਤ ਗੱਲਾਂ ਕਰਕੇ ਨਾਵਲ ਦੀ ਟੈਕਸਟ ਨੂੰ ਵਡਿਆਉਂਦੇ ਹਨ। ਸਮੁੱਚੇ ਨਾਵਲ ਵਿਚ ਇਹ ਕਿਥੇ ਖੜਦਾ ਹੈ। ਉਹ ਚੁੱਪ ਹੋ ਜਾਂਦੇ ਹਨ। ਉਦਾਹਰਨ ਦੇ ਤੌਰ ਤੇ ਪਰਵਾਸੀ ਨਾਵਲਕਾਰਾ ਦੇ ਆਖੌਤੀ ਕਿਸਮ ਦੇ ਦੋ-ਤਿੰਨ ਆਲੋਚਕ ਬਣੇ ਹੋਏ ਹਨ। ਇਹ ਇਸ ਕਿਸਮ ਦੀਆਂ ਗੱਲਾਂ ਕਰਕੇ ਬਸ ਕਰ ਜਾਂਦੇ ਹਨ। ਮੈਂ ਕਹਿੰਦਾ ਹਾਂ ਪਰਵਾਸੀ ਨਾਵਲ ਵਿਚ ਤਾਂ ਨਾਵਲ ਹੀ ਦੋ-ਤਿੰਨ ਲਿਖੇ ਗਏ ਹਨ। ਬਾਕੀ ਸਾਰਾ ਨਾਵਲ ਉਨ੍ਹਾਂ ਦੁਆਲੇ ਘੁੰਮੀ ਜਾ ਰਿਹਾ ਹੈ। ਪਰਵਾਸੀ ਨਾਵਲ ਵਿਚ ਗਿਣਤੀ ਦੇ ਮੁੱਦੇ ਹਨ ਚਾਹੇ ਉਹ ਪੀੜ੍ਹੀ ਪਾੜੇ ਦਾ ਹੋਵੇ, ਚਾਹੇ ਭੂ-ਹੇਰਵੇ ਦਾ ਹੋਵੇ। ਚਾਹੇ ਸਭਿਆਚਰਕ ਸੰਕਟ ਦਾ ਹੋਵੇ। ਇਨ੍ਹਾਂ ਦੇ ਦੁਆਲੇ ਪੰਜਾਬੀ ਪਰਵਾਸੀ ਨਾਵਲ ਘੁੰਮੀ ਜਾ ਰਿਹਾ ਹੈ। ਮੈਨੂੰ ਕਿਸੇ ਵੀ ਪਰਵਾਸੀ ਨਾਵਲ ਵਿਚੋਂ ਇਹ ਮਸਲਾ ਉਭਰਦਾ ਨਹੀਂ ਦਿੱਸਿਆ ਕਿ ਜਿਹੜਾ ਗ਼ੈਰ ਕਿਸਾਨ ਵਿਦੇਸ਼ ਗਿਆ...ਦਲਿਤ ਗਿਆ...ਆਰਥਿਕ ਤੌਰ ਤੇ ਮਜਬੂਤ ਵੀ ਹੋਏ...ਉਹ ਆਪਣਾ ਜੀਵਨ ਕਿਵੇਂ ਜਿਉਂਦੇ ਹਨ। ਇਹ ਕਿਸੇ ਵੀ ਪਰਵਾਸੀ ਨਾਵਲ ਵਿਚ ਫੜਿਆ ਨਹੀਂ ਗਿਆ। ਥੋੜਾ ਬਹੁਤ 'ਵਿਗੋਚਾ' ਨਾਵਲ ਵਿਚ ਜ਼ਿਕਰ ਆਉਂਦਾ ਹੈ। ਇਸ ਤਰ੍ਹਾਂ ਜਿਹੜੇ ਟੈਕਨੋਕਰੇਟ... ਇੰਜੀਨੀਅਰ , ਡਾਕਟਰ ਗਏ ਹਨ, ਵਪਾਰੀ ਆਦਿ ਦਾ ਜੀਵਨ ਕਿਸੇ ਨਾਵਲ ਵਿਚ ਉਭਰਦਾ ਨਹੀਂ। ਇਸੇ ਕਰਕੇ ਪੰਜਾਬੀ ਨਾਵਲ ਦੀ ਸੀਮਾ ਬਣੀ ਹੋਈ ਹੈ ਕਿ ਸਾਡੇ ਆਲੋਚਕਾ ਨੇ ਪੰਜਾਬੀ ਨਾਵਲ ਦੀ ਸੀਮਾ ਤੇ ਉਂਗਲੀ ਨਹੀਂ ਰੱਖੀ। ਜਿਸ ਕਾਰਨ ਨਾਵਲ ਦਾ ਵਿਕਾਸ

ਨਹੀਂ ਹੋ ਸਕਿਆ। ਹੁਣ ਕੁਝ ਨਵੇਂ ਨਾਵਲਕਾਰ ਉੱਠੇ ਹਨ । ਮੈਨੂੰ ਇਕ ਨਾਵਲਕਾਰ ਨੇ ਫੋਨ ਕੀਤਾ ਕਿ ਜਿਹੜੀਆਂ ਗੱਲਾਂ ਤੁਸੀਂ ਨਾਵਲ ਬਾਰੇ ਕਰਦੇ ਹੋ ਮੈਂ ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਨਾਵਲ ਲਿਖਿਆ। ਤੁਸੀਂ ਪੜ੍ਹ ਕੇ ਦੇਖੋ। ਜਦੋਂ ਮੈਂ ਪੜ੍ਹਿਆ ਤਾਂ ਉਹਦੇ ਵਿਚ ਕੋਈ ਗੱਲ ਨਹੀਂ ਲੱਭੀ। ਪੰਜਾਬੀ ਨਾਵਲ ਵਿਚ ਖੜੋਤ ਆਈ ਸੀ ਉਹ ਜ਼ਰੂਰ ਤੋੜੀ ਹੈ। ਪਰ ਪਰਵਾਸੀ ਨਾਵਲ ਦੀ ਸੀਮਾਵਾਂ ਤੇ ਕਿਸੇ ਨੇ ਉਂਗਲੀ ਨਹੀਂ ਰੱਖੀ। ਸਗੋਂ ਗਲਤ ਰੁਝਾਨ ਨੂੰ ਗਲੋਰੀਫਾਈ ਕੀਤਾ। ਮੈਨੂੰ ਕਈ ਵਾਰੀ ਆਲੋਚਕਾਂ ਦੇ ਲੇਖ ਪੜ੍ਹ ਪੜ੍ਹ ਹੈਰਾਨੀ ਹੁੰਦੀ ਹੈ ਕਿ ਉਹਨੂੰ ਪਤਾ ਹੀ ਨਹੀਂ ਹੁੰਦਾ ਕਿ ਉਸ ਨੇ ਆਪਣੇ ਲੇਖ ਵਿਚ ਐਸਟੇਬਲਸ਼ ਕੀ ਕਰਨਾ ਹੈ? ਲੇਖ ਵਿਚ ਕਿਤੇ ਉਹਦੇ ਸਮਾਜਿਕ ਪਰਿਪੇਖ ਨੂੰ ਵੇਖਣ ਲੱਗਦਾ ਕਿਤੇ ਜਮਾਤੀ ਪਰਿਪੇਖ ਨੂੰ। ਦਰਸ਼ਨ ਦਾ ਮੁੱਦਾ ਤਾਂ ਲੱਭਦਾ ਹੀ ਨਹੀਂ। ਨਾਵਲ ਦੀ ਭਾਸ਼ਾ ਦਾ ਮਸਲਾ ਬਹੁਤ ਅਹਿਮ ਹੈ। ਭਾਸ਼ਾ ਰਾਹੀਂ ਹੀ ਉਹ ਨਾਵਲ ਦੀਆਂ ਵੱਖ-ਵੱਖ ਪਰਤਾ ਨੂੰ ਪੇਸ਼ ਕਰਦਾ ਹੈ। ਜਦੋਂ ਪਾਤਰ ਨਾਵਲ ਵਿਚ ਆਉਂਦਾ ਹੈ ਉਹ ਆਪਣੀ ਇਕ ਵੱਖਰੀ ਭਾਸ਼ਾ ਲੈ ਕੇ ਆਉਂਦਾ ਹੈ। ਜੇਕਰ ਸਾਰੇ ਪਾਤਰ ਇਕੋ ਜਿਹੀ ਭਾਸ਼ਾ ਬੋਲੀ ਜਾਣਗੇ ਤਾਂ ਉਹਦੇ ਵਿਚ ਭਾਸ਼ਾ ਦੀ ਵੱਖਰਤਾ ਕਿੱਥੇ ਹੈ? ਬਲਬੀਰ ਪਰਵਾਨਾ ਦੇ ਨਾਵਲ ਵਿਚ ਇਹ ਕਮੀਆਂ ਹਨ। ਉਸਦੇ ਸਾਰੇ ਨਾਵਲ ਦੇ ਪਾਤਰ ਇਕੋ ਕਿਸਮ ਦੀ ਭਾਸ਼ਾ ਕਿਓ ਬੋਲਦੇ ਹਨ। ਇਕ ਪਾਤਰ ਸਮਾਜ ਦੀਆਂ ਵੱਖਰੀਆਂ ਵੱਖਰੀਆਂ ਲੇਅਰਾਂ ਦੀ ਪ੍ਰਤੀਨਿੱਧਤਾ ਕਰਦਾ ਹੈ। ਪ੍ਰਤੀਨਿੱਧਤਾ ਉਹ ਆਪਣੇ ਕਿੱਤੇ ਕਰਕੇ ਨਹੀਂ ਕਰਦਾ ... ਆਪਣੇ ਭਾਸ਼ਾ ਦੇ ਪੈਟਰਨ ਕਰਕੇ ਕਰਦਾ ਹੈ। ਜੇ ਕਰ ਇਕ ਖੇਤ ਮਜ਼ਦੂਰ ਨਾਵਲ ਵਿਚ ਬੋਲ ਰਿਹਾ ਹੈ ਉਹਦੀ ਭਾਸ਼ਾ ਵੱਖਰੀ ਹੋਵੇਗੀ। ਪੜ੍ਹੇ-ਲਿਖੇ ਮਜ਼ਦੂਰ ਦੀ ਭਾਸ਼ਾ ਦਾ ਸਿਸਟਮ ਵੱਖਰਾ ਹੋਵੇਗਾ। ਆਰਥਿਕ ਤੌਰ ਤੇ ਟੁੱਟੇ ਹੋਏ ਕਿਸਾਨ ਦੀ ਭਾਸ਼ਾ ਦਾ ਪੈਟਰਨ ਹੋਰ ਹੋਵੇਗਾ। ਪਿੰਡ ਦੇ ਦਲਿਤ ਮੁੰਡੇ ਦੀ ਭਾਸ਼ਾ ਦਾ ਪੈਟਰਨ ਵੱਖਰਾ ਹੋਵੇਗਾ ਤੇ ਬਜ਼ੁਰਗ ਦਲਿਤ ਦੀ ਭਾਸ਼ਾ ਦਾ ਪੈਟਰਨ ਹੋਰ ਹੈ।

**? ਭਾਸ਼ਾ ਦੇ ਮਸਲੇ ਨੂੰ ਪੰਜਾਬੀ ਨਾਵਲਾਂ ਵਿਚ ਫੜਿਆ ਤਾਂ ਗਿਆ ਹੈ।**

-ਬਿਲਕੁਲ ਨਹੀਂ... ਭਾਸ਼ਾ ਦੀ ਬਹੁਰੰਗਤਾ ਜਿਹਨੂੰ ਅਸੀਂ ਹੈਟਰੋਗਰੇਸੀਆ ਕਹਿੰਦੇ ਹਾਂ ਜਿਸ ਰੂਪ ਵਿਚ ਪੰਜਾਬੀ ਸਮਕਾਲੀ ਨਾਵਲ ਵਿਚ ਹੋਣੀ ਚਾਹੀਦੀ ਸੀ ਉਹ ਹੋਈ ਨਹੀਂ। ਹਾਂ ਕੁਝ ਨਾਵਲਕਾਰਾਂ ਨੇ ਕੀਤੀ ਹੈ। ਜਿਵੇਂ ਗੁਰਦਿਆਲ ਸਿੰਘ ਹੈ। ਉਸ ਨੂੰ ਸਾਡੇ ਕਲਚਰ ਦੀ ਬੜੀ ਸਮਝ ਹੈ। ਉਹਨੂੰ ਸਾਡੀ ਮਾਨਸਿਕਤਾ ਦੀ ਬੜੀ ਸਮਝ ਹੈ। ਫੋਕ ਵਿਚੋਂ ਜਿਹੜਾ ਸਾਡਾ ਦਰਸ਼ਨ ਮੁਹਾਵਰਿਆ ਰਾਹੀਂ ਪੇਸ਼ ਹੁੰਦਾ ਹੈ ਗੁਰਦਿਆਲ ਸਿੰਘ ਉਸ ਨੂੰ ਲੈ ਕੇ ਆਉਂਦਾ ਹੈ। ਨਾਨਕ ਸਿੰਘ ਵੀ ਛੋਟੇ-ਛੋਟੇ ਰੂਪ ਵਿਚ ਪੇਸ਼ ਕਰਦਾ ਹੈ। ਸਾਇਦ ਕੋਈ ਅਜਿਹਾ ਨਾਵਲਕਾਰ ਪੈਦਾ ਹੋਵੇ ਜਿਹੜਾ ਭਾਸ਼ਾ ਪ੍ਰਤੀ ਸੁਚੇਤ ਹੋਵੇ। ਸਾਡੇ ਦੋਸਤ ਨਾਵਲਕਾਰ ਹਨ ਮੈਂ ਉਨ੍ਹਾਂ ਨੂੰ ਕਹਿੰਦਾ ਹੁੰਨਾ ਵੱਖ ਵੱਖ ਕਿਸਮ ਦੀ ਜੋ ਬੋਲੀ-ਭਾਸ਼ਾ ਹੈ। ਉਹਦੇ ਵੱਖਰੇ ਸ਼ਬਦ ਤਿਆਰ ਕੀਤੇ ਜਾਣ।

**? ਪਿਛਲੇ ਸਮੇਂ ਵਿਚ ਜੀਵਨੀ ਮੂਲਕ ਜਾਂ ਇਤਿਹਾਸਕ ਨਾਵਲ ਲਿਖਣ ਦਾ ਰੁਝਾਨ ਕਾਫੀ ਵਧਿਆ ਹੈ। ਕੀ ਇਹ ਸਾਡੇ ਨਾਵਲਕਾਰਾਂ ਦਾ ਸੰਕਟ ਹੈ ਜਾਂ ਇਸ ਦੀ ਹੋਰ ਕੋਈ ਵਜ੍ਹਾ ਹੈ। ਹਰਨਾਮ ਦਾਸ ਸਹਿਰਾਈ ਨੇ ਸਿੱਖ ਇਤਿਹਾਸ ਨੂੰ ਲੈ ਕੇ ਬਹੁਤ ਨਾਵਲ ਲਿਖੇ ਪਰ ਦੇਖੋ ਅੱਜ ਪਾਠਕ/ਆਲੋਚਕ ਉਸ ਨੂੰ ਭੁੱਲ ਗਏ ਹਨ। 10-15 ਸਾਲ ਬਾਅਦ ਕੀ ਇਨ੍ਹਾਂ ਨਾਵਲਾਂ ਨਾਲ ਵੀ ਅਜਿਹਾ ਹੋਵੇਗਾ। ਇਨ੍ਹਾਂ ਨਾਵਲਾਂ ਦਾ ਕੀ ਭਵਿੱਖ ਹੈ।**

- ਇਕ ਗੱਲ ਤਾਂ ਇਹ ਹੈ ਕਿ ਸਾਡੇ ਕੋਲ ਇਤਿਹਾਸਕ ਨਾਵਲ ਲਿਖਣ ਦੀ ਪ੍ਰੰਪਰਾ ਮਜੂਦ ਹੈ। ਸਾਡੇ ਕੋਲ ਜਿਹੜਾ ਪਹਿਲਾ ਨਾਵਲ 'ਸੁੰਦਰੀ' ਹੈ ਉਹ ਇਤਿਹਾਸਕ ਨਾਵਲ ਹੈ। ਸਾਡੇ ਕੋਲ ਕੇਸਰ



ਸਿੰਘ ਦੇ ਨਾਵਲ ਹਨ। ਸਾਡੇ ਕੋਲ ਨਾਨਕ ਸਿੰਘ ਦੇ ਨਾਵਲ ਹਨ। ਕਰਨਲ ਨਰਿੰਦਰਪਾਲ ਸਿੰਘ ਦੇ ਹਨ। ਮੈਂ ਇਹ ਕਹਿੰਦਾ ਹਾਂ ਕਿ ਸਾਡੇ ਨਾਵਲਕਾਰਾਂ ਨੂੰ ਲਗਾਤਾਰ ਇਤਿਹਾਸਕ ਨਾਵਲ ਲਿਖਣ ਦੀ ਕਿਉਂ ਲੋੜ ਪੈਂਦੀ ਹੈ। ਜਦੋਂ ਨਾਵਲਕਾਰ ਇਤਿਹਾਸਕ ਵਿਸ਼ੇ ਲੈਂਦਾ ਹੈ ਇਕ ਤਾਂ ਕਾਰਨ ਇਹ ਹੈ ਕਿ ਜਾਂ ਤਾਂ ਸਾਡੇ ਕੋਲ ਮੁੱਦੇ ਖਤਮ ਹੋ ਗਏ। ਸਾਮਕਾਲ ਦੇ ਸੰਕਟਾਂ ਦੀਆਂ ਜੜ੍ਹਾਂ ਇਤਿਹਾਸਕ ਪਰਿਪੇਖ ਵਿਚ ਨਹੀਂ ਦੇਖਦੇ। ਇਹਦੇ ਜਵਾਬ ਇਤਿਹਾਸ ਵਿਚ ਕਿਥੇ ਹਨ। 'ਇਕ ਮਿਆਨ ਦੋ ਤਲਵਾਰਾ' ਦੀ ਭੂਮਿਕਾ ਵਿਚ ਨਾਨਕ ਸਿੰਘ ਲਿਖਦਾ ਹੈ। ਕਿ ਮੈਂ ਕਦੇ ਵੀ ਹਿੰਸਾ ਦਾ ਪੈਰੋਕਾਰ ਨਹੀਂ ਰਿਹਾ। ਪਰ ਜਦੋਂ ਮੈਂ ਇਤਿਹਾਸ ਦੇ ਨਾਇਕਾ ਨੂੰ ਫੜ ਰਿਹਾ ਹਾਂ ਉਹਦਾ ਸਬੰਧ ਹਿੰਸਾ ਨਾਲ ਹੈ। ਮੈਂ ਦੇਖਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਹਿੰਸਾ ਦੀ ਪਰੰਪਰਾ ਕੀ ਹੈ। ਕੀ ਹਿੰਸਾ ਦੀ ਲਹਿਰ ਦੁਆਰਾ ਅਸੀਂ ਹਿੰਸਾ ਦੀ ਲਹਿਰ ਰਾਹੀਂ ਅਸੀਂ ਬੁਨਿਆਸੀ ਤਬਦੀਲੀਆਂ ਲਿਆ ਸਕਦੇ ਹਾਂ। ਉਹ ਕਹਿੰਦਾ ਹੈ ਕਿ ਸਾਡੇ ਜੋ ਇਤਿਹਾਸਕ ਪਾਤਰ ਹਨ ਉਨ੍ਹਾਂ ਨੂੰ ਸਰਧਾਂਜ਼ਲੀ ਦੇਣ ਦੇ ਤੌਰ ਤੇ ਲਿਆ ਹੈ। ਜਦੋਂ ਮੈਂ ਸਮਕਾਲੀ ਨਾਵਲ ਤੇ ਨਜ਼ਰ ਮਾਰਦਾ ਹਾਂ ਤਾਂ ਮੈਂ ਸੋਚਦਾ ਹਾਂ ਕਿ ਨਾਵਲਕਾਰ ਦੀ ਕਿਹੜੀ ਸਮੱਸਿਆ ਹੈ ਕਿ ਉਹ ਸਮਕਾਲ ਨੂੰ ਛੱਡ ਕੇ ਇਤਿਹਾਸ ਵੱਲ ਮੁੜਦਾ ਹੈ। ਇਕ ਮਸਲਾ ਤਾਂ ਵਰਤਮਾਨ ਸੰਕਟ ਦਾ ਹੈ। ਵਰਤਮਾਨ ਸੰਕਟ ਵਿਚ ਜਦੋਂ ਨਾਵਲਕਾਰ ਦੇਖਦਾ ਹੈ ਕਿ ਜਿਹੜਾ ਅੱਜ ਦਾ ਸੰਕਟ ਹੈ ਉਸ ਦੀਆਂ ਜੜ੍ਹਾਂ ਕਿੱਥੇ ਹਨ। ਸਾਡੇ ਇਤਿਹਾਸ ਵਿਚ ਇਨ੍ਹਾਂ ਮਸਲਿਆਂ ਨੂੰ ਕਿਵੇਂ ਹੱਲ ਕੀਤਾ ਜਾਵੇ। ਪੰਜਾਬੀ ਨਾਵਲ ਵਿਚ ਇਹ ਬੜਾ ਅਹਿਮ ਮੁੱਦਾ ਸਮਾਜਿਕ ਏਕਤਾ ਦਾ ਹੈ। ਪਰ ਇਹਦੇ ਸਬੰਧੀ ਪੰਜਾਬੀ ਚਿੰਤਨ ਵਿਚ ਬਹੁਤ ਲੰਮੀਆਂ ਚੌੜੀਆਂ ਵਿਚਾਰਾ ਨਹੀਂ ਹੋਈਆਂ। ਪੰਜਾਬੀ ਸਮਾਜ ਵਿਚ ਏਕਤਾ ਨਹੀਂ ਹਰ ਰਚਨਾਕਾਰ ਆਪਣੇ-ਆਪਣੇ ਜਾਤ , ਧਰਮ ਦੇ ਐਂਗਲ ਤੋਂ ਸਮਾਜ ਨੂੰ ਵੇਖਦੇ ਹਨ। ਜਦੋਂ ਰਚਨਾਕਾਰ ਇਹਦੇ 'ਤੇ ਉਂਗਲ ਰੱਖਣ ਤੋਂ ਡਰਦੇ ਹਨ ਫਿਰ ਉਹਦੀਆਂ ਜੜ੍ਹਾਂ ਅਤੀਤ ਵਿਚੋਂ ਤਲਾਸ਼ਦੇ ਹਨ। ਇਕ ਮਸਲਾ ਹੈ ਆਪਣੇ ਨਾਇਕਾਂ ਨੂੰ ਵਡਿਆਉਣ ਦਾ। ਇਕ ਤਾਂ ਇਹ ਹੈ ਕਿ ਅਸੀਂ ਲੋਕਾਂ ਨੂੰ ਚੇਤੇ ਕਰਵਾਈਏ ਕਿ ਜਿਹੜੇ ਮੁੱਦਿਆਂ ਤੇ ਤੁਸੀਂ ਆਪਸ ਵਿਚ ਲੜ ਰਹੇ ਹੋ ਇਹ ਸਾਡੀਆਂ ਪ੍ਰੰਪਰਾਵਾਂ ਨਹੀਂ ਹਨ। ਸਾਡੀਆਂ ਪ੍ਰੰਪਰਾਵਾਂ ਵੱਡੀਆਂ ਸਨ। ਅਸੀਂ ਆਪਣੇ ਇਤਿਹਾਸ ਵੱਲ ਨੂੰ ਤਾਂ ਮੁੜਦੇ ਹਾਂ। ਪੰਜਾਬੀ ਨਾਵਲਕਾਰ ਜਿਹੜੇ ਇਤਿਹਾਸਕ ਨਾਵਲ ਲਿਖ ਰਹੇ ਹਨ ਉਹ ਇਸ ਗੱਲ ਨੂੰ ਨਹੀਂ ਵੇਖਦੇ। ਜਿਵੇਂ ਬਲਦੇਵ ਸਿੰਘ ਹੈ। ਹੁਣ ਉਸ ਦੇ ਮਨ ਵਿਚ ਕੋਈ ਸਮਕਾਲੀ ਮੁੱਦਾ ਨਹੀਂ। ਉਹਦੇ ਕੋਲ ਇਹ ਹੀ ਗੱਲ ਕਿ ਸਾਡੇ ਇਤਿਹਾਸ ਵਿਚ ਜੋ ਵੱਖ-ਵੱਖ ਵਰਗਾਂ -ਧਰਮਾਂ ਦੇ ਨਾਇਕ ਹਨ ਉਹ ਕਿਹੜੇ-ਕਿਹੜੇ ਵਰਗ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਨਾਇਕਾਂ ਨੂੰ ਉਹ ਗਲੋਰੀਫਾਈ ਕਰਕੇ ਪੇਸ਼ ਕਰਦਾ ਹੈ। ਚਾਹੇ ਉਹ ਬੰਦਾ ਬਹਾਦਰ ਸਿੰਘ, ਚਾਹੇ ਉਹ ਦੁੱਲਾ ਭੱਟੀ ਨੂੰ, ਚਾਹੇ ਉਹ ਭਾਈ ਜੈਤੇ ਨੂੰ ਕਰੇ। ਇੰਝ ਉਹ ਸੁਸਾਇਟੀ ਦੇ ਵੱਖ-ਵੱਖ ਸ਼ੈਕਸਨ ਨੂੰ ਲੈ ਰਿਹਾ। ਉਹਦੇ ਲਈ ਮਸਲਾ ਹੈ ਕਿ ਉਹ ਇਤਿਹਾਸ ਵਿਚ ਜਿਸ ਤਰ੍ਹਾਂ ਦਾ ਬਿੰਬ ਪਿਆ ਇਤਿਹਾਸਕ ਪਾਤਰ ਦਾ ਉਹ ਉਸੇ ਤਰ੍ਹਾਂ ਉਸ ਨੂੰ ਆਪਣੇ ਨਾਵਲ ਵਿਚ ਪੇਸ਼ ਕਰ ਦਿੰਦਾ ਹੈ। ਉਹਦੇ ਵਿਚ ਨਵੇਂ ਰੂਪ ਵਿਚ ਕੁਝ ਵੀ ਪੇਸ਼ ਨਹੀਂ ਹੋ ਰਿਹਾ। ਸਾਡੇ ਕੋਲ ਭਗਤ ਸਿੰਘ ਦਾ ਬਿੰਬ ਹੈ ਕਿ ਉਹ ਜੋਧਾ ਸੀ, ਲੜਾਕਾ ਸੀ। ਪਰ ਭਗਤ ਸਿੰਘ ਇਕ ਚਿੰਤਕ ਵੀ ਸੀ। ਉਹ ਇਨਸਾਨ ਵੀ ਸੀ। ਸੁਖਦੇਵ ਨੇ ਜਿਹੜੀ ਭਗਤ ਸਿੰਘ ਨੂੰ ਚਿੱਠੀ ਲਿਖੀ ਹੈ , ਉਹ ਜਿਹੜੀਆਂ ਕਮਜੋਰੀਆਂ ਇਕ ਪੜਾ ਤੇ ਆ ਜਾਂਦੀਆਂ ਹਨ। ਜਾਂ ਭਗਤ ਸਿੰਘ ਇਸ ਗੱਲ ਨੂੰ ਵੀ ਲੈਂਦਾ ਸੀ ਕਿ ਪੰਜਾਬ ਦੀ ਭਾਸ਼ਾ ਹਿੰਦੀ ਹੋਣੀ ਚਾਹੀਦੀ ਹੈ। ਭਗਤ ਸਿੰਘ ਦੇ ਇਸ ਬਿੰਬ ਦਾ ਜ਼ਿਕਰ ਹੀ ਨਹੀਂ ਕੀਤਾ ਆਪਣੇ ਨਾਵਲ ਵਿਚ। ਉਹਦੀਆਂ ਕਮਜੋਰੀਆਂ ਕੀ ਸਨ। ਪਰ ਨਾਵਲਕਾਰ ਪ੍ਰੰਪਰਾ ਵਿਚ ਪਏ ਭਗਤ ਸਿੰਘ ਦੇ ਬਿੰਬ ਨੂੰ

ਗਲੋਰੀਫਾਈ ਕਰਕੇ ਪਾਠਕਾਂ ਦਾ ਸੋਸ਼ਣ ਕਰਦਾ ਹਾਂ। ਨਵੀਂ ਗੱਲ ਸੋਚਣ ਲਈ ਮਜ਼ਬੂਰ ਨਹੀਂ ਕਰਦੇ। ਅਸੀਂ ਮੁੱਦਿਆਂ ਨਾਲ ਵੀ ਭਾਵੁਕ ਤੌਰ ਤੇ ਜੁੜੇ ਹੋਏ ਹਾਂ। ਮਨਮੋਹਨ ਬਾਵਾ ਜਦੋਂ ਪਹਿਲਾ ਨਾਵਲ 'ਯੁੱਧ ਨਾਦ' ਪੇਸ਼ ਕਰਦਾ ਹੈ, ਉਹਦੇ ਵਿਚ ਉਹ ਸਿਕੰਦਰ-ਪੋਰਸ ਨੂੰ ਲੈ ਕੇ ਕਈ ਮਿੱਥਾਂ ਨੂੰ ਤੋੜਦਾ ਹੈ। ਉਸ ਨੇ ਇਹ ਵਿਚਾਰ ਉਭਾਰਿਆ ਕਿ ਭਾਰਤ ਦੀ ਜਿਹੜੀ ਏਕਤਾ ਹੈ ਉਹ ਅਨੇਕਤਾ ਵਿਚ ਪਈ ਹੈ। ਇਥੇ ਜਦੋਂ ਜਦੋਂ ਗਣਾਂ ਦੀ ਪਛਾਣ ਹੋਈ ਹੈ ਬਾਹਰੀਆਂ ਸ਼ਕਤੀਆਂ ਇਥੇ ਐਂਟਰ ਨਹੀਂ ਕਰ ਸਕੀਆਂ। ਜਦੋਂ ਗਣ ਕਮਜੋਰ ਹੋਏ ਉਹਦੇ ਵਿਚੋਂ ਸਾਰੀਆਂ ਸਮੱਸਿਆਵਾਂ ਪੈਦਾ ਹੋਈਆਂ। ਭਾਰਤ ਵਿਚ ਜਿਹੜੀਆਂ ਘੱਟ ਗਿਣਤੀਆਂ ਹਨ ਉਹਦੀ ਆਵਾਜ਼ ਸੁਣਨੀ ਚਾਹੀਦੀ ਹੈ। ਪਰ ਉਹੀ ਬਾਵਾ ਜਦੋਂ 'ਯੁੱਗ ਅੰਤ' ਨਾਵਲ ਵਿਚ ਸਮਕਾਲ ਨੂੰ ਰਣਜੀਤ ਸਿੰਘ ਨਾਲ ਜੋੜਦਾ ਹੈ ਤਾਂ ਉਹਨੂੰ ਸਿੱਖ ਰਾਜ ਦੇ ਜਾਣ ਦਾ ਹੇਰਵਾ ਚੜ੍ਹ ਜਾਂਦਾ ਹੈ। ਪਰ ਨਾਵਲ ਵਿਚ ਕਿਤੇ ਕਿਤੇ ਉਹ ਗੱਲ ਕਰਦਾ ਹੈ ਕਿ ਦਲਿਤਾਂ ਨਾਲ ਜਿਆਦਤੀ ਹੋਈ, ਔਰਤ ਦਾ ਮਸਲਾ ਹੈ ਪਰ ਉਹ ਮਸਲਾ ਕੇਂਦਰ ਵਿਚ ਨਹੀਂ ਆਉਂਦਾ। ਉਹਦੇ ਮਨ ਵਿਚ ਵੀ ਸਿੱਖ ਰਾਜ ਦਾ ਹੇਰਵਾ ਆਉਂਦਾ ਹੈ। ਮੈਂ ਕਹਿੰਦਾ ਹਾਂ ਨਾਵਲਕਾਰ ਨੂੰ ਸਿੱਖ ਰਾਜ ਦੇ ਪੱਤਣ ਦਾ ਹੇਰਵਾ ਕਿਉਂ ਆਉਂਦਾ ਹੈ ਭਾਰਤ ਵਿਚ ਬਾਕੀ ਰਾਜੇ ਵੀ ਰਾਜ ਕਰਦੇ ਸਨ। ਉਨ੍ਹਾਂ ਕੋਲੋਂ ਵੀ ਰਿਆਸਤਾਂ ਗਈਆਂ ਹਨ। ਜਾਟਾ ਦੀਆਂ ਰਾਜਸਥਾਨ ਵਿਚ ਦੋ ਤਿੰਨ ਰਿਆਸਤਾਂ ਸਨ। ਪੰਜਾਬ ਵਿਚ ਸੀ। ਰਾਜਪੂਤਾਂ ਦੀਆਂ ਰਿਆਸਤਾਂ ਚਲੀਆਂ ਗਈਆਂ, ਮਰਾਠਾ ਚਲੇ ਗਏ। ਉਹਨਾਂ ਦਾ ਤਾਂ ਜ਼ਿਕਰ ਨਹੀਂ ਕੀਤਾ ਜਾਂਦਾ ਪਰ ਰਣਜੀਤ ਸਿੰਘ ਦੀ ਰਿਆਸਤ ਚਲੀ ਗਈ ਤਾਂ ਇਹ ਗੱਲ ਤੇ ਕੀਰਨੇ ਪਾਉਂਦੇ ਹੋ। ਇਹਦਾ ਮਤਲਬ ਹੈ ਨਾਵਲਕਾਰ ਦੇ ਮਨ ਵਿਚ ਇਹ ਗੱਲਾਂ ਕਿਤੇ ਨਾ ਕਿਤੇ ਪਈਆ ਸਨ ਕਿ ਧਰਮ ਅਧਾਰਤ ਆਪਣੀ ਜਾਤ ਤੇ ਕੌਮ ਦੀ। ਉਹਦਾ ਰੁਦਨ ਵੀ ਨਾਵਲ ਵਿਚ ਫੈਲਦਾ ਹੈ। ਇਤਿਹਾਸ ਦੇ ਵੱਡੇ ਮਸਲਿਆਂ ਨੂੰ ਫੜ ਕੇ ਨਾਵਲਕਾਰ ਸਾਹਮਣੇ ਆਉਂਦਾ, ਜਿਹਦੇ ਵਿਚੋਂ ਸਮੁੱਚਾ ਲੋਕ ਜੀਵਨ ਉਭਰਦਾ। ਨਾਇਕ ਪ੍ਰਤੀ ਅਸੀਂ ਦੁਬਾਰਾ ਸੋਚਣ ਲਈ ਮਜ਼ਬੂਰ ਹੁੰਦੇ ਹਾਂ। ਮੈਂ ਇਹ ਗੱਲ ਅਕਸਰ ਕਹਿੰਦਾ ਹੁਨਾਂ ਕਿ ਅੰਗਰੇਜ਼ ਨੇ ਇਥੇ ਸਰਮਾਏਦਾਰੀ ਮਸਲਾ ਇੰਟਰਡਿਊਜ਼ ਕੀਤਾ ਹੈ। ਸਰਮਾਏਦਾਰੀ ਸਿਸਟਮ ਨੂੰ ਫੈਲਾਉਣ ਲਈ ਉਨ੍ਹਾਂ ਨੇ ਏਥੋਂ ਦੇ ਰਾਜਿਆਂ ਨੂੰ ਵਰਤਿਆ। ਜੇਕਰ ਉਹ ਉਦੋਂ ਰਾਜਵਾੜਾਸ਼ਾਹੀ ਨੂੰ ਤਹਿਸ-ਨਹਿਸ ਕਰ ਦਿੰਦੇ ਤੇ ਅੰਗਰੇਜ਼ ਏਥੇ ਸਰਮਾਏਦਾਰੀ ਸਿਸਟਮ ਨੂੰ ਪੈਦਾ ਕਰਦੇ। ਪਰ ਉਹ ਆਪਣੀ ਇਕ ਇਤਿਹਾਸਕ ਭੂਮਿਕਾ ਨਿਭਾ ਜਾਂਦੇ ਜਿਹੜੀ ਉਨ੍ਹਾਂ ਨੇ ਨਹੀਂ ਨਿਭਾਈ । ਏਥੋਂ ਦੇ ਲੋਕਾਂ ਨੇ ਅਜ਼ਾਦੀ ਦਾ ਅੰਦੋਲਨ ਕਰਕੇ ਭਾਰਤੀ ਰਾਜ ਨੂੰ ਗਣਤੰਤਰ ਦੇ ਰੂਪ ਵਿਚ ਤਬਦੀਲ ਕਰ ਦਿੱਤਾ। ਭਾਰਤ ਦੇ ਜਿਹੜਾ ਦਲਿਤ ਸੀ, ਮਜਦੂਰ ਸੀ ਉਹ ਅੰਗਰੇਜ਼ਾਂ ਨਾਲ ਜਾ ਖੜਦਾ । ਇਹਦਾ ਮਤਲਬ ਇਹ ਹੈ ਕਿ ਉਨ੍ਹਾਂ ਨੇ ਪੂਰਾ ਸਿਸਟਮ ਖਤਮ ਨਹੀਂ ਕੀਤਾ। ਉਨ੍ਹਾਂ ਨੇ ਲੋਕ ਰਾਜ ਦਾ ਮਾਡਲ ਹੀ ਨਹੀਂ ਲਿਆਂਦਾ। ਸੋ ਨਾਵਲਕਾਰ ਇਤਿਹਾਸਕ ਨਾਵਲ ਲਿਖਦੇ ਹੋਏ ਇਤਿਹਾਸਕ ਭੂਮਿਕਾ ਨਹੀਂ ਨਿਭਾਉਂਦਾ। ਉਹ ਨਾਇਕ ਦੀ ਉਸ ਮਿੱਥ ਨੂੰ ਤੋੜੇ। ਮੈਨੂੰ ਇਸ ਗੱਲ ਦੀ ਵੀ ਹੈਰਾਨੀ ਹੁੰਦੀ ਹੈ ਜਿਵੇਂ ਅੰਬੇਡਕਰ ਹੈ ਬਹੁਤ ਵੱਡਾ ਨਾਇਕ ਹੈ ਉਸ ਨੂੰ ਕੇਂਦਰ ਵਿਚ ਰੱਖ ਕੇ ਤਾਂ ਕਿਸੇ ਨੇ ਨਾਵਲ ਨਹੀਂ ਲਿਖਿਆ। ਉਹਨੇ ਐਡੀ ਵੱਡੀ ਜਾਗ੍ਰਤੀ ਪੈਦਾ ਕੀਤਾ ਹੈ। ਟਕਰਾਇਆ ਹੈ ਬੰਦਾ ਸਿਸਟਮ ਦੇ ਨਾਲ। ਇੰਦਰ ਸਿੰਘ ਖ਼ਾਮੋਸ਼ ਲੇਖਕਾਂ ਦੀਆਂ ਜੀਵਨੀਆਂ ਨੂੰ ਅਧਾਰ ਬਣਾ ਕੇ ਨਾਵਲ ਲਿਖ ਰਿਹਾ ਹੈ। ਖ਼ਾਮੋਸ਼ ਨੇ ਅੰਬੇਡਕਰ ਨੂੰ ਨਾਇਕ ਬਣਾ ਕਿ ਕਿਉਂ ਨਹੀਂ ਨਾਵਲ ਲਿਖਿਆ। ਜਿਹੜਾ ਸਾਡੇ ਭਾਰਤ ਦਾ ਸਮਾਜਿਕ ਤਬਦੀਲੀ ਵਾਲਾ ਬਹੁਤ ਵੱਡਾ ਨਾਇਕ ਹੋਇਆ।

**? ਬਾਵਾ ਇਤਿਹਾਸ ਨੂੰ ਲੈ ਕੇ ਨਾਵਲ ਲਿਖ ਰਿਹਾ ਹੈ। ਖ਼ਾਮੋਸ਼ ਜੀਵਨੀ ਮੂਲਕ ਨਾਵਲ ਲਿਖ ਰਿਹਾ**



**ਹੈ, ਬਲਦੇਵ ਲਿਖ ਰਿਹਾ ਹੈ। ਇਨ੍ਹਾਂ ਨਾਵਲਕਾਰ ਦੀ ਕੋਈ ਤਾਂ ਦ੍ਰਿਸ਼ਟੀ ਹੋਵੇਗੀ ਕਿ ਅਸੀਂ ਨਾਇਕ ਦਾ ਬਿੰਬ ਇਸ ਤਰ੍ਹਾਂ ਪੇਸ਼ ਕਰਨਾ ਹੈ। ਦੂਜਾ ਮਸਲਾ ਇਹ ਕਿ ਇਨ੍ਹਾਂ ਨਾਵਲਾ ਨੂੰ ਨਾਵਲ ਮੰਨਿਆ ਜਾ ਸਕਦਾ ਕਿ ਵਾਕਿਆ ਇਹ ਨਾਵਲ ਹਨ।**

-ਪਹਿਲੀ ਗੱਲ ਤਾਂ ਇਹ ਹੈ ਕਿ ਇਹ ਨਾਵਲ ਤਾਂ ਹਨ, ਜਿਸ ਕਿਸਮ ਦੀ ਪਾਤਰਾਂ ਦੀ ਪੇਸ਼ਕਾਰੀ, ਘਟਨਾਵਾਂ ਦਾ ਬਿਰਤਾਂਤ ਉਸਰਦਾ ਹੈ ਮੈਂ ਇਹ ਨਹੀਂ ਕਹਿੰਦਾ ਕਿ ਨਾਵਲ ਨਹੀਂ। ਨਾਵਲ ਦੇ ਬੁਨਿਆਦੀ ਨੁਕਤੇ ਤਾਂ ਹਨ। ਇਹ ਸਵਾਲ ਤਾਂ ਬਹੁਤ ਅਹਿਮ ਹੈ ਕਿ ਇਨ੍ਹਾਂ ਨਾਵਲਕਾਰ ਦਾ ਕੋਈ ਤਾਂ ਚਿੰਤਨ ਹੋਵੇਗਾ ਕਿ ਇਹ ਨਾਵਲ ਕਿਉਂ ਲਿਖ ਰਹੇ ਹਨ। ਪਹਿਲੀ ਗੱਲ ਤਾਂ ਬਾਵਾ ਜੀ ਦੇ ਨਾਵਲਾਂ ਬਾਰੇ ਕਰਾਗਾ। ਬਾਵਾ ਦੀ ਦੇਣ ਇਸ ਗੱਲ ਵਿਚ ਹੈ ਕਿ ਪੰਜਾਬੀ ਨਾਵਲ ਵਿਚ ਪੰਜਾਬੀ ਬੰਦੇ ਨੂੰ ਜਦੋਂ ਟਰੇਸ ਕਰਨ ਲੱਗਦੇ ਸਾਂ। ਪੰਜਾਬੀ ਬੰਦੇ ਨੂੰ, ਪੰਜਾਬੀ ਸੋਚ ਨੂੰ ਉਹ ਮੱਧ ਕਾਲ ਤੱਕ ਰੁਕ ਜਾਂਦੇ ਸਾਂ। ਕਿ ਮੱਧਕਾਲ ਦਾ ਇਕ ਦੌਰ ਆਇਆ ਉਸ ਦੌਰ ਵਿਚ ਪੰਜਾਬੀਅਤ ਉਭਰੀ। ਇਕ ਵੱਖਰਾ ਧਾਰਮਿਕ ਪੈਟਰਨ ਬਣਿਆ ਇਕ ਵਿਦਰੋਹੀ ਸੁਰ ਬਣੀ। ਇਕ ਵੱਖਰਾ ਕਲਚਰ ਪੈਦਾ ਹੋਣ ਲੱਗ ਪਿਆ। ਉਹ ਕਲਚਰ ਪੰਜਾਬ ਦਾ ਕਲਚਰ ਸੀ। ਉਹਨਾਂ ਨੂੰ ਕੋਈ ਪੁੱਛੇ ਕਿ ਪਹਿਲਾਂ ਪੰਜਾਬ ਨਹੀਂ ਸੀ ਵਸਦਾ, ਪਹਿਲਾਂ ਵੀ ਏਸ ਧਰਤੀ ਤੇ ਲੋਕ ਰਹਿੰਦੇ ਸਨ। ਪੰਜਾਬ ਸਮੁੱਚੇ ਭਾਰਤ ਵਿਚ ਜਦੋਂ ਵੱਖਰਤਾ ਧਾਰਨ ਕਰਦਾ। ਉਸ ਵੱਖਰਤਾ ਦੇ ਜਿਹੜੇ ਪੈਰਾਮੀਟਰ ਹਨ। ਜਦੋਂ ਇਕ ਧਰਮ ਨਾਲ ਲੋਕਾਂ ਨੂੰ ਜੋੜੋਗੇ ਤਾਂ ਸਮੱਸਿਆਵਾਂ ਬਣ ਜਾਣਗੀਆਂ। ਬਾਵਾ ਜੀ ਨੇ ਆਪਣੇ ਨਾਵਲਾਂ ਵਿਚ ਇਹ ਗੱਲ ਪੈਦਾ ਕੀਤਾ ਹੈ ਕਿ ਉਹ ਪੰਜਾਬੀ ਬੰਦੇ ਦੀ ਮਾਨਸਿਕਤਾ ਨੂੰ ਪਿੱਛੇ ਵੱਲ ਲੈ ਕੇ ਜਾਂਦੇ ਹਨ। ਪੰਜਾਬੀ ਬੰਦੇ ਦੇ ਵਿਹਾਰ ਦੀਆਂ ਜਿਹੜੀਆਂ ਜੜ੍ਹਾਂ ਹਨ ਉਹ ਸਾਡੇ ਉਪਨਿਸ਼ਦਾ, ਪੁਰਾਣਾ ਵਿਚ ਹਨ। ਆਰੀਆ ਦੇ ਸਮੇਂ ਵਿਚ ਹਨ। ਇਕ ਤਾਂ ਇਹ ਗੱਲ ਉਨ੍ਹਾਂ ਦੇ ਨਾਵਲ ਉਭਾਰਦੇ ਹਨ। ਅੱਜ ਪੰਜਾਬ ਜੋ ਬਣਿਆ ਹੈ ਉਸਦੇ ਪੜਾਵਾਂ ਤੇ ਕੁਝ ਸਮੱਸਿਆਵਾਂ ਹਨ। ਉਹ ਸਮੱਸਿਆਵਾਂ ਇਹ ਆਈਆਂ ਕਿ ਜਦੋਂ ਅਸੀਂ ਨਾਇਕਾਂ ਦੀ ਤਲਾਸ਼ ਕਰਦੇ ਹਾਂ ਤਾਂ ਉਹਦੇ ਵਿਚ ਅਸੀਂ ਬਹੁਤ ਸਾਰੀਆਂ ਮਿੱਥਾਂ ਬਣਾਈਆਂ ਹੋਈਆਂ ਹਨ। ਉਨ੍ਹਾਂ ਦੇ ਅਧਾਰ ਤੇ ਅਸੀਂ ਆਪਣਾ ਆਵਚੇਤਨ ਉਸਾਰ ਲਿਆ। ਇਸ ਕਰਕੇ ਉਹ ਆਪਣੇ ਨਾਵਲਾਂ ਵਿਚ ਸਵਾਲ ਖੜੇ ਕਰਦਾ ਹੈ। ਉਹ 'ਯੁੱਧ ਨਾਦ' ਤੇ 'ਯੁੱਗ ਅੰਤ' ਤੇ ਉਂਗਲੀਆਂ ਰੱਖਦਾ ਹੈ। ਰਣਜੀਤ ਸਿੰਘ ਦੇ ਰਾਜ ਵਿਚ ਸਵਾਲ ਖੜਾ ਕਰਦਾ ਹੈ। ਦੂਜਾ ਨਾਵਲਕਾਰ ਬਲਦੇਵ ਸਿੰਘ ਹੈ। ਬਲਦੇਵ ਪੰਜਾਬੀ ਬੰਦੇ ਦੇ ਮਨ ਵਿਚ ਜਿਹੜੇ ਨਾਇਕ ਵਸੇ ਹੋਏ ਹਨ ਉਨ੍ਹਾਂ ਦਾ ਜਿਹੋ ਜਿਹਾ ਬਿੰਬ ਸਮਾਜ 'ਚ ਪਿਆ ਹੈ। ਉਸ ਨੂੰ ਉਸੇ ਤਰ੍ਹਾਂ ਪੇਸ਼ ਕਰਦਾ ਹੈ। ਉਹ ਮਿੱਥ ਨੂੰ ਤੋੜਦਾ ਨਹੀਂ। ਅਜਿਹਾ ਕਰਦਿਆਂ ਉਹ ਕੋਈ ਇਤਿਹਾਸਕ ਭੂਮਿਕਾ ਨਹੀਂ ਨਿਭਾ ਰਿਹਾ। ਉਹ ਤਾਂ ਉਸ ਵਰਗ ਦੇ ਪਾਠਕਾਂ ਦੀ ਮਾਨਸਿਕਤਾ ਨੂੰ ਸਾਹਮਣੇ ਰੱਖ ਕੇ ਜਿਹੋ ਜਿਹਾ ਬਿੰਬ ਉਹ ਪਾਠਕ ਆਪਣੇ ਨਾਇਕ ਦਾ ਚਾਹੁੰਦਾ ਹੈ ਉਹ ਪੇਸ਼ ਕਰਦਾ ਹੈ। ਇੰਝ ਉਹ ਪਾਠਕ ਦੀ ਮਾਨਸਿਕਤਾ ਨੂੰ ਵਰਤਦਾ ਹੈ। ਖ਼ਾਮੋਸ਼ ਇਸ ਗੱਲੋਂ ਵੱਖਰਾ ਖੜਾ ਦਿਸਦਾ ਹੈ। ਸਾਡੇ ਕੋਲ ਰੂਸ ਦੇ ਲੇਖਕਾਂ ਦਾ ਇਕ ਬਿੰਬ ਸੀ। ਉਸ ਨੇ ਜੀਵਨੀ ਮੂਲਕ ਨਾਵਲਾਂ ਵਿਚ ਉਨ੍ਹਾਂ ਦਾ ਬਿੰਬ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕੀਤਾ। ਉਸ ਨੇ ਇਹ ਚੌਖਟਾ ਬਣਾਇਆ ਕਿ ਇਕ ਵੱਡੀ ਰਚਨਾ ਪਿਛੇ ਰਚਨਾਕਾਰ ਹੁੰਦਾ ਹੈ। ਉਸ ਦੀਆਂ ਸਥਿਤੀਆਂ ਹੁੰਦੀਆਂ ਹਨ। ਉਹ ਭਾਰਤ ਦੇ ਪ੍ਰਮੁੱਖ ਰਚਨਾਕਾਰ ਨੂੰ ਵੀ ਲੈ ਸਕਦਾ ਸੀ। ਭਵਿੱਖ 'ਚ ਉਹ ਵਾਲਮੀਕੀ ਦੇ ਜੀਵਨ ਨੂੰ ਆਪਣੇ ਨਾਵਲ ਵਿਚ ਲੈ ਸਕਦਾ ਹੈ। ਉਹ ਵੇਦ ਵਿਆਸ, ਕਾਲੀ ਦਾਸ ਦੇ ਜੀਵਨ ਬਾਰੇ ਸੋਚ ਸਕਦਾ ਹੈ। ਸਾਡੇ ਕੋਲ ਗੁਰਬਖ਼ਸ ਸਿੰਘ ਪ੍ਰੀਤਲੜੀ ਹੈ, ਨਾਨਕ ਸਿੰਘ ਹੈ। ਫਰੀਦ, ਬੁੱਲਾ, ਵਾਰਿਸ ਸ਼ਾਹ ਹੈ।

**? ਪਿਛਲੇ ਕੁਝ ਸਾਲਾਂ ਤੋਂ ਲੰਮੇ ਬਿਰਤਾਂਤ ਵਾਲੇ ਨਾਵਲਾਂ ਦੇ ਲਿਖਣ ਦਾ ਰੁਝਾਨ ਵਧਿਆ ਹੈ। ਇਹ**

**ਟ੍ਰੈਂਡ ਸਮੇਂ ਦੀ ਲੋੜ ਹੈ ਜਾਂ ਵਿਸ਼ੇ ਦੀ ਲੋੜ ਹੈ।**

-ਮੈਂ ਲੰਮੇ ਨਾਵਲ ਬਾਰੇ ਦੱਸਦਾ ਹਾਂ ਕਿ ਸਾਡੇ ਕੋਲ ਲੜੀਵਾਰ ਲਿਖਣ ਦੀ ਪ੍ਰੰਪਰਾ ਹੈ। ਅਸੀਂ ਇਕੋ ਨਾਵਲ ਤਿੰਨ ਚਾਰ ਲੜੀਆਂ ਵਿਚ ਲਿਖਦੇ ਹਾਂ। ਹਰ ਨਾਵਲਕਾਰ ਦੇ ਸਾਰੇ ਨਾਵਲਾਂ ਨੂੰ ਤੁਸੀਂ ਜੇ ਸਮੁੱਚਤਾ ਵਿਚ ਪੇਸ਼ ਕਰੋਗੇ ਤਾਂ ਉਹਦੇ ਵਿਚ ਇਕ ਲੜੀ ਨਜ਼ਰ ਆਉਂਦੀ ਹੈ। ਕੁਝ ਮਸਲਿਆ ਨੂੰ ਲੈ ਕੇ ਲੜੀਵਾਰ ਨਾਵਲ ਲਿਖਣ ਦੀ ਪ੍ਰੰਪਰਾ ਸਾਡੇ ਕੋਲ ਹੈ। ਕੇਵਲ ਕਲੋਟੀ ਨੇ ਲੜੀਵਾਰ ਨਾਵਲ ਲਿਖੇ। ਦੁੱਲੇ ਦੀ ਢਾਬ ਰਾਮ ਸਰੂਪ ਅਣਖੀ ਨੇ ਲਿਖਿਆ। ਨਵੇਂ ਦੌਰ ਵਿਚ ਬਲਬੀਰ ਪਰਵਾਨੇ ਦੇ ਲੜੀਵਾਰ ਨਾਵਲ ਅਸੀਂ ਵੇਖਦੇ ਹਾਂ। ਪਰਵਾਨੇ ਕੋਲ ਇਕ ਮੁੱਦਾ ਆ ਗਿਆ ਕਿ ਪੰਜਾਬ ਵਿਚ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੇ ਰਿਸ਼ਤਾ ਨਾਤਾ ਪ੍ਰਬੰਧ ਵਿਚ ਜਿਹੜਾ ਪਰਿਵਰਤਨ ਵਾਪਰਿਆ ਉਸ ਪਰਿਵਰਤਨਾਂ ਦੇ ਦੁਖਾਂਤ ਨੂੰ ਪਰਵਾਨੇ ਨੇ ਆਪਣੇ ਨਾਵਲ ਵਿਚ ਪੇਸ਼ ਕੀਤਾ। ਵਿਸ਼ਵੀਕਰਨ ਤੋਂ ਬਾਅਦ ਜਿਹੜੀ ਤਬਦੀਲੀ ਬੰਦੇ ਦੇ ਵਰਤਾਓ ਵਿਚ ਆਈ। ਕਾਰਪੋਰੇਟ ਸੈਕਟਰ ਸ਼ਹਿਰ ਤੋਂ ਲੈ ਕੇ ਪਿੰਡ ਤੱਕ ਪਰਵੇਸ਼ ਕਰ ਗਿਆ। ਉਹਨੇ ਸਾਡੇ ਸਮੁੱਚੇ ਰਿਸ਼ਤਾ-ਨਾਤਾ ਪ੍ਰਬੰਧ ਨੂੰ ਪ੍ਰਭਾਵਿਤ ਕੀਤਾ। ਇਸ ਮੁੱਦੇ ਨੂੰ ਉਹ ਨੇ 'ਆਪਣੇ ਆਪਣੇ ਮੋਰਚੇ ਤੋਂ ਸ਼ੁਰੂ ਕਰਕੇ 'ਗਹਿਰ ਚੜ੍ਹੀ ਅਸਮਾਨ' ਤੱਕ ਲੈ ਲਿਆ। ਜਦੋਂ ਅਸੀਂ ਵਰਤਮਾਨ ਨੂੰ ਵੇਖਣ ਲਈ, ਪਿਛੋਕੜ ਵੱਲ ਝਾਤੀ ਮਾਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਪਿਛਲੇ ਵੀਹ ਸਾਲ ਵਿਚ ਜਿਹੜੀਆਂ ਤਬਦੀਲੀਆਂ ਵਾਪਰੀਆਂ,ਇਹਦੀਆਂ ਜੜ੍ਹਾਂ ਦੂਰ ਤੱਕ ਦਿਸਦੀਆਂ ਹਨ। ਜਦੋਂ ਨਾਵਲਕਾਰ ਇਨ੍ਹਾਂ ਵੱਡੇ ਮੁੱਦਿਆਂ ਨੂੰ ਫੜਨ ਲੱਗਦਾ ਹੈ ਤਾਂ ਲੰਮੇ ਬਿਰਤਾਂਤ ਦੀ ਲੋੜ ਪੈਂਦੀ ਹੈ। ਸਾਡੇ ਨਾਵਲ ਵਿਚ ਹੋਰ ਵੀ ਬਹੁਤ ਸਾਰੀਆਂ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ।

**? ਸਮਕਾਲੀ ਨਾਵਲ ਵਿਚ ਮੈਂ ਵੇਖਦਾ ਹਾਂ ਕਿ ਨਾਵਲ ਦੀ ਬਣਤਰ ਨੂੰ ਲੈ ਕੇ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਇਹ ਕਿਹੋ ਜਹੀਆਂ ਹਨ।**

-ਬਿਲਕੁਲ ਠੀਕ ਗੱਲ ਹੈ। ਨਾਵਲ ਦੀ ਬਣਤਰ ਵਿਚ ਬਹੁਤ ਵੱਡੀਆਂ ਤਬਦੀਲੀਆਂ ਵਾਪਰੀਆਂ ਪਿਛਲੇ ਵੀਹ ਕੁ ਸਾਲਾਂ ਵਿਚ। ਇਹਦੀਆਂ ਜੜ੍ਹਾਂ ਤਾਂ ਪੁਰਾਣੀਆਂ ਹਨ, ਪਰ ਭਰਵੇਂ ਰੂਪ ਵਿਚ ਹੁਣ ਸਾਹਮਣੇ ਆਈਆਂ ਹਨ। ਇਹ ਗੱਲ ਤਾਂ ਸਪੱਸਟ ਹੈ ਕਿ ਪੰਜਾਬੀ ਨਾਵਲ ਨਾਇਕ ਦੀ ਪ੍ਰੰਪਰਾ ਤੋਂ ਮੁਕਤ ਨਹੀਂ ਹੋ ਸਕਿਆ। ਨਾਇਕ ਦਾ ਮਤਲਬ ਮੈਂ ਕਿਸੇ ਪਾਤਰ ਤੋਂ ਨਹੀਂ ਲੈ ਰਿਹਾ। ਨਾਇਕ ਤੋਂ ਮਤਲਬ ਹੈ ਕਿ ਪਾਤਰ ਵਿਚ ਸਾਰਾ ਕੁਝ ਚੰਗਾ ਚੰਗਾ ਹੀ ਹੁੰਦਾ ਹੈ। ਇਸ ਨਾਲ ਉਸ ਦੇ ਜੀਵਨ ਦਾ ਇਕ ਪੱਖ ਪੇਸ਼ ਹੋ ਰਿਹਾ ਹੈ। ਜੇ ਚੰਗਾ ਹੈ ਤਾਂ ਚੰਗਾ ਜਾਂ ਫਿਰ ਮਾੜਾ ਹੈ ਤਾਂ ਮਾੜਾ। ਨਾਇਕ ਦੀ ਰੂੜੀ ਨੂੰ ਤੋੜ ਤਾਂ ਸੰਤ ਸਿੰਘ ਸੇਖੋਂ ਨੇ ਆਪਣੇ ਨਾਵਲ 'ਲਹੂ ਮਿੱਟੀ' ਵਿਚ ਦਿੱਤਾ ਸੀ। ਅੱਜ ਦੇ ਨਾਵਲਕਾਰਾਂ ਨੇ ਇਕੋ ਵਿਅਕਤੀ ਦੇ ਜੀਵਨ ਦੀਆਂ ਅਨੇਕਾਂ ਪਰਤਾਂ ਨੂੰ ਨਾਵਲ ਵਿਚ ਉਭਾਰਿਆ ਹੈ। ਮਿਸਾਲ ਦੇ ਤੌਰ ਤੇ ਬਹੁਤ ਹੀ ਚੰਗੇ ਨਾਵਲ ਲਿਖ ਰਿਹਾ ਪਰਮਜੀਤ ਸਿੰਘ ਜੱਜ ਦਿਖਾਈ ਦਿੰਦਾ ਹੈ। ਆਪਣੇ ਨਾਵਲਾਂ ਵਿਚ ਨਾਇਕ ਦੀਆਂ ਬਹੁਤ ਵੱਡੀਆਂ ਪ੍ਰੰਪਰਕ ਕਿਸਮ ਦੀਆਂ ਗੱਲਾਂ ਨਹੀਂ ਚੁੱਕਦਾ। ਉਹ ਇਕੋ ਬੰਦੇ ਦੀਆਂ ਵੱਖ ਵੱਖ ਪਛਾਣਾ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕਰਦਾ ਹੈ। ਸਮੇਂ ਦੇ ਅੰਦਰ ਇਕ ਵਿਅਕਤੀ ਕਿਵੇਂ ਸੋਚਦਾ ਹੈ। ਦੂਜੇ ਥਾਂ ਤੇ ਜਾ ਕੇ ਕਿਵੇਂ ਸੋਚਣ ਲੱਗਦਾ ਹੈ। ਇਹ ਗੱਲਾਂ ਉਸ ਨੇ 'ਅਰਥ', 'ਪੀਤੂ', 'ਪਛਾਣ ਬਦਲ ਗਈ' ਨਾਵਲਾ ਵਿਚ ਕੀਤੀਆਂ। ਜਸਵਿੰਦਰ ਸਿੰਘ ਦਾ ਨਾਵਲ 'ਮਾਤ ਲੋਕ' ਆਇਆ। ਉਹਨੇ ਇਕ ਪਾਤਰ ਦੀਆਂ ਅਨੇਕਾਂ ਲੇਅਰ ਪੇਸ਼ ਕੀਤੀਆਂ ਹਨ। ਆਪਣੇ ਨਾਵਲ ਵਿਚ ਜਿਹੜੇ ਚਾਰ ਪੰਜ ਪਾਤਰ ਹਨ ਉਨ੍ਹਾਂ ਪਾਤਰਾਂ ਰਾਹੀਂ ਉਸ ਨੇ ਉਨ੍ਹਾਂ ਪਾਤਰਾਂ ਦੇ ਜੀਵਨ ਦੀਆਂ ਅਨੇਕਾਂ ਪਰਤਾਂ ਨੂੰ ਪੇਸ਼ ਕੀਤਾ ਹੈ। ਇੰਝ ਉਹ ਵੱਡੇ ਕੈਨਵਸ ਵਾਲਾ ਨਾਵਲ ਬਣਦਾ ਹੈ।



ਬਲਬੀਰ ਪਰਵਾਨਾ ਦੇ ਲੜੀਵਾਰ ਨਾਵਲ ਵਿਚ ਕੇਂਦਰ ਵਿਚ ਭਾਵੇਂ ਗਿੰਦਰ ਪਾਤਰ ਹੈ ਤੇ ਜਿਹੜੇ ਹੋਰ ਪਾਤਰ ਵੀ ਹਨ ਉਹਨ੍ਹਾਂ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਪੇਸ਼ ਕੀਤਾ ਹੈ। ਹਰ ਪਾਤਰ ਸਮਾਜ ਦੀ ਵੱਖਰੀ ਪਰਤ ਨੂੰ ਪੇਸ਼ ਕਰ ਰਿਹਾ ਹੈ। ਇਹ ਨਵੇਂ ਨਾਵਲ ਵਿਚ ਇਕ ਵੱਖਰੀ ਕਿਸਮ ਦੀ ਗੱਲ ਪੇਸ਼ ਹੋਈ ਹੈ। ਸਾਡਾ ਬਹੁਤ ਹੀ ਚੰਗਾ ਨਾਵਲਕਾਰ ਜਸਬੀਰ ਮੰਡ ਹੈ ਉਸਨੇ ਦਹਿਸ਼ਤ ਦੀ ਵਿਆਕਰਣ ਨੂੰ ਬਹੁ-ਪਰਤੀ ਦ੍ਰਿਸ਼ਟੀ ਨਾਲ ਪੇਸ਼ ਕੀਤਾ ਹੈ। ਵੱਡੇ ਕੈਨਵਸ ਤੇ ਬੜੀ ਸੂਖ਼ਮਤਾ ਨਾਲ ਉਨ੍ਹਾਂ ਪਾਤਰਾਂ ਨੂੰ ਪੇਸ਼ ਕਰਦਾ ਹੈ। ਸ਼ਾਹ ਚਮਨ ਦਾ ਨਾਵਲ 'ਹੀਰ ਬੈਰਾਗਣ' ਵੀ ਨਵੀਂ ਕਿਸਮ ਦੀ ਸਿਰਜਣਾ ਹੈ। ਅਤੇ ਦੇਸ ਰਾਜ ਕਾਲੀ ਵੀ ਆਪਣੇ ਨਾਵਲਾਂ ਵਿਚ ਸੰਜਮੀ ਸ਼ੈਲੀ ਵਿਚ ਸੰਵਾਦਮੁਖੀ ਬਿਰਤਾਂਤ ਸਿਰਜ ਰਿਹਾ ਹੈ। ਇਕ ਹੋਰ ਮੁੱਦਾ ਹੈ ਜਿਸ ਬਾਰੇ ਸਾਡੇ ਆਲੋਚਕ ਚੁੱਪ ਧਾਰ ਲੈਂਦੇ ਹਨ ਕਿ ਸਾਡਾ ਹੁਣ ਦਾ ਨਾਵਲ ਪਿੰਡ ਤੇ ਸ਼ਹਿਰ ਦੀ ਲਕੀਰ ਨੂੰ ਖਤਮ ਕਰ ਚੁੱਕਾ ਹੈ। ਇਸ ਕਿਸਮ ਦਾ ਇਹ ਨਾਵਲ ਵੀ ਆ ਰਿਹਾ ਹੈ ਸ਼ਹਿਰ ਤੇ ਪਿੰਡ ਦਾ ਜੀਵਨ ਸਮਾਂਤਰ ਰੂਪ ਵਿਚ ਪੇਸ਼ ਹੋ ਰਿਹਾ ਹੈ। ਬਲਬੀਰ ਪਰਵਾਨਾ ਦੇ ਨਾਵਲ ਹਨ, ਜਸਵਿੰਦਰ ਦਾ ਨਾਵਲ 'ਮਾਤ ਲੋਕ' ਹੈ, ਏਥੋਂ ਤੱਕ ਅਵਤਾਰ ਬਿਲਿੰਗ ਦੇ ਨਾਵਲਾਂ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ। 'ਪੱਤ ਕੁਮਲਾ ਗਏ' ਨਾਵਲ ਵਿਚ ਪਿੰਡ ਤੇ ਸ਼ਹਿਰ ਦਾ ਸਾਂਝਾ ਜੀਵਨ ਸਾਹਮਣੇ ਆ ਰਿਹਾ ਹੈ। ਪਰਮਜੀਤ ਜੱਜ ਦੇ ਨਾਵਲ ਹਨ ਉਸ ਨੇ ਵੀ ਇਸ ਮਸਲੇ ਨੂੰ ਚੁੱਕਿਆ ਹੈ। 'ਪਛਾਣ ਬਦਲ ਗਈ' ਨਾਵਲ ਵੇਖੋ।

**? ਮੈਨੂੰ ਲੱਗਦਾ ਹੈ ਕਿ ਪਰਮਜੀਤ ਜੱਜ ਨੇ ਆਪਣੇ ਨਾਵਲਾਂ ਵਿਚ ਬੜੀ ਸਮਰੱਥਾ ਨਾਲ ਆਪਣੇ ਪਾਤਰਾਂ ਨੂੰ ਸਮਾਜ ਵਿਗਿਆਨ ਦੇ ਐਂਗਲ ਤੋਂ ਪੇਸ਼ ਕੀਤਾ ਹੈ। ਪਹਿਲੇ ਨਾਵਲਕਾਰਾਂ ਵਿਚ ਇਹ ਦ੍ਰਿਸ਼ਟੀ ਦੀ ਘਾਟ ਰਹੀ ਹੈ।**

-ਇਸ ਦ੍ਰਿਸ਼ਟੀ ਤੋਂ ਵੀ ਨਾਵਲ ਨੂੰ ਵੇਖ ਸਕਦੇ ਹਾਂ। ਉਸ ਦੇ ਨਾਵਲ ਪੰਜਾਬੀ ਨਾਵਲ ਲਈ ਵੱਡੀ ਪ੍ਰਾਪਤੀ ਹੈ। ਮੈਂ ਬਲਬੀਰ ਪਰਵਾਨਾ, ਪਰਮਜੀਤ ਜੱਜ, ਜਸਵਿੰਦਰ ਸਿੰਘ , ਅਵਤਾਰ ਸਿੰਘ ਬਿਲਿੰਗ ਦੇ ਨਾਵਲਾਂ ਦੇ ਹਵਾਲੇ ਨਾਲ ਇਹ ਗੱਲ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨਾਵਲਕਾਰਾਂ ਨੇ ਇਕ ਗੱਲ ਬੜੀ ਕਮਾਲ ਦੀ ਕੀਤੀ ਹੈ। ਪਹਿਲਾਂ ਨਾਵਲ ਦੇ ਘਟਨਾਵੀਂ ਪ੍ਰਬੰਧ ਦੀ ਬਹੁਲਤਾ ਵਿਚੋਂ ਕਹਾਣੀ ਰਸ ਉਪਜਦਾ ਸੀ। ਉਹਦੀ ਥਾਂ 'ਤੇ ਇਨ੍ਹਾਂ ਨਾਵਲਕਾਰਾਂ ਨੇ ਘਟਨਾਵਾਂ ਵਿਚ ਇਕ ਸਪੇਸ ਪੈਦਾ ਕਰਕੇ ਉਸ ਵਿਚੋਂ ਗਿਆਨ ਪੈਦਾ ਕੀਤਾ। ਨਾਵਲਕਾਰ ਵਿਚ ਜਿਹੜੀ ਬਿਰਤਾਂਤ ਦੀ ਸਪੀਡ ਚਿੰਤਨ ਦੇ ਅਧਾਰ ਤੇ ਹੋਵੇਗੀ। ਤਾਂ ਪਾਤਰਾਂ ਰਾਹੀਂ ਨਾਵਲਕਾਰ ਵੱਡੇ ਸਵਾਲਾਂ ਨੂੰ ਚੁੱਕੇਗਾ। ਸਾਡੇ ਪਹਿਲੇ ਨਾਵਲ ਕਹਾਣੀ ਰਸ ਉੱਤੇ ਬਹੁਤ ਜੋਰ ਦਿੰਦੇ ਸਨ। ਦਿਲਚਸਪੀ ਬਹੁਤ ਪੈਦਾ ਕਰਦੇ ਸਨ। ਦਿਲਚਸਪੀ ਵੀ ਜ਼ਰੂਰੀ ਹੈ। ਇਹਦੇ ਬਿਨਾ ਨਾਵਲ ਅੱਗੇ ਨਹੀਂ ਚਲਦਾ ਪਰ ਇਹਦੀ ਬਹੁਲਤਾ ਨਹੀਂ ਹੋਣੀ ਚਾਹੀਦੀ। ਪਰਮਜੀਤ ਜੱਜ ਦੇ ਨਾਵਲਾਂ ਵਿਚ ਬੜੇ ਸ਼ੋਸਲ ਇਸ਼ੂ ਪੈਦਾ ਹੁੰਦੇ ਹਨ। ਦੋ ਘਟਨਾਵਾਂ ਵਿਚ ਸੰਵਾਦ ਰਚਾ ਕੇ ਜਿਹੜਾ ਗਿਆਨ ਪੈਦਾ ਕੀਤਾ ਉਹ ਦੇਖਣ ਦੀ ਲੋੜ ਹੈ। ਇਨ੍ਹਾਂ ਨਾਵਲਕਾਰਾਂ ਦੀ ਵੱਡੀ ਪ੍ਰਾਪਤੀ ਹੈ ਕਿ ਇਹ ਨਾਵਲਕਾਰ ਆਪਣੇ ਨਾਵਲਾਂ ਨੂੰ ਗਿਆਨ ਦੀ ਪ੍ਰੰਪਰਾ ਨਾਲ ਜੋੜਦੇ ਹਨ।

**? ਇਹ ਕੀ ਕਾਰਨ ਹੋ ਸਕਦਾ ਹੈ ਕਿ ਮੁਲਕ ਰਾਜ ਆਨੰਦ 'ਆਛੂਤ' ਨਾਵਲ ਹੈ, ਤੇ ਜਗਦੀਸ਼ ਚੰਦਰ 'ਧਰਤੀ ਧੰਨ ਨਾ ਆਪਣਾ' ਨਾਵਲ ਦਲਿਤ ਮਸਲਿਆਂ ਬਾਰੇ ਲਿਖਦਾ ਹੈ ਪਰ ਪੰਜਾਬੀ ਵਿਚ ਇਸ ਕਿਸਮ ਦਾ ਦਲਿਤ ਜ਼ਿੰਦਗੀ ਬਾਰੇ ਨਾਵਲ ਕਿਓ ਨਹੀਂ ਲਿਖ ਹੋਇਆ। ਸਾਡੇ ਕੋਲ ਕਹਾਣੀਕਾਰ ਤਾਂ ਹਨ ਪਰ ਇਸ ਜ਼ਿੰਦਗੀ ਦੇ ਵੱਡੇ ਪਸਾਰ ਕਿਸੇ ਨਾਵਲਕਾਰ ਨੇ ਨਾਵਲ ਵਿਚ ਨਹੀਂ ਲੈ ਕੇ ਆਂਦੇ।**

-ਦੋ ਗੱਲਾਂ ਨੇ। ਇਕ ਤਾਂ ਜਦੋਂ ਨਾਵਲਕਾਰ ਨਾਵਲ ਲਿਖਦਾ ਹੈ ਇਕ ਤਾਂ ਅਨੁਭਵ ਵਿਚੋਂ ਰਚਨਾ

ਆਉਂਦੀ ਹੈ ਜੋ ਦੂਜੇ ਦਾ ਦੇਖਿਆ ਅਨੁਭਵ ਹੁੰਦਾ ਹੈ ਉਹ ਵੀ ਉਹਦੇ ਅਨੁਭਵ ਦਾ ਹਿੱਸਾ ਹੁੰਦਾ ਹੈ। ਸਾਡੇ ਨਾਵਲਕਾਰ ਕੀ ਕਰਦੇ ਹਨ ਕਿ ਸਮੁੱਚੀ ਜੀਵਨ ਧਾਰਾ ਨੂੰ ਟੋਟਿਆ ਵਿਚ ਰੱਖ ਦੇ ਵੇਖਦੇ ਹਨ। ਅਸੀਂ ਇਹ ਹੀ ਵੇਖਦੇ ਹਾਂ ਕਿ ਫਲਾਣੇ ਧਰਮ ਦਾ ਬੰਦਾ ਇਸ ਕਿਸਮ ਦਾ ਹੁੰਦਾ ਹੈ, ਫਲਾਣੀ ਜਾਤ ਦਾ ਬੰਦਾ ਇਸ ਕਿਸਮ ਦਾ ਹੁੰਦਾ ਹੈ, ਸਮੁੱਚਤਾ ਵਿਚ ਅਸੀਂ ਵਿਹਾਰ ਨੂੰ ਨਹੀਂ ਫੜਦੇ। ਅਸੀਂ ਟੋਟਿਆਂ ਵਿਚ ਜੀਵਨ ਨੂੰ ਲੈਂਦੇ ਹਾਂ ਟੋਟਿਆਂ ਵਿਚ ਜੀਵਨ ਨੂੰ ਸਮਝਦੇ ਹਾਂ। ਗਹਿਰਾਈ ਵਿਚ ਨਹੀਂ ਜਾਂਦੇ। ਜਿਹੜੇ ਨਾਵਲਕਾਰ ਦਾ ਜ਼ਿਕਰ ਹੋਇਆ ਹੈ ਉਨ੍ਹਾਂ ਲੇਖਕਾਂ ਨੇ ਅਛੂਤ ਨਾ ਹੋ ਕੇ ਦਲਿਤ ਜੀਵਨ ਦੀ ਗਹਿਰਾਈ ਨੂੰ ਫੜਿਆ ਹੈ। ਗਿਆਨ ਦੇ ਬਾਕੀ ਸਰੋਤਾਂ ਰਾਹੀਂ ਜੀਵਨ ਦਾ ਅਨੁਭਵ ਪੇਸ਼ ਕੀਤਾ। ਸਾਡੇ ਪੰਜਾਬੀ ਦੇ ਨਾਵਲਕਾਰਾਂ ਕੋਲ ਅਪਣਾ ਅਨੁਭਵ ਹੈ। ਅਸੀਂ ਆਪਣੇ ਗਿਆਨ ਰਾਹੀਂ ਬਾਕੀ ਲੋਕਾਂ ਦੇ ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਅਸੀਂ ਇਸ ਪਾਸੇ ਵੱਲ ਨੂੰ ਨਹੀਂ ਤੁਰੇ। ਜਿਵੇਂ ਪਹਿਲਾਂ ਵੀ ਕਿਹਾ ਹੈ ਕਿ ਉਨ੍ਹਾਂ ਕੋਲ ਜੀਵਨ ਦਾ ਜੋ ਅਨੁਭਵ ਹੈ ਉਹ ਗਹਿਰਾਈ ਵਾਲਾ ਨਹੀਂ, ਓਪਰਾ ਹੈ। ਜੋ ਥੋੜਾ ਜਿਹਾ ਅਨੁਭਵ ਹੈ ਉਹ ਕਹਾਣੀ ਵਿਚ ਵਰਤਿਆ ਗਿਆ ਪਰ ਨਾਵਲ ਵਿਚ ਨਹੀਂ। ਇਸੇ ਕਰਕੇ ਜਿੰਨੇ ਕੁ ਸਾਡੇ ਪੰਜਾਬੀ ਵਿਚ ਨਾਵਲ ਆਏ ਸਨ ਉਨ੍ਹਾਂ ਕੋਲ ਜਿਨ੍ਹਾਂ ਕੁ ਅਨੁਭਵ ਸੀ ਉਹ ਪੇਸ਼ ਕਰ ਦਿੱਤਾ। ਇਹ ਉਨ੍ਹਾਂ ਦੀ ਸੀਮਾ ਵੀ ਬਣ ਗਈ ਇਸੇ ਕਰਕੇ ਨਾਵਲ ਦੇ ਕੇਂਦਰ ਵਿਚ ਦਲਿਤ ਨਹੀਂ ਉਭਰ ਸਕਿਆ। ਗੁਰਦਿਆਲ ਸਿੰਘ ਨੇ ਆਪਣੇ ਕੁਝ ਨਾਵਲਾਂ ਵਿਚ ਇਸ ਜੀਵਨ ਨੂੰ ਪੇਸ਼ ਕੀਤਾ ਹੈ। ਜਿਹੜੇ ਸਾਡੇ ਕੋਲ ਦਲਿਤ ਨਾਵਲਕਾਰ ਸਨ ਉਨ੍ਹਾਂ ਨੇ ਦਲਿਤ ਜੀਵਨ ਨੂੰ ਸਮੁੱਚਤਾ ਵਿਚ ਵੇਖਣ ਦੀ ਬਜਾਇ ਟੋਟਿਆ ਵਿਚ ਵੇਖਿਆ। ਉਦਾਹਰਨ ਦੇ ਤੌਰ ਤੇ ਜਿਹੜਾ ਸਾਡੇ ਕੋਲ ਦਲਿਤ ਲੇਖਕ ਆਇਆ ਉਹ ਦਲਿਤ ਮੱਧ ਵਰਗ ਵਿਚੋਂ ਆਇਆ। ਉਨ੍ਹਾਂ ਕੋਲ ਆਪਣੇ ਪਿਛੋਕੜ ਦੇ ਜੀਵਨ ਦੇ ਤਜਰਬੇ ਸਨ। ਪਿਛੋਕੜ ਦੇ ਜੀਵਨ ਦੇ ਤਜਰਬਿਆਂ ਨੂੰ ਉਹ ਟੋਟਿਆਂ ਵਿਚ ਬਿਆਨ ਕਰਦੇ ਗਏ। ਕਦੇ ਕੋਈ ਮੁੱਦਾ ਲੈ ਲਿਆ ਕਦੇ ਕੋਈ। ਕਿਸੇ ਨਾਵਲਕਾਰ ਨੇ ਇਹ ਕੋਸ਼ਿਸ਼ ਨਹੀਂ ਕੀਤੀ ਕਿ ਉਹ ਆਪਣੇ ਇਤਿਹਾਸ ਨੂੰ ਲੈ ਕੇ ਆਪਣੇ ਸਮੁੱਚੇ ਸਮਾਜ ਨੂੰ ਨਾਵਲ ਦਾ ਕੇਂਦਰ ਬਣਾ ਸਕੇ। ਮੇਰੇ ਹਿਸਾਬ ਨਾਲ ਤਾਂ ਪੰਜਾਬੀ ਵਿਚ ਦਲਿਤ ਜ਼ਿੰਦਗੀ ਬਾਰੇ ਕੋਈ ਵੱਡਾ ਨਾਵਲ ਜ਼ਰੂਰ ਆਉਣਾ ਚਾਹੀਦਾ ਹੈ। ਦੇਖੋ! ਕੌਣ ਪਹਿਲ ਕਰਦਾ ਹੈ।

? **ਪਿਛਲੇ ਕੁਝ ਸਮੇਂ ਤੋਂ ਤੁਸੀਂ ਨਾਵਲ ਵਿਚ ਪੇਸ਼ ਪਾਤਰਾਂ ਦੇ ਵਿਹਾਰ 'ਤੇ ਕੰਮ ਕਰ ਰਹੇ ਹੋ ਜਦੋਂ ਨਾਵਲ ਵਿਚ ਵੱਖ-ਵੱਖ ਵਰਗ-ਜਾਤੀ 'ਚੋਂ ਪਾਤਰ ਆਉਂਦੇ ਹਨ ਕੀ ਉਹ ਆਪਣੀ ਜਾਤੀ, ਸਭਿਆਚਾਰਕ ਸੰਸਕਾਰ ਲੈ ਕੇ ਆਉਂਦੇ ਹਨ ਜਾਂ ਲੇਖਕ ਆਪਣੀ ਦ੍ਰਿਸ਼ਟੀ ਨਾਲ ਉਨ੍ਹਾਂ ਨੂੰ ਪੇਸ਼ ਕਰਦਾ ਹੈ।**

-ਪਹਿਲਾਂ ਤਾਂ ਮੈਂ ਪਾਤਰਾਂ ਦੀ ਖੁਦਮੁਖਤਿਆਰ ਦੀ ਗੱਲ ਕਰਦਾ ਹਾਂ। ਨਾਵਲ ਵਿਚ ਇਕ ਮੁੱਖ ਪਾਤਰ ਤਾਂ ਜ਼ਰੂਰ ਹੋਵੇਗਾ ਪਰ ਬਾਕੀ ਪਾਤਰਾਂ ਦੀ ਵੀ ਆਪਣੀ ਆਪਣੀ ਸਪੇਸ ਹੋਣੀ ਲਾਜ਼ਮੀ ਹੈ। ਉਹ ਨਾਵਲੀ ਰਚਨਾ ਵਿਚੋਂ ਉਹਦੀ ਵੱਖਰਤਾ ਨਜ਼ਰ ਆਉਣੀ ਚਾਹੀਦੀ ਹੈ। ਮੈਂ ਉਹਨੂੰ ਪਾਤਰਾਂ ਦੀ ਖੁਦਮੁਖਤਿਆਰੀ ਕਹਿੰਦਾ ਹਾਂ। ਜਦੋਂ ਨਾਵਲਕਾਰ ਇਸ ਤਰ੍ਹਾਂ ਕਰੇਗਾ ਫਿਰ ਉਹ ਕਿਸੇ ਪਾਤਰ ਨੂੰ ਮੁੱਖ ਪਾਤਰ ਦੇ ਅਧੀਨ ਨਹੀਂ ਰੱਖੇਗਾ। ਉਹ ਅਜ਼ਾਦ ਨਜ਼ਰ ਆਵੇਗਾ। ਜਿੰਨੀਆਂ ਧੁਨੀਆਂ ਪਾਤਰਾਂ ਦੀਆਂ ਪੇਸ਼ ਕਰੇਗਾ ਉਨਾ ਨਾਵਲ ਦਾ ਕੈਨਵਸ ਵੱਡਾ ਹੋਵੇਗਾ। ਦੂਜਾ ਮਸਲਾ ਇਹ ਕਿ ਨਾਵਲਕਾਰ ਪਾਤਰ ਕਿਉਂ ਪੇਸ਼ ਕਰ ਰਿਹਾ ਹੈ। ਕੀ ਕਿਸੇ ਵਿਚਾਰਧਾਰਾ ਨੂੰ ਪੇਸ਼ ਕਰਨ ਲਈ ਨਾਵਲਕਾਰ ਨੇ ਪਾਤਰ ਘੜਿਆ ਹੈ। ਜਾਂ ਕਿਸੇ ਪਾਤਰ ਨੇ ਐਨਾ ਪ੍ਰਭਾਵਿਤ ਕੀਤਾ ਕਿ ਉਸ ਪਾਤਰ ਨੂੰ ਗਲਪ ਦਾ ਹਿੱਸਾ ਬਣਾ ਕੇ ਪੇਸ਼ ਕਰ ਰਿਹਾ ਹੈ। ਜਾਂ ਉਸ ਨੇ ਜੀਵਨ ਵਿਚ ਪੰਜ ਸੱਤ ਪਾਤਰ ਦੇ ਰੂਪ ਵੇਖੇ ਉਨ੍ਹਾਂ ਸਾਰਿਆਂ ਨੂੰ ਉਸ ਨੇ



ਪਾਤਰਾਂ ਵਿਚ ਪੇਸ਼ ਕੀਤਾ। ਇਹਦਾ ਮਤਲਬ ਇਹ ਹੋਇਆ ਕਿ ਪਾਤਰ ਬਣਿਆ ਬਣਾਇਆ ਸਮਾਜ ਵਿਚੋਂ ਨਹੀਂ ਮਿਲਦਾ ਉਸ ਨੂੰ ਬਣਾ ਕੇ, ਘੜ ਕੇ ਰਚਨਾ ਅੰਦਰਲਾ ਵਿਵੇਕ ਤੇ ਤਰਕ ਅਨੁਸਾਰ ਨਾਵਲਕਾਰ ਨੂੰ ਉਹ ਪਾਤਰ ਉਸਾਰਨਾ ਪੈਣਾ ਹੈ। ਉਹ ਆਜ਼ਾਦ ਭਾਵੇਂ ਨਾ ਹੋਵੇ ਪਰ ਅਜ਼ਾਦ ਹੋਣ ਦਾ ਭੁਲੇਖਾ ਤਾਂ ਪਾਵੇ। ਪਾਤਰ ਦੀ ਬਹੁਰੰਗਤਾ ਪੇਸ਼ ਹੋਵੇ, ਇਹੀ ਪਾਤਰ ਦੀ ਖ਼ੁਦਮੁਖਤਿਆਰੀ ਹੈ। ਦੂਜਾ ਮਸਲਾ ਨਾਵਲ ਵਿਚ ਪਾਤਰ ਉਸਾਰੀ ਹੁੰਦੀ ਹੈ ਕਹਾਣੀ ਵਿਚ ਪਾਤਰ ਚਿਤਰਣ ਹੁੰਦਾ ਹੈ। ਨਾਵਲ ਵਿਚ ਜਿਹੜੀਆਂ ਘਟਨਾਵਾਂ ਹਨ ਉਹ ਇਤਿਹਾਸਕ ਅੰਤਰਾਲ ਵਿਚ ਫੈਲੀਆਂ ਹੁੰਦੀਆਂ ਹਨ। ਨਾਵਲ ਵਿਚ ਪਾਤਰ ਦਾ ਜੀਵਨ ਕਾਫੀ ਲੰਮੇ ਸਮੇਂ ਨੂੰ ਆਪਣੇ ਨਾਲ ਲੈ ਕੇ ਚੱਲਦਾ ਹੈ। ਇਸ ਕਰਕੇ ਉਸ ਪਾਤਰ ਦੀਆਂ ਵੱਖਰੀਆਂ ਵੱਖਰੀਆਂ ਪਰਤਾਂ ਨੂੰ ਪੇਸ਼ ਕਰਨ ਦੀਆਂ ਸੰਭਾਵਨਾਵਾਂ ਨਾਵਲ ਵਿਚ ਪੇਸ਼ ਹੁੰਦੀਆਂ ਹਨ। ਪਾਤਰ ਕਿਸ ਕਿੱਤੇ ਨਾਲ, ਜਿਸ ਜਾਤੀ ਪ੍ਰਬੰਧ ਨਾਲ ਜੁੜਿਆ ਹੋਇਆ ਹੈ ਉਹਦੀਆਂ ਵੱਖ ਵੱਖ ਪਰਤਾਂ ਨੂੰ ਪੇਸ਼ ਕਰਨਾ। ਬੰਦਾ ਕਿਵੇਂ ਪਲ ਪਲ ਬਦਲ ਰਿਹਾ... ਉਹ ਭਰਾ,ਪਤੀ, ਪਿਓ, ਪ੍ਰੇਮੀ, ਦੁਸ਼ਮਣ, ਦੋਸਤ ਆਦਿ ਦੇ ਰੂਪ ਵਿਚ ਕਿਵੇਂ ਵਿਹਾਰ ਕਰਦਾ ਇਸ ਨੂੰ ਫੜਨਾ ਹੁੰਦਾ ਹੈ। ਇਕ ਨਹੀਂ ਬਈ ਉਹ ਮਾੜਾ ਤਾਂ ਮਾੜਾ ਹੀ ਰਹੇਗਾ। ਬਾਕੀ ਤਾਂ ਜਾਂ ਫਿਰ ਚੰਗੀ ਕਿਸਮ ਦੇ ਦੇਵਤੇ ਹਨ ਜਾਂ ਮਾੜੇ ਰਾਕਸ਼ਸ ਹਨ।

? **ਕਿਸੇ ਪੰਜਾਬੀ ਨਾਵਲ ਨੂੰ ਜੇਕਰ ਭਾਰਤੀ ਪੱਧਰ ਤੇ ਰੱਖਣਾ ਹੋਵੇ ਤਾਂ ਉਹਦੇ ਕੀ ਮਾਪਦੰਡ ਨਿਰਧਾਰਤ ਕਰੋਗੇ।**

-ਹਰ ਭਾਸ਼ਾ ਦਾ ਜਿਹੜਾ ਲੇਖਕ ਹੈ ਉਹਦੇ ਸਬ ਕਲਚਰ ਦੇ ਆਪਣੇ ਤਜਰਬੇ ਹਨ। ਸ਼ਿਵ ਸ਼ੰਕਰ ਪਿੱਲੇ ਜਦੋਂ 'ਮਾਛੀ' ਨਾਵਲ ਲਿਖਦਾ ਹੈ। ਉਹ ਮਛੇਰਿਆ ਦੇ ਜੀਵਨ ਤੇ ਕੇਂਦਰਤ ਹੈ। ਸਮੁੰਦਰ ਦੇ ਜੀਵਨ ਦਾ ਤਜਰਬਾ ਉਨ੍ਹਾਂ ਲੇਖਕਾਂ ਕੋਲ ਹੋਵੇਗਾ ਜਿਹੜੇ ਉਨ੍ਹਾਂ ਦੇ ਕਿਨਾਰਿਆਂ ਕੋਲ ਵਿਚਰਦੇ ਹਨ। ਗੁਰਦਿਆਲ ਸਿੰਘ ਕੋਲ ਆਪਣੇ ਜੀਵਨ ਦੇ ਤਜਰਬੇ ਹਨ। ਇਕ ਤਾਂ ਇਹ ਲੁਕੇਲ ਬਣਦੀ ਹੈ। ਉਸ ਲੁਕੇਲ ਵਿਚ ਮਨੁੱਖ ਦੇ ਬੁਨਿਆਸੀ ਮਸਲਿਆ ਨੂੰ ਚਿਤਰਨ ਵਾਲਾ ਨਾਵਲ ਹੈ ਉਸ ਨਾਵਲ ਨੂੰ ਅਸੀਂ ਲੈਂਦੇ ਹਾਂ ਕਿ ਇਹ ਨਾਵਲ ਭਾਰਤ ਪੱਧਰ ਦਾ ਹੈ। ਇਹ ਬੁਨਿਆਦੀ ਮਸਲੇ ਜਦੋਂ ਗਹਿਰਾਈ ਨਾਲ ਪੂਰੀ ਸਮੁੱਚਤਾ ਵਿਚ ਪੇਸ਼ ਹੁੰਦੇ ਹਨ। ਉਹ ਵੱਡਾ ਮਨੁੱਖ ਜਾਂ ਪਾਤਰ ਜਿਹੜਾ ਭਾਰਤੀ ਮਨੁੱਖ ਦੇ ਵੱਡੇ ਮਸਲਿਆਂ ਨੂੰ ਫੜਦਾ ਹੈ ਉਸ ਨੂੰ ਅਸੀਂ ਭਾਰਤੀ ਪੱਧਰ ਤੇ ਰੱਖ ਕੇ ਵੇਖ ਸਕਦੇ ਹਾਂ। ਜਿਵੇਂ ਗੁਰਦਿਆਲ ਸਿੰਘ ਦਾ ਨਾਵਲ ਹੈ 'ਮੜ੍ਹੀ ਦਾ ਦੀਵਾ' ਜੇਕਰ ਮੋਟੇ ਤੋਰ ਤੇ ਵੇਖਿਆ ਜਾਵੇ ਤਾਂ ਇਸ ਨਾਵਲ ਵਿਚ ਇਹੀ ਨਜ਼ਰ ਆਵੇਗਾ ਕਿ ਜਦੋਂ ਹਰਾ ਇਨਕਲਾਬ ਆਉਂਦਾ ਹੈ ਤਾਂ ਉਹਦੇ ਵਿਚ ਸਾਡੇ ਰਿਸ਼ਤੇ ਬਣ ਟੁੱਟ ਰਹੇ ਹਨ। ਪਰ ਉਹਦੇ ਵਿਚ ਮਨੁੱਖ ਦੀ ਹੋਣੀ ਦੇ ਬੁਨਿਆਦੀ ਮਸਲੇ ਹਨ ਜਦੋਂ ਪਾਤਰ ਕਹਿੰਦਾ ਹੈ 'ਬੰਦਿਆਂ ਤੇਰੀਆਂ ਦਸ ਤਹੀਆਂ, ਇਕ ਲਈ ਵਿਆਹ ਬਾਕੀ ਕਿੱਧਰ ਗਈਆਂ।' ਇਹ ਇਕ ਵਰਗ ਦੇ ਜਿਹੜੇ ਮਸਲੇ ਹਨ ਮੁਕਤੀ ਦੇ ਮਸਲੇ ਹਨ ਮੋਕਸ਼ ਦੇ ਮਸਲੇ ਹਨ ਇਹ ਮਸਲੇ ਸਮੁੱਚੇ ਭਾਰਤੀ ਦਰਸ਼ਨ ਦੇ ਮਸਲੇ ਹਨ। ਕੀ ਜਿਹੜਾ ਮਨੁੱਖ ਹੈ ਉਹਦਾ ਸਾਰਾ ਜੀਵਨ ਇਸ ਤਰ੍ਹਾਂ ਹੀ ਬੀਤ ਜਾਂਦਾ ਹੈ। ਜਦੋਂ ਜਗਸੀਰ ਨੂੰ ਉਹਦੇ ਸਾਥੀ ਮੁੰਦਰਾ ਪੁਆ ਕੇ ਕਹਿੰਦੇ ਹਨ ਕਿ 'ਜਾਹ ਮਿਲ ਲੈ ਆਪਣੀ ਹੀਰ ਨੂੰ' ਇਸ ਵਰਤਾਲਾਪ ਵਿਚ ਕਿੰਨੀਆਂ ਗਹਿਰੀਆਂ ਰਮਜ਼ਾਂ ਹਨ। ਵਿਆਹੀ ਹੋਈ ਤੀਵੀਂ ਨਾਲ ਇਸ਼ਕ ਕਰਨਾ ਸਾਡਾ ਗੈਰ ਇਖ਼ਲਾਕੀ ਕਾਰਜ ਹੈ। ਇਹ ਮਸਲਾ ਛੋਟਾ ਨਹੀਂ ਵੱਡਾ ਮਸਲਾ ਹੈ। ਇਹ ਮਸਲਾ ਸਮੁੱਚੇ ਭਾਰਤ ਦੀ ਪ੍ਰੰਪਰਾ ਵਿਚ ਇਸ ਤਰ੍ਹਾਂ ਮਜੂਦ ਹੈ। ਜੇ ਅਸੀਂ ਮਨੁੱਖ ਦੇ ਬਨਿਆਦੀ ਸੁਭਾਅ ਨੂੰ ਭਾਰਤੀ ਪ੍ਰਸੰਗ ਵਿਚ ਪੇਸ਼ ਕਰਦੇ ਹਾਂ, ਭਾਰਤੀ ਜੀਵਨ ਦੇ ਬਦਲਦੇ ਪ੍ਰਸੰਗ ਵਿਚ। ਬਲਬੀਰ ਪਰਵਾਨਾ ਦੇ

ਨਾਵਲ 'ਅੰਬਰ ਵੱਲ ਉਡਾਨ' ਵਿਚ ਇਕ ਮੋੜ ਆਉਂਦਾ ਹੈ ਕਿ ਇਕ ਆਦਮੀ ਹੈ ਉਹਦੀ ਇਕ ਕੁੜੀ ਦੀ ਮਾਂ ਨਾਲ ਦੋਸਤੀ ਹੈ। ਇਕ ਮੋੜ ਤੇ ਆ ਕੇ ਉਹ ਕੁੜੀ ਨਾਲ ਰੇਪ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਾਤਰ ਉਸ ਦੇ ਇਸ ਕੰਮ ਤੇ ਫਿੱਟ ਲਾਹਣਤ ਪਾਉਂਦਾ ਹੈ। ਧੀ ਕਹਿੰਦੀ ਹੈ ਤੂੰ ਮਾਂ ਤੇ ਧੀ ਨੂੰ ਇਕੋ ਨਜ਼ਰ ਨਾਲ ਵੇਖਦਾ ਏ, ...ਹੁਣ ਇਹ ਨੈਤਿਕਤਾ ਦਾ ਮਸਲਾ ਇਹ ਭਾਰਤੀ ਸਮਾਜ ਦੀ ਮੁੱਖ ਧਾਰਾ ਦਾ ਮਸਲਾ ਹੈ। ਕੇਂਦਰੀ ਜੀਵਨ ਦਾ ਹਿੱਸਾ ਹੈ। ਇਹ ਬੁਨਿਆਦੀ ਮਨੁੱਖ ਦੇ ਸੁਭਾਅ ਦਾ ਮਸਲਾ ਹੈ ਪ੍ਰੇਮ, ਕ੍ਰੋਧ, ਨਫ਼ਰਤ, ਮੁਕਤੀ ਜਾਂ ਜਾਤ ਨੂੰ ਲੈ ਕੇ ਜੋ ਬਨਿਆਦੀ ਮਸਲੇ ਹਨ, ਜੇ ਕੋਈ ਭਾਰਤੀ ਚਿੰਤਨ ਨੂੰ ਲੈ ਕੇ ਇਹ ਮਸਲੇ ਉਠਾਉਂਦਾ ਹੈ ਤਾਂ ਫਿਰ ਅਸੀਂ ਭਾਰਤੀ ਪੱਧਰ ਦਾ ਕੋਈ ਪੈਮਾਨਾ ਮਿੱਥ ਸਕਦੇ ਹਾਂ। ਸਾਡੇ ਭਾਰਤ ਦਾ ਇਕ ਸਾਂਝਾ ਸੋਹਜ ਸਾਸ਼ਤਰ ਵੀ ਹੈ। ਭਾਰਤੀ ਸਾਹਿਤ ਦਾ ਇਕ ਸੋਹਜ ਸਾਸ਼ਤਰ ਹੈ। ਇਹ ਵੱਖਰੀ ਗੱਲ ਹੈ ਸਾਡੇ ਪੰਜਾਬੀ ਆਲੋਚਕਾਂ ਦੀ ਨਜ਼ਰ ਵਿਚ ਇਹ ਗੱਲਾਂ ਨਹੀਂ ਪੈਂਦੀਆਂ। ਜਿਹੜਾ ਨਾਵਲ ਉਸ ਬੁਨਿਆਦੀ ਮੁੱਦਿਆਂ ਨੂੰ ਆਪਣੀ ਨਾਵਲੀ ਟੈਕਸਟ ਵਿਚੋਂ ਉਭਾਰਦਾ ਹੈ। ਜੇ ਕਹਾਣੀ ਦੀ ਗੱਲ ਕਰੀਏ ਤਾਂ ਅਸੀਂ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਭਾਰਤੀ ਪੱਧਰ ਦੀਆਂ ਕਹਾਣੀਆਂ ਕਿਉਂ ਕਹਿੰਦੇ ਹਾਂ। ਉਨ੍ਹਾਂ ਕਹਾਣੀਆਂ ਵਿਚ ਭਾਰਤ ਦੀ ਆਤਮਾ ਦਾ ਚਿੰਤਨ ਮੌਜੂਦ ਹੈ। ਇਸੇ ਤਰੀਕੇ ਨਾਲ ਦਲਿਤ ਕਹਾਣੀਆਂ ਦੀ ਮੈਂ ਗੱਲ ਕਰਦਾ ਹੁੰਦਾ... ਤੇਰੀ ਕਹਾਣੀ ਹੈ 'ਜੜ੍ਹਾਂ' ਉਹ ਇਕ ਭਾਰਤੀ ਮਨੁੱਖ ਦੇ ਬੁਨਿਆਸੀ ਮੁੱਦੇ ਨਾਲ ਜੁੜੀ ਹੋਈ ਕਹਾਣੀ ਹੈ। ਮੈਂ ਤਾਂ ਕਹਿੰਦਾ ਉਹ ਸੰਸਾਰ ਪੱਧਰ ਦੀ ਕਹਾਣੀ ਹੈ। ਮੇਰੇ ਕੋਲ ਇਹਦਾ ਇਕ ਤਰਕ ਹੈ। ਜਿਹੜੀ ਕਹਾਣੀ ਮਨੁੱਖ ਦੇ ਬੁਨਿਆਦੀ ਮੁੱਦੇ ਭਾਰਤ ਦੇ ਪ੍ਰਸੰਗ ਵਿਚ ਉਹਦੇ ਸੂਖ਼ਸ਼ਮ ਅਨੁਭਵ ਦੇ ਪ੍ਰਸੰਗ ਵਿਚ ਫੜੇਗੀ ਉਹ ਕਹਾਣੀ ਵੀ ਅਤੇ ਨਾਵਲ ਵੀ ਤੇ ਕਵਿਤਾ ਵੀ, ਨਾਟਕ ਵੀ ਭਾਰਤੀ ਪੱਧਰ ਤੇ ਰੱਖ ਦੇ ਵੇਖ ਸਕਦੇ ਹਾਂ।

**? ਪਰਵਾਸੀ ਨਾਵਲ ਬਾਰੇ ਗੱਲ ਕਰਨੀ ਬਹੁਤ ਜ਼ਰੂਰੀ ਹੈ। ਪਰਵਾਸੀ ਨਾਵਲਕਾਰ ਆਪਣੇ ਨਾਵਲਾਂ ਵਿਚ ਉਥੋਂ ਦੇ ਕਲਚਲ ਨੂੰ ਉਥੋਂ ਦੇ ਸਬ ਕਲਚਰ ਨੂੰ ਫੜ ਸਕਿਆ ਜਾਂ ਨਹੀਂ।**

– ਪਰਵਾਸੀ ਨਾਵਲ ਪਹਿਲੀ ਗੱਲ ਤਾਂ ਇਹ ਹੈ ਕਿ ਨਾਵਲਕਾਰ ਦੇ ਅਨੁਭਵ ਵਿਚੋਂ ਨਿਕਲੀਆਂ ਗੱਲਾਂ ਹੀ ਨਾਵਲ ਦਾ ਹਿੱਸਾ ਬਣਨਗੀਆਂ। ਸਾਡੇ ਕੋਲ ਪਰਵਾਸ ਦੇ ਤਿੰਨ ਵੱਡੇ ਕੇਂਦਰ ਬਣੇ ਹਨ, ਪਹਿਲਾਂ ਇੰਗਲੈਂਡ ਬਣਿਆ, ਕੈਨੇਡਾ ਤੇ ਅਮਰੀਕਾ ਬਣਿਆ। ਪਹਿਲੇ ਪੜਾ ਵਿਚ ਨਾਵਲਕਾਰਾਂ ਪਰਵਾਸ ਦੇ ਜੀਵਨ ਦੀਆਂ ਗੱਲਾਂ ਤੱਕ ਕੇਂਦਰਿਤ ਰਿਹਾ। ਬਈ ਪਰਵਾਸੀਆਂ ਨੂੰ ਕਿਹੜੀਆਂ ਮੁਸ਼ਕਲਾਂ ਆਉਂਦੀਆਂ ਹਨ। ਜਿਹਦੇ ਵਿਚ ਅਸੀਂ ਸਵਰਨ ਚੰਦਨ ਦਾ ਨਾਵਲ 'ਕੰਜ਼ਕਾਂ' ਵੇਖ ਸਕਦੇ ਹਾਂ , ਸਾਧੂ ਸਿੰਘ ਧਾਮੀ ਦਾ 'ਮਲੂਕਾ' ਨਾਵਲ ਵੇਖ ਸਕਦੇ ਹਾਂ। ਬਾਅਦ ਵਿਚ ਦਰਸ਼ਨ ਸਿੰਘ ਧੀਰ ਦੇ ਨਾਵਲ ਆਉਂਦੇ ਹਨ, ਸੰਤੋਖ ਧਾਲੀਵਾਲ ਦੇ ਨਾਵਲ ਆਉਂਦੇ ਹਨ। ਪ੍ਰੋ. ਹਰਭਜਨ ਸਿੰਘ ਦਾ 'ਬਲਦੇ ਸਿਵਿਆ ਦੇ ਸੇਕ' ਆਉਂਦਾ ਹੈ। ਇਨ੍ਹਾਂ ਨਾਵਲਾਂ ਵਿਚ ਵੀ ਉਥੇ ਦੇ ਜੀਵਨ ਮਸਲਨ ਪੀੜ੍ਹੀ ਪਾੜੇ ਦਾ ਮਸਲਾ ਆਦਿ ਦੀ ਸੀਮਿਤ ਪੇਸ਼ਕਾਰੀ ਹੁੰਦੀ ਹੈ। ਉਥੇ ਦੇ ਸਥਾਨਿਕ ਲੋਕਾਂ ਨਾਲ ਸਾਂਝ, ਉਹ ਕੀ ਸੋਚਦੇ ਹਨ ਇਹ ਗੱਲਾਂ ਪੰਜਾਬੀ ਨਾਵਲ ਦੀ ਸਮੱਸਿਆ ਰਹੀ ਹੈ। ਇਕ ਨਾਵਲ ਹੈ ਨਿੰਦਰ ਗਿੱਲ ਦਾ 'ਗਿਰਵੀ ਹੋਏ ਮਨ' ਉਹ ਉਥੋਂ ਦੇ ਲੋਕਾਂ ਦੇ ਜੀਵਨ ਬਾਰੇ ਹੈ। ਹੁਣ ਦਰਸ਼ਨ ਸਿੰਘ ਧੀਰ ਦਾ ਨਾਵਲ 'ਵਹਿਣ' ਹੈ ਉਸ ਨੇ ਉਸ ਵਿਚ ਕੁਝ ਕੰਮ ਕੀਤਾ ਹੈ। ਪਾਤਰ ਤਾਂ ਪਰਵਾਸੀ ਹਨ, ਉਥੋਂ ਦੇ ਲੋਕਾਂ ਦੇ ਜੀਵਨ ਨੂੰ ਚਿਤਰਿਆ ਹੈ। ਸਾਡੇ ਪਰਵਾਸੀ ਨਾਵਲ ਵਿਚ ਉਥੋਂ ਦੇ ਲੋਕਾਂ ਨਾਲ ਜਿਨ੍ਹਾਂ ਕੁ ਵਾਹ ਪੈਂਦਾ ਹੈ, ਉਨ੍ਹਾਂ ਓਨਾ ਕੁ ਚਿਤਰਿਆ। ਸਾਡੇ ਨਾਵਲਕਾਰ ਨੇ ਗੋਰਿਆਂ ਤੇ ਗੋਰੀਆਂ ਬਾਰੇ ਇਕ ਮਿੱਥਕ ਜਿਹਾ ਨਜ਼ਰੀਆ ਬਣਾਇਆ ਹੈ। ਹਰਜੀਤ ਅਟਵਾਲ ਦੇ ਨਾਵਲਾਂ ਵਿਚ ਗੋਰੇ-ਗੋਰੀਆਂ ਆਉਂਦੀਆਂ ਹਨ। ਉਹ ਵੀ



ਇਕੋ ਕਿਸਮ ਦਾ ਵਰਤਾਓ ਕਰਦੇ ਹਨ। ਸੰਤੋਖ ਧਾਲੀਵਾਲ ਨੇ 'ਸਰਘੀ' ਨਾਵਲ ਵਿਚ ਕੁਝ ਨਵੇਂ ਪਾਤਰ ਘੜਨ ਦੀ ਕੋਸ਼ਿਸ਼ ਕੀਤੀ ਹੈ। ਸਾਡੇ ਪਰਵਾਸੀ ਨਾਵਲ ਦੀ ਇਹ ਸੀਮਾ ਵੀ ਹੈ।

**? ਪਰ ਕੁਝ ਨਾਵਲਕਾਰਾਂ ਨੇ ਨੌਜਵਾਨ ਪੀੜ੍ਹੀ ਦੇ ਅਨੁਭਵ ਨੂੰ ਫੜਿਆ ਹੈ। ਕਿਵੇਂ ਉਹ ਗੋਰਿਆ ਦੇ ਕਲਚਰ ਵਿਚ ਜਾ ਰਹੇ ਹਨ ਇਹੋ ਜਿਹੀਆਂ ਗੱਲਾਂ ਤਾਂ ਨਾਵਲ ਵਿਚ ਹੋਈਆਂ ਹਨ।**

– ਹਾਂ ਇਹ ਤਾਂ ਜ਼ਿਕਰ ਹੋਇਆ ਹੈ, ਪਰ ਇਕ ਗੋਰਾ ਪਾਤਰ ਕਿਵੇਂ ਸੋਚਦਾ ਹੈ। ਉਹਦੇ ਬਾਰੇ ਤਾਂ ਕੋਈ ਅਨੁਭਵ ਨਹੀਂ। ਇਹ ਗੱਲਾਂ ਤਾਂ ਆਈਆਂ ਬਈ ਬੱਚੇ ਪੜ੍ਹ ਰਹੇ ਹਨ ਪੰਜਾਬੀ ਕਲਚਰ ਨਾਲੋਂ ਟੁੱਟ ਰਹੇ, ਨਸ਼ਾਖੋਰੀ ਵਿਚ ਪੈ ਰਹੇ ਹਨ। ਵੱਖ ਵੱਖ ਜਨਰੇਸ਼ਨ ਦਾ ਜੀਵਨ ਵਿਆਪਕ ਪੱਧਰ ਤੇ ਪੇਸ਼ ਹੋਇਆ ਹੈ। ਇਹ ਨਹੀਂ। ਸਾਡੇ ਕੋਲ ਤਾਂ ਦੇਸ਼ ਵੰਡ ਨੂੰ ਲੈ ਕੇ ਕੋਈ ਵੱਡਾ ਨਾਵਲ ਨਹੀਂ, ਸਾਡੇ ਕੋਲ ਤਾਂ ਪੰਜਾਬ ਸਮੱਸਿਆ ਨੂੰ ਲੈ ਕੇ ਕੋਈ ਵੱਡਾ ਨਾਵਲ ਨਹੀਂ। ਜਿਵੇਂ ਅਬਦੁਲਾ ਹੁਸੈਨ ਦਾ ਨਾਵਲ ਹੈ 'ਉਦਾਸ ਨਸਲੇ' ਕਜ਼ਾਕਾਂ ਬਾਰੇ ਸ਼ੋਲੋਖੋਵ ਦਾ ਨਾਵਲ 'ਡਾਨ ਵਹਿੰਦਾ ਰਿਹਾ' ਬਹੁਤ ਵੱਡਾ ਨਾਵਲ ਹੈ। ਏਥੋਂ ਤੱਕ ਕਿ **ਪੰਜਾਬੀ ਵਿਚ ਵੱਡੇ ਕੈਨਵਸ ਨੂੰ ਚਿਤਰਨ ਵਾਲਾ ਕੋਈ ਨਾਵਲ ਨਹੀਂ**, ਜਿਸ ਵਿਚ ਦੋ ਤਿੰਨ ਦਹਾਕਿਆਂ ਦੇ ਸਮੁੱਚੇ ਪੰਜਾਬ ਨੂੰ ਪੇਸ਼ ਕੀਤਾ ਗਿਆ ਹੋਵੇ।

**? ਪੰਜਾਬ ਤੋਂ ਬਾਹਰ ਬਾਕੀ ਸੂਬਿਆਂ 'ਚ ਲਿਖੇ ਜਾ ਰਹੇ ਸਮਕਾਲੀ ਨਾਵਲ ਦੀ ਕੀ ਸਥਿਤੀ ਹੈ।**

–ਭੂਗੋਲਿਕ ਖਿੱਤੇ ਦੇ ਅਨੁਸਾਰ ਪੰਜਾਬ ਤੋਂ ਬਾਹਰ ਹੋਰ ਰਾਜਾਂ 'ਚ ਬੈਠੇ ਨਾਵਲਕਾਰ ਜੋ ਪੰਜਾਬੀ 'ਚ ਨਾਵਲ ਲਿਖ ਰਹੇ ਹਨ, ਉਨ੍ਹਾਂ ਦਾ ਨੋਟਿਸ ਲੈਣਾ ਵੀ ਬਣਦਾ ਹੈ। ਉਂਝ ਤਾਂ ਇਹ ਨਾਵਲ ਵੀ ਮੁੱਖ ਧਾਰਾ ਦਾ ਨਾਵਲ ਹੈ ਪਰ ਉਸ ਨਾਵਲ 'ਚ ਕੁਝ ਵੱਖਰਤਾ ਆ ਜਾਂਦੀ ਹੈ। ਇਕ ਤਾਂ ਜੰਮੂ ਕਸ਼ਮੀਰ 'ਚ ਲਿਖਿਆ ਨਾਵਲ ਹੈ। ਪੁਰਾਣੇ ਨਾਵਲਕਾਰਾਂ 'ਚ ਇਕ ਭੂਪਿੰਦਰ ਸੂਦਨ ਹੈ। ਉਸ ਦਾ ਨਾਵਲ 'ਗੁਲਮੋਹਰ' ਬਹੁਤ ਹੀ ਕਮਾਲ ਦਾ ਨਾਵਲ ਰਿਹਾ। ਉਸ ਤੋਂ ਬਾਅਦ ਰਸ਼ਪਿੰਦਰ ਬਾਲੀ ਵੀ ਆਇਆ। ਪ੍ਰੰਤੂ ਨਵੇਂ ਦੌਰ 'ਚ ਸੁਸ਼ੀਲ ਸ਼ਰਮਾ ਦੇ ਦੋ ਨਾਵਲ ਜ਼ਿਕਰਯੋਗ ਹਨ। ਇਕ ਤਾਂ ਹੈ 'ਸਲਾਖਾ ਬੋਲ ਉੱਠੀਆਂ' ਉਹ ਨਾਵਲ ਸਟੇਟ ਦੇ ਵਿਰੋਧ ਨੂੰ ਪੇਸ਼ ਕਰਦਾ ਹੈ ਪਰ ਉਹਦੇ ਵਿਚ ਸੰਖੇਪ ਸ਼ੈਲੀ ਵਾਲੀ ਨਰੇਟਿਵ ਤਕਨੀਕ ਅਪਣਾਈ ਹੈ ਉਹ ਮੈਨੂੰ ਬੜੀ ਖੂਬਸੂਰਤ ਲੱਗੀ। ਇਸ ਲਈ ਜੰਮੂ ਕਸ਼ਮੀਰ 'ਚ ਜੋ ਨਾਵਲ ਲਿਖਿਆ ਜਾ ਰਿਹਾ ਹੈ ਉਹ ਉਥੋਂ ਦੀ ਵੱਖਰਤਾ ਤੇ ਆਂਚਲਿਕਤਾ ਨੂੰ ਪੇਸ਼ ਕਰ ਰਿਹਾ ਹੈ ਅਤੇ ਨਾਲ ਜੰਮੂ ਕਸ਼ਮੀਰ ਵਸਦੇ ਪੰਜਾਬੀ ਮਾਨਸਿਕਤਾ ਨਾਲ ਜੁੜੇ ਹੋਏ ਲੋਕਾਂ ਦੀ ਪ੍ਰਤੀਨਿਧਤਾ ਵੀ ਉਥੋਂ ਦਾ ਨਾਵਲ ਕਰਦਾ ਹੈ।

ਹਾਂ ਸਾਡੇ ਕੋਲ ਇਕ ਹੋਰ ਨਾਵਲਕਾਰਾ ਸੁਰਿੰਦਰ ਨੀਰ ਵੀ ਹੈ। ਉਹਦਾ ਪਿਛੇ ਜਿਹੇ ਨਾਵਲ ਆਇਆ ਸੀ 'ਸ਼ਿਕਾਰਗਾਹ' ਉਸ ਤੋਂ ਬਾਅਦ ਹੁਣੇ ਜਿਹੇ ਵੱਡੇ ਅਕਾਰ ਦਾ ਨਾਵਲ 'ਮਾਇਆ' ਆਇਆ ਹੈ। 'ਮਾਇਆ' ਨਾਵਲ 'ਚ ਬਹੁਤ ਬਰੀਕ ਵੇਰਵੇ ਹਨ ਪਰ ਬਹੁਤ ਵੇਰਵੇ ਵਾਧੂ ਵੀ ਪਾਏ ਗਏ ਹਨ, ਜੇਕਰ ਉਹ ਸੰਖੇਪ ਸ਼ੈਲੀ 'ਚ ਲਿਖਿਆ ਜਾਂਦਾ ਤਾਂ ਵਧੀਆ ਨਾਵਲ ਬਣ ਸਕਦਾ ਸੀ ਪਰ ਪੰਜਾਬ ਤੋਂ ਬਾਹਰ ਲਿਖੇ ਗਏ ਨਾਵਲਾਂ 'ਚ ਇਹ ਵਰਣਨਯੋਗ ਨਾਵਲ ਹੈ।

ਉਸ ਤੋਂ ਬਾਅਦ ਦਿੱਲੀ ਦਾ ਨਾਵਲ ਅਸੀਂ ਦੇਖਦੇ ਹਾਂ ਉਹਦੇ ਵਿਚ ਅੰਮ੍ਰਿਤਾ ਪ੍ਰੀਤਮ ਇਕ ਖਾਸ ਕਿਸਮ ਦੇ ਪਿਆਰ ਦੇ ਰੁਮਾਂਸ ਦੀ ਗਲੋਰੀਫਿਕੇਸ਼ਨ ਕਰਦੀ ਸੀ। ਇਸ ਸਮੇਂ ਦੌਰਾਨ ਦਿੱਲੀ 'ਚ ਬੈਠਾ ਨਛੱਤਰ ਨਾਵਲਕਾਰ ਉੱਭਰ ਕੇ ਸਾਹਮਣੇ ਆਇਆ। ਨਛੱਤਰ ਨੇ ਜੋ ਨਾਵਲ ਲਿਖੇ ਹਨ ਉਨ੍ਹਾਂ 'ਚ ਪੰਜਾਬ ਦੇ ਪਿੰਡਾਂ ਦਾ ਹੇਰਵਾ ਨਹੀਂ ਸਗੋਂ ਮਹਾਂ ਨਗਰਾਂ 'ਚ ਵਿਚਰਦੇ ਲੋਕਾਂ ਦਾ ਜੀਵਨ ਚਿਤਰਨਾ ਸ਼ੁਰੂ ਕੀਤਾ ਇਸ ਤੋਂ ਬਿਨਾਂ ਪੰਜਾਬ ਤੋਂ ਬਾਹਰ ਬੈਠਾ ਨਾਵਲਕਾਰ ਸੁਖਬੀਰ ਸੀ ਜੋ ਬੰਬਈ 'ਚ ਬੈਠਾ ਸੀ।

ਜਿਵੇਂ 'ਅੱਧਾ ਪੌਣਾ' ਨਾਵਲ ਹੈ ਜਿਸ ਨੂੰ ਵੱਡੇ ਨਾਵਲਾਂ ਵਿਚ ਰੱਖ ਕੇ ਵੇਖ ਸਕਦੇ ਹਾਂ। ਇਸੇ ਤਰ੍ਹਾਂ 'ਗਰਦਿਸ਼' , 'ਸੜਕਾਂ ਤੇ ਕਮਰੇ' ਨਾਵਲ ਹਨ। ਉਸ ਨੇ ਪ੍ਰਤੀਕਮਈ ਸ਼ੈਲੀ 'ਚ ਨਾਵਲਾਂ ਦੀ ਰਚਨਾ ਕੀਤੀ। ਪਰ ਬੰਬਈ ਹੁਣ ਕੋਈ ਨਾਵਲਕਾਰ ਨਹੀਂ ਦਿਸਦਾ ਇਕ ਰਸ਼ਿਮ ਦਾ ਨਾਵਲ 'ਅੰਜੀਰ ਦਾ ਰੁੱਖ' ਆਇਆ ਸੀ। ਹਾਂ ਹਰਿਆਣੇ 'ਚ ਨਾਵਲਕਾਰ ਉੱਠਿਆ ਹੈ, ਪ੍ਰੇਮ ਬਰਨਾਲਵੀ। ਉਹਦਾ 'ਪਰਬਤ ਪੁੱਤਰੀ' ਨਾਵਲ ਪਿੱਛੇ ਜਿਹੇ ਆਇਆ। ਉਸ ਨੇ ਕੁਝ ਚੰਗੇ ਨੁਕਤੇ ਉਥੋਂ ਦੇ ਸਮਾਜ ਦੇ ਫੜੇ ਸਨ। ਇਸ ਨਾਵਲ ਦੀ ਬਿਰਤਾਂਤਕ ਤਕਨੀਕਾਂ ਵਾਲੀ ਸੁਰ ਤਾਂ ਪੰਜਾਬ ਦੇ ਪੰਜਾਬੀ ਨਾਵਲ ਵਾਲੀ ਹੈ। ਨਾਵਲ ਵਿਚ ਉਨ੍ਹਾਂ ਦੇ ਤਜ਼ਰਬੇ ਆਪਣੇ ਹਨ।

**? ਦਿੱਲੀ 'ਚ ਬੈਠੀ ਸਾਡੇ ਕੋਲ ਇਕ ਹੋਰ ਨਾਵਲਕਾਰਾ ਹੈ ਚੰਦਨ ਨੇਗੀ, ਉਸ ਦੀ ਵੱਖਰਤਾ ਹੈ ਕਿ ਉਸ ਨੇ ਗੈਰ ਕਿਸਾਨੀ ਤੇ ਗੈਰ ਪੇਂਡੂ ਸਿੱਖ ਪਾਤਰਾਂ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ। ਉਹ ਸਿੱਖ ਜਿਹੜੇ ਖੇਤੀ ਬਾੜੀ ਨਾਲ ਨਹੀਂ ਜੁੜੇ ਹੋਏ। ਇਕ ਬੰਬਈ 'ਚ ਹੋਰ ਨਾਵਲਕਾਰ ਬੂਟਾ ਸਿੰਘ ਸ਼ਾਦ ਹੈ।**

-ਚੰਦਨ ਨੇਗੀ ਨੂੰ ਜੰਮੂ ਕਸ਼ਮੀਰ ਦੀ ਨਾਵਲ ਧਾਰਾ ਵਿਚ ਰੱਖ ਕੇ ਦੇਖ ਸਕਦੇ ਹਾਂ। ਇਹ ਵੱਖਰੀ ਗੱਲ ਹੈ ਹੁਣ ਉਹ ਦਿੱਲੀ ਆ ਗਈ ਹੈ। ਉਹਦਾ ਇਕ ਜ਼ਿਕਰਯੋਗ ਨਾਵਲ ਹੈ 'ਜਲ ਬਿਨ ਕੁੰਭ' ਉਹ ਡੋਗਰਾ ਸਮਾਜ ਦਾ ਚਿੱਤਰ ਪੇਸ਼ ਕਰਦਾ ਹੈ। ਉਹਦੀ ਪਛਾਣ 'ਜਲ ਬਿਨ ਕੁੰਭ' ਨਾਲ ਹੀ ਬਣੀ। ਦੂਜਾ ਨਾਵਲਕਾਰ ਬੂਟਾ ਸਿੰਘ ਸ਼ਾਦ ਹੈ ਉਹ ਇਕ ਵੱਖਰੀ ਕਿਸਮ ਦਾ ਨਾਵਲ ਲਿਖਦਾ ਹੈ ਜਿਹੜੇ ਰੰਗੀਨ ਮਜ਼ਾਜ ਦੇ ਬੱਸਾਂ ਵਿਚ ਸਫ਼ਰ ਕਰਨ ਵਾਲੇ ਪਾਠਕ ਪੜ੍ਹਦੇ ਹਨ। ਪਰ ਭਾਸ਼ਾ ਉਹਦੇ ਕੋਲ ਬੜੀ ਕਮਾਲ ਦੀ ਹੈ। ਉਸ ਨੇ ਬਹੁਤ ਨਾਵਲ ਲਿਖੇ ਪਰ ਵਿਸ਼ੇਸ਼ ਨਾਵਲ ਹੈ 'ਅੱਧੀ ਰਾਤ ਪਹਿਰ ਦਾ ਤੜਕਾ' ਹੁਣ ਉਹਦੇ ਨਾਵਲ ਛਪਦੇ ਰਹਿੰਦੇ ਹਨ ਪਰ ਉਹ ਪੱਪੂਲਰ ਕਿਸਮ ਦੇ ਨਾਵਲਾਂ 'ਚ ਆਉਂਦੇ ਹਨ ਪਰ 'ਅੱਧੀ ਰਾਤ...' ਕਿਸਾਨੀ ਮਾਨਸਿਕਤਾ 'ਚ ਵੈਰ-ਵਿਰੋਧ ਦੀਆਂ ਜੜ੍ਹਾਂ ਨੂੰ ਪੇਸ਼ ਕਰਦਾ ਹੈ। ਏਥੋਂ ਤੱਕ ਉਹਦੀ ਦ੍ਰਿਸ਼ਟੀ ਵੀ ਸਾਰਥਕ ਕਿਸਮ ਉਹਦੇ 'ਚ ਉਭਰਦੀ ਹੈ। ਦੋ ਨਾਵਲਕਾਰ ਹੋਰ ਵੀ ਹਨ ਮੋਹਨ ਕਾਹਲੋਂ ਤੇ ਰਾਜ ਗਿੱਲ । ਭਾਵੇਂ ਸਮਕਾਲ 'ਚ ਉਨ੍ਹਾਂ ਦਾ ਕੋਈ ਨਵਾਂ ਨਾਵਲ ਨਹੀਂ ਆਇਆ ਪਰ ਇਕ ਸਮੇਂ 'ਚ ਮੋਹਨ ਕਾਹਲੋਂ ਨੇ ਬੜੇ ਨਿੱਗਰ ਨਾਵਲ ਲਿਖੇ ਸਨ। ਮਨਮੋਹਨ ਬਾਵਾ ਤੇ ਮਨਮੋਹਨ ਦਾ ਜ਼ਿਕਰ ਪਹਿਲਾਂ ਆਪਾਂ ਕਰ ਲਿਆ ਹੈ।

**? ਪਾਕਿਸਤਾਨੀ ਨਾਵਲ ਦੀ ਪ੍ਰੰਪਰਾ ਵੀ ਸਾਡੇ ਨਾਵਲ ਦਾ ਅਹਿਮ ਹਿੱਸਾ ਹੈ। ਪਾਕਿਸਤਾਨੀ ਨਾਵਲ ਦੀ ਸਥਿਤੀ ਕਿਸ ਤਰ੍ਹਾਂ ਦੀ ਹੈ।**

-ਪਾਕਿਸਤਾਨ 'ਚ ਜੋ ਨਾਵਲ ਲਿਖਿਆ ਜਾ ਰਿਹਾ ਹੈ ਉਹ ਫੋਕ ਲੋਰ (ਲੋਕ ਧਾਰਾ) ਦੇ ਬਹੁਤ ਨੇੜੇ ਹੈ। ਉਥੋਂ ਦੇ ਨਾਵਲਕਾਰ ਲੋਕ ਧਾਰਾ ਦਾ ਮੁਹਾਵਰਾ ਤੇ ਈਡੀਅਮ ਵਰਤਦੇ ਹਨ ਉਥੋਂ ਦਾ ਬਹੁਤਾ ਨਾਵਲ ਸਿੰਬੋਲਿਕ ਭਾਸ਼ਾ 'ਚ ਲਿਖਿਆ ਗਿਆ, ਕਿਉਂਕਿ ਉਥੇ ਡਿਕਟੇਟਰਸਿਪ ਸੀ। ਫ਼ਖ਼ਰ ਜ਼ਮਾਨ, ਅਫ਼ਜਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ ਇਨ੍ਹਾਂ ਦੇ ਨਾਵਲ ਪੰਜਾਬੀ 'ਚ ਆਏ ਹਨ ਫ਼ਖ਼ਰ ਦਾ ਪਿੱਛੇ ਜਿਹੇ 'ਮੈਂ ਤੇ ਤੂੰ' ਨਾਵਲ ਵੀ ਪੁਰਾਣੇ ਕਿਸਮ ਦਾ ਨਾਵਲ ਸੀ ਪਰ ਉਥੇ ਜਿਹੜਾ ਜਗੀਰਦਾਰੀ ਸਿਸਟਮ ਸੀ, ਜਾਂ ਟੁੱਟ ਰਹੀ ਕਿਸਾਨੀ ਹੈ ਉਹਦੇ ਵਿਰੋਧ ਨਵੇਂ ਨਾਵਲ ਵਿਚ ਨਹੀਂ ਦੇਖਣ ਨੂੰ ਮਿਲਦੇ। ਵਧੇਰੇ ਨਾਵਲ ਸਿਸਟਮ ਦੇ ਵਿਰੋਧ 'ਚ ਚਿੰਨਾਂ ਨਾਲ ਲਿਖਿਆ ਨਾਵਲ ਹੈ ਅਸਲ 'ਚ ਮਿਡਲ ਕਲਾਸ ਨੂੰ ਉਥੋਂ ਦਾ ਨਾਵਲ ਪੇਸ਼ ਨਹੀਂ ਕਰਦਾ। ਮਿਡਲ ਕਲਾਸ ਉਥੇ ਪੈਦਾ ਨਹੀਂ ਹੋਈ।

**? ਪਿਛੇ ਜਿਹੇ ਇਕ ਨਾਵਲ ਫ਼ਰਜ਼ੰਦ ਲੋਧੀ ਦਾ ਆਇਆ 'ਇਕ ਚੂੰਡੀ ਲੂਣ ਦੀ' ਉਸ ਨੇ ਉਥੋਂ ਦੀ ਟੁੱਟਦੀ ਕਿਸਾਨੀ ਨੂੰ ਚਿਤਰਿਆ ਹੈ। ਇਹ ਨਾਵਲ ਪਾਕਿਸਤਾਨ ਦੇ ਉੱਜੜ ਰਹੇ ਪਿੰਡ ਦੀ ਦਾਸਤਾਨ ਪੇਸ਼**



**ਕਰਦਾ ਹੈ। ਖੁਰ ਰਹੀ ਜਾਗੀਰਦਾਰੀ ਅਤੇ ਪੂੰਜੀਵਾਦ ਦੀ ਚੜ੍ਹਤ ਨੂੰ ਨਾਵਲ ਦਾ ਮੂਲ ਆਧਾਰ ਬਣਾਉਂਦਾ ਹੈ। ਫੈਕਟਰੀਆਂ ਪਿੰਡ ਨੂੰ ਹੜੱਪ ਕਰਨ ਉਪਰੰਤ ਉਥੋਂ ਦੇ ਲੋਕਾਂ ਨੂੰ ਕਿਵੇਂ ਖਾ ਰਹੀਆਂ ਹਨ। ਪਿੰਡ ਹੈ ਜਿਹੜਾ ਕੱਚੇ ਤੋਂ ਪੱਕਿਆ ਵਿਚ ਬਦਲ ਰਿਹਾ ਹੈ। ਪੇਂਡੂ ਖੇਤ ਮਾਲਕ ਤੋਂ ਫੈਕਟਰੀ ਮਜ਼ਦੂਰ ਬਣਦੇ ਹਨ। ਫੈਕਟਰੀ ਵਿਚੋਂ ਕਮਿਊਨਿਸਟਾਂ ਦੀਆਂ ਯੂਨੀਅਨਾਂ ਨਿਕਲਦੀਆਂ ਹਨ ਨੇਤਾ ਪੈਦਾ ਹੁੰਦੇ ਹਨ ਮਜ਼ਦੂਰਾ ਦਾ ਸ਼ੋਸ਼ਣ ਹੁੰਦਾ ਹੈ। ਮੈਨੂੰ ਲੱਗਦਾ ਹੈ ਕਿ ਉਥੋਂ ਦੀ ਮਿਡਲ ਕਲਾਸ ਨੂੰ ਇਹ ਨਾਵਲ ਚੰਗੇ ਤਰੀਕੇ ਨਾਲ ਪੇਸ਼ ਕਰਦਾ ਹੈ।**


-ਇਹ ਨਾਵਲ ਤਾਂ ਅਜੇ ਮੈਂ ਨਹੀਂ ਪੜ੍ਹ ਸਕਿਆ ਪਰ ਉਹਦਾ ਇਕ ਹੋਰ ਨਾਵਲ 'ਭੁੱਬਲ' ਆਇਆ ਸੀ। ਉਹਦੇ ਵਿਚ ਉਸ ਨੇ ਨਵੇਂ ਮੁੱਦੇ ਉਭਾਰੇ ਸਨ। ਪਰ ਅਜੇ ਤੱਕ ਪਾਕਿਸਤਾਨੀ ਸਾਹਿਤ ਤੇ ਪੰਪਰਿਕ ਕਿਸਮ ਦੀਆਂ ਕਦਰਾਂ-ਕੀਮਤਾਂ ਹੀ ਭਾਰੂ ਹਨ ਤੇ ਜਕੜ ਵੀ ਭਾਰੂ ਹੈ। ਇਸੇ ਕਰਕੇ ਮਿਡਲ ਕਲਾਸ ਜੋ ਖੁੱਲ੍ਹਾਂ ਲੈਂਦੀ ਹੈ ਉਹ ਉਥੋਂ ਦੇ ਨਾਵਲ 'ਚ ਮੌਜੂਦ ਨਹੀਂ।

**? ਪਾਕਿਸਤਾਨ ਦੇ ਨਾਵਲਾਂ ਵਿਚ ਔਰਤ ਕਿਸ ਕਿਸਮ ਦੀ ਪੇਸ਼ ਹੋਈ ਹੈ।**

-ਉਥੋਂ ਦੀ ਔਰਤ ਬਹੁਤ ਪਿੱਛੇ ਹੈ। ਸਮਾਜ ਵਿਚ ਕੋਈ ਡੋਮੀਨੇਟ ਰੋਲ ਅਦਾ ਨਹੀਂ ਕਰਦੀ। ਨਾਵਲ ਵਿਚ ਵੀ ਔਰਤ ਦਾ ਜ਼ਿਕਰ ਬਹੁਤ ਘੱਟ ਹੈ। ਹਾਂ ਕਹਾਣੀ ਵਿਚ ਔਰਤ ਜ਼ਰੂਰ ਉਭਰਦੀ ਹੈ। ਅਸੀਂ ਉਥੋਂ ਦੇ ਨਾਵਲ-ਕਹਾਣੀ ਦੇ ਅਧਾਰ ਤੇ ਨਿਰਣੇ ਕਰਦੇ ਹਾਂ ਜੋ ਸਾਡੇ ਕੋਲ ਲਿਪੀਅੰਤਰ ਹੋ ਕੇ ਪਹੁੰਚਦਾ ਹੈ। ਪਹਿਲਾਂ ਜਤਿੰਦਰ ਜੌਲੀ, ਡਾ. ਜਗਤਾਰ ਨੇ ਕਾਫੀ ਨਾਵਲ-ਕਹਾਣੀ ਲਿਪੀਅੰਤਰ ਕੀਤੇ ਹੁਣ ਪਾਲ ਸਿੰਘ ਵੱਲਾ ਕਰ ਰਿਹਾ ਹੈ।


**ਵੱਖਰੀ ਸੋਚ ਤੇ ਦਲਿਤ ਮੁਹਾਵਰੇ ਵਾਲੇ ਸ਼ਾਇਰ**
**ਸੰਧੂ ਵਰਿਆਣੀ ਦਾ ਕਾਵਿ ਸੰਗ੍ਰਹਿ**

**ਅਲਵਿਦਾ ਤੱਕ**




ਸੰਧੂ ਵਰਿਆਣਵੀ ਦੀ ਕਵਿਤਾ ਦੀ ਵਿਸ਼ੇਸ਼ ਪ੍ਰਾਪਤੀ ਇਹ ਹੈ ਕਿ ਉਹਦੀ ਕਵਿਤਾ ਵਿੱਚ ਵਰਤੇ ਗਏ ਬਿੰਬ, ਪ੍ਰਤੀਬਿੰਬ ਤੇ ਚਿੰਨ੍ਹ ਸਹਿਜੇ ਹੀ ਪਾਠਕ ਨਾਲ ਤਾਲਮੇਲ ਬਿਠਾ ਲੈਂਦੇ ਹਨ। ਇਸੇ ਕਰਕੇ ਉਹਦੀ ਕਵਿਤਾ ਪਾਠਕ ਤੇ ਇਕ ਗਹਿਰਾ ਪ੍ਰਭਾਵ ਛੱਡਣ ਵਿੱਚ ਸਫਲ ਹੋ ਜਾਂਦੀ ਹੈ। ਸੰਧੂ ਦਾ ਮਾਨਵਵਾਦ ਇੱਕ ਵਿਸ਼ਾਲ ਮਾਨਵਵਾਦ ਹੈ। ਉਹ ਸਾਰੀਆਂ ਦੀਵਾਰਾਂ ਦੇ ਖਿਲਾਫ਼ ਹੈ, ਜੋ ਮਨੁੱਖ ਵਿਚਕਾਰ ਧਰਮਾਂ, ਜਾਤਾਂ, ਕੌਮਾਂ ਨੇ ਖੜੀਆਂ ਕੀਤੀਆਂ ਹਨ। ਹੁਣ ਇਹ ਗੱਲ ਬਿਲਕੁੱਲ ਸਾਫ ਹੈ ਕਿ ਧਰਮਾਂ ਨੇ ਲੋਕਾਂ ਨੂੰ ਵੰਡਿਆ ਹੀ ਨਹੀਂ, ਸਗੋਂ ਵਿਰੋਧੀ ਹਿੱਸਿਆਂ ਵਿੱਚ ਵੰਡ ਕੇ ਇੱਕ ਦੂਸਰੇ ਦੇ ਵਿਰੋਧ ਵਿੱਚ ਖੜੇ ਕਰ ਦਿੱਤਾ ਹੈ। ਸੰਧੂ ਸਮੇਂ ਦੀ ਧਾਰ 'ਤੇ ਇਸਨੂੰ ਪਰਖਦਾ ਹੈ।

**- ਸਰਬਜੀਤ ਸਿੰਘ**

ਪ੍ਰਕਾਸ਼ਕ:
**ਕਾਗਦ ਪ੍ਰਕਾਸ਼ਨ, ਜਲੰਧਰ**
ਮੁੱਲ: 50 ਰੁਪਏ, ਪੰਨੇ :112

**ਨਾਵਲ ਆਲੋਚਨਾ-**

# ਪੰਜਾਬੀ ਨਾਵਲ ਦਾ ਮੂੰਹ ਮੁਹਾਂਦਰਾ/ - ਡਾ. ਸੁਰਜੀਤ ਬਰਾੜ





ਪੰਜਾਬੀ ਨਾਵਲ ਦਾ ਮੁੱਢਲਾ ਸਮਾਂ (1947 ਤੋਂ ਪਹਿਲਾਂ ਅਤੇ 1947 ਤੋਂ ਬਾਅਦ ਨਾਲ ਸਬੰਧਤ) ਸੁਧਾਰਵਾਦ ਅਤੇ ਆਦਰਸ਼ਵਾਦ ਦਾ ਸੀ। 60 ਵਿਆਂ ਵਿੱਚ ਪੰਜਾਬੀ ਨਾਵਲ ਵਿਕਸਤ ਹੋ ਕੇ ਰੁਮਾਂਟਿਕ ਦੌਰ ਵਿੱਚ ਦਾਖਲ ਹੋ ਜਾਂਦਾ ਹੈ। ਆਦਰਸ਼ਵਾਦੀ ਅਤੇ ਸੁਧਾਰਵਾਦੀ ਨਾਵਲ ਨੂੰ ਵਿਸ਼ੇਸ਼ ਕਰਕੇ ਨਾਨਕ ਸਿੰਘ ਦਾ ਅਹਿਮ ਯੋਗਦਾਨ ਰਿਹਾ। ਜਸਵੰਤ ਸਿੰਘ ਕੰਵਲ ਨੇ ਇਨ੍ਹਾਂ ਧਾਰਾਵਾਂ ਤੋਂ ਮੁਕਤੀ ਪਾ ਕੇ ਰੁਮਾਂਟਿਕ ਧਾਰਾ ਨੂੰ ਮਾਨਤਾ ਦੁਆਈ ਅਤੇ ਫਿਰ ਉਸ ਨੇ ਇਨਕਲਾਬੀ ਰੁਮਾਂਟਿਕ ਤੱਕ ਦਾ ਸਫ਼ਰ ਤਹਿ ਕੀਤਾ। ਇਨਕਲਾਬੀ ਰੁਮਾਂਟਿਕਤਾ ਇਕ ਪਾਸੇ ਰੁਮਾਂਟਿਕਤਾ ਨਾਲ ਵਾਬਸਤਾ ਰਹੀ ਦੂਜੇ ਪਾਸੇ ਪ੍ਰਗਤੀਵਾਦੀ ਧਾਰਾ ਨਾਲ ਸਬੰਧਤ ਸੀ। ਪ੍ਰਗਤੀਵਾਦੀ ਦੌਰ ਦੀ ਚੜ੍ਹਤ ਅਤੇ ਬੋਲਬਾਲਾ ਲਗਭਗ ਦੋ ਦਹਾਕੇ ਰਿਹਾ। ਇਸ ਦੌਰ ਵਿੱਚ ਕਈ ਨਾਵਲਕਾਰਾਂ ਨੇ ਨਾਵਲੀ ਖੇਤਰ ਨੂੰ ਅਮੀਰੀ ਅਤੇ ਸਮਰਿਧਤਾ ਪ੍ਰਦਾਨ ਕੀਤੀ। ਇਨ੍ਹਾਂ ਨਾਵਲਕਾਰਾਂ 'ਤੇ ਪ੍ਰਤੱਖ ਜਾਂ ਪਰੋਖ ਮਾਰਕਸੀ ਸੋਚ ਦਾ ਪ੍ਰਭਾਵ ਸੀ। ਇਨ੍ਹਾਂ ਨਾਵਲਕਾਰਾਂ 'ਚ ਕਈ ਨਾਵਲਕਾਰਾਂ ਦੀ ਸੁਰ ਅਗਾਂਹਵਧੂ ਅਤੇ ਕ੍ਰਾਂਤੀਕਾਰੀ ਸੀ। ਗੁਰਦਿਆਲ ਸਿੰਘ, ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਹਰਨਾਮਦਾਸ ਸਹਿਰਾਈ ਵਰਗੇ ਨਾਵਲਕਾਰ ਪ੍ਰਗਤੀਵਾਦ ਦੌਰ ਦੀ ਪੈਦਾਇਸ਼ ਸਨ। ਆਤੰਕਵਾਦੀ ਦੌਰ (ਜਿਸ ਨੂੰ ਪੰਜਾਬ ਸੰਕਟ ਦਾ ਕਾਲ ਵੀ ਕਿਹਾ ਜਾਂਦਾ ਹੈ।) ਤੋਂ ਪਹਿਲਾਂ ਨਕਸਲਵਾਦੀ ਲਹਿਰ ਜੋ ਪ੍ਰਗਤੀਵਾਦੀ ਦੌਰ ਦਾ ਹੀ ਉਪਫ਼ਲ ਸੀ। ਨਾਲ ਸਬੰਧਤ ਨਾਵਲ ਵੀ ਨਾਵਲੀ ਚਿੱਤਰਪਟ ਤੇ ਨਜ਼ਰ ਆਉਂਦੇ ਹਨ। ਇਹ ਦੌਰ 80 ਵਿਆਂ ਤੱਕ ਜਾਰੀ ਰਿਹਾ। ਨਕਸਲਵਾਦੀ ਦੌਰ ਵਿੱਚ ਕੁਝ ਨਾਵਲ (ਖਾਸ ਕਰਕੇ 'ਲਹੂ ਦੀ ਲੋਅ' ਰਚਿਤ ਜਸਵੰਤ ਸਿੰਘ ਕੰਵਲ, 'ਲੋਹੇ ਲਾਖੇ' ਰਚਿਤ ਓਮ ਪ੍ਰਕਾਸ਼ ਗਾਸੋ ਅਤੇ 'ਦਸਤਾਵੇਜ਼' ਰਚਿਤ ਪ੍ਰੇਮ ਪ੍ਰਕਾਸ਼) ਪ੍ਰਕਾਸ਼ਤ ਹੋਏ ਸਨ ਪਰੰਤੂ ਇਨ੍ਹਾਂ ਵਿੱਚ ਨਕਸਲੀ ਲਹਿਰ ਦੀ ਸਾਰਥਕਤਾ, ਇਸਦੀ ਵਿਚਾਰਧਾਰਾ, ਇਸ ਦੇ ਕਾਰਜਾਂ ਅਤੇ ਪ੍ਰੋਗ੍ਰਾਮਾਂ ਦੀ ਪ੍ਰਸਤੁਤੀ ਨਹੀਂ ਹੋ ਸਕੀ। ਇਵੇਂ ਹੀ ਨਕਸਲੀ ਦੌਰ ਵਿਚ ਹੀ ਯਥਾਰਥਵਾਦੀ (ਫ਼ੋਟੋਗਰਾਫ਼ਿਕ ਯਥਾਰਥਵਾਦੀ ਦੀ ਸੁਰ ਦੇ ਨਾਵਲ ਨਹੀਂ) ਨਾਵਲਕਾਰੀ ਵੀ ਪ੍ਰਰੰਭ ਹੋ ਗਈ ਸੀ। ਯਥਾਰਥਵਾਦੀ ਨਾਵਲਾਂ 'ਚ ਵਧੇਰੇ ਕਰਕੇ ਵਸਤੂ ਯਥਾਰਥ ਗਤੀਸ਼ੀਲ ਰੂਪ 'ਚ ਹੀ ਹੋਇਆ ਮਿਲਦਾ ਹੈ। ਕੋਈ ਕੋਈ ਨਾਵਲ ਇੱਛਤ ਯਥਾਰਥ ਅਤੇ ਸਮਾਜਵਾਦੀ ਯਥਾਰਥ ਨੂੰ ਵੀ ਉਭਾਰਦਾ ਹੈ। 80 ਵਿਆਂ ਤੋਂ 90 ਵਿਆਂ ਤੱਕ ਅਤੰਕਵਾਦੀ ਲਹਿਰ ਦੀ ਚੜ੍ਹਤ-ਬੜ੍ਹਤ ਰਹੀ। ਇਸ ਕਾਲ ਵਿਚ ਕਾਫੀ ਨਾਵਲ ਪ੍ਰਕਾਸ਼ਤ ਹੋਏ ਸਨ ਪਰੰਤੂ ਉਹਨਾਂ ਦੀ ਸੁਰ ਵੀ ਲੱਗਭੱਗ ਯਥਾਰਥਵਾਦੀ ਰਹੀ। ਪੰਜਾਬ ਸੰਕਟ ਦੀਆਂ ਮੂਲਾਂ-ਚੂਲਾਂ ਕੋਈ ਨਾਵਲ ਪਕੜਣ ਅਤੇ ਅਭਿਵਿਅਕਤ ਕਰਨ ਵਿੱਚ ਸਫ਼ਲ ਨਹੀਂ ਹੋਇਆ ਫਿਰ ਵੀ ਕਿਸੇ ਨਾਵਲਕਾਰ ਨੇ ਆਤੰਕਵਾਦ ਨੂੰ ਪ੍ਰੋਸ਼ਾਹਿਤ ਨਹੀਂ ਕੀਤਾ, ਲੱਗਭੱਗ ਆਤੰਕਵਾਦ ਦੇ ਖਿਲਾਫ਼ ਹੀ ਲਿਖਿਆ ਹੈ। ਮੇਰੀ ਇਹ ਵੀ ਮਾਨਤਾ ਹੈ ਕਿ ਪੰਜਾਬੀ ਦੇ ਕਈ ਨਾਵਲਕਾਰ ਆਤੰਕਵਾਦ ਦੇ ਤੱਤਾਂ ਅਤੇ ਤੱਥਾਂ, ਪ੍ਰਵਿਰਤੀਆਂ ਅਤੇ ਕਾਰਕਾਂ ਦਾ ਮੰਥਨ ਕਰਨ ਦੇ ਸਮਰੱਥ ਸਨ ਪਰੰਤੂ ਉਨ੍ਹਾਂ ਇਕ ਦਹਿਸ਼ਤ ਅਤੇ ਭੈਅ ਕਾਰਨ ਇਸ ਮਸਲੇ ਨੂੰ ਛੂਹਿਆਂ ਤੱਕ ਨਹੀਂ। 90 ਵਿਆਂ ਤੋਂ ਬਾਅਦ ਪੂੰਜੀਵਾਦ ਵਿਸ਼ਵੀਕਰਨ ਦਾ ਬੋਲਬਾਲਾ ਆਰੰਭ ਹੁੰਦਾ ਹੈ। ਇਹ ਸਰੰਚਨਾ ਆਪਣੀਆਂ ਨਵਉਦਾਰਵਾਦੀ ਨੀਤੀਆਂ ਨਾਲ ਲੈੱਸ ਹੋ ਕੇ






ਸਾਡੇ ਸਨਮੁੱਖ ਹੁੰਦੀ ਹੈ। ਇਸ ਦੌਰ ਦੇ ਆਦਿ ਤੋਂ ਲੈ ਕੇ ਸਮਕਾਲ ਤੱਕ ਕਾਫ਼ੀ ਨਾਵਲਾਂ ਦੀ ਰਚਨਾ ਹੋਈ ਮਿਲਦੀ ਹੈ ਅਤੇ ਇਹ ਰੁਝਾਨ ਇਸ ਨਿਬੰਧ ਲਿਖਣ ਤੱਕ ਜਾਰੀ ਹੈ। ਇਸ ਦੇ ਬਾਵਜੂਦ ਤੌਖ਼ਲਾ ਜਨਕ ਪਹਿਲੂ ਇਹ ਹੈ ਕਿ ਸਾਡੇ ਪੰਜਾਬੀ ਨਾਵਲਕਾਰਾਂ ਕੋਲ ਵਿਸ਼ਵੀਕਰਨ ਦੇ ਕਰੂਰਤਮ, ਬਰਬਰ ਤੱਥਾਂ-ਤੱਤਾਂ, ਜੁਜ਼ਾਂ, ਪਹਿਲੂਆਂ-ਪੱਖਾਂ ਦੀ ਮਹੀਨ ਜਾਣਕਾਰੀ ਅਤੇ ਡੂੰਘਾ ਗਿਆਨ-ਬੋਧ ਨਹੀਂ। ਵਿਸ਼ਵੀਕਰਨ ਨੂੰ ਪ੍ਰਸਤੁਤ ਕਰਨ ਦੀ ਦ੍ਰਿਸ਼ਟੀ ਦੀ ਘਾਟ ਵੀ ਰੜਕਦੀ ਹੈ। ਛੇ-ਸੱਤ ਨਾਵਲ ਹੀ ਮੇਰੇ ਬੋਧ ਦਾ ਹਿੱਸਾ ਹਨ ਜਿਨ੍ਹਾਂ ਵਿੱਚ ਵਿਸ਼ਵੀਕਰਨ ਦੀਆਂ ਕੁਝ ਕੁ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਮਾਨਤਾਵਾਂ, ਧਾਰਨਾਵਾਂ ਅੰਕਿਤ ਹੋਈਆਂ ਪ੍ਰਾਪਤ ਹਨ। ਵਿਸ਼ਵੀਕਰਨ ਦੀਆਂ ਕੁਝ ਖੂੰਖਾਰ ਪਰਤਾਂ ਤੇ ਤੰਦਾਂ ਵੀ ਦੋ ਤਿੰਨ ਨਾਵਲਾਂ ਵਿੱਚ ਦਰਜ ਹੋਈਆਂ ਹਨ। ਬਹੁਤੇ ਨਾਵਲ ਵਿਸ਼ਵੀਕਰਨ ਦੇ ਪ੍ਰਕੋਪ ਕਾਰਨ ਟੁੱਟ ਭੱਜ ਅਤੇ ਬਿਖਰ ਰਹੇ ਰਿਸ਼ਤਿਆਂ ਤੇ ਹੀ ਕੇਂਦਰਤ ਹਨ। ਵਿਸ਼ਵ ਅਤੇ ਮਾਨਵੀ ਦ੍ਰਿਸ਼ਟੀ ਦੀ ਅਣਹੋਂਦ ਅਤੇ ਅਗਿਆਨਤਾ ਕਾਰਨ ਇਸ ਤੋਂ ਵੱਧ ਸ਼ਾਇਦ ਨਾਵਲਕਾਰਾਂ ਦੀ ਸਮਰੱਥਾ ਨਹੀਂ ਹੋਣੀ। ਤਿੰਨ ਚਾਰ ਨਾਵਲ ਮੇਰੇ ਜ਼ਿਹਨ ਵਿੱਚ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਦਰਸ਼ਨ ਨਿਹਿਤ ਹੈ। ਦਾਰਸ਼ਨਕ ਨਾਵਲਾਂ ਦੀ ਫ਼ਿਲਹਾਲ ਜਾਂ ਤਾਂ ਪਿਰਤ ਨਹੀਂ ਜਾਂ ਸਾਡੇ ਕੋਲ ਸੂਝ, ਦ੍ਰਿਸ਼ਟੀ ਅਤੇ ਗਿਆਨ ਹੀ ਨਹੀਂ ਪਰੰਤੂ ਇਸ ਦਾ ਇਹ ਵੀ ਅਰਥ ਨਹੀਂ ਕਿ ਸਮੁੱਚੇ ਪੰਜਾਬੀ ਨਾਵਲ ਹੀ ਫ਼ਜ਼ੂਲ ਹਨ। ਪੰਜਾਬੀ ਦੇ ਨਾਵਲਾਂ ਦੀ ਆਪਣੀ ਨੁਹਾਰ ਦਿੱਖ ਅਤੇ ਮਹੱਤਤਾ ਹੈ। ਗੁਣਾਤਮਕ ਅਤੇ ਗਿਣਾਤਮਕ ਪੱਖੋਂ ਪੰਜਾਬੀ ਨਾਵਲ ਜ਼ਿਕਰਯੋਗ ਅਤੇ ਮਹਿਮਾਯੋਗ ਹਨ।

ਨਿਰਸੰਦੇਹ ਪੰਜਾਬੀ ਨਾਵਲਾਂ ਵਿੱਚ ਪੰਜਾਬ ਦੀ ਆਰਥਕਤਾ ਦੀਆਂ ਵਿਭਿੰਨ ਪਰਤਾਂ ਅਤੇ ਸ਼ੇਧਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਰੇਖਾਂਕਿਤ ਕੀਤਾ ਗਿਆ ਹੈ। ਮਾਰਕਸਵਾਦੀ ਵਿਚਾਰਧਾਰਾ ਵੀ ਇਸੇ ਗੱਲ ਤੇ ਜ਼ੋਰ ਦਿੰਦੀ ਹੈ ਕਿ ਆਰਥਕ-ਪੱਖ ਹੀ ਕਿਸੇ ਸਮਾਜ ਦਾ ਆਧਾਰ ਸ਼ਿਲਾ ਹੁੰਦਾ ਹੈ। ਇਸ ਤੋਂ ਬਿਨਾ ਪੰਜਾਬੀ ਨਾਵਲਾਂ ਵਿੱਚ ਸਮਾਜਿਕ ਸਭਿਆਚਾਰਕ, ਧਾਰਮਿਕ, ਰਾਜਨੀਤਿਕ ਅਤੇ ਮਨੋਵਿਗਿਆਨਕ ਪੱਖਾਂ ਅਤੇ ਪਹਿਲੂਆਂ ਦੀ ਕਾਫ਼ੀ ਪ੍ਰਸਤੁਤੀ ਹੋਈ ਹੈ। ਇਹ ਸਰਬਾਂਗੀ ਸਰੰਚਨਾਵਾਂ ਕਿਸੇ ਆਰਥਕ ਪ੍ਰਬੰਧ ਦਾ ਉਸਾਰ ਹੁੰਦੀਆਂ ਹਨ। ਕੁਦਰਤੀ ਤੌਰ ਤੇ ਇਨ੍ਹਾਂ ਵਿਭਿੰਨ ਸਰੰਚਨਾਵਾਂ ਦੇ ਮੁੱਲ-ਪ੍ਰਤਿਮਾਨ, ਪੱਖ ਅਤੇ ਪਹਿਲੂ ਹੀ ਨਾਵਲਾਂ ਦੀ ਜ਼ਦ ਵਿੱਚ ਆਉਣੇ ਸਨ। ਪਰ ਜ਼ਿਆਦਾਤਰ ਪੰਜਾਬੀ ਨਾਵਲਾਂ 'ਚ ਅਤੇ ਸਭਿਆਚਾਰ ਦੀਆਂ ਕਈ ਵੰਨਗੀਆਂ, ਪਰਤਾਂ, ਮਨੌਤਾਂ, ਪ੍ਰਵਿਰਤੀਆਂ, ਧਾਰਨਾਵਾਂ ਦੇ ਦੋਨੋਂ ਰੂਪ (ਹਾਂਦਰੂ ਅਤੇ ਨਾਂਦਰੂ, ਅੱਗੇ ਵਧੂ ਅਤੇ ਪਿੱਛੇ ਖਿੱਚੂ) ਸਥਾਨ ਗ੍ਰਹਿਣ ਕਰਦੇ ਹਨ। ਵਾਸਤਵ ਵਿੱਚ ਕਿਸੇ ਸਮਾਜ ਦਾ ਸਭਿਆਚਾਰਕ ਹੀ ਪ੍ਰਮੁੱਖ ਉਸਾਰ ਅਤੇ ਵਿਸਤ੍ਰਿਤ ਅੰਗ ਹੁੰਦਾ ਹੈ, ਸਾਡੀ ਸਮਾਜਿਕ-ਆਰਥਕਤਾ ਦੀ ਜਿਸ ਕਿਸਮ ਦੀ ਨੁਹਾਰ ਅਤੇ ਦਿੱਖ ਹੈ, ਜਿਸ ਕਿਸਮ ਦੀਆਂ ਇਸ ਵਿੱਚ ਤਬਦੀਲੀਆਂ ਹੋਈਆਂ ਹਨ ਅਤੇ ਰੂਪਾਂਤਰਨ ਵਾਪਰੇ ਹਨ, ਜਿਸ ਕਿਸਮ ਦੀ ਟੁੱਟ ਭੱਜ ਹੋਈ ਹੈ ਉਸ ਕਿਸਮ ਦਾ ਹੀ ਸਭਿਆਚਾਰ ਵਿੱਚ ਵਾਪਰਿਆ ਹੈ। ਸਭਿਆਚਾਰ ਵਿੱਚ ਤਬਦੀਲੀਆਂ ਅਤੇ ਰੂਪਾਂਤਰਨਾਂ ਨੂੰ ਹੀ ਆਰਥਕਤਾ ਉਤੇਜਿਤ ਤੇ ਉਤਸ਼ਾਹਤ ਕਰਦੀ ਹੈ। ਪਰ ਮਸਲਾ ਇਹ ਵੀ ਹੈ ਕਿ ਸਭਿਆਚਾਰ ਵਿੱਚ ਤਬਦੀਲੀਆਂ ਅਤੇ ਰੂਪਾਂਤਰਨ ਸਹਿਜ ਅਤੇ ਧੀਮੀ ਗਤੀ ਹੁੰਦੇ ਹਨ। ਇਸਦੇ ਵਿਪਰੀਤ ਆਰਥਕਤਾ ਨੂੰ ਪ੍ਰਭਾਵਤ ਕਰਨ ਵਾਲੇ ਉਤਪਾਦਨੀ ਸਾਧਨਾਂ 'ਚ ਪ੍ਰਤੀਦਿਨ ਕੁਝ ਨਾ ਕੁਝ ਨਵੀਨਤਮ ਵਾਪਰਦਾ ਅਤੇ ਜੁੜਦਾ ਰਹਿੰਦਾ ਹੈ। ਪਰੰਤੂ ਸਭਿਆਚਾਰ ਵਿੱਚ ਇਸ ਤਰ੍ਹਾਂ ਕਦੇ ਵੀ ਨਹੀਂ ਵਾਪਰਦਾ ਸਿੱਟੇ ਵਜੋਂ ਸਮਾਜ ਵਿੱਚ ਟੁੱਟਾਂ-ਭੱਜਾਂ, ਦਵੰਧਾਂ-ਤਨਾਵਾਂ, ਦਬਾਵਾਂ ਵਿਰੋਧਾਂ ਦੀ ਉਤਪਤੀ ਅਨੀਵਾਰੀ ਹੈ। ਜਦ ਤੱਕ





ਕੋਈ ਫਿਨਾਮਨਾ ਜਾਂ ਜ਼ੁਜ਼ ਸਭਿਆਚਾਰ ਦਾ ਅੰਗ ਬਣਦਾ ਹੈ ਉਦੋਂ ਨੂੰ ਪੈਦਾਵਾਰੀ ਸਾਧਨ ਹੋਰ ਵਿਕਸਤ ਹੋ ਜਾਂਦੇ ਹਨ। ਕਹਿਣ ਦਾ ਅਰਥ ਹੈ ਕਿ ਆਰਥਕ ਪੱਖ ਸਭਿਆਚਾਰ ਨੂੰ ਪ੍ਰਭਾਵਿਤ ਹੀ ਨਹੀਂ ਕਰਦਾ ਸਗੋਂ ਇਸ ਵਿੱਚ ਵਿਆਪਕ ਉਥਲਾਂ-ਪੁਥਲਾਂ ਅਤੇ ਤਬਦੀਲੀਆਂ ਵੀ ਲੈ ਕੇ ਆਉਂਦਾ ਹੈ। ਹਰ ਸਮਾਜ ਦੀ ਆਰਥਿਕ ਸਰੰਚਨਾ ਦਾ ਖਾਸਾ ਜਮਾਤੀ ਹੁੰਦਾ ਹੈ ਅਤੇ ਸਭਿਆਚਾਰ (ਸਮੇਤ ਦੂਜੇ ਉਸਾਰਾਂ) ਦਾ ਖਾਸਾ ਵੀ ਜਮਾਤੀ ਹੁੰਦਾ ਹੈ। ਸਭਿਆਚਾਰ ਦੇ ਦੋ ਪੱਖ ਅਤੇ ਪਹਿਲੂ ਹੁੰਦੇ ਹਨ ਇਕ ਹਾਂਦਰੂ-ਸਿਹਤਮੰਦ ਅਤੇ ਦੂਜਾ ਨਾਂਦਰੂ-ਬੀਮਾਰ। ਦਵੰਦਵਾਦੀ-ਪਦਾਰਥਵਾਦੀ ਅਤੇ ਵਿਰੋਧ ਵਿਕਾਸੀ ਦਰਸ਼ਨ ਨਾਲ ਕਿਸੇ ਸਮਾਜ ਦੀਆਂ ਵੱਖ ਵੱਖ ਸਰੰਚਨਾਵਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪੰਜਾਬੀ ਨਾਵਲਾਂ 'ਚ ਜਿੱਥੇ ਵਿਭਿੰਨ ਸਭਿਆਚਾਰਕ ਮੁੱਲਾਂ-ਪ੍ਰਤਿਮਾਨਾਂ, ਵਰਤਾਰਿਆਂ ਨੂੰ ਲੋੜੀਂਦਾ ਸਥਾਨ ਹਾਸਲ ਹੈ ਉੱਥੇ ਨਵੇਂ ਨਰੋਏ ਅਤੇ ਸਿਹਤਮੰਦ-ਹਾਂਦਰੂ ਮੁੱਲਾਂ ਪ੍ਰਤਿਮਾਨਾਂ ਅਤੇ ਵਰਤਾਰਿਆਂ ਨੂੰ ਉਭਾਰਿਆ, ਪ੍ਰਚਾਰਿਆਂ ਅਤੇ ਪ੍ਰਸਾਰਿਆ ਗਿਆ ਹੈ। ਇਹੋ ਫ਼ਿਨਾਮਨਾ ਪੰਜਾਬੀ ਨਾਵਲਾਂ ਦੀ ਦਿੱਖ ਅਤੇ ਨੁਹਾਰ ਬਣਾਉਂਦਾ ਹੈ ਇਹ ਯਥਾਰਥ ਤੋਂ ਗਤੀਮਾਨ ਹੁੰਦਾ ਹੋਇਆ ਨਵ ਯਥਾਰਥ ਤੱਕ ਪਾਸਾਰ ਕਰਦਾ ਹੈ। ਸਭਿਆਚਾਰ ਵੈਸੇ ਕਦਰਾਂ-ਕੀਮਤਾ ਅਤੇ ਮੁੱਲਾਂ ਪ੍ਰਤਿਮਾਨਾਂ ਦਾ ਸਮੁੱਚ ਹੁੰਦਾ ਹੈ ਸੋ ਇਸ ਸਮੁੱਚ ਨੂੰ ਨਾਵਲਾਂ 'ਚ ਅਭਿਵਿਅਕਤ ਕੀਤੇ ਬਿਨਾ ਨਾਵਲਾਂ ਦਾ ਮੂੰਹ ਮੁਹਾਂਦਰਾ ਬਣ ਹੀ ਨਹੀਂ ਸਕਦਾ। ਪੰਜਾਬੀ ਨਾਵਲ ਸਭਿਆਚਾਰ ਦੀ ਪ੍ਰਸਤੁਤੀ ਕਾਰਨ ਹੀ ਬਲਸਾਲੀ ਅਤੇ ਮਹੱਤਵਸ਼ਾਲੀ ਹਨ।

ਸਭਿਆਚਾਰ ਤੋਂ ਬਿਨਾ ਪੰਜਾਬੀ ਨਾਵਲਕਾਰੀ ਨੇ ਕੁਝ ਹੋਰ ਮਹੱਤਵਪੂਰਨ ਪੱਖਾਂ ਅਤੇ ਪਹਿਲੂਆਂ ਨੂੰ ਵੀ ਚੁੱਕਿਆ ਹੈ। ਭਾਵ ਪੰਜਾਬੀ ਨਾਵਲ 'ਚ ਕੁਝ ਹੋਰ ਸਮਾਜਕ, ਧਾਰਮਿਕ, ਰਾਜਨੀਤਿਕ ਅਤੇ ਮਨੋਵਿਗਿਆਨਕ ਤੱਤਾਂ ਦਾ ਉਲੇਖ ਵੀ ਹੋਇਆ ਮਿਲਦਾ ਹੈ। ਸਮਾਜਿਕ ਵਿਰੋਧਾਂ, ਤਨਾਵਾਂ-ਦਵੰਧਾਂ, ਦਬਾਵਾਂ, ਮਸਲਿਆਂ-ਸੰਕਟਾਂ, ਸਮੱਸਿਆਵਾਂ-ਮੁਸ਼ਕਲਾਂ, ਉਥਲਾਂ-ਪੁਥਲਾਂ ਅਤੇ ਕਈ ਕਿਸਮ ਦੇ ਵਿਗਾੜਾਂ ਦਾ ਵਿਵਰਨ ਅਤੇ ਵੇਰਵੇ ਵੀ ਲੋੜ ਅਨੁਸਾਰ ਉਪਲੱਬਧ ਹਨ। ਪੰਜਾਬੀ ਨਾਵਲਾਂ ਨੇ ਧਰਮ ਅਤੇ ਧਾਰਮਿਕ ਸੰਸਥਾਵਾਂ ਦੇ ਪਿਛਾਖੜੀ ਨਾਂਹਮੁੱਖੀ ਅਤੇ ਪਿਛਾਂਹ ਖਿੱਚੂ ਕ੍ਰਮ ਤੇ ਰੂਪ ਉੱਪਰ ਭਰਵਾਂ ਆਕਰਮਣ ਕੀਤਾ ਹੈ। ਇਸ ਦੇ ਵਿਪਰੀਤ ਧਰਮ ਨਿਰਪੱਖਤਾ ਅਤੇ ਮਨੁੱਖੀ ਸਦਭਾਵਾਂ ਤੇ ਜ਼ੋਰ ਦਿੱਤਾ ਹੈ। ਮਨੁੱਖਤਾ ਨੂੰ ਹੀ ਪੰਜਾਬੀ ਨਾਵਲਾਂ 'ਚ ਕੇਂਦਰੀ ਵਿਸ਼ਾ ਬਣਾਇਆ ਗਿਆ ਹੈ। ਜਾਤਪਾਤ ਅਤੇ ਛੂਆ-ਛਾਤ ਨੂੰ ਪੰਜਾਬੀ ਨਾਵਲ ਪੂਰੀ ਤਰ੍ਹਾਂ ਨਕਾਰਦਾ ਹੈ। ਨਾਵਲਾਂ 'ਚ ਰਾਜਨੀਤੀ ਦੇ ਘਟੀਆ, ਦੋਗਲੇ ਅਤੇ ਮਾਰੂ ਰੋਲ ਦਾ ਯਥਾਰਥਕ ਜ਼ਿਕਰ ਹੀ ਨਹੀਂ ਮਿਲਦਾ ਸਗੋਂ ਇਸਦੀ ਅਪਰਾਧ ਜਗਤ, ਮਾਫ਼ੀਆ-ਜਗਤ ਨਾਲ ਪੀਡੀ ਗਾਂਢ-ਸਾਂਢ ਦੇ ਹਵਾਲੇ ਵੀ ਮਿਲਦੇ ਹਨ। ਰਾਜਨੀਤੀ ਦੇ ਭ੍ਰਿਸਟ ਤੇ ਕਰੂਪ ਚਿਹਰੇ ਨੂੰ ਜਿਵੇਂ ਪੰਜਾਬੀ ਨਾਵਲਾਂ ਨੇ ਦਿਖਾਇਆ ਹੈ, ਉਹ ਆਪਣੇ ਆਪ ਵਿੱਚ ਪੰਜਾਬੀ ਨਾਵਲਾਂ ਦੀ ਸਲਾਹੁਣਯੋਗ ਪ੍ਰਾਪਤੀ ਹੈ। ਧਰਮ ਅਤੇ ਰਾਜਨੀਤੀ ਦੇ ਗਠਜੋੜ ਦੀ ਜਾਣਕਾਰੀ ਹੀ ਨਹੀਂ ਮਿਲਦੀ ਸਗੋਂ ਅਜਿਹਾ ਕਾਰਨ ਨਾਲ ਲੋਕ-ਚੇਤਨਾ ਵੀ ਪ੍ਰਚੰਡ ਹੋਈ ਹੈ। ਕੁਝ ਸਮਕਾਲੀ ਪੰਜਾਬੀ ਨਾਵਲਕਾਰਾਂ ਨੇ ਮਾਨਵੀ ਮਨੋਸਥਿਤੀ, ਮਨੋਸਰੰਚਨਾ ਨੂੰ ਬੁਝਿਆ, ਸਮਝਿਆ ਅਤੇ ਆਪਣੇ ਨਾਵਲਾਂ ਦੇ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਸਮਕਾਲੀ ਬੰਦਾ ਬੜਾ ਹੀ ਗੁੰਝਲਦਾਰ ਅਤੇ ਜਟਿਲ ਹੋ ਗਿਆ ਹੈ। ਉਸਦੀ ਮਾਨਸਕਤਾ ਨੂੰ ਸਮਝਣਾ ਅਤੀ ਜ਼ਰੂਰੀ ਹੈ।

ਸਮਕਾਲੀ ਬੰਦੇ ਅੰਦਰ ਕਈ ਬੰਦੇ ਬੈਠੇ ਹੋਏ ਹਨ। ਉਹ ਅੰਦਰੂਨੀ ਤੌਰ ਤੇ ਉਵੇਂ ਨਹੀਂ ਜਿਵੇਂ ਬਹਿਰੂਨੀ ਤੌਰ 'ਤੇ ਨਜ਼ਰ ਆ ਰਿਹਾ ਹੈ। ਸਮਕਾਲੀ ਬੰਦਾ ਅੰਦਰੋਂ ਬਾਹਰੋਂ ਇਕੋ ਜਿਹਾ ਨਹੀਂ। ਉਹ ਇਕੋ






ਵਕਤ ਕਈ ਜ਼ਿੰਦਗੀਆਂ ਜਿਊਂਦਾ ਹੈ। ਕੋਈ ਸਮਾਂ ਸੀ ਬੰਦਾ ਅਤੇ ਮਨ ਇਕੋ ਚੀਜ਼ ਸੀ ਪਰ ਅੱਜ ਅਜਿਹਾ ਨਹੀਂ। ਪੰਜਾਬੀ ਨਾਵਲ ਸਮਕਾਲੀ ਬੰਦੇ ਦੀ ਮਨੋ ਬਣਤਰ ਨੂੰ ਸਮਝਣ ਲਈ ਜਤਨਸ਼ੀਲ ਹੈ ਪਰੰਤੂ ਅਜੇ ਸਾਡੇ ਨਾਵਲਕਾਰਾਂ ਨੂੰ ਇਸ ਪੱਖੋਂ ਹੋਰ ਮਿਹਨਤ ਕਰਨੀ ਪਵੇਗੀ। ਜਸਵਿੰਦਰ ਸਿੰਘ ਦਾ ਨਾਵਲ 'ਮਾਤ ਲੋਕ' , ਰਾਮ ਸਰੂਪ ਅਣਖੀ ਦਾ ਨਾਵਲ 'ਬੱਸ ਹੋਰ ਨਹੀਂ' ਤੇ ਗੁਰਪਾਲ ਲਿੱਟ ਦਾ ਨਾਵਲ 'ਆਪਣੇ ਆਪਣੇ ਜਨਮੇਜੇ' ਆਦਿ ਨਾਵਲਾਂ 'ਚ ਮਾਨਵੀ ਮਨੋ ਵਿਗਿਆਨ ਮਨੋ ਸਰੰਚਨਾ ਨੂੰ ਕਾਫ਼ੀ ਹੱਦ ਤੱਕ ਪਕੜਿਆ ਗਿਆ ਹੈ।

ਵਾਸਤਵਿਕਤਾ ਇਹ ਹੈ ਕਿ ਕੁਝ ਘਾਟੇ, ਊਣਤਾਈਆਂ ਅਤੇ ਭਰਾਂਤੀਆਂ ਦੇ ਬਾਵਜੂਦ ਪੰਜਾਬੀ ਨਾਵਲ ਦਾ ਵਰਤਮਾਨ ਚੰਗਾ ਹੈ ਅਤੇ ਭਵਿੱਖ ਹੋਰ ਉਜਵਲ ਹੋਵੇਗਾ। ਸਾਡੇ ਨਾਵਲਕਾਰਾਂ ਨੂੰ ਚਾਹੀਦਾ ਹੈ ਕਿ ਉਹ ਚੰਗੇ, ਸ਼ਾਹਕਾਰ ਨਾਵਲ ਰਚਣ ਲਈ ਵਿਭਿੰਨ ਸਮਾਜਿਕ ਵਿਗਿਆਨਾਂ ਅਤੇ ਵਰਤਾਰਿਆਂ ਦਾ ਸਰਬਾਂਗੀ ਗਿਆਨ-ਬੋਧ ਪ੍ਰਾਪਤ ਕਰਨ। ਕਿਸੇ ਵਸਤੂ ਯਥਾਰਥ ਨੂੰ ਪ੍ਰਸਤੁਤ ਕਰਨ ਲਈ ਉਹ ਪਦਾਰਥਵਾਦੀ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਦੀ ਵਰਤੋਂ ਕਰਨ। ਸਮਕਾਲੀ ਜੀਵਨ ਦਵੰਧਾਂ-ਤਨਾਵਾਂ, ਦਬਾਵਾਂ, ਉੱਥਲਾਂ-ਪੁਥਲਾਂ ਨਾਲ ਉਤਪੋਤ ਹੈ। ਸਮਾਜਿਕ ਉਲਝਣਾ ਤੇ ਵਿਗਾੜਾ ਦਾ ਕਹਿਰ ਹੈ, ਵਿਰੋਧ ਹੀ ਵਿਰੋਧ ਹਨ। ਸਮਾਜਿਕ ਅਰਾਜਕਤਾ ਹੈ, ਵਿਭਿੰਨ ਅਲਾਮਤਾਂ ਦਾ ਬੋਲਬਾਲਾ ਹੈ। ਉਦਾਸੀ, ਇਕੱਲਤਾ, ਬੇਗਾਨਗੀ ਵਰਗੀਆਂ ਭਾਵਨਾਵਾਂ ਅਤੇ ਵਿਆਪਕ ਸਮਾਜਿਕ ਟੁੱਟ-ਭੱਜ ਕਾਰਨ ਉਤਪੰਨ ਹੋ ਰਹੀਆਂ ਵਿਸੰਗਤੀਆਂ ਆਦਿ ਦੀ ਸੋਝੀ ਵੀ ਨਾਵਲਕਾਰ ਨੂੰ ਹੋਣੀ ਜ਼ਰੂਰੀ ਹੈ। ਪੰਜਾਬੀ ਨਾਵਲਕਾਰ ਨੂੰ ਤੇਜੀ ਨਾਲ ਬਦਲ ਰਹੇ ਪੰਜਾਬੀ ਸਮਾਜ ਤੋਂ ਦੋ ਕਦਮ ਅੱਗੇ ਤੁਰਨਾ ਪਵੇਗਾ। ਨਾਵਲਕਾਰ ਨੇ ਹੀ ਸਮਾਜ ਨੂੰ ਦਿਸ਼ਾ ਨਿਰਦੇਸ਼ ਦੇਣਾ ਹੁੰਦਾ ਹੈ। ਉਹ ਕਾਰਜ ਸੁਖ਼ਾਲਾ ਨਹੀਂ, ਦੁਰਗਮ ਅਤੇ ਚੁਣੌਤੀ ਭਰਪੂਰ ਵੀ ਹੈ।


ਜਿਵੇਂ ਮੈਂ ਉੱਪਰ ਧਾਰਨਾ ਦਿੱਤੀ ਹੈ ਕਿ ਨਾਵਲਾਂ ਵਿੱਚ ਆਮ ਅਤੇ ਵਧੇਰੇ ਕਰਕੇ ਸਮਾਜਿਕ ਸਭਿਆਚਾਰਕ ਮੁੱਲਾਂ-ਪ੍ਰਤਿਮਾਨਾਂ (ਹਾਂਦਰੂ ਅਤੇ ਨਾਂਦਰੂ) ਦਾ ਹੀ ਪ੍ਰਗਟਾਵਾ ਹੋਇਆ ਮਿਲਦਾ ਹੈ ਇਸ ਧਾਰਨਾ ਨੂੰ ਪੁਖ਼ਤਾ ਕਰਨ ਲਈ ਮੈਂ ਪ੍ਰਮਾਣ ਵਜੋਂ ਕੁਝ ਨਾਵਲਾਂ ਦਾ ਜ਼ਿਕਰ ਕਰਨਾ ਅਨੀਵਾਰੀ ਸਮਝਦਾ ਹਾਂ। ਪਰਸਾ, ਅੰਨ੍ਹੇ ਘੋੜੇ ਦਾ ਦਾਨ (ਗੁਰਦਿਆਲ ਸਿੰਘ), ਕੋਠੇ ਖੜਕ ਸਿੰਘ (ਰਾਮ ਸਰੂਪ ਅਣਖੀ), ਰਾਤ ਦੇ ਰਾਹੀ, ਰੋਹੀ ਬੀਆਬਾਨ, ਅਕਾਲ ਪੁਰਖੀ (ਕਰਮਜੀਤ ਕੁੱਸਾ), ਧਾਰਾਂ ਵਾਲਾ ਪੁਲ, ਤਮਾਸ਼ਾ, ਦਰਅਸਲ, ਆਖਰੀ ਪੱਤਾ (ਕੇ. ਐਲ. ਗਰਗ), ਸੰਤਾ ਭੈਣੀ ਕਾ (ਗੋਰਕੀ), ਪਾਲੀ, ਪੂਰਨ ਮਾਸੀ, ਰਾਤ ਬਾਕੀ ਹੈ, ਭਵਾਨੀ ਮਨੁੱਖਤਾ, ਸੁੰਦਰਾਂ (ਜਸਵੰਤ ਸਿੰਘ ਕੰਵਲ), ਜਵਾਲਾ ਮੁਖੀ, ਹਨੇਰੇ 'ਚ ਘਿਰਿਆ ਮਨੁੱਖ (ਸਾਹ ਚਮਨ), ਅੰਨਦਾਤਾ, ਦੂਸਰਾ ਹੀਰੋਸ਼ੀਮਾ (ਬਲਦੇਵ ਸਿੰਘ) ਤੇ ਉਸਦੇ ਪੰਜ ਇਤਿਹਾਸਕ ਨਾਵਲ (ਪੰਜਵਾਂ ਸਾਹਿਬਜਾਦਾ, ਸਤਲੁਜ ਵਹਿੰਦਾ ਰਿਹਾ, ਢਾਵਾਂ ਦਿੱਲੀ ਦੇ ਕਿੰਗਰੇ, ਮਹਾਂ ਬਲੀ ਸੂਰਾ), ਅਲਵਿਦਾ ਅਮੀਰਪੁਰ (ਪ੍ਰਗਟ ਸਿੰਘ ਸਿੱਧੂ), ਤੀਜੀ ਅਲਵਿਦਾ (ਦਵਿੰਦਰ ਸੇਖਾ), ਯੁੱਧ ਨਾਦ, ਯੁੱਗ ਅੰਤ, 1857 ਦਿੱਲੀ ਦਿੱਲੀ (ਮਨਮੋਹਨ ਬਾਵਾ), ਨਿੱਕੇ ਨਿੱਕੇ ਯੁੱਧ (ਬਲਬੀਰ ਪਰਵਾਨਾ), ਦੋਜ਼ਖ਼ੀਏ (ਜਸਬੀਰ ਭੁੱਲਰ), ਖੇੜੇ ਸੁੱਖ ਵਿਹੜੇ ਸੁੱਖ , ਨਿਰੰਜਣ ਮਿਸ਼ਾਲਚੀ (ਅਵਤਾਰ ਸਿੰਘ ਬਿਲਿੰਗ), ਇਕ ਤਾਜ ਮਹਿਲ ਹੋਰ, ਬੁੱਕਲ ਦਾ ਰਿਸ਼ਤਾ ਰਿਸ਼ਤਿਆਂ ਦੇ ਰੰਗ (ਖ਼ਾਮੋਸ਼), ਧੁੱਪ ਦੀ ਵਾਟ, ਗੁਆਚੇ ਸੂਰਜ (ਬਲਜੀਤ ਕੌਰ ਬੱਲੀ), ਮਿਸ਼ਾਲਚੀ (ਡਾ. ਗੁਰਚਰਨ ਸਿੰਘ ਰਾਓ), ਲੋਹੇ ਲਾਖੇ (ਗਾਸੋ), ਦਿਲ ਦਾ ਕੌਲ ਫੁੱਲ, ਕਾਲੇ ਦਿਨ (ਜਸਦੇਵ ਧਾਲੀਵਾਲ), ਕਾਸ਼! (ਕੁਲਦੀਪ ਬੇਦੀ), ਮਾਤ ਲੋਕ (ਜਸਵਿੰਦਰ ਸਿੰਘ), ਬੁੱਢੀ ਸਦੀ ਦਾ ਮਨੁੱਖ ਬਾਕੀ ਦਾ ਸੱਚ, ਨਿੱਕੇ ਨਿੱਕੇ ਅਸਮਾਨ (ਨਛੱਤਰ),




'ਤੀਵੀਆਂ' ਪ੍ਰਗਟ ਸਿੰਘ ਸਤੌਜ), ਸ਼ਾਤੀ ਪਰਵ, ਪਰਨੇਸਵਰੀ (ਦੇਸ ਰਾਜ ਕਾਲੀ) ਆਦਿ ਨਾਵਲਾਂ ਤੋਂ ਬਿਨਾਂ ਹੋਰ ਵੀ ਕਾਫੀ ਨਾਵਲਾਂ 'ਚੋਂ ਸਮਾਜਿਕ ਸਭਿਆਚਾਰਕ ਜੀਵੰਤ ਝਲਕਾਂ ਦੇ ਦਰਸ਼ਨ ਕਰ ਸਕਦੇ ਹਾਂ। ਇਨ੍ਹਾਂ ਨਾਵਲਾਂ 'ਚ ਪੰਜਾਬ ਆਂਚਲ ਦੇ ਵਸਨੀਕਾਂ ਦੇ ਜੀਵਨ ਦੀ ਵਿਸਤ੍ਰਿਤ ਤਰਜਮਾਨੀ ਸਮਾਜਿਕ ਸਭਿਆਚਾਰਕ ਸੰਦਰਭਾਂ 'ਚ ਹੋਈ ਮਿਲਦੀ ਹੈ। ਪਿੰਡਾਂ ਵਿੱਚ ਵਧਦੀਆਂ ਅਤੇ ਜੀਵਨ ਨਿਰਬਾਹ ਕਰਦੀਆਂ ਜਾਤਾਂ-ਉਪਜਾਤਾਂ, ਜਮਾਤੀ ਸਮਾਜ ਦੇ ਨਿੱਕੇ-ਨਿੱਕੇ ਵਰਗਾਂ, ਉਨ੍ਹਾਂ ਦੀਆਂ ਪਰਸਪਰ ਵਿਰੋਧਤਾਈਆਂ, ਉਨ੍ਹਾਂ ਦੇ ਤਨਾਵਾਂ-ਦਵੰਦਾਂ, ਉਨ੍ਹਾਂ ਦੇ ਕ੍ਰਮਾਂ-ਪ੍ਰਤੀਕਰਮਾਂ, ਉਨ੍ਹਾਂ ਦੀਆਂ ਭਾਵਨਾਵਾਂ, ਕਾਮਨਾਵਾਂ, ਸੰਵੇਦਨਾਵਾਂ ਤੇ ਵੇਦਨਾਵਾਂ, ਉਨ੍ਹਾਂ ਦੀਆਂ ਆਕਾਂਖਿਆਵਾਂ ਇੱਛਾਵਾਂ ਤੋਂ ਬਿਨਾ ਉਕਤ ਪੰਜਾਬੀ ਨਾਵਲਾਂ 'ਚ ਪੇਂਡੂ ਮੁੱਲਾਂ-ਪ੍ਰਤਿਮਾਨਣ ਦੀ ਵਿਵਿਧਤਾ, ਬਹੁਵੰਨਤਾ, ਬਹੁ ਪਰਤਤਾ, ਪੇਂਡੂ ਸਾਮੰਤੀ ਸਰੰਚਨਾ, ਪੇਂਡੂ ਜੀਵਨ ਦਾ ਆਂਚਲ ਵਿਹਾਰ ਅਤੇ ਇਸ ਵਿੱਚ ਨਿਰੰਤਰ ਹੋ ਰਹੇ ਪਰਿਵਰਤਨ ਅਤੇ ਰੂਪਾਂਤਰਨ, ਕਾਰੋਬਾਰਾਂ ਦੀ ਵਿਭਿਨਤਾ, ਨੈਤਿਕ ਅਤੇ ਅਨੈਤਿਕ ਪੱਖਾਂ ਅਤੇ ਪਹਿਲੂਆਂ, ਬਦਲ ਚੁੱਕੀ ਪੇਂਡੂ ਰਹਿਤਲ-ਬਹਿਤਲ, ਸਮਾਜਿਕ ਰਿਸ਼ਤਿਆਂ 'ਚ ਵਿਆਪਕ ਟੁੱਟ ਭੱਜ, ਬਿਖਰਾਵ ਅਤੇ ਤਬਦੀਲੀਆਂ, ਖ਼ਤਮ ਹੋ ਰਹੇ ਸਮਾਜਿਕ ਮੁੱਲ (ਜਿਵੇਂ ਪਿਆਰ, ਸਾਂਝ, ਹਮਦਰਦੀ, ਮਿਲਵਰਤਨ ਸੇਵਾ ਭਾਵਨਾ) ਆਦਿ ਬਹੁਤ ਕੁਝ ਪੰਜਾਬੀ ਨਾਵਲਾਂ 'ਚ ਗਾਲਬਨ ਘੱਟ ਜਾਂ ਵੱਧ ਰੂਪ ਵਿਚ ਨਮੂਦਾਰ ਹੋਏ ਹਨ। ਜਿੱਥੇ ਕਿਸਾਨੀ ਕਿੱਤੇ ਅਤੇ ਖੇਤੀ ਖੇਤਰ 'ਚ ਨਵੀਨਤਮ ਪੈਦਾਵਾਰੀ ਸਾਧਨਾਂ ਦਾ ਰੋਲ ਵਧਿਆ ਹੈ, ਹਰੀ ਕ੍ਰਾਂਤੀ ਸੰਪੰਨ ਹੋਈ ਪਰੰਤੂ ਹਰੀ ਕ੍ਰਾਂਤੀ ਕਾਰਨ ਪੰਜਾਬੀ ਸਮਾਜ ਹੋਰ ਡੂੰਘੇ ਸੰਕਟਾਂ ਵਿੱਚ ਗ੍ਰਸਤ ਹੋਇਆ ਹੈ, ਦੁਸ਼ਵਾਰੀਆਂ, ਮੁਸ਼ਕਲਾਂ ਅਤੇ ਅਲਾਮਤਾਂ 'ਚ ਹੋਇਆ ਅਸਹਿ ਵਾਧਾ ਵੀ ਸਾਡੇ ਸਨਮੁੱਖ ਹੈ। ਇਹ ਸਾਰਾ ਕੁਝ ਨਾਵਲਕਾਰੀ ਦਾ ਖੇਤਰ ਬਣਿਆ ਹੈ। ਸੋ ਉਕਤ ਪੰਜਾਬੀ ਨਾਵਲਾਂ 'ਚੋਂ ਸਭਿਆਚਾਰ ਦਾ ਇਤਿਹਾਸ, ਸਭਿਆਚਾਰ ਦੀਆਂ ਵਿਭਿੰਨ ਪਰਤਾਂ, ਪ੍ਰਵਿਰਤੀਆਂ ਤੇ ਵੰਨਗੀਆਂ ਨੂੰ ਦੇਖਿਆ, ਪਰਖਿਆ ਅਤੇ ਸਮਝਿਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਇਨ੍ਹਾਂ ਨਾਵਲਾਂ ਨੂੰ ਅਸੀਂ ਪੰਜਾਬੀ ਸਮਾਜਿਕ ਸਭਿਆਚਾਰਕ ਮੁੱਲਾਂ ਪ੍ਰਤਿਮਾਨਾਂ ਦਾ ਇਕ ਸੰਪੂਰਨ ਦਸਤਾਵੇਜ਼ ਕਹਿ ਸਕਦੇ ਹਾਂ।

ਕਿਸਾਨੀ ਸੰਕਟ ਦੀ ਵਜਾਹ ਕਿਸਾਨੀ ਆਰਥਕ ਸੰਕਟ ਵਿੱਚ ਨਿਹਿਤ ਹੈ। ਇਸ ਸੰਕਟ ਦੇ ਕਈ ਕਾਰਕ ਸਾਡੇ ਸਨਮੁੱਖ ਹਨ। ਪੂੰਜੀਵਾਦੀ ਵਿਸ਼ਵੀਕਰਨ ਧਨੀ ਕਿਸਾਨਾਂ ਅਤੇ ਕਾਰਪੋਰੇਟ ਜਗਤ ਦੇ ਹਿਤਾਂ ਦੀ ਰਾਖੀ ਲਈ ਕਾਰਜਸ਼ੀਲ ਹੈ। ਪੂੰਜੀਵਾਦ ਨੇ ਕਿਸਾਨੀ ਦਾ ਕੰਗਾਲੀਕਰਨ ਸ਼ੁਰੂ ਕਰ ਦਿੱਤਾ ਸੀ ਜਿਹੜਾ ਸਮਕਾਲ ਵਿੱਚ ਸਿਖਰਾ ਤੇ ਪੁੱਜ ਗਿਆ ਹੈ। ਨਿੱਕੀ ਅਤੇ ਸੀਮਾਂਤ ਕਿਸਾਨੀ ਦਾ ਵਜੂਦ ਖਤਮ ਕਰਨ ਹਿਤ ਖੇਤੀਬਾੜੀ 'ਚ ਬੇਲੋੜਾ ਮਸ਼ੀਨੀਕਰਨ ਕੀਤਾ ਗਿਆ ਹੈ। ਸਾਂਝਗਿਰੀ ਅਤੇ ਸਾਂਝੀਵਾਲਤਾ ਵਾਲੀ ਖੇਤੀ ਦੀ ਲੋੜ ਦਰਕਾਰ ਸੀ ਪਰੰਤੂ ਉਸ ਤੇ ਪੋਚਾ ਫੇਰ ਦਿੱਤਾ ਗਿਆ ਹੈ। ਪੂੰਜੀਵਾਦੀ ਹਰੇ ਇਨਕਲਾਬ ਦੇ ਮਾਡਲ ਨੇ ਬੇਲੌੜੇ ਅਤੇ ਨਜਾਇਜ ਖਰਚਿਆਂ (ਜਿਵੇਂ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ, ਵੰਸ਼ ਰਹਿਤ ਬੀਜਾਂ, ਨਦੀਨ ਜ਼ਮੀਨ ਦੀ ਸਿਹਤ ਵਿਗੜਣ, ਪਾਣੀ ਦਾ ਸੰਕਟ ਉਤਪੰਨ ਹੋਣਾ ਸ਼ੁਰੂ ਹੋ ਚੁੱਕਾ ਹੈ। ਪ੍ਰਦੂਸ਼ਣ ਨਾ ਸਹਿਣਯੋਗ ਹੱਦ ਤੱਕ ਵਧ ਚੁੱਕਾ ਹੈ। ਇਸ ਦੇ ਵਿਪਰੀਤ ਕਿਸਾਨੀ ਨੂੰ ਲਾਗਤਾਂ ਅਨੁਸਾਰ ਸਮਰੱਥਕ ਕੀਮਤਾਂ ਨਹੀਂ ਮਿਲੀਆਂ। ਸ਼ਾਹੂ ਕਾਰਾਂ ਆੜ੍ਹਤੀਆਂ ਅਤੇ ਧਨੀ ਕਿਸਾਨੀ ਨੂੰ ਨਿਮਨ, ਨਿੱਕੀ ਅਤੇ ਸੀਮਾਂਤ ਕਿਸਾਨੀ ਨੂੰ ਲੁੱਟਣ ਅਤੇ ਸ਼ੋਸ਼ਣ ਕਰਨ ਦਾ ਅਵਸਰ ਮਿਲ ਗਿਆ ਹੈ। ਵਿਸ਼ਵ ਵਪਾਰ ਸੰਸਥਾ ਦੇ ਦਬਾਅ ਕਾਰਨ ਉਸ ਨੂੰ ਮਿਲ ਰਹੀਆਂ ਨਾਮਾਤਰ ਸਬਸਿਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਦੇਸ਼ ਵਿੱਚ ਹਰਾ ਇਨਕਲਾਬ ਤਾਂ ਆ ਗਿਆ ਪਰੰਤੂ ਇਹ





ਇਨਕਲਾਬ ਕਿਸਾਨੀ ਦੇ ਗਲ ਦਾ ਫੰਧਾ ਬਣ ਚੁੱਕਾ ਹੈ। ਖਰਚੇ ਵਧਣ ਕਾਰਨ ਕਿਸਾਨੀ ਦੀ ਆਮਦਨ ਸੁੰਗੜਦੀ ਸੁੰਗੜਦੀ ਪੂਰੀ ਤਰ੍ਹਾਂ ਸੁੰਗੜ ਚੁੱਕੀ ਹੈ। ਖਰਚ ਅਤੇ ਆਮਦਨ ਵਿੱਚ ਪਾੜਾ ਨਾ ਮਿਟਣਯੋਗ ਹੋ ਚੁੱਕਾ ਹੈ। ਇਸ ਬਦੌਲਤ ਨਿਮਨ ਅਤੇ ਸੀਮਾਂਤ ਕਿਸਾਨੀ) ਕਰਜ਼ੇ ਦੀ ਮਾਰ ਹੇਠ ਆ ਗਈ ਹੈ। ਵਧ ਰਹੇ ਕਰਜ਼ੇ ਕਾਰਨ ਸੀਮਾਂਤ ਕਿਸਾਨੀ ਆਪਣੀ ਜ਼ਮੀਨ ਵੇਚਣ ਲਈ ਬੇਵਸ ਹੋ ਗਈ ਹੈ। ਨਿਮਨ ਨਿੱਕੀ ਅਤੇ ਸੀਮਾਂਤ ਕਿਸਾਨੀ ਮਾਨਸਿਕ ਤੌਰ ਤੇ ਵੀ ਬੁਰੀ ਤਰ੍ਹਾਂ ਟੁੱਟ ਭੱਜ ਚੁੱਕੀ ਹੈ। ਉਹ ਬੇਵਸੀਆਂ ਅਤੇ ਕਰਜ਼ੇ ਤੋਂ ਨਿਜ਼ਾਤ ਪਾਉਣ ਲਈ ਖ਼ੁਦਕੁਸ਼ੀਆਂ ਦਾ ਗ਼ੈਰ ਵਾਜਬ ਰਸਤਾ ਚੁਣ ਰਹੀ ਹੈ। ਧਨੀ ਕਿਸਾਨੀ ਹੋਰ ਧਨੀ ਹੋ ਰਹੀ ਹੈ ਕਿਉਂਕਿ ਉਸ ਕੋਲ ਪੈਦਾਵਾਰੀ ਸਾਧਨਾਂ ਦੀ ਬਹੁਤਾਤ ਹੈ, ਕਿਉਂਕਿ ਉਹ ਨਿਮਨ, ਨਿੱਕੀ ਅਤੇ ਸੀਮਾਂਤ ਕਿਸਾਨੀ ਨੂੰ ਮਿਲਣ ਵਾਲੀਆਂ ਕੁਝ ਸਬ ਸਿਡੀਆਂ (ਜਿਹੜੀਆਂ ਇਸ ਵਰਗ ਦੀ ਕਿਸਾਨੀ ਦੀ ਪਹੁੰਚ ਤੋਂ ਪਰ੍ਹੇ ਹਨ। ਬੁਰੀ ਤਰ੍ਹਾਂ ਡਕਾਰ ਰਹੀ ਹੈ। ਆਪਣੇ ਸਿਰ ਕਰਜ਼ੇ ਚੜ੍ਹਾ ਕੇ ਅਨਾਜ ਦੇ ਭੰਡਾਰ ਭਰਨ ਦਾ ਨਿਮਨ, ਨਿੱਕੀ ਅਤੇ ਸੀਮਾਂਤ ਕਿਸਾਨੀ ਨੇ ਭਾਰੀ ਜ਼ੋਖ਼ਮ ਬਰਦਾਸ਼ਤ ਕੀਤਾ ਹੈ। ਅਜਿਹਾ ਖਮਿਆਜਾ ਭੁਗਤ ਰਹੀ ਕਿਸਾਨੀ ਆਉਣ ਵਾਲੇ ਕੁਝ ਸਾਲਾਂ ਵਿੱਚ ਪੂਰੀ ਤਰ੍ਹਾਂ ਕੰਗਾਲ ਹੋ ਜਾਵੇਗੀ। ਜ਼ਮੀਨ ਜਾਂ ਤਾਂ ਧਨੀ ਕਿਸਾਨੀ ਕੋਲ ਜਮ੍ਹਾਂ ਹੋ ਜਾਵੇਗੀ ਜਾਂ ਫਿਰ ਸਰਕਾਰੀ ਚਾਲ ਤੇ ਜ਼ਬਰ ਕਾਰਨ ਬਹੁ ਕੌਮੀ ਕੰਪਨੀਆਂ ਅਤੇ ਕਾਰਪੋਰੇਟ ਜਗਤ ਕੋਲ ਚਲੀ ਜਾਵੇਗੀ ਇਸ ਦਾ ਪ੍ਰਭਾਵ ਬਰਨਾਲੇ ਦੇ ਨੇੜਲੇ ਪਿੰਡਾਂ ਅਤੇ ਗੋਬਿੰਦਗੜ੍ਹ ਵਿਖੇ ਸ਼ਪੱਸ਼ਟ ਨਜ਼ਰ ਆਉਂਦਾ ਹੈ। ਵਿਆਪਕ ਹੋ ਰਹੇ ਕਿਸਾਨੀ ਸੰਕਟ ਤੇ ਬਹੁਤ ਘੱਟ ਨਾਵਲ ਸਿਰਜੇ ਗਏ ਹਨ। ਇਸਦਾ ਕਾਰਨ ਨਾਵਲਕਾਰਾਂ ਕੋਲ ਪੂੰਜੀਵਾਦ ਤੋਂ ਲੈ ਕੇ ਨਵ-ਪੂੰਜੀਵਾਦੀ ਵਿਸ਼ਵੀਕਰਨ ਤੱਕ ਦੀਆਂ ਮਹੀਨ ਅਤੇ ਬਾਰੀਕ ਪਰਤਾਂ, ਵਿਗਾੜਾਂ, ਤਬਦੀਲੀਆਂ, ਤੱਤਾਂ ਅਤੇ ਤੱਥਾਂ, ਪੱਖਾਂ ਅਤੇ ਪਹਿਲੂਆਂ, ਜੁਜ਼ਾਂ ਅਤੇ ਸੰਦਰਭਾ ਦਾ ਵਿਸ਼ਾਲਤਰ ਬੋਧ ਅਤੇ ਸਾਰਥਕ ਦ੍ਰਿਸ਼ਟੀ ਦਾ ਨਾ ਹੋਣਾ ਹੈ, ਜਦ ਤੱਕ ਸਾਡੇ ਨਾਵਲਕਾਰ ਕਿਸਾਨੀ ਸੰਕਟਾਂ ਦੀਆਂ ਵਿਭਿੰਨ ਬਾਰੀਕ ਤੋਂ ਬਾਰੀਕ, ਮਹੀਨ ਤੋਂ ਮਹੀਨ ਤੰਦਾਂ ਨਹੀਂ ਫੜਣਗੇ ਉਦੋਂ ਤੱਕ ਕੋਈ ਸ਼ਾਹਕਾਰ ਰਚਨਾ ਸਿਰਜਣੀ ਅਸੰਭਵ ਹੈ। ਕਿਸਾਨੀ ਸੰਕਟ ਮਹਿਜ ਮਾਮੂਲੀ ਜਿਹਾ ਸੰਕਟ ਨਹੀਂ ਹੈ। ਇਹ ਸੰਕਟ ਬਹੁਤ ਵਿਆਪਕ ਹੋ ਚੁੱਕਾ ਹੈ। ਇਸਦੇ ਅੰਦਰੂਨੀ ਅਤੇ ਬਹਿਰੂਨੀ ਪੱਖਾਂ/ ਪਹਿਲੂਆਂ ਅਤੇ ਜੁਜ਼ਾਂ ਨੂੰ ਸਮਝੇ ਬਿਨਾ, ਇਸ ਸੰਕਟ ਦੀਆਂ ਜੜ੍ਹਾਂ ਤੱਕ ਪੁੱਜੇ ਬਿਨਾ ਇਸ ਸੰਕਟ ਦਾ ਮੋਚਨ ਕੀਤਾ ਨਹੀਂ ਜਾ ਸਕੇਗਾ। ਇਕ ਸੰਕਟ ਤੋਂ ਉਪਜੇ ਹੋਰ ਸੰਕਟਾਂ ਜਿਵੇਂ ਮੈਂ ਉੱਪਰ ਦੱਸਿਆ ਹੈ ਕਿ ਆਰਥਕ ਸੰਕਟ ਕਾਰਨ ਕਈ ਹੋਰ ਸੰਕਟ ਉਤਪੰਨ ਹੁੰਦੇ ਹਨ ਕਿਉਂਕਿ ਕਿਸੇ ਸਮਾਜ ਦਾ ਆਧਾਰ ਆਰਥਕ ਸਰੰਚਨਾ ਹੁੰਦਾ ਹੈ, ਸਿੱਟੇ ਵਜੋਂ ਉਸਦੇ ਸਰਬਾਂਗੀ ਉਸਾਰ ਲਾਜ਼ਮੀ ਅਸਰ ਅੰਦਾਜ਼ ਹੋਣਗੇ) ਨੂੰ ਸਮਝਣਾ ਵੀ ਨਿਹਾਤ ਜ਼ਰੂਰੀ ਹੈ। ਫਿਰ ਵੀ ਪਿਛਲੇ ਕੁਝ ਸਾਲਾਂ ਵਿੱਚ ਕਿਸਾਨੀ ਸੰਕਟ ਦੇ ਕੁਝ ਪਹਿਲੂਆਂ ਪੱਖਾਂ ਦਾ ਵਿਵਰਨ ਤੇ ਵੇਰਵਾ ਕਈ ਨਾਵਲਾਂ 'ਚ ਉਪਲੱਬਧ ਹੈ। ਚਾਰ ਪੰਜ ਨਾਵਲ ਤਾਂ ਇਸ ਪੱਖੋਂ ਵਿਸ਼ੇਸ਼ ਹਨ ਜਿਨ੍ਹਾਂ ਨੇ ਕਿਸਾਨੀ ਸੰਕਟ ਦੀਆਂ ਕੁਝ ਅਹਿਮ ਤੰਦਾਂ ਨੂੰ ਪਕੜਿਆ ਹੈ। ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ', ਰਾਮ ਸਰੂਪ ਅਣਖੀ ਦਾ ਨਾਵਲ 'ਦੁੱਲੇ ਦੀ ਢਾਬ' ਆਦਿ। ਦੋਨੋਂ ਨਾਵਲ ਅਹਿਮ ਹਨ ਅਣਖੀ ਦਾ 'ਜ਼ਮੀਨਾਂ ਵਾਲੇ' ਪਰਵਾਨਾ ਦਾ 'ਅੰਬਰ ਵੱਲ ਉਡਾਣ', ਸੁਖਦੇਵ ਸਿੰਘ ਮਾਨ ਦਾ 'ਟਿਕੀ ਹੋਈ ਰਾਤ' ਆਦਿ ਨਾਵਲ ਤਾਂ ਕਾਰਪੋਰੇਟ ਜਗਤ ਦੀ ਵਧ ਰਹੀ ਸ਼ਕਤੀ ਨੂੰ ਪ੍ਰਮਾਣਤ ਹੀ ਨਹੀਂ ਕਰਦੇ ਸਗੋਂ ਕਿਸਾਨੀ ਦੇ ਨਿਘਾਰ ਦੇ ਸੱਚ ਨੂੰ ਵੀ ਉਘਾੜਦੇ ਹਨ। ਇਹ ਨਾਵਲ ਦੱਸਦੇ ਹਨ ਕਿ ਕਾਰਪੋਰਟੇ ਜਗਤ ਕਿਸਾਨਾਂ ਦੀਆਂ ਜ਼ਮੀਨਾਂ ਹੜੱਪ ਰਿਹਾ ਹੈ ਅਤੇ ਉਨ੍ਹਾਂ ਨੂੰ ਕੰਗਾਲੀ ਦੇ ਕਗਾਰ ਤੇ ਪਹੁੰਚਾ ਰਿਹਾ ਹੈ। ਕੰਗਾਲੀਕਰਨ ਨੂੰ ਬੜਾਵਾ ਦੇਣ ਲਈ ਸਰਕਾਰ ਸੱਭ ਤੋਂ



ਵੱਡੀ ਦੋਸ਼ੀ ਹੈ। ਸਰਕਾਰ ਕਿਸਾਨੀ ਵਰਗ ਦੀ ਥਾਂ ਕਾਰਪੋਰੇਟ ਜਗਤ ਦੇ ਹਿੱਤਾਂ ਦੀ ਪੂਰਤੀ ਤੇ ਰਖਵਾਲੀ ਕਰਦੀ ਹੈ। ਸੋ ਇਹ ਨਾਵਲ ਕਿਸਾਨੀ ਸੰਕਟਾਂ ਦੀਆਂ ਕੁਝ ਮਹੱਤਵਪੂਰਨ ਪਰਤਾਂ ਸਾਡੇ ਰੂ-ਬ-ਰੂ ਹੀ ਨਹੀਂ ਕਰਦੇ ਸਗੋਂ ਸਾਨੂੰ ਚੇਤਨਾ ਵੀ ਪ੍ਰਦਾਨ ਕਰਦੇ ਹਨ। ਅਸਿੱਧੇ ਤੌਰ ਤੇ ਇਹ ਨਾਵਲ ਕਿਸਾਨੀ ਨੂੰ ਸੰਘਰਸ਼ ਲਈ ਪਰੇਰਿਤ ਕਰਦੇ ਹਨ। ਬਲਦੇਵ ਸਿੰਘ ਦਾ ਇਕ ਹੋਰ ਨਾਵਲ 'ਅੰਨਦਾਤਾ' ਦਾ ਦੂਜਾ ਭਾਗ 'ਖ਼ਾਕ ਜੇਡ ਨਾ ਕੋਇ' ਵੀ ਕਿਸਾਨੀ ਵਰਗ ਨੂੰ ਸੰਘਰਸ਼ ਦੇ ਰਾਹ ਤੋਰਦਾ ਹੈ। ਨਾਵਲਕਾਰ ਦਾ ਮੱਤ ਹੈ ਕਿ ਜੇ ਵਿਸ਼ਵੀਕਰਨ ਦਾ ਟਾਕਰਾ ਕਰਨਾ ਹੈ ਤਾਂ ਸੰਘਰਸ਼ ਤੋਂ ਬਿਨਾ ਕਿਸਾਨੀ ਕੋਲ ਹੋਰ ਕੋਈ ਦੂਜਾ ਰਸਤਾ ਬਾਕੀ ਨਹੀਂ ਹੈ। ਇਸ ਤੋਂ ਬਿਨਾ 'ਰੋਹੀ ਬੀਆਬਾਨ', 'ਰਾਤ ਦੇ ਰਾਹੀ' (ਕਰਮਜੀਤ ਕੁੱਸਾ) ਖੇੜੇ ਸੁੱਖ ਵਿਹੜੇ ਸੁੱਖ, ਨਿਰੰਜਣ ਮਿਸ਼ਾਲਚੀ (ਅਵਤਾਰ ਸਿੰਘ ਬਿਲਿੰਗ), ਮਨੁੱਖਤਾ (ਜਸਵੰਤ ਕੰਵਲ), ਬੁੱਕਲ ਦਾ ਰਿਸ਼ਤਾ (ਇੰਦਰ ਸਿੰਘ ਖ਼ਾਮੋਸ਼), ਬਦਲਦੀ ਰੁੱਤ (ਕਰਨੈਲ ਸਿੰਘ ਨਿੱਝਰ), ਕੋਠੇ ਖੜਕ ਸਿੰਘ (ਅਣਖੀ), ਆਦਿ ਨਾਵਲਾਂ ਵਿੱਚ ਵੀ ਘੱਟ ਜਾਂ ਵੱਧ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਮਸਲੇ ਅਤੇ ਸੰਕਟਾਂ, ਸਮੱਸਿਆਵਾਂ ਦਾ ਆਵਾਹਣ ਹੋਇਆ ਹੈ। ਸਮਕਾਲ ਵਿੱਚ ਵਿਰਾਟ ਮਈ ਕਿਸਾਨੀ ਸੰਕਟ ਦੇ ਵਿਭਿੰਨ ਕਾਰਕਾਂ ਪਾਸਾਰਾਂ ਬਾਰੇ ਹੋਰ ਨਾਵਲਕਾਰਾਂ ਨੂੰ ਵੀ ਆਪਣੀ ਕਲਮ ਚਲਾਉਣੀ ਚਾਹੀਦੀ ਹੈ।


ਇਹ ਅਫਸੋਸ ਹੀ ਹੈ ਕਿ ਇਕ ਹੋਰ ਅਹਿਮੀਅਤ ਯੋਗ ਮਸਲੇ (ਮਜ਼ਦੂਰ ਅਤੇ ਖੇਤ ਮਜ਼ਰੂਰ ਨੂੰ ਸਮਝਣ, ਪਕੜਣ ਅਤੇ ਉਭਾਰਨ ਵਿੱਚ ਪੰਜਾਬੀ ਨਾਵਲਕਾਰੀ ਨਕਾਮ ਰਹੀ ਹੈ। ਦਲਿਤ-ਵਰਗਾਂ ਦਾ ਕਿਸੇ ਕਿਸੇ ਨਾਵਲ 'ਚ ਵਿਵਰਨ ਮਿਲਦਾ ਹੈ ਪਰੰਤੂ ਤੱਤ ਰੂਪ ਵਿੱਚ ਇਹ ਵਿਵਰਨ ਪੇਤਲੀ ਕਿਸਮ ਦਾ ਹੈ। ਹਨੇਰੇ 'ਚ ਘਿਰਿਆ ਮਨੁੱਖ (ਸ਼ਾਹ ਚਮਨ) 'ਚ ਕਿਰਤੀ ਵਰਗ ਦਾ ਜ਼ਿਕਰ ਕਰਨਾ, ਉਸਦੀਆਂ ਸਮੱਸਿਆਵਾਂ ਨੂੰ ਉਭਾਰਨਾ ਇਕ ਹਾਂਦਰੂ ਪੱਖ ਹੈ। ਇਸ ਵਿੱਚ ਲੁੰਪਨ ਪ੍ਰੋਲੇਤਾਰੀ ਦੀ ਪ੍ਰਸਤੁਤੀ ਵੀ ਹੋਈ ਮਿਲਦੀ ਹੈ। ਮਸ਼ਾਲਚੀ (ਡਾ. ਗੁਰਚਰਨ ਸਿੰਘ ਰਾਉ), ਨਾਵਲ ਪੇਂਡੂ ਦਲਿਤਾਂ (ਚਮਿਆਰ ਵਰਗ) ਦੇ ਕਰੂਰ ਯਥਾਰਥ ਦੀ ਅਭਿਵਿਅਕਤੀ ਹੈ। ਡਾ. ਰਾਓ ਨੇ ਜਿਸ ਢੰਗ ਨਾਲ ਪੇਂਡੂ ਦਲਿਤ ਵਰਗ ਦੇ ਕਰੂਰ ਜੀਵਨ, ਉਸ ਦੀ ਮਨੋ ਸਥਿਤੀ ਅਤੇ ਉਸ ਦੇ ਹੋ ਰਹੇ ਵਿਆਪਕ ਸ਼ੋਸ਼ਣ ਦੀ ਪੇਸ਼ਕਾਰੀ ਕੀਤੀ ਹੈ ਉਹ ਗੌਰਤਲਬ ਹੈ। ਇਹ ਪਹਿਲਾ ਨਾਵਲ ਹੈ ਜੋ ਦਲਿਤ ਵਰਗ ਦੇ ਸੰਕਟਾਂ ਨੂੰ ਉਭਾਰਨ ਵਾਲਾ ਨਾਵਲ ਹੈ। ਇਸ ਵਿੱਚ ਛੂਆਛਾਤ ਜਾਤੀਪਾਤੀ ਵਿਤਕਰੇ ਨੂੰ ਵੀ ਦੁਖਾਂਤਕ ਰੂਪ 'ਚ ਰੇਖਾਂਕਿਤ ਕੀਤਾ ਗਿਆ ਹੈ। ਅਣਮੁੱਕੀ ਵਾਟ ਦਾ ਚਿਰਾਗ਼ (ਕਾ. ਭਾਗ ਸਿੰਘ) ਨਾਵਲ ਦਾ ਨਾਇਕ ਸੁਰਜਣ ਨਿਮਨ ਜਾਤੀ ਨਾਲ ਸਬੰਧਤ ਹੈ ਪਰੰਤੂ ਉਹ ਜੁਝਾਰਵਾਦੀ ਰੁਚੀਆਂ ਦਾ ਲਖਾਇਕ ਹੈ। ਜਗੀਰਦਾਰ ਦੇ ਮੁੰਡੇ ਦੀਆਂ ਕਰਤੂਤਾਂ ਕਾਰਨ ਉਸਨੂੰ ਕੁੱਟਦਾ ਹੈ। ਸਿੱਟੇ ਵਜੋਂ ਉਸਨੂੰ ਪੁਲਸ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਇਸ ਦੇ ਬਾਵਜੂਦ ਆਦਰਸ਼ਵਾਦੀ, ਜੁਝਾਰਵਾਦੀ ਸੁਰਜਣ ਡੋਲਦਾ ਨਹੀਂ। ਮਿੱਤਰ ਸੈਨ ਮੀਤ ਦੇ ਨਾਵਲਾਂ (ਤਫ਼ਤੀਸ਼, ਕੌਰਵ ਸਭਾ ਆਦਿ) ਵਿੱਚ ਮੀਤਾ ਅਤੇ ਪਾਲਾ ਵੀ ਨਿਮਨ ਵਰਗ ਦੇ ਪਾਤਰ ਹਨ ਜਿਨ੍ਹਾਂ ਨੂੰ ਬੰਟੀ ਦੇ ਨਜ਼ਾਇਜ ਕਤਲ ਕੇਸ 'ਚ ਫਸਾ ਕੇ ਸਜਾ ਦੁਆ ਦਿੱਤੀ ਜਾਂਦੀ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਵੀ ਨਿਮਨ ਅਤੇ ਦਲਿਤ ਜਮਾਤਾਂ ਦੀ ਥਾਂ ਪੂੰਜੀਪਤੀ ਜਮਾਤ ਦਾ ਪੱਖ ਅਤੇ ਹਿੱਤ ਪੂਰਦੀ ਹੈ। ਲਾਲ ਬੱਤੀ (ਬਲਦੇਵ ਸਿੰਘ) ਨਾਵਲ 'ਚ ਦਰਜ ਵੇਸਵਾਗਿਰੀ ਕਿੱਤਾ ਕਰਨ ਵਾਲੀਆਂ ਕਾਫੀ ਲੜਕੀਆਂ ਨਿਮਨ ਅਤੇ ਦਲਿਤ ਵਰਗਾਂ ਨਾਲ ਸਬੰਧਤ ਹੁੰਦੀਆਂ ਹਨ। ਉਹ ਵੇਸਵਾਗਿਰੀ ਸ਼ੌਕ ਵਜੋਂ ਨਹੀਂ ਕਰਦੀਆਂ ਸਗੋਂ ਆਰਥਕ ਮਜ਼ਬੂਰੀਆਂ, ਦੁਸ਼ਵਾਰੀਆਂ ਕਾਰਨ ਕਰਨ ਲਈ ਬੇਵਸ ਹੁੰਦੀਆਂ ਹਨ। ਇਸ ਨਾਵਲ ਨੂੰ ਮਹਾਂ ਦੁਖਾਂਤਕ ਨਾਵਲ ਕਹਿਣਾ ਵਾਜਬ ਹੈ। ਨਾਵਲ





'ਜਵਾਲਾ ਮੁਖੀ' (ਸ਼ਾਹ ਚਮਨ) ਵਿੱਚ ਵੀ ਇਕ ਦਲਿਤ ਲੜਕੀ ਰੂਬੀ ਨਾਲ ਹੁੰਦੇ ਵਿਤਕਰੇ ਅਤੇ ਅਨਿਆਂ ਨੂੰ ਉਭਾਰਿਆ ਹੈ। ਰੂਬੀ ਨੂੰ ਫੱਫੇ ਕੁੱਟਣੀ ਦੇ ਲਕਬ ਨਾਲ ਦੁਰਕਾਰਿਆ ਜਾਂਦਾ ਹੈ। ਇਸ ਅਮਾਨਵੀ ਵਰਤਾਰੇ ਦੇ ਬਾਵਜੂਦ ਸਰਬਣ ਰੂਬੀ ਨੂੰ ਅਪਣਾ ਕੇ ਜਾਤੀ ਪਾਤੀ ਸਿਸਟਮ ਵਰਗੇ ਕਰੂਰ ਵਰਤਾਰੇ ਤੇ ਵਦਾਨੀ ਸੱਟ ਮਾਰਦਾ ਹੈ। ਇਹ ਅਗਾਂਹਵਧੂ ਪ੍ਰਵਿਰਤੀ ਦਾ ਲਖਾਇਕ ਨਾਵਲ ਹੈ। ਇਕ ਹੋਰ ਅਹਿਮ ਨਾਵਲ 'ਨਿਰਵਾਣ' (ਮਨਮੋਹਨ) ਵੀ ਵਿਆਖਿਆ ਅਤੇ ਅਧਿਐਨ ਦੀ ਮੰਗ ਕਰਦਾ ਹੈ। ਇਸ ਨਾਵਲ ਨੂੰ ਡਾ. ਮਨਮੋਹਨ ਨੇ ਇਤਿਹਾਸਕ ਅਤੇ ਸਮਾਜਿਕ ਸਭਿਆਚਾਰਕ ਆਰਥਕ ਪਰੀਪੇਖ 'ਚ ਰੱਖ ਕੇ ਵਾਚਿਆ ਹੈ। ਦਲਿਤ ਵਰਗ ਦੀ ਹੋਣੀ, ਉਸਦਾ ਸ਼ੋਸ਼ਣ ਅਤੇ ਉਸਦੀ ਲੁੱਟ, ਉਸ ਨਾਲ ਹੁੰਦੇ ਧੱਕੇ, ਅਨਿਆਂ ਅਤੇ ਵਿਤਕਰੇ, ਉਸ ਵਰਗ ਦੇ ਸੰਘਰਸ਼ਰਤ ਜੀਵਨ ਉੱਪਰ ਕੇਂਦਰਤ ਇਹ ਇਕ ਮਾਰਮਿਕ ਅਤੇ ਉਤਕ੍ਰਿਸ਼ਟ ਨਾਵਲ ਹੈ। ਦੇਸ ਰਾਜ ਕਾਲੀ ਆਪਣੇ ਨਾਵਲਾਂ 'ਚ ਦਲਿਤ ਅਤੇ ਨਿਮਨ ਵਰਗ ਨੂੰ ਵੱਖਰੇ ਜਾਵੀਏ ਅਤੇ ਦ੍ਰਿਸ਼ਟੀਕੋਣ ਤੋਂ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਗੁਰਦਿਆਲ ਸਿੰਘ ਦੇ ਨਾਵਲ (ਅਣਹੋਏ ਅਤੇ ਅੰਨ੍ਹੇ ਘੋੜੇ ਦਾ ਦਾਨ) ਵੀ ਕੁਝ ਹੱਦ ਤੱਕ ਦਲਿਤ ਜੀਵਨ ਦੀਆਂ ਸਮੱਸਿਆਵਾਂ ਅਤੇ ਮੁਸਕਲਾਂ ਨੂੰ ਪਕੜਣ ਵਿੱਚ ਕਾਮਯਾਬ ਰਿਹਾ ਹੈ। ਨਛੱਤਰ ਵੀ ਇਕ ਅਜਿਹਾ ਨਾਵਲਕਾਰ ਹੈ ਜਿਸਨੇ ਦਲਿਤ-ਜੀਵਨ ਦੇ ਅਨੁਭਵ ਨੂੰ ਆਪਣੇ ਨਾਵਲ 'ਨਿੱਕੇ ਨਿੱਕੇ ਅਸਮਾਨ' ਵਿੱਚ ਵੱਖਰੇ ਕੋਨ ਤੋਂ ਰੇਖਾਂਕਿਤ ਕੀਤਾ ਹੈ। ਇਹ ਨਾਵਲ ਦਲਿਤ ਵਰਗ ਦੇ ਕਠੋਰ ਜੀਵਨ ਦਾ ਯਥਾਰਥ ਹੀ ਨਹੀਂ ਸਗੋਂ ਇਹ ਨਾਵਲ ਇਸ ਵਰਗ ਦੀ ਚੇਤਨਾ ਨੂੰ ਵੀ ਪ੍ਰਚੰਡ ਕਰਦਾ ਹੈ। ਪਰ ਮੈਨੂੰ ਉਸ ਕਿਸਮ ਦੀ ਤਸੱਲੀ ਅਤੇ ਸੰਤੁਸ਼ਟੀ ਪ੍ਰਾਪਤ ਨਹੀਂ ਹੋਈ ਜਿਵੇਂ ਹੋਣੀ ਚਾਹੀਦੀ ਸੀ ਕਿਉਂਕਿ ਮੈਂ ਸਮਝਦਾ ਹਾਂ ਕਿ ਪੰਜਾਬੀ ਨਾਵਲਕਾਰਾਂ ਦੀ ਵਧੇਰੇ ਗਿਣਤੀ ਮੱਧ ਵਰਗ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਨੂੰ ਦਲਿਤ ਅਨੁਭਵ, ਤਜਰਬੇ, ਗਿਆਨ ਬੋਧ ਹੀ ਨਹੀਂ, ਇਸ ਕਰਕੇ ਹੀ ਉਹ ਦਲਿਤ ਜੀਵਨ ਨਾਲ ਸਬੰਧਤ ਨਾਵਲ ਰਚਣ ਤੋਂ ਆਸਮਰੱਥ ਰਹੇ ਹਨ।

ਸਾਮੰਤਵਾਦੀ ਸਰੰਚਨਾ ਜੋ ਮਰਦ ਪ੍ਰਧਾਨ ਤੇ ਹਉਂ ਦੀ ਲਖਾਇਕ ਸੀ ਅਤੇ ਇਸ ਵਿੱਚ ਵੀ ਲੁੱਟ-ਸ਼ੋਸ਼ਣ ਇਕ ਆਮ ਵਰਤਾਰਾ ਸੀ ਪਰੰਤੂ ਇਸ ਦੌਰ ਵਿੱਚ ਔਰਤ ਦੀ ਸਥਿਤੀ ਕੋਈ ਬਿਹਤਰ ਨਹੀਂ ਸੀ। ਇਹ ਘਰ 'ਚ ਹੰਢਾਈ ਜਾਣ ਵਾਲੀ ਵਸਤੂ ਸੀ। ਇਸ ਦੌਰ ਵਿੱਚ ਔਰਤ ਦੀ ਕੋਈ ਸੁਣਵਾਈ ਨਹੀਂ ਸੀ, ਉਸ ਨਾਲ ਘਰ ਵਿੱਚ ਅਨਿਆ ਅਤੇ ਧੱਕੇ, ਉਸਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਬੇਕਿਰਕੀ ਨਾਲ ਹੁੰਦਾ ਸੀ ਪਰੰਤੂ 70 ਵਿਆ ਤੋਂ ਬਾਅਦ ਮਾਰਕਸ ਦੇ ਨਿਯਮ ਨਿਖੇਧ ਦਾ ਨਿਬੰਧ ਅਨੁਸਾਰ ਸਾਮੰਤਵਾਦੀ ਮੁੱਲ-ਪ੍ਰਤਿਮਾਨ ਆਪਣੀ ਮੌਤ ਵੱਲ ਵੱਧ ਰਹੇ ਸਨ ਅਤੇ 90 ਵਿਆਂ ਤੱਕ ਸਾਡੇ ਦੇਸ਼ ਵਿੱਚ ਵੀ ਪੂੰਜੀਵਾਦੀ ਸਰੰਚਨਾ ਦੀ ਚੜ੍ਹਤ ਹੋਣ ਲੱਗ ਪਈ ਸੀ। ਇਸ ਦੌਰ ਵਿੱਚ ਸ਼ਹਿਰੀ ਖੇਤਰਾਂ ਦੀਆਂ ਔਰਤਾਂ ਦੇ ਕੁਝ ਹਿੱਸੇ ਅਤੇ ਪੇਂਡੂ ਪੜ੍ਹੀਆਂ ਲਿਖੀਆਂ ਔਰਤਾਂ ਦੇ ਨਾ ਮਾਤਰ ਹਿੱਸੇ ਆਪਣੇ ਅਧਿਕਾਰਾਂ (ਸਮਾਨਤਾ ਯੁਕਤ) ਦਾ ਗਿਆਨ ਅਤੇ ਸੋਝੀ ਹੋ ਗਈ ਸੀ। ਦੌਰ ਭਾਵੇਂ ਪੂੰਜੀਵਾਦੀ ਦਾ ਆ ਗਿਆ ਸੀ ਪਰੰਤੂ ਮਰਦ ਆਪਣੀ ਪ੍ਰਧਾਨਗੀ ਅਤੇ ਸਰਕਾਰ ਛੱਡਣ ਲਈ ਤਤਪਰ ਨਹੀਂ ਸੀ ਪਰੰਤੂ ਔਰਤ (ਜਿਸ ਹਿੱਸੇ ਦਾ ਉੱਪਰ ਜਿਕਰ ਕੀਤਾ ਗਿਆ ਹੈ) ਅਜਿਹੀ ਪ੍ਰਵਿਰਤੀ ਨੂੰ ਚਾਹੁੰਦੀ ਨਹੀਂ ਸੀ ਬਨਿਸਪਤ ਵਧਣ ਲੱਗ ਪਈਆਂ। ਸਮਕਾਲ ਵਿਚ ਪਤੀ ਬਰਤਾ ਸੰਕਲਪ ਟੁੱਟਣ ਲੱਗ ਪਿਆ ਹੈ, ਵਿਦਿਆ ਦੇ ਪਾਸਾਰ ਨਾਲ ਵੀ ਔਰਤ ਜਾਗਰਤ ਹੋਣ ਲੱਗ ਪਈ ਹੈ ਇਸ ਨੂੰ ਇਉਂ ਵੀ ਪਰੀਭਾਸ਼ਤ ਕਰਨਾ ਉਚਿਤ ਰਹੇਗਾ ਕਿ ਦਵੰਦਵਾਦੀ ਪਦਾਰਥਵਾਦੀ, ਇਤਿਹਾਸਕ ਦਵੰਦਵਾਦੀ ਦ੍ਰਿਸ਼ਟੀਕੋਣ ਅਨੁਸਾਰ ਕੁਝ ਨਾ ਕੁਝ ਢਹਿੰਦਾ ਰਹਿੰਦਾ ਹੈ ਅਤੇ ਨਵਾਂ ਉਸਰਦਾ ਰਹਿੰਦਾ ਹੈ। ਸੋ ਸਾਮੰਤਵਾਦ ਢਹਿ





ਢੇਰੀ ਹੋਣ ਤੋਂ ਬਾਅਦ ਪੂੰਜੀਵਾਦ ਦੇ ਆਉਣ ਪਿੱਛੋਂ ਇਹੋ ਕਾਰਕ ਕਾਰਜਸ਼ੀਲ ਹੈ। ਪੁਰਾਤਨ (ਭਾਵ ਸਾਮੰਤਵਾਦੀ ਸਰੰਚਨਾ ਵਿੱਚ) ਸਾਮੰਤੀ ਪ੍ਰਥਾਵਾਂ ਮਾਨਤਾਵਾ, ਪਰੰਪਰਾਵਾਂ ਨੂੰ ਇਕ ਔਰਤ ਉਲੰਘਣ ਤੋਂ ਅਸਮਰੱਥ ਸੀ ਪਰੰਤੂ ਪੂੰਜੀਵਾਦੀ ਸਰੰਚਨਾ ਵਿੱਚ ਇਹ ਪ੍ਰਥਾਵਾਂ-ਮਾਨਤਾਵਾਂ ਪਰੰਪਰਾਵਾਂ ਬਿਖਰਨ ਲੱਗ ਪਈਆਂ ਹਨ। ਔਰਤਾਂ ਬੁਰਜੂਆ ਸਭਿਆਚਾਰ ਤੋਂ ਪ੍ਰਭਾਵਤ ਹੋਣ ਲਗ ਪਈਆਂ ਹਨ। ਕਿਉਂਕਿ ਪੂੰਜੀਵਾਦੀ ਸਰੰਚਨਾ ਖੁੱਲ੍ਹ, ਆਜ਼ਾਦੀ ਨੂੰ ਪਹਿਲ ਦਿੰਦੀ ਹੈ ਸਿੱਟੇ ਵਜੋਂ ਔਰਤਾਂ ਨੌਕਰੀਆਂ ਕਰਦੀਆਂ ਹਨ, ਉਹ ਘਰ ਤੋਂ ਬਾਹਰ ਆ ਜਾ ਸਕਦੀਆਂ ਹਨ। ਉਹ ਮੁਹੱਬਤ ਕਰ ਸਕਦੀਆਂ ਹਨ ਅਤੇ ਪਿਆਰ-ਵਿਆਹ ਵੀ ਆਪਣੀ ਇੱਛਾ ਅਨੁਸਾਰ ਕਰ ਸਕਦੀਆਂ ਹਨ। ਇਹ ਵੀ ਸੱਚ ਹੈ ਕਿ ਪੂੰਜੀਵਾਦ ਵਿੱਚ ਵੀ ਅਰਧ ਸਾਮੰਤੀ ਧਾਰਨਾਵਾਂ ਅਤੇ ਮੁੱਲ ਪ੍ਰਤਿਮਾਨ ਮਰਦ ਦੀ ਜ਼ਹਿਨੀਅਤ ਦਾ ਅੰਗ ਵੀ ਹਨ ਸਿੱਟੇ ਵਜੋਂ ਪਿਆਰ ਕਰਨ ਵਾਲੀਆਂ ਲੜਕੀਆਂ ਨੂੰ ਕਿਤੇ ਕਿਤੇ ਮਾਰ ਕੁੱਟ, ਉਤਪੀੜਣ ਤੇ ਹਿੰਸਾ ਵੀ ਬਰਦਾਸ਼ਤ ਕਰਨੀ ਪੈਂਦੀ ਹੈ, ਇੱਜ਼ਤ ਖ਼ਾਤਰ ਕਤਲ ਵੀ ਹੋ ਜਾਂਦੇ ਹਨ। ਫਿਰ ਵੀ ਇਹ ਆਮਨਵੀ ਵਰਤਾਰੇ ਸਮਕਾਲ ਵਿੱਚ ਆਪਣੀ ਮਹੱਤਤਾ ਗੁਆ ਰਹੇ ਹਨ। ਲੜਕੀਆਂ, ਔਰਤਾਂ ਦਾ ਕਾਫੀ ਹਿੱਸਾ ਘਰ ਤੋਂ ਲੈ ਕੇ ਹਰ ਖੇਤਰ ਵਿੱਚ ਮਰਦ ਨਾਲ ਲੋਹਾ ਲੈ ਰਿਹਾ ਹੈ। ਇਹ ਹਿੱਸਾ ਪਿਆਰ ਕਰਨ, ਪਿਆਰ ਵਿਆਹ ਕਰਾਉਣ ਵੱਲ ਰੁਚਿਤ ਹੋ ਰਿਹਾ ਹੈ। ਨਾਰੀ ਵਰਗ ਦਾ ਕੁਝ ਹਿੱਸਾ ਜਾਤੀਪਾਤੀ ਪ੍ਰਬੰਧ ਨੂੰ ਢਹਿ ਢੇਰੀ ਕਰਨ ਵੱਲ ਰੁਚਿਤ ਹੈ, ਧਰਮ ਦੀਆਂ ਲਛਮਣ ਰੇਖਾਵਾਂ ਨੂੰ ਵੀ ਉਲੰਘ ਰਿਹਾ ਹੈ। ਔਰਤ ਵਰਗ ਦੇ ਕੁਝ ਹਿੱਸੇ ਦੀ ਬਗ਼ਾਵਤ ਨੇ ਵੀ ਸਭਿਆਚਾਰਕ ਮੁੱਲਾਂ ਪ੍ਰਤਿਮਾਨਾਂ ਨੂੰ ਸੱਟ ਮਾਰੀ ਹੈ। ਬੁਰਜੂਆ ਔਰਤ ਕਿਸੇ ਦੀ ਪ੍ਰਵਾਹ ਨਹੀਂ ਕਰਦੀ, ਉਹ ਮਰਜੀ ਨਾਲ ਜਿਉਣ ਦੇ ਸੰਕਲਪ ਨੂੰ ਅਪਨਾ ਰਹੀ ਹੈ। ਪੈਟੀ ਬੁਰਜੂਆ ਔਰਤ ਵੀ ਧੱਕੇਸਾਹੀਆਂ, ਬੇਇਨਸਾਫ਼ੀਆਂ ਸਹਿਣ ਤੋਂ ਮੁਨਕਰ ਹੋ ਰਹੀ ਹੈ। ਇਸ ਯੁੱਗ ਨੇ ਜਿੱਥੇ ਔਰਤ ਵਰਗ ਵਿੱਚ ਵਿਭਿੰਨ ਅਲਾਮਤਾਂ ਨੂੰ ਵਧਾਇਆ-ਫੁਲਾਇਆ ਹੈ ਉੱਥੇ ਇਸ ਵਰਗ ਦਾ ਕੁਝ ਹਿੱਸਾ ਹਾਂਦਰੂ ਚੇਤਨਾ ਦਾ ਵਾਹਕ ਵੀ ਹੈ। ਇਹ ਆਪਣੇ ਮਾਨਵੀ ਹੱਕਾਂ ਲਈ ਸੰਘਰਸ਼ਰਤ ਹੈ। ਜਿੱਥੇ ਕੁਝ ਔਰਤਾਂ ਸਮਾਨਤਾ ਦੇ ਅਧਿਕਾਰ ਦੀਆਂ ਇਛਾਵਾਨ ਹਨ ਉੱਥੇ ਇਕ ਵਰਗ ਅਜਿਹਾ ਵੀ ਹੈ ਜੋ ਮਰਦ ਨੂੰ ਮਾਨਤਾ ਨਹੀਂ ਦਿੰਦਾ। ਹਾਲਾਂ ਕਿ ਸਮਾਜਕ ਜੀਵਨ ਵਿੱਚ ਮਰਦ-ਔਰਤ ਦਾ ਰਿਸ਼ਤਾ ਪਵਿੱਤਰਤਾ ਦਾ ਲਖਾਇਕ ਹੋਣਾ ਚਾਹੀਦਾ ਹੈ। ਮਰਦ ਬਿਨਾ ਔਰਤ, ਔਰਤ ਬਿਨਾ ਮਰਦ ਅਧੂਰਾ ਹੈ। ਮਰਦ ਔਰਤ ਦਾ ਰਿਸ਼ਤਾ ਦਵੰਦਾਤਮਕ ਹੀ ਨਹੀਂ ਸਗੋਂ ਏਕਤਾ ਲਬਰੇਜ਼ ਹੋਣਾ ਚਾਹੀਦਾ ਹੈ। ਇਸ ਜ਼ੁਜ ਨੂੰ ਸਮਝਣਾ ਨਿਹਾਇਤ ਜ਼ਰੂਰੀ ਹੈ। ਸਮਾਜਿਕ ਵਿਕਾਸ ਵੀ ਇਵੇਂ ਹੀ ਹੁੰਦਾ ਹੈ।

90 ਵਿਆਂ ਤੋਂ ਬਾਅਦ ਪੂੰਜੀਵਾਦ ਵਿਸ਼ਵੀਕਰਨ ਦਾ ਪ੍ਰਭਾਵ-ਕੁ ਪ੍ਰਭਾਵ ਔਰਤ ਵਰਗ ’ਤੇ ਪੈਣਾ ਆਰੰਭ ਹੋ ਗਿਆ ਹੈ। ਔਰਤ ਨੂੰ ਆਜ਼ਾਦੀ ਅਤੇ ਖੁੱਲ੍ਹ ਦੇ ਨਾਮ ਤੇ ਲੁੱਟਿਆ ਜਾਂਦਾ ਹੈ, ਉਸਦਾ ਸ਼ੋਸ਼ਣ ਕੀਤਾ ਜਾਂਦਾ ਹੈ ਪਰੰਤੂ ਉਸ ਦੀ ਲੁੱਟ-ਸ਼ੋਸ਼ਣ ਦਾ ਬਾਕੀ ਯੁੱਗਾਂ (ਸਮੇਤ ਪੂੰਜੀਵਾਦ) ਨਾਲੋਂ ਰੂਪ ਵੱਖਰਾ ਹੋ ਚੁੱਕਾ ਹੈ। ਔਰਤ ਦਾ ਬਾਜ਼ਾਰੀਕਰਨ ਹੋ ਗਿਆ ਹੈ, ਉਸ ਨੂੰ ਬਾਜ਼ਾਰ ਦੀ ਵਸਤੂ (ਹੁਣ ਤਾਂ ਮਰਦ ਵੀ ਬਾਜ਼ਾਰ ਦੀ ਵਸਤ ਬਣ ਗਿਆ ਹੈ) ਵਾਂਗ ਖਰੀਦਿਆਂ ਵਰਤਿਆ ਜਾਣ ਲੱਗ ਪਿਆ ਹੈ। ਭਾਵੇਂ ਵਿਸ਼ਵੀਕਰਨ ਨੇ ਔਰਤ ਦਾ ਰੂਪ ਬਦਲ ਦਿੱਤਾ ਹੈ ਫਿਰ ਵੀ ਉਸਦਾ ਸ਼ੋਸ਼ਣ ਘਟਿਆ ਨਹੀਂ ਸਗੋਂ ਹੋਰ ਸ਼ਕਲ ਗ੍ਰਹਿਣ ਕਰਕੇ ਤਿੱਖਾ ਹੋ ਚੁੱਕਾ ਹੈ। ਇਸ ਸਰੰਚਨਾ ’ਚ ਵੀ ਔਰਤ ਦੇ ਵਿਭਿੰਨ ਰੂਪ ਹਨ। ਕਿਤੇ ਉਹ ਬਲਾਤਕਾਰ, ਜਿਨਸੀ ਛੇੜ ਛਾੜ ਹਿੰਸਾ ਅਤੇ ਉਤਪੀੜਨ ਦਾ ਸ਼ਿਕਾਰ ਹੈ। ਕਿਤੇ ਉਹ ਪਤੀ ਬਰਤਾ ਵੀ ਹੈ, ਕਿਤੇ ਉਹ ਬਗਾਵਤੀ ਸੁਰ ਵੀ ਅਪਨਾਈ ਬੈਠੀ ਹੈ। ਕਿਤੇ ਉਹ ਆਪਣੀ ਦੇਹ ਨੂੰ




ਆਪਣੇ ਲਾਭਾ ਅਤੇ ਹਿੱਤਾਂ ਲਈ ਵੇਚ ਰਹੀ ਹੈ। ਕਿਤੇ ਉਹ ਨਸ਼ਿਆ ਦੀ ਸ਼ਿਕਾਰ ਹੈ, ਅਤੇ ਉਹ ਪੜ੍ਹ ਲਿਖ ਕੇ ਚੰਗੇ ਆਹੁਦਿਆਂ ਤੇ ਨਿਯੁਕਤ ਹੈ। ਇਸ ਯੁੱਗ ਨੇ ਔਰਤ ਵਰਗ ਨੂੰ ਬਹੁਤ ਪਰਤਾਂ ਵਿੱਚ ਵੰਡ ਦਿੱਤਾ ਹੈ। ਪੰਜਾਬੀ ਨਾਵਲ ’ਚ ਸਾਮੰਤਵਾਦੀ, ਪੂੰਜੀਵਾਦੀ, ਨਵ-ਪੂੰਜੀਵਾਦੀ (ਭਾਵ ਪੂੰਜੀਵਾਦੀ ਵਿਸ਼ਵੀਕਰਨ) ਸਰੰਚਨਾਵਾਂ ਤੋਂ ਪ੍ਰਭਾਵਤ ਕੁ ਪ੍ਰਭਾਵਤ ਔਰਤਾਂ ਦੀਆਂ ਵਿਭਿੰਨ ਪਰਤਾਂ ਅਤੇ ਸ਼ਕਲਾਂ ਅੰਕਤ ਹੋਈਆਂ ਮਿਲਦੀਆਂ ਹਨ। ਇਨ੍ਹਾਂ ਨਾਵਲਾਂ ’ਚ ਔਰਤ ਵਰਗ ਪ੍ਰਤੀ ਪ੍ਰਸਤੁਤ ਹਾਂਦਰੂ, ਸਿਹਤਮੰਦ ਅਤੇ ਅਗਾਂਹਵਧੂ ਵਿਚਾਰ ਵੀ ਉਪਲੱਬਧ ਹਨ। ਸਾਡੇ ਨਾਵਲਕਾਰਾਂ ਨੇ ਔਰਤ ਵਰਗ ਦੀਆਂ ਸਮੱਸਿਆਵਾਂ, ਉਸਦੇ ਮਸਲੇ/ ਸੰਕਟ, ਉਸ ਨਾਲ ਵਾਪਰ ਰਹੇ ਦੁਖਾਂਤ, ਉਸਦੇ ਦੁੱਖਾਂ-ਦਰਦਾਂ ਅਤੇ ਉਸ ਨਾਲ ਕੀਤੀ ਜਾਂਦੀ ਹਿੰਸਾ ਅਤੇ ਉਤਪੀੜਣ ਦੇ ਮਹਿਜ ਅਰਥ ਹੀ ਨਹੀਂ ਸਝਾਏ ਸਗੋਂ ਉਨ੍ਹਾਂ ਨੂੰ ਜਾਗਰੂਕ ਅਤੇ ਚੇਤਨ ਵੀ ਕੀਤਾ ਗਿਆ ਹੈ। ਕੁਝ ਨਾਵਲਾਂ ’ਚ ਚੇਤਨਸ਼ੀਲ ਅਤੇ ਸ਼ੰਘਰਸ਼ ਸ਼ੀਲ ਔਰਤਾਂ ਨੂੰ ਵੀ ਪ੍ਰਸਤੁਤ ਕਰਨ ਦਾ ਪ੍ਰਯੋਜਨ ਵੀ ਇਹੋ ਹੈ ਕਿ ਉਹ ਆਪਣੇ ਹੱਕਾਂ ਅਧਿਕਾਰਾਂ ਨੂੰ ਸਮਝਣ-ਪਹਿਚਾਨਣ, ਸਮਾਨਤਾ ਦੇ ਰੁਤਬੇ ਲਈ ਸੰਘਰਸ਼ ਦੇ ਰਸਤੇ ਪੈਣਾ ਪਿਆਰ ਭਾਵਨਾ (ਮਰਦ ਬਨਾਮ ਔਰਤ) ਇਕ ਪ੍ਰਬਲ ਭਾਵਨਾ ਹੈ ਜਿਸਨੂੰ ਲੱਗਭੱਗ ਹਰ ਪੰਜਾਬੀ ਨਾਵਲ ਵਿੱਚ ਉੱਚਤਮ ਸਥਾਨ ਪ੍ਰਾਪਤ ਹੈ। ਪੰਜਾਬੀ ਨਾਵਲ ਅਮਾਨਵੀ ਵਰਤਾਰਿਆਂ ਨੂੰ ਕਿਸੇ ਵੀ ਪੱਧਰ ਤੇ ਮਾਨਤਾ ਨਹੀਂ ਦਿੰਦਾ ਜੋ ਔਰਤ ਵਰਗ ਨੂੰ ਤ੍ਰਿਸਕਾਰਦੇ-ਧਿਰਕਾਰਦੇ ਹਨ ਜਾਂ ਜੋ ਮਰਦ-ਔਰਤ ਵਿੱਚ ਬਖੇੜੇ ਅਤੇ ਝਗੜੇ ਉਤਪੰਨ ਕਰਦੇ ਹਨ। ਉਹ ਉਨ੍ਹਾਂ ਸਿਹਤਮੰਦ, ਹਾਂਦਰੂ ਵਰਤਾਰਿਆਂ, ਸੰਕਲਪਾਂ ਅਤੇ ਸਰੋਕਾਰਾਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਰਾਹੀਂ ਮਰਦ-ਔਰਤ ਰਲ਼ ਕੇ ਆਪਣੀ ਜੀਵਨ-ਗੱਡੀ ਨੂੰ ਤੋਰਦੇ, ਸਮੱਸਿਆਵਾਂ ਮਸਲਿਆਂ ਸੰਕਟਾਂ ਦਾ ਟਾਕਰਾ ਕਰਦੇ ਹਨ। ਪ੍ਰਮਾਣ ਵਜੋਂ ਕੁਝ ਨਾਵਲਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਕਾਸ਼ (ਕੁਲਦੀਪ ਸਿੰਘ ਬੇਦੀ), ਲਾਲ ਬੱਤੀ (ਬਲਦੇਵ ਸਿੰਘ), ਚਿਹਰੇ, ਨਥਾਵੇਂ, ਮੰਜ਼ਲ ਹੋਰ ਪਰ੍ਹੇ (ਮਹਿੰਦਰਪਾਲ ਧਾਲੀਵਾਲ ਲੰਡਨ), ਗੇਲੋ, ਸਰਦਾਰੋ, ਪਰਤਾਪੀ, ਬੱਸ ਹੋਰ ਨਹੀਂ (ਰਾਮ ਸਰੂਪ ਅਣਖੀ), ਪਾਲੀ, ਪੂਰਨਮਾਸ਼ੀ, ਭਵਾਨੀ, ਮਨੁੱਖਤਾ, ਸੁੰਦਰਾਂ (ਜਸਵੰਤ ਸਿੰਘ ਕੰਵਲ), ਰੋਹੀ ਬੀਆਬਾਨ (ਕਰਮਜੀਤ ਕੁੱਸਾ), ਦਰਅਸਲ, ਧਾਰਾ ਵਾਲਾ ਪੁਲ (ਕੇ. ਐਲ. ਗਰਗ), ਧੁੱਪ ਦੀ ਵਾਟ (ਬਲਜੀਤ ਕੌਰ ਬੱਲੀ), ਬੁੱਕਲ ਦਾ ਰਿਸ਼ਤਾ, ਇਕ ਤਾਜ਼ ਮਹਿਲ ਹੋਰ (ਖ਼ਾਮੋਸ਼), ਕੋਠੇ ਖੜਕ ਸਿੰਘ (ਅਣਖੀ), ਖੇੜੇ ਸੁੱਖ ਵਿਹੜੇ ਸੁੱਖ (ਬਿਲਿੰਗ), ਭਗੌੜਾ (ਜਰਨੈਲ ਸੇਖਾ), ਅਲਵਿਦਾ ਅਮੀਰਪੁਰ (ਪ੍ਰਗਟ ਸਿੰਘ ਸਿੱਧੂ), ਰੇਤ (ਹਰਜੀਤ ਅਟਵਾਲ), ਜਵਾਲਾ ਮੁੱਖੀ (ਸ਼ਾਹ ਚਮਨ), ਤੇ ਹਵਾ ਰੁਕ ਗਈ (ਗੁਰਨਾਮ ਗਿੱਲ), ਤੀਜੀ ਅਲਵਿਦਾ (ਦਵਿੰਦਰ ਸੇਖਾ), ਕਨਕ ਕਾਮਿਨੀ (ਚੰਦਨ ਨੇਗੀ), ਅੰਨ੍ਹੀ ਗਲੀ ਦੇ ਰਾਹੀ (ਜਸਦੇਵ ਧਾਲੀਵਾਲ), ਸੰਤਾਪੇ ਦਿਨ (ਅਸ਼ਵਨੀ ਗੁਪਤਾ), ਕਾਲੀ ਮਿੱਟੀ (ਮੋਹਨ ਕਾਹਲੋਂ), ਰੰਗ ਤਮਾਸ਼ਾ (ਕੁਲਦੀਪ ਸਿੰਘ ਬੇਦੀ), ਅੰਬਰ ਵੱਲ ਉਡਾਣ (ਬਲਬੀਰ ਪਰਵਾਨਾ) ਆਦਿ ਨਾਵਲਾਂ ’ਚ ਘੱਟ ਜਾਂ ਵੱਧ ਰੂਪ ’ਚ ਔਰਤ ਵਰਗ ਦੇ ਮਸਲਿਆਂ ਸੰਕਟਾਂ, ਵਿਸੰਗਤੀਆਂ, ਹਿੰਸਾ-ਉਤਪੀੜਣ, ਦਵੰਦਮਈ ਅਤੇ ਵਿਰੋਧੀ ਸੁਰਾਂ, ਵੇਸਵਾਗਿਰੀ, ਵਿਸ਼ਵੀਕਰਨ ਦੇ ਦੌਰ ਵਿੱਚ ਰਸਾਤਲ ਵੱਲ ਜਾ ਰਹੀ ਔਰਤ, ਚੇਤਨਸ਼ੀਲ ਅਤੇ ਸ਼ੰਘਰਸ਼ਸ਼ੀਲ ਔਰਤਾਂ ਨੂੰ ਕਈ ਪਰਤਾਂ ਪੱਖਾਂ ਕੋਨਾਂ ਤੋਂ ਵਿਚਾਰਿਆਂ, ਉਭਾਰਿਆ ਅਤੇ ਪ੍ਰਸਾਰਿਆ ਗਿਆ ਹੈ। ਉਪਰੋਕਤ ਜ਼ਿਕਰਯੋਗ ਨਾਵਲਾਂ ਵਿੱਚ ਔਰਤ ਦੇ ਵਿਭਿੰਨ ਰੂਪਾਂ ਅਤੇ ਪੱਖਾਂ ਨੂੰ ਹੀ ਨਹੀਂ ਅਭਿਵਿਅਕਤ ਕੀਤਾ ਗਿਆ। ਸਗੋਂ ਮਰਦ ਦੇ ਵੀ ਕੋਈ ਰੂਪਾਂ-ਉਪਰੂਪਾਂ ਦੀ ਪ੍ਰਸਤੁਤੀ ਹੋਈ ਹੈ। ਕਿਸੇ ਨਾਵਲ ਵਿੱਚ ਮਰਦ ਆਪਣੀ ਹੈਜਮਨੀ, ਆਪਣੀ ਹਉਂ, ਆਪਣੀ ਸਰਦਾਰੀ ਅਤੇ ਪ੍ਰਧਾਨਗੀ ਨੂੰ ਤਿਲਾਂਜਲੀ ਦੇਣ ਲਈ ਹਰਗਿਜ ਤਿਆਰ ਨਹੀਂ। ਕਿਸੇ ਨਾਵਲ ’ਚ ਉਹ ਨਾਇਕ, ਕਿਸੇ ’ਚ ਖਲਨਾਇਕ। ਕਿਸੇ ਨਾਵਲ ’ਚ ਉਹ ਸੰਵੇਦਨਸ਼ੀਲ, ਅਨੁਸ਼ਾਸਨ ਵੱਧ ਸਦਾਚਾਰਕ ਪੱਖਾਂ ਦਾ ਧਾਰਨੀ, ਕਿਸੇ ਨਾਵਲ ’ਚ ਉਹ ਅਪਰਾਧੀ, ਦੰਭੀ, ਲੋਭੀ, ਲਾਲਚੀ, ਸੰਵੇਦਨਹੀਣ, ਦੋਗਲੇਪਣ ਦਾ ਲਖਾਇਕ,




ਅਮਾਨਵੀ ਅਤੇ ਕਾਲੇ ਕਾਰ ਵਿਵਹਾਰ ਅਤੇ ਭੱਦੇ ਆਚਰਨ ਦਾ ਮਾਲਕ ਦਰਸਾਇਆ ਹੈ। ਕਿਤੇ ਮਰਦ ਮਰਦ ਵੱਲੋਂ ਹੀ ਉਸਦੀ ਲੁੱਟ-ਸ਼ੋਸ਼ਣ ਦਾ ਖਾਜਾ ਬਣ ਰਿਹਾ ਹੈ। ਕਿਸੇ ਨਾਵਲ 'ਚ ਮਰਦ ਦੱਬੂ, ਗਰੀਬੜਾ, ਗੁਰਬਤ ਦਾ ਭੰਨਿਆ, ਸਥਿਤੀਆਂ ਪ੍ਰਸਥਿਤੀਆਂ ਤੋਂ ਹਾਰਿਆ ਨਜ਼ਰ ਆਉਂਦਾ ਹੈ। ਕਿਸੇ ਨਾਵਲ 'ਚ ਮਰਦ ਨਾ ਨਿਵਾਰਨਯੋਗ ਮਸਲਿਆਂ ਸੰਕਟਾਂ, ਸਮੱਸਿਆਵਾਂ-ਮੁਸਕਲਾਂ ਦੀ ਪੀਡੀ ਗ੍ਰਿਫ਼ਤ ਵਿੱਚ ਸਹਿਕਦਾ ਦਿਖਾਇਆ ਗਿਆ ਹੈ। ਕੋਈ ਮਰਦ ਆਪਣੇ ਪੁੱਤਾਂ-ਧੀਆਂ ਅਤੇ ਕੋਈ ਪਤਨੀ ਕਾਰਨ ਚਿੰਤਤ ਅਤੇ ਪਰੇਸ਼ਾਨ ਹੈ। ਕਿਸੇ ਮਰਦ ਨੂੰ ਇਕੱਲਤਾ, ਬੇਗਾਨਗੀ, ਨਿਰਾਸ਼ਤਾਵਾਂ ਅਤੇ ਉਦਾਸੀਆਂ ਨੇ ਘੇਰਿਆ ਹੋਇਆ ਹੈ, ਕਿਸੇ ਨਾਵਲ 'ਚ ਮਰਦ ਉਪਭੋਗਤਾਵਾਦੀ ਰੁਚੀਆਂ ਦਾ ਸ਼ਿਕਾਰ ਹੈ। ਪੈਸਾ ਹੀ ਉਸ ਦਾ ਮਾਂ ਬਾਪ ਹੈ, ਰਿਸ਼ਤੇ ਉਸ ਲਈ ਬੇਮਾਹਣੇ ਹਨ। ਕੋਈ ਦਬਾਵਾਂ, ਤਨਾਵਾਂ-ਦਵੰਧਾ ਦੀ ਮਾਰ ਹੇਠ ਹੈ। ਪੂੰਜੀਵਾਦੀ ਵਿਸ਼ਵੀਕਰਨ ਅਨੁਸਾਰ ਚਲ ਰਿਹਾ ਮਨੁੱਖ ਇਕ ਨਹੀਂ ਇਕੋ ਵਾਰ ਕਈ ਜ਼ਿੰਦਗੀਆਂ ਹੰਢਾਂ ਰਿਹਾ ਹੈ। ਉਹ ਬੀਮਾਰ ਮਾਨਸਿਕਤਾ ਦਾ ਧਰਾਨੀ ਹੋ ਚੁੱਕਾ ਹੈ। ਉਹ ਆਪਣੇ ਆਪ ਨਾਲੋਂ ਟੁੱਟਦਾ ਜਾ ਰਿਹਾ ਹੈ। ਇਹ ਸੱਭ ਵਰਤਾਰੇ ਵਿਭਿੰਨ ਸ਼ਕਲਾਂ ਵਿੱਚ ਪੰਜਾਬੀ ਨਾਵਲ ਨੇ ਚੁੱਕੇ ਹਨ। ਇਸ ਦੇ ਬਾਵਜੂਦ ਕੁਝ ਨਾਵਲਾਂ 'ਚ ਮਰਦ ਚੜ੍ਹਦੀ ਕਲਾ ਵਿੱਚ ਜਿਊਂਦੇ ਹਨ। ਉਹ ਜ਼ਿੰਦਗੀ ਨੂੰ ਜਿਉਣ ਜੋਗੀ ਅਤੇ ਖ਼ੂਬਸੂਰਤ ਬਣਾਉਣ ਲਈ ਜਤਨਸ਼ੀਲ ਹਨ। ਉਨ੍ਹਾਂ ਦਾ ਵਿਸ਼ਵਾਸ ਕੁਝ ਨਾ ਕੁਝ ਕਰਨ ਵਿੱਚ ਹੈ। ਅਜਿਹੇ ਬੰਦੇ ਸੰਘਰਸ਼ ਰਾਹੀਂ ਆਪਣੇ ਮਸਲਿਆਂ ਸੰਕਟਾਂ ਦਾ ਮੋਚਨ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਵਿਰੋਧਾਂ ਨਾਲ ਟਕਰਾ ਕੇ ਫਨਾਹ ਹੋ ਸਕਦੇ ਹਨ ਪਰ ਕਦੇ ਹਾਰ ਨੂੰ ਸਵੀਕਾਰ ਨਹੀਂ ਕਰਦੇ, ਉਹ ਡਿੱਗਦੇ ਢਹਿੰਦੇ ਹਨ, ਫਿਰ ਉਠਦੇ ਹਨ। ਗੁਰਦਿਆਲ ਸਿੰਘ ਦੇ ਨਾਵਲ 'ਪਰਸਾ' ਦਾ ਪਾਤਰ ਪਰਸਾ ਭਾਵੇਂ ਆਮ ਬੰਦਾ ਹੈ ਪਰੰਤੂ ਉਹ ਨਾਇਕਾਂ ਵਾਂਗ ਜ਼ਿੰਦਗੀ ਜਿਉਂਦਾ ਹੈ, ਕਿਸੇ ਸਥਿਤੀ ਪ੍ਰਸਥਿਤੀ ਨਾਲ ਸਮਝੌਤਾ ਨਹੀਂ ਕਰਦਾ। ਪਰਸਾ ਡਿੱਗਦਾ ਹੈ ਪਰ ਹਾਰ ਨਹੀਂ ਮੰਨਦਾ। ਉਹ ਉੱਠਦਾ ਹੈ ਅਤੇ ਫਿਰ ਤੁਰਦਾ ਹੈ। ਉਹ ਆਪਣੀ ਜ਼ਿੰਦਗੀ ਨੂੰ ਅਰਥਵਾਨ ਬਣਾਉਂਦਾ ਹੈ। ਇਸਦੇ ਵਿਪਰੀਤ ਸਾਧੂ ਬਿਨਿੰਗ ਦਾ ਨਾਵਲ 'ਜੁਗਤੂ' ਦਾ ਪਾਤਰ ਖ਼ਲਨਾਇਕ ਹੈ ਜੋ ਜ਼ਿੰਦਗੀ ਦੇ ਰਸਤੇ ਵਿੱਚ ਰੋੜਾ ਬਣਦਾ ਹੈ। ਬਿਨਿੰਗ ਉਸਦੇ ਖ਼ਲਨਾਇਕੀ ਕਿਰਦਾਰ ਨੂੰ ਵਿਅੰਗਾਤਮਕ ਸ਼ੈਲੀ ਰਾਹੀਂ ਪਰਦਾ ਰਹਿਤ ਕਰਦਾ ਹੈ। ਰਾਮ ਸਰੂਪ ਰਿਖੀ ਦੇ ਨਾਵਲ 'ਮੈਂ ਸ਼ਿਖ਼ੰਡੀ ਨਹੀਂ' ਦਾ ਮੁੱਖ ਪਾਤਰ (ਕਿੰਨਰ) ਸੌ ਵਿਰੋਧਾਂ ਅਤੇ ਮੁਸ਼ਕਲਾਂ ਦੇ ਬਾਵਜੂਦ ਲੋਕ ਸੇਵਾ ਨੂੰ ਸਮਰਪਿਤ ਹੈ। ਉਹ ਪਿੰਡ ਦੇ ਹੋਰ ਲੋਕਾਂ ਨੂੰ ਆਪਣੇ ਸ਼ੰਘਰਸ਼ ਨਾਲ ਜੋੜ ਕੇ ਵਿਰੋਧੀਆਂ ਨੂੰ ਮੂੰਹ ਤੋੜ ਜਵਾਬ ਦਿੰਦਾ ਹੈ। ਦਰਸ਼ਨ ਗੁਰੂ ਦਾ ਨਾਵਲ 'ਬੁਰਜਾਂ ਦੇ ਖੰਡਰ' ਵਿੱਚ ਕਈ ਕਿਸਮ ਦੇ ਮਰਦ ਪਾਤਰ ਪ੍ਰਸਤੁਤ ਕੀਤੇ ਗਏ ਹਨ ਜਿਨ੍ਹਾਂ ਦਾ ਆਪਣਾ ਆਪਣਾ ਕਿਰਦਾਰ ਅਤੇ ਆਪਣੇ-ਆਪਣੇ ਮੋਰਚੇ ਹਨ। 'ਦੁੱਲੇ ਦੀ ਢਾਬ' ਰਚਿਤ ਅਣਖੀ ਨਾਵਲ ਵਿੱਚ ਲੇਖਕ ਨੇ ਚੰਗੇ ਮਾੜੇ ਕਈ ਮਰਦ ਪਾਤਰ ਆਪਣੇ ਬਿਰਤਾਂਤ ਵਿੱਚ ਫਿੱਟ ਕੀਤੇ ਹਨ। ਅੱਛਰੂ ਦਾਂਦੂ ਬੜਾ ਹੀ ਗੌਰਤਲਬ ਜਿਉਂਦਾ ਜਾਗਦਾ ਪਾਤਰ ਹੈ ਜੋ ਆਪਣੇ ਹੀ ਢੰਗ ਨਾਲ ਜ਼ਿੰਦਗੀ ਜਿਉਂਦਾ ਹੈ। ਜਸਵਿੰਦਰ ਦੇ ਨਾਵਲ 'ਮਾਤ ਲੋਕ' ਦਾ ਮੁੱਖ ਮਰਦ ਪਾਤਰ ਵੱਖਰੇ ਕਿਰਦਾਰ ਦਾ ਲਖਾਇਕ ਹੈ ਜੋ ਕਿਸੇ ਦੀ ਨਹੀਂ ਮੰਨਦਾ, ਜੋ ਕਿਸੇ ਜੀਵਨ ਫਲਸਫ਼ੇ ਦੀ ਪ੍ਰਵਾਹ ਨਹੀਂ ਕਰਦਾ, ਜੋ ਆਪਣੀ ਮਰਜੀ ਨਾਲ ਜ਼ਿੰਦਗੀ ਦੇ ਫੈਸਲੇ ਲੈਂਦਾ ਹੈ। ਟਿਕੀ ਹੋਈ ਰਾਤ (ਸੁਖਦੇਵ ਮਾਨ), ਨਾਵਲ ਦਾ ਨੌਜਵਾਨ ਪਾਤਰ ਜ਼ਿੰਦਗੀ ਦੇ ਕਈ ਮੋੜਾਂ ਘੋੜਾਂ 'ਚੋਂ ਗੁਜਰਦਾ ਸ਼ੰਘਰਸ਼ ਦੇ ਰਸਤੇ ਤੁਰ ਪੈਂਦਾ ਹੈ। ਸੋ ਅਜਿਹੇ ਹੋਰ ਵੀ ਕਈ ਨਾਵਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਪੂੰਜੀਵਾਦੀ ਵਿਸ਼ਵੀਕਰਨ ਦਾ ਚਿਹਰਾ ਕਰੂਪ ਹੈ, ਅਣਮਨੁੱਖੀ ਹੈ। ਇਸ ਦਾ ਇਹ ਵੀ ਅਰਥ ਹੈ






ਕਿ ਵਿਸ਼ਵੀਕਰਨ ਬਹੁਤ ਸਾਰੀਆਂ ਨਵੀਆਂ ਤੋਂ ਨਵੀਆਂ ਅਲਾਮਤਾਂ, ਸਮੱਸਿਆਵਾਂ, ਵਿਗਾੜਾਂ ਮਸਲਿਆਂ ਸੰਕਟਾਂ, ਅਤੇ ਵਿਸੰਗਤੀਆਂ ਨੂੰ ਉਤਪੰਨ ਕਰ ਰਿਹਾ ਹੈ। ਵਿਆਪਕ ਸਮਾਜਿਕ ਟੁੱਟ ਭੱਜ ਵੀ ਹੋ ਰਹੀ ਹੈ। ਵਿਸ਼ਵੀਕਰਨ ਆਪਣੀਆਂ ਨੀਤੀਆਂ ਕਾਰਨ ਪ੍ਰਤੀ ਦਿਨ ਪ੍ਰਫੁੱਲਤ ਹੋ ਰਿਹਾ ਹੈ। ਇਸ ਦੀ ਹਰ ਖੇਤਰ ਤੇ ਹਰ ਸਪੇਸ ਵਿੱਚ ਵਿਸ਼ਵੀਕਰਨ ਮਨੁੱਖੀ ਕਿਰਤ ਅਤੇ ਉਸਦੀ ਆਰਥਿਕਤਾ ਨੂੰ ਚੂਸ ਰਿਹਾ ਹੈ। ਪੈਸੇ ਨੂੰ ਸੰਪਤੀ ਤੇ ਪੂੰਜੀ ਵਿੱਚ ਵਟਾ ਰਿਹਾ ਹੈ। ਇਉਂ ਕਹਿਣਾ ਵੀ ਉਚਿਤ ਹੈ ਕਿ ਸੰਪਤੀ ਤੇ ਪੂੰਜੀ ਦਾ ਇਕੱਤਰੀਕਰਨ ਕੁਝ ਹੱਥਾਂ ਵਿੱਚ ਕੀਤਾ ਜਾ ਰਿਹਾ ਹੈ। ਇਹ ਕਾਰਪੋਰੇਟ ਜਗਤ ਨੂੰ ਪ੍ਰਫੁੱਲਤ ਕਰਨ ਲਈ ਸਭ ਹੱਦਾਂ ਬੰਨ੍ਹੇ ਟੱਪ ਰਿਹਾ ਹੈ। ਅਮੀਰੀ ਗਰੀਬੀ ਦੇ ਪਾੜੇ ਨੂੰ ਇੰਤਹਾ ਤੱਕ ਵਧਾ ਰਿਹਾ ਹੈ। ਪੂੰਜੀਵਾਦੀ ਵਿਸ਼ਵੀਕਰਨ ਇਕ ਹੋਰ ਪੱਖੋਂ ਵਧੇਰੇ ਹਮਲਾਵਰ ਹੋ ਚੁੱਕਾ ਹੈ, ਇਸਨੇ ਸਾਡੇ ਆਦਰਸ਼ਕ ਤੇ ਪਵਿੱਤਰ ਮਾਨਵੀ ਰਿਸ਼ਤਿਆਂ ਦਾ ਬੁਰੀ ਤਰ੍ਹਾਂ ਘਾਣ ਕਰ ਦਿੱਤਾ ਹੈ। ਇਹ ਸਰੰਚਨਾ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਤਹਿਸ਼-ਨਹਿਸ਼ ਕਰਨ ਦੀ ਦੋਸ਼ੀ ਹੈ ਬੰਦੇ ਨੂੰ ਪੈਸੇ ਦਾ ਗ਼ੁਲਾਮ ਬਣਾ ਦਿੱਤਾ ਹੈ। ਪੈਸਾ, ਜ਼ਮੀਨ-ਸੰਪਤੀ ਦੇ ਮਸਲਿਆਂ ਵਿੱਚ ਕੋਈ ਰਿਸ਼ਤਾ ਨਹੀਂ ਰਿਹਾ। ਇਸ ਪ੍ਰਬੰਧ ਦੇ ਕਰੂਰ ਹਮਲਿਆਂ ਨਾਲ ਮਨੁੱਖ ਹੋਰ ਹਿੰਸਾਵਾਦ ਅਤੇ ਅਰਾਜਕਤਾਵਾਦ ਦਾ ਸ਼ਿਕਾਰ ਹੋਏਗਾ। ਇਸ ਸਰੰਚਨਾ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਇਸਦਾ ਚਿਹਰਾ ਕਰੂਪ, ਕਰੂਰ ਬਣਾ ਦਿਤਾ ਹੈ। ਉਹ ਉਦਾਸੀ ਬੇਗਾਨਗੀ, ਇਕੱਲਤਾ ਅਤੇ ਪਰੇਸ਼ਾਨੀ ਹੰਢਾਉਣ ਲਈ ਬੇਵਸ ਹੈ। ਉਹ ਮਾਨਸਿਕ ਦਵੰਦਾਂ ਤਨਾਵਾਂ ਦਾ ਸ਼ਿਕਾਰ ਵੀ ਹੋ ਚੁੱਕਾ ਹੈ। ਉਸਨੂੰ ਇਸ ਸਰੰਚਨਾ ਨੇ ਅੰਦਰੋਂ ਬਾਹਰੋਂ ਇਕ ਨਹੀਂ ਰਹਿਣ ਦਿੱਤਾ। ਉਹ ਇਕੋ ਵਾਰ ਕਈ ਵਾਰ ਜ਼ਿੰਦਗੀਆਂ ਜਿਉਂਦਾ ਹੈ। ਉਹ ਬਾਹਰੀ ਦਿੱਖ ਤੋਂ ਗਊ ਵਾਂਗ ਜਾਪਦਾ ਹੈ ਪਰੰਤੂ ਅੰਦਰੋਂ ਉਹ ਭੇੜੀਆ ਹੈ। ਗੁਰਪਾਲ ਲਿੱਟ ਦਾ ਨਾਵਲ 'ਆਪਣੇ ਆਪਣੇ ਜਨਮੇਜੇ' ਪੂੰਜੀਵਾਦੀ ਵਿਸ਼ਵੀਕਰਨ ਦੇ ਅਮਾਨਵੀ ਚਿਹਰੇ ਨੂੰ ਬੇਪਰਦ ਕਰਕੇ ਸਾਡੇ ਸਨਮੁੱਖ ਰੱਖ ਦਿੰਦਾ ਹੈ। ਇਸ ਨਾਵਲ ਦਾ ਮੁੱਖ ਪਾਤਰ ਆਪਣੇ ਰੋਗੀ ਦੋਸਤ ਦੀਆਂ ਦੋ ਲੜਕੀਆਂ ਦਾ 'ਬੇਟਾ ਬੇਟਾ ਕਹਿ ਕੇ ਉਨ੍ਹਾਂ ਨੂੰ ਪੜ੍ਹਾਈ ਅਤੇ ਪੈਸੈ ਦਾ ਲੋਭ-ਲਾਲਚ ਦੇ ਕੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦਾ ਹੈ ਪਰੰਤੂ ਇਸ ਨਾਵਲ ਦਾ ਹਾਂਦਰੂ ਤੇ ਸਿਹਤਮੰਦ ਪੱਖ ਇਹ ਵੀ ਹੈ ਕਿ ਇਕ ਤੀਸਰੀ ਲੜਕੀ ਆਪਣੀਆਂ ਦੋ ਭੈਣਾਂ ਵਾਂਗ ਆਪਣੇ ਨਾਲ ਅਜਿਹਾ ਕੁਕਰਮ ਨਹੀਂ ਹੋਣ ਦਿੰਦੀ। ਨਾਵਲ ਦਾ ਇਹ ਪੱਖ ਔਰਤ ਵਰਗ ਨੂੰ ਇਕ ਸਿਹਤਮੰਦ ਚੇਤਨਾ ਪ੍ਰਦਾਨ ਕਰਦਾ ਹੈ। ਰਾਗ ਇਸ਼ਕ (ਸ਼ਾਹ ਚਮਨ) ਨਾਵਲ ਵਿੱਚ ਵੀ ਵਿਸ਼ਵੀਕਰਨ ਦੇ ਪ੍ਰਭਾਵ ਨਾਲ ਜੋ ਔਰਤਾਂ ਅਤੇ ਮਰਦ ਕੁਕਰਮ ਕਰਦੇ ਹਨ, ਜੋ ਵਿਭਚਾਰ ਕਰਦੇ ਹਨ, ਉਸਦਾ ਯਥਾਰਥ ਦਰਜ ਕੀਤਾ ਗਿਆ ਹੈ। ਇਸ ਨਾਵਲ ਦੇ ਮਰਦ ਔਰਤ ਪਾਤਰ ਕਰਦੇ ਕੁਝ ਹਨ ਅਤੇ ਕਮਾਉਂਦੇ ਕੁਝ ਹਨ। ਇਹ ਨਾਵਲ ਇਸ ਕੜਵੇ ਯਥਾਰਥ ਦਾ ਹੀ ਚਿਤਰਨ ਨਹੀਂ ਕਰਦਾ ਸਗੋਂ ਨਾਵਲਕਾਰ ਨੇ ਕਟਾਖ਼ਸ਼ਮਈ ਵਿਧੀ ਨਾਲ ਅਜਿਹੇ ਪੈਦਾ ਹੋ ਰਹੇ ਬਰਬਰਤਾ ਦੇ ਲਖਾਇਕ ਮਨੁੱਖ ਦਾ ਮਜ਼ਾਕ ਉਡਾਇਆ ਹੈ। ਕਾਸ਼ (ਕੁਲਦੀਪ ਸਿੰਘ ਬੇਦੀ) ਨਾਵਲ ਵਿੱਚ ਇਕ ਅਪੰਗ ਲੜਕੀ ਨੂੰ ਨਾਇਕਾ ਦੇ ਤੌਰ ਤੇ ਸਮੂਰਤ ਕੀਤਾ ਗਿਆ ਹੈ। ਇਕ ਹਵਸੀ ਮਰਦ-ਪਾਤਰ ਇਸ ਲੜਕੀ ਦਾ ਸਰੀਰਕ ਸ਼ੋਸ਼ਣ ਬੜੀ ਬੇਰਹਿਮੀ ਨਾਲ ਕਰਦਾ ਹੈ। ਇਹ ਲੜਕੀ ਦਾ ਰਿਸ਼ਤੇਦਾਰ ਵੀ ਹੁੰਦਾ ਹੈ। ਨਾਵਲ ਦਾ ਇਹ ਕਰੂਰ ਸੱਚ ਸਾਡੇ ਸਮਾਜ ਦੇ ਮਾੜੇ ਕਿਰਦਾਰ ਦਾ ਪ੍ਰਤੀਬਿੰਬ ਹੈ। ਬਲਬੀਰ ਪਰਵਾਨਾ ਦਾ ਨਾਵਲ 'ਅੰਬਰ ਵੱਲ ਉਡਾਣ' ਵੀ ਸਮਕਾਲੀ ਪੂੰਜੀਵਾਦੀ ਵਿਸ਼ਵੀਕਰਨ ਦੇ ਗਤੀਸ਼ੀਲ ਯਥਾਰਥ ਦੇ ਕਈ ਰੰਗਾਂ ਦਾ ਸ਼ੋਅ ਕਰਦਾ ਹੈ। ਨਾਵਲ ਦੀ ਆਦਿਕਾ ਵਿੱਚ ਪਰਵਾਨਾ ਇਸ ਨਾਵਲ ਦੇ ਅਰਥ ਦੱਸਦਿਆਂ ਸਾਨੂੰ ਸੋਚਣ ਲਈ ਇਕ ਆਧਾਰ ਮੁਹੱਈਆ ਕਰਦਾ ਹੈ, "ਇਹ

ਨਾਵਲ ਸਮਕਾਲ ਦੇ ਅਜਿਹੇ ਹੀ ਵਰਤਾਰਿਆਂ ਦੁਆਲੇ ਉਣਿਆ ਗਿਆ ਹੈ ਕਿ ਕਾਰਪੋਰੇਟ ਪੂੰਜੀ ਕਿਵੇਂ ਆਧੁਨਿਕ-ਨਵੇਂਪਣ-ਨਵੀਂ ਜੀਵਨ ਜਾਚ ਦੇ ਨਾਂ ਹੇਠ ਮਨੁੱਖ ਨੂੰ ਆਪਣੀਆਂ ਜੜ੍ਹਾਂ ਤੋਂ ਤੋੜਦੀ, ਸਥਾਨਕ, ਇਲਾਕਈ ਸੰਵੇਦਨਾਵਾਂ, ਕਦਰਾਂ ਕੀਮਤਾਂ, ਪਰੰਪਰਾਵਾਂ ਤੇ ਪਛਾਣਾਂ ਨੂੰ ਤਬਾਹੀ ਦੇ ਆਲਮ ਵੱਲ ਧੱਕ ਰਹੀ ਹੈ। ਹਰ ਵਰਤਾਰੇ ਸਲੀਕੇ, ਯੋਗਤਾ, ਸੁਹੱਪਣ ਇਥੋਂ ਤੱਕ ਕਿ ਪਿਆਰ ਦਾ ਆਧਾਰ ਵੀ ਪੂੰਜੀ ਹੀ ਬਣਦੀ ਜਾ ਰਹੀ ਹੈ। ਇਹ ਹੜ੍ਹ ਏਨਾ ਮਾਰੂ ਹੈ ਤੇ ਇਸਦਾ ਜਲੌਅ ਇੰਨਾ ਚਮਕ ਦਮਕ ਵਾਲਾ ਕਿ ਸਭ ਇਸ ਦੇ ਹੱਥਾਂ ਵਿੱਚ ਕਠਪੁਤਲੀਆਂ ਬਣਦੇ ਜਾ ਰਹੇ ਹਨ। ਜਾਂ ਭਵੰਤਰੇ ਹੋਏ ਦਿਸ਼ਾ ਹੀਣ ਭਟਕ ਰਹੇ ਹਨ। ਇਸ ਦੇ ਵਹਿਣ ਤੋਂ ਬਾਹਰ ਬੇਬਸੀ ਹੈ, ਬੇਗਾਨਗੀ ਕਿਤੇ ਕਿਤੇ ਵਿਦਰੋਹ ਵੀ ਜਿਹੜੇ ਕਿ ਬਦਲ ਸਿਰਜ ਸਕਦੇ ਹਨ।" ਇਹ ਇਸ ਨਾਵਲ ਦਾ ਸਹੀ ਸਾਰ ਤੱਤ ਹੈ। ਪੂੰਜੀਵਾਦੀ ਵਿਸ਼ਵੀਕਰਨ ਹਰ ਮਨੁੱਖ ਨੂੰ ਆਪਣੇ ਅਨੁਸਾਰ ਘੜ ਅਤੇ ਢਾਲ਼ ਰਿਹਾ ਹੈ। ਉਹ ਪੂਰੀ ਤਰ੍ਹਾਂ ਬਾਜ਼ਾਰ ਅਤੇ ਪੂੰਜੀ ਦਾ ਮੁਥਾਜ ਹੋ ਰਿਹਾ ਹੈ। ਆਮ ਲੋਕਾਂ ਨੂੰ ਇਸ ਵਰਤਾਰੇ ਦਾ ਬੋਧ ਨਹੀਂ ਹੈ ਜਿਸ ਕਰਕੇ ਉਹ ਇਸਦੇ ਮਾਰੂ-ਰੋੜ੍ਹੂ ਵਹਿਣ ਵਿੱਚ ਰੁੜ੍ਹਦੇ ਜਾ ਰਹੇ ਹਨ। ਜਿਨ੍ਹਾਂ ਨੇ ਬਗਾਵਤੀ ਸੁਰ ਵੀ ਅਪਣਾਈ ਹੈ ਉਹ ਬਹੁਤ ਘੱਟ ਗਿਣਤੀ ਵਿੱਚ ਹਨ। ਅਜਿਹੇ ਲੋਕਾਂ ਦੀ ਸ਼ਕਤੀ ਵੀ ਆਜ਼ਾਈਂ ਜਾ ਰਹੀ ਹੈ। ਬਹੁਗਿਣਤੀ ਲੋਕ ਤਾਂ ਇਸ ਲੋਹ ਜਾਲ ਵਿੱਚ ਫਸ ਚੁੱਕੇ ਹਨ। ਫਿਰ ਵੀ ਇਹ ਨਾਵਲ ਸਾਨੂੰ ਮਹਿਜ ਗਿਆਨ ਹੀ ਨਹੀਂ ਦਿੰਦਾ ਸਗੋਂ ਇਕ ਦ੍ਰਿਸ਼ਟੀ ਵੀ ਦਿੰਦਾ ਹੈ। ਦੇਸ ਰਾਜ ਕਾਲੀ ਦੇ ਨਾਵਲ ਵੀ ਖੰਡਿਤ ਹੋ ਰਹੇ ਮਨੁੱਖ ਦਾ ਯਥਾਰਥ ਹਨ ਕਾਲੀ ਵਿਭਿੰਨ ਟੋਟਿਆਂ 'ਚ ਵੰਡੇ ਜਾ ਰਹੇ ਮਨੁੱਖ ਨੂੰ ਉਸ ਦੀ ਅਸਲੀ ਸ਼ਕਲ ਦੇ ਰੂ ਬ ਰੂ ਕਰ ਰਿਹਾ ਹੈ। ਟੁੱਟੇ ਮਨੁੱਖ ਨੂੰ ਕਿਵੇਂ ਜੋੜਿਆ ਜਾ ਸਕਦਾ ਹੈ, ਇਸ ਪ੍ਰਸ਼ਨ ਨੂੰ ਕਾਲੀ ਦੇ ਨਾਵਲ ਮੁਖ਼ਾਤਬ ਹਨ, ਪ੍ਰਸ਼ਨ ਵਿਚੋਂ ਹੀ ਸਾਨੂੰ ਇਕ ਸੇਧ, ਇਕ ਦਿਸ਼ਾ ਹਾਸਲ ਹੁੰਦੀ ਹੈ। ਅੰਨਦਾਤਾ (ਬਲਦੇਵ ਸਿੰਘ) ਨਾਵਲ ਵਿੱਚ ਵੀ ਵਿਸ਼ਵੀਕਰਨ ਦੇ ਪ੍ਰਕੋਪ ਨੂੰ ਦੇਖਿਆ ਸਮਝਿਆ ਜਾ ਸਕਦਾ ਹੈ। ਵਿਸਾਖਾ ਸਿੰਘ ਦੇ ਲੱਗਭੱਗ ਸਾਰੇ ਪਰਿਵਾਰ ਨੂੰ ਵਿਸ਼ਵੀਕਰਨ ਨੇ ਬਰਬਾਦ ਕਰ ਦਿੱਤਾ ਹੈ। ਵਿਸ਼ਵੀਕਰਨ ਨੇ ਖੇਤੀ ਨੂੰ ਹੀ ਸੰਕਟ ਵਿਚ ਨਹੀਂ ਫਸਾਇਆ ਸਗੋਂ ਸਭਿਆਚਾਰ ਨੂੰ ਵੀ ਗੰਭੀਰ ਸੰਕਟ 'ਚ ਲਪੇਟ ਲਿਆ ਹੈ। ਪੂੰਜੀਵਾਦੀ ਵਿਸ਼ਵੀਕਰਨ ਨੂੰ ਜਿੰਨੀ ਚੰਗੀ ਤਰ੍ਹਾਂ ਨਛੱਤਰ ਰਚਿਤ ਨਾਵਲ 'ਸਲੋਅ ਡਾਊਨ' ਰਾਹੀਂ ਸਮਝਾਉਂਦਾ ਹੈ, ਉਹ ਮਾਰਮਿਕ ਹੀ ਨਹੀਂ ਸਗੋਂ ਇਸ ਨਾਵਲ ਦੀ ਪ੍ਰਾਪਤੀ ਵੀ ਹੈ। ਜਸਵਿੰਦਰ ਦਾ ਨਾਵਲ 'ਮਾਤ ਲੋਕ' ਵੀ ਪੂੰਜੀਵਾਦੀ ਵਿਸ਼ਵੀਕਰਨ ਦੇ ਰਿਸ਼ਤਿਆਂ ਦੇ ਸੱਚ ਨੂੰ ਗੌਰਤਲਬ ਸ਼ੈਲੀ ਵਿੱਚ ਸਮਝਾਉਂਦਾ ਹੈ। ਫਿਰ ਵੀ ਪੂੰਜੀਵਾਦੀ ਵਿਸ਼ਵੀਕਰਨ ਤਾਂ ਹੋਰ ਵੀ ਕਰੂਰਤਮ ਅਤੇ ਬਰਬਰ ਹੈ ਜਿਸਨੂੰ ਪਕੜਣ ਲਈ ਸਾਡੇ ਨਾਵਲਕਾਰ ਸੁਚੇਤ ਜਤਨ ਕਰ ਰਹੇ ਹਨ। ਸਾਡੇ ਨਾਵਲਕਾਰਾਂ ਨੂੰ ਇਸ ਪਾਸੇ ਹੋਰ ਗੌਰ ਕਰਨ ਦੀ ਜ਼ਰੂਰਤ ਹੈ। ਪੂੰਜੀਵਾਦ ਵਿਸ਼ਵੀਕਰਨ ਨੂੰ ਸਮਝੇ ਸਮਝਾਏ ਬਿਨਾਂ ਗੱਲ ਨਹੀਂ ਬਣਨੀ।

ਪੰਜਾਬੀ ਨਾਵਲਕਾਰ ਪੇਂਡੂ ਖੇਤਰ ਅਤੇ ਜੀਵਨ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਨੂੰ ਮਹਾਂਨਗਰੀ ਜੀਵਨ ਦਾ ਅਨੁਭਵ ਅਤੇ ਤਜਰਬਾ ਨਹੀਂ ਜਿਸ ਕਰਕੇ ਬਹੁਤ ਘੱਟ ਨਾਵਲ ਹੀ ਮਹਾਂਨਗਰੀ ਜੀਵਨ ਨਾਲ ਸਬੰਧਤ ਹਨ, ਸੁਖਬੀਰ ਦਾ ਨਾਵਲ 'ਸੜਕਾਂ ਤੇ ਕਮਰੇ', ਬਲਦੇਵ ਸਿੰਘ ਦਾ 'ਲਾਲ ਬੱਤੀ', ਜਸਬੀਰ ਭੁੱਲਰ ਦਾ 'ਮਹੂਰਤ', ਮਿੱਤਰ ਸੈਨ ਮੀਤ ਦੇ ਚਾਰ ਨਾਵਲਾਂ (ਕਟਿਹਰਾ, ਤਫ਼ਤੀਸ਼, ਸੁਧਾਰ ਘਰ, ਕੌਰਵ ਸਭਾ) ਤੋਂ ਬਿਨਾਂ ਨਛੱਤਰ ਦੇ ਨਾਵਲ ਹਨੇਰੀਆਂ ਗਲੀਆਂ ਅਤੇ ਸਲੋਅ ਡਾਊਨ ਸਾਡੇ ਸਨਮੁੱਖ ਹਨ। ਨਛੱਤਰ ਦੀਆਂ ਕਥਾਵਾਂ ਅਤੇ ਨਾਵਲ ਭਾਵੇਂ ਦਲਿਤ ਜੀਵਨ ਦੇ ਯਥਾਰਥ ਦਾ ਅੰਗ ਹਨ ਫਿਰ ਵੀ ਉਸਦੇ ਨਾਵਲ ਮਹਾਂ ਨਗਰੀ ਰੰਗ ਨੂੰ ਵੀ ਪ੍ਰਸਤੁਤ ਕਰਦੇ ਹਨ। ਨਛੱਤਰ ਲੰਬੇ ਅਰਸੇ ਤੋਂ ਦਿੱਲੀ ਜੈਪੁਰ ਵਰਗੇ ਮਹਾਂ ਨਗਰਾਂ ਵਿੱਚ ਰਿਹਾ। ਉਸਨੇ ਆਪਣੇ ਮਹਾਂਨਗਰੀ ਜੀਵਨ ਦੇ ਵਿਸ਼ਾਲ ਅਨੁਭਵ ਅਤੇ ਤਜਰਬੇ ਨੂੰ ਆਪਣੇ ਅਹਿਮ ਨਾਵਲ 'ਹਨੇਰੀਆਂ ਗਲੀਆਂ' ਵਿੱਚ ਅੰਕਤ ਕੀਤਾ ਹੈ। ਡਾ. ਸਤਿੰਦਰ ਸਿੰਘ ਨੂਰ ਦਾ ਇਸ ਨਾਵਲ ਬਾਰੇ ਮੱਤ ਬਹੁਤ ਹੀ ਮਾਰਮਿਕ ਹੈ। ਉਹ ਮਹਾਂ ਨਗਰ ਦੀਆਂ



ਘਟਨਾਵਾਂ, ਰਾਜਨੀਤੀ ਸਮਾਜ, ਸਭਿਆਚਾਰ ਇਨ੍ਹਾਂ ਸੱਭ ਪੱਖਾਂ ਨੂੰ ਪੇਸ਼ ਕਰਦਾ ਹੈ ਪਰ ਇਨ੍ਹਾਂ ਦੇ ਬੇਲੋੜੇ ਵਿਸਥਾਰ ਪੇਸ਼ ਨਹੀਂ ਕਰਦਾ ਸਗੋਂ ਸੰਕੇਤ ਜਾਂ ਪ੍ਰਤੀਨਿਧਤਾ ਦੀ ਵਿਧੀ ਨੂੰ ਅਪਣਾਉਂਦਾ ਹੈ। ਨਾਵਲ ਵਿੱਚ ਇਨ੍ਹਾਂ ਦੀਆਂ ਤੰਦਾਂ ਫੈਲਦੀਆਂ ਹਨ ਅਤੇ ਨਾਵਲ ਦੇ ਅੰਤ ਤੱਕ ਹੌਲੀ ਹੌਲੀ ਇਹ ਇਕੱਠੀਆਂ ਹੋ ਕੇ ਇਕ ਗਲਪ ਸਰੰਚਨਾ ਬਣਾਉਂਦੀਆਂ ਹਨ। ਇਸ ਵਿੱਚ ਹੀ ਉਸਦੀ ਗਲਪ ਕਲਾ ਹੈ।" ਇਹ ਨਾਵਲ ਜ਼ਿੰਦਗੀ ਜਿਊਣ ਜ਼ਿੰਦਗੀ ਨਾਲ ਜੁੜੇ ਰਹਿਣ ਦੇ ਸੁਨੇਹੇ ਦਾ ਵਾਹਕ ਵੀ ਹੈ। ਜਸਜੀਤ ਇਕ ਪ੍ਰਵਚਨ ਵਿੱਚ ਅਮਨ ਨੂੰ ਹੌਸਲਾ ਦਿੰਦਿਆਂ ਕਹਿੰਦਾ ਹੈ, "ਵੀਰੇ, ਸਾਨੂੰ ਬਹੁਤ ਅਫਸੋਸ ਹੈ ਜੋ ਤੇਰੇ ਨਾਲ ਹੋਇਆ ਏ ਕਿ ਮਰ ਗਿਆ ਦੇ ਨਾਲ ਮਰਿਆ ਨਹੀਂ ਜਾਂਦਾ ਅਤੇ ਪਿੱਛੇ ਰਹਿ ਗਿਆ ਨੂੰ ਉਸਦੇ ਬਿਨਾ ਹੀ ਜਿਊਣਾ ਪੈਂਦਾ ਹੈ। ਸੋ ਹੁਣ ਤੱਕ ਬਹੁਤ ਰੋਣਾ ਧੋਣਾ ਹੋ ਗਿਆ ਏ। ਹੁਣ ਤੈਨੂੰ ਦੁਬਾਰਾ ਨਵੇਂ ਸਿਰਿਉਂ ਆਪਣੀ ਜ਼ਿੰਦਗੀ ਸ਼ੁਰੂ ਕਰਨੀ ਚਾਹੀਦੀ ਹੈ। ਅਸੀਂ ਤੇਰੇ ਨਾਲ ਹਾਂ।" ਇਸ ਨਾਵਲ ਦਾ ਪ੍ਰਯੋਜਨ ਮਨੁੱਖ ਨੂੰ ਜੀਵਨ ਲਈ ਲੜਣ, ਮਿਹਨਤ ਕਰਨ, ਸੰਘਰਸ਼ ਕਰਨ ਦਾ ਰਸਤਾ ਦੱਸਣਾ ਹੀ ਹੈ। ਨਛੱਤਰ ਸਿੰਘ ਗਿੱਲ ਦਾ ਨਾਵਲ 'ਪ੍ਰਿਜ਼ਮ' ਵੀ ਪੱਛਮੀ ਮਹਾਨਗਰੀ ਜੀਵਨ ਦਾ ਬਿਰਤਾਂਤ ਹੈ। 'ਪ੍ਰਿਜ਼ਮ' ਨਾਵਲ ਜਿੱਥੇ ਵਿਸ਼ਵੀਕਰਨ ਦੀ ਕਰੂਪਤਾ ਅਤੇ ਬਰਬਰਤਾ ਦਿਖਾਉਂਦਾ ਹੈ ਉੱਥੇ ਇਸ ਦੇ ਵਿਰੁੱਧ ਸੰਘਰਸ਼ਰਤ ਲੋਕਾਂ ਦੇ ਸ਼ੰਘਰਸ਼ਾਂ ਨੂੰ ਵੀ ਬਿਆਨਦਾ ਹੈ।

ਮਿੱਤਰ ਸੈਨ ਮੀਤ ਬਾਰੇ ਵਿਸ਼ੇਸ਼ ਤੌਰ ਤੇ ਵਿਚਾਰ ਪ੍ਰਗਟ ਕਰਨ ਦੀ ਲੋੜ ਹੈ ਕਿਉਂਕਿ ਸਮਕਾਲੀ ਪੂੰਜੀਵਾਦੀ ਵਿਸ਼ਵੀਕਰਨ ਦੇ ਦੌਰ ਵਿੱਚ ਇਕ ਆਮ ਮਨੁੱਖ ਨੂੰ ਕਈ ਪਾਸਿਉਂ ਤੋਂ ਘੇਰ ਕੇ ਉਸਨੂੰ ਅਪੰਗ ਕੀਤਾ ਜਾ ਰਿਹਾ ਹੈ। ਮੀਤ ਇਕ ਵੱਖਰੀ ਵਸਤੂ ਸਥਿਤੀ ਲੈ ਕੇ ਵਿਸ਼ਵੀਕਰਨ ਦੇ ਅਰਥਾਂ ਨੂੰ ਸੰਚਾਰਿਤ ਕਰਦਾ ਹੈ। ਅੱਜ ਇਕ ਆਮ ਵਿਅਕਤੀ ਨੂੰ ਨਾ ਸਰਕਾਰੀ ਪ੍ਰਬੰਧ ਨਿਆਂ ਦਿੰਦਾ ਹੈ, ਨਾ ਪੁਲਸ ਅਤੇ ਨਾ ਹੀ ਨਿਆਂ ਪਾਲਿਕਾ ਦਿੰਦੀ ਹੈ। ਉਸਨੂੰ ਕਿਤੋਂ ਵੀ ਨਿਆਂ ਨਹੀਂ ਹਾਸਲ ਹੁੰਦਾ। ਸਮਰਿਧ ਅਤੇ ਪੂੰਜੀਪਤੀ ਆਪਣੇ ਪੈਸੇ ਦੇ ਬਲ ਰਾਹੀਂ ਕੀਤੇ ਧੱਕਿਆਂ ਅਤੇ ਅਨਿਆਵਾਂ ਨੂੰ ਨਿਆਂ ਵਿੱਚ ਬਦਲਣ ਦੇ ਯੋਗ ਅਤੇ ਸਮਰੱਥ ਹੋ ਜਾਂਦੇ ਹਨ। ਵਾਸਤਵਿਕਤਾ ਇਹ ਹੈ ਕਿ ਅੱਜ ਪੂੰਜੀਪਤੀਆਂ ਦੇ ਹੱਥ ਵਿੱਚ ਸਰਕਾਰਾਂ, ਅਫ਼ਸਰਸ਼ਾਹੀ, ਪੁਲਸ ਤੰਤਰ ਅਤੇ ਨਿਆਂ ਪ੍ਰਨਾਲੀ ਆ ਚੁੱਕੀ ਹੈ। ਅਜਿਹੇ ਮਾਹੌਲ ਵਿੱਚ ਬੰਟੀ ਦੇ ਕਾਤਲਾਂ ਨੂੰ ਸਜਾਵਾਂ ਮਿਲਣੀਆਂ ਅਸੰਭਵ ਹੈ। ਪੂੰਜੀਪਤੀ ਸੰਪਤੀ ਖਾਤਰ ਆਪਣੀ ਹੀ ਕਜ਼ਨ ਨਾਲ ਰੇਪ ਹੀ ਕਰਵਾ ਦਿੰਦੇ ਹਨ। ਵਿਸ਼ਵੀਕਰਨ ਦਾ ਇਸ ਤੋਂ ਕਰੂਪ ਚਿਹਰਾ ਹੋਰ ਕੀ ਹੋਏਗਾ? ਭੈਣ ਨਾਲ ਅਜਿਹਾ ਕੁਸ਼ ਕਰਵਾ ਕੇ ਉਹ ਖੁਸ਼ ਹੀ ਨਹੀਂ ਸਗੋਂ ਆਪਣੀ ਜਿੱਤ ਸਮਝਦੇ ਹਨ। ਪੂੰਜੀਪਤੀ ਵਰਗ ਅਜਿਹੇ ਧੱਕੇ, ਅਨਿਆਂ, ਕੁਕਰਮ ਕਰਨ ਦੇ ਪੂਰਾ ਸਮਰੱਥ ਹੁੰਦਾ ਹੈ। ਸੰਪਤੀ ਲਈ ਕੀਤੇ ਬੰਟੀ ਦੇ ਕਤਲ ਕੇਸ ਵਿੱਚ ਵੀ ਨਿਰਦੋਸ਼ ਮੁੰਡੇ ਫਸਾ ਦਿੱਤੇ ਜਾਂਦੇ ਹਨ। ਇਹ ਕੰਮ ਵੀ ਪੈਸਿਆਂ ਨਾਲ ਸਿਰੇ ਚੜ੍ਹਾਇਆ ਜਾਂਦਾ ਹੈ। ਨਿਰਦੋਸ਼ ਮੁੰਡਿਆਂ ਨੂੰ ਉਮਰ ਕੈਦ ਦੀ ਸਜ਼ਾ ਹੁੰਦੀ ਹੈ। ਇਹ ਹੈ ਪੂੰਜੀਵਾਦੀ ਵਿਸ਼ਵੀ ਕਰਨ ਦਾ ਕਿਰਦਾਰ ਅਤੇ ਚਿਹਰਾ ਸੋ ਮੀਤ ਇਸ ਕਰੂਰ ਅਤੇ ਬਰਬਰ ਵਰਤਾਰੇ ਦਾ ਕੱਟੜ ਵਿਰੋਧੀ ਹੈ। ਉਹ ਅਨਿਆਂ ਨਹੀਂ ਨਿਆਂ ਚਾਹੁੰਦਾ ਹੈ। ਨਾਵਲਕਾਰ ਮੀਤ ਸਮਾਜਵਾਦੀ ਵਿਚਾਰਾਂ ਦਾ ਧਾਰਨੀ ਹੈ। ਉਹ ਅਜਿਹੇ ਕਰੂਤਮ ਵਰਤਾਰੇ ਦਾ ਸਮਾਧਾਨ ਵੀ ਦਿੰਦਾ ਹੈ ਕਿ ਜੇਕਰ ਸਮਕਾਲ ਵਿੱਚ ਅਸੀਂ ਚੇਤਨ ਨਾ ਹੋਏ, ਲਾਮਬੰਦ ਨਾ ਹੋਏ, ਸੰਘਰਸ਼ ਨਾ ਕੀਤੇ ਤਾਂ ਅਜਿਹੇ ਧੱਕੇ ਅਤੇ ਅਨਿਆ ਹੁੰਦੇ ਰਹਿਣਗੇ। ਉਸਦੇ ਨਾਵਲ ਤਫ਼ਤੀਸ਼, ਕਟਹਿਰਾ, ਕੌਰਵ ਸਭਾ, ਸੁਧਾਰ ਘਰ ਆਦਿ ਨਾਵਲ ਸਾਨੂੰ ਅਜਿਹੇ ਦਿਸ਼ਾ ਨਿਰਦੇਸ਼ ਦੇਣ 'ਚ ਮੋਹਰੀ ਹਨ। 'ਸੁਧਾਰ ਘਰ' ਵਿੱਚ ਇਕ ਪ੍ਰਵਚਨ ਦੇਖਣਯੋਗ ਹੈ, ਕੈਦ ਭੁਗਤ ਰਹੇ ਕ੍ਰਾਂਤੀਕਾਰੀ ਹਾਕਮ ਸਿੰਘ ਦੇ ਵਿਚਾਰ ਗੌਰਤਲਬ ਹਨ। ਉਹ ਨਿਆਂ ਦੀ ਪ੍ਰਾਪਤੀ ਲਈ ਸੰਘਰਸ਼ਾਂ 'ਚ ਵਿਸ਼ਵਾਸ ਰੱਖਦਾ ਹੈ। ਉਸਦੇ ਪ੍ਰਵਚਨ ਹਨ, "ਮੈਂ ਮੁਆਫ਼ੀ ਕਿਉਂ ਮੰਗਾਂ? ਮੈਂ ਕੋਈ ਗੁਨਾਹ ਨਹੀਂ ਕੀਤਾ। ਇਕ ਦਿਨ ਸਭ ਨੇ ਮਰਨਾ ਹੈ । ਹੱਕਾਂ ਲਈ ਸੰਘਰਸ਼ ਕਰਕੇ ਮਰਨਾ ਹੀ ਅਸਲ ਮਰਨਾ ਹੈ।

ਮੈਂ ਬਹਾਦਰਾਂ ਵਾਲੀ ਮੌਤ ਮਰਾਂਗਾ।" ਇਹ ਹੈ ਮੀਤ ਦੀ ਮਾਰਕਸੀ ਵਿਚਾਰਧਾਰਾ ਦੀ ਅਭਿਵਿਅਕਤੀ ਅਤੇ ਸਾਡੇ ਲਈ ਦਿਸ਼ਾ ਨਿਰਦੇਸ਼।

ਮਨੁੱਖ ਪਰਵਾਸ ਸਦੀਆਂ ਤੋਂ ਕਰਦਾ ਆ ਰਿਹਾ ਹੈ। ਇਹ ਵਰਤਾਰਾ ਸਿਹਤਮੰਦ ਹੈ। ਸ਼ਾਇਦ ਕੋਈ ਵਕਤ ਅਜਿਹਾ ਆ ਜਾਵੇਗਾ। ਜਿਸ ਨਾਲ ਮਨੁੱਖੀ ਸਾਂਝ ਮਿਲਵਰਤਨ ਸਮਾਨਤਾ, ਏਕਾ ਅਤੇ ਪਿਆਰ ਦੀਆਂ ਭਾਵਨਾਵਾਂ ਨੂੰ ਮਾਨਤਾ ਮਿਲੇਗੀ। ਅਸੀਂ ਅਜਿਹੇ ਹੀ ਮਾਨਵੀ ਚਿਹਰੇ ਵਾਲੇ ਸਾਮਵਾਦੀ ਵਿਸ਼ਵੀਕਰਨ ਦੀ ਜ਼ਰੂਰਤ ਮਹਿਸੂਸ ਕਰਦੇ ਹਾਂ। ਪਰਵਾਸ ਕਰਨਾ ਜਿੱਥੇ ਇਕ ਅੱਗੇ ਵਧੂ ਪਹਿਲੂ ਅਤੇ ਵਰਤਾਰਾ ਹੈ ਉੱਥੇ ਇਸ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਅਲਾਮਤਾਂ ਮਸਲੇ ਅਤੇ ਸੰਕਟ ਉਤਪੰਨ ਹੋਏ ਹਨ। ਪਰਵਾਸ ਕਰ ਗਏ ਮਨੁੱਖ ਸਾਹਮਣੇ ਜਿੱਥੇ ਕਿਰਤ ਦਾ ਸਵਾਲ ਵੱਡਾ ਹੈ ਉੱਥੇ ਉਹ ਭੂ-ਹੇਰਵੇ ਦਾ ਸ਼ਿਕਾਰ ਵੀ ਹੋਇਆ ਹੈ। ਪਰੰਤੂ ਸਭ ਤੋਂ ਵੱਧ ਪਰਵਾਸੀ ਨਾਵਲਾਂ ਵਿਚ ਸਭਿਆਚਾਰਕ ਪਾੜਿਆਂ ਤੇ ਪੀੜ੍ਹੀ ਪਾੜਿਆਂ ਦਾ ਵਿਵਰਨ ਕਈ ਪੱਖਾਂ ਅਤੇ ਪਹਿਲੂਆਂ ਤੋਂ ਵੀ ਕੀਤਾ ਗਿਆ ਮਿਲਦਾ ਹੈ। ਪੀੜ੍ਹੀ ਪਾੜਿਆਂ ਕਾਰਨ ਪਰਿਵਾਰਕ ਲੜਾਈ ਝਗੜੇ, ਤਨਾਓ-ਦਵੰਦਾਂ 'ਚ ਵਾਧਾ ਹੋਇਆ ਹੈ ਸਿੱਟੇ ਵਜੋਂ ਮੁੰਡੇ ਕੁੜੀਆਂ ਦਾ ਘਰਾਂ ਨੂੰ ਤਿਲਾਂਜਲੀ ਦੇ ਕੇ ਘਰੋਂ ਦੌੜਨਾ ਆਮ ਗੱਲ ਹੈ। ਕਾਮ ਖੁੱਲ੍ਹ ਕਾਰਨ ਮੁੰਡੇ-ਕੁੜੀਆਂ ਆਪਣੇ ਮਿੱਤਰ ਕੁੜੀਆਂ, ਮਿੱਤਰ ਮੁੰਡਿਆਂ ਨੂੰ ਆਪਣੇ ਘਰੀਂ ਲਿਆਉਣ ਤੋਂ ਵੀ ਗੁਰੇਜ ਨਹੀਂ ਕਰਦੇ/ ਕਰਦੀਆਂ। ਅਜਿਹੇ ਵਰਤਾਰੇ ਕਾਰਨ ਘਰੇਲੂ ਹਿੰਸਾ, ਕੁੱਟ-ਮਾਰ ਜੇ ਹੋ ਜਾਵੇ ਤਾਂ ਉਹ ਘਰ ਤਿਆਗ ਕੇ ਬਤੌਰ ਪਤੀ ਪਤਨੀ ਜਾਂ ਬਤੌਰ ਪਾਰਟਨਰ ਰਹਿਣ ਲੱਗਦੇ ਹਨ। ਬਜ਼ੁਰਗਾਂ ਦੀ ਸਥਿਤੀ ਉਨ੍ਹਾਂ ਪਰਵਾਸੀਆਂ ਦੇ ਘਰਾਂ 'ਚ ਹੋਰ ਵੀ ਬਦਤਰ ਹੋ ਚੁੱਕੀ ਹੈ ਜਿੱਥੇ ਬੱਚਿਆਂ ਤੇ ਕੰਟਰੋਲ ਨਹੀਂ ਹੁੰਦਾ। ਬੱਚੇ ਅਨੁਸਾਸ਼ਨ ਬੱਧ ਘੱਟ ਪਰ ਅਨੁਸਾਸ਼ਨ ਹੀਣ ਵੱਧ ਹੁੰਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਬੱਚਿਆਂ ਨੂੰ ਕੋਈ ਘਰ 'ਚ ਮਾਰ ਕੁੱਟ ਤਾਂ ਕੀ ਝਿੜਕ ਵੀ ਨਹੀਂ ਸਕਦਾ। ਪੱਛਮ ਵਿੱਚ ਵੱਡੇ ਵੱਡੇ ਡਰੱਗ ਮਾਫੀਏ ਹਨ ਜਿਨ੍ਹਾਂ ਦੇ ਚੁੰਗਲ ਵਿੱਚ ਭਾਰਤੀ ਮੁੰਡੇ ਕੁੜੀਆਂ ਵੀ ਫਸ ਜਾਂਦੇ ਹਨ। ਡਰੱਗ ਮਾਫੀਆਂ ਦੇ ਪਰਸਪਰ ਟਕਰਾਓ ਅਤੇ ਵਿਰੋਧ ਕਾਰਨ ਮੁੰਡਿਆਂ ਕੁੜੀਆਂ ਦੀਆਂ ਜਾਨਾਂ ਵੀ ਆਜਾਈ ਜਾਂਦੀਆਂ ਹਨ ਜੇਕਰ ਉਹ ਕਦੇ ਪੁਲਿਸ ਦੇ ਫੰਧੇ ਫਸ ਜਾਣ ਤਾਂ ਉਨ੍ਹਾਂ ਨੂੰ ਸਜ਼ਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ। ਵਿਭਿੰਨ ਸਭਿਆਚਾਰਕ ਪਾੜਿਆਂ ਕਾਰਨ ਵੀ ਕਾਲਿਆਂ-ਗੋਰਿਆਂ ਪੀਲਿਆਂ ਦੇ ਮੁੰਡੇ ਕੁੜੀਆਂ ਅਤੇ ਭਾਰਤੀ ਮੁੰਡੇ ਕੁੜੀਆਂ 'ਚ ਟਕਰਾਓ ਲੜਾਈ ਝਗੜੇ ਹੁੰਦੇ ਰਹਿੰਦੇ ਹਨ। ਨਸਲੀ ਵਿਤਕਰੇ ਵੀ ਰੁਕ ਨਹੀਂ ਪਾ ਰਹੇ। ਸੋ ਪਰਵਾਸੀ ਨਾਵਲਕਾਰਾਂ ਨੇ ਪਰਵਾਸੀ ਲੋਕਾਂ ਦੇ ਜੀਵਨ ਦੀਆਂ ਵਿਭਿੰਨ ਪਰਤਾਂ, ਉਨ੍ਹਾਂ ਨਾਲ ਹੁੰਦੀਆਂ ਬੇਇਨਸਾਫੀਆਂ ਉਨ੍ਹਾਂ ਦੇ ਮਸਲੇ ਸੰਕਟਾਂ, ਉਹਨਾਂ ਦੀਆਂ ਸਮੱਸਿਆਵਾਂ ਮੁਸ਼ਕਲਾਂ ਦਾ ਜਿੱਥੇ ਜ਼ਿਕਰ ਕੀਤਾ ਹੈ ਉੱਥੇ ਪੌਂਡਾਂ ਡਾਲਰਾਂ ਅਤੇ ਚਕਾਚੌਂਧ ਮਈ ਜੀਵਨ ਪਿੱਛੇ ਜੋ ਅੰਤਹੀਣ ਦੌੜ ਵੀ ਜਾਰੀ ਹੈ। ਉਸਦਾ ਬਿਉਰਾ ਵੀ ਪੇਸ਼ ਕੀਤਾ ਹੈ। ਪੰਜਾਬੀਆਂ ਦੀ ਪੱਛਮੀ ਦੇਸ਼ਾਂ 'ਚ ਵਸਣ ਦੀ ਭੁੱਖ ਪ੍ਰਤੀ ਦਿਨ ਪ੍ਰਬਲ ਹੋ ਗਈ ਹੈ। ਉਹ ਵਿਦੇਸ਼ ਜਾਣ ਲਈ ਹਰ ਵੈਧ ਅਵੈਧ ਢੰਗ ਤਰੀਕੇ ਅਪਨਾਉਣ ਤੋਂ ਪਰਹੇਜ਼ ਨਹੀਂ ਕਰਦੇ। ਮੌਤ ਨਾਲ ਵੀ ਮੱਥਾ ਲਾ ਲੈਂਦੇ ਹਨ, ਏਜੰਟਾਂ-ਠੱਗਾ ਕੋਲ ਪੈਸੇ ਵੀ ਲੁਟਾ ਬੈਠਦੇ ਹਨ। ਨਕਲੀ ਵਿਆਹ ਕਰਵਾ ਕੇ ਵਿਦੇਸ਼ ਪੁੱਜਣਾ ਵੀ ਆਮ ਵਰਤਾਰੇ ਹਨ। ਵਿਆਹ ਸ਼ਾਦੀਆਂ 'ਤੇ ਲੱਖਾਂ ਦੇ ਸੌਦੇ ਹੁੰਦੇ ਹਨ। ਇਨ੍ਹਾਂ ਕੰਮਾਂ 'ਚ ਧੋਖਾ ਵੀ ਹੁੰਦੇ ਹਨ। ਪੱਛਮ ਦੀ ਜ਼ਿੰਦਗੀ ਸਰਲ ਨਹੀਂ, ਸਹਿਜ ਨਹੀਂ, ਬਹੁਤ ਕਠਨ ਹੈ, ਬਹੁਤ ਪੇਚੀਦਾ ਅਤੇ ਜਟਿਲਮਈ ਹੈ। ਉੱਥੇ ਤਾਂ ਰਿਸ਼ਤਾਦਾਰੀ ਪ੍ਰਬੰਧ ਦਾ ਅਸਲੋ ਹੀ ਭੋਗ ਪੈ ਚੁੱਕਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਉੱਥੇ ਜਾ ਕੇ ਸਾਰਾ ਕੁਝ ਗੁਆਇਆ ਹੀ ਹੈ। ਸਾਡੇ ਲੋਕ ਉਥੇ ਜਾ ਕੇ ਸਖ਼ਤ ਕਿਰਤ ਕਰਕੇ ਮਹਿੰਗੀਆਂ ਕਾਰਾਂ ਤੇ ਹੋਰ ਸਹੂਲਤਾਂ ਦਾ ਆਨੰਦ ਵੀ ਮਾਣ ਰਹੇ ਹਨ। ਜਿੱਥੇ ਸਾਡੇ ਲੋਕ ਬਹੁਤ ਕੁਝ ਪ੍ਰਾਪਤ ਕਰ ਰਹੇ ਹਨ ਉੱਥੇ ਬਹੁਤ ਕੁਝ ਗੁਆ ਵੀ ਰਹੇ ਹਨ। ਜਿੱਥੇ ਤੀਜੀ ਚੌਥੀ ਪੀੜ੍ਹੀ



ਉਨ੍ਹਾਂ ਦੇ ਵਸ 'ਚ ਨਹੀਂ ਰਹੇਗੀ ਉੱਥੇ ਉਹ ਪੰਜਾਬੀ ਬੋਲੀ ਭਾਸ਼ਾ ਵੀ ਗੁਆ ਬੈਠੇਗੀ। ਉਨ੍ਹਾਂ ਲਈ ਰਿਸ਼ਤਿਆਂ ਦੇ ਅਰਥ ਵੀ ਬੇਹੂਦਾ ਤੇ ਬੇਮਾਹਣੇ ਹੋ ਜਾਣਗੇ। ਇਹ ਸਾਰਾ ਚੰਗਾ ਮਾੜਾ, ਬੀਮਾਰ ਤੇ ਸਿਹਤਮੰਦ ਜ਼ੁਜਾਂ ਅਤੇ ਵਰਤਾਰਿਆਂ ਨੂੰ ਪੰਜਾਬੀ ਪਰਵਾਸੀ ਨਾਵਲਕਾਰਾਂ ਨੇ ਆਪਣੇ ਕਲੇਵਰ 'ਚ ਲਿਆ ਹੈ। 'ਇਕ ਹੈਲਨ ਹੋਰ (ਕੰਵਲ), ਰੇਤ, ਵਨ ਵੇਅ, ਸਾਊਥਹਾਲ, ਗੀਤ (ਹਰਜੀਤ ਅਟਵਾਲ), ਭਗੌੜਾ, ਵਿਗੋਚਾ (ਜਰਨੈਲ ਸੇਖਾ), ਬਲੀ, ਹੋਣੀ (ਹਰਮੋਹਿੰਦਰ ਚਾਹਿਲ), ਮੋਹ ਦੀ ਮਿੱਟੀ, ਨਥਾਵੇਂ, ਚਿਹਰੇ, ਮੰਜ਼ਲ ਹੋਰ ਪਰ੍ਹੇ (ਮਹਿੰਦਰ ਪਾਲ ਧਾਲੀਵਾਲ), ਸ਼ਪੌਸ਼ਰਸ਼ਿੱਪ (ਨਦੀਮ ਪਰਮਾਰ), ਆਦਿ ਨਾਵਲਾਂ ਵਿੱਚ ਪਰਵਾਸੀ ਜਨ ਜੀਵਨ ਦੀਆਂ ਉਪਰੋਕਤ ਪ੍ਰਸਤੁਤ ਝਲਕੀਆਂ ਉਪਲੱਭਧ ਹਨ। ਨਛੱਤਰ ਬਰਾੜ, ਸ਼ਿਵਚਰਨ ਜੱਗੀ, ਸ਼ਿਵਚਰਨ ਗਿੱਲ, ਦਰਸ਼ਨ ਧੀਰ, ਪ੍ਰੋ. ਹਰਭਜਨ ਸਿੰਘ ਆਦਿ ਨਾਵਲਕਾਰਾਂ ਦੇ ਨਾਵਲ ਵੀ ਇਸ ਸੰਦਰਭ ਵਿੱਚ ਜ਼ਿਕਰਯੋਗ ਹਨ।

ਨਕਸਲੀ ਲਹਿਰ ਜਿਸਨੂੰ ਕਿਸਾਨੀ ਲਹਿਰ ਨਾਲ ਵੀ ਜਾਣਿਆ ਪਹਿਚਾਣਿਆ ਜਾਂਦਾ ਹੈ। ਇਸ ਲਹਿਰ ਦੇ ਇਤਿਹਾਸ, ਕੰਮਾਂ ਕਾਜਾਂ ਇਸਦੀਆਂ ਪ੍ਰਾਪਤੀਆਂ ਉਸ ਦੀ ਜਮਾਤੀ ਜਦੋ-ਜਹਿਦ, ਇਸਦੀਆਂ ਘਾਟਾਂ ਉਣਤਾਈਆਂ ਅਤੇ ਗਲਤੀਆਂ ਦਾ ਜ਼ਿਕਰ ਵੀ ਕੁਝ ਨਾਵਲਾਂ 'ਚ ਮਿਲਦਾ ਹੈ। ਪ੍ਰੋ. ਹਰਭਜਨ ਸਿੰਘ ਨੇ 'ਬਿਨ ਸਿੰਗੇ ਸਾਹਨ' ਨਾਵਲ ਨੂੰ ਅਜਿਹੀ ਪੁੱਠ ਚਾੜ੍ਹੀ ਹੈ। ਪ੍ਰੋ. ਹਰਭਜਨ ਨਕਸਲੀ ਵਿਚਾਰਧਾਰਾ ਅਤੇ ਦ੍ਰਿਸ਼ਟੀ ਨੂੰ ਦਰੁਸਤ ਮੰਨਦਾ ਹੈ। ਉਹ ਮਾਉ-ਜੇ-ਤੁੰਗ ਦੇ ਰਸਤੇ (ਨਵਜਮਹੂਰੀ ਇਨਕਲਾਬ) ਨੂੰ ਠੀਕ ਗਰਦਾਨਦਾ ਹੈ। ਨਕਸਲੀ ਲਹਿਰ ਨੂੰ ਸਮਝਣ ਲਈ ਇਹ ਨਾਵਲ ਉਤਕ੍ਰਿਸ਼ਟ ਹੈ। ਪਿਛਲੇ ਦਿਨੀਂ ਬਾਰੂ ਸਤਵਰਗ ਦਾ 'ਇਕ ਪੰਨਾ ਇਤਿਹਾਸ ਦਾ' ਨਾਵਲ ਵੀ ਨਕਸਲੀ ਲਹਿਰ ਤੇ ਕੇਂਦਰਤ ਹੈ। ਇਸ ਵਿਚੋਂ ਵੀ ਨਕਸਲੀ ਲਹਿਰ ਦੇ ਇਤਿਹਾਸ, ਉਸਦੇ ਕੰਮਾਂ ਕਾਜਾਂ ਦਾ ਬਿਉਰਾ, ਉਸ ਦੀ ਸੋਚ-ਦ੍ਰਿਸ਼ਟੀ ਨੂੰ ਹੀ ਨਹੀਂ ਉਭਾਰਦਾ ਸਗੋਂ ਇਸ ਲਹਿਰ ਦੀ ਟੁੱਟ ਭੱਜ, ਇਸ ਵਿੱਚ ਵਿਚਾਰਧਾਰਾ ਕਾਰਨ ਗਰੁੱਪਵਾਦ ਦੀ ਉਤਪਤੀ ਦਾ ਵੀ ਜ਼ਿਕਰ ਮਿਲਦਾ ਹੈ ਪਰੰਤੂ ਨਾਵਲਕਾਰ ਇਕ ਵਿਸ਼ੇਸ਼ ਧਿਰ ਅਤੇ ਧਾਰਾ (ਚਾਰੂ ਮਜ਼ੂਮਦਾਰ ਦੀ ਲਾਈਨ) ਨੂੰ ਹੀ ਪ੍ਰਵਾਨਗੀ ਤੇ ਮਾਨਤਾ ਦਿੰਦਾ ਹੈ। ਇਸ ਵਿਚਲਾ ਪ੍ਰਮੁੱਖ ਨਕਸਲੀ ਨੇਤਾ ਮਾਰਕਸੀ ਲੈਨਿਨੀ ਮਾਉ ਵਿਚਾਰਧਾਰਾ ਦੀ ਸੋਝੀ ਤਾਂ ਰੱਖਦਾ ਹੈ ਪਰੰਤੂ ਉਹ ਮਹਾਂ ਨਾਇਕ ਨਹੀਂ ਬਣ ਸਕਿਆ। ਬਲਦੇਵ ਸਿੰਘ ਦੇ ਨਾਵਲ 'ਕਲਰੀ ਧਰਤੀ' ਵਿੱਚ ਵੀ ਨਕਸਲੀਆਂ ਦੇ ਉਭਾਰ ਨੂੰ ਸਹੀ ਅਰਥਾਂ ਵਿੱਚ ਪ੍ਰਸੁਤਤ ਕੀਤਾ ਗਿਆ ਹੈ। ਜਸਵੰਤ ਕੰਵਲ ਨੇ 'ਲਹੂ ਦੀ ਲੋਅ' ਨਾਵਲ ਵਿੱਚ ਵੀ ਪੰਜਾਬ ਦੀ ਨਕਸਲਵਾੜੀ ਲਹਿਰ ਦੀਆਂ ਵਿਭਿੰਨ ਸ਼ਕਲਾਂ ਨੂੰ ਪ੍ਰਸ਼ਤੁਤ ਹੀ ਨਹੀਂ ਕੀਤਾ ਸਗੋ ਸਰਕਾਰੀ ਦਹਿਸ਼ਤ ਅਤੇ ਵਹਿਸ਼ਤੀ ਅਤੇ ਨਕਸਲਵਾੜੀਆਂ ਨੂੰ ਕਤਲ ਕਰਨ ਨੂੰ ਸਹੀ ਪਰੀਪੇਖ 'ਚ ਪੇਸ਼ ਕੀਤਾ ਹੈ। ਨਕਸਲੀ ਕਾਰਕੁਨਾਂ ਅਤੇ ਨੇਤਾਵਾਂ ਤੇ ਅੰਨ੍ਹਾ ਤਸ਼ੱਦਦ ਕਰਕੇ ਉਨ੍ਹਾਂ ਨੂੰ ਮਾਰਿਆ ਗਿਆ ਹੈ। ਨਕਸਲੀ ਕਾਰਕੁਨਾਂ ਨੇਤਾਵਾਂ, ਹਮਦਰਦਾਂ ਦੇ ਘਰਾਂ ਨੂੰ ਵੀ ਸਾੜਣ ਦੀ ਟੋਹ ਇਹ ਨਾਵਲ ਦਿੰਦਾ ਹੈ। 'ਮਨੁੱਖਤਾ' ਨਾਵਲ ਵਿੱਚ ਵੀ ਜਸਵੰਤ ਕੰਵਲ ਨੇ ਇਕ ਨਕਸਲੀ ਦੇ ਜੀਵਨ ਨੂੰ ਰੇਖਾਂਕਿਤ ਕੀਤਾ ਹੈ। 'ਪਰਸਾ' ਰਚਿਤ ਗੁਰਦਿਆਲ ਸਿੰਘ ਦਾ ਨਾਵਲ ਵੀ ਨਕਸਲੀ ਲਹਿਰ ਦੀ ਚੜ੍ਹਤ ਦਾ ਹਾਮੀ ਹੈ। ਹਨੇਰੇ 'ਚ ਘਿਰਿਆ ਮਨੁੱਖ ( ਸ਼ਾਹ ਚਮਨ), ਲੋਹੇ ਲਾਖੇ (ਓਮ ਪ੍ਰਕਾਸ਼ ਗਾਸੋ), ਕਾਲੇ ਦਿਨ (ਜਸਦੇਵ ਧਾਲੀਵਾਲ), 'ਨਿੱਕੇ ਨਿੱਕੇ ਯੁੱਧ', 'ਕਥਾ ਇਸ ਯੁੱਗ ਦੀ', 'ਗਹਿਰ ਚੜ੍ਹੀ ਅਸਮਾਨ' (ਬਲਬੀਰ ਪਰਵਾਨਾ) ਆਦਿ ਨਾਵਲਾਂ ਵਿੱਚ ਵੀ ਖੱਬੀ ਤੇ ਨਕਸਲੀ ਲਹਿਰ ਦਾ ਘੱਟ ਜਾਂ ਵੱਧ ਰੂਪ ਹਾਂਦਰੂ ਅਤੇ ਨਾਂਦਰੂ ਦੋਨਾਂ ਪੱਖਾਂ ਤੋਂ ਕਲਮ ਬੱਧ ਹੋਇਆ ਹੈ। ਪ੍ਰੇਮ ਪ੍ਰਕਾਸ਼ ਦਾ ਇਕੋ ਇਕ ਨਾਵਲ 'ਦਸਤਾਵੇਜ਼' ਨਕਸਲੀ ਲਹਿਰ ਦੀਆਂ ਗਲਤੀਆਂ, ਘਾਟਾਂ, ਊਣਤਾਈਆਂ ਨੂੰ ਬੜੀ ਬੇਬਾਕੀ ਨਾਲ ਵਿਅਕਤ ਕਰਦਾ ਹੈ। ਜਿਥੋਂ ਸਾਨੂੰ ਇਕ ਸਬਕ ਵੀ ਮਿਲਦਾ ਹੈ ਪਰੰਤੂ ਸਮਕਾਲ ਵਿੱਚ ਨਕਸਲੀ ਲਹਿਰ ਦੇ ਤੱਤ ਅਤੇ ਤੱਥਾਂ ਤੋਂ ਪੰਜਾਬੀ ਨਾਵਲ ਅਜੇ ਵਿਰਵੇ ਹਨ। ਮਹਿੰਦਰ ਪਾਲ ਧਾਲੀਵਾਲ ਦਾ

ਇਕ ਪੂਰਾ ਨਾਵਲ ਨਕਸਲੀ ਲਹਿਰ ਨੂੰ ਸੰਬੋਧਤ ਹੈ। ਨਕਸਲੀ ਲਹਿਰ ਦਾ ਲੇਖਾ ਜੋਖਾ ਵੀ ਇਸ ਨਾਵਲ 'ਚ ਨਿਹਿਤ ਹੈ। ਪਾਠਕ ਇਸ ਨਾਵਲ ਨੂੰ ਲਾਜ਼ਮੀ ਹੁੰਗਾਰਾ ਦੇਣਗੇ, ਇਹ ਮੇਰੀ ਦਲੀਲ ਸੱਚ ਸਾਬਤ ਹੋਵੇਗੀ। ਬਲਬੀਰ ਪਰਵਾਨਾ ਨੇ ਕਈ ਨਾਵਲ (ਆਪਣੇ ਆਪਣੇ ਮੋਰਚੇ, ਨਿੱਕੇ ਨਿੱਕੇ ਯੁੱਧ, ਗਹਿਰ ਚੜੀ ਅਸਮਾਨ, ਕਥਾ ਇਸ ਯੁੱਗ ਦੀ) ਵੀ ਕਈ ਪੱਖਾਂ ਤੋਂ ਮਹੱਤਵਪੂਰਨ ਹਨ। ਇਹ ਨਾਵਲ ਮੁੱਲਵਾਨ ਹਨ। ਇਨ੍ਹਾਂ ਨਾਵਲਾਂ ਦੀ ਇਸ ਪੱਖੋਂ ਵੀ ਅਹਿਮੀਅਤ ਹੈ ਕਿ ਇਨ੍ਹਾਂ 'ਚ ਸਮੁੱਚੀ ਪੰਜਾਬ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਹੀ ਦਰਜ ਨਹੀਂ ਕੀਤਾ ਗਿਆ ਸਗੋਂ ਕਮਿਊਨਿਸਟ ਸਭਿਆਚਾਰ ਨੂੰ ਵੀ ਇਨ੍ਹਾਂ 'ਚੋਂ ਦੇਖਿਆ ਜਾ ਸਕਦਾ ਹੈ। ਇਹ ਨਾਵਲ ਕਮਿਊਨਿਸਟਾਂ ਅਤੇ ਕਮਿਊਨਿਸਟ ਲਹਿਰ ਦੀ ਕਾਫੀ ਹੱਦ ਤੱਕ ਕਈ ਪੱਖਾਂ ਤੋਂ ਮੁਲੰਕਣ ਵੀ ਕਰਦੇ ਹਨ। ਪਰਵਾਨੇ ਨੇ ਆਪਣੇ ਨਾਵਲਾਂ 'ਚ ਕਿਸੇ ਵੀ ਧਿਰ ਨੂੰ ਬਖਸਿਆਂ ਨਹੀਂ। ਕਿਸੇ ਵਿਸ਼ੇਸ਼ ਧਿਰ ਨਾਲ ਹਮਦਰਦੀ ਨਹੀਂ ਪ੍ਰਗਟ ਕੀਤੀ। ਪਰਵਾਨਾ ਖੁਦ ਕਮਿਊਨਿਸਟ ਲਹਿਰ ਦਾ ਇਕ ਹਮਦਰਦ ਕਾਰਕੁਨ ਹੈ। ਉਸਦਾ ਕਮਿਊਨਿਜ਼ਮ ਵਿੱਚ ਪੂਰਾ ਵਿਸ਼ਵਾਸ਼ ਹੈ ਪਰੰਤੂ ਉਸਦਾ ਕਮਿਊਨਿਸਟਾ ਵਿੱਚ ਵਿਸ਼ਵਾਸ ਨਹੀਂ, ਇਹ ਵਿਸ਼ਵਾਸ਼ ਇਸ ਕਰਕੇ ਨਹੀਂ ਕਿਉਂਕਿ ਉਹਨਾਂ ਦੇ ਕਿਰਦਾਰ, ਕਾਰ ਵਿਹਾਰ, ਕੰਮ-ਢੰਗ ਕਮਿਊਨਿਸਟਾਂ ਵਾਲੇ ਨਹੀਂ। ਇਹ ਨਾਵਲ ਕਮਿਊਨਿਸਟਾਂ ਦੀਆਂ ਘਾਟਾਂ ਅਤੇ ਕਮਜ਼ੋਰੀਆਂ ਤੇ ਹੀ ਉਂਗਲ ਨਹੀਂ ਧਰਦੇ ਸਗੋਂ ਉਨ੍ਹਾਂ ਨੂੰ ਆਤਮ ਚਿੰਤਨ ਕਰਨ ਦਾ ਇਕ ਸੁਨਹਿਰੀ ਅਵਸਰ ਵੀ ਪ੍ਰਦਾਨ ਕਰਦੇ ਹਨ, ਅਸਫਲਤਾਵਾਂ ਤੋਂ ਸਫ਼ਲਤਾਵਾਂ ਵੱਲ ਵਧਣ ਦਾ ਦਿਸ਼ਾ ਨਿਰਦੇਸ਼ ਵੀ ਦਿੰਦੇ ਹਨ। ਦਰਸ਼ਨ ਸਿੰਘ ਦਾ 'ਭਾਊ' ਨਾਵਲ ਹਰਕਿਸ਼ਨ ਸਿੰਘ ਸੁਰਜੀਤ ਦੀ ਜ਼ਿੰਦਗੀ ਦੇ ਭਿੰਨ ਭਿੰਨ ਤਿੰਨ ਰੂਪਾਂ ਭੇਦਾਂ ਤੇ ਹੀ ਕੇਂਦਰਤ ਨਹੀਂ ਸਗੋਂ ਸਾਨੂੰ ਕਮਿਊਨਿਸਟ ਲਹਿਰ ਦੀਆਂ ਉਣਤਾਈਆਂ-ਘਾਟਾਂ ਦਾ ਯਥਾਰਥਵਾਦੀ ਗਿਆਨ ਵੀ ਮੁਹੱਈਆ ਕਰਦਾ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਨਾਵਲ ਇਤਿਹਾਸ ਅਤੇ ਮਿਥਿਹਾਸ ਦੇ ਪੰਨਿਆਂ ਨੂੰ ਫਰੋਲਣ ਵੱਲ ਰੁਚਿਤ ਹੈ। 90ਵਿਆਂ ਤੋਂ ਪਹਿਲਾਂ ਰਚੇ ਗਏ ਇਤਿਹਾਸਕ ਨਾਵਲ ਮਿੱਥਾਂ, ਕਲਪਨਾਵਾਂ ਤੋਂ ਬਿਨਾ ਸਰਧਾਵਸ ਰਚੇ ਗਏ ਹਨ ਪਰੰਤੂ ਸਮਕਾਲੀ ਨਾਵਲਕਾਰ ਇਤਿਹਾਸ ਚੋਂ ਮਿੱਥਾਂ, ਭਰਾਂਤੀਆਂ ਅਤੇ ਕਲਪਨਾਵਾਂ ਨੂੰ ਖਾਰਜ ਕਰ ਰਹੇ ਹਨ ਅਤੇ ਇਤਿਹਾਸ ਨੂੰ ਵਿਗਿਆਨਕ ਅਤੇ ਪਦਾਰਥਵਾਦੀ ਨਜ਼ਰੀਏ ਤੋਂ ਕਾਨੀਬੱਧ ਕਰ ਰਹੇ ਹਨ। ਮਿਥਿਹਾਸ ਦੇ ਵੀ ਉਨ੍ਹਾਂ ਜੁਜ਼ਾਂ ਨੂੰ ਅਭਿਵਿਅਕਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੀ ਸੁਰ ਅਗਾਂਹਵਧੂ ਹੈ ਪਰ ਉਨ੍ਹਾਂ ਮਿੱਥਾਂ-ਭਰਾਂਤੀਆਂ ਨੂੰ ਨਹੀਂ ਉਭਾਰਿਆ ਜਾ ਰਿਹਾ ਜਿਨ੍ਹਾਂ ਦੀ ਟੋਨ ਪਿਛਾਂਹ-ਖਿੱਚੂ ਅਤੇ ਅੰਧ ਵਿਸ਼ਵਾਸੀ ਹੈ। ਪੰਜਾਬੀ ਨਾਵਲ 'ਚ ਇਹ ਵਰਤਾਰੇ ਮਹਿਮਾਯੋਗ ਅਤੇ ਮਾਨਤਾਯੋਗ ਹਨ। ਦੂਜਾ ਪੰਜਾਬੀ ਨਾਵਲ 'ਚ ਇਤਿਹਾਸ ਦੇ ਉਹ ਨਾਇਕ ਅਤੇ ਮਹਾਂ ਨਾਇਕ ਪ੍ਰਸਤੁਤ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਇਤਿਹਾਸ ਦੀ ਉਸਾਰੀ 'ਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਬਦਲੇਵ ਸਿੰਘ ਨੇ ਚਾਰ ਇਤਿਹਾਸਕ ਨਾਵਲ ਰਚੇ ਹਨ ਜੋ ਮਿੱਥਾਂ, ਭਰਾਂਤੀਆਂ ਅਤੇ ਕਲਪਨਾਵਾਂ ਤੋਂ ਮੁਕਤ ਹਨ ਅਤੇ ਜਿਨ੍ਹਾਂ ਨਾਇਕਾਂ ਨੂੰ ਬਲਦੇਵ ਨੇ ਉਲੀਕਿਆ ਹੈ ਉਹ ਇਤਿਹਾਸ ਵਿੱਚ ਘੱਟ ਜਾਂ ਵੱਧ ਰੂਪ ਵਿੱਚ ਅਣਗੌਲੇ ਸਨ। ਪੰਜਵਾਂ ਸਾਹਿਬਜਾਦਾ (ਬਾਬਾ ਜੀਵਨ ਸਿੰਘ ਦੀ ਜੀਵਨੀ ਮੂਲਕ ਨਾਵਲ), ਸਤਲੁਜ ਵਹਿੰਦਾ ਰਿਹਾ (ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਉਸਦੀ ਵਿਚਾਰਧਾਰਾ ਤੇ ਕੇਂਦਰਤ ਨਾਵਲ), ਮਹਾਂ ਬਲੀ ਸੂਰਾ (ਬੰਦਾ ਸਿੰਘ ਬਹਾਦਰ ਦੀ ਜੀਵਨੀ ਉਸਦੀਆਂ ਪ੍ਰਾਪਤੀਆਂ, ਸਾਮੰਤਵਾਦ ਨੂੰ ਵੱਡੀ ਮਾਰ ਅਤੇ ਸੱਟ ਮਾਰਨ ਵਾਲਾ ਨਾਵਲ), ਢਾਵਾਂ ਦਿੱਲੀ ਦੇ ਕਿੰਗਰੇ (ਦੁੱਲੇ ਭੱਟੀ ਦੀ ਸਾਮੰਤੀ ਸਾਮਰਾਜੀ ਅਕਬਰ ਨਾਲ ਟੱਕਰ, ਇਹ ਨਾਵਲ ਵੀ ਤਤਕਾਲ ਦੀ ਕਿਸਾਨੀ ਸੰਕਟ ਤੇ ਆਧਾਰਤ ਹੈ। ਆਦਿ ਨਾਵਲਾਂ ਤੋਂ ਬਿਨਾ ਮਨਮੋਹਨ ਬਾਵਾ ਦੇ ਨਾਵਲ 'ਯੁੱਦ ਨਾਦ', 'ਯੁੱਗ ਅੰਤ', '1857 ਦਿੱਲੀ ਦਿੱਲੀ', 'ਅਫਗਾਨਿਸਤਾਨ ਦੀ ਉਰਸਲਾ' ਵੀ ਬੇਹੱਦ ਮਹੱਤਵਪੂਰਨ ਹਨ। ਇਨ੍ਹਾਂ ਨਾਵਲਾਂ 'ਚ ਵੀ ਲੇਖਕ ਨੇ ਫੋਕੀਆਂ ਕਲਪਨਾਵਾਂ ਭਰਾਂਤੀਆਂ , ਮਿੱਥਾਂ ਨੂੰ ਛਾਂਟ ਕੇ ਇਤਿਹਾਸ ਨੂੰ ਵਿਗਿਆਨਕਵਾਦੀ



ਜਾਮਾ ਪਹਿਨਾਇਆ ਹੈ। ਡਾ. ਮਨਮੋਹਨ ਦਾ ਨਾਵਲ 'ਨਿਰਵਾਣ' ਵੀ ਇਸੇ ਪਰਸਪੈਕਟ ਵਿੱਚ ਦੇਖਣਯੋਗ ਹੈ ਕਿਉਂਕਿ ਉਸਨੇ ਇਤਿਹਾਸ+ਮਿਥਿਹਾਸ ਦੇ ਅਧਿਐਨ ਨੂੰ ਪਦਾਰਥਵਾਦੀ ਨਜ਼ਰੀਏ ਤੋਂ ਵਾਚਿਆ ਹੈ। ਇਸ ਨਾਵਲ ਦਾ ਇਕ ਹੋਰ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਹ ਵੀ ਹੈ ਕਿ ਇਹ ਦਲਿਤ ਖਾਸਕਾਰ ਸੂਦਰ ਜਮਾਤ ਵਰਗ ਤੇ ਕੇਂਦਰਤ ਹੈ। ਪੰਜਾਬੀ ਨਾਵਲਕਾਰਾਂ ਚੋਂ ਮੋਹਨ ਕਾਹਲੋਂ ਦਾ ਨਾਵਲ 'ਕਾਲੀ ਮਿੱਟੀ' ਭਾਵੇਂ ਭਾਰਤੀ ਮਿੱਥ ਸੰਸਕ੍ਰਿਤੀ ਦੀ ਪ੍ਰਸਤੁਤੀ ਹੈ ਪਰੰਤੂ ਇਸ ਨਾਵਲ ਵਿੱਚ ਦੇਵਦਾਸੀਆਂ (ਮੰਦਰਾਂ ਦੇ ਪੰਡਤ ਸੁੰਦਰ ਲੜਕੀਆਂ ਨੂੰ ਦੇਵ ਦਾਸੀਆਂ ਬਣਾ ਕੇ ਉਹਨਾਂ ਦਾ ਮੰਦਰਾਂ 'ਚ ਹੀ ਸਰੀਰਕ ਸ਼ੋਸ਼ਣ ਕਰਦੇ ਹਨ। ਬਾਰੇ ਜ਼ਿਕਰ ਹੈ। ਦੇਵਦਾਸੀ ਵੇਸਵਾ ਦਾ ਹੀ ਦੂਜਾ ਨਾਂ ਹੈ। ਪਰੰਤੂ ਜਦ ਇਕ ਘਰ ਦੀ ਸੁੰਦਰ ਲੜਕੀ ਧੱਕੇ ਨਾਲ ਦੇਵਦਾਸੀ ਬਣਾ ਦਿੱਤੀ ਜਾਂਦੀ ਹੈ ਉਸ ਤੋਂ ਬਾਅਦ ਉਹ ਆਪਣੀ ਲੜਕੀ ਨੂੰ ਦੇਵਦਾਸੀ ਨਹੀਂ ਬਣਨ ਦਿੰਦੀ। ਉਹ ਲੜਕੀ ਚੇਤਨ ਹੁੰਦੀ ਹੈ ਅਤੇ ਮਰਜੀ ਦੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ। ਇਹ ਨਾਵਲ ਬਹੁ ਪਰਤੀ/ ਬਹੁਤ ਅਰਥੀ/ ਬਹੁ ਦਿਸ਼ਾਵੀ ਹੈ ਜਿਸ ਤੋਂ ਲੜਕੀਆਂ ਨੂੰ ਚੇਤਨਾ ਮਿਲਦੀ ਹੈ।

ਗੁਰਦੇਵ ਰੁਪਾਣਾ ਦੇ ਕਈ ਨਾਵਲ (ਆਮ ਖਾਸ, ਆਸੋ ਦਾ ਟੱਬਰ, ਗੋਰੀ ਅਤੇ ਸ਼੍ਰੀ ਪਾਰਵਾ) ਪ੍ਰਕਾਸ਼ਤ ਹੋ ਚੁੱਕੇ ਹਨ ਪਰੰਤੂ ਉਸਦਾ ਨਾਵਲ 'ਜਲਦੇਵ' ਬਹੁਤ ਮਾਰਮਿਕ ਅਤੇ ਮਹੱਤਵਪੂਰਨ ਹੈ। ਇਹ ਪਹਿਲਾ ਅਜਿਹਾ ਨਾਵਲ ਹੈ ਜੋ ਵਿਗਿਆਨਕ ਅਤੇ ਤਾਰਕਿਕ ਮੁੱਦਿਆਂ ਨਾਲ ਸਬੰਧਤ ਹੈ। ਸੋ 'ਜਲਦੇਵ' ਨਾਵਲ ਸਾਡੇ ਨਜ਼ਰੀਏ ਨੂੰ ਤਾਰਕਿਕ ਅਤੇ ਪਦਾਰਥਵਾਦੀ ਬਣਾਉਂਦਾ ਹੈ। ਇਕਬਾਲ ਮਾਹਲ ਦਾ 'ਡੌਗੀਟੇਲ ਡਰਾਈਵਲ' ਨਾਵਲ ਭਾਵੇਂ ਇਹ ਉਸਦਾ ਪਹਿਲਾ ਨਾਵਲ ਹੈ ਪਰੰਤੂ ਇਸ ਦਾ ਵਿਸ਼ਾ ਬੜਾ ਰੌਚਿਕ ਅਤੇ ਹਟਵਾਂ ਹੈ। ਇਸ ਨਾਵਲ ਵਿੱਚ ਇਕਬਾਲ ਨੇ ਮਰਦ-ਔਰਤ ਰਿਸ਼ਤੇ ਨੂੰ ਵੱਖਰੇ ਅੰਦਾਜ਼ ਵਿੱਚ ਪ੍ਰਸਤੁਤ ਕੀਤਾ ਗਿਆ। ਇਸ ਨਾਵਲ ਦੇ ਮਰਦ ਪਾਤਰਾਂ ਦੇ ਵਿਭਿੰਨ ਰੂਪ ਉਭਰ ਕੇ ਸਾਹਮਣੇ ਆਉਂਦੇ ਹਨ। ਇਕ ਤਰ੍ਹਾਂ ਨਾਲ ਔਰਤ ਪਾਤਰਾਂ ਰਾਹੀਂ ਇਕਬਾਲ ਨੇ ਮਰਦ ਦੇ ਕਈ ਚੰਗੇ ਮਾੜੇ ਪੱਖਾਂ ਨੂੰ ਉਜਾਗਰ ਕੀਤਾ ਹੈ। ਇਕ ਹੋਰ ਨਾਵਲ 'ਵਾਲ ਸਟਰੀਟ' ਰਚਿਤ ਨਛੱਤਰ ਗਿੱਲ ਦਾ ਪਿਛਲੇ ਦਿਨੀਂ ਪ੍ਰਕਾਸ਼ਤ ਹੋਇਆ ਹੈ। ਇਸ ਨਾਵਲ ਵਿੱਚ ਅਮਰੀਕੀ ਨਵ ਸਾਮਰਾਜਵਾਦ ਦਾ ਚਿਹਰਾ ਨੰਗਾ ਕੀਤਾ ਗਿਆ ਹੈ। ਵਾਲ ਸਟਰੀਟ ਅਮਰੀਕੀ ਸ਼ਕਤੀ, ਹੈਜਮਨੀ ਦਾ ਪ੍ਰਤੀਕ ਹੈ। ਇਸ ਵਿਰੁੱਧ ਸਾਰੇ ਸੰਸਾਰ ਦੇ ਲੋਕ ਆਪ ਮੁਹਾਰੇ ਉੱਠ ਰਹੇ ਹਨ। ਲੋਕਾਂ ਦੀ ਇਸ ਲਹਿਰ ਦਾ ਨਾਹਰਾ ਹੈ ਕਿ ਸਾਨੂੰ ਵਾਲ ਸਟਰੀਟ ਤੇ ਕਬਜਾ ਕਰਨ ਦੀ ਲੋੜ ਹੈ। ਜੇ ਕਰ ਅਜਿਹਾ ਨਾ ਕੀਤਾ ਗਿਆ ਤਾਂ ਸਾਡਾ ਭਵਿੱਖ ਬਚ ਨਹੀਂ ਸਕੇਗਾ। ਇਹ ਨਾਵਲ ਬਹੁਤ ਹੀ ਵੱਡ ਅਰਥੀ ਸੁਨੇਹਾ ਦਿੰਦਾ ਹੈ। ਬਲਬੀਰ ਕੌਰ ਸੰਘੇੜਾ ਦਾ ਨਾਵਲ 'ਜਾਲ਼' ਵੀ ਜ਼ਿਕਰ ਯੋਗ ਹੈ। ਪਿਆਰ-ਵਿਆਹ ਮਾੜਾ ਵਰਤਾਰਾ ਨਹੀਂ ਹੈ ਪਰੰਤੂ ਕਦੇ ਕਦੇ ਪਿਆਰ ਵਿਆਹ ਵੀ ਦੁਖਾਂਤਕ ਵਰਤਾਰਾ ਬਣ ਜਾਂਦਾ ਹੈ। ਪ੍ਰੀਤੀ ਨੇ ਗੁਰਿੰਦਰ ਨਾਲ ਪਿਆਰ-ਵਿਆਹ ਕੀਤਾ ਹੈ ਪਰੰਤੂ ਇਹ ਪਿਆਰ ਵਿਆਹ ਉਸ ਲਈ ਦੁੱਖਾਂ ਦਰਦਾਂ ਦਾ ਸਬੱਬ ਬਣ ਜਾਂਦਾ ਹੈ। ਸੰਘੇੜਾ ਨੇ ਇਸ ਨਾਵਲ ਵਿੱਚ ਕਈ ਹੋਰ ਗੌਰਤਲਬ ਉੱਪ ਵਿਸ਼ੇ ਵੀ ਬੁਣੇ ਹਨ ਜਿਸ ਨਾਲ ਨਾਵਲ ਗਤੀਮਾਨ ਹੁੰਦਾ ਹੈ। ਹੁਣੇ ਹੁਣੇ ਸ਼ਾਹ ਚਮਨ ਦਾ 'ਹੀਰ ਬੈਰਾਗਣ' ਇਕ ਨਵਾਂ ਤੇ ਨਿਵੇਕਲਾ ਨਾਵਲ ਪ੍ਰਕਾਸ਼ਤ ਹੋਇਆ ਹੈ। ਹੀਰ ਰਾਂਝੇ ਦੀ ਕਥਾ ਨੂੰ ਪੁਨਰ ਸਿਰਜਿਆ ਹੀ ਨਹੀਂ ਸਗੋਂ ਨਵੇਂ ਅਰਥ ਵੀ ਪ੍ਰਦਾਨ ਕੀਤੇ ਹਨ। ਨਾਵਲ ਵਿੱਚ ਤਖ਼ਤ ਰਸਾਤਲ ਵੱਲ ਜਾ ਰਹੇ ਪਿੰਡਾਂ ਦਾ ਪ੍ਰਤੀਕ ਹੈ ਅਤੇ ਸਿਆਲ ਅਮੀਰ ਲੋਕਾਂ ਦਾ ਚਿਹਨਕ ਹੈ। ਤਖ਼ਤ ਹਜ਼ਾਰੇ ਦਾ ਰਾਂਝਾ ਸਾਧਨ ਵਿਹੂਣੀ ਜਮਾਤ ਦਾ ਅੰਗ ਬਣ ਰਿਹਾ ਹੈ। ਸ਼ਾਹ ਨੇ ਅਮੀਰੀ ਗਰੀਬੀ ਦੇ ਪਾੜੇ ਨੂੰ ਕਲਾਤਮਕ ਢੰਗ ਨਾਲ ਇਸ ਨਾਵਲ 'ਚ ਮੂਰਤੀਮਾਨ ਕੀਤਾ ਹੈ। ਉਪਰੋਕਤ ਚਰਚਾ ਤੋਂ ਇਹ ਭਲੀਭਾਂਤ ਸ਼ਪੱਸ਼ਟ ਹੁੰਦਾ ਹੈ ਕਿ ਪੰਜਾਬੀ ਨਾਵਲ ਦਾ ਭਵਿੱਖ ਸੁਰੱਖਿਅਤ ਅਤੇ ਰੌਸ਼ਨਮਈ ਹੈ। ਅਜਿਹੀ ਆਸ ਸਾਨੂੰ ਸਾਰਿਆਂ ਨੂੰ ਕਰਨੀ ਚਾਹੀਦੀ ਹੈ।

ਮੋਬਾ. 98553-71313

# ਪੰਜਾਬੀ ਨਾਵਲਕਾਰੀ ਦੇ ਵਿਕਾਸ ਵਿਚ ਕਿਸਾਨੀ ਸਰੋਕਾਰਾਂ ਅਤੇ ਚੇਤਨਾ ਦੀ ਭੂਮਿਕਾ/ - ਡਾ. ਸਾਕ ਮੁਹੰਮਦ




ਨਾਵਲ ਇਕ ਗਲਪੀ ਬਿਰਤਾਂਤ ਹੁੰਦਾ ਹੈ। ਇਸ ਵਿਚ ਨਾਵਲਕਾਰ ਵਲੋਂ ਭਾਵੇਂ ਇਤਿਹਾਸਕ ਵਾਸਤਵਿਕਤਾ ਜਾਂ ਕਿਸੇ ਘਟਨਾ ਦਾ ਹੂ-ਬ-ਹੂ ਰੂਪਾਂਤਰਣ ਕਰਨ ਦਾ ਯਤਨ ਕੀਤਾ ਜਾਂਦਾ ਹੈ, ਪਰ ਇਹ ਰੂਪਾਂਤਰਣ ਰਚਨਾਕਾਰ ਦੀ ਦ੍ਰਿਸ਼ਟੀ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਤੋਂ ਪੂਰਨ ਰੂਪ ਵਿਚ ਪ੍ਰਭਾਵਤ ਹੁੰਦਾ ਹੈ।

ਪੰਜਾਬੀ ਨਾਵਲ ਦਾ ਉਦੈ ਪੰਜਾਬ ਉੱਪਰ ਅੰਗਰੇਜ਼ਾਂ ਦੁਆਰਾ ਕਬਜ਼ਾ ਕਰਨ ਤੋਂ ਮਗਰੋਂ ਹੋਇਆ। ਅੰਗਰੇਜ਼ ਸਾਮਰਾਜ ਨੇ ਆਪਣੀਆਂ ਨੀਤੀਆਂ ਅਧੀਨ ਜਾਗੀਰਦਾਰੀ ਅਰਥਚਾਰੇ ਨੂੰ ਹੌਲੀ-ਹੌਲੀ ਪੂੰਜੀਵਾਦੀ ਅਰਥਚਾਰੇ ਵਿਚ ਤਬਦੀਲ ਕੀਤਾ। ਇਸ ਸਿਸਟਮ ਅਧੀਨ ਕਿਸਾਨੀ ਲਈ ਨਗਦ ਸਰਕਾਰੀ ਲਗਾਨ ਭਰਨਾ ਅਨਿਵਾਰੀ ਹੋ ਗਿਆ। ਇੰਝ, ਨਿਮਨ ਕਿਸਾਨੀ ਮੰਦੇ ਦੀ ਹਾਲਤ ਵਿੱਚ ਲਗਾਨ ਭਰਦੀ ਹੋਈ ਕਰਜ਼ਈ ਹੋਣ ਲੱਗੀ। ਕਿਸਾਨੀ ਦੀ ਇਹੋ ਜਿਹੀ ਹਾਲਤ ਦੇ ਸਿੱਟੇ ਵਜੋਂ 'ਕਿਸਾਨ ਲਹਿਰਾਂ' ਉਤਪੰਨ ਹੋਣ ਲੱਗੀਆਂ, ਇਹ ਲਹਿਰਾਂ ਉਸ ਵਕਤ ਦੀ ਕਿਸਾਨੀ ਨੂੰ ਸੁਚੇਤ ਕਰਦੀਆਂ ਹੋਈਆਂ ਅੰਗਰੇਜ਼ ਸਾਮਰਾਜ ਦੀਆਂ ਨੀਤੀਆਂ ਨੂੰ ਨੰਗਾ ਕਰਨ ਲੱਗੀਆਂ। ਇੰਜ ਹੀ ਪੰਜਾਬ ਵਿਚ ਵਿਭਿੰਨ ਮੰਡੀਆਂ ਦੀ ਸਥਾਪਤੀ, ਅਵਾਜਾਈ ਸਾਧਨਾਂ ਅਤੇ ਸਨਅਤੀਕਰਨ ਦੇ ਪ੍ਰਚਾਰ ਦੁਆਰਾ ਕਿਸਾਨੀ ਸਮਾਜ ਵਿਚ ਤੇਜ਼ੀ ਨਾਲ ਬਦਲਾਵ ਆਉਣ ਲੱਗੇ। ਇਸੇ ਤਰ੍ਹਾਂ ਅੰਗਰੇਜ਼ ਸਾਮਰਾਜ ਦੁਆਰਾ ਸਥਾਪਤ ਕੀਤੇ ਨਵੇਂ ਵਿਦਿਅਕ ਅਦਾਰਿਆਂ ਨਾਲ ਪੰਜਾਬ ਦੀਆਂ ਹੋਰਨਾਂ ਸ਼੍ਰੇਣੀਆਂ ਦੇ ਸਮਾਨਾਂਤਰ ਕਿਸਾਨੀ ਵਿਚ ਵੀ ਪੜ੍ਹੀ-ਲਿਖੀ ਮੱਧ ਸ਼੍ਰੇਣੀ ਦਾ ਜਨਮ ਹੋਇਆ ਅਤੇ ਇਸ ਸ਼੍ਰੇਣੀ ਰਾਹੀਂ ਹੀ ਪੱਛਮੀ ਸਾਹਿਤ ਅਤੇ ਸਭਿਆਚਾਰ ਦਾ ਪੰਜਾਬ ਵਿਚ ਪ੍ਰਵੇਸ਼ ਹੋਣ ਲੱਗਿਆ। ਇਸ ਤੋਂ ਬਿਨਾਂ ਈਸਾਈ ਮਿਸ਼ਨਰੀਆਂ ਰਾਹੀਂ ਕੀਤੇ ਜਾ ਰਹੇ ਈਸਾਈਅਤ ਦੇ ਪ੍ਰਚਾਰ ਅਤੇ ਪ੍ਰੈਸ ਦੀ ਸਥਾਪਨਾ ਕਰਕੇ ਪੰਜਾਬੀ ਭਾਸ਼ਾ ਵਿਚ ਅਨੁਵਾਦਿਤ ਅਤੇ ਮੌਲਿਕ ਸਾਹਿਤ ਪੰਜਾਬੀਆਂ ਤੱਕ ਅੱਪੜਣ ਨਾਲ ਪੰਜਾਬੀ ਤੇ ਪੱਛਮੀ ਦੋਨੋਂ ਸਭਿਆਚਾਰਕ ਪਰਸਥਿਤੀਆਂ ਵਿਚ ਤਨਾਓ ਦੀ ਸੰਕਟ ਸਥਿਤੀ ਬਣ ਗਈ। ਅੰਗਰੇਜ਼ ਸਾਮਰਾਜ, ਕਿਉਂਕਿ ਸੋਚੀ ਸਮਝੀ ਵਿਉਂਤ ਰਾਹੀਂ ਪੰਜਾਬੀ ਸਭਿਅਤਾ ਅਤੇ ਸਭਿਆਚਾਰ ਉੱਪਰ ਪ੍ਰਭਾਵ ਪਾ ਰਿਹਾ ਸੀ, ਇਸ ਲਈ ਸਥਾਨਕ ਧਾਰਮਿਕ, ਰਾਜਸੀ ਅਤੇ ਸਮਾਜਿਕ ਆਗੂਆਂ ਸਾਹਮਣੇ ਇਹ ਮਸਲਾ ਖੜਾ ਹੋ ਗਿਆ ਕਿ ਆਪਣੀ ਸਥਾਨਕ ਪਛਾਣ ਅਤੇ ਧਰਮ ਦੀ ਹੋਂਦ ਨੂੰ ਕਿਵੇਂ ਬਚਾਇਆ ਜਾਵੇ। ਇੰਝ, ਪੰਜਾਬ ਵਿਚਲੇ ਹੋਰਨਾਂ ਧਰਮਾਂ ਦੇ ਸਮਵਿਥ ਸਿੱਖ ਧਰਮ ਲਈ 'ਸਿੰਘ ਸਭਾ ਲਹਿਰ' ਚੱਲੀ। ਇਸ ਤਰ੍ਹਾਂ ਧਰਮ ਦੀ ਪੁਨਰ ਸੁਰਜੀਤੀ ਲਈ ਸਾਹਿਤ ਸਾਹਮਣੇ ਆਉਣ ਲੱਗਾ। ਇਹੋ ਜਿਹੀ ਸੰਕਟ ਸਥਿਤੀ ਅੰਦਰੋਂ ਪੰਜਾਬੀ ਨਾਵਲ ਦਾ ਜਨਮ ਹੋਇਆ।

ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਮੌਲਿਕ ਨਾਵਲ 'ਸੁੰਦਰੀ' (1897) ਦੀ ਰਚਨਾ ਕੀਤੀ। ਭਾਈ ਵੀਰ ਸਿੰਘ ਤੋਂ ਪਹਿਲਾਂ ਅਨੁਵਾਦ ਰੂਪ ਵਿਚ "1859 ਈ. ਵਿਚ ਐਮ. ਵਾਇਲੀ ਦੇ ਯਤਨ ਨਾਲ ਜਾਹਨ ਬਨੀਅਨ ਦੇ ਨਾਵਲ 'ਪਿਗ੍ਰਿਮਜ਼ ਪ੍ਰਾਗ੍ਰੈਸ' ਦਾ ਅਨੁਵਾਦ 'ਮਸੀਹੀ ਮੁਸਾਫ਼ਰ ਦੀ ਯਾਤਰਾ' ਦੇ ਨਾਂ ਹੇਠ ਛਪ ਚੁੱਕਾ ਸੀ। " ਈਸਾਈ ਮਿਸ਼ਨਰੀਆਂ ਵਲੋਂ ਹੀ ਜਯੋਤਿਰੁਦਯ (ਜੋਤ ਦਾ ਉਦੈ ਹੋਣਾ) 1882 ਈ. ਵਿਚ ਦੂਸਰਾ ਨਾਵਲ ਪ੍ਰਕਾਸ਼ਤ ਹੋਇਆ। ਭਾਈ ਵੀਰ ਸਿੰਘ ਮੂਲ ਰੂਪ ਵਿਚ 'ਸਿੰਘ ਸਭਾ ਲਹਿਰ' ਦਾ ਸਾਹਿਤਕਾਰ ਹੋਣ ਦੇ ਨਾਤੇ ਆਪਣੇ ਨਾਵਲਾਂ ਵਿਚ ਜਿੱਥੇ ਈਸਾਈ ਮਿਸ਼ਨਰੀਆਂ ਦੇ ਨਾਵਲਾਂ ਵਿਚਲੇ ਵਿਚਾਰਾਂ ਦਾ ਵਿਰੋਧ ਕਰਦਾ ਹੈ, ਉੱਥੇ ਸਿੱਖ ਧਰਮ ਦੀ ਰਹਿਤ-



ਮਰਿਆਦਾ ਦਾ ਪ੍ਰਚਾਰ ਵੀ ਕਰਦਾ ਹੈ। ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿਚ ਤੱਤਕਾਲੀਨ ਸਮਾਜਿਕ ਯਥਾਰਥ ਨੂੰ ਰੂਪਾਂਤਰਿਤ ਕਰਨ ਦੀ ਬਜਾਏ ਅਤੀਤਮੁਖੀ ਯਥਾਰਥ ਨੂੰ ਚਿਤਰਨ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸੇ ਪ੍ਰਕਾਰ ਉਹ ਵਪਾਰੀ ਮੱਧ ਵਰਗੀ ਜੀਵਨ ਨੂੰ ਸਿੱਖ ਲਹਿਰ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ। ਸਿੱਟੇ ਵਜੋਂ, "ਬਾਬਾ ਨੌਧ ਸਿੰਘ' ਨਾਵਲ ਵਿਚਲੇ ਨਾਇਕ ਨੌਧ ਸਿੰਘ ਦੇ ਕਾਰਜ ਵਿਚੋਂ ਕਿਸਾਨੀ ਸਰੋਕਾਰ ਖਾਰਜ ਹਨ। ਨਾਵਲ ਵਿਚ ਭੂ-ਸਥਲ ਪਿੰਡਾਂ ਰਸਤੇ ਕਿਸਾਨੀ ਪਰਿਵਾਰ ਦਾ ਜ਼ਰੂਰ ਹੈ ਪਰ ਉਸ ਵਿਚੋਂ ਤੱਤਕਾਲੀਨ ਸਮਾਜ ਦੀ ਵਾਸਤਵਿਕਤਾ ਭਰੀ ਨੁਹਾਰ ਪ੍ਰਾਪਤ ਨਹੀਂ ਹੁੰਦੀ। ਨਾਵਲ ਦਾ ਪਾਤਰ ਬਾਬਾ ਨੌਧ ਸਿੰਘ ਵਿਧਵਾ ਵਿਆਹ ਦਾ ਵਿਰੋਧ ਕਰਦਾ ਹੈ, ਉਹ ਆਧੁਨਿਕ ਵੰਨਗੀ ਦੇ ਆਰਥਿਕ ਤੇ ਰਾਜਸੀ ਵਿਕਾਸ ਦੀਆਂ ਕਮੀਆਂ ਪ੍ਰਤੀ ਚਰਚਾ ਕਰਦਾ ਹੋਇਆ ਆਪਣੇ ਆਲੇ-ਦੁਆਲੇ ਦੀ ਕਿਸਾਨੀ ਨੂੰ ਪੁਰਾਤਨ ਪੇਂਡੂ ਵਿਵਸਥਾ ਕਾਇਮ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਹ ਕਦਰਾਂ, ਉਸ ਵੇਲੇ ਦੀ ਸਿੱਖ ਜਾਗੀਰੂ ਵਰਗ ਦੀਆਂ ਕਦਰਾਂ-ਕੀਮਤਾਂ ਸਨ, ਜਿਨ੍ਹਾਂ ਦਾ ਬਾਬਾ ਨੌਧ ਸਿੰਘ ਪ੍ਰਚਾਰ ਕਰਦਾ ਹੈ, ਇਉਂ ਬਾਬਾ ਨੌਧ ਸਿੰਘ ਪੰਜਾਬੀ ਦੀ ਕਿਸਾਨੀ ਨੂੰ ਧਾਰਮਿਕ-ਸੰਪਰਦਾਇਕ ਭਾਵਨਾ, ਸਾਮਰਾਜ ਪੱਖੀ ਜਜ਼ਬੇ ਅਤੇ ਭੂਪਵਾਦ ਯੁੱਗ ਦੀਆਂ ਵੇਲਾ ਵਿਹਾ ਚੁੱਕੀਆਂ ਕਦਰਾਂ ਦੇ ਲੜ ਲੱਗੀ ਵੇਖਣਾ ਚਾਹੁੰਦਾ ਹੈ। "[2] ਇੰਝ ਇਸ ਨਾਵਲ ਦਾ ਮਨੋਰਥ ਕਿਸਾਨੀ ਜੀਵਨ ਦਾ ਚਿਤਰਨ ਨਹੀਂ, ਸਗੋਂ ਸਿੱਖੀ ਦੇ ਪ੍ਰਚਾਰ ਨਾਲ ਸੰਬੰਧਤ ਇਸ ਬਿਰਤਾਂਤ ਨੂੰ ਪੇਂਡੂ ਜੀਵਨ ਦੇ ਸੰਦਰਭ ਵਿਚ ਮੂਰਤੀਮਾਨ ਕਰਦਾ ਹੈ।

ਭਾਈ ਵਾਰ ਸਿੰਘ ਦੇ ਸਮਕਾਲੀ ਨਾਵਲਕਾਰਾਂ ਵਿਚ ਚਰਨ ਸਿੰਘ ਸ਼ਹੀਦ, ਅਮਰ ਸਿੰਘ ਛਾਪੇਵਾਲਾ, ਮੋਹਨ ਸਿੰਘ ਵੈਦ ਆਦਿ ਪ੍ਰਮੁੱਖ ਹਨ। ਇਨ੍ਹਾਂ ਨਾਵਲਕਾਰਾਂ ਦੀਆਂ ਕਿਰਤਾਂ ਦਾ ਅਧਾਰ ਸਿੱਖ ਸਮਾਨਤਾਂ ਸੀ ਪਰ ਕਿਸਾਨੀ ਜੀਵਨ ਨਹੀਂ। ਇਸੇ ਦੌਰ ਵਿਚ ਮੀਰਾਂ ਬਖਸ਼ ਮਿਨਹਾਂਸ ਦਾ ਨਾਵਲ 'ਨਵਾਬ ਖਾਨ' ਕਿਸਾਨੀ ਜੀਵਨ ਅੰਦਰ ਆਈਆਂ ਸਮਾਜਿਕ ਬੁਰਾਈਆਂ ਨੂੰ ਮੂਰਤੀਮਾਨ ਕਰਦਾ ਹੈ। ਗਲਪੀ ਵੇਰਵਿਆਂ ਅੰਦਰ ਨਵਾਬ ਖਾਨ ਆਪਣੀ ਲੜਕੀ ਦੇ ਵਿਆਹ ਉੱਪਰ ਜਿਉਂ ਹੀ ਵਿੱਤੋਂ ਬਾਹਰ ਖਰਚ ਕਰਦਾ ਹੈ, ਤਿਉਂ ਹੀ ਉਸ ਦੀ ਭੋਏਂ ਸ਼ਾਹੂਕਾਰ ਜ਼ਿਮੀਂਦਾਰ ਕੋਲ ਗਿਰਵੀ ਪੈ ਜਾਂਦੀ ਹੈ। ਨਾਵਲੀ ਬਿਰਤਾਂਤ ਵਿਚ ਕਿਸਾਨੀ ਦੀ ਇਹ ਫਜ਼ੂਲ ਖਰਚੀ ਇਸ ਤਰ੍ਹਾਂ ਪੇਸ਼ ਹੋਈ ਹੈ ਕਿ ਕਿਸਾਨੀ ਦੇ ਆਰਥਕ ਸੰਕਟ ਦਾ ਅਧਾਰ ਇਹੋ ਸਮਾਜਿਕ ਕੀਮਤਾ ਦ੍ਰਿਸ਼ਟੀਗਤ ਹੁੰਦੀਆਂ ਹਨ।

ਪੰਜਾਬੀ ਨਾਵਲਕਾਰੀ ਦੇ ਇਸ ਵਿਕਾਸ ਕ੍ਰਮ ਵਿਚ ਮਾਸਟਰ ਤਾਰਾ ਸਿੰਘ ਦੇ ਨਾਵਲ 'ਪ੍ਰੇਮ ਲਗਨ' ਵਿਚ ਕਿਸਾਨੀ ਸਮਾਜ ਦਾ ਗਲਪੀ ਬਿੰਬ ਪੇਸ਼ ਹੁੰਦਾ ਹੈ। ਭਾਈ ਵੀਰ ਸਿੰਘ ਨਾਲੋਂ ਮਾਸਟਰ ਤਾਰਾ ਸਿੰਘ ਨੇ ਆਪਣੇ ਨਾਵਲ ਅੰਦਰ ਕਿਸਾਨੀ ਜੀਵਨ ਦਾ ਬਿੰਬ ਸੁਭਾਵਕ ਤੌਰ 'ਤੇ ਮੂਰਤੀਮਾਨ ਕੀਤਾ ਹੈ। ਇਸ ਵਿਚ ਪ੍ਰਤਿਰੂਪਕ ਗਲਪ ਸਿਰਜਣ ਦੀ ਬਿਰਤੀ ਪ੍ਰਬਲ ਹੁੰਦੀ ਨਜ਼ਰ ਆਉਂਦੀ ਹੈ। ਨਾਵਲ ਵਿਚ ਕਿਸਾਨੀ ਦੀ ਸ਼ਰੀਕੇਬਾਜ਼ੀ ਭੋਏਂ ਦੀ ਨਿੱਜੀ ਮਾਲਕੀ ਨਾਲ ਜੁੜੇ ਮਸਲੇ ਅਤੇ ਭੋਏਂ ਪ੍ਰਾਪਤੀ ਲਈ ਵੈਰ ਵਿਰੋਧ ਕਰਨ ਨਾਲ ਸਮੱਸਿਆਵਾਂ ਦੀ ਉਤਪਤੀ ਆਦਿ ਕਿਸਾਨੀ ਮਸਲੇ ਦ੍ਰਿਸ਼ਟੀਗੋਚਰ ਹੁੰਦੇ ਹਨ। ਮਾਸਟਰ ਤਾਰਾ ਸਿੰਘ ਇਨ੍ਹਾਂ ਕਿਸਾਨੀ ਸਰੋਕਾਰਾਂ ਦੀਆਂ ਜੜ੍ਹਾਂ ਕਿਸਾਨੀ ਜੀਵਨ ਦੇ ਵਿਵੇਕ ਵਿਚੋਂ ਖੋਜਣ ਦੀ ਬਜਾਏ ਧਾਰਮਿਕ ਬੇਮੁੱਖਤਾ ਵਿਚੋਂ ਖੋਜਦਾ ਹੈ।

ਪੰਜਾਬੀ ਨਾਵਲ ਦੇ ਇਸ ਵਿਕਾਸ ਦੌਰ ਨੂੰ ਨਾਨਕ ਸਿੰਘ ਨੇ ਹੋਰ ਤੇਜ਼ ਗਤੀ ਪ੍ਰਦਾਨ ਕੀਤੀ। ਨਾਨਕ ਸਿੰਘ ਮੁੱਖ ਰੂਪ ਵਿਚ ਸ਼ਹਿਰੀ ਮੱਧ ਸ਼੍ਰੇਣੀ ਦਾ ਚਿਤੇਰਾ ਹੈ, ਪਰ 1932 ਈ. ਵਿਚ ਲਿਖਿਆ ਉਸ ਦਾ ਨਾਵਲ 'ਚਿੱਟਾ ਲਹੂ' ਪੇਂਡੂ ਸਮਾਜ ਨਾਲ ਸੰਬੰਧਤ ਸਮੱਸਿਆਵਾਂ ਨੂੰ ਪ੍ਰਸਤੁਤ ਕਰਦਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਕਿਸਾਨੀ ਜੀਵਨ ਅੰਦਰਲੇ ਅੰਤਰ-ਵਿਰੋਧ ਪੇਸ਼ ਕਰਨ ਦੀ ਬਜਾਏ, ਸਤਹੀ ਚਿਤਰਨ ਹੀ ਕੀਤਾ ਹੈ, ਜਿਸ ਦਾ ਕਾਰਨ ਨਾਵਲਕਾਰ ਨੂੰ ਕਿਸਾਨ ਸ਼੍ਰੇਣੀ ਦੀ ਸੂਝ ਦੀ ਅਣਹੋਂਦ

ਤੇ ਉਸ ਦਾ ਆਦਰਸ਼ਵਾਦੀ ਸੁਧਾਰਵਾਦੀ ਦ੍ਰਿਸ਼ਟੀਕੋਣ ਹੈ।




ਆਰੰਭਕ ਪੰਜਾਬੀ ਨਾਵਲ ਤੋਂ ਵੀਹਵੀਂ ਸਦੀ ਦੇ ਚੌਥੇ ਦਹਾਕੇ ਤੱਕ ਦੇ ਪ੍ਰਾਪਤ ਮੌਲਿਕ ਨਾਵਲਾਂ ਉੱਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਸ ਵਕਤ ਵਿਚਲੇ ਪੰਜਾਬੀ ਨਾਵਲ ਵਿਚ ਕਿਸਾਨੀ ਸਰੋਕਾਰਾਂ ਦਾ ਹਲਕਾ ਵਿਵਰਨ ਹੈ। ਕਿਸਾਨੀ ਜਾਂ ਪੇਂਡੂ ਸਮਾਜ ਨਾਲ ਵਾਬਸਤਾ ਜਿਹੜੇ ਗਿਣਤੀ ਦੇ ਕੁਝ ਨਾਵਲ ਪ੍ਰਾਪਤ ਹੁੰਦੇ ਹਨ ਉਨ੍ਹਾਂ ਦਾ ਘਟਨਾ ਸਥਲ ਅਤੇ ਪਾਤਰ ਪਿੰਡਾਂ ਦੇ ਤਾਂ ਹਨ, ਪਰ ਇਨ੍ਹਾਂ ਵਿਚੋਂ ਕਿਸਾਨੀ ਸਰੋਕਾਰਾ ਦਾ ਭਰਵਾਂ ਰੂਪ ਪ੍ਰਾਪਤ ਨਹੀਂ ਹੁੰਦਾ। ਨਾਵਲਕਾਰਾਂ ਦਾ ਮੰਤਵ ਕਿਸਾਨੀ ਜੀਵਨ ਨੂੰ ਰੂਪਾਂਤਰਣ ਕਰਨ ਦੀ ਬਜਾਏ ਪੇਂਡੂ ਜੀਵਨ ਦੇ ਮਸਲਿਆਂ ਨੂੰ ਚਿਤਰਤ ਕਰਨਾ ਹੀ ਹੈ। ਮੁੱਢਲੇ ਪੰਜਾਬੀ ਨਾਵਲਕਾਰਾਂ ਵਲੋਂ ਕਿਸਾਨੀ ਪੇਂਡੂ ਸਮਾਜ ਨੂੰ ਆਪਣੇ ਨਾਵਲਾਂ ਦਾ ਧੁਰਾ ਨਾ ਬਣਾਉਣ ਦਾ ਪ੍ਰਮੁੱਖ ਕਾਰਨ ਪੇਂਡੂ ਤੇ ਵਿਸ਼ੇਸ਼ ਤੌਰ 'ਤੇ ਕਿਸਾਨੀ ਜੀਵਨ ਦੇ ਅਨੁਭਵ ਦੀ ਘਾਟ ਹੈ। "ਪੰਜਾਬੀ ਦੇ ਮੋਢੀ ਨਾਵਲਕਾਰ ਖੱਤਰੀ ਤੇ ਸ਼ਹਿਰੀ ਮੱਧ ਸ਼੍ਰੇਣੀ ਤੇ ਨਿਗੂਣੀ ਮੱਧ ਸ਼੍ਰੇਣੀ ਨਾਲ ਸੰਬੰਧਤ ਸਨ। ਨਾਵਲਕਾਰਾਂ ਨੂੰ ਪੇਂਡੂ ਜੀਵਨ ਅਤੇ ਇਸ ਜੀਵਨ ਸੰਬੰਧੀ ਨਿੱਜੀ ਜਾਣਕਾਰੀ ਹੀ ਨਹੀਂ ਸੀ। "[3]

ਮੁਢਲੇ ਨਾਵਲਕਾਰਾਂ ਦੇ ਮੁਕਾਬਲੇ ਪੰਜਵੇਂ ਦਹਾਕੇ ਵਿਚ ਨਵੇਂ ਅਜਿਹੇ ਨਾਵਲਕਾਰਾਂ ਨੇ ਨਾਵਲ ਸਿਰਜਣਾ ਆਰੰਭ ਕੀਤੀ, ਜਿਹੜੇ ਪਿੰਡਾਂ ਜਾਂ ਕਿਸਾਨੀ ਪਿਛੋਕੜ ਵਾਲੇ ਸਨ। ਇਨ੍ਹਾਂ ਦੀਆਂ ਨਾਵਲੀ ਕਿਰਤਾਂ ਨਾਲ ਜਿੱਥੇ ਪੰਜਾਬੀ ਨਾਵਲ ਦਾ ਵਿਕਾਸ ਹੁੰਦਾ ਹੈ, ਉੱਥੇ ਕਿਸਾਨੀ ਸਰੋਕਾਰ ਵੀ ਭਰਵੇਂ ਰੂਪ ਵਿਚ ਪੇਸ਼ ਹੋਣ ਲੱਗੇ। ਪੰਜਾਬੀ ਨਾਵਲ ਵਿਚ ਅਜਿਹੇ ਗਲਪੀਕਰਨ ਦਾ ਇਕ ਹੋਰ ਕਾਰਨ 'ਅਗਾਂਹਵਧੂ ਲੇਖਕ ਸੰਘ' ਦੀ ਸਥਾਪਨਾ ਉਪਰੰਤ ਕਿਸਾਨੀ ਮਸਲਿਆਂ ਨੂੰ ਸਮਝਣ ਵਿਚ ਦਿਲਚਸਪੀ ਦਾ ਵਧਣਾ ਤੇ ਰਾਜਸੀ ਸਰਗਰਮੀ ਦੇ ਖੇਤਰ ਵਿਚ ਕਿਸਾਨੀ ਦੀ ਪਹਿਲ ਕਦਮੀ ਨੇ ਕਿਸਾਨੀ ਦੇ ਅਨੁਭਵ ਅਤੇ ਸਰੋਕਾਰਾਂ ਨੂੰ ਸਾਹਿਤ ਰਚਨਾ ਦੇ ਮਰਕਜ਼ ਵਿਚ ਲਿਆਉਣ ਪਿੱਛੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਇਸ ਦੇ ਫਲਸਰੂਪ, ਪੰਜਾਬੀ ਨਾਵਲਕਾਰਾਂ ਨੇ ਕਿਸਾਨੀ ਸਰੋਕਾਰਾਂ ਨੂੰ ਨਾਵਲ ਦੇ ਮਾਧਿਅਮ ਰਾਹੀਂ ਰੂਪਾਂਤਰਿਤ ਕਰਨਾ ਸ਼ੁਰੂ ਕੀਤਾ।

ਇਨ੍ਹਾਂ ਨਾਵਲਕਾਰਾਂ ਦੀ ਲੜੀ ਵਿਚ ਸਭ ਤੋਂ ਪਹਿਲਾਂ ਸੰਤ ਸਿੰਘ ਸੇਖੋਂ 'ਲਹੂ ਮਿੱਟੀ' ਨਾਵਲ ਨਾਲ ਪੰਜਾਬੀ ਨਾਵਲ ਜਗਤ ਅੰਦਰ ਪ੍ਰਵੇਸ਼ ਕਰਦਾ ਹੈ। ਇਸ ਨਾਵਲ ਵਿਚ ਬਿਰਤਾਂਤਕਾਰ ਨੇ ਸੁਤੰਤਰਤਾ ਪੂਰਵਕ ਕਾਲ ਦੀ ਕਿਸਾਨੀ ਨੂੰ ਉਸ ਦੀਆਂ ਸਮਾਜਿਕ, ਆਰਥਿਕ, ਰਾਜਸੀ ਤੇ ਮਾਨਸਿਕ ਪਰਸਥਿਤੀਆਂ ਅਨੁਸਾਰ ਰੂਪਾਂਤਰਿਤ ਕੀਤਾ ਹੈ। ਇੰਝ ਹੀ ਨਾਵਲ ਵਿਚ ਕਿਸਾਨੀ ਸਮਾਜ ਦੇ ਰਿਸ਼ਤਿਆਂ, ਵਿਸ਼ਵਾਸਾਂ, ਰਸਮ-ਰਿਵਾਜਾਂ ਅਤੇ ਦੁਨਿਆਵੀ ਇਛਾਵਾਂ ਨੂੰ ਵੀ ਸ਼੍ਰੇਣੀ ਸਮਾਜ ਦੇ ਅੰਤਰ ਵਿਰੋਧਾਂ ਅਤੇ ਤਣਾਵਾਂ ਦੇ ਪ੍ਰਸੰਗ ਵਿਚ ਯਥਾਰਥਕ ਦ੍ਰਿਸ਼ਟੀ ਸੰਗ ਮੂਰਤੀਮਾਨ ਕੀਤਾ ਗਿਆ ਹੈ। ਸੇਖੋਂ ਦੇ ਇਸ ਨਾਵਲ ਨਾਲ ਪੰਜਾਬੀ ਨਾਵਲ ਇਕ ਯਥਾਰਥਵਾਦੀ ਦ੍ਰਿਸ਼ਟੀ ਗ੍ਰਹਿਣ ਕਰਦਾ ਨਜ਼ਰ ਆਉਂਦਾ ਹੈ।

ਪੰਜਾਬੀ ਨਾਵਲਕਾਰੀ ਦੇ ਵਿਕਾਸ ਕ੍ਰਮ ਵਿਚ ਸੁਰਿੰਦਰ ਸਿੰਘ ਨਰੂਲਾ ਦੇ ਨਾਵਲ 'ਨੀਲੀਬਾਰ' ਅਤੇ 'ਲੋਕ ਦੁਸ਼ਮਣ' ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਨੀਲੀਬਾਰ ਨਾਵਲ ਵਿਚ ਜਿੱਥੇ ਉਸਨੇ ਬਾਰ ਦੇ ਇਲਾਕੇ ਦੀ ਕਿਸਾਨੀ ਵਿਚ ਆਪਸੀ ਟਕਰਾਵਾਂ ਨੂੰ ਪ੍ਰਸੁਤੁਤ ਕੀਤਾ ਹੈ, ਉੱਥੇ 'ਲੋਕ ਦੁਸ਼ਮਣ ਨਾਵਲ ਵਿਚ ਮੁਜ਼ਾਰਿਆਂ-ਕਿਸਾਨਾਂ ਅਤੇ ਜਾਗੀਰਦਾਰੀ ਸੰਘਰਸ਼ ਨੂੰ ਮੂਰਤੀਮਾਨ ਕੀਤਾ ਹੈ।

ਪੰਜਾਬੀ ਨਾਵਲਕਾਰੀ ਦੇ ਇਸ ਵਿਕਾਸ ਦੌਰ ਵਿਚ ਜਸਵੰਤ ਸਿੰਘ ਕੰਵਲ ਵੀ ਪੰਜਾਬੀ ਨਾਵਲ







ਵਿਚ ਪ੍ਰਵੇਸ਼ ਕਰਦਾ ਹੈ। ਉਸ ਨੇ ਪਹਿਲੇ ਨਾਵਲ 'ਸੱਚ ਨੂੰ ਫਾਂਸੀ' ਵਿਚ ਬਾਰਾਂ ਦੇ ਇਲਾਕੇ ਵਿਚਲੀ ਕਿਸਾਨੀ ਦਾ ਗਲਪੀ ਬਿੰਬ ਪੇਸ਼ ਕੀਤਾ। ਉਸ ਦੇ ਪਹਿਲੇ ਨਾਵਲ ਤੋਂ ਨਵੀਨ ਨਾਵਲ ਲੱਧਾ ਪਰੀ ਨੇ 'ਚੰਨ ਉਜਾੜ ਵਿਚੋਂ' (2006) ਤੱਕ ਦੇ ਨਾਵਲਾਂ ਦਾ ਮਰਕਜ਼ ਪੰਜਾਬ ਦੀ ਕਿਸਾਨੀ ਹੈ। ਉਸ ਦੇ ਕਿਸਾਨੀ ਸਰੋਕਾਰਾਂ ਨੂੰ ਰੂਮਾਂਤਰਿਤ ਕਰਦੇ ਇਹੋ ਜਿਹੇ ਨਾਵਲਾਂ ਵਿਚ ਪਾਲੀ, ਪੂਰਨਮਾਸੀ, ਰਾਤ ਬਾਕੀ ਹੈ, ਸਿਵਲ ਲਾਈਨਜ਼, ਰੂਪਧਾਰਾ, ਹਾਣੀ , ਭਵਾਨੀ, ਮਿੱਤਰ ਪਿਆਰੇ ਨੂੰ, ਤਾਰੀਖ ਵੇਖਦੀ ਹੈ, ਜੇਰਾ, ਬਰਫ਼ ਦੀ ਅੱਗ, ਲਹੂ ਦੀ ਲੋਅ, ਮਨੁੱਖਤਾ, ਮੋੜਾ, ਸੁਰ ਸਾਂਝ, ਐਨਿਆਂ ਚੋਂ ਉਠੇ ਸੂਰਮਾ, ਅਹਿਸਾਸ, ਖ਼ੂਬਸੂਰਤ ਦੁਸ਼ਮਣ, ਤੋਸ਼ਾਲੀ ਦੀ ਹੰਸੋ, ਇਕ ਹੋਰ ਹੈਲਨ, ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਤੇ 'ਮੁਕਤੀ ਮਾਰਗ' ਪ੍ਰਮੁੱਖ ਕਿਰਤਾਂ ਹਨ। ਕੰਵਲ ਪੰਜਾਬੀ ਨਾਵਲ ਜਗਤ ਅੰਦਰ ਪਹਿਲਾ ਨਾਵਲਕਾਰ ਹੈ, ਜਿਸ ਨੇ ਮਲਵਈ ਕਿਸਾਨੀ ਦਾ ਚਿਤਰਨ ਕੀਤਾ ਹੈ। ਇਸ ਕਿਸਾਨੀ ਦੀ ਹੋਰਨਾਂ ਨਾਵਲਕਾਰਾਂ ਦੇ ਨਾਵਲਾਂ ਵਿਚ ਪੇਸ਼ ਕਿਸਾਨੀ ਨਾਲੋਂ ਵਿਲੱਖਣਤਾ ਇਹ ਹੈ ਕਿ ਕੰਵਲ ਸਮੇਂ ਉੱਤੇ ਤੱਤਕਾਲੀ ਸਥਿਤੀਆਂ ਦੇ ਉਸੇ ਪ੍ਰਸੰਗ ਵਿਚ ਪੰਜਾਬ ਦੀ ਕਿਸਾਨੀ ਦਾ ਚਿਤਰਨ ਕਰਦਾ ਰਿਹਾ ਹੈ। ਇਉਂ, ਕੰਵਲ ਦੇ ਨਾਵਲਾਂ ਵਿਚ ਪੰਜਾਬ ਦੀ ਕਿਸਾਨੀ ਦੀ ਵੀਹਵੀਂ ਸਦੀ ਵਿਚਲੀ ਇਤਿਹਾਸਕ ਗਤੀ ਤੇ ਵਿਚਾਰਧਾਰਾ ਦਾ ਗਲਪੀ ਰੂਪਾਂਤਰਣ ਹੋਇਆ, ਵੇਖਿਆ ਜਾ ਸਕਦਾ ਹੈ। ਉਸ ਨੇ ਪੰਜਾਬ ਦੀ ਕਿਸਾਨੀ ਨੂੰ ਮੁਜ਼ਾਰਾ ਲਹਿਰ, ਖੱਬੇ ਪੱਖੀ ਲਹਿਰ, ਨਕਸਲਬਾੜੀ ਲਹਿਰ ਅਤੇ ਖਾੜਕੂ ਲਹਿਰ ਦੇ ਪ੍ਰਸੰਗ ਵਿਚ ਵੀ ਪੇਸ਼ ਕੀਤਾ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਕੰਵਲ ਦੇ ਨਾਵਲਾਂ ਵਿਚ ਜਿਸ ਭਰਵੇਂ ਰੂਪ ਵਿਚ ਮੱਧਲੀ ਕਿਸਾਨੀ ਦਾ ਚਿਤਰਨ ਹੋਇਆ ਹੈ, ਉਸ ਰੂਪ ਵਿਚ ਨਿਮਨ ਤੇ ਧਨੀ ਕਿਸਾਨੀ ਦਾ ਚਿਤਰਨ ਨਹੀਂ ਹੋਇਆ। ਇੰਝ ਹੀ, ਕੰਵਲ ਲਗਭਗ ਹਰ ਨਾਵਲ ਵਿਚ ਰੁਮਾਂਟਿਕ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਪੰਜਾਬ ਦੀ ਮਧਲੀ ਤੇ ਹੇਠਲੀ ਕਿਸਾਨੀ ਦੇ ਸਰੋਕਾਰਾਂ ਤੇ ਪਰਾ-ਕਰਮਾਂ ਨੂੰ ਆਦਰਸ਼ਿਆਉਂਦਾ ਰਿਹਾ ਹੈ।

ਜਸਵੰਤ ਸਿੰਘ ਕੰਵਲ ਦੇ ਸਮਕਾਲੀ ਨਾਵਲਕਾਰਾਂ ਵਿਚ ਕਰਤਾਰ ਸਿੰਘ ਦੁੱਗਲ ਵੀ ਪ੍ਰਮੁੱਖ ਨਾਵਲਕਾਰ ਹੈ। ਦੁੱਗਲ ਨੇ ਆਪਣੇ ਪਹਿਲੇ ਨਾਵਲ 'ਆਂਦਰਾਂ' ਵਿਚ ਜਾਗੀਰਦਾਰੀ ਤੇ ਮੁਜ਼ਾਰਿਆਂ ਕਿਸਾਨਾਂ ਦੇ ਸੰਘਰਸ਼ ਨੂੰ ਰੂਪਾਂਤਰਿਤ ਕੀਤਾ ਹੈ। ਇਹ ਸੰਘਰਸ਼ ਪੋਠੋਹਾਰ ਵਿਚ ਚੱਲੀ ਮੁਜ਼ਾਰਾ ਲਹਿਰ ਨਾਲ ਵਾਬਸਤਾ ਹੈ।

ਸੁਤੰਤਰਤਾ ਤੋਂ ਤੁਰੰਤ ਬਾਅਦ ਪੰਜਾਬੀ ਨਾਵਲ ਜਗਤ ਅੰਦਰ ਸੋਹਣ ਸਿੰਘ ਸੀਤਲ ਪ੍ਰਵੇਸ਼ ਕਰਦਾ ਹੈ। ਉਸ ਦੇ ਨਾਵਲਾਂ 'ਮੁੱਲ ਦੀ ਮਾਸ' 'ਬਦਲਾ', ਜੰਗ ਜਾਂ ਅਮਨ', 'ਤੂਤਾਂ ਵਾਲਾ ਖੂਹ' ਤੇ 'ਜੁਗ ਬਦਲ ਗਿਆ' ਵਿਚ ਜਿੱਥੇ ਮਾਝੇ ਖੇਤਰ ਦੇ ਉਪ ਸਭਿਆਚਾਰ ਦੀ ਝਲਕ ਪ੍ਰਾਪਤ ਹੁੰਦੀ ਹੈ, ਉੱਥੇ ਇਨ੍ਹਾਂ ਨਾਵਲਾਂ ਵਿਚ ਕਿਸਾਨੀ ਸਰੋਕਾਰਾਂ ਨੂੰ ਉਚੇਚਿਆਂ ਰੂਪਮਾਨ ਕੀਤਾ ਗਿਆ ਹੈ। ਸੀਤਲ ਨੇ ਨਾਵਲੀ ਰਚਨਾ ਭਾਵੇਂ ਉੱਤਰ ਸੁਤੰਤਰਤਾ ਕਾਲ ਵਿਚ ਕੀਤੀ, ਪਰ ਇਨ੍ਹਾਂ ਨਾਵਲਾਂ ਦਾ ਥੀਮਕ ਜਗਤ ਸੁਤੰਤਰਤਾ ਪੂਰਵਲੇ ਜੀਵਨ ਦਾ ਬਿੰਬ ਪੇਸ਼ ਕਰਦਾ ਹੈ। ਉਸ ਦੇ ਜ਼ਿਆਦਾਤਰ ਨਾਵਲਾਂ ਦੇ ਵਸਤੂ ਕਿਸਾਨੀ ਦੇ ਵਿਆਪਕ ਮਸਲਿਆਂ ਅਤੇ ਕਿਸਾਨੀ ਸ਼ਾਹੂਕਾਰਾਂ ਦੇ ਅੰਤਰ ਵਿਰੋਧਾਂ ਦੇ ਇਰਦ-ਗਿਰਦ ਘੁੰਮਦੇ ਹਨ।

ਪੰਜਾਬੀ ਨਾਵਲ ਦੇ ਵਿਕਾਸ ਕ੍ਰਮ ਵਿਚ ਗੁਰਦਿਆਲ ਸਿੰਘ ਦਾ ਅਹਿਮ ਸਥਾਨ ਹੈ। ਪੰਜਾਬੀ ਨਾਵਲ ਦੇ ਖੇਤਰ ਅੰਦਰ ਗੁਰਦਿਆਲ ਸਿੰਘ ਦੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਨਾਲ ਹੀ ਪੰਜਾਬੀ ਨਾਵਲ ਜਗਤ ਵਿਚ ਕਿਸਾਨੀ ਸਰੋਕਾਰਾਂ ਦਾ ਨਵੀਨ ਰੂਪ ਰੂਪਾਂਤਰਿਤ ਹੁੰਦਾ ਹੈ। ਗੁਰਦਿਆਲ ਸਿੰਘ ਨੇ




ਜਾਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਆਪਣੇ ਨਾਵਲਾਂ ਵਿਚ ਇਉਂ ਪ੍ਰਸਤੁਤ ਕੀਤਾ ਕਿ ਪੰਜਾਬ ਦੀ ਕਿਸਾਨੀ ਦਾ ਬਦਲ ਦੇ ਹਾਲਤਾਂ ਵਿਚ ਗਲਪੀ ਬਿੰਬ ਸਾਹਮਣੇ ਆ ਜਾਂਦਾ ਹੈ। ਉਸਦੇ ਕਿਸਾਨੀ ਸਰੋਕਾਰਾਂ ਨੂੰ ਯਥਾਰਥਕਤਾ ਨਾਲ ਪੇਸ਼ ਕਰਨ ਵਾਲੇ ਨਾਵਲਾਂ ਵਿਚ ਮੜ੍ਹੀ ਦਾ ਦੀਵਾ, ਅਥਣ ਉੱਗਣ, ਅੱਧ ਚਾਨਣੀ ਰਾਤ, ਪਰਸਾ ਤੇ ਆਹਣ ਪ੍ਰਮੁੱਖ ਹਨ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਭੋਏਂ ਹੀਣ ਕਿਰਤੀ ਵਰਗ ਦਾ ਤ੍ਰਾਸਦਕ ਬਿੰਬ ਇਉਂ ਪ੍ਰਸਤੁਤ ਹੁੰਦਾ ਹੈ ਕਿ ਪੰਜਾਬੀ ਸਮਾਜ ਵਿਚ ਕਿਸਾਨੀ ਦਾ ਇਕ ਕਿਰਤੀ ਵਰਗ ਦੇ ਨਾਲ ਨਾਲ ਅਜਿਹਾ ਬੁਰਜਵਾ ਕਿਰਦਾਰ ਸਾਹਮਣੇ ਆ ਜਾਂਦਾ ਹੈ, ਜਿਹੜਾ ਭੋਏਂ ਹੀਣ ਕਿਰਤੀਆਂ ਦਾ ਆਰਥਕ ਸ਼ੋਸ਼ਣ ਕਰਦਾ ਹੈ। ਇੰਝ, ਇਨ੍ਹਾਂ ਨਾਵਲਾਂ ਅੰਦਰ ਕਿਸਾਨੀ ਸ਼ੋਸ਼ਿਤ ਦੀ ਬਜਾਏ ਸ਼ੋਸ਼ਕ ਧਿਰ ਦੇ ਰੂਪ ਵਿਚ ਰੂਪਾਂਤਰਿਤ ਹੋਈ ਉਪਲਬਧ ਹੋਣੀ ਹੈ। ਇਹ ਸ਼ੋਸ਼ਣ ਜਾਗੀਰਦਾਰੀ ਵਿਵਸਥਾ ਵਿਚ ਲੁਕਵੇਂ ਰੂਪ ਵਿਚ ਸੀ ਅਤੇ ਪੂੰਜੀਵਾਦੀ ਵਿਵਸਥਾ ਵਿਚ ਪ੍ਰਤੱਖ ਰੂਪ ਵਿਚ ਸਾਹਮਣੇ ਆਉਂਦਾ ਹੈ।

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਹਰੀ ਕ੍ਰਾਂਤੀ ਦੇ ਸੰਕਲਪ ਨੂੰ ਜਿਉਂ ਹੀ ਵਿਹਾਰਕ ਰੂਪ ਦਿੱਤਾ ਗਿਆ, ਤਿਉਂ ਹੀ ਪੰਜਾਬੀ ਸਮਾਜ ਵਿਚ ਵਿਭਿੰਨ ਸਮਾਜਿਕ ਆਰਥਕ ਸਮੱਸਿਆਵਾਂ ਉਤਪੰਨ ਹੋਣ ਲੱਗੀਆਂ। ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਜਲਦੀ ਹੀ ਇਕ ਪਾਸੇ ਧਨੀ ਕਿਸਾਨੀ ਹੋਰ ਵਧੇਰੇ ਧਨੀ ਹੋ ਗਿਆ ਅਤੇ ਦੂਜੇ ਪਾਸੇ ਨਿਮਨ ਕਿਸਾਨੀ ਦੀ ਆਰਥਕ ਹਾਲਤ ਮੁਢਲੇ ਦੌਰ ਦੀ ਥੋੜ ਚਿਰੀ ਖੁਸ਼ਹਾਲੀ ਉਪਰੰਤ ਪੂੰਜੀਵਾਦੀ ਵਿਵਸਥਾ ਦੇ ਤਰਕ ਅਨੁਰੂਪ ਹੌਲੀ-ਹੌਲੀ ਵਧੇਰੇ ਕਮਜ਼ੋਰ ਹੋਣ ਲੱਗੀ। ਇਸ ਸਮੇਂ ਕਿਸਾਨੀ ਵਿਚ ਵਧ ਰਹੀ ਰਾਜਨੀਤਿਕ ਚੇਤਨਾ ਦੇ ਫਲਸਰੂਪ ਰਾਜਨੀਤਕ ਅਵਸਥਾ ਪ੍ਰਭਾਵਤ ਹੋਈ। ਇਹੀ ਰਾਜਨੀਤਕ ਚੇਤਨਾ ਪੰਜਾਬ ਵਿਚ ਨਕਸਲਬਾੜੀ ਅਤੇ ਖਾੜਕੂ ਲਹਿਰ ਦਾ ਅਧਾਰ ਵੀ ਬਣਦੀ ਹੈ। ਕਿਸਾਨੀ ਜੀਵਨ ਦੇ ਅਜਿਹੇ ਵਿਭਿੰਨ ਉਤਰਾਵ-ਚੜ੍ਹਾਵ ਨਾਵਲ ਵਿਚ ਭਰਵੇਂ ਰੂਪ ਵਿਚ ਪ੍ਰਸਤੁਤ ਹੋਣ ਲੱਗੇ। ਇਹੋ ਜਿਹੇ ਵਸਤੂ ਦੀ ਪੇਸ਼ਕਾਰੀ ਕਰਨ ਵਾਲੇ ਨਾਵਲਕਾਰਾਂ ਵਿਚ ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਕਰਮਜੀਤ ਕੁੱਸਾ, ਬਲਦੇਵ ਸਿੰਘ, ਜਸਬੀਰ ਮੰਡ, ਅਵਤਾਰ ਸਿੰਘ ਬਿਲਿੰਗ, ਬਲਬੀਰ ਪਰਵਾਨਾ, ਬਲਜਿੰਦਰ ਨਸਰਾਲੀ, ਪਰਗਟ ਸਿੰਘ ਸਤੌਜ ਇਤਿਆਦਿ ਪ੍ਰਮੁੱਖ ਹਨ।

ਇਸ ਦੌਰ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਕਿਸਾਨੀ ਸਮਾਜ ਅੰਦਰਲੀ ਔਰਤ ਦੀ ਦੁਖਾਂਤਕ ਸਥਿਤੀ ਪੇਸ਼ ਹੁੰਦੀ ਹੈ। ਉਸ ਦੇ ਕਿਸਾਨੀ ਸਰੋਕਾਰਾਂ ਨਾਲ ਸੰਬੰਧਤ ਨਾਵਲਾਂ ਵਿਚ ਅਗਮੀ ਪ੍ਰੀਖਿਆ, ਏਹੁ ਹਮਾਰਾ ਜੀਵਣਾ, ਵਾਟ ਹਮਾਰੀ, ਤੇ ਦੂਸਰੀ ਸੀਤਾ ਪ੍ਰਮੁੱਖ ਹਨ। ਟਿਵਾਣਾ ਦੇ ਨਾਵਲਾਂ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਅੰਦਰ ਜਾਗੀਰੂ ਕੀਮਤਾਂ ਵਾਲੇ ਕਿਸਾਨੀ ਸਮਾਜ ਅੰਦਰ ਔਰਤ ਦੀ ਤ੍ਰਾਸਦੀ ਅਤੇ ਇਸ ਤੋਂ ਮੁਕਤੀ ਪ੍ਰਾਪਤ ਕਰਨ ਲਈ ਭਰੇ ਹੁੰਗਾਰਿਆਂ ਨੂੰ ਯਥਾਰਥਕ ਪੱਧਰ ਉੱਪਰ ਰੂਪਾਂਤਰਿਤ ਕੀਤਾ ਗਿਆ ਹੈ।

ਪੰਜਾਬੀ ਨਾਵਲ ਦੇ ਖੇਤਰ ਵਿਚ ਰਾਮ ਸਰੂਪ ਅਣਖੀ ਦੇ ਪ੍ਰਵੇਸ਼ ਨਾਲ ਨਿਮਨ, ਮਧਲੀ ਤੇ ਧਨੀ ਕਿਸਾਨੀ ਉਪਵਰਗਾਂ ਦੇ ਆਪਸੀ ਹਿਤਾਂ ਦੇ ਟਕਰਾਵਾਂ ਦੀ ਸਥਿਤੀ ਪੰਜਾਬੀ ਨਾਵਲ ਵਿਚ ਭਰਵੇਂ ਰੂਪ ਵਿਚ ਪੇਸ਼ ਹੋਣ ਲੱਗੀ। ਅਣਖੀ ਦੇ ਨਾਵਲਾਂ ਵਿਚ ਵੀਹਵੀਂ ਸਦੀ ਵਿਚ ਬਦਲਦੀ ਖੇਤੀ ਆਰਥਕਤਾ ਨਾਲ ਪੰਜਾਬ ਦੀ ਕਿਸਾਨੀ ਦਾ ਬਦਲਦਾ ਸਰੂਪ ਮੂਰਤੀਮਾਨ ਹੁੰਦਾ ਹੈ, ਜਿੱਥੋਂ ਤੱਕ ਪੰਜਾਬ ਵਿਚ ਚੱਲੀਆਂ ਮੁਜ਼ਾਰਾ ਨਕਸਲਵਾੜੀ ਅਤੇ ਖਾੜਕੂ ਲਹਿਰਾਂ ਦਾ ਸੰਬੰਧ ਹੈ, ਅਣਖੀ ਦੇ ਨਾਵਲਾਂ ਵਿਚ ਇਨ੍ਹਾਂ ਦਾ ਮਾਮੂਲੀ ਜਿਹਾ ਵੇਰਵਾ ਤਾਂ ਪ੍ਰਾਪਤ ਹੁੰਦਾ ਹੈ, ਪਰ ਭਰਵਾਂ ਤੇ ਪ੍ਰਸੰਗਕ ਰੂਪ ਪ੍ਰਾਪਤ ਨਹੀਂ






ਹੁੰਦਾ। ਇਸ ਪ੍ਰਸੰਗ ਵਿਚ ਅਣਖੀ ਦੇ ਪਰਦਾ ਤੇ ਰੌਸ਼ਨੀ, ਸੁਲਗਦੀ ਰਾਤ, ਕੋਠੇ ਖੜਕ ਸਿੰਘ, ਪਰਤਾਪੀ, ਦੁੱਲੇ ਦੀ ਢਾਬ, ਜ਼ਮੀਨਾਂ ਵਾਲੇ ਅਤੇ ਬਾਰਾਂ ਤਾਲੀ, ਨਾਵਲ ਜ਼ਿਕਰਯੋਗ ਹਨ।

ਪੰਜਾਬੀ ਨਾਵਲਕਾਰੀ ਦੇ ਇਸ ਦੌਰ ਵਿਚ ਕਰਮਜੀਤ ਕੁੱਸਾ ਦਾ ਸਥਾਨ ਵੀ ਵਿਸ਼ੇਸ਼ ਹੈ। ਉਸ ਦੇ ਨਾਵਲਾਂ ਵਿਚ ਹਰੀ ਕ੍ਰਾਂਤੀ ਉਪਰੰਤ ਕਿਸਾਨੀ ਦੇ ਬਦਲਦੇ ਜੀਵਨ ਨੂੰ ਉਚੇਚੇ ਤੌਰ ’ਤੇ ਪੇਸ਼ ਕੀਤਾ ਗਿਆ ਇਸੇ ਪ੍ਰਸੰਗ ਵਿਚ ਉਸ ਦੇ ‘ਬੁਰਕੇ ਵਾਲੇ ਲੁਟੇਰੇ’, ‘ਰਾਤ ਦੇ ਰਾਹੀ’, ‘ਰੋਹੀ ਬੀਆਬਾਨ’ ਤੇ ‘ਜ਼ਖ਼ਮੀ ਦਰਿਆ’ ਨਾਵਲ ਪ੍ਰਮੁੱਖ ਹਨ। ਉਸਨੇ ‘ਅਕਾਲ ਪੁਰਖੀ’ ਨਾਵਲ ਵਿਚ ਸੁਤੰਤਰਤਾ ਪੂਰਵਕ ਬਾਰ ਦੇ ਇਲਾਕੇ ਦੀ ਕਿਸਾਨੀ ਦਾ ਗਲਪੀ ਬਿੰਬ ਵੀ ਪੇਸ਼ ਕੀਤਾ। ਕੁੱਸੇ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸ ਨੇ ਬਦਲੀਆਂ ਆਰਥਕ ਤੇ ਰਾਜਸੀ ਪਰਸਥਿਤੀਆਂ ਅਧੀਨ ਸਮਾਜਿਕ ਕਦਰਾਂ-ਕੀਮਤਾਂ ਦੇ ਸਿਕੰਜੇ ਵਿਚ ਫਸੀ ਨਿਮਨ ਕਿਸਾਨੀ ਦੀ ਦਸ਼ਾ ਤੇ ਦਿਸ਼ਾ ਨੂੰ ਰੂਪਾਂਤਰਿਤ ਕੀਤਾ ਹੈ।

ਪੰਜਾਬੀ ਨਾਵਲ ਜਗਤ ਅੰਦਰ ਵਿਭਿੰਨ ਵਿਸ਼ਿਆ ਦੀ ਪੇਸ਼ਕਾਰੀ ਕਰਨ ਵਾਲੇ ਨਾਵਲਕਾਰ ਬਦਲੇਵ ਸਿੰਘ ਦਾ ਸਥਾਨ ਵੀ ਮਹੱਤਵਪੂਰਨ ਹੈ। ਉਸਦੇ ਨਾਵਲਾਂ ਅੰਦਰ ਜਿੱਥੇ ਭਾਰਤ ਦੇ ਹੋਰ ਪ੍ਰਾਂਤਾਂ ਵਿਚਲੀਆਂ ਸਮੱਸਿਆਵਾਂ ਦਾ ਚਿਤਰਨ ਮਿਲਦਾ ਹੈ, ਉੱਥੇ ਸੁਤੰਰਤਾ ਉੱਤਰ ਕਾਲ ਅੰਦਰਲੀ ਕਿਸਾਨੀ ਦਾ ਯਥਾਰਥਕ ਬਿੰਬ ਵੀ ਰੂਪਮਾਨ ਹੁੰਦਾ ਹੈ। ਉਸ ਦੇ ਨਾਵਲ ‘ਅੰਨਦਾਤਾ’ ਵਿਚ ਹਰੀ ਕ੍ਰਾਂਤੀ ਦੀ ਖੜੋਤ ਦੇ ਸਿੱਟੇ ਵਜੋਂ ਕਿਸਾਨੀ ਦੇ ਜੀਵਨ ਅਤੇ ਅਚਾਰ ਵਿਵਹਾਰ ਵਿਚ ਆਈ ਤਬਦੀਲੀ ਨੂੰ ਰੂਪਾਂਤਰਿਤ ਕੀਤਾ ਗਿਆ ਹੈ। ਇਸ ਗਲਪੀ ਬਿੰਬ ਦੀ ਵਿਲੱਖਤਾ ਇਹ ਹੈ ਕਿ ਇਸ ਵਿਚ ਵਿਸ਼ਵੀਕਰਨ ਦੇ ਦੌਰ ਵਿਚ ਨਿਮਨ ਕਿਸਾਨੀ ਨਾਲ ਜੁੜੀਆਂ ਸੰਕਟਮਈ ਹਕੀਕਤਾਂ ਅਤੇ ਤ੍ਰਾਸਦੀਆਂ ਨੂੰ ਵਿਭਿੰਨ ਪੱਖਾਂ ਤੋਂ ਇਲਾਕਈ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪਰਿਪੇਖ ਵਿਚ ਵਿਚਾਰਿਆ ਗਿਆ ਹੈ।

ਪੰਜਾਬੀ ਨਾਵਲਕਾਰੀ ਦੇ ਇਸੇ ਦੌਰ ਵਿਚ ਜਸਬੀਰ ਮੰਡ ਵੀ ਪ੍ਰਵੇਸ਼ ਕਰਦਾ ਹੈ। ਉਸਨੇ ਕਿਸਾਨੀ ਸਰੋਕਾਰਾਂ ਦੀ ਪੇਸ਼ਕਾਰੀ ਲਈ ‘ਔੜ ਦੇ ਬੀਜ’ ਅਤੇ ‘ਆਖਰੀ ਪਿੰਡ ਦੀ ਕਥਾ’ ਨਾਵਲਾਂ ਦੀ ਰਚਨਾ ਕੀਤੀ ਹੈ। ਮੰਡ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨੀ ਦੇ ਵਿਭਿੰਨ ਵਰਗਾਂ ਵਿਚ ਬਦਲਦੀਆਂ ਸਮਾਜਿਕ, ਆਰਥਿਕ ਤੇ ਰਾਜਸੀ ਪਰਸਥਿਤੀਆਂ ਮੁਤਾਬ ਹੋ ਰਹੀ ਉਥਲ-ਪੁਥਲ ਨੂੰ ਰੂਪਾਂਤਰਿਤ ਕੀਤਾ ਹੈ। ਮੰਡ ਦੇ ਨਾਵਲ ‘ਔੜ ਦੇ ਬੀਜ’ ਅੰਦਰ ਖਾੜਕੂ ਲਹਿਰ ਦੀ ਉਪਜ ਦੇ ਵਿਭਿੰਨ ਕਾਰਨਾਂ ਨੂੰ ਪ੍ਰਗਟਾਉਂਦੇ ਹੋਏ ਬਿਰਤਾਂਤਕਾਰ ਵਲੋਂ ਜੇ ਇਕ ਪਾਸੇ ਧਨੀ ਕਿਸਾਨੀ ਵਲੋਂ ਰਾਜਸੀ ਮੰਤਵਾਂ ਲਈ ਵਰਤੇ ਹੱਥ ਕੰਡਿਆਂ ਨੂੰ ਪ੍ਰਸਤੁਤ ਕੀਤਾ ਗਿਆ ਹੈ ਤਾਂ ਦੂਜੇ ਪਾਸੇ ਨਿਮਨ ਕਿਸਾਨੀ ਨੂੰ ਆਪਣੇ ਆਰਥਿਕ ਸੰਕਟ ਦਾ ਹੱਲ ਲਹਿਰ ਵਿਚੋਂ ਤਲਾਸ਼ਦੀ ਹੋਈ, ਰੂਪਾਂਤਰਿਤ ਕੀਤਾ ਗਿਆ ਹੈ।

ਵੀਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਪੰਜਾਬੀ ਨਾਵਲ ਜਗਤ ਅੰਦਰ ਪ੍ਰਵੇਸ਼ ਕਰਨ ਵਾਲਾ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਨਿਰੋਲ ਕਿਸਾਨੀ ਸਰੋਕਾਰਾਂ ਨੂੰ ਚਿਤਰਤ ਕਰਨ ਵਾਲਾ ਗਰਪਕਾਰ ਹੈ। ਉਸ ਦੇ ‘ਨਰੰਜਣ ਮਸਾਲਚੀ’, ‘ਖੇੜੇ ਸੁੱਖ ਵਿਹੜੇ ਸੁੱਖ’, ‘ਇਹਨਾਂ ਰਾਹਾਂ ਉੱਤੇ’, ‘ਪੱਤ ਕੁਮਲਾ ਗਏ’ ਅਤੇ ‘ਦੀਵੇ ਜਗਦੇ ਰਹਿਣਗੇ’ ਪੰਜੇ ਨਾਵਲਾਂ ਅੰਦਰ ਪੰਜਾਬ ਦੀ ਕਿਸਾਨੀ ਦਾ ਪੂਰੀ ਵੀਹਵੀਂ ਸਦੀ ਵਿਚ ਬਦਲਦੀਆਂ ਪਰਸਥਿਤੀਆਂ ਅਧੀਨ ਚਿਤਰ ਪੇਸ਼ ਹੁੰਦਾ ਹੈ। ਬਿਲਿੰਗ ਦੀ ਵਿਲੱਖਣਤਾ ਇਹ ਹੈ ਕਿ ਉਸ ਦੀ ਆਪਣੇ ਗਲਪੀ ਬਿਰਤਾਂਤਾਂ ਵਿਚ ਮੁੱਖ ਟੇਕ, ਢਾਹੇ ਦੇ ਇਲਾਕੇ ਦੇ ਪਿੰਡਾਂ ਦੀ ਸਮਾਜਿਕ, ਰਾਜਸੀ ਅਤੇ ਆਰਥਿਕ ਤੌਰ ’ਤੇ ਬਦਲਦੀ ਨੁਹਾਰ ਨਾਲੋਂ ਵੱਧ ਪੇਂਡੂ ਸਭਿਆਚਾਰਕ ਲੋਕ ਧਰਾਈ ਰੂਪਾਂਤਰਣ ਉੱਤੇ ਹੈ।

ਪੰਜਾਬੀ ਨਾਵਲਕਾਰੀ ਦੇ ਇਸੇ ਵਿਕਾਸ ਕ੍ਰਮ ਵਿਚ ਬਲਬੀਰ ਪਰਵਾਨਾ ਵੀ ਆਪਣੀਆਂ ਸਿਰਜਣਾਵਾਂ ਸਹਿਤ ਪੰਜਾਬੀ ਨਾਵਲ ਜਗਤ ਅੰਦਰ ਪੈਰ ਧਰਦਾ ਹੈ। ਉਸ ਨੇ ਵੀਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਇਕੀਵੀਂ ਸਦੀ ਦੇ ਦੂਜੇ ਦਹਾਕੇ ਤੱਕ ਦੇ ਲੰਮੇ ਕਾਲ ਖੰਡ ਵਿਚ ਕਿਸਾਨੀ ਸਰੋਕਾਰਾਂ ਨੂੰ ਮਹਿਜ਼ ਕਲਾਸੀਕਲ ਮਾਰਕਸੀ ਵਿਚਾਰਧਾਰਕ ਚਿੰਤਨ ਚੇਤਨਾ ਤੋਂ ਹੀ ਪ੍ਰਸਤੁਤ ਨਹੀਂ ਕੀਤਾ, ਸਗੋਂ ਪਰੰਪਰਕ ਕਾਮਰੇਡੀ (ਸੀ. ਪੀ. ਆਈ.) ਦੀ ਪੰਜਾਬੀ ਦ੍ਰਿਸ਼ਟੀ, ਦ੍ਰਿਸ਼ਟੀਕੋਣ ਤੇ ਵਿਚਾਰਧਾਰਕ ਪਹੁੰਚ ਮੁਤਾਬਕ ਕਿਸਾਨੀ ਉਪਵਰਗਾਂ ਦੇ ਪੇਂਡੂ ਅਤੇ ਸ਼ਹਿਰੀ ਪੱਧਰ ਉਪਰ ਵਿਚਰਨ ਵਾਲੇ ਵਿਅਕਤੀਆਂ ਦੇ ਸਰੋਕਾਰਾਂ ਨੂੰ ਰੂਪਾਂਤਰਿਤ ਕੀਤਾ ਹੈ। ਇਸ ਨਾਵਲਕਾਰ ਦੀ ਵਿਲੱਖਣਤਾ ਇਹ ਹੈ ਕਿ ਜਿੱਥੇ ਇਸ ਨੇ ਦੁਆਬੇ ਦੀ ਕਿਸਾਨੀ ਦੇ ਸਰੋਕਾਰਾਂ ਨੂੰ ਬਿਰਤਾਂਤਕ ਚਿਤਰਪੱਟ 'ਤੇ ਉਭਾਰਿਆ ਹੈ ਅਤੇ ਇਹ ਕਿਸਾਨੀ ਨਿਮਨ ਕਿਸਾਨੀ ਦੀ ਹਮਦਰਦੀ ਤੇ ਆਪਣੇ ਤੋਂ ਉਪਰਲੀ ਜਮਾਤ ਦੀ ਵਿਰੋਧੀ ਹੋ ਨਿਬੜਣ ਵਾਲੀ ਹੈ, ਉੱਥੇ ਇਹ ਕਿਸਾਨੀ ਪਿੰਡ ਤੇ ਸ਼ਹਿਰ ਵਿਚ ਮਰਦ-ਔਰਤ ਸੰਬੰਧਾਂ, ਪਰਸਪਰ ਸਥਿਤੀ ਅਤੇ ਮਾਨਸਿਕਤਾਂ ਨੂੰ ਰੂਪਾਂਤਰਿਤ ਕੀਤਾ ਹੈ। ਇਹੋ ਜਿਹੀ ਵਿਲੱਖਣਤਾ ਦੀ ਗਤੀ ਜਿੱਥੇ ਪੂਰਵ ਵਿਸ਼ਵੀਕਰਨ ਵਾਲੇ ਦੌਰ ਵਿਚ ਬਹੁਤ ਸਹਿਜ ਤੇ ਸੁਭਾਵਿਕ ਸੀ ਉੱਥੇ ਵਿਸ਼ਵੀਕਰਨ ਦੇ ਦੌਰ ਵਿਚ ਤੇਜ਼, ਜ਼ਟਿਲ, ਬਹੁਪਸਾਰੀ, ਬਹੁ ਪਰਤੀ ਅਤੇ ਨਵੀਨ ਯੁੱਗ ਦੀਆਂ ਪਰਸਥਿਤੀਆਂ ਨੂੰ ਰੂਪਾਂਤਰਨ ਕਰਨ ਦੇ ਯੋਗ ਦ੍ਰਿਸ਼ਟੀਗਤ ਹੁੰਦੀ ਹੈ।


ਪੰਜਾਬੀ ਨਾਵਲਕਾਰੀ ਦੇ ਇਸ ਵਿਕਾਸ ਕ੍ਰਮ ਵਿਚ ਬਲਜਿੰਦਰ ਨਸਰਾਲੀ ਇਕ ਮਹੱਤਵਪੂਰਨ ਨਾਵਲਕਾਰ ਹੈ। ਉਸ ਦੇ ਨਾਵਲਾਂ ਅੰਦਰ ਹਰੀ ਕ੍ਰਾਂਤੀ ਦੇ ਆਉਣ ਅਤੇ ਖੜੋਤ ਨਾਲ ਬਦਲਦੀ ਆਰਥਿਕਤਾ ਨਾਲ ਪ੍ਰਭਾਵਤ ਕਿਸਾਨੀ ਦਾ ਚਿਤਰ ਮੂਰਤੀਮਾਨ ਹੁੰਦਾ ਹੈ। ਇਸ ਸੰਦਰਭ ਵਿਚ ਉਸ ਦੇ ਦੋ ਨਾਵਲ ਹਾਰੇ ਦੀ ਅੱਗ ਅਤੇ 'ਵੀਹਵੀਂ ਸਦੀ ਦੀ ਆਖਰੀ ਕਥਾ' ਉਲੇਖ ਯੋਗ ਹਨ। ਨਸਰਾਲੀ ਦੇ ਪਹਿਲੇ ਨਾਵਲ 'ਹਾਰੇ ਦੀ ਅੱਗ' ਅੰਦਰ ਹਰੀ ਕ੍ਰਾਂਤੀ ਦੀ ਆਮਦ ਨਾਲ ਨਿਮਨ ਤੇ ਮਧਲੀ ਕਿਸਾਨੀ ਜੀਵਨ ਵਿਚ ਵਧਦੇ ਪੂੰਜੀਵਾਦੀ ਰੁਝਾਨ ਸਦਕਾ ਪਰੰਪਰਕ ਜਾਗੀਰੂ ਕੀਮਤਾਂ ਦੇ ਟੁੱਟਣ ਦੀ ਪ੍ਰਤਿਕਰਿਆ ਨੂੰ ਰੂਪਮਾਨ ਕੀਤਾ ਗਿਆ ਹੈ। ਉਸਦੇ ਦੂਸਰੇ ਨਾਵਲ 'ਵੀਹਵੀਂ ਸਦੀ ਦੀ ਆਖਰੀ ਕਥਾ' ਵਿਚ ਹਰੀ ਕ੍ਰਾਂਤੀ ਦੀ ਖੜੋਤ ਤੋਂ ਪ੍ਰਭਾਵਿਤ ਨਿਮਨ ਤੇ ਮਧਲੀ ਕਿਸਾਨੀ ਨੂੰ ਖਾੜਕੂ ਲਹਿਰ ਅਤੇ ਵਿਸ਼ਵੀਕਰਨ ਦੇ ਦੌਰ ਦੀਆਂ ਵਿਸੰਗਤੀਆਂ ਮੁਤਾਬਕ ਵਿਚਰਦੇ ਰੂਪਾਂਤਰਿਤ ਕੀਤਾ ਗਿਆ ਹੈ।

ਪੰਜਾਬੀ ਨਾਵਲਕਾਰੀ ਦੇ ਇਸੇ ਪ੍ਰਵਾਹ ਤੱਕ ਪਰਗਟ ਸਿੰਘ ਸਤੌਜ ਵੀ ਇਕ ਉਹ ਨਾਵਲਕਾਰ ਹੈ, ਜਿਸ ਨੇ ਮਲਵਈ ਪੰਜਾਬੀ ਜੀਵਨ ਨੂੰ ਸੰਜੀਵ ਰੂਪ ਵਿਚ ਬਿਰਤਾਂਤਕ ਚਿਤਰਪੱਟ ਤੇ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ 'ਭਾਗੂ' ਅਤੇ 'ਤੀਵੀਆਂ' ਦੋ ਨਾਵਲਾਂ ਨਾਲ ਕਿਸਾਨੀ ਸਰੋਕਾਰਾਂ ਨੂੰ ਰੂਪਾਂਤਰਿਤ ਕਰਨ ਦੇ ਨਾਲ ਨਾਲ ਇਨ੍ਹਾਂ ਸਰੋਕਾਰਾਂ ਪ੍ਰਤੀ ਗਹਿਰ-ਗੰਭੀਰ ਵਿਵੇਕਸ਼ੀਲਤਾਂ ਦਾ ਪ੍ਰਮਾਣ ਪ੍ਰਤੱਖ ਦਿੱਤਾ ਹੈ। ਉਸ ਨੇ ਸੁਤੰਤਰਤਾ ਕਾਲ ਤੋਂ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਦੇ ਲੰਮੇ ਕਾਲ ਖੰਡ ਵਿਚ ਕਿਸਾਨੀ ਮਰਦਾਂ ਦੇ ਅਵਚੇਤਨੀ ਤੇ ਸੁਚੇਤੀ ਸਰੋਕਾਰਾਂ ਨੂੰ ਨਹੀਂ ਰੂਪਾਂਤਰਿਤ ਕੀਤਾ, ਸਗੋਂ ਕਿਸਾਨੀ ਸਮਾਜ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਵਿਭਿੰਨ ਪੱਧਰਾਂ ਸਹਿਤ ਪ੍ਰਸਤੁਤ ਕੀਤਾ ਹੈ।

ਸੰਖੇਪ ਵਿਚ, ਪੰਜਾਬੀ ਸਾਹਿਤ ਸਿਰਜਣਾਤਾਮਕਤਾ ਅੰਦਰ ਕਿਸਾਨੀ ਸਰੋਕਾਰਾਂ ਦੀ ਅਹਿਮ ਭੂਮਿਕਾ ਹੈ। ਭਾਵੇਂ ਸ਼ਹਿਰੀ ਜੀਵਨ ਤੇ ਸਰੋਕਾਰ ਵੀ ਪੰਜਾਬੀ ਨਾਵਲ ਵਿਚ ਇਕ ਅਹਿਮ ਕੜੀ ਹਨ ਪਰ ਜਿਸ ਪ੍ਰਕਾਰ ਦੀਆਂ ਪ੍ਰਭਾਵਸ਼ਾਲੀ ਸਲਾਹੁਣਯੋਗ ਅਤੇ ਵਡਮੁੱਲੀਆਂ ਕਿਰਤਾਂ ਵਜੋਂ ਪੰਜਾਬੀ ਨਾਵਲੀ ਕ੍ਰਿਤਾਂ ਬਣੀਆਂ ਉਹ ਧਿਆਨ ਤੋਂ ਬਾਹਰ ਕਰਨਯੋਗ ਨਹੀਂ ਹਨ।



## ਪੰਜਾਬੀ ਇਤਿਹਾਸਕ ਨਾਵਲ ਦਾ ਨਵਾਂ ਮੁਹਾਂਦਰਾ/ ਪ੍ਰੋ. ਜੇ. ਬੀ. ਸੇਖੋਂ




ਇਤਿਹਾਸਕ ਨਾਵਲ ਆਪਣੀ ਵਸਤੂ, ਵਿਧੀ, ਸ਼ੈਲੀ ਤੇ ਕਥਾ ਦ੍ਰਿਸ਼ਟੀ ਪੱਖੋਂ ਸਧਾਰਨ ਨਾਵਲ ਤੋਂ ਵੱਖਰੀ ਪ੍ਰਕਿਰਤੀ ਵਾਲਾ ਹੁੰਦਾ ਹੈ। ਇਹ ਸਾਹਿਤ ਤੇ ਇਤਿਹਾਸ ਦੀ ਅੰਤਰ ਸਬੰਧਤ ਪ੍ਰਕਿਰਿਆ ਵਿਚੋਂ ਉਸਰਦੀ ਵਿਸ਼ੇਸ਼ ਬਿਰਤਾਂਤਕ ਵਿਧਾ ਹੈ। ਇਸ ਵਿਚ ਇਤਿਹਾਸਕ-ਸੱਚ ਤੇ ਸਾਹਿਤਕ ਸੱਚ ਦੇ ਮਿਸ਼ਰਣ ਨਾਲ ਜੀਵਨ-ਸੱਚ ਨੂੰ ਨਿਰੂਪਤ ਕੀਤਾ ਜਾਂਦਾ ਹੈ। ਇਤਿਹਾਸਕ ਨਾਵਲ ਦੀ ਪਰੰਪਰਕ ਪਰਿਭਾਸ਼ਾ ਅਨੁਸਾਰ ਜਿਸ ਨਾਵਲ ਵਿਚ ਇਤਿਹਾਸਕ ਪਾਤਰ, ਘਟਨਾਵਾਂ ਤੇ ਵਾਤਾਵਰਣ ਦਾ ਗਲਪੀ ਚਿਤਰਣ ਹੋਵੇ ਉਸਨੂੰ ਇਤਿਹਾਸਕ ਨਾਵਲ ਕਹਿ ਦਿੱਤਾ ਜਾਂਦਾ ਹੈ ਪਰ ਸਫ਼ਲ ਇਤਿਹਾਸਕ ਨਾਵਲ ਵਿਚ ਉਪਰੋਕਤ ਤੱਤਾਂ ਤੋਂ ਇਲਾਵਾ ਇਤਿਹਾਸਕ ਜੀਵਨ ਦੀ ਅੰਤਰ-ਆਤਮਾ ਸਬੰਧੀ ਮੁਲਾਂਕਣੀ ਲਹਿਜ਼ਾ ਰੱਖਣਾ ਤੇ ਦਿਸਦੇ-ਵਾਪਰਦੇ 'ਇਤਿਹਾਸ ' ਦੇ ਸਮਾਂਤਰ ਤੁਰਦੇ ਦਮਿਤ ਇਤਿਹਾਸ ਨੂੰ ਉਜਾਗਰ ਕਰਨਾ ਵੀ ਹੁੰਦਾ ਹੈ।


ਇਤਿਹਾਸਕ ਉਪਨਿਆਸਕਾਰ ਨੂੰ ਇਤਿਹਾਸਕ ਮਾਨਵ ਦੇ ਮਨ ਅਤੇ ਜੀਵਨ ਦੀ ਵਾਸਤਵਿਕਤਾ ਨੂੰ ਉਪਨਿਆਸ ਦੇ ਰੰਗ ਵਿਚ ਰੰਗ ਕੇ ਰੱਖਣਾ ਪਵੇਗਾ। ਸਫ਼ਲ ਇਤਿਹਾਸਕ ਉਪਨਿਆਸ ਵਿਚ ਇਤਿਹਾਸ ਦੀ ਸੱਚਾਈ ਵੀ ਮਿਲਦੀ ਹੈ ਤੇ ਕਲਪਨਾ ਦਾ ਮਨੋਰੰਜਨ ਵੀ।[1]

ਇਤਿਹਾਸ ਦੀ ਵਸਤੂ-ਸਮਗਰੀ 'ਤੇ ਉਸਰੇ ਨਾਵਲੀ ਪ੍ਰਬੰਧ ਵਿਚ ਇਤਿਹਾਸਕ ਕਾਲ ਖੰਡ ਦੇ ਸਮਾਜਕ ਸੰਸਕ੍ਰਿਤਕ, ਧਾਰਮਿਕ ਆਰਥਿਕ ਤੇ ਹੋਰ ਸਰੋਕਾਰ ਤਤਕਾਲੀਨ ਪਾਤਰਾਂ ਦੇ ਨਸਲੀ ਮਨੋ-ਵਿਗਿਆਨ ਦੁਆਰਾ ਪੇਸ਼ ਹੋਏ ਮਿਲਦੇ ਹਨ। ਇਸ ਪ੍ਰਕਿਰਿਆ ਤਹਿਤ ਨਾਵਲਕਾਰ ਨੂੰ ਇਤਿਹਾਸਕ ਵਾਤਾਵਰਣ ਸੁਰਜੀਤ ਕਰਨ ਕਥਾ ਸੰਗਠਨ ਦੀ ਉਸਾਰੀ ਕਰਨ ਤੇ ਭੂਤ ਦੇ ਵਾਕਿਆਤ ਨੂੰ ਤਵਾਰੀਖ ਦੀ ਪ੍ਰਮਾਣਿਕਤਾ ਵਿਚ ਰੱਖਣ ਲਈ ਅਨੇਕਾਂ ਜ਼ਾਬਤਿਆਂ ਦੀ ਪਾਲਣਾ ਕਰਨੀ ਪੈਂਦੀ ਹੈ।

ਇਤਿਹਾਸਕ ਨਾਵਲ ਦੀ ਕਲਾ ਵਿਚ ਤਿੰਨ ਗੁਣ ਲਾਜ਼ਮੀ ਹੁੰਦੇ ਹਨ। ਇਕ ਤਾਂ ਇਤਿਹਾਸਕ ਨਾਵਲਕਾਰ ਦਾ ਮਨ ਚੁਣੇ ਹੋਏ ਸਮੇਂ ਦੀਆਂ ਮੁੜ ਤਾਜ਼ਾ ਕੀਤੀਆਂ ਯਾਦਾਂ ਨਾਲ ਇੰਝ ਭਰਪੂਰ ਹੋਵੇ ਜਿਵੇਂ ਉਸਨੇ ਇਹ ਜੀਵਨ ਮੌਜੂਦਾ ਜੀਵਨ ਵਾਂਗ ਪੂਰਨ ਹੰਢਾਇਆ ਹੋਵੇ...। ਦੂਜੀ ਗੱਲ ਇਹ ਕਿ ਉਸਦੇ ਮਨ ਵਿਚ ਉਸ ਚੁਣੇ ਸਮੇਂ ਅਨੁਕੂਲ ਲਗਦੇ ਪਾਤਰਾਂ ਦੇ ਅਣਗਿਣਤ ਚਿਹਰੇ ਹੋਣ ਜੋ ਉਸਦੇ ਹੁਕਮ ਦੇ ਬੱਝੇ ਹੋਏ ਹੋਣ...। ਤੀਜੇ ਇਸ ਵਡਮੁੱਲੇ ਤੇ ਅਥਾਹ ਖ਼ਜ਼ਾਨੇ ਨੂੰ ਢੁਕਵੀਂ ਤੇ ਖ਼ੂਬਸੂਰਤ ਗੋਂਦ ਦੁਆਰਾ ਸਮੇਟਣਾ।[2]

ਇਤਿਹਾਸਕ ਨਾਵਲ ਭਾਵੇਂ ਸਮੇਂ ਦਾ ਨਿਰੋਲ ਤੱਥ ਰੂਪ ਇਤਿਹਾਸ ਨਹੀਂ ਹੁੰਦੇ ਪਰ ਇਤਿਹਾਸਕ ਸੱਚ ਦੀ ਅਵਹੇਲਨਾ ਵੀ ਨਹੀਂ ਕਰਦੇ।... ਨਾਵਲ ਰੂਪ ਨਾਲ ਪੂਰਾ ਨਿਆਂ ਕਰਨ ਲਈ ਨਾਵਲਕਾਰ ਵਾਸਤੇ ਇਤਿਹਾਸਕ ਸਥਿਤੀਆਂ ਵਿਚ ਪਏ ਵਿਅਕਤੀਆਂ ਦੀ ਮਾਨਸਿਕ ਅਵਸਥਾ ਅਨੁਭਵ ਕਰਨ ਲਈ ਮਾਨਵੀ ਮਨੋਵਿਗਿਆਨ ਦੀ ਜਾਣਕਾਰੀ ਵੀ ਅਵਸ਼ਕ ਹੈ।[3]

ਇਤਿਹਾਸਕ ਨਾਵਲ ਦੀ ਤੱਥਕਾਰੀ, ਦ੍ਰਿਸ਼ ਵਰਨਣ, ਪਾਤਰ ਉਸਾਰੀ, ਭਾਸ਼ਾ ਵਾਰਤਾਲਾਪ ਤੇ ਨਾਟਕਯੀਅਤਾ ਸੰਬੰਧੀ ਵਿਸ਼ੇਸ਼ ਬੰਦਿਸ਼ਾਂ ਦਾ ਨਿਭਾਅ ਕਰਕੇ ਚੰਗਾ ਗਲਪਕਾਰ ਇਤਿਹਾਸ ਤੇ ਸਾਹਿਤ ਦੇ ਰਲੇਵੇਂ ਤੋਂ ਰੌਚਿਕ ਬਿਰਤਾਂਤ ਪ੍ਰਬੰਧ ਉਸਾਰ ਸਕਦਾ ਹੈ। ਅਜਿਹੇ ਨਾਵਲਾਂ ਦੀ ਸਿਰਜਣਾ ਸੰਬੰਧੀ ਪ੍ਰੇਰਨਾ ਸਰੋਤ ਵਰਤਮਾਨ ਵਿਚ ਪਏ ਹੁੰਦੇ ਹਨ ਜਦ ਕਿ ਟੈਕਸਟ ਦਾ ਵਸਤੂ-ਆਧਾਰ ਭੂਤਕਾਲ ਹੁੰਦਾ




ਹੈ। ਇਤਿਹਾਸ ਦਾ ਆਦਰਸ਼ੀਕਰਨ, ਇਤਿਹਾਸ ਦਾ ਮੁਲਾਂਕਣ, ਸਮਾਂਤਰ ਇਤਿਹਾਸ ਦੀ ਸਿਰਜਣਾ ਤੇ ਇਤਿਹਾਸ ਦੀਆਂ ਮਿਥਾਂ-ਤੱਥਾਂ ਸੰਬੰਧੀ ਸੰਵਾਦ ਰਚਾਉਣ ਦੇ ਪ੍ਰੇਰਨਾ ਸਰੋਤਾਂ ਨਾਲ ਇਤਿਹਾਸਕ ਨਾਵਲ ਵਰਤਮਾਨ ਦੇ ਮਸਲਿਆਂ ਨੂੰ ਅਤੀਤ ਦੇ ਬਿਰਤਾਂਤ ਪ੍ਰਸੰਗਾਂ ਵਿਚੋਂ ਤਲਾਸ਼ਦਾ ਹੈ। ਇਸ ਕਾਰਜ ਸਿੱਧੀ ਲਈ ਨਵ-ਇਤਿਹਾਸ ਦੇ ਸੰਕਲਪ ਵਿਚ ਇਸ ਗੱਲ ਦੀ ਹੋਰ ਮਹੱਤਤਾ ਉਭਰਦੀ ਹੈ ਕਿ ਇਤਿਹਾਸ ਰੇਖਕੀ ਢੰਗ ਨਾਲ ਵਿਕਾਸ ਨਹੀਂ ਕਰਦਾ ਸਗੋਂ ਇਹ ਪ੍ਰਵਚਨਾਂ ਦਾ ਗੁੰਛੇਦਾਰ ਤੇ ਜਟਿਲ ਵਰਤਾਰਾ ਹੈ। ਇਸ ਵਰਤਾਰੇ ਨੂੰ ਜੀਵੰਤ ਰੂਪ ਵਿਚ ਵਿਉਂਤਣ ਲਈ ਇਤਿਹਾਸਕ ਬਿਰਤਾਂਤ ਕਾਰੀ ਤੇ ਸਾਹਿਤਕ ਬਿਰਤਾਂਤਕਾਰੀ ਦਾ ਸੈਕੂਲਰ ਸੰਤੁਲਨ ਲਾਜ਼ਮੀ ਹੈ। ਇਸ ਨਾਲ ਹੀ ਗਲਪ ਦੀ ਵਿਧੀ ਇਤਿਹਾਸਕ ਨਾਵਲ, ਵਿਧੀ ਤੋਂ ਵਿਧਾ ਬਣ ਜਾਣ ਦੇ ਸਮਰੱਥ ਹੋ ਸਕਦੀ ਹੈ।

ਪੰਜਾਬੀ ਵਿਚ ਸਭ ਤੋਂ ਪਹਿਲਾਂ ਮੌਲਿਕ ਨਾਵਲ ਸਬੱਬ ਨਾਲ ਇਤਿਹਾਸਕ ਨਾਵਲ ਹੈ। ਇਹ ਨਾਵਲ ਭਾਈ ਵੀਰ ਸਿੰਘ ਵਲੋਂ ਰਚਿਤ 'ਸੁੰਦਰੀ' (1898) ਹੈ। ਬਰਤਾਨਵੀ ਸ਼ਾਸਨ ਅਧੀਨ ਪੰਜਾਬ ਦੀ ਜਾਗੀਰ ਰਹਿਤਲ ਦੇ ਪੂੰਜੀਵਾਦੀ ਢਾਂਚੇ ਵੱਲ ਮੁੜਨ ਤੇ ਮਧ ਸ਼੍ਰੇਣੀ ਦੇ ਉਥਾਨ ਕਾਰਨ ਇਸ ਯੁੱਗ ਦਾ ਮਹਾਂ ਕਾਵਿਕ ਰੂਪ ਨਾਵਲ ਆਪਣੇ ਪੈਰ ਪਸਾਰਦਾ ਹੈ। ਭਾਈ ਵੀਰ ਸਿੰਘ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਤੇ ਬਾਬਾ ਨੌਧ ਸਿੰਘ ਵਰਗੇ ਨਾਵਲਾਂ ਦੁਆਰਾ ਸਿੰਘ ਸਭਾ ਲਹਿਰ ਦੇ ਆਸ਼ੇ ਅਧੀਨ ਸਿੱਧ ਧਰਮ ਦੀ ਪੁਨਰ ਸੁਰਜੀਤੀ ਲਈ ਪੱਛਣ ਦੀ ਗਲਪ ਵਿਧਾ ਨਾਵਲ ਨੂੰ ਆਧਾਰ ਬਣਾਉਂਦਾ ਹੈ। ਇਸ ਕੰਮ ਲਈ ਉਹ ਸਿੱਖ ਇਤਿਹਾਸ ਦੇ ਪ੍ਰਸੰਗਾਂ ਨੂੰ ਪ੍ਰਚਾਰਮੂਲਕ ਧਾਰਮਿਕ ਚੇਤਨਾ, ਮਨ-ਇੱਛਤ ਘਟਨਾ ਪ੍ਰਬੰਧ, ਨਾਇਕ ਮੁੱਖੀ ਦ੍ਰਿਸ਼ਕਾਰੀ ਦੁਆਰਾ ਪੇਸ਼ ਕਰਦਾ ਹੋਇਆ ਮੱਧਕਾਲੀ ਜਨਮ ਸਾਖੀਆਂ ਦੀਆਂ ਮਿਥਕ ਰੂੜ੍ਹੀਆਂ ਦਾ ਨਾਵਲੀ ਰੂਪਾਂਤਰਣ ਕਰ ਦਿੰਦਾ ਹੈ। ਭਾਈ ਵੀਰ ਸਿੰਘ ਦੇ ਇਤਿਹਾਸਕ ਨਾਵਲਾਂ ਜੀ ਨਿਸ਼ਚਤ ਉਦੇਸ਼ ਭਾਵਨਾ ਕਾਰਨ ਇਹ ਰਚਨਾਵਾਂ ਨਾਂ ਤਾਂ ਪੱਛਮ ਦੀ ਨਾਵਲੀ ਵਿਧਾ ਦੇ ਪ੍ਰਤਿਮਾਨਾਂ ਨੂੰ ਆਤਮਸਾਤ ਕਰ ਸਕੀਆਂ ਤੇ ਨਾ ਹੀ ਇਤਿਹਾਸ ਦੀ ਵਸਤੂ-ਸਮੱਗਰੀ ਪ੍ਰਤੀ ਮੁਲਾਂਕਣੀ ਤੇ ਸੰਵਾਦੀ ਲਹਿਜ਼ਾ ਰੱਖ ਸਕੀਆ।

ਸਮੁੱਚੇ ਪੰਜਾਬੀ ਨਾਵਲ ਦੀ ਰੂਪ ਰਚਨਾ ਦੇ ਸੰਦਰਭ ਵਿਚ ਵੀ ਇਹ ਦਵੰਦ ਲਗਾਤਾਰ ਬਣਿਆ ਰਿਹਾ ਹੈ। ਇਤਿਹਾਸ ਨੂੰ ਸਿਰਜਣ ਦੇ ਨਾਲ-ਨਾਲ ਇਸਨੂੰ ਸੰਭਾਲਣ ਤੇ ਪ੍ਰਚਾਰਨ ਦੀ ਰੁਚੀ ਦੀ ਘਾਟ ਕਾਰਨ ਪੰਜਾਬੀ ਜਨ ਸਮੂਹ ਇਤਿਹਾਸ ਦੇ ਸਮੁੱਚੇ ਸੰਕਲਪ ਪ੍ਰਤੀ ਉਦਾਸੀਨ ਤੇ ਉਲ੍ਹਾਰ ਹੀ ਰਿਹਾ ਹੈ ਜਿਸ ਕਰਕੇ ਵੀ ਭਾਈ ਵੀਰ ਸਿੰਘ ਦੇ ਨਾਵਲ ਜਨਮ ਸਾਖੀਆਂ ਦਾ ਨਵਾਂ ਰੂਪ ਪ੍ਰਸਤੁਤ ਕਰਦੇ ਜਾਪਦੇ ਹਨ। ਮੱਧਕਾਲੀ ਬਿਰਤਾਂਤ ਚੇਤਨਾ ਦੇ ਰੂੜ੍ਹ ਹੋ ਚੁੱਕੇ ਪਰੰਪਰਕ ਰੂਪਾਕਾਰਾਂ ਦੀ ਲੋਹ ਕੈਦ ਵਿਚੋਂ ਤੁਰੰਤ ਨਿਕਲਣਾ ਪੰਜਾਬੀ ਜਨ-ਚੇਤਨਾ ਲਈ ਚੁਣੌਤੀਪੂਰਨ ਹੋਣ ਕਾਰਨ ਵੀ ਆਰੰਭਲਾ ਪੰਜਾਬੀ ਨਾਵਲ ਨਵੀਨ ਭਾਵ-ਬੋਧ ਤੇ ਰੂਪਕ ਲੱਛਣਾਂ ਵਾਲਾ ਨਹੀਂ ਹੈ।

ਫਿਰ ਵੀ ਭਾਈ ਵੀਰ ਸਿੰਘ ਦੀ ਵੱਡੀ ਪ੍ਰਾਪਤੀ ਪੰਜਾਬੀ ਇਤਿਹਾਸਕ ਨਾਵਲ ਦੀਆਂ ਜਮਨ ਪੀੜਾਂ ਵਿਚ ਹੀ ਪਾਠਕਾਂ ਦਾ ਵੱਡਾ ਵਰਗ ਸਥਾਪਤ ਕਰਨ ਵਿਚ ਹੈ।

"ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਧਰਮ ਪ੍ਰਚਾਰ ਅਤੇ ਸਦਾਚਾਰਕ ਸਿੱਖਿਆ ਭਾਵੇਂ ਉਸਦੇ ਨਾਵਲਾਂ ਦੇ ਕਲਾ-ਪੱਖ ਵਿਚ ਭਾਰੀ ਦੋਸ਼ ਹਨ ਪਰ ਇਸ ਨਾਲ ਨਾਵਲ ਰੂਪ ਪੰਜਾਬੀ ਪਾਠਕਾਂ ਵਿਚ ਸਤਿਕਾਰਯੋਗ ਕਿਰਤ ਬਣ ਗਿਆ, ਸਧਾਰਨ ਰੂਪ ਵਿੱਚ ਜੁਆਨ ਮੁੰਡੇ ਕੁੜੀਆਂ ਦਾ ਨਾਵਲ ਪੜ੍ਹਨਾ ਠੀਕ ਨਹੀਂ ਸੀ ਸਮਝਿਆ ਜਾਂਦਾ ਪਰ ਭਾਈ ਵੀਰ ਸਿੰਘ ਦੀ ਧਾਰਮਿਕ, ਸਦਾਚਾਰਕ ਤੇ ਸਿੱਖਿਆ ਦਾਇਕ ਪਰੰਪਰਾ ਨੇ ਨਾਵਲ ਰੂਪ ਨੂੰ ਸਮਾਜਕ ਪੱਧਰ 'ਤੇ ਸਤਿਕਾਰਯੋਗ ਬਣਾਇਆ ਅਤੇ ਪੰਜਾਬੀ



ਨਾਵਲ ਨੂੰ ਪਾਠਕ ਦਿੱਤੇ।[4]

ਭਾਈ ਵੀਰ ਸਿੰਘ ਦੇ ਨਾਵਲੀ ਪੈਟਰਨ ਦਾ ਅਗਲਾ ਵਿਸਤਾਰ ਚਰਨ ਸਿੰਘ ਸ਼ਹੀਦ ਗਿਆਨੀ ਗਿਆਨ ਸਿੰਘ, ਕਰਮ ਸਿੰਘ ਜ਼ਖ਼ਮੀ, ਗਿਆਨੀ ਤਰਲੋਕ ਸਿੰਘ, ਭਜਨ ਸਿੰਘ ਤੇ ਗਿਆਨੀ ਅਮਰ ਸਿੰਘ ਦੇ ਨਾਵਲਾਂ ਵਿਚ ਮਿਲਦਾ ਹੈ। ਇਹਨਾਂ ਨਾਵਲਾਂ ਵਿਚੋਂ ਕੁਝ ਦਾ ਗਲਪੀ ਪਾਤਰ ਭਾਈ ਵੀਰ ਸਿੰਘ ਦੇ 18 ਵੀਂ ਸਦੀ ਵਾਲੇ ਸਿੱਖ ਧਰਮ ਤੇ ਕੌਮ 'ਤੇ ਪਏ ਸੰਕਟਾਂ ਤੋਂ ਤਬਦੀਲ ਹੋ ਕੇ ਗੁਰੂ ਕਾਲ ਨਾਲ ਜਾ ਜੁੜਦਾ ਹੈ। ਘਟਨਾ-ਪ੍ਰਬੰਧ ਵਿਚ ਘਰੋਗੀ ਦ੍ਰਿਸ਼ ਉਭਰਦੇ ਹਨ ਪਰ ਕਥਾ ਦ੍ਰਿਸ਼ਟੀ ਸ਼ਰਧਾ, ਆਦਰਸ਼ ਤੇ ਧਾਰਮਿਕ ਪ੍ਰਚਾਰ ਵਾਲੀ ਰਹਿੰਦੀ ਹੈ।


ਪੁਸਤਕ ਲਿਖਣ ਦਾ ਪ੍ਰਯੋਜਨ ਕੋਈ ਸੁਆਰਥ ਨਹੀਂ, ਨਾ ਕੋਈ ਵਿਦਵਾਨ ਦਿਖਾਵਾ ਹੈ, ਪੰਥਕ ਢੱਠੀ ਪਈ ਇਮਾਰਤ ਦੀ ਉਸਾਰੀ ਵਿਚ ਰਾਮ ਚੰਦਰ ਜੀ ਦੇ ਪੁਲ ਪੁਰ ਗਾਲੜਾਂ ਦੇ ਮਿੱਟੀ ਪਾਉਣ ਦੇ ਯਤਨ ਵਾਂਗ ਸੇਵਾ ਵਿਚ ਇਕ ਨਿੱਕਾ ਜਿਹਾ ਫਰਜ਼ ਅਦਾ ਕਰਨ ਦਾ ਤਰਲਾ ਹੈ।[5]

ਚਰਨ ਸਿੰਘ ਸ਼ਹੀਦ ਦੇ ਨਾਵਲਾਂ ਦਾ ਪ੍ਰੇਰਨਾ ਸਰੋਤ ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਨੂੰ ਫੈਲਾਉਣਾ ਸੀ। ਉਸਦੇ ਨਾਵਲਾਂ 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ' ਵਿਚ ਯਥਾਰਥ ਸਿਰਜਣ, ਪਾਤਰਾਂ ਦੇ ਮਨੋਵਿਗਿਆਨ ਚਿਤਰਣ ਤੇ ਵਿਅੰਗਮਈ ਸੁਰ ਜਿਹੇ ਲੱਛਣਾਂ ਕਾਰਨ ਉਹ ਪੂਰਵਲੇ ਇਤਿਹਾਸਕ ਨਾਵਲ ਤੋਂ ਵੱਖਰਤਾ ਵੀ ਲਿਆਉਂਦਾ ਹੈ। ਗਿਆਨੀ ਅਮਰ ਸਿੰਘ ਦੇ ਨਾਵਲਾਂ ਵਿਚ ਸਿੱਖ ਧਰਮ ਦੇ ਇਤਿਹਾਸਕ ਪਾਤਰਾਂ ਦੀ ਕੁਰਬਾਨੀ ਨੂੰ ਯਥਾਰਥ ਢੰਗ ਨਾਲੋਂ ਜਨਮ ਸਾਖੀਆਂ ਵਰਗੇ ਮਿਥ ਮੰਡਲ ਤਹਿਤ ਪੇਸ਼ ਕੀਤਾ ਮਿਲਦਾ ਹੈ। ਇਸਤੋਂ ਅਗਲੇ ਦੌਰ ਵਿਚ ਕੁਝ ਹੋਰ ਨਾਮ ਕਰਮ ਸਿੰਘ ਜ਼ਖ਼ਮੀ ਗਿ. ਤਰਲੋਕ ਸਿੰਘ, ਗਿ. ਭਜਨ ਸਿੰਘ, ਹਰਨਾਮ ਦਾਸ ਸਹਿਰਾਈ, ਗਿ. ਕੇਸਰ ਸਿੰਘ, ਸਾਧੂ ਸਿੰਘ ਹਮਦਰਦ, ਸੋਹਣ ਸਿੰਘ ਸੀਤਲ, ਮਾਸਟਰ ਤਾਰਾ ਸਿੰਘ, ਕਰਨਲ ਨਰਿੰਦਰ ਪਾਲ ਸਿੰਘ ਆਦਿ ਨਾਵਲਕਾਰਾਂ ਵਜੋਂ ਉਭਰਦੇ ਹਨ।

ਇਹਨਾਂ ਦੇ ਨਾਵਲਾ ਵਿਚ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਨੂੰ ਪੰਜਾਬ ਦੇ ਇਤਿਹਾਸ ਦਾ ਕੇਂਦਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਸਿੱਖ ਧਰਮ ਦਾ ਆਦਰਸ਼ੀਕਰਨ ਕਰਦਿਆਂ ਹੋਇਆ ਇਹ ਨਾਵਲੀ ਕ੍ਰਿਤਾਂ ਸਿੱਖ ਲਹਿਰ ਦੀ ਸਮੁੱਚੀ ਇਤਿਹਾਸਕ ਭੂਮਿਕਾ ਉਜਾਗਰ ਕਰਨ ਵਿਚ ਸਫਲ ਨਹੀਂ ਹੋ ਸਕੀਆਂ। ਨਾਵਲੀ ਸੰਗਠਨ ਨੂੰ ਇਤਿਹਾਸਕ ਯਥਾਰਥ ਨਾਲ ਜੋੜਨ ਵਿਚ ਨਰਿੰਦਰਪਾਲ, ਸੋਹਣ ਸਿੰਘ ਸੀਤਲ ਤੇ ਗਿਆਨੀ ਕੇਸਰ ਸਿੰਘ ਦੀ ਭੂਮਿਕਾ ਵਿਸ਼ੇਸ਼ ਵੀ ਰਹੀ ਹੈ। ਇਹਨਾਂ ਦੇ ਨਾਵਲ ਕਈ ਪੱਖਾਂ ਤੋਂ ਪੂਰਵਲੀ ਨਾਵਲ ਪਰੰਪਰਾ ਤੋਂ ਕੁਝ ਵੱਖਰੇ ਵੀ ਹਨ। ਇਤਿਹਾਸ ਬੋਧ ਤੱਥਾਂ ਦੀ ਪੇਸ਼ਕਾਰੀ ਵਿਚ ਨਹੀਂ ਹੁੰਦਾ, ਬਲ ਕਿ ਤੱਥਾਂ ਦੀਆਂ ਅੰਦਰਲੀਆਂ ਪਰਤਾਂ ਵਿਚ ਟਿਕੇ ਰਹੱਸ ਵਿਚ ਹੁੰਦਾ ਹੈ। ਇਸ ਰਹੱਸ ਨੂੰ ਉਘਾੜਨ ਵਿਚ ਹੀ ਤਾਂ ਇਤਿਹਾਸਕ ਨਾਵਲ ਦੀ ਪ੍ਰਾਪਤੀ ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਨਰਿੰਦਰਪਾਲ ਸਿੰਘ ਦੇ ਨਾਵਲ ਇਕ ਪ੍ਰਮਾਣਿਕ ਰਚਨਾ ਮੰਨੀ ਜਾ ਸਕਦੀ ਹੈ।[6]

ਗਿਆਨੀ ਕੇਸਰ ਸਿੰਘ ਨੇ ਆਪਣੇ ਇਤਿਹਾਸਕ ਨਾਵਲਾਂ ਵਿਚ ਹਿੰਦੋਸਤਾਨੀਆਂ ਨੂੰ ਬਸਤੀਵਾਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਵਿੱਢੇ ਆਵਾਸੀ ਤੇ ਪਰਵਾਸੀ ਪੰਜਾਬੀਆਂ ਦੇ ਸੰਘਰਸ਼ ਨੂੰ ਦੇਸ਼ ਪਿਆਰ ਦੀ ਮਿੱਥ ਦੇ ਰੰਗ ਵਿਚ ਪੇਸ਼ ਕੀਤਾ ਹੈ। ਇਹ ਰਚਨਾਵਾਂ ਇਤਿਹਾਸਕ ਨਾਵਲ ਨੂੰ ਸਿੱਖ ਇਤਿਹਾਸ ਦੀਆਂ ਵਲਗਣਾ 'ਚੋਂ ਬਾਹਰ ਕੱਢ ਕੇ ਇਹਨਾਂ ਦੀ ਬਿਰਤਾਂਤਕ ਲੋਕੇਲ ਨੂੰ ਅੰਤਰ ਰਾਸ਼ਟਰੀਅਤਾ ਤੱਕ ਫੈਲਾਇਆ ਹੈ। ਪ੍ਰੀਤਮ ਸਿੰਘ ਭਾਟੀਆਂ ਨੇ ਵੀ 'ਅਸ਼ੋਕ' ਤੇ 'ਤਕਸ਼ਿਲਾ' ਜਿਹੀਆਂ ਰਚਨਾਵਾਂ ਨਾਲ ਭਾਰਤ ਦੇ ਇਤਿਹਾਸ ਤੇ ਸੰਸਕ੍ਰਿਤੀ ਨੂੰ ਰੋਮਾਂਚਿਕ ਲਹਿਜ਼ੇ ਵਿਚ ਪੇਸ਼ ਕੀਤਾ ਹੈ।

ਇਤਿਹਾਸਕ ਨਾਵਲਾਂ ਦੀ ਪਰੰਪਰਾ ਵਿਚ ਨਕਸਲਵਾੜੀ ਲਹਿਰ ਨੂੰ ਆਧਾਰ ਬਣਾ ਕੇ ਰਚੀਆਂ ਰਚਨਾਵਾਂ ਵਿਚ ਜਸਵੰਤ ਸਿੰਘ ਕੰਵਲ (ਲਹੂ ਦੀ ਲੋਅ), ਮਹਿੰਦਰ ਸਿੰਘ ਚੱਕਰ (ਕੱਲਰ ਦੇ ਕੰਵਲ),




ਸੁਰਿੰਦਰ ਸਿੰਘ ਨਰੂਲਾ ਦਾ (ਰਾਹੇ ਕੁਰਾਹੇ), ਬੀ. ਐਸ. ਢਿੱਲੋਂ ਦਾ (ਵਾਵਰੋਲੇ), ਕਰਮਜੀਤ ਕੁੱਸਾ ਦਾ (ਜ਼ਖ਼ਮੀ ਦਰਿਆ), ਪ੍ਰੋ ਹਰਭਜਨ ਸਿੰਘ ਦੀ ਨਾਵਲੀ ਤ੍ਰੈਲੜੀ ਡਾ. ਅਮਰਜੀਤ ਸਿੰਘ ਦਾ (ਅਣਜਿੱਤੀ ਲੰਕਾ ਦੇ ਰਾਮ), ਰਿਖੀ ਦਾ (ਦੀਵਾ ਬੁਝਿਆ ਨਹੀਂ) ਆਦਿ ਮੁੱਖ ਹਨ। ਇਹ ਨਾਵਲੀ ਬਿਰਤਾਂਤ ਨਵੀਨ ਗਲਪੀ ਜੁਗਤਾਂ ਨਾਲ ਬਿਰਤਾਂਤ ਦੀ ਉਸਾਰੀ ਤਾਂ ਕਰਦਾ ਹੈ ਪਰ ਲਹਿਰ ਦੇ ਇਤਿਹਾਸ ਵਿਚਲੇ ਅੰਤਰ-ਵਿਰੋਧ, ਇਸਦੀ ਗਤੀ ਤੇ ਦਿਸ਼ਾ ਦਾ ਯਥਾਰਥੀ ਪ੍ਰਗਟਾਵਾਂ ਹੋਣ ਦੀ ਥਾਂ ਆਦਰਸ਼ਵਾਦੀ ਤੇ ਸ਼ਰਧਾਭਾਵੀ ਪਹੁੰਚ ਭਾਰੂ ਰਹਿੰਦੀ ਹੈ। ਪੰਜਾਬ ਸੰਕਟ ਨਾਲ ਜੁੜੇ ਨਾਵਲਾਂ ਵਿਚ ਵੀ ਵਿਸ਼ਲੇਸ਼ਣੀ ਲਹਿਜ਼ੇ ਨਾਲੋਂ ਆਦਰਸ਼ੀਕਰਨ, ਨਕਾਰਨ ਤੇ ਸਵੀਕਾਰਨ ਦੀ ਰੁਚੀ ਪ੍ਰਧਾਨ ਰਹਿੰਦੀ ਹੈ।

ਸਮੁੱਚੇ ਨਾਵਲ ਦੀ ਪਰੰਪਰਾ ਵਿਚ 1960 ਈ. ਤੋਂ ਬਾਅਦ ਦੇ ਨਾਵਲਾਂ ਨੂੰ ਆਲੋਚਕਾਂ ਨੇ ਪੂਰਵਲੇ ਨਾਵਲ ਤੋਂ ਵਸਤੂ, ਦ੍ਰਿਸ਼ਟੀ ਤੇ ਵਿਧੀ ਪੱਖੋਂ ਭਿੰਨਤਾ ਵਾਲਾ ਸਿੱਧ ਕੀਤਾ ਹੈ। ਡਾ. ਜੋਗਿੰਦਰ ਰਾਹੀ ਪੰਜਾਬੀ ਨਾਵਲ ਦੀਆਂ ਦੋ ਮਹੱਤਵਪੂਰਨ ਰਚਨਾਵਾਂ ਸੁਰਜੀਤ ਸਿੰਘ ਸੇਠੀ ਕ੍ਰਿਤ 'ਇਕ ਖਾਲੀ ਪਿਆਲਾ' ਤੇ ਗੁਰਦਿਆਲ ਸਿੰਘ ਰਚਿਤ 'ਮੜ੍ਹੀ ਦਾ ਦੀਵਾ' ਨੂੰ ਉਸ ਸਮੇਂ ਦੇ ਪ੍ਰਾਪਤ ਪੰਜਾਬੀ ਨਾਵਲ ਦੀ ਵਿਧੀ ਤੇ ਵਸਤੂ ਵਿਚ ਬੁਨਿਆਦੀ ਤਬਦੀਲੀ ਦੀ ਕਾਮਨਾ ਤੇ ਘਟਨਾ ਦੇ ਸੂਚਕ ਮਨੰਦਾ ਹੈ।[7] ਪਰੰਪਰਾ ਨੂੰ ਵਿਸਥਾਪਿਤ ਕਰਨ ਵਾਲੇ ਇਸ ਪੜਾਅ ਦੇ ਨਾਵਲ ਨੂੰ ਨਾਇਕ ਦੀ ਵਿਗਠਨਕਾਰੀ ਦੇ ਮਾਧਿਅਮ ਨਾਲ ਡਾ. ਹਰਦਰਸ਼ਨ ਸਿੰਘ ਨੇ ਆਪਣੇ ਖੋਜ ਪ੍ਰਬੰਧ ਵਿਚ ਪੇਸ਼ ਕੀਤਾ ਹੈ।[8] ਡਾ. ਜਗਬੀਰ ਸਿੰਘ ਵੀ 1960 ਦੇ ਕਾਲ ਖੰਡ ਨੇੜੇ ਫੈਲੇ ਪੰਜਾਬੀ ਨਾਵਲ ਨੂੰ ਕਿਸੇ ਵਿਸ਼ੇਸ਼ ਲਹਿਰ ਜਾਂ ਪ੍ਰਵਿਰਤੀ ਤੋਂ ਮੁਕਤ ਦੇਖਦਾ ਇਸਦੀ ਵਸਤੂਮੁੱਖੀ ਤੇ ਵਿਧਾਗਤ ਤਬਦੀਲੀ ਵੱਲ ਇਸ਼ਾਰਾ ਕਰਦਾ ਹੈ।[9]

ਪੰਜਾਬੀ ਨਾਵਲ ਦੀ ਰਚਨਾਵਲੀ ਗਤੀਸ਼ੀਲਤਾ ਵਿਚ ਆਏ ਅਹਿਮ ਮੋੜ ਸੰਬੰਧੀ ਉਪਰੋਕਤ ਪੇਸ਼ ਧਾਰਨਾਵਾਂ ਸ਼ੁੱਧ ਉਪਰੋਕਤ ਧਾਰਨਾਵਾਂ ਅਧੀਨ ਰੱਖਿਆ ਨਹੀਂ ਜਾ ਸਕਦਾ। ਇਸਦੇ ਕਾਰਨ ਇਤਿਹਾਸਕ ਨਾਵਲ ਦੇ ਵੱਖਰੇ ਵਿਧਾਗਤ ਸਰੂਪ ਤੇ ਸ਼ਿਲਪ ਵਿਧਾਨ ਨਾਲ ਜੁੜੇ ਹਨ। ਪੰਜਾਬੀ ਦਾ ਇਤਿਹਾਸਕ ਨਾਵਲ ਇਤਿਹਾਸਕ ਮਿੱਥਾਂ ਦੇ ਗਲਪੀਕਰਨ, ਇਤਿਹਾਸ ਦੇ ਧਰਮੀਕਰਨ, ਇਤਿਹਾਸ ਦੇ ਆਦਰਸ਼ੀਕਰਨ ਤੋਂ ਤੁਰ ਕੇ ਇਤਿਹਾਸ ਨੂੰ ਨਕਾਰਨ ਤੇ ਸਵੀਕਾਰਨ ਜਿਹੇ ਮੂਲਭੂਤ ਪ੍ਰੇਰਕਾਂ ਦੀ ਨਿੱਠ ਕੇ ਪਰਿਕਰਮਾ ਕਰਦਾ ਰਿਹਾ ਹੈ। ਇਹਨਾਂ ਨਾਵਲਾਂ ਦੀ ਸਮੁੱਚੀ ਕਥਾ ਦ੍ਰਿਸ਼ਟੀ ਇਤਿਹਾਸ ਦੀ ਰੋਮਾਂਚਿਕਤਾ ਦੁਆਲੇ ਜ਼ਿਆਦਾ ਕੇਂਦਰਿਤ ਰਹੀ ਹੈ ਜਦ ਕਿ ਇਤਿਹਾਸਕ ਖੱਪਿਆਂ 'ਤੇ ਰੌਸ਼ਨੀ ਪਾਉਣ ਮੁੱਖ ਧਾਰਾ ਇਤਿਹਾਸ ਦੇ ਸਮਾਂਤਰ ਦਮਿਤ ਇਤਿਹਾਸ ਦੀ ਸਿਰਜਣਾ, ਵਿਸ਼ਲੇਸ਼ਣੀ ਲਹਿਜੇ ਮਿੱਥਾਂ ਦੇ ਭੰਜਨ ਤੇ ਕੁੱਲ ਮਿਲਾ ਕੇ ਇਤਿਹਾਸ ਦੀ ਸੰਵਾਦਮੂਲਕ ਗਲਪੀ ਸਿਰਜਣਾ ਸਬੰਧੀ ਜਿਹੜੀਆਂ ਰਚਨਾਵਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਉਹਨਾਂ ਵਿਚ ਸਮਕਾਲ ਅੰਦਰ ਰਚਿਤ 'ਯੁੱਧ ਅੰਤ', 'ਅਫਗਾਨਿਸਤਾਨ ਦੀ ਉਰਸਲਾ', '1857 ਦਿੱਲੀ ਦਿੱਲੀ' (ਮਨਮੋਹਨ ਬਾਵਾ), ਅਤੇ ਪੰਜਾਵਾਂ ਸਾਹਿਬਜ਼ਾਦਾ, ਸਤਲੁਜ ਵਹਿੰਦਾ ਰਿਹਾ, ਮਹਾਂਬਲੀ ਸੂਰਾ, ਢਾਹਵਾਂ ਦਿੱਲੀ ਦੇ ਕਿੰਗਰੇ (ਬਲਦੇਵ ਸਿੰਘ ਸੜਕਨਾਮਾ) ਪ੍ਰਮੁੱਖ ਹਨ। ਇਹਨਾਂ ਤੋਂ ਇਲਾਵਾ ਦਲੀਪ ਕੌਰ ਟਿਵਾਣਾ, ਹਰਜੀਤ ਅਟਵਾਲ, ਬਾਰੂ ਸਤਵਰਗ, ਦਰਸ਼ਨ ਧੀਰ, ਅਸ਼ੋਕ ਚਰਨ ਆਲਮਗੀਰ ਆਦਿ ਦੀਆਂ ਰਚਨਾਵਾਂ ਵੀ ਸਾਹਮਣੇ ਆਈਆਂ ਹਨ ਪਰ ਇਤਿਹਾਸਕ ਨਾਵਲ ਪਰੰਪਰਾ ਵਿਚ ਜਿਹੜਾ ਵੱਢ ਮਨਮੋਹਨ ਸਿੰਘ ਤੇ ਬਲਦੇਵ ਸਿੰਘ ਦੇ ਨਾਵਲਾਂ ਨੇ ਪਾਇਆ ਹੈ ਉਹਨਾਂ ਨਾਲ ਇਸ ਵਿਧਾ ਦੀ ਨਾਵਲ ਪਰੰਪਰਾ ਅਹਿਮ ਮੋੜ ਹਾਸਿਲ ਕਰਦੀ ਹੈ।

ਪੰਜਾਬੀ ਇਤਿਹਾਸਕ ਨਾਵਲ ਬੇਸ਼ੱਕ ਸੁਭਾਵਿਕ ਗਤੀਸ਼ੀਲਤਾ ਹੰਢਾਉਂਦਾ ਰਿਹਾ ਹੈ ਪਰ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਇਸ ਪ੍ਰਵਿਰਤੀ ਦੇ ਨਾਵਲਾਂ ਦੇ ਵਿਸ਼ੇਗਤ ਪਾਸਾਰਾਂ ਅਤੇ ਰਚਨਾ-




ਦ੍ਰਿਸ਼ਟੀ ਵਿਚ ਇਕ ਇਨਕਲਾਬੀ ਵਿੱਢ ਪੈਂਦਾ ਹੈ। ਇਸ ਦੌਰ ਦੇ ਦੋ ਗਲਪਕਾਰ ਮਨਮੋਹਨ ਬਾਵਾ ਅਤੇ ਬਲਦੇਵ ਸਿੰਘ ਆਪਣੇ ਇਤਿਹਾਸਕ ਨਾਵਲਾਂ ਦੁਆਰਾ ਪ੍ਰਚਲਿਤ ਇਤਿਹਾਸ ਸਿਰਜਣਾ 'ਤੇ ਵੀ ਪ੍ਰਸ਼ਨਚਿੰਨ ਖੜ੍ਹੇ ਕਰਦੇ ਹਨ ਅਤੇ ਇਤਿਹਾਸਕਾਰੀ ਵਿਚ ਸਥਾਪਤ ਅਖੌਤ ਮਿੱਥ-ਮੰਡਲ ਨੂੰ ਵੀ ਤੋੜਦੇ ਹਨ। ਇਸ ਨਾਲ ਇਤਿਹਾਸ ਵਿਚਲੇ ਅਸਲ ਨਾਇਕਾਂ ਦੀ ਵਿਸਥਾਪਤੀ ਹੁੰਦੀ ਹੈ ਅਤੇ ਗਲਪੀ ਯਥਾਰਥ ਦੀ ਇਤਿਹਾਸ ਅਧਾਰਿਤ ਪੁਨਰ ਸਿਰਜਣਾ ਵਿਸ਼ਲੇਸ਼ਣੀ ਲਹਿਜ਼ਾ ਅਖਤਿਆਰ ਕਰਦੀ ਹੈ। ਬਾਵਾ ਅਤੇ ਬਲਦੇਵ ਸਿੰਘ ਦੀਆਂ ਗਲਪੀ ਕ੍ਰਿਤਾਂ ਪੰਜਾਬੀ ਤੇ ਭਾਰਤ ਦੇ ਇਤਿਹਾਸਕ ਖੱਪਿਆਂ ਦੀ ਭਰਪਾਈ ਕਰਨ ਦੇ ਨਾਲ ਨਾਲ ਪੂਰਵਲੇ ਇਤਿਹਾਸਕ ਨਾਵਲ ਦੀ ਧਰਮ-ਸਥਾਪਿਤ ਇਤਿਹਾਸ ਕੇਂਦਰਿਤ ਬਿਰਤਾਂਤਕਾਰੀ ਤੋਂ ਵੱਖਿ ਥਾਪਦੀਆਂ ਹਨ। ਮੌਜੂਦਾ ਇਤਿਹਾਸਕ ਨਾਵਲ ਇਤਿਹਾਸਕ ਯਥਾਰਥ ਨੂੰ ਸਿਰਜਤ ਕਰਦਾ ਹੈ ਜਦ ਕਿ ਇਸ ਪ੍ਰਵਿਰਤੀ ਦੇ ਪੂਰਵਲੇ ਨਾਵਲ ਸ਼ਰਧਾ ਅਧਾਰਿਤ ਇਤਿਹਾਸ ਨੂੰ ਮਨਭਾਉਂਦੇ ਯਥਾਰਥ ਵਿਚ ਰੂਪਮਾਨ ਕਰਦੇ ਰਹੇ। ਇਤਿਹਾਸ ਦੀਆਂ ਮਿੱਥਾਂ ਨੂੰ ਤੋੜਨ, ਵਿਸ਼ਲੇਸ਼ਣੀ ਲਹਿਜ਼ਾ, ਮੁਲਾਂਕਣੀ ਦ੍ਰਿਸ਼ਟੀ ਵਿਸ਼ੇਗਤ ਵਿਭਿੰਨਤਾ,ਰਚਨਾ ਦ੍ਰਿਸ਼ਟੀ ਦੀ ਵੰਨਸੁਵੰਨਤਾ ਅਤੇ ਕੁੱਲ ਮਿਲਾ ਕੇ ਇਤਿਹਾਸਕ ਨਾਵਲ ਦੀ ਬਹੁਪਰਤਤਾ ਰੱਖਣ ਵਿਚ ਸਮਕਾਲ ਦੇ ਉਕਤ ਦੋਵੇਂ ਰਚਨਾਕਾਰ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਪੱਖੋਂ ਇਤਿਹਾਸਕ ਨਾਵਲ ਦਾ ਨਵਾਂ ਮੁਹਾਂਦਰਾ ਆਪਣਾ ਰੂਪ ਧਾਰਨ ਕਰਦਾ ਹੈ। ਇਸ ਮੁਹਾਂਦਰੇ ਦੇ ਪਛਾਣ ਚਿੰਨ੍ਹ ਸਮਕਾਲ ਦੇ ਇਤਿਹਾਸਕ ਨਾਵਲਾਂ ਦੀ ਰਚਨਾ ਵਸਤੂ, ਚਿੰਤਨ-ਦ੍ਰਿਸ਼ਟੀ ਅਤੇ ਵਿਧੀ ਵਿਚੋਂ ਪਛਾਣੇ ਜਾ ਸਕਦੇ ਹਨ।

ਵੀਹਵੀਂ ਸਦੀ ਦਾ ਆਖਰੀ ਦਹਾਕਾ ਤੇ ਇੱਕੀਵੀਂ ਸਦੀ ਦਾ ਪਹਿਲਾ ਦਹਾਕਾ ਸੰਸਾਰ ਪੱਧਰ 'ਤੇ ਵਾਪਰੀਆਂ ਦੋ ਅਹਿਮ ਘਟਨਾਵਾਂ ਕਾਰਨ ਜਾਣਿਆ ਗਿਆ ਹੈ। ਆਖਰੀ ਦਹਾਕੇ ਦੌਰਾਨ ਸੰਸਾਰ ਪੱਧਰ 'ਤੇ ਮਾਰਕਸਵਾਦੀ ਢਾਂਚੇ ਦੇ ਖਿੰਡ-ਪੁੰਡ ਜਾਣ ਦਾ ਸਮਾਂ ਸੀ। ਵਿਸ਼ਵ ਪੱਧਰ 'ਤੇ ਨਵ-ਪੂੰਜੀਵਾਦ ਦੀ ਚੜ੍ਹਤ ਤੇ ਸਾਮਰਾਜੀ ਤਾਕਤਾਂ ਦਾ ਧਰੁਵੀਕਰਨ ਹੋਣਾ ਇਸੇ ਦੌਰ ਦੇ ਪਛਾਣ ਚਿੰਨ੍ਹ ਹਨ। ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਵਿਸ਼ਵੀਕਰਨ, ਨਿੱਜੀਕਰਨ ਤੇ ਵਪਾਰੀਕਰਨ ਦੀਆਂ ਨੀਤੀਆਂ ਕਾਰਨ ਵਿਚਾਰਧਾਰਕ ਖੇਤਰ ਵਿਚ ਵੀ ਬਹੁ-ਧੁਨੀਆਂ ਉਭਰਨੀਆਂ ਸ਼ੁਰੂ ਹੋਈਆਂ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਵਰਲਡ ਟਰੇਡ ਸੈਂਟਰ 'ਤੇ ਹਮਲਾ ਤੇ ਪਿਛੋਂ ਅਮਰੀਕਾ ਤੇ ਹੋਰ ਪੂੰਜੀਵਾਦੀ ਮੁਲਕਾਂ ਦਾ ਆਰਥਿਕ ਸੰਕਟ ਵਰਗੇ ਘਟਨਾਕ੍ਰਮਾਂ ਨੇ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ। ਇਹਨਾਂ ਦੋ ਦਹਾਕਿਆਂ ਦੌਰਾਨ ਭਾਰਤ ਜਿਹੇ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਸਾਹਿਤ, ਕਲਾ, ਸਭਿਆਚਾਰ ਸਿੱਧੇ ਰੂਪ ਵਿਚ ਪ੍ਰਭਾਵਿਤ ਹੋਇਆ ਹੈ। ਪੰਜਾਬੀ ਨਾਵਲ ਵੀ ਇਹਨਾਂ ਦਹਾਕਿਆਂ ਦੌਰਾਨ ਹੀ ਆਪਣੀ ਕਰਵਟ ਬਦਲਦਾ ਹੈ।

"ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਚਲਦੇ ਜਿਹੜੇ ਨਾਵਲੀ ਮੁਹਾਂਦਰੇ ਦਾ ਤਾਣਾ ਬਾਣਾ ਸਾਹਮਣੇ ਆਉਂਦਾ ਹੈ, ਉਸ ਵਿਚ ਭਾਰੂ ਸੁਰ ਤਾਂ ਪਰੰਪਰਾ ਵਾਲੀ ਹੈ। ਪਰੰਤੂ ਕੁਝ ਕਿਰਤਾਂ ਵੱਖਰਾ ਮੁਹਾਂਦਰਾ ਘੜਦੀਆਂ ਹਨ। ਇਸ ਵਿਚੋਂ ਮੁੱਖ ਪਾਤਰ ਆਦਰਸ਼ ਦੀ ਥਾਂ ਯਥਾਰਥਮੁਖੀ ਹੈ। ਜਿਹੜੀਆਂ ਧੁਨੀਆਂ ਪ੍ਰਮੁੱਖ ਰੂਪ ਵਿਚ ਹੁਣ ਤਕ ਕਮਜ਼ੋਰ ਸਨ ਉਹ ਕੇਂਦਰ ਵਿਚ ਆ ਰਹੀਆਂ ਹਨ। ਕਥਾ ਰਸ ਦੀ ਰੂੜ੍ਹੀ ਦੀ ਥਾਂ ਯਥਾਰਥਕ ਘਟਨਾਵਾਂ ਕਥਾਨਕ 'ਤੇ ਫੈਲਦੀਆਂ ਹੋਈਆਂ ਯਥਾਰਥਕ ਪ੍ਰਭਾਵ ਸਿਰਜਦੀਆਂ ਹਨ। ਨਾਵਲ ਦਾ ਫੋਕਸ ਬਹੁ- ਪਰਤੀ ਅਤੇ ਬਹੁ ਪਾਸਾਰੀ ਹੋ ਰਿਹਾ ਹੈ।"[10]

ਮੌਜੂਦਾ ਸਦੀ ਦੇ ਮੁੱਢਲੇ ਦਹਾਕੇ ਨੇ ਹੀ ਸਮੁੱਚੀ ਨਾਵਲ ਪਰੰਪਰਾ ਨੂੰ ਪ੍ਰਭਾਵਿਤ ਕੀਤਾ ਹੈ। ਸੂਚਨਾ ਸੰਚਾਰ ਤੇ ਤਕਨਾਲੌਜੀ 'ਚੋਂ ਉਪਜੀ ਸਥਿਤੀ ਨੂੰ ਪ੍ਰਸੰਗਿਕ ਗਲਪੀ ਸੰਗਠਨ ਵਿਚ ਢਾਲਣ ਲਈ ਬੇਸ਼ਕ ਅਗਲਾ ਦਹਾਕਾ ਕਾਰਗਰ ਸਾਬਤ ਹੋਵੇਗਾ ਪਰ ਮੌਜੂਦਾ ਨਾਵਲ ਦੇ ਸਿਰਜਣ ਸਰੋਤਾਂ ਵਿਚ ਬਸਤੀਵਾਦ ਦੇ ਨਵ ਵਿਸਤਾਰ ਤੋਂ ਪ੍ਰਤੀਕਿਰਿਆ ਦੇ ਰੂਪ ਵਿਚ ਉਪਜੀ ਧੁਨੀ ਹਾਜ਼ਰ ਹੋ ਗਈ ਹੈ। ਇਤਿਹਾਸਕ ਨਾਵਲ ਦੇ ਇਸ ਪ੍ਰਤੀਕਿਰਿਆ ਨੂੰ ਭੂਤਕਾਲੀਨ (ਇਤਿਹਾਸ) ਸਥਿਤੀਆਂ, ਨਾਇਕਾਂ ਨੂੰ ਘਟਨਾਵਾਂ ਦੇ

ਗਲਪੀ ਸਿਮਰਨ ਜਾਂ ਮੋਹ ਵਸ ਚਿਤਵਣ ਦੀ ਥਾਂ ਖੋਜ ਅਧਾਰਿਤ ਤੇ ਵਿਸ਼ਲੇਸ਼ਣੀ ਗਲਪ ਵਿਚ ਪੇਸ਼ ਕੀਤਾ ਹੈ। ਗਲਪ ਬਹੁ ਸੰਵਾਦੀ ਸੁਰ ਵਾਲਾ ਹੈ। ਇਹ ਇਤਿਹਾਸ ਦੀ ਮੁੱਖ ਧਾਰਾ ਦੇ ਸਮਾਨਅੰਤਰ ਅਪ੍ਰਸਤੁਤ ਜਾਂ ਦਮਿਤ ਇਤਿਹਾਸ ਦਾ ਪ੍ਰਵਚਨ ਹੈ। ਬਾਵਾ ਅਤੇ ਬਲਦੇਵ ਸਿੰਘ ਦੇ ਨਾਵਲਾਂ ਵਿਚ ਇਸੇ ਹਾਸ਼ੀਅਗਤ ਇਤਿਹਾਸ ਨੂੰ ਜ਼ੁਬਾਨ ਮਿਲਦੀ ਹੈ।




ਮਨਮੋਹਨ ਬਾਵਾ ਦਾ ਨਾਵਲ 'ਯੁੱਧ ਨਾਦ' , 'ਯੁੱਗ ਅੰਤ' , 'ਅਫਗਾਨਿਸਤਾਨ ਦੀ ਉਰਸਲਾ' ਅਤੇ '1857 ਦਿੱਲੀ ਦਿੱਲੀ' ਇਸੇ ਪ੍ਰਸੰਗ ਵਿਚ ਜਿੱਥੇ ਬੀਤੇ ਯੁੱਗ ਦੇ ਅਤੀਤ ਮੁਖੀ ਸਮਾਜਿਕ, ਸਭਿਆਚਾਰਕ ਯਥਾਰਥ ਨੂੰ ਫਰੋਲਦੀਆਂ ਹਨ ਉੱਥੇ ਹੀ ਅਤੀਤ ਦੇ ਹਵਾਲੇ ਨਾਲ ਸਮਕਾਲ ਨੂੰ ਸੰਬੋਧਤ ਹੁੰਦੀਆਂ ਹਨ। ਬਾਵਾ ਦੇ ਗਲਪੀ ਪ੍ਰਵਚਨਾਂ ਵਿਚ ਕਬੀਲਾ-ਚੇਤਨਾ ਦੇ ਜੁਝਾਰੂ ਪ੍ਰਸੰਗ, ਲੋਕਧਾਰਾਈ ਰਵਾਇਤਾਂ, ਸਥਾਨਕ ਸੰਸਕ੍ਰਿਤੀ ਦੇ ਜੀਵਨ ਮੁੱਲ, ਮਿਥਹਾਸਕ ਸੰਦਰਭ, ਦਾਰਸ਼ਨਿਕ ਚਿੰਤਨ, ਵਿਸ਼ਲੇਸ਼ਣੀ ਲਹਿਜ਼ਾ, ਤਤਕਾਲੀਨ ਸੱਤਾ ਮੂਲਕ ਇਕਾਈਆਂ ਬਹੁ ਅਰਥੀ ਧੁਨੀਆਂ ਦੇ ਰੂਪ ਵਿਚ ਉਜਾਗਰ ਹੁੰਦੀਆਂ ਹਨ। ਬਾਵਾ ਦੇ ਪ੍ਰਵੇਸ਼ ਨਾਲ ਪੰਜਾਬੀ ਇਤਿਹਾਸਕ ਨਾਵਲ ਪਹਿਲੀ ਵਾਰ ਇਤਿਹਾਸ ਵਿਚਲੀ ਰਾਜਾਸ਼ਾਹੀ ਕੇਂਦਰਿਤ ਇਤਿਹਾਸਕਾਰੀ ਨੂੰ ਸੱਟ ਮਾਰਦਾ ਹੈ। ਇਸੇ ਪ੍ਰਸੰਗ ਵਿਚ ਉਹ 'ਯੁੱਧ ਨਾਦ' ਦੇ ਕਥਾ ਵਸਤੂ ਤਹਿਤ ਪੰਜਾਬ ਦੇ ਜੁਝਾਰੂ ਕਬੀਲਿਆਂ ਦੀ ਸਿਕੰਦਰ ਨੂੰ ਦਿੱਤੀ ਜਬਰਦਸਤ ਟੱਕਰ ਨੂੰ ਉਭਾਰਦਾ, ਜਨਪਦਾਂ ਦੀਆਂ ਸਭਿਆਚਾਰਕ ਤੇ ਲੋਕਤੰਤਰੀ ਰਵਾਇਤਾਂ ਨੂੰ ਗਲਪੀ ਯਥਾਰਥ ਦਾ ਕੇਂਦਰ ਬਣਾਉਂਦਾ ਹੈ। ਇਸੇ ਪਰਿਪੇਖ ਅਧੀਨ ਉਹ ਸਿੰਕਦਰ ਦੇ ਮਹਾਨ ਹੋਣ ਦੀ ਮਿੱਥ ਤੋੜਦਾ ਜਨਪਦਾਂ ਦੇ ਹਾਸ਼ੀਆਗਤ ਇਤਿਹਾਸ ਦਾ ਪ੍ਰਵਚਨ ਉਸਾਰਦਾ ਹੈ। ਰਚਨਾ ਵਿਚਲਾ ਦਾਰਸ਼ਨਿਕ ਚਿੰਤਨ ਵੈਦਿਕ ਹਿੰਦੂ ਪਰੰਪਰਾ ਅਤੇ ਬੋਧ ਚਿੰਤਨ ਦੇ ਸੰਵਾਦ ਨਾਲ ਜੁੜਿਆ ਹੈ ਜਿਹੜਾ ਤਤਕਾਲੀ ਇਤਿਹਾਸਕ ਯਥਾਰਥ ਨੂੰ ਭਰਵੇਂ ਰੂਪ ਵਿਚ ਚਿਤਰਦਾ ਹੈ।

"ਇਤਿਹਾਸਕ ਨਾਵਲ ਦੀ ਵਿਧਾ ਅਨੁਸਾਰ ਰਚਿਆ ਗਿਆ ਇਹ ਨਾਵਲ ਇਕ ਅਜਿਹਾ ਮਹਾਂ ਕਾਵਿਕ ਬਿਰਤਾਂਤ ਹੈ ਜੋ ਭਾਰਤ ਅਤੇ ਪੰਜਬ ਦੇ ਅਤੀਤ ਕਾਲੀ ਇਤਿਹਾਸ ਨੂੰ ਗਲਪ ਦੇ ਮਾਧਿਅਮ ਰਾਹੀ ਪੁਨਰ-ਸਿਰਜਤ ਕਰਦਾ ਹੈ। ਇਹ ਅਜੇ ਮਿੱਤਰ ਦੇ ਕਲਪਿਤ ਪਾਤਰ ਰਾਹੀਂ ਇਕ ਅਜਿਹੇ ਸਭਿਆਚਾਰਕ ਨਾਇਕ ਦੀ ਸਿਰਜਣਾ ਕਰਦਾ ਹੈ ਜੋ ਮਿੱਥ ਅਤੇ ਇਤਿਹਾਸ ਦੇ ਹਵਾਲੇ ਨਾਲ ਪੰਜਾਬੀ ਮਾਨਸਿਕਤਾ ਦੇ ਨੈਣ ਨਕਸ਼ ਉਲੀਕਦਾ ਹੈ। " [11]

'ਮਨਮੋਹਨ ਬਾਵਾ ਆਪਣੇ ਸਾਰੇ ਪੂਰਵਕਾਲੀ ਇਤਿਹਾਸ ਨਾਵਲਕਾਰਾਂ ਨਾਲੋਂ ਇਕ ਨਵੀਂ ਤੇ ਉੱਤਰ ਆਧੁਨਿਕ ਦ੍ਰਿਸ਼ਟੀ ਰਾਹੀ ਆਪਣੇ ਨਾਵਲ ਦੀ ਰਚਨਾ ਕਰਦਾ ਹੈ। ਇਹ ਰਚਨਾ ਪੰਜਾਬੀ ਇਤਿਹਾਸਕ ਨਾਵਲ ਵਿਚ ਪਹਿਲੀ ਰਚਨਾ ਹੈ ਜਿਹੜੀ ਉੱਤਰ ਆਧੁਨਿਕ ਦ੍ਰਿਸ਼ਟੀਕੋਣ ਰਾਹੀਂ ਇਤਿਹਾਸ ਦਾ ਵਿਵੇਚਨ ਕਰਦੀ ਹੈ। ਉੱਤਰ ਆਧੁਨਿਕ ਦ੍ਰਿਸ਼ਟੀ ਇਕ ਅਜਿਹੀ ਵਿਚਾਰਧਾਰਕ ਦ੍ਰਿਸ਼ਟੀ ਹੈ ਜਿਹੜੀ ਉਹਨਾਂ ਮਹਾਂਪ੍ਰਬੰਧਾਂ ਨੂੰ ਜਿਹੜੇ ਪੂੰਜੀ ਦੇ ਦੁਆਲੇ ਉਸਰੇ ਹਨ ਦੇ ਵਿਰੋਧ ਵਿਚ ਉਭਰ ਕੇ ਆਪਣੀ ਵਿਲੱਖਣ ਹੋਂਦ ਸਥਾਪਿਤ ਕਰਦੀ ਹੈ।" [12]

ਇਸੇ ਤਰ੍ਹਾਂ ਮਨਮੋਹਨ ਬਾਵਾ ਆਪਣੇ ਨਾਵਲ 'ਯੁੱਗ ਅੰਤ' ਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਖੁਰਦੇ ਪੰਜਾਬ ਰਾਜ ਨੂੰ ਤਤਕਾਲ ਦੇ ਜਾਗੀਰਦਾਰੀ ਖਾਸੇ ਤਹਿਤ ਗਲਪੀ ਪ੍ਰਬੰਧ ਦਾ ਆਧਾਰ ਬਣਾ ਕੇ ਇਤਿਹਾਸ ਦੀਆਂ ਚੁੱਪਾਂ ਤੇ ਮਿੱਥਾਂ ਸੰਬੰਧੀ ਨਵਾਂ ਸੰਵਾਦ ਛੇੜਦਾ ਹੈ। ਰਣਜੀਤ ਸਿੰਘ ਯੁੱਗ ਨੂੰ ਨਾਵਲੀ ਬਿਰਤਾਂਤ ਦਾ ਆਧਾਰ ਬਣਾ ਕੇ ਲਿਖੇ ਪੂਰਵਲੇ ਇਤਿਹਾਸਕ ਨਾਵਲ ਵਿਚ ਘਟਨਾ ਮੂਲਕ ਇਤਿਹਾਸ ਭਾਰੂ ਰਿਹਾ ਹੈ ਜਦ ਕਿ ਤਤਕਾਲੀ ਦੌਰ ਦੀਆਂ ਜਾਗੀਰਦਾਰੀ ਖਸਲਤਾਂ ਹਾਸ਼ੀਏ 'ਤੇ ਰਹੀਆਂ ਹਨ। ਮਨਮੋਹਨ ਬਾਵਾ ਉਕਤ ਕਾਲ ਦੇ ਸਾਮੰਤਸ਼ਾਹੀ ਸਿਸਟਮ ਨੂੰ ਗਲਪੀ ਕੈਨਵਸ 'ਤੇ ਫੈਲਾ



ਕੇ ਇਤਿਹਾਸ ਦੀਆਂ ਵਿੱਥਾਂ ਨਾਲ ਇਕ ਪ੍ਰਵਚਨ ਸਿਰਜਦਾ ਹੈ। ਇਹ ਪ੍ਰਵਚਨ ਰਣਜੀਤ ਸਿੰਘ ਦੇ ਵਿਅਕਤੀਤਵ ਅਤੇ ਰਾਜਨੀਤਕ ਵਿਵਹਾਰ ਵਿਚਕਾਰ ਪਏ ਪਾੜੇ ਬਾਰੇ ਵੀ ਸੰਵਾਦ ਛੇੜਦਾ ਹੈ।

"ਇਸ ਨਾਵਲ ਨੂੰ ਲਿਖਦਿਆਂ ਮੇਰਾ ਇਰਾਦਾ ਨਾ ਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਗਲਤੀਆਂ ਨੂੰ ਲੁਕਾਉਣਾ ਹੈ ਅਤੇ ਨਾ ਹੀ ਉਭਾਰਨਾ, ਬਲ ਕਿ ਦੋਹਾਂ ਨੂੰ ਤਰਕ, ਸਮੇਂ ਅਤੇ ਇਤਿਹਾਸ ਦੀ ਤੱਕੜੀ ਵਿਚ ਪਾ ਕੇ ਪਾਠਕਾਂ ਦੇ ਸਨਮੁਖ ਰੱਖਣਾ ਹੈ।" [13]

'ਯੁੱਗ ਅੰਤ' ਨਾਵਲ ਵਿਚ ਗੁਆਚੇ ਸਿੱਖ ਰਾਜ ਨੂੰ ਇਕ ਕੌਮ ਦਾ ਦੁਖਾਂਤ ਬਣਾ ਕੇ ਪੇਸ਼ ਕੀਤਾ ਗਿਆ ਹੈ। ਸਿੱਖ ਰਾਜ ਦੇ ਪਤਨ ਨੂੰ ਲੇਖਕ ਨੇ ਇਤਿਹਾਸ ਦੀ ਘਟਨਾਮੂਲਕ ਪੇਸ਼ਕਾਰੀ ਨਾਲੋਂ ਨਾਵਲ ਦੀ ਪ੍ਰਕਿਰਿਆ ਵਿਚ ਸਹਿਜ ਸੁਭਾ ਉਭਾਰ ਕੇ ਗਲਪ ਤੇ ਤਵਾਰੀਖ਼ ਦਾ ਬਰਾਬਰ ਸੰਤੁਲਨ ਰੱਖਿਆ ਹੈ। ਨਾਵਲ ਵਿਚ ਰਣਜੀਤ ਸਿੰਘ ਯੁੱਗ ਦੀਆਂ ਜਾਗੀਰਦਾਰੀ ਖ਼ਸਲਤਾ ਤਹਿਤ ਔਰਤ, ਦਲਿਤ ਤੇ ਜੁਝਾਰੂ ਕੌਮਾਂ ਦੀ ਹਾਸ਼ੀਆਗਤ ਸਥਿਤੀ ਉਲੀਕ ਕੇ ਬਾਵਾ ਚੁਣੇ ਹੋਏ ਇਤਿਹਾਸਕ ਕਾਲ ਖੰਡ ਦਾ ਭਰਵਾ ਸੁਰਜੀਤੀਕਰਨ ਕਰਦਾ ਹੈ। ਤਾਰਕਿਕ ਪੇਸ਼ਕਾਰੀ ਇਸ ਦੁਆਰਾ ਸਾਮੰਤਸ਼ਾਹੀ ਪ੍ਰਬੰਧ ਦੀ ਸਮੂਹਿਕ ਮਾਨਸਿਕਤਾ ਦੀ ਕਥਾ ਦ੍ਰਿਸ਼ਟੀ ਦਾ ਹਿੱਸਾ ਬਣਾ ਕੇ ਨਾਵਲੀ ਧਰਾਤਲ 'ਤੇ ਫੈਲਦੀ ਹੈ।

"ਇਸ ਨਾਵਲ ਦੀ ਨਾਇਕਾ ਰੂਪ ਕੌਰ ਹੈ ਜਿਸਨੂੰ ਮੈਂ ਮਹਾਰਾਜਾ ਰਣਜੀਤ ਸਿੰਘ ਦੀ ਧੀ ਜਾਂ ਪੋਤਰੀ ਦੇ ਤੌਰ 'ਤੇ ਪੇਸ਼ ਕੀਤਾ ਹੈ। ਇਹ ਪਾਤਰ ਕਲਪਿਤ ਹੈ ਜਾਂ ਵਾਸਤਵ, ਇਸਦਾ ਨਿਰਣਾ ਮੈਂ ਪਾਠਕਾਂ ਉੱਤੇ ਛੱਡਦਾ ਹਾਂ। ਇਸ ਸੁਆਲ ਦੇ ਨਾਲ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਅੱਠ ਵਿਆਹੁਤਾ ਰਾਣੀਆਂ ਦੀ ਕੁੱਖੋਂ ਸਿਰਫ ਪੁੱਤਰ ਹੀ ਪੈਦਾ ਹੋਏ? ਅਤੇ ਉਸ ਦੇ ਪੁੱਤਰਾਂ ਦੀਆਂ ਪਤਨੀਆਂ ਕੁੱਖੋਂ ਵੀ ਧੀ ਕਿਉਂ ਨਹੀਂ ਪੈਦਾ ਹੋਈ? " [14]

ਇਸੇ ਦੇ ਨਾਲ ਨਾਲ ਪੰਜਾਬੀ ਕੌਮੀਅਤ ਦੇ ਸੰਕਲਪ, ਰਾਜ ਪ੍ਰਬੰਧ ਦੀ ਸਿਧਾਂਤਕ ਤੇ ਵਿਹਾਰਕ ਵਿੱਥ, ਜਾਗੀਰਦਾਰੀ ਸਮਾਜ ਦਾ ਵਿਗਠਨ ਅਤੇ ਆਦਰਸ਼ਮੂਲਕ ਵਿਦਰੋਹ ਸੰਬੰਧੀ ਜਿਸ ਕਿਸਮ ਦਾ ਸੰਵਾਦ ਇਸ ਨਾਵਲ ਵਿਚ ਪੈਦਾ ਹੁੰਦਾ ਹੈ ਉਹ ਪੂਰਵਲੇ ਸਿੱਖ ਇਤਿਹਾਸ ਦੇ ਨਾਵਲਾਂ ਤੋਂ ਇਕ ਸਿਫਤੀ ਵਾਧਾ ਹੈ।

1857 ਦਿੱਲੀ, ਦਿੱਲੀ' ਨਾਵਲ ਵਿਚ ਮਨਮੋਹਨ ਬਾਵਾ ਆਪਣੇ ਗਲਪੀ ਬੋਧ ਨੂੰ ਕਿਸੇ ਇਤਿਹਾਸਕ ਪਾਤਰ ਦੁਆਲੇ ਭਾਰੂ ਰੂਪ ਵਿਚ ਬੁਣਨ ਦੀ ਥਾਂ ਇਤਿਹਾਸ ਵਿਚ ਵਡੇਰੇ ਯੋਗਦਾਨ ਦੇ ਬਾਵਜੂਦ ਪਛਾਣ ਤੇ ਸਥਾਪਤੀ ਦੇ ਸੰਕਟਾਂ ਨਾਲ ਜੁਝਦੀ ਸਿੱਖ ਕੌਮ, ਜੁਝਾਰੂ ਕਬੀਲਿਆਂ ਤੇ ਘੱਟ ਗਿਣਤੀਆਂ ਨੂੰ ਉਹਨਾਂ ਦੇ ਨਸਲੀ ਮਨੋ-ਵਿਗਿਆਨ ਤੇ ਜਾਤੀ -ਜਮਾਤੀ ਚਰਿਤਰਾਂ ਸਮੇਤ 1857 ਦੇ ਵਿਦਰੋਹ ਵਿਚ ਪਏ ਯੋਗਦਾਨ ਦੇ ਆਧਾਰ ਤੇ ਗਲਪੀ ਟੈਕਸਟ ਦਾ ਹਿੱਸਾ ਬਣਾਉਂਦਾ ਹੈ। ਇਹ ਨਾਵਲ ਵੀ ਮੁੱਖ ਧਾਰਾ ਇਤਿਹਾਸ ਦੇ ਸਮਾਂਤਰ ਤੁਰਦੇ ਆ ਰਹੇ ਦਮਿਤ ਇਤਿਹਾਸ ਨਾਲ ਸੰਵਾਦੀ ਰੂਪ ਵਿਚ ਚਲਦਾ ਹੈ। 1857 ਦੇ ਵਿਦਰੋਹ ਵਿਚ ਘੱਟ ਗਿਣਤੀ ਸਮੂਹਾਂ ਦੇ ਯੋਗਦਾਨ ਸੰਬੰਧੀ ਕਥਾ ਵਸਤੂ ਨੂੰ ਪੰਜਾਬੀ ਇਤਿਹਾਸਕ ਨਾਵਲ ਵਿਚ ਸਥਾਨ ਮਿਲਣਾ ਆਪਣੇ ਆਪ ਵਿਚ ਪ੍ਰਥਮ ਤੇ ਮਹੱਤਵਪੂਰਨ ਪਹਿਲੂ ਹੈ। ਇਸ ਨਾਲ ਇਤਿਹਾਸ ਦੇ ਖੱਪਿਆਂ ਨੂੰ ਗਲਪੀ ਚਿੰਤਨ ਨਾਲ ਭਰਪਾਈ ਮਿਲਦੀ ਹੈ ਤੇ ਇਤਿਹਾਸਕਾਰਾਂ ਦੀਆਂ ਪੁਜੀਸ਼ਨ ਅਧਾਰਿਤ ਰਚਨਾਵਾਂ ਦੀ ਪੁਣ-ਛਾਣ ਕੀਤੀ ਗਈ ਹੈ।

ਨਾਵਲ ਦਾ ਬਿਰਤਾਂਤਕ ਸਥਲ ਦਿੱਲੀ ਯਾਤਰਾ ਦੇ ਵਿਭਿੰਨ ਪੜਾਵਾਂ ਨਾਲ ਜੁੜੇ ਕਸਬਿਆਂ, ਖੰਡਰਾਂ, ਮਹਿਲਾਂ, ਸ਼ਹਿਰਾਂ ਰਿਆਸਤਾਂ ਤੱਕ ਫੈਲਦਾ ਜਾਂਦਾ ਹੈ ਜਿੱਥੇ ਦੇਸ਼ ਦੇ ਵਿਭਿੰਨ ਹਿੱਸਿਆਂ ਤੋਂ ਪਹੁੰਚਦੇ ਬਾਗੀ, ਲੁਟੇਰੇ, ਨਵਾਬ, ਜਾਗੀਰਦਾਰ ਆਪਸੀ ਸੰਵਾਦ ਰਚਾ ਕੇ ਫਰੰਗੀਆਂ ਖਿਲਾਫ਼ ਉਗਮਦੇ ਗਦਰ ਦੀ ਰਾਜਸੀ ਰੂਪਰੇਖਾ ਤੇ ਹਥਿਆਰਬੰਦ ਟਕਰਾਅ ਨੂੰ ਤਤਕਾਲੀ ਸਥਿਤੀਆਂ ਅਨੁਸਾਰ ਰੁਪਮਾਨ ਕਰਦੇ ਹਨ।

ਬਾਵਾ ਦਾ 1857 ਦੀ ਕਥਾ ਵਸਤੂ ਵਾਲਾ ਪੰਜਾਬੀ ਦਾ ਇਹ ਪ੍ਰਥਮ ਇਤਿਹਾਸਕ ਨਾਵਲ ਬਹੁ

ਪਰਤੀ ਅਰਥ ਚੇਤਨਾ ਵਾਲਾ ਹੈ। 57 ਦੇ ਗ਼ਦਰ ਵਿਚ ਇਹ ਮਿੱਥਾਂ ਤੇ ਮਨਮੋਹਨ ਬਾਵਾ ਤੋਂ ਇਲਾਵਾ ਬਲਦੇਵ ਸਿੰਘ ਨੇ ਪੰਜਾਬੀ ਇਤਿਹਾਸਕ ਨਾਵਲ ਸੰਸਾਰ ਨੂੰ ਚਾਰ ਮਹੱਤਵਪੂਰਨ ਰਚਨਾਵਾਂ ਪ੍ਰਦਾਨ ਕੀਤੀਆਂ ਹਨ। ਇਹਨਾਂ ਵਿਚ 'ਸਤਲੁਜ ਵਹਿੰਦਾ ਰਿਹਾ', 'ਮਹਾਂਬਲੀ ਸੂਰਾ', ਪੰਜਵਾਂ ਸਾਹਿਬਜ਼ਾਦਾ' ਅਤੇ 'ਢਾਹਵਾਂ ਦਿੱਲੀ ਦੇ ਕਿੰਗਰੇ' ਨਾਮਕ ਨਾਵਲ ਸ਼ਾਮਿਲ ਹਨ। ਮਨਮੋਹਨ ਬਾਵਾ ਜਿੱਥੇ ਆਪਣੇ ਗਲਪੀ ਬੋਧ ਦਾ ਤਾਣਾ ਬਾਣਾ ਇਤਿਹਾਸ ਦੇ ਹਾਸ਼ੀਅਗਤ ਪ੍ਰਸੰਗਾ ਦੁਆਲੇ ਬੁਣਦਾ ਹੋਇਆ ਕਲਪਤ ਪਾਤਰਾਂ ਦੀ ਸਧਾਰਨਤਾ, ਕੌਮਾਂ ਦੀ ਨਸਲੀ ਮਾਨਸਿਕਤਾ ਕਬੀਲਿਆਂ ਦੀ ਜੁਝਾਰੂ ਚੇਤਨਾ ਨੂੰ ਨਾਇਕਤਵ ਦੇ ਪ੍ਰਤਿਮਾਨਾਂ ਨਾਲ ਜੋੜਦਾ ਹੈ ਉੱਥੇ ਹੀ ਬਲਦੇਵ ਸਿੰਘ ਦੇ ਇਤਿਹਾਸਕ ਨਾਵਲ ਤਵਾਰੀਖ ਦੇ ਪ੍ਰਸਿੱਧ ਨਾਇਕਾਂ ਨੂੰ ਉਹਨਾਂ ਦੀ ਜੁਝਾਰੂ ਸਮਰੱਥਾ ਦੇ ਅਨੁਕੂਲ ਚਿਤਰਦੇ ਤਤਕਾਲੀ ਯੁੱਗ ਦੇ ਲੋਕ ਇਤਿਹਾਸ ਨੂੰ ਪੁਨਰ ਸੁਰਜੀਤ ਕਰ ਦਿੰਦੇ ਹਨ। ਮਨਮੋਹਨ ਬਾਵਾ ਦੀ ਗਲਪੀ ਸਿਰਜਣਾ ਦਾ ਪ੍ਰੇਰਨਾ ਸਰੋਤ ਹਾਸ਼ੀਆਗਤ ਕੌਮਾਂ ਦੇ ਕਬੀਲਿਆਂ ਦਾ ਨਸਲੀ ਮਨੋਵਿਗਿਆਨ ਹੈ ਜਦ ਕਿ ਬਲਦੇਵ ਸਿੰਘ ਇਤਿਹਾਸਕ ਨਾਇਕਾਂ ਨੂੰ ਪੂਰਵ ਪ੍ਰਚਲਿਤ ਇਤਿਹਾਸਕ ਚੌਖਟੇ ਤੋਂ ਬਾਹਰ ਰੱਖਦਾ ਆਪਣੀ ਗਲਪੀ ਸਿਰਜਣਾ ਲਈ ਲੋਕ ਧਾਰਾਈ ਵੇਰਵਿਆਂ ਅਤੇ ਲੋਕ ਸਿਮਰਤੀਆਂ ਨੂੰ ਆਧਾਰ ਬਣਾਉਂਦਾ ਹੈ। ਪ੍ਰਸਿੱਧ ਇਤਿਹਾਸਕ ਪਾਤਰਾਂ ਨੂੰ ਨਾਵਲੀ ਬਿਰਤਾਂਤ ਵਿਚ ਲੋਕ ਨਾਇਕ ਦੇ ਪੈਂਤੜੇ ਤੋਂ ਪੇਸ਼ ਕਰਕੇ ਬਲਦੇਵ ਸਿੰਘ ਦੇ ਕਥਾ ਪ੍ਰਵਚਨ ਇਕ ਪਾਸੇ ਸਥਾਪਨਾ ਵਿਰੋਧੀ ਧਰਾਤਲ 'ਤੇ ਗੂੰਜਦੇ ਹਨ ਦੂਜੇ ਪਾਸੇ ਉਸਦੇ ਬਿਰਤਾਂਤ ਨਾਇਕ ਪੂਰਵਲੇ ਇਤਿਹਾਸਕ ਨਾਵਲਾਂ ਦੀ ਸ਼ਰਧਾਭਾਵੀ ਤੇ ਮਿਥੀਕਲ ਪ੍ਰਭਾਵ ਵਾਲੀ ਨਾਇਕਤਵ ਚੇਤਨਾ ਤੋਂ ਨਿਰਲੇਪ ਰਹਿੰਦੇ ਹਨ। ਇਸ ਕਾਰਜ ਸਿੱਧੀ ਦੁਆਰਾ ਉਹ 'ਦਰਬਾਰੀ ਇਤਿਹਾਸਕਾਰੀ' ਨੂੰ ਵੀ ਕਾਂਟੇ ਹੇਠ ਰੱਖਦਾ ਹੈ ਤੇ ਇਤਿਹਾਸਕ ਨਾਵਲ ਵਿਚ ਤਤਕਾਲੀ ਯੁੱਗ ਦੀ ਲੋਕ ਆਤਮਾ ਨੂੰ ਸੁਰਜੀਤ ਕਰਨ ਵਾਲੇ ਧਰਮੀ ਕਰਤਵ ਤੇ ਵੀ ਪੂਰਾ ਉਤਰਦਾ ਹੈ।

ਬਲਦੇਵ ਸਿੰਘ ਨੇ ਸਿੱਖ ਇਤਿਹਾਸ ਵਿਚੋਂ ਭਾਈ ਜੈਤੇ ਬਾਰੇ 'ਪੰਜਵਾਂ ਸਾਹਿਬਜਾਦਾ' ਨਾਵਲ ਰਚ ਕੇ ਸਿੱਖ ਇਤਿਹਾਸ ਸੰਬੰਧੀ ਲਿਖੇ ਪੂਰਵਲੇ ਨਾਵਲਾਂ ਤੋਂ ਵਿਲੱਖਣ ਤੇ ਮਹੱਤਵਪੂਰਨ ਕਦਮ ਪੁੱਟਿਆ ਹੈ। ਮੁੱਢਲੇ ਪੰਜਾਬੀ ਇਤਿਹਾਸਕ ਨਾਵਲਕਾਰਾਂ ਨੇ ਸਿੱਖ ਇਤਿਹਾਸ ਦੇ ਕਿਸੇ ਕਾਲ ਖੰਡ ਨੂੰ ਆਪਣੀ ਗਲਪੀ ਟੈਕਸਟ ਦਾ ਆਧਾਰ ਬਣਾਉਣ ਸਮੇਂ ਜ਼ਿਆਦਾਤਰ ਧਾਰਮਿਕ ਕਿਸਮ ਦਾ ਇਤਿਹਾਸ ਸਿਰਜਣਾ ਨੂੰ ਆਧਾਰ ਬਣਾਇਆ ਹੈ। ਬਲਦੇਵ ਸਿੰਘ ਨੇ ਭਾਈ ਜੈਤੇ ਦੀ ਸਿੱਖ ਇਤਿਹਾਸ ਤੇ ਸਿੱਖ ਲਹਿਰ ਵਿਚ ਸਰਗਰਮ ਭੂਮਿਕਾ ਨੂੰ ਆਪਣੇ ਗਲਪੀ ਬਿਰਤਾਂਤ ਵਿਚ ਉਭਾਰ ਕੇ ਤਾਰਕਿਕ ਇਤਿਹਾਸਕ ਪ੍ਰਸੰਗ ਤੇ ਵਿਗਿਆਨਕ ਚੇਤਨਾ ਵਾਲੀਆਂ ਲਿਖਤਾਂ ਨੂੰ ਆਧਾਰ ਸਰੋਤ ਵਜੋਂ ਪ੍ਰਯੋਗ ਕੀਤਾ ਹੈ। ਉਹ ਭਾਈ ਜੈਤੇ ਸੰਬੰਧੀ ਸਿੱਖ ਸਾਇਕੀ ਵਿਚ ਤੁਰੇ ਆਉਂਦੇ ਮੌਖਿਕ ਬਿਰਤਾਂਤ ਤੇ ਲੋਕ ਸਿਮਰਤੀਆਂ ਨੂੰ ਵੀ ਗਲਪੀ ਕਥਾਕ੍ਰਮਤਾ ਵਿਚ ਵਰਤਦਾ ਹੈ। 'ਪੰਜਵਾ ਸਾਹਿਬਜ਼ਾਦਾ' ਨਾਵਲ ਬੇਸ਼ੱਕ ਨਾਇਕ ਕੇਂਦਰਿਤ ਨਾਵਲ ਹੈ ਪਰ ਇਸਦੀ ਰਚਨਾ ਦ੍ਰਿਸ਼ਟੀ ਪੂਰਵਲੇ ਇਤਿਹਾਸਕ ਨਾਵਲਾਂ ਦੀ ਨਾਇਕ ਸਿਰਜਣਾ ਤੋਂ ਵਿਲੱਖਣ ਹੈ। ਇਤਿਹਾਸਕ ਨਾਵਲਾਂ ਵਿਚ ਪੰਜਾਬ ਦੇ ਸਿੱਖ ਇਤਿਹਾਸ ਵਿਚਲੇ ਨਾਇਕ ਧਾਰਮਿਕ ਪ੍ਰਚਾਰ, ਆਸ਼ਾਵਾਦੀ ਰੋਮਾਨੀਅਤ ਵਾਲੀ ਮਿਥੀਕਲ ਜਕੜਬੰਦੀ ਵਿਚ ਕੈਦ ਰਹੇ ਹਨ। ਬਲਦੇਵ ਸਿੰਘ ਦਾ ਉਕਤ ਨਾਵਲ ਵਸਤੂ ਤੇ ਵਿਧੀ ਪੱਖੋਂ ਇਸ ਜਕੜ ਨੂੰ ਤੋੜਦਾ ਹੈ। ਭਾਈ ਜੈਤੇ ਸੰਬੰਧੀ ਖੋਜ ਪੂਰਨ ਗਲਪ ਰਚ ਕੇ ਲੇਖਕ ਨੇ ਸਿੱਖ ਧਰਮ ਦੇ ਸਿਧਾਂਤਕ ਤੇ ਵਿਹਾਰਕ ਅੰਤਰ ਵਿਰੋਧਾਂ ਨੂੰ ਨਾਵਲੀ ਟੈਕਸਟ ਅੰਦਰ ਗਹਿਰਾਈ ਨਾਲ ਰੂਪਮਾਨ ਕੀਤਾ ਹੈ ਇਸ ਦ੍ਰਿਸ਼ਟੀਕੋਣ ਤੋਂ ਸਿੱਖ ਧਰਮ ਤੇ ਸਿੱਖ ਲਹਿਰ ਵਿਚ ਵਡੇਰੀ ਭੂਮਿਕਾ ਦੇ ਬਾਵਜੂਦ ਅਖੌਤੀ ਜਾਤੀ-ਜਮਾਤੀ ਹੀਣਤਾ ਭੋਗਦੇ ਹਾਸ਼ੀਆਗਤ ਪਾਤਰਾਂ ਨੂੰ ਇਤਿਹਾਸਕ ਪਛਾਣ ਮਿਲਦੀ ਹੈ। ਪਹਿਲੇ ਸਿੱਖ ਧਰਮ ਤੇ ਲਹਿਰ ਨਾਲ ਜੁੜੇ ਇਤਿਹਾਸਕ ਨਾਵਲ ਪਾਤਰਾਂ ਦੀ ਟਿਪੀਕਲ ਪੇਸ਼ਕਾਰੀ, ਮੌਕਾ ਮੇਲ ਅੰਸ਼ਾਂ, ਧਾਰਮਿਕ ਪ੍ਰਚਾਰ ਮੂਲਕਤਾ ਮਨ ਇੱਛਤ ਘਟਨਾ-ਪ੍ਰਬੰਧ, ਉਲਾਰ ਤੇ ਆਪਾ ਵਿਰੋਧੀ ਦ੍ਰਿਸ਼ਟੀ ਸਮੇਤ ਇਤਿਹਾਸਕ ਸੱਚ ਨੂੰ ਬਹੁ-ਪਰਤੀ ਅਰਥਾਂ ਵਿਚ ਪਕੜਨ ਤੋਂ ਮਹਿਰੂਮ



ਰਹੇ ਹਨ। ਬਲਦੇਵ ਸਿੰਘ ਦਾ 'ਪੰਜਵਾਂ ਸਾਹਿਬਜ਼ਾਦਾ' ਨਾਵਲ ਪੰਜਾਬੀ ਇਤਿਹਾਸਕ ਨਾਵਲ ਵਿਚ ਨਾਇਕ ਦੀ ਵਿਸਥਾਪਨਾ ਦੇ ਨਾਲ ਨਾਲ ਵਿਸ਼ਲੇਸ਼ਣੀ ਪਹੁੰਚ ਖੋਜ ਅਧਾਰਿਤ ਚਿੰਤਨ ਤੇ ਰੌਚਿਕ ਕਥਾ ਪ੍ਰਬੰਧ ਦੁਆਰਾ ਇਸ ਖੇਤਰ ਦੀ ਮੌਲਿਕ ਪ੍ਰਾਪਤੀ ਬਣਦਾ ਹੈ। ਬਲਦੇਵ ਸਿੰਘ ਸਿੱਖ ਇਤਿਹਾਸ ਦੇ ਜੁਝਾਰੂ ਮੋੜ 'ਤੇ ਇਤਿਹਾਸਕ ਨਾਇਕ ਵਜੋਂ ਉਭਰੇ ਬੰਦਾ ਸਿੰਘ ਬਹਾਦਰ ਦੇ ਜੀਵਨ ਬਿਰਤਾਂਤ ਨੂੰ ਆਪਣੇ ਨਾਵਲ 'ਮਹਾਂਬਲੀ ਸੂਰਾ' ਦੇ ਵਡ ਆਕਾਰੀ ਪ੍ਰਵਚਨ ਦੁਆਰਾ ਪੇਸ਼ ਕਰਦਾ ਹੈ। ਬੰਦਾ ਬਹਾਦਰ ਸਿੱਖ ਇਤਿਹਾਸ ਵਿਚ ਅਨੇਕਾਂ ਮਿੱਥਾਂ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਇਹ ਮਿੱਥਾਂ ਬੰਦਾ ਬਹਾਦਰ ਦੇ ਵੰਸ਼, ਪਰਿਵਾਰਕ ਪਿਛੋਕੜ, ਵੈਰਾਗੀ ਚੇਤਨਾ, ਵਿਚਾਰਧਾਰਾ ਅਤੇ ਮੁਗਲਸ਼ਾਹੀ ਨਾਲ ਖੂਨੀ ਟਕਰਾਅ ਸਬੰਧੀ ਉਪਜਦੀਆਂ ਰਹੀਆਂ। ਬਲਦੇਵ ਸਿੰਘ ਆਪਣੇ ਇਸ ਨਾਵਲ ਦੀ ਵਸਤੂ ਨੂੰ ਬੰਦਾ ਬਹਾਦਰ ਦੀ ਪ੍ਰਮਾਣਿਕ ਇਤਿਹਾਸਕ ਬਿੰਬਕਾਰੀ ਨਾਲ ਜੋੜਦਾ ਹੈ। ਲੇਖਕ ਬੰਦਾ ਬਹਾਦਰ ਸੰਬੰਧੀ ਮਿਲਦੀਆਂ ਧਾਰਮਿਕ ਪ੍ਰਚਾਰਮੂਲਕ ਤੇ ਸ਼ਰਧਾਭਾਵੀ ਲਿਖਤਾਂ ਦੀ ਬਜਾਇ ਖੋਜਪੂਰਨ ਤਵਾਰੀਖ਼ ਨੂੰ ਆਪਣੇ ਗਲਪ ਦਾ ਆਧਾਰ ਬਣਾਉਂਦਾ ਹੈ। ਇਸਦੇ ਨਾਲ ਨਾਲ ਬੰਦਾ ਬਹਾਦਰ ਦੇ ਇਤਿਹਾਸਕ ਕਾਲ ਖੰਡ ਦੀਆਂ ਸਾਮੰਤਵਾਦੀ ਖ਼ਸਲਤਾਂ, ਸਿੱਖ ਲਹਿਰ ਦੀ ਵਿਚਾਰਧਾਰਾਈ ਦੁਫੇੜ, ਮੁਗਲਸ਼ਾਹੀ ਦੀ ਕਰੂਰ ਸੱਤਾ ਆਦਿ ਨੂੰ ਨਾਵਲੀ ਬਿਰਤਾਂਤ ਵਿਚ ਸੂਚਨਾਮੁਖੀ ਤੇ ਵਾਰਤਾਲਾਪੀ ਢੰਗ ਨਾਲ ਪੇਸ਼ ਕਰਕੇ ਲੇਖਕ ਨੇ ਤਤਕਾਲੀ ਸਮੇਂ ਦੀਆਂ ਸਥਿਤੀਆਂ ਨੂੰ ਯਥਾਰਥਵਾਦੀ ਰੰਗਤ ਦਿੱਤੀ ਹੈ। ਬੰਦਾ ਬਹਾਦਰ ਦੇ ਨਾਇਕਤਵਦੀ ਵਿਸਥਾਪਨਾ ਵੀ ਇਸ ਨਾਵਲ ਦਾ ਕੇਂਦਰ ਹੈ। ਅਜਿਹੀ ਨਾਇਕਤਵ ਚੇਤਨਾ ਭਾਰਤੀ ਮੁੱਲਾਂ ਤੇ ਜੀਵਨ ਆਦਰਸ਼ਾਂ ਨਾਲ ਜੁੜੀ ਹੋਈ ਹੈ ਜਿਸਦਾ ਗਲਪੀ ਬਿੰਬ ਉਲੀਕਦਿਆਂ ਬਲਦੇਵ ਸਿੰਘ ਨੇ ਇਤਿਹਾਸਕ ਨਾਵਲ ਦੀਆਂ ਲੋੜਾਂ ਨੂੰ ਧਿਆਨ ਗੋਚਰੇ ਰੱਖਿਆ ਹੈ। ਬੰਦਾ ਬਹਾਦਰ ਦੇ ਕਾਲ ਖੰਡ ਵਾਲਾ ਪੂਰਵਲਾ ਇਤਿਹਾਸਕ ਨਾਵਲ ਸਿੱਖ ਇਤਿਹਾਸ ਦੀ ਗੌਰਵਤਾ ਤੇ ਸਿੱਖ ਧਰਮ ਦੀ ਪ੍ਰਚਾਰ ਮੂਲਕਤਾ ਨਾਲ ਬੱਝਾ ਰਿਹਾ ਜਿਸ ਕਰਦੇ ਬੰਦਾ ਬਹਾਦਰ ਦਾ ਚਰਿੱਤਰ ਤੇ ਸ਼ਖ਼ਸੀਅਤ ਸੁੰਗੜਵੇਂ ਰੂਪ ਵਿਚ ਚਿਤਰ ਹੁੰਦਾ ਰਿਹਾ। ਵਿਚਾਰ ਅਧੀਨ ਨਾਵਲਕਾਰ ਨੇ ਬੰਦਾ ਬਹਾਦਰ ਦੀ ਗੌਰਵ ਗਾਥਾ ਪਿੱਛੇ ਛੁਪੇ ਇਤਿਹਾਸਕ ਸੱਚ ਨੂੰ ਬਾਹਰ ਕੱਢਿਆ ਹੈ। ਇਹ ਇਤਿਹਾਸਕ ਸੱਚ ਬੈਰਾਗੀ ਤੋਂ ਯੋਧਾ ਬਣਨ ਦੇ ਪ੍ਰੇਰਨਾ ਸਰੋਤਾਂ ਤੇ ਪ੍ਰੇਰਨਾ ਪ੍ਰਸੰਗਾਂ ਨੂੰ ਬੰਦਾ ਬਹਾਦਰ ਦੇ ਜੀਵਨ ਬਿਰਤਾਂਤ ਨਾਲ ਜੋੜ ਕੇ ਪੇਸ਼ ਕਰਦਾ ਹੈ।

ਸਿੱਖ ਕੌਮ ਦੀ ਜੁਝਾਰੂ ਭਾਵਨਾ, ਜੀਵਨ ਆਦਰਸ਼ ਤੇ ਸ਼ਹਾਦਤ ਸਬੰਧੀ ਕੀਤਾ ਚਿੰਤਨ ਵੀ ਇਸ ਗਲਪੀ ਕ੍ਰਿਤ ਦਾ ਹਿੱਸਾ ਹੈ। ਵਿਧੀ ਤੇ ਸ਼ੈਲੀ ਪੱਖੋਂ ਬਲਦੇਵ ਸਿੰਘ ਨੇ ਨਾਵਲ ਵਿਚ ਪਿੱਛਲ ਝਾਤ, ਕਥਾਨਕੀ, ਉਤਰਾਅ ਚੜਾਅ, ਬਿਰਤਾਂਤਕ ਓਹਲੇ, ਸੰਵਾਦੀ ਕਲਾ, ਕਲਪਿਤ ਛੋਹਾਂ, ਭਾਸ਼ਾਈ ਪ੍ਰਾਸੰਗਿਕਤਾ ਆਦਿ ਦੇ ਮਾਧਿਅਮ ਨਾਲ ਗਲਪ ਦੇ ਕਥਾ ਰਸ ਤੇ ਰਵਾਨੀ ਨੂੰ ਬਰਕਰਾਰ ਰੱਖਿਆ ਹੈ।

ਇਸ ਨਾਵਲ ਦੁਆਰਾ ਸਿੱਖ ਇਤਿਹਾਸ ਦੇ ਬੰਦ ਰੂਪ ਵਾਲੇ ਘਟਨਾ ਪ੍ਰਸੰਗ ਤੇ ਪਾਤਰ ਗਲਪੀ ਸਹਿਜਤਾ ਤੇ ਸਪਸ਼ਟਤਾ ਨਾਲ ਪੇਸ਼ ਹੁੰਦੇ ਹਨ। ਪੂਰਵਲਾ ਇਤਿਹਾਸਕ ਨਾਵਲ ਸਿੱਖ ਲਹਿਰ, ਸਿੱਖ ਧਰਮ ਤੇ ਸਿੱਖ ਇਤਿਹਾਸ ਨੂੰ ਰਲਗੱਡ ਕਰਦਾ ਕਥਾ ਸੰਦਰਭਾਂ ਤੋਂ ਟੁੱਟਦਾ ਹੈ ਤੇ ਬੰਦ ਰੂਪ ਵਾਲੀ ਵਿਚਾਰਧਾਰਾ ਦਾ ਵਾਹਕ ਬਣਦਾ ਹੈ। ਬਲਦੇਵ ਸਿੰਘ 'ਮਹਾਂਬਲੀ ਸੂਰਾ' ਦੁਆਰਾ ਉਕਤ ਪ੍ਰਸੰਗਾਂ ਨੂੰ ਤੋੜਦਾ ਹੈ। ਇਤਿਹਾਸਕ ਨਾਇਕ ਦਾ ਯਥਾਰਥਵਾਦੀ ਸਰੂਪ ਉਘਾੜਨ ਦੇ ਨਾਲ ਨਾਲ ਗਲਪੀ ਟੈਕਸਟ ਅੰਦਰ ਵਸੀ ਵਿਚਾਰਧਾਰਾ ਨੂੰ ਬਹੁ-ਸੁਰੀ ਤੇ ਸੰਵਾਦੀ ਬਣਾਉਣ ਵਿਚ ਇਹ ਰਚਨਾ ਅਹਿਮ ਸਿੱਧ ਹੁੰਦੀ ਹੈ।

"ਇਤਿਹਾਸਕ ਕਾਲ ਨੂੰ ਇਤਿਹਾਸ ਦੇ ਸੰਦਰਭ ਵਿਚ ਪੇਸ਼ ਕਰਨ ਲਈ ਲੇਖਕ ਨੇ ਇਤਿਹਾਸਕ ਤੇ ਗਲਪੀ ਦੋਵੇਂ ਜੁਗਤਾਂ ਵਰਤੀਆਂ ਹਨ। ਜਿਵੇਂ, ਹੁਕਮਨਾਮੇ, ਹਰਕਾਰਿਆਂ ਦੀਆਂ ਰਿਪੋਰਟਾਂ, ਇਤਿਹਾਸਕ ਹਵਾਲੇ, ਨਿਹੰਗ ਬੋਲੇ, ਸਸਪੈਂਸ, ਪਿਛਲਝਾਤ, ਕਥਾਨਿਕ ਦੇ ਉਤਰਾ-ਚੜਾਅ, ਪਾਤਰਾਂ ਦੀ ਉਸਾਰੀ ਲਈ ਕਲਪਨਿਕ ਇਤਿਹਾਸਕ ਸਮਗਰੀ ਦੀ ਵਰਤੋਂ ਆਦਿ। [15]

ਇਤਿਹਾਸਕ ਨਾਵਲਾਂ ਨੂੰ ਨਾਇਕ ਦੀ ਵਿਸਥਾਪਨਾ ਨਾਲ ਜੋੜਨ ਵਿਚ ਬਲਦੇਵ ਸਿੰਘ ਦਾ

ਨਾਵਲ 'ਸਤਲੁਜ ਵਹਿੰਦਾ ਰਿਹਾ' ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਲਾਸਾਨੀ ਭੂਮਿਕਾ ਨਿਭਾਉਣ ਵਾਲੇ ਕੌਮੀ ਨਾਇਕ ਸ਼ਹੀਦ ਭਗਤ ਸਿੰਘ ਦੇ ਬਿੰਬ ਤੇ ਵਿਚਾਰਧਾਰਾ ਨਾਲ ਜੁੜੀਆਂ ਕਈ ਮਿੱਥਾਂ ਇਸ ਨਾਵਲ ਦੁਆਰਾ ਟੁੱਟਦੀਆਂ ਹਨ। ਸ਼ਹੀਦ ਭਗਤ ਸਿੰਘ ਨੂੰ ਉਸਦੀ ਵਿਚਾਰ-ਚੇਤਨਾ ਨਾਲੋਂ ਉਸਦੀ ਬੁੱਤ ਪੂਜਾ ਦਾ ਪ੍ਰਚਲਨ ਭਾਰਤੀ ਸਮਾਜ ਵਿਚ ਚਲਦਾ ਆ ਰਿਹਾ ਹੈ। ਸਮਕਾਲ ਦੇ ਅਖੌਤੀ ਵਿਸ਼ਵੀਕਰਨ ਨੇ ਲੋਕ ਚੇਤਨਾ ਵਿਚ ਵਸਦੇ ਇਹਨਾਂ ਨਾਇਕਾਂ ਦੇ ਵਿਚਾਰਧਾਰਕ ਬਿੰਬ ਨੂੰ ਹੋਰ ਸੱਟ ਮਾਰੀ ਹੈ। 'ਸਤਲੁਜ ਵਹਿੰਦਾ ਰਿਹਾ' ਨਾਵਲ ਸ਼ਹੀਦ ਭਗਤ ਸਿੰਘ ਦੀ ਆਜ਼ਾਦੀ ਸੰਘਰਸ਼ ਨੂੰ ਦੇਣ, ਤਤਕਾਲ ਦੀਆਂ ਵਿਸ਼ੇਸ਼ ਸਮਾਜਿਕ ਸਭਿਆਚਾਰਕ ਤੇ ਰਾਜਸੀ ਸਥਿਤੀਆਂ ਦੇ ਪ੍ਰਸੰਗ ਵਿਚ ਉਭਾਰਦਾ ਹੋਇਆ ਇਤਿਹਾਸ ਤੇ ਗਲਪ ਦਾ ਸੁਮੇਲ ਕਰਦਾ ਹੈ। 2007 ਵਿਚ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਮੌਕੇ ਪੰਜਾਬੀ ਸਾਹਿਤ ਜਗਤ ਵਿਚ ਸ਼ਹੀਦ ਬਾਰੇ ਰਚਿਆ ਇਹ ਪਲੇਠਾ ਨਾਵਲ ਡੂੰਘੇ ਵਿਚਾਰਧਾਰਕ ਸੰਵਾਦ ਦਾ ਵਾਹਕ ਬਣਦਾ ਹੈ। ਮੌਜੂਦਾ ਪ੍ਰਬੰਧ ਵਿਚ ਬਸਤੀਵਾਦ ਦੇ ਨਵੇਂ ਵਿਸਤਾਰ ਅੰਦਰ ਭਗਤ ਸਿੰਘ ਦੇ ਸਮਾਜਵਾਦੀ ਇਨਕਲਾਬ ਦੀ ਸਾਰਥਿਕਤਾ ਨਾਲ ਜੁੜੇ ਮੁੱਦੇ ਵੀ ਨਾਵਲੀ ਟੈਕਸਟ ਦੀ ਸਿਰਜਣਾ ਦੇ ਪ੍ਰੇਰਨਾ ਸਰੋਤ ਵਜੋਂ ਜੁੜਦੇ ਹਨ।

ਇਹ ਨਾਵਲ ਆਪਣਾ ਬਿਰਤਾਂਤ 1923 ਤੋਂ 23 ਮਾਰਚ 1931 ਤੱਕ ਦੀਆਂ ਇਤਿਹਾਸਕ ਘਟਨਾਵਾਂ ਅਨੁਸਾਰ ਚਲਾਉਂਦਾ ਹੈ। ਅਨੇਕਾਂ ਥਾਵਾਂ 'ਤੇ ਇਹ ਜੀਵਨੀ ਵਰਗੀ ਵਿਧਾ ਦੇ ਅਨੁਸਾਰੀ ਹੋ ਕੇ ਭਗਤ ਸਿੰਘ ਦੇ ਇਤਿਹਾਸਕ ਚਰਿੱਤਰ, ਰਾਜਸੀ ਤੱਥਮੂਲਕਤਾ ਤੇ ਸਿਆਸੀ ਪ੍ਰਬੰਧ ਦੀ ਪੇਸ਼ਕਾਰੀ ਕਰਦਾ ਗਲਪੀ ਪ੍ਰਤਿਮਾਨਾਂ ਤੋਂ ਟੁੱਟ ਵੀ ਜਾਂਦਾ ਹੈ। ਲੇਖਕ ਇਤਿਹਾਸਕ ਤੱਥਾਂ ਨੂੰ ਪੈਰਾਂ ਟਿੱਪਣੀਆਂ ਵਜੋਂ, ਇਤਿਹਾਸਕ ਘਟਨਾਵਾਂ ਨੂੰ ਸੂਚਨਾਮੁਖੀ ਢੰਗ ਵਜੋਂ ਤੇ ਭਗਤ ਸਿੰਘ ਦੀ ਸਿਧਾਂਤਕ ਚੇਤਨਾ ਨੂੰ ਪਾਤਰਾਂ ਦੀ ਵਾਰਤਾਲਾਪ ਵਿਚ ਭਾਰੂ ਰੂਪ ਵਿਚ ਪ੍ਰਯੋਗ ਕਰਦਾ ਹੈ ਇਸਦੇ ਬਾਵਜੂਦ ਵੀ ਭਗਤ ਸਿੰਘ ਦੇ ਬਿੰਬ ਵਿਚਾਰਧਾਰਾ ਤੇ ਤਤਕਾਲੀ ਇਤਿਹਾਸ ਨੂੰ ਗਲਪੀ ਰੂਪਾਂਤਰਣ ਦੇਣ ਦਾ ਚੁਣੌਤੀ ਭਰਿਆ ਕਾਰਜ ਨਿਭਾਉਂਦਾ ਹੈ। ਬਦਲੇਵ ਸਿੰਘ ਦਾ ਇਹ ਨਾਵਲ ਆਪਣੇ ਇਤਿਹਾਸਕ ਪ੍ਰਸੰਗਾਂ ਤੇ ਸਾਹਿਤਕ ਸਰੋਕਾਰਾਂ ਦੇ ਮਿਸ਼ਰਣ ਨਾਲ ਇਤਿਹਾਸ ਤੇ ਸਾਹਿਤ ਦਾ ਪ੍ਰਮਾਣਿਕ ਦਸਤਾਵੇਜ਼ ਬਣਦਾ ਹੈ।

ਪੰਜਾਬੀ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਵਸਤੂ, ਰੂਪ ਤੇ ਦ੍ਰਿਸ਼ਟੀ ਪੱਖੋਂ ਨਵੇਂ ਵਿਸਤਾਰ ਦੇਣ ਵਿਚ ਬਲਦੇਵ ਸਿੰਘ ਦਾ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਇਹ ਨਾਵਲ 16 ਵੀ ਸਦੀ ਦੇ ਪੰਜਾਬ ਵਿਚ ਮੁਗਲਸ਼ਾਹੀ ਖਿਲਾਫ਼ ਉੱਠੇ ਲੋਕ-ਵਿਦਰੋਹ ਦਾ ਗਲਪੀ ਪ੍ਰਵਚਨ ਹੈ ਇਸ ਵਿਦਰੋਹ ਦਾ ਨਾਇਕ ਦੁੱਲਾ ਭੱਟੀ ਹੈ। ਜਿਹੜਾ 'ਦਰਬਾਰੀ ਇਤਿਹਾਸਕਾਰੀ' ਦੇ ਪੰਨਿਆਂ ਤੋਂ ਨਦਾਰਦਾ ਹੈ ਪਰ ਪੰਜਾਬੀ ਲੋਕ ਮਨ ਵਿਚ ਉਸਦਾ ਬਿੰਬ ਧਾਕੜ ਯੋਧੇ ਤੇ ਜੁਲਮ ਵਿਰੁੱਧ ਰੋਹ ਪ੍ਰਚੰਡ ਕਰਨ ਵਾਲੇ ਨਾਇਕ ਵਜੋਂ ਸੁਰੱਖਿਅਤ ਹੈ। ਦੁੱਲਾ ਭੱਟੀ ਦੇ ਲੋਕਧਾਰਾਈ ਬਿੰਬ ਨੂੰ 16 ਵੀ ਸਦੀ ਦੇ ਪੰਜਾਬ ਵਿਚਲੇ ਸਾਂਦਲ ਬਾਰ ਇਲਾਕੇ ਦੀ ਭੂਗੋਲਿਕ ਸਭਿਆਚਾਰਕ ਤੇ ਰਾਜਸੀ ਪਛਾਣ ਤਹਿਤ ਉਭਾਰਨ ਦਾ ਉਦਮ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੈ। ਦੁੱਲਾ ਭੱਟੀ ਚੜ੍ਹਦੇ ਪੰਜਾਬੀ ਨਾਲੋਂ ਲਹਿੰਦੇ ਪੰਜਾਬ ਦੇ ਲੋਕ ਨਾਇਕ ਵਜੋਂ ਅਧਿਕ ਮਕਬੂਲ ਹੈ। ਬਲਦੇਵ ਸਿੰਘ ਨੇ ਦੁੱਲੇ ਨੂੰ ਪੰਜਾਬ ਦੀ ਸਾਂਝੀ ਵਿਰਾਸਤ ਤਹਿਤ ਸੁਤੰਤਰਤਾ ਨਾਲ ਜਿਉਣ, ਸੂਖ਼ਮ ਆਜ਼ਾਦੀ 'ਤੇ ਪਹਿਰਾ ਦੇਣ ਨਾ ਬਰਾਬਰੀ ਖ਼ਿਲਾਫ਼ ਵਿਦਰੋਹ ਕਰਨ ਅਤੇ ਸਥਾਪਨਾ ਵਿਰੋਧੀ ਕਿਰਦਾਰ ਰੱਖਣ ਦੇ ਕੌਮੀ ਲੱਛਣਾ ਤਹਿਤ ਉਲੀਕ ਕੇ ਪੰਜਾਬੀ ਇਤਿਹਾਸਕ ਨਾਵਲ ਨੂੰ ਲੋਕ ਨਾਇਕ ਦਾ ਸੁਚੇਤ ਮਾਡਲ ਦੇ ਕੇ ਵਿਲੱਖਣ ਪਹਿਲਕਦਮੀ ਕੀਤੀ ਹੈ। ਨਾਵਲ ਵਿਚ ਦੁੱਲੇ ਦੀ ਨਾਇਕਤਵ ਚੇਤਨਾ ਨਿਰੰਤਰ ਮਘਦੀ ਰਹਿੰਦੀ ਹੈ। ਸਾਂਦਲ ਬਾਰ ਦੀ ਭੂਗੋਲਿਕਤਾ, ਕਬੀਲਿਆਂ ਦਾ ਨਸਲੀ ਮਨੋਵਿਗਿਆਨ, ਰੀਤਾਂ-ਰਸਮਾਂ ਤੇ ਲੋਕ ਸਭਿਆਚਾਰ ਦਾ ਗਲਪੀ ਦ੍ਰਿਸ਼ ਪੰਜਾਬੀ ਇਤਿਹਾਸਕ ਨਾਵਲ ਨੂੰ ਇਸ ਗਲਪੀ ਕ੍ਰਿਤ ਵਿਚ ਪ੍ਰਾਪਤ ਹੋਣਾ ਆਪਣੇ ਆਪ 'ਚ ਵੱਡੀ ਪ੍ਰਾਪਤੀ ਹੈ। ਲੇਖਕ ਦੀ ਗਲਪੀ ਸਮਰੱਥਾ ਦੇ ਪ੍ਰਮਾਣ ਪਾਤਰਾਂ ਦੀ ਜੁਝਾਰੂ ਵਾਰਤਾਲਾਪ ਦਾ



ਹਿੱਸਾ ਹਨ ਜਿਸ ਨਾਲ ਤਤਕਾਲ ਦੀ ਇਤਿਹਾਸਕ ਪ੍ਰਮਾਣਿਕਤਾ ਤੇ ਲੋਕ ਚੇਤਨਤਾ ਹੂ ਬ ਹੂ ਉਭਰਦੀ ਹੈ। ਦੁੱਲੇ ਦੁਆਰਾ ਆਪਣੇ ਪੁੱਤਰ ਨੂਰੇ ਨੂੰ ਕਹੇ ਇਹ ਬੋਲ ਬੜੇ ਅਰਥਪੂਰਨ ਹਨ ਜਿਹੜੇ ਸਾਮੰਤਵਾਦੀ ਸਮਾਜ ਦੀ ਮੂੰਹ ਬੋਲਦੀ ਉਦਾਹਰਨ ਹਨ, "ਮੈਂ ਕੀ ਦੱਸਣਾ ਏ ਨੂਰਿਆ। ਬਾਰ ਦੇ ਭੱਟੀ ਰਾਜਪੂਤਾਂ, ਵਿਰਕਾਂ ਤੇ ਖਰਲਾਂ ਦੀ ਰਵਾਇਤ ਈ। ਜਿੰਨਾ ਚਿਰ ਬਾਰ ਦਾ ਗੱਭਰੂ, ਕੋਈ ਡਾਕਾ ਨਹੀਂ ਮਾਰਦਾ ਕੋਈ ਲੁੱਟ-ਖੋਹ ਨਹੀਂ ਕਰਦਾ, ਕਿਸੇ ਚੜ੍ਹੇ ਚੌਧਰੀ ਦੇ ਡੰਗਰ ਨਹੀਂ ਖੋਲ੍ਹਦਾ ਤਾਂ ਕੀ ਪਤਾ ਲੱਗੇ ਸਾਡੇ ਗੱਭਰੂ ਵੀ ਸੂਰਮਾ ਈ। ਇਹਨੇ ਵੀ ਬਾਰ ਦੇ ਦਰਿਆ ਦਾ ਪਾਣੀ ਪੀਤਾ ਈ, ਹੁਣ ਇਹਨੂੰ ਪਗੜੀ ਬੰਨ੍ਹਣ ਦਾ ਹੱਕ ਵੇ।"[16]

ਬਲਦੇਵ ਸਿੰਘ ਦਾ ਇਹ ਨਾਵਲ ਅਖੌਤ ਮੁੱਖ ਧਾਰਾ ਇਤਿਹਾਸ ਦੀਆਂ ਰਾਜਾ ਸ਼ਾਹੀ ਵਰਗ ਨਾਲ ਜੁੜੀਆਂ ਮਿੱਥਾਂ ਵੀ ਤੋੜਦਾ ਹੈ। ਅਕਬਰ ਦੀ ਸਾਂਦਲ ਬਾਰ ਇਲਾਕੇ ਵਿਚ ਦੁੱਲੇ ਭੱਟੀ ਦੀਆਂ ਕਾਰਵਾਈਆਂ ਨੂੰ ਕੁਚਲਣ ਲਈ ਫ਼ੌਜ ਮੁਖੀ ਨਿਜਾਮੂਦੀਨ ਨੂੰ ਵੱਡੀ ਫ਼ੌਜ ਦੇ ਕੇ ਭੇਜਣ, ਔਰਤਾਂ ਨਾਲ ਧੱਕੇਸ਼ਾਹੀ ਕਰਨ, ਬੱਚਿਆਂ ਨੂੰ ਅਨਾਥ ਕਰ ਦੇਣ ਤੇ ਪਿੰਡੀ ਨੂੰ ਰਾਖ ਕੇ ਢੇਰ ਵਿਚ ਬਦਲਣ ਦੀ ਨੀਤੀ ਇਸ ਪੱਖੋ ਨਾਵਲੀ ਸੰਦਰਭ ਵਿਚ ਅਹਿਮ ਹੈ। ਲੇਖਕ ਨੇ ਦੁੱਲੇ ਦੀ ਨਾਇਕਤਵ ਚੇਤਨਾ ਉਭਾਰਨ ਦੇ ਨਾਲ ਨਾਲ ਮੱਧਕਾਲੀਨ ਯੁੱਗ ਦੀਆਂ ਜਾਗੀਰਦਾਰੀ ਖ਼ਸਲਤਾ ਨੂੰ ਰੂਪਮਾਨ ਕਰਕੇ ਨਾਵਲੀ ਕੈਨਵਸ ਨੂੰ ਵਿਸਤ੍ਰਿਤ ਕੀਤਾ ਹੈ। ਰਜਵਾੜਾਸ਼ਾਹੀ ਧੱਕੇ ਨਾਲ ਸੁੰਦਰ ਕੁੜੀਆਂ ਉਧਾਲ ਲੈਂਦੇ ਹਨ, ਧਾਰਮਿਕ ਤੇ ਫਿਰਕਾਪ੍ਰਸਤ ਤਾਕਤਾਂ ਸਟੇਟ ਦਾ ਸਾਥ ਦਿੰਦੀਆਂ ਹਨ, ਦੁੱਲੇ ਦੀ ਪਤਨੀ ਤੇ ਦੋ ਧੀਆਂ ਸਮੇਤ ਉਸਦੀ ਪ੍ਰੇਮਿਕਾ ਨੂਰਾਂ ਨਾਂ ਦੀ ਔਰਤ ਤਤਕਾਲੀ ਨਾਰੀ ਦਮਨ ਦੀਆਂ ਪ੍ਰਤੀਕ ਹਨ। ਉਕਤ ਪਾਸਾਰ ਨਾਵਲੀ ਬਿਰਤਾਂਤ ਦਾ ਮਹੱਤਵਪੂਰਨ ਅੰਗ ਹਨ। ਦਲਿਤ ਪਾਤਰਾਂ ਰੂੜਾ, ਸਦੀਕ , ਫੱਤੂ, ਗਾਹਣਾ, ਲਹਿਣਾ ਆਦਿ ਦੀ ਜੁਝਾਰੂ ਭੂਮਿਕਾ ਵੀ ਤਤਕਾਲੀ ਵਿਦਰੋਹ ਨੂੰ ਹੋਰ ਪ੍ਰਚੰਡ ਕਰਦੀ ਇਸਨੂੰ ਬਹੁ ਪਰਤੀ ਬਣਾਉਂਦੀ ਹੈ। ਦੁੱਲੇ ਦੇ ਲੋਕ ਧਰਾਈ ਬਿੰਬ ਨੂੰ ਚਿੰਤਨ ਤੇ ਕਲਾ ਵਿਧੀ ਦੇ ਸਾਂਚੇ ਵਿਚ ਢਾਲ ਕੇ ਨਾਵਲੀ ਟੈਕਸਟ ਦਾ ਹਿੱਸਾ ਬਣਾਉਣਾ ਪੰਜਾਬੀ ਇਤਿਹਾਸਕ ਨਾਵਲ ਵਿਚ ਮਹੱਤਵਪੂਰਨ ਕਦਮ ਹੈ।

ਮਨਮੋਹਨ ਬਾਵਾ ਅਤੇ ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਨਾਲ ਪੰਜਾਬੀ ਇਤਿਹਾਸਕ ਨਾਵਲ ਪਰੰਪਰਾ ਨੂੰ ਵਸਤੂ ਸਮਗਰੀ ਚਿੰਤਨ ਤੇ ਕਲਾ ਵਿਧੀ ਪੱਖੋਂ ਇਕ ਨਵੀਨ ਮੋੜਾ ਮਿਲਦਾ ਹੈ। ਪੂਰਵਲਾ ਖਾਸ ਕਰਕੇ ਸੁਤੰਤਰਤਾ ਤੋਂ ਪਹਿਲਾਂ ਦਾ ਪੰਜਾਬੀ ਇਤਿਹਾਸਕ ਨਾਵਲ ਬੇਸ਼ੱਕ ਚਿੰਤਨ ਤੇ ਕਲਾ ਪੱਖੋਂ ਉੱਚ ਪੱਧਰ ਦਾ ਨਹੀਂ ਹੈ ਪਰ ਇਸ ਨਾਲ ਇਸ ਨਾਵਲ ਵਿਧੀ ਦਾ ਮੁੱਢ ਬੱਝਦਾ ਹੈ। ਪੰਜਾਬੀ ਚੇਤਨਾ ਉੱਤੇ ਮਧਕਾਲੀ ਕਿੱਸਾ ਕਾਵਿ ਤੇ ਜਨਮਸਾਖੀ ਬਿਰਤਾਂਤ ਦੇ ਡੂੰਘੇ ਪ੍ਰਭਾਵ, ਬਸਤੀਵਾਦੀ ਚੇਤਨਾ ਦੇ ਦਾਬੇ ਤੇ ਨਾਵਲ ਦੀ ਪੱਛਮੀ ਵਿਧੀ ਦੇ ਆਗਮਨ ਵਰਗੇ ਕਾਰਨ ਮੁੱਢਲੇ ਇਤਿਹਾਸਕ ਨਾਵਲਾਂ ਨੂੰ ਧਾਰਮਿਕ ਪ੍ਰਚਾਰਕਤਾ ਤੇ ਪਰੰਪਰਕ ਕਲਾ-ਜੁਗਤਾਂ ਦਾ ਜ਼ਾਮਾ ਪਹਿਨਾਈ ਰੱਖਦੇ ਹਨ। ਨਾਵਲ ਜਿਹੀ ਧਰਮੀ ਵਿਧੀ ਨੂੰ ਪੰਜਾਬੀ ਭਾਵ ਬੋਧ ਦੇ ਹਾਣੀ ਹੋਣ ਵਿਚ ਵੀ ਕਾਫੀ ਸਮਾਂ ਲਗਦਾ ਹੈ, ਇਤਿਹਾਸ ਨੂੰ ਜਨਮਸਾਖੀ ਵਾਲੇ ਗ੍ਰਹਿਣ ਚਿੰਤਨ-ਚੇਤਨਾ ਵਜੋਂ ਦੇਖਣ ਕਾਰਨ ਵੀ ਪੂਰਵਲਾ ਇਤਿਹਾਸਕ ਨਾਵਲ ਵਿਚਾਰਧਾਰਾ ਦਾ ਵਾਹਨ ਬਣ ਜਾਂਦਾ ਹੈ। ਇਸ ਅੰਦਰ ਇਤਿਹਾਸ ਦਾ ਲੁਕਵਾਂ ਸੱਚ ਨਹੀਂ ਉਭਰਦਾ, ਨਾਵਲ ਦੀ ਵਸਤੂ ਤੇ ਰਚਨਾਕਾਰ ਦੇ ਅਨੁਭਵ ਵਿਚੋਂ ਘਟਨਾ ਪ੍ਰਬੰਧ ਦੀ ਸਹਿਜਤਾ ਪਾਤਰਾਂ ਦੀ ਖ਼ੁਦਮੁਖਤਾਰੀ ਤੇ ਬਹੁ ਪਰਤੀ ਸੰਵਾਦ ਨਹੀਂ ਉਭਰਦਾ-ਪੰਜਾਬ ਦੇ ਇਤਿਹਾਸਕ ਵਸਤੂ ਯਥਾਰਥ ਨੂੰ ਗਲਪੀ ਟੈਕਸਟ ਵਿਚ ਢਾਲਣ ਦੀ ਪਹਿਲਕਦਮੀ ਇਸ ਨਾਵਲ ਦੀ ਪ੍ਰਾਪਤੀ ਹੈ, ਇਸ ਮਗਰੋਂ ਇਤਿਹਾਸਕ ਨਾਵਲ ਦੀ ਪਰੰਪਰਾ ਆਪਣੀ ਲੀਹ 'ਤੇ ਤੁਰਦੀ ਹੈ। ਲੰਮੇ ਸਮੇਂ ਦੀ ਖੜੋਤ ਭੋਗਣ ਤੋਂ ਬਾਅਦ ਸਮਕਾਲ ਦੇ ਉਕਤ ਦੋਵੇਂ ਨਾਵਲਕਾਰ ਪੰਜਾਬੀ ਇਤਿਹਾਸਕ ਨਾਵਲ ਵਿਚ ਇਤਿਹਾਸ ਤੇ ਗਲਪ ਦਾ ਬਰਾਬਰ ਤਵਾਜ਼ਨ ਰੱਖ ਕੇ ਇਸਨੂੰ ਨਵੀਂ ਦ੍ਰਿਸ਼ਾ ਪ੍ਰਦਾਨ ਕਰਦੇ ਹਨ।

ਇਤਿਹਾਸਕ ਨਾਵਲ ਨੂੰ ਪ੍ਰਾਪੇਗੰਡਾ ਤੋਂ ਮੁਕਤੀ ਦੁਆ ਕੇ ਇਹਨਾਂ ਰਚਨਾਕਾਰਾਂ ਨੇ ਆਪਣੀ

ਟੈਕਸਟ ਨੂੰ ਕਲਾ ਦੀ ਉੱਤਮਤਾ ਨਾਲ ਜੋੜਿਆ ਹੈ। ਇਤਿਹਾਸਕ ਨਾਵਲ ਨੂੰ ਧਾਰਮਿਕ ਪ੍ਰਚਾਰ ਮੂਲਕਤਾ ਤੇ ਸਿੱਖ ਇਤਿਹਾਸ ਦੀ ਭਾਵੁਕ ਰੰਗਤ ਵਾਲੀ ਲੋਹ ਕੈਦ ਤੋਂ ਆਜ਼ਾਦ ਕਰਾਉਣਾ ਬਲਦੇਵ ਸਿੰਘ ਤੇ ਮਨਮੋਹਨ ਬਾਵਾ ਦੀ ਵਿਸ਼ੇਸ਼ ਪ੍ਰਾਪਤੀ ਹੈ। ਮਨਮੋਹਨ ਬਾਵਾ ਪੰਜਾਬ ਦੇ ਇਤਿਹਾਸ ਦੀ ਵਸਤੂ ਸਮਗਰੀ ਨੂੰ ਸਿੱਖ ਕਾਲ ਦੇ ਘੇਰੇ ਵਿਚੋਂ ਕੱਢ ਸਿਕੰਦਰ ਦੇ ਹਮਲੇ ਦੌਰਾਨ ਉਸਨੂੰ ਕਰੜਾ ਮੁਕਾਬਲਾ ਦੇਣ ਵਾਲੇ ਜੁਝਾਰੂ ਕਬੀਲਿਆਂ ਤੇ ਉਹਨਾਂ ਦੇ ਗਣਤੰਤਰਵਾਦ ਤੱਕ ਫੈਲਾ ਕੇ ਇਤਿਹਾਸਕ ਨਾਵਲੀ ਪ੍ਰਵਚਨ ਅੱਗੇ ਲੰਮੀ ਲੀਕ ਖਿੱਚਦਾ ਹੈ। ਬਲਦੇਵ ਸਿੰਘ ਦੁੱਲਾ ਭੱਟੀ ਦੀ ਨਾਇਕਤਵ-ਚੇਤਨਾ ਨੂੰ ਲੋਕਧਾਰਾਈ ਸਰੋਤਾਂ ਦੇ ਆਧਾਰ ਤੇ ਚਿਤਰਦਾ ਪੰਜਾਬੀ ਕੌਮ ਦੇ ਸਥਾਪਨਾ ਵਿਰੋਧੀ ਕਿਰਦਾਰ ਨੂੰ ਬਹੁ ਪਰਤੀ ਅਰਥ ਦਿੰਦਾ ਹੈ। ਇਤਿਹਾਸਕ ਤੱਥਾਂ ਰਾਜਾਸ਼ਾਹੀ ਨਾਇਕਾ ਦੁਆਲੇ ਉਸਰੇ ਮਿੱਥ ਮੰਡਲ ਨੂੰ ਤੋੜਨਾ ਇਹਨਾਂ ਦੀ ਸਮੂਹਿਕ ਪ੍ਰਾਪਤੀ ਹੈ।

ਵਿਧੀ ਪੱਖੋਂ ਇਹਨਾਂ ਰਾਚਨਾਕਾਰਾਂ ਨੇ ਇਤਿਹਾਸਕ ਨਾਵਲ ਦੇ ਪਰੰਪਰਾਵਾਦੀ ਪੈਟਰਨ ਨੂੰ ਤੋੜਿਆ ਹੈ। ਇਸ ਨਵੀਂ ਬਿੰਬ ਸਿਰਜਣਾ ਵਿਚ ਹਰ ਮਨੋ ਸਥਿਤੀ ਤੇ ਸਮਾਜਿਕ ਸਭਿਆਚਾਰ ਪਿਛੋਕੜ ਵਾਲੇ ਪਾਤਰ ਆਪਣੇ ਪੂਰਨ ਆਵੇਸ਼ ਵਿਚ ਵਿਚਰਦੇ ਹਨ। ਵਿਚਾਰਧਾਰਾ, ਨਾਵਲੀ ਟੈਕਸਟ ਉੱਤੇ ਆਰੋਪਿਤ ਨਹੀਂ ਕੀਤੀ ਗਈ ਸਗੋਂ ਇਤਿਹਾਸ ਦੇ ਵਾਸਤਵਿਕ ਸਰੂਪ ਵਾਲੇ ਚਿਤਰਣ ਵਿਚੋਂ ਸਹਿਜ-ਸੁਭਾਵਕ ਫੁੱਟਦੀ ਹੈ। ਸੂਚਨਾਵੀਂ ਬਿਰਤਾਂਤ ਅਤੇ ਪਾਤਰਾਂ ਦੀ ਵਾਰਤਾਲਾਪ ਵਿਸ਼ਲੇਸ਼ਣੀ ਲਹਿਜ਼ੇ ਵਾਲੀ ਮਿਲਦੀ ਹੈ ਜਿਸ ਵਿਚੋਂ ਘਟਨਾਵਾਂ ਦਾ ਤਾਰਕਿਕ ਪ੍ਰਬੰਧ, ਰਿਦਮ ਅਤੇ ਸੁਭਾਵਿਕਤਾ ਝਲਕਦੀ ਹੈ। ਇਤਿਹਾਸਕ ਯਥਾਰਥ ਨੂੰ ਗਲਪੀ ਵਿਧਾ ਵਿਚ ਢਾਲਣ ਲਈ ਬਾਵਾ ਤੇ ਬਦਲੇਵ ਸਿੰਘ ਦੀ ਨਾਵਲੀ ਸਟਰੱਕਚਰ ਉਹਨਾਂ ਦੀ ਗਲਪੀ ਸਮਰਥਾ ਦਾ ਉਤਕ੍ਰਿਸ਼ਟ ਪ੍ਰਮਾਣ ਹੈ।

ਪੰਜਾਬੀ ਇਤਿਹਾਸਕ ਨਾਵਲ ਉਕਤ ਰਚਨਾਕਾਰਾਂ ਦੀਆਂ ਰਚਨਾਵਾਂ ਨਾਲ ਮਾਣਮੱਤਾ ਬਣਦਾ ਹੈ। ਆਉਣ ਵਾਲਾ ਸਮਾਂ ਇਸ ਪਰੰਪਰਾ ਦੇ ਨਾਵਲਾਂ ਲਈ ਹੋਰ ਚੰਗੇਰਾ ਬਣਨ ਦੀ ਉਮੀਦ ਹੈ।

ਮੋਬਾ. 94175-86028

**ਹਵਾਲੇ ਤੇ ਟਿੱਪਣੀਆਂ-**

1. ਡਾ. ਗੋਪੀਨਾਥ ਤਿਵਾੜੀ, ਇਤਿਹਾਸਕ ਉਪਨਿਆਸ ਔਰ ਉਪਨਿਆਸਕਾਰ, ਪੰਨਾ,1
2. E.A. Bakes, The History of the English Novel, vol. VII,page.137
3. ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਪੰਨਾ 41
4. ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਨਾਵਲ ਦੇ ਲੱਛਣ ਤੇ ਸੁਝਾਅ, ਪੰਨਾ 41
5. ਭਾਈ ਵੀਰ ਸਿੰਘ, ਬਿਜੈ ਸਿੰਘ, ਭੂਮਿਕਾ
6. ਡਾ. ਮਨਜੀਤ ਸਿੰਘ (ਸੰਪਾ.) ਨਰਿੰਦਰਪਾਲ ਸਿੰਘ ਦੀ ਗਲਪ ਚੇਤਨਾ, ਪੰਨਾ 61
7. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ (ਸੰਪਾ,)
8. ਹਰਦਰਸ਼ਨ ਸਿੰਘ, ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ, ਪੰਨਾ
9. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਉਹੀ ਪੰਨਾ 185
10. ਰਜਨੀਸ਼ ਬਹਾਦਰ ਸਿੰਘ ਪੰਜਾਬੀ ਸਾਹਿਤ ਚਿੰਤਨ, ਅਧਾਰ ਤੇ ਉਸਾਰ, ਪੰਨਾ 132
11. ਸਮਕਾਲੀ ਪੰਜਾਬੀ ਬਿਰਤਾਂਤ, ਜਗਬੀਰ ਸਿੰਘ, ਪੰਨਾ 59
12. ਡਾ. ਅਨੁਰਾਗ ਸ਼ਰਮਾ, ਯੁੱਧ ਨਾਦ ਨਾਵਲ ਦਾ ਉੱਤਰ ਆਧੁਨਿਕ ਪਰਿਪੇਖ, ਸਮਦਰਸ਼ੀ, ਅਪ੍ਰੈਲ-ਮਈ, 2008, ਪੰਨਾ 80-81
13. ਯੁੱਗ ਅੰਤ, ਭੂਮਿਕਾ, ਪੰਨਾ 9
14. ਯੁੱਗ ਅੰਤ, ਪੰਨਾ 8-9
15. ਡਾ. ਪਰਮਜੀਤ ਢੀਂਗਰਾ, ਇਤਿਹਾਸਕ ਸੰਸਕ੍ਰਿਤਕ ਪਾਠ, ਰੋਜ਼ਾਨਾ 'ਨਵਾਂ ਜ਼ਮਾਨਾ (ਐਤਵਾਰਤਾ), 11, ਸਤੰਬਰ, 2011, ਪੰਨਾ 3
16. ਢਾਹਵਾਂ ਦਿੱਲੀ ਦੇ ਕਿੰਗਰੇ, ਪੰਨਾ 72



# ਪੰਜਾਬੀ ਨਾਵਲ ਦੀ ਵਿਧਾ : ਨਵੇਂ ਝੁਕਾਅ/- ਡਾ. ਰਾਮ ਮੂਰਤੀ

ਹਰ ਸਾਹਿਤ ਰੂਪ ਆਪਣੇ ਇਤਿਹਾਸਕ ਵਿਕਾਸ ਦੌਰਾਨ ਆਪਣੀ ਇਕ ਖ਼ਾਸ ਵਿਧਾ ਨੂੰ ਨਿਰਧਾਰਤ ਵੀ ਕਰਦਾ ਰਹਿੰਦਾ ਹੈ ਅਤੇ ਉਸ ਨਿਰਧਾਰਤ ਵਿਧਾ ਦੇ ਹੱਦਾਂ-ਬੰਨੇ ਭੰਨਦਾ ਤੋੜਦਾ ਵੀ ਰਹਿੰਦਾ ਹੈ। ਇਹ ਇਕ ਕੁਦਰਤੀ ਵਰਤਾਰਾ ਹੈ। ਕਾਰਣ ਇਹ ਹੈ ਕਿ ਸਿਰਜਕ ਨੇ ਸਿਰਜਣਾ ਤੋਂ ਪਹਿਲਾਂ ਕਿਸੇ ਸਾਹਿਤ-ਸਕੂਲ ਵਿਚ ਦਾਖ਼ਲਾ ਲੈ ਕੇ ਰਚਨਾ ਪ੍ਰਕਿਰਿਆ ਦੇ ਨੇਮਾਂ ਨੂੰ ਨਾ ਤਾਂ ਸਮਝਣਾ ਹੁੰਦਾ ਹੈ ਅਤੇ ਨਾ ਹੀ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਪਹਿਲਾਂ, ਆਪਣੇ ਤੋਂ ਪਹਿਲੇ ਰਚੀਆਂ ਗਈਆਂ ਵਿਧਾਵਾਂ ਦਾ ਅਧਿਐਨ ਵਿਸ਼ਲੇਸ਼ਣ ਕਰੇ। ਉਹ ਅਜਿਹਾ ਕਰ ਸਕੇ ਤਾਂ ਮੁਬਾਰਕ ਪਰ ਸਿਰਜਣਾ ਦੀ ਇਹ ਕੋਈ ਲਾਜ਼ਮੀ ਸ਼ਰਤ ਨਹੀਂ ਹੈ। ਏਸੇ ਲਈ ਨਵੇਂ ਸਿਰਜਕ ਆਪਣੇ ਸਮਾਜਿਕ ਅਨੁਭਵ, ਪ੍ਰਤੱਖਣ ਅਤੇ ਭਾਸ਼ਾ ਸਮਰੱਥਾ ਅਨੁਸਾਰ ਅਭਿਵਿਅਕਅਤੀ ਦੀਆਂ ਨਵੀਆਂ ਜੁਗਤਾਂ ਸਿਰਜਦੇ ਤਲਾਸ਼ਦੇ ਰਹਿੰਦੇ ਹਨ। ਇਸ ਤਰ੍ਹਾਂ ਕਿਸੇ ਪ੍ਰਚੱਲਿਤ ਸਾਹਿਤ ਰੂਪ ਦੀ ਸਥਾਪਤ ਵਿਧਾ ਅਤੇ ਨਵ-ਸਿਰਜਤ ਵਿਧਾ ਵਿਚ ਵਿਚਲਨ ਪੈਦਾ ਹੋ ਜਾਂਦਾ ਹੈ। ਇਸ ਪ੍ਰਕਿਰਿਆ ਵਿਚੋਂ ਨਵੀਆਂ ਵਿਧਾਵਾਂ ਵੀ ਪੈਦਾ ਹੁੰਦੀਆਂ ਰਹਿੰਦੀਆਂ ਹਨ ਅਤੇ ਪ੍ਰਚੱਲਿਤ ਵਿਧਾਵਾਂ ਅੰਦਰ ਪਰਿਵਰਤਨ ਅਤੇ ਤਬਦੀਲੀਆਂ ਵੀ ਵਾਪਰਦੀਆਂ ਰਹਿੰਦੀਆਂ ਹਨ।

ਅਜਿਹਾ ਮੱਧਕਾਲ ਸਮੇਂ ਦੇ ਸਾਹਿਤ ਵਿਚ ਵੀ ਵਾਪਰਦਾ ਆਇਆ ਹੈ। ਪੁਰਾਤਨ ਨੌਂ ਵਾਰਾਂ ਦੀ ਧੁਨੀ ਉਪਰ ਗੁਰੂ ਸਾਹਿਬਾਨ ਦੁਆਰਾ ਰਚਿਤ ਵਾਰਾਂ ਦੀ ਵਿਧਾ ਅੰਦਰ ਜੋ ਤਬਦੀਲੀਆਂ ਵਾਪਰੀਆਂ, ਸਾਡੇ ਸਾਹਮਣੇ ਹਨ। ਲੋਕ ਵਾਰਾਂ ਦੀ ਬਾਹਰੀ ਯੁੱਧ ਖੇਤਰ ਦੀ ਲੜਾਈ, ਗੁਰੂ ਸਾਹਿਬਾਨ ਦੁਆਰਾ ਰਚਿਤ ਵਾਰਾਂ ਵਿਚ ਮਨੁੱਖ ਦੀ ਅੰਦਰੂਨੀ ਲੜਾਈ ਵਿਚ ਬਦਲ ਜਾਂਦੀ ਹੈ। ਬੀਰ ਰਸ ਸ਼ਾਂਤ ਰਸ ਅਤੇ ਸ਼ਿੰਗਾਰ ਰਸ ਵਿਚ ਵਟ ਜਾਂਦਾ ਹੈ। ਵਿਚਾਰਧਾਰਾ, ਬਦਲ ਕੇ ਅਧਿਆਤਮਕ ਹੋ ਜਾਂਦੀ ਹੈ। ਇਸ ਤਰ੍ਹਾਂ ਵਾਰ ਦਾ ਰਚਨਾ ਵਿਧਾਨ ਹੀ ਪਲਟ ਜਾਂਦਾ ਹੈ ਅਤੇ ਵਾਰ ਦੀ ਇਕ ਨਵੀਂ ਵਿਧਾ (ਵੰਨਗੀ) ਹੋਂਦ ਵਿਚ ਆ ਜਾਂਦੀ ਹੈ। ਭਗਤ ਕਬੀਰ 'ਸੂਰਾ ਸੋ ਪਹਿਚਾਨੀਐ ' ਵਰਗੇ ਸ਼ਬਦਾਂ ਨੂੰ ਵਾਰ ਦਾ ਵਿਧਾ ਵਿਧਾਨ ਦੇ ਦਿੰਦੇ ਹਨ। ਅਜੋਕੇ ਸਮੇਂ ਦੇ ਸਾਹਿਤ ਵਿਚ ਵੀ ਇਹ ਵਰਤਾਰਾ ਕਾਇਮ ਦੇਖਣ ਨੂੰ ਮਿਲਦਾ ਹੈ।


ਸਾਹਿਤ ਦੇ ਰੂਪਾਂ ਅਤੇ ਵਿਧਾਵਾਂ ਸਬੰਧੀ ਸਿਧਾਂਤਕ ਚਰਚਾ ਸਾਹਿਤ-ਚਿੰਤਨ ਦੇ ਮੁੱਢਲੇ ਦੌਰ ਤੋਂ ਹੀ ਹੁੰਦੀ ਆਈ ਹੈ। ਵਿਧਾ ਦੇ ਸਿਧਾਂਤਕ ਵਿਵੇਚਨ ਵਿਚ ਪ੍ਰਾਚੀਨ ਯੂਨਾਨੀ ਫ਼ਿਲਾਸਫ਼ਰ ਅਰਸਤੂ ਦਾ ਵਿਸ਼ੇਸ਼ ਯੋਗਦਾਨ ਹੈ। "ਪਲੈਟੋ ਅਤੇ ਅਰਸਤੂ ਦੀਆਂ ਲਿਖਤਾਂ ਵਿਚ ਸਾਹਿਤਕ ਖੇਤਰ ਦੀਆਂ ਰਚਨਾਵਾਂ ਦੀ ਵੰਡ ਤਿੰਨ ਵੱਡੇ ਵਿਧਾ ਵਰਗਾਂ ਪ੍ਰਗੀਤ, ਮਹਾਂ ਕਾਵਿ ਜਾਂ ਵਰਣਨਾਤਮਕ ਅਤੇ ਨਾਟਕ ਵਿਚ ਹੋ ਚੁੱਕੀ ਸੀ ਜੋ ਲੰਮੇ ਸਮੇਂ ਤੱਕ ਸਾਹਿਤਕ ਖੇਤਰ ਵਿਚ ਨਿਭਾਈ ਜਾਂਦੀ ਰਹੀ।" ਇਸ ਦੇ ਅਨੁਸਰਣ ਵਿਚ ਜਰਮਨ ਅਲੋਚਕਾਂ ਨੇ ਇਸ ਤ੍ਰੈ ਖੰਡੀ ਵਿਧੀ ਨੂੰ ਵਿਸਥਾਰ ਦਿੱਤਾ ਜਿਨ੍ਹਾਂ ਵਿਚ ਜੇਮਸ ਜੋਇਸ ਦਾ ਪ੍ਰਮੁੱਖ ਸਥਾਨ ਹੈ। ਅਠਾਰ੍ਹਵੀ ਸਦੀ ਦੇ ਅਖ਼ੀਰ ਅਤੇ ਉਨੀਵੀਂ ਸਦੀ ਦੇ ਆਰੰਭ ਤੱਕ ਸਾਹਿਤਕ ਕਿਰਤਾਂ ਨੂੰ ਵਿਧਾ ਵਜੋਂ ਪਰਖਣ ਦਾ ਇਹ ਸਿਲਸਿਲਾ ਏਸੇ ਤਰ੍ਹਾਂ ਜਾਰੀ ਰਿਹਾ। ਮਹਾਂ ਕਾਵਿ, ਦੁਖਾਂਤ, ਸੁਖਾਂਤ ਅਤੇ ਵਿਅੰਗ ਵਰਗੀਆਂ ਪ੍ਰਾਚੀਨਤਮ ਵਿਧਾਵਾਂ ਅਜੋਕੇ ਸਮੇਂ ਵਿਚ ਵੀ ਰਚੀਆ ਜਾ ਰਹੀਆਂ ਹਨ ਭਾਵੇਂ ਕਿ ਹੁਣ ਤਿੰਨ ਹੋਰ ਨਵੀਆਂ ਵਿਧਾਵਾਂ ਜੀਵਨੀ, ਨਿਬੰਧ ਅਤੇ ਨਾਵਲ ਵੀ ਸਿਖਰਾਂ ਛੂਹ ਰਹੀਆਂ ਹਨ। ਕਲਾ ਪ੍ਰਤੀ ਜਾਗਰਤੀ ਕਾਲ ਦੀ ਗੱਲ ਕਰੀਏ ਤਾਂ ਅਠਾਰਵੀਂ ਸਦੀ ਤੋਂ ਹੀ ਪਛਾਣਯੋਗ ਵਿਧਾਵਾਂ ਨੂੰ ਸਾਹਿਤਕ ਵੰਨਗੀਆਂ ਵਜੋਂ ਸਥਾਪਤ ਕੀਤਾ ਜਾਣਾ ਸ਼ੁਰੂ ਹੋ ਗਿਆ ਸੀ ਜਿਨ੍ਹਾਂ ਦੀ ਪਵਿੱਤਰਤਾ ਅਤੇ ਪਛਾਣਯੋਗਤਾ ਨੂੰ ਕਾਇਮ ਰੱਖਣ ਉਪਰ ਨਿਓ ਕਲਾਸਕੀ ਆਲੋਚਕ




ਬਲ ਦਿੰਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਦੁਖਾਂਤ ਅਤੇ ਸੁਖਾਂਤ ਨੂੰ ਕਿਸੇ ਵੀ ਤਰ੍ਹਾਂ ਮਿਸ਼ਰਤ ਰੂਪ ਵਿਚ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਲੇਕਿਨ 1950 ਤੋਂ ਬਾਅਦ ਵਿਧਾ ਸਬੰਧੀ ਇਸ ਤਰ੍ਹਾਂ ਦੀ ਧਾਰਨਾ ਨੂੰ ਰੱਦ ਕਰਕੇ ਨਵੇਂ ਪ੍ਰਤੀਮਾਨ ਸਥਾਪਤ ਕੀਤੇ ਗਏ ਜਿਸ ਨੂੰ ਸ਼ਿਕਾਗੋ ਦੇ ਆਲੋਚਕਾਂ ਖਾਸਕਰ ਨਾਰਥੋਫਰਾਈ ਦਾ ਵਿਸ਼ੇਸ਼ ਯੋਗਦਾਨ ਸੀ। ਉਸ ਅਨੁਸਾਰ ਕਵਿਤਾ ਇਕ ਕਲਾ ਕਿਰਤ ਹੈ ਜਿਸ ਦਾ ਆਪਣਾ ਬਿੰਬ ਸੰਗਠਨ ਹੈ। ਇਸ ਦੀ ਪਰਖ ਨਿੱਜੀ ਤੌਰ 'ਤੇ ਇਸ ਵਰਗੀ ਕਿਸੇ ਹੋਰ ਵਸਤੂ ਦੇ ਹਵਾਲੇ ਤੋਂ ਬਿਨਾ ਹੋਣੀ ਚਾਹੀਦੀ ਹੈ। ਇਸੇ ਲਈ ਉਹ ਵਿਧਾ ਸਬੰਧੀ ਮੁੱਢਲੇ ਰੂਪ ਦਾ ਸਿਧਾਂਤ ਪੇਸ਼ ਕਰਦਾ ਹੈ। ਪਰ ਅਜੋਕੇ ਆਲੋਚਕ ਵਿਧਾ ਨੂੰ ਇਕ ਪਰਿਵਾਰਕ ਇਕਾਈ ਮੰਨ ਕੇ ਚੱਲਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਜਿਵੇਂ ਇਕ ਪਰਿਵਾਰ ਵਿਚ ਰਹਿਣ ਵਾਲੇ ਜੀਆਂ ਦੇ ਮੁਹਾਂਦਰੇ ਮਿਲਦੇ ਜੁਲਦੇ ਹੋਣ ਦੇ ਬਾਵਜੂਦ ਉਹ ਅਲੱਗ ਅਲੱਗ ਅਸਤਿਵ ਦੇ ਧਾਰਨੀ ਹੁੰਦੇ ਹਨ ਇਸੇ ਤਰ੍ਹਾਂ ਸਾਹਿਤਕ ਵਿਧਾਵਾਂ ਇਕ ਦੂਸਰੀ ਦੇ ਸਮਰੂਪ ਹੋ ਸਕਦੀਆਂ ਹਨ, ਸਮਰੂਪਤਾ ਹੰਢਾਉਂਦੀਆਂ ਹੋਈਆਂ ਵੀ ਉਹ ਅਲੱਗ ਵਿਧਾ ਦੀਆਂ ਧਾਰਨੀ ਹੁੰਦੀਆਂ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵਿਧਾ ਸਬੰਧੀ ਪ੍ਰਾਚੀਨ ਧਾਰਨਾ ਨੂੰ ਸੱਟ ਵੱਜਦੀ ਹੈ ਅਤੇ ਆਧੁਨਿਕ ਸਮੇਂ ਵਿਚ ਮਿਸ਼ਰਤ-ਵਿਧਾਵਾਂ ਦੀ ਪਛਾਣ ਕੀਤੀ ਜਾਣ ਲੱਗੀ ਹੈ। ਵਿਧਾ ਸਬੰਧੀ ਮੌਲਿਕਤਾ ਤੇ ਪਵਿਤਰਤਾ ਦੀ ਧਾਰਨਾ ਖਤਮ ਹੋ ਚੁੱਕੀ ਹੈ। ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਜਦੋਂ ਅਸੀਂ ਅਜੋਕੇ ਪੰਜਾਬੀ ਨਾਵਲ ਦਾ ਅਧਿਐਨ ਕਰਦੇ ਹਾਂ ਤਾਂ ਨਾਵਲ ਵਿਧਾ ਦੇ ਸਥਾਪਤ ਪ੍ਰਤਿਮਾਨਾਂ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਕਿ ਇਹ ਵੀ ਸੱਚ ਹੈ ਕਿ ਸਾਰੀਆਂ ਵਿਧਾਵਾਂ ਹਰ ਸਮੇਂ ਪਰਿਵਰਤਨ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਹੀਆਂ ਹੁੰਦੀਆਂ ਹਨ ਪਰ ਅਜੋਕਾ ਪੰਜਾਬੀ ਨਾਵਲ ਬੜੀ ਤੇਜ਼ੀ ਨਾਲ ਆਪਣੀ ਪ੍ਰਚੱਲਿਤ ਤੇ ਨਿਰਧਾਰਤ ਵਿਧਾ ਨੂੰ ਤੋੜ ਕੇ ਸਾਹਿਤ ਦੀਆਂ ਹੋਰ ਵਿਧਾਵਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਰਿਹਾ ਹੈ। ਅਜੋਕੇ ਲਿਖੇ ਜਾ ਰਹੇ ਨਾਵਲ ਨੂੰ ਕਈ ਵਾਰ ਨਾਵਲ ਕਹਿ ਸਕਣਾ ਵੀ ਮੁਸ਼ਕਿਲ ਜਾਪਦਾ ਹੈ। ਪਿੱਛੇ ਜਿਹੇ ਅਜਿਹੇ ਬਹੁ-ਵਿਧਾਵੀ ਨਾਵਲ ਛਪ ਕੇ ਸਾਹਮਣੇ ਆਏ ਹਨ ਜੋ ਆਪਣੀ ਵਿਲੱਖਣ ਵਿਧਾ ਸਦਕਾ ਹੀ ਚਰਚਿਤ ਰਹੇ ਹਨ। ਇਨ੍ਹਾਂ ਵਿਚ ਧਰਮਪਾਲ ਸਾਹਿਲ ਦਾ ਨਾਵਲ 'ਪਥਰਾਟ', ਕੁਲਦੀਪ ਸਿੰਘ ਬੇਦੀ ਦਾ ਨਾਵਲ 'ਰੰਗ ਤਮਾਸ਼ਾ', ਡਾ. ਰਾਜਿੰਦਰ ਸਿੰਘ ਦਾ ਨਾਵਲ 'ਪਰਾਤੜੇ 'ਚ ਗੰਗਾ', ਸੁਰਿੰਦਰ ਸਿੰਘ ਨੇਕੀ ਦਾ ਨਾਵਲ 'ਛੇਵਾਂ ਦਰਿਆ', ਦੇਸ ਰਾਜ ਕਾਲੀ ਦਾ ਨਾਵਲ 'ਪ੍ਰਨੇਸ਼ਵਰੀ' ਬਲਬੀਰ ਪਰਵਾਨਾ ਦਾ ਨਾਵਲ 'ਗਹਿਰ ਚੜ੍ਹੀ ਅਸਮਾਨ' ਅਤੇ ਹਰਨੇਕ ਹੇਅਰ ਦਾ ਨਾਵਲ 'ਧੁਖ਼ਦਾ ਗੋਹਟਾ' ਪ੍ਰਮੁੱਖ ਕਹੇ ਜਾ ਸਕਦੇ ਹਨ।

ਨਾਵਲੀ ਵਿਧਾ ਨੂੰ ਬੁਰੀ ਤਰ੍ਹਾਂ ਝੰਜੋੜਨ ਵਾਲਾ ਨਾਵਲ 'ਪਥਰਾਟ' ਹੈ ਜਿਸ ਸਬੰਧੀ ਸਾਰੇ ਪੰਜਾਬ ਵਿਚ ਦਸ ਤੋਂ ਵੱਧ ਗੋਸ਼ਟੀਆਂ ਹੋਈਆਂ। ਲੇਖਕ ਇਸ ਰਚਨਾ ਨੂੰ ਨਾਵਲ ਕਹਿੰਦਾ ਹੈ ਅਤੇ ਇਸ ਦੇ ਆਰੰਭ ਵਿਚ 'ਤਤਕਰਾ' ਵੀ ਦਿੰਦਾ ਹੈ। ਮੇਰੀ ਨਜ਼ਰ ਵਿਚ ਆਇਆ ਇਹ ਪਹਿਲਾ ਨਾਵਲ ਹੈ ਜੋ ਇਕ ਕਹਾਣੀ ਸੰਗ੍ਰਹਿ ਵਾਂਗ ਉਪ ਸਿਰਲੇਖਾਂ ਵਿਚ ਵੰਡ ਕੇ ਲਿਖਿਆ ਗਿਆ ਹੈ। ਅਸੀਂ ਜਾਣਦੇ ਹਾਂ ਕਿ ਨਾਵਲ ਦਾ ਇਕ ਪ੍ਰਧਾਨ ਕਥਾਨਕ ਹੋਇਆ ਕਰਦਾ ਹੈ ਜਿਸ ਨਾਲ ਬਾਕੀ ਦੇ ਉਪ ਕਥਾਨਕ ਜੁੜ ਕੇ ਇਕ ਗਾਲਪਨਿਕ-ਸੰਸਾਰ ਦੀ ਰਚਨਾ ਕਰਦੇ ਹਨ। ਇਹ ਸਾਰੇ ਉਪ ਕਥਾਨਕ ਜਾਂ ਮੋਟਿਫ਼ ਜੁੜ ਕੇ ਪ੍ਰਧਾਨ ਕਥਾਨਕ ਨੂੰ ਉਭਾਰਨ ਦਾ ਕਾਰਜ ਕਰਦੇ ਹਨ। ਇਹ ਨਾਵਲ ਆਪਣਾ ਪ੍ਰਧਾਨ ਕਥਾਨਕ ਸਿਰਜਣ ਜਾਂ ਲੱਭਣ ਲਈ ਜੂਝ ਰਿਹਾ ਹੈ। ਕੀ ਇਸ ਦਾ ਪ੍ਰਧਾਨ ਕਥਾਨਕ ਮਾਨ੍ਹਾ ਤਵੀਤਾ ਵਾਲਾ ਤੇ ਜ਼ਖ਼ਮੀ ਕੂੰਜ (ਕਮਲੋ) ਹੈ ਜਾਂ ਗਲ ਦੀ ਗਾਨੀ (ਮੈਂ ਪਾਤਰ ਤੇ ਗੌਰੀ ਦੀ ਪ੍ਰੇਮ ਕਥਾ ਹੈ ਜੰਗਲ ਗਾਥਾ-






1 ਤੇ ਜੰਗਲ ਗਾਥਾ-2 ਹੈ। ਇਨ੍ਹਾਂ ਬਿਰਤਾਂਤਾਂ ਵਿਚੋਂ ਅਸੀਂ ਕਿਸ ਨੂੰ ਨਾਵਲ ਦਾ ਪ੍ਰਧਾਨ ਕਥਾਨਕ ਮੰਨੀਏ, ਤੈਅ ਨਹੀਂ ਹੋ ਪਾਉਂਦਾ। ਇਸ ਨਾਵਲ ਦੇ ਬਹੁਤ ਸਾਰੇ ਪਾਤਰ ਅਤੇ ਘਟਨਾਵਾਂ ਅਣਸੁਲਝੀਆਂ ਹੀ ਛੱਡ ਦਿੱਤੀਆਂ ਗਈਆਂ ਹਨ। ਜੋ ਨਾਵਲ ਦੀ ਵਿਧਾ ਦਾ ਧਰਮ ਨਹੀਂ। ਤਾਂ ਫਿਰ ਮਸਲਾ ਪੈਦਾ ਹੋਇਆ ਇਸ ਨੂੰ ਕਿਹੜੀ ਵਿਧਾ ਦੇ ਅੰਤਰਗਤ ਰੱਖਿਆ ਜਾਵੇ। ਦਰਅਸਲ ਇਹ ਲੇਖਕ ਦੀਆਂ ਨੀਮ ਪਹਾੜੀ ਇਲਾਕੇ ਵਿਚ ਬਿਤਾਈਆਂ ਗਈਆਂ ਯਾਦਾਂ ਦਾ ਗਲਪਨਿਕ ਰੂਪ ਹੈ। ਉਸ ਨੇ ਆਪਣੀਆਂ ਯਾਦਾਂ ਨੂੰ ਸੰਗ੍ਰਿਹਿਤ ਕੀਤਾ ਹੈ। ਇਸ ਪੱਖ ਤੋਂ ਇਸ ਨੂੰ ਸੰਸਮਰਣ ਦੀ ਵਿਧਾ ਆਖਿਆ ਜਾ ਸਕਦਾ ਹੈ। 'ਸੰਸਮਰਣ' ਨੂੰ ਆਮ ਤੌਰ ਤੇ ਸਵੈ ਜੀਵਨੀ ਜਾਂ ਆਤਮ ਕਥਾ ਦਾ ਪਰਿਆਇ ਮੰਨਿਆ ਜਾਂਦਾ ਹੈ ਪਰ ਬਾਹਰ ਮੁਖੀ ਕਾਰਜਾਂ ਅਤੇ ਚਰਿਤਰ ਦੇ ਬਿਆਨ ਵਿਚ ਇਨ੍ਹਾਂ ਦੋਹਾਂ ਵਿਚ ਢੇਰ ਅੰਤਰ ਹੁੰਦਾ ਹੈ। ਆਤਮ ਕਥਾ ਲੇਖਕ ਦੇ ਨਿੱਜੀ ਜੀਵਨ ਦੇ ਬਿਰਤਾਂਤ ਉਪਰ ਕੇਂਦਰਿਤ ਰਹਿੰਦੀ ਹੈ ਜਦਕਿ ਸੰਸਮਰਣ ਲੇਖਕ ਦੇ ਬਾਹਰਮੁਖੀ ਜੀਵਨ ਅਤੇ ਸਮਾਜਕ ਪ੍ਰਭਾਵਾਂ ਦਾ ਵਰਣਨ ਹੁੰਦਾ ਹੈ। ਆਤਮ ਕਥਾ ਵਾਂਗ ਲਿਖਿਆ ਤਾਂ ਭਾਵੇਂ ਇਹ ਵੀ ਉਤਮ ਪੁਰਖੀ ਸ਼ੈਲੀ ਵਿਚ ਜਾਂਦਾ ਹੈ ਪਰ ਇਸ ਵਿਚ ਪੱਤਰ ਸ਼ੈਲੀ ਕਹਾਣੀ, ਉਪਨਿਆਸ ਅਤੇ ਨਿਬੰਧ ਸ਼ੈਲੀ ਆਦਿ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਮੇਰੀ ਜਾਚੇ ਇਹ ਨਾਵਲ ਅਤੇ ਸੰਸਮਰਣ ਦੋ ਵਿਧਾਵਾ ਦਾ ਸੁਮੇਲ ਹੈ ਜਿਸ ਦੇ ਸੰਗਠਨ ਵਿਚ ਸੰਸਮਰਣ ਦੀ ਵਿਧਾ ਵਧੇਰੇ ਪ੍ਰਭਾਵੀ ਹੈ।

ਕੁਲਦੀਪ ਸਿੰਘ ਬੇਦੀ ਦਾ ਨਾਵਲ 'ਰੰਗ ਤਮਾਸ਼ਾ' ਵੀ ਨਾਵਲ ਦੀ ਪ੍ਰਚੱਲਿਤ ਵਿਧਾ ਨੂੰ ਤੋੜ ਕੇ ਇਕ ਵਿਲੱਖਣ ਕਿਸਮ ਦੀ ਗਾਲਪਨਿਕ ਵਿਧਾ ਸਿਰਜਣ ਵੱਲ ਅਹੁਲਦਾ ਹੈ। ਇਥੋਂ ਤੱਕ ਕਿ ਇਹ ਗਾਲਪਨਿਕ ਰਚਨਾ ਕਿਸ ਵਿਧਾ ਵਿਚ ਲਿਖੀ ਗਈ ਹੈ ਲੇਖਕ ਨੂੰ ਵੀ ਸਪੱਸ਼ਟ ਨਹੀਂ। ਇਸ ਨਾਵਲ ਦੇ ਮੁੱਖ ਬੰਦ ਵਿਚ ਲੇਖਕ ਖੁਦ ਲਿਖਦਾ ਹੈ,

"ਇਹ ਫੈਸਲਾ ਪਾਠਕਾਂ ਨੇ ਕਰਨਾ ਹੈ ਕਿ ਇਹ ਰਚਨਾ ਸਫ਼ਰਨਾਮਾ ਹੈ ਜਾਂ ਨਾਵਲ। ਇਹ ਵੀ ਫ਼ੈਸਲਾ ਪਾਠਕ ਹੀ ਕਰਨਗੇ ਕਿ ਇਹ ਰਚਨਾ ਨਾ ਨਾਵਲ ਬਣ ਸਕੀ ਅਤੇ ਨਾ ਹੀ ਸਫ਼ਰਨਾਮਾ। ਫਿਰ ਮੈਂ ਸੋਚਦਾ ਹਾਂ ਕਿ ਸ਼ਾਇਦ ਪਾਠਕ ਇਸ ਨੂੰ ਸਫ਼ਰਨਾਮਾ ਵੀ ਮੰਨ ਲੈਣ ਅਤੇ ਨਾਵਲ ਵੀ। ਮੈਂ ਹਰ ਪ੍ਰਤਿਕਿਰਿਆ ਲਈ ਹਾਜ਼ਰ ਹਾਂ।[3]

ਇਸ ਨਾਵਲ ਦਾ ਘਟਨਾ ਸਥਲ ਅਮਰੀਕਾ ਦੀ ਧਰਤੀ ਬਣਦੀ ਹੈ। ਲੇਖਕ ਭਾਰਤੀ ਪੱਤਰਕਾਰਾਂ ਦੇ ਡੈਲੀਗੇਸ਼ਨ ਵਿਚ ਇਕ ਡੈਲੀਗੇਟ ਵਜੋਂ ਅਮਰੀਕਾ ਗਿਆ ਅਤੇ ਉਥੇ ਪ੍ਰਾਪਤ ਅਨੁਭਵਾਂ ਨੂੰ ਉਸ ਨੇ ਗਾਲਪਨਿਕ ਰੂਪ ਦਿੱਤਾ। ਜਦੋਂ ਅਸੀਂ ਇਸ ਰਚਨਾ ਨੂੰ ਇਕ ਸਫ਼ਰਨਾਮੇ ਵਜੋਂ ਵਿਚਾਰਦੇ ਹਾਂ ਤਾਂ ਇਹ ਸਫ਼ਰਨਾਮਾ ਦੀਆਂ ਵਿਧਾਗਤ ਵਿਸ਼ੇਸ਼ਤਾਵਾਂ ਉਪਰ ਪੂਰੀ ਨਹੀਂ ਉਤਰਦੀ। ਸਫ਼ਰਨਾਮੇ ਵਿਚ ਆਏ ਪਾਤਰਾਂ, ਸ਼ਹਿਰ, ਥਾਵਾਂ ਅਤੇ ਘਟਨਾਵਾਂ ਅਸਲੀ ਹੁੰਦੀਆਂ ਹਨ, ਕਾਲਪਨਿਕ ਕਦੇ ਵੀ ਨਹੀਂ। ਜਦਕਿ ਲੇਖਕ ਨੇ ਇਸ ਪੁਸਤਕ ਦੇ ਪੰਨਾ ਨੰਬਰ 06 ਉਪਰ ਹੇਠ ਲਿਖਿਆ ਨੋਟ ਦਰਜ ਕੀਤਾ ਹੈ,

"ਇਸ ਰਚਨਾ ਵਿਚ ਸ਼ਾਮਲ ਪ੍ਰੇਮ ਕਹਾਣੀ ਦੇ ਸਾਰੇ ਪਾਤਰ ਮਨੋਕਲਪਿਤ ਹਨ। ਇਸ ਵਿਚ ਸ਼ਾਮਲ ਘਟਨਾਵਾਂ ਦਾ ਕਿਸੇ ਵੀ ਵਿਅਕਤੀ ਜਾਂ ਔਰਤ ਨਾਲ ਮੇਲ ਖਾਣਾ ਸੁਭਾਵਕ ਹੋ ਸਕਦਾ ਹੈ, ਪਰ ਇਹ ਕਿਸੇ ਦੀ ਨਿੱਜੀ ਜ਼ਿੰਦਗੀ 'ਚੋਂ ਚੁਰਾਈਆਂ ਨਹੀਂ ਗਈਆਂ।'[4]


ਲੇਖਕ ਦੇ ਉਪਰੋਕਤ ਵਿਚਾਰ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਚਲਦਾ ਹੈ ਕਿ ਉਸ ਨੇ ਇਸ ਰਚਨਾ ਵਿਚ ਸ਼ਾਮਲ ਪ੍ਰੇਮ ਕਹਾਣੀ ਨੂੰ ਹੀ ਕਾਲਪਨਿਕ ਦੱਸਿਆ ਹੈ। ਬਾਕੀ ਸਾਰਾ ਕੁਝ ਅਸਲੀ ਹੀ ਹੈ। ਇਸ ਵਿਸ਼ੇਸ਼ ਇਤਿਹਾਸਕ ਕਾਲ ਦੌਰਾਨ ਉਸ ਨੇ ਅਮਰੀਕਾ ਦੇਸ਼ ਦੀ ਯਾਤਰਾ ਕੀਤੀ। ਉਥੋਂ ਦੇ ਸ਼ਹਿਰਾਂ

ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਤੇ ਅਦਾਰਿਆਂ ਦਾ ਇੰਨ ਬਿੰਨ ਜ਼ਿਕਰ ਹੈ। "ਮੁਹੱਲਿਆਂ ਤੇ ਗਲੀਆਂ ਤੱਕ ਦੇ ਨੰਬਰਾਂ ਦਾ ਸਹੀ ਤੇ ਸਪੱਸ਼ਟ ਵਰਨਣ ਹੈ। ਕੁਝ ਇਕ ਸ਼ਹਿਰਾਂ ਦਾ ਇਤਿਹਾਸਕ, ਭੂਗੋਲਿਕ, ਸਭਿਆਚਾਰਕ, ਸਿਆਸੀ, ਸਮਾਜਿਕ ਤੇ ਆਰਥਕ ਪੱਖੋਂ ਬੜਾ ਭਰਵਾਂ ਵਿਸਥਾਰ ਦਿੱਤਾ ਹੈ। ਕਿੱਧਰ ਇਹ ਜਾਣਕਾਰੀ ਗ਼ੈਰ ਯਕੀਨੀ ਨਹੀਂ ਜਾਪਦੀ। ਅਮਰੀਕਾ ਵਾਂਗ ਦੇਸ਼ ਵਿਚ ਕਿਸੇ ਥਾਂ ਅਮਿਸ਼ ਵਰਗੇ ਪਿੰਡ ਵੀ ਹਨ ਜਿੱਥੇ ਲੋਕ ਅੱਜ ਵੀ 18 ਵੀ ਸਦੀ ਵਿਚ ਰਹਿ ਰਹਿ ਰਹੇ ਹਨ। ਉਥੋਂ ਦੇ ਅਜੀਬ ਰੀਤੀ-ਰਿਵਾਜ਼ ਹਨ। ਮਸਲਨ ਇਸ ਪਿੰਡ ਵਿਚ ਮਿੱਟੀ ਦੇ ਤੇਲ ਨਾਲ ਰੌਸ਼ਨੀ ਕੀਤੀ ਜਾਂਦੀ ਹੈ। ਅਮਰੀਕੀ ਸਰਕਾਰ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ। ਉਹ ਅਮਰੀਕੀ ਸਰਕਾਰ ਨੂੰ ਕੋਈ ਟੈਕਸ ਨਹੀਂ ਦਿੰਦੇ। ਬੱਚਿਆਂ ਨੂੰ ਅੱਠ ਜਮਾਤਾਂ ਤੋਂ ਵੱਧ ਨਹੀਂ ਪੜ੍ਹਾਉਂਦੇ। ਉਨ੍ਹਾਂ ਨੂੰ ਵੋਟ ਪਾਉਣ ਦਾ ਵੀ ਕੋਈ ਅਧਿਕਾਰ ਨਹੀਂ। ਮੈਂ ਇਸ ਵਿਸਥਾਰ ਵਿਚ ਇਸ ਲਈ ਗਿਆ ਹਾਂ ਕਿ ਇਹੋ ਜਿਹਾ ਵਰਨਣ ਇਕ ਸਫ਼ਰਨਾਮੇ ਵਿਚ ਹੀ ਹੋ ਸਕਦਾ ਹੈ। "[5]

ਕੁਝ ਵਿਦਵਾਨਾ ਨੇ 'ਬਾਨੋ' ਤੇ 'ਅਵੀਨਾਸ਼' ਦੀ ਪ੍ਰੇਮ ਕਹਾਣੀ ਦੀ ਸ਼ਮੂਲੀਅਤ ਸਦਕਾ ਇਸ ਨੂੰ ਇਕ ਨਾਵਲ ਮੰਨਿਆ ਹੈ ਪਰ ਇਸ ਦਾ ਸਮੁੱਚਾ ਪ੍ਰਭਾਵ ਇਕ ਸਫ਼ਰਨਾਮੇ ਵਾਲਾ ਹੈ ਕਿਹਾ ਜਾ ਸਕਦਾ ਹੈ ਕਿ ਇਸ ਰਚਨਾ ਵਿਚਲਾ ਨਾਵਲ ਸਫ਼ਰਨਾਮੇ ਦੀ ਬੁੱਕਲ ਮਾਰੀ ਬੈਠਾ ਹੈ। ਇਸ ਤਰ੍ਹਾਂ ਇਹ ਇਕ ਮਿਸ਼ਰਤ ਵਿਧਾ ਦਾ ਖ਼ੂਬਸੂਰਤ ਨਮੂਨਾ ਹੈ। 'ਮਿਸ਼ਰਤ ਵਿਧਾ' ਦੀ ਇਸ ਦ੍ਰਿਸ਼ਟੀ ਤੋਂ ਡਾ. ਰਾਜਿੰਦਰ ਸਿੰਘ ਦਾ ਨਾਵਲ 'ਪਰਾਤੜੇ 'ਚ ਗੰਗਾ' ਵੀ ਅਧਿਐਨ ਦੀ ਮੰਗ ਕਰਦਾ ਹੈ। ਇਸ ਨਾਵਲ ਵਿਚ 'ਅੱਛਰ ਕੌਰ' ਦੇ ਜੀਵਨ-ਸੰਘਰਸ਼ ਨੂੰ ਆਦਰਸ਼ਕ ਦ੍ਰਿਸ਼ਟੀਕੋਣ ਤੋਂ ਚਿਤਰਿਆ ਗਿਆ ਹੈ। ਲੇਖਕ ਨੇ ਉਸ ਦੇ ਨਾਇਕਤੱਵ ਨੂੰ ਉਭਾਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਅਤੇ ਉਸ ਨੂੰ ਇਕ ਦੈਵੀ ਸਰੂਪ ਪ੍ਰਦਾਨ ਕਰਨ ਤੋਂ ਵੀ ਲੇਖਕ ਪਿੱਛੇ ਨਹੀਂ ਰਿਹਾ। ਅੱਜ ਕੱਲ੍ਹ ਨਾਵਲਾਂ ਵਿਚ ਨਾਇਕ ਦੀ ਸਿਰਜਣਾ ਨਹੀਂ ਕੀਤੀ ਜਾਂਦੀ। ਅੱਜ ਤਾਂ ਨਾਵਲ ਵਿਚ ਕਈ ਵਾਰ ਮੁੱਖ ਪਾਤਰ ਸਬੰਧੀ ਫੈਸਲਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ। ਇਸ ਨਾਵਲ ਵਿਚ ਲੇਖਕ ਨੇ ਅੱਛਰਾ ਨੂੰ ਇਕ ਦੇਵੀ ਬਣਾ ਕੇ ਪੇਸ਼ ਕੀਤਾ ਹੈ ਜੋ ਇਕ ਜੀਵਨੀ ਦੀ ਪਾਤਰ ਵਧੇਰੇ ਲਗਦੀ ਹੈ, ਨਾਵਲ ਦੀ ਘੱਟ। ਇਸ ਲਈ ਡਾ. ਹਰਮੀਤ ਸਿੰਘ ਇਸ ਨੂੰ ਨਾਵਲ ਨਾ ਕਹਿ ਕੇ ਨਾਵਲ ਵਰਗੀ ਗੱਲ' ਕਹਿੰਦੇ ਹਨ। ਉਹ ਇਸ ਨੂੰ ਜੀਵਨੀ ਨੁਮਾ ਨਾਵਲ ਜਾਂ ਨਾਵਲ ਨੁਮਾ ਜੀਵਨੀ ਆਖ ਕੇ ਇਸ ਦੇ ਮਿਸ਼ਰਤ ਵਿਧਾ ਦੇ ਧਾਰਨੀ ਹੋਣ ਵੱਲ ਇਸ਼ਾਰਾ ਕਰ ਰਹੇ ਹਨ।

ਇਸ ਨਾਵਲ ਦੀ ਵਰਣਨਾਤਮਕਤਾ ਵੀ ਸਾਡਾ ਧਿਆਨ ਖਿੱਚਦੀ ਹੈ। ਵਰਣਨਾਤਮਕ ਵਿਧਾ ਵਿਚ ਕਿਸੇ ਕਿਸਮ ਦੇ ਕਥਾ ਪ੍ਰਪੰਚ ਨੂੰ ਪ੍ਰਧਾਨ ਰੂਪ ਵਿਚ ਨਹੀਂ ਅਪਣਾਇਆ ਜਾਂਦਾ ਸਗੋਂ ਕਿਸੇ ਸਥਿਰ ਸਥਿਤੀ, ਦ੍ਰਿਸ਼ ਜਾਂ ਸਥਾਨ ਆਦਿ ਦਾ ਵਰਨਣ ਕੀਤਾ ਜਾਂਦਾ ਹੈ। ਪ੍ਰਕਿਰਤੀ ਚਿਤਰਨ, ਦ੍ਰਿਸ਼ ਚਿਤਰਣ ਅਤੇ ਵਾਤਾਵਰਣ ਦੀ ਉਸਾਰੀ ਲਈ ਇਸ ਵਿਧਾ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਧਾ ਦੇ ਸਿਰਜਣ ਵੇਲੇ ਕਥਾਕਾਰ ਕਹਾਣੀ ਨੂੰ ਰੋਕ ਕੇ ਦ੍ਰਿਸ਼ ਚਿਤਰਣ, ਸਥਿਤੀ ਦਾ ਬਿਆਨ ਜਾਂ ਪ੍ਰਕਿਰਤੀ ਚਿਤਰਣ ਕਰਦਾ ਹੈ। 'ਪਰਾਤੜੇ 'ਚ ਗੰਗਾ' ਨਾਵਲ ਦਾ ਬਹੁਤਾ ਭਾਗ ਇਸ ਵਿਧਾ ਵਿਚ ਹੀ ਰਚਿਆ ਗਿਆ ਹੈ। ਸੂਬਾ ਸਿੰਘ ਦੇ ਪੁੱਤਰਾਂ ਪ੍ਰੀਤਮ ਸਿੰਘ ਤੇ ਸਤਨਾਮ ਸਿੰਘ ਦੇ ਘਰਾਂ ਦੀ ਆਰਥਿਕ ਖੁਸ਼ਹਾਲੀ ਅਤੇ ਵਿਉਪਾਰ ਦੀ ਚੜ੍ਹਤ ਦਾ ਵਰਨਣ, ਅੱਛਰ ਕੌਰ ਦਾ ਪਿਤਾ ਪਿਰਥੂ ਰਾਮ ਦੀ ਨਿਵਾਸ ਅਸਥਾਨ ਦੀ ਨਿਸ਼ਾਨਦੇਹੀ ਅਤੇ ਉਸ ਦੀ ਵਪਾਰਕ ਸਥਿਤੀ ਆਦਿ ਦਾ ਵਰਣਨਾਤਮਕ ਵਿਧਾ ਰਾਹੀਂ ਹੀ ਕੀਤੀ ਗਈ ਹੈ। ਏਸੇ ਲਈ ਦਲੀਪ ਕੌਰ ਟਿਵਾਣਾ ਇਸ ਨਾਵਲ ਵਿਚ ਕਥਾ ਦੀ ਅਣਹੋਂਦ ਹੀ ਦੇਖਦੀ ਹੈ। ਉਸ ਦਾ ਵਿਚਾਰ ਹੈ,






"ਪੰਜਾਬੀ ਦੇ ਸਾਰੇ ਦੇ ਸਾਰੇ ਨਾਵਲ ਕਹਾਣੀ ਬਿਆਨ ਕਰਨ ਵਿਚ ਰੁਚਿਤ ਹਨ। ਪਰ ਇਸ ਨਾਵਲ ਵਿਚ ਕੋਈ ਕਹਾਣੀ ਨਹੀਂ ਜਿਵੇਂ ਜ਼ਿੰਦਗੀ ਕੋਈ ਕਹਾਣੀ ਨਹੀਂ ਪਰ ਇਸ ਦਾ ਹਰ ਪਲ ਆਪਣੇ ਆਪ ਵਿਚ ਇਕ ਕਹਾਣੀ ਹੈ। 7

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਇਸ ਨਾਵਲ ਦੀ ਵਿਧਾ ਵਿਚ ਜੀਵਨੀ ਅਤੇ ਵਰਣਨਾਤਮਕਤਾ ਦੋ ਹੋਰ ਵਿਧਾਵਾਂ ਉਣੀਆਂ ਹੋਈਆਂ ਹਨ।


ਵਿਧਾ ਦੀ ਵਿਲੱਖਣਤਾ ਦੇ ਪੱਖ ਤੋਂ ਸੁਰਿੰਦਰ ਸਿੰਘ ਨੇਕੀ ਦਾ ਨਾਵਲ 'ਛੇਵਾਂ ਦਰਿਆ' ਨਵਾਂ ਪ੍ਰਯੋਗ ਹੈ। ਖੁੰਡ ਚਰਚਾ, ਅਖ਼ਬਾਰੀ ਰਿਪੋਰਟਾਂ ਅਤੇ ਭਾਸ਼ਣ ਤਿੰਨ ਵਿਧੀਆਂ ਦੇ ਸੁਮੇਲ ਰਾਹੀਂ ਇਸ ਨਾਵਲ ਦੀ ਵਿਧਾ ਆਪਣਾ ਸਰੂਪ ਅਖ਼ਤਿਆਰ ਕਰਦੀ ਹੈ। ਪੰਜਾਬੀ ਨਾਵਲ ਵਿਚ ਇਹ ਪਹਿਲੀ ਵਾਰ ਹੈ ਕਿ ਅਖ਼ਬਾਰੀ ਰਿਪੋਰਟਾਂ ਨੂੰ ਵਿਸ਼ੇ ਦੀ ਪੇਸ਼ਕਾਰੀ ਤੇ ਕਥਾ ਵਿਸਥਾਰ ਲਈ ਸਹਾਇਕ ਸਮੱਗਰੀ ਵਜੋਂ ਵਰਤਿਆ ਗਿਆ ਹੈ। ਪੰਜਾਬੀ ਜਨ ਜੀਵਨ ਵਿਚੋਂ ਅਲੋਪ ਹੋ ਰਹੀ ਖੁੰਡ ਚਰਚਾ ਨੂੰ ਦੁਬਾਰਾ ਜਿਉਂਦਾ ਕਰਨ ਦਾ ਸਾਹਿਤਕ ਉਪਰਾਲਾ ਕੀਤਾ ਗਿਆ ਹੈ। ਇਸ ਵਿਧੀ ਦੀ ਵਰਤੋਂ ਕਰਕੇ ਲੇਖਕ ਨੇ ਪਿੰਡਾਂ 'ਚ ਰਹਿੰਦੇ ਨਸ਼ੇੜੀਆਂ ਦੇ ਜੀਵਨ ਢੰਗ ਨੂੰ ਪਾਠਕ ਨੂੰ ਨੇੜਿਓਂ ਦਿਖਾਉਣ ਦਾ ਉਪਰਾਲਾ ਕੀਤਾ ਹੈ। ਨਸ਼ਿਆ ਖ਼ਿਲਾਫ਼ ਬਹੁਤ ਸਾਰੇ ਭਾਸ਼ਣ ਮੁਕਾਬਲਿਆਂ ਰਾਹੀਂ ਨੌਜਵਾਨ ਮੁੰਡੇ ਕੁੜੀਆਂ ਤੋਂ ਭਾਸ਼ਣ ਕਰਵਾਏ ਗਏ ਹਨ। ਵਰਤੀਆਂ ਗਈਆਂ ਇਹ ਤਿੰਨੋਂ ਵਿਧੀਆਂ ਕਥਾ ਬਿਰਤਾਂਤ ਨੂੰ ਬਾਰ ਬਾਰ ਰੋਕਦੀਆਂ ਹਨ। ਕਥਾ ਰੁਕਦੀ ਹੈ, ਚਲਦੀ ਹੈ, ਰੁਕਦੀ ਹੈ ਫਿਰ ਚਲਦੀ ਹੈ। ਇਸ ਲਈ ਨਾਵਲ ਵਰਣਨਾਤਮਕ ਬਹੁਤਾ ਹੈ, ਗਾਲਪਨਿਕ



ਘੱਟ। ਇਹ ਦਰਅਸਲ ਨਸ਼ਿਆਂ ਦੇ ਸਬੰਧ ਵਿਚ ਪੂਰੇ ਪੰਜਾਬ ਦਾ ਕੀਤਾ ਗਿਆ ਇਕ ਸਰਵੇਖਣ ਹੈ। ਏਸੇ ਕਰਕੇ ਇਸ ਵਿਚਲੇ ਬਹੁਤੇ ਪਾਤਰਾਂ ਅਤੇ ਥਾਵਾਂ ਦੇ ਨਾਂ ਅਸਲੀ ਹੈ। ਸਰਵੇ ਜਾਂ ਖੋਜ ਵਧੇਰੇ ਲਗਦੀ ਹੈ, ਅਤੇ ਇਸ ਦਾ ਘਟਨਾ ਸਥਲ ਇਕ ਪਿੰਡ ਜਾਂ ਸ਼ਹਿਰ ਨਾ ਹੋ ਕੇ ਲਗਪਗ ਸਾਰਾ ਪੰਜਾਬ ਹੀ ਬਣ ਜਾਂਦਾ ਹੈ। ਇਸ ਨਾਵਲ ਦਾ ਨਾਂ ਤਾਂ ਕੋਈ ਮੁੱਖ ਪਾਤਰ ਹੈ ਅਤੇ ਨਾ ਹੀ ਕੋਈ ਪ੍ਰਧਾਨ ਕਥਾਨਕ ਹੈ। ਇਸ ਦੀ ਵਿਧਾ ਬਹੁਤ ਸਾਰੀਆਂ ਸ਼ੈਲੀਆਂ ਜਿਵੇਂ ਰਿਪੋਰਟ, ਭਾਸ਼ਣ ਅਤੇ ਖੁੰਡ ਚਰਚਾ ਆਦਿ ਦੇ ਮਿਸ਼ਰਣ ਚੋਂ ਆਪਣਾ ਸਰੂਪ ਅਖ਼ਤਿਆਰ ਕਰਦੀ ਹੈ।

ਹਰਨੇਕ ਸਿੰਘ ਹੇਅਰ ਦਾ ਨਾਵਲ 'ਧੁਖ਼ਦਾ ਗੋਹਟਾ' ਵੀ ਇਸ ਪੱਖ ਤੋਂ ਅਧਿਐਨ ਦੀ ਮੰਗ ਕਰਦਾ ਹੈ। ਉੱਤਰ ਆਧੁਨਿਕਤਾ ਦੇ ਦੌਰ ਵਿਚ ਰਚੇ ਗਏ ਪੰਜਾਬੀ ਦੇ ਪਹਿਲੇ ਨਾਵਲਾਂ ਵਿਚੋਂ ਇਹ ਇਕ ਅਜਿਹਾ ਨਾਵਲ ਹੈ ਜੋ ਲਕੀਰੀ ਬਿਰਤਾਂਤ ਦੀ ਪਰੰਪਰਿਕ ਵਿਧਾ ਨੂੰ ਤਿਆਗ ਕੇ ਖਿੰਡਰੇ ਬਿਰਤਾਂਤ ਨੂੰ ਪ੍ਰਸਤੁਤ ਕਰਦਾ ਹੈ। ਇਹ ਇਕ ਅਜਿਹਾ ਨਾਵਲ ਹੈ ਜੋ ਆਪਣੇ ਪ੍ਰਧਾਨ ਕਥਾਨਕ ਅਤੇ ਮੁੱਖ ਪਾਤਰ ਦੀ ਤਲਾਸ਼ ਲਈ ਜੂਝ ਰਿਹਾ ਹੈ। ਇਸ ਤੋਂ ਇਲਾਵਾ ਇਹ ਵਾਰਤਾਲਾਪੀ ਵਿਧੀ ਵਿਚ ਲਿਖਿਆ ਗਿਆ ਹੈ। ਇਸ ਲਈ ਇਹ ਇਕ ਵਾਰਤਾਲਾਪ-ਪ੍ਰਧਾਨ ਨਾਵਲ ਹੈ। ਇਸ ਵਿਚੋਂ ਬਿਰਤਾਂਤਕਾਰ-ਵਕਤਾ ਪੂਰੀ ਤਰ੍ਹਾਂ ਨਾਲ ਗ਼ੈਰ ਹਾਜ਼ਰ ਰਹਿੰਦਾ ਹੈ। ਪੇਸ਼ਕਾਰੀ ਦੀ ਵਾਰਤਾਲਾਪੀ ਵਿਧੀ ਇਸ ਨੂੰ ਨਾਟਕੀਅਤਾ ਪ੍ਰਦਾਨ ਕਰਦੀ ਹੈ। ਕਿਉਂਕਿ ਪਾਤਰਾਂ ਦੇ ਵਾਰਤਾਲਾਪ ਦੇ ਨਾਲ ਨਾਲ ਉਨ੍ਹਾਂ ਦਾ ਕਾਰਜ ਵੀ ਚੱਲ ਰਿਹਾ ਹੈ ਅਤੇ ਵਿਚਾਰਾਂ ਦੀ ਟੱਕਰ ਇਸ ਬਿਰਤਾਂਤ ਨੂੰ ਨਾਟਕੀ ਵਿਧਾ ਦਾ ਜਾਮਾ ਪਹਿਨਾ ਦਿੰਦੀ ਹੈ। ਇਸ ਤਰ੍ਹਾਂ ਆਪਣੀਆਂ ਵਿਧਾਗਤ ਵਿਲੱਖਣਤਾਵਾਂ ਸਦਕਾ ਇਹ ਨਾਵਲ ਵੀ ਸਾਡਾ ਨਿੱਗਰ ਨਾਵਲ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਨੇ ਵਿਧਾ ਦੀ ਦ੍ਰਿਸ਼ਟੀ ਤੋਂ ਚੌਖਾ ਵਿਕਾਸ




ਕੀਤਾ ਹੈ ਅਤੇ ਕੁਝ ਨਾਵਲਕਾਰਾਂ ਨੇ ਇਸ ਵਿਚ ਵਿਧਾਗਤ ਵਿਗਾੜ ਵੀ ਉਤਪੰਨ ਕੀਤੇ ਹਨ। ਇਹ ਵਿਧਾਗਤ ਪਰਿਵਰਤਨ ਅੱਜ ਵੀ ਬਾਦਸਤੂਰ ਜਾਰੀ ਹਨ ਇਸ ਲਈ ਅਜੋਕਾ ਪੰਜਾਬੀ ਨਾਵਲ ਕਿਸੇ ਨਵੀਨ ਵਿਧਾ ਵਿਚ ਵਟ ਜਾਣ ਲਈ ਬੇਹਬਲ ਮਾਲੂਮ ਹੁੰਦਾ ਹੈ। ਨਾਇਕ ਦੇ ਖਾਤਮੇ ਤੋਂ ਬਾਅਦ ਮੁੱਖ ਪਾਤਰ ਵੀ ਗਾਇਬ ਹੋ ਰਿਹਾ ਹੈ, ਪ੍ਰਧਾਨ ਕਥਾਨਕ ਵੀ ਖ਼ਤਮ ਹੋ ਰਿਹਾ ਹੈ। ਕਥਾ ਬਿਰਤਾਂਤ ਦੀ ਥਾਂ ਵਰਣਨਾਤਮਕਤਾ ਭਾਰੂ ਹੋ ਰਹੀ ਹੈ। ਸਫ਼ਰਨਾਮਾ, ਜੀਵਨੀ, ਨਾਟਕ, ਸੰਸਮਰਣ, ਰਿਪੋਰਟ, ਆਦਿ ਦਾ ਦਾਖ਼ਲ ਨਾਵਲ ਵਿਚ ਵੱਧ ਰਿਹਾ ਹੈ। ਅਸਲ ਵਿਚ ਅਸੀਂ ਵਿਧਾਵਾਂ ਦੇ ਟੁੱਟਣ ਦੇ ਦੌਰ 'ਚੋਂ ਗੁਜ਼ਰ ਰਹੇ ਹਾਂ। ਅਜੋਕਾ ਲੇਖਕ ਅਚੇਤ ਸੁਚੇਤ ਮਿਸ਼ਰਤ-ਵਿਧਾਵਾਂ ਦੀ ਸਿਰਜਣਾ ਵਿਚ ਦਿਲਚਸਪੀ ਵਿਖਾ ਰਿਹਾ ਹੈ। ਪੰਜਾਬੀ ਨਾਵਲ ਵਿਚ ਇਹ ਸਥਿਤੀ ਵਧੇਰੇ ਉਭਰਵੇਂ ਰੂਪ ਵਿਚ ਦਿਖਾਈ ਦਿੰਦੀ ਹੈ।

**ਹਵਾਲੇ ਤੇ ਟਿਪਣੀਆਂ-**


1. M.N. Alerams, A Glossary of Literary Terms, PP.75-76
2. Ibid, P.76.
3. ਕੁਲਦੀਪ ਸਿੰਘ ਬੇਦੀ, ਰੰਗ ਤਮਾਸ਼ਾ, ਪੰਨਾ 8
4. ਉਹੀ ਪੰਨਾ 6
5. ਪ੍ਰੋ. ਅਵਤਾਰ ਜੌੜਾ (ਸੰਪਾ.) ਕੁਲਦੀਪ ਸਿੰਘ ਬੇਦੀ ਦੀ ਗਲਪ ਪਛਾਣ, ਅਸਲੋਂ ਵੱਖਰੀ ਨੁਹਾਰ ਵਾਲਾ ਨਾਵਲ ਰੰਗ ਤਮਾਸ਼ਾ, ਡਾ. ਅਜੀਤ ਸਿੰਘ, ਪੰਨਾ 118-119
6. ਪਰਾਤੜੇ 'ਚ ਗੰਗਾ, ਪੰਨਾ 7
7. ਉਹੀ

ਸਹਾਇਕ ਪੁਸਤਕ ਸੂਚੀ-


1. ਹੇਅਰ, ਹਰਨੇਕ, ਧੁਖ਼ਦਾ ਗੋਹਟਾ, ਕੁਕਨੂਸ ਪ੍ਰਕਾਸ਼ਨ, ਜਲੰਧਰ, 2001
2. ਸਾਹਿਲ, ਧਰਮਪਾਲ , ਪਥਰਾਟ, ਲੋਕਗੀਤ ਪ੍ਰਕਾਸ਼ਨ, 2011
3. ਜੋੜਾ, ਅਵਤਾਰ, (ਸੰਪਾ,) ਕੁਲਦੀਪ ਸਿੰਘ ਬੇਦੀ ਦੀ ਗਲਪ ਪਛਾਣ, ਲੋਕਗੀਤ ਪ੍ਰਕਾਸ਼ਨ, 2011
4. ਨੇਕੀ, ਸੁਰਿੰਦਰ ਸਿੰਘ, ਛੇਵਾਂ ਦਰਿਆ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2010
5. ਰਾਜਿੰਦਰ ਸਿੰਘ (ਡਾ.), ਪਰਾਤੜੇ 'ਚ ਗੰਗਾ

ਅੰਗਰੇਜ਼ੀ

Alerams, M.H. "A Glossary of Literary Terms, Macnilla, New Delhi, 1988



ਪੰਜਾਬੀ ਦੇ ਚਰਚਿਤ ਅਤੇ ਗੰਭੀਰ ਗਲਪਕਾਰ





**ਨਛੱਤਰ**
ਦਾ
ਬੁੱਢੀ ਸਦੀ ਦਾ ਮਨੁੱਖ,
ਬਾਕੀ ਦਾ ਸੱਚ,
ਨਿੱਕੇ ਨਿੱਕੇ ਅਸਮਾਨ ਅਤੇ ਹਨੇਰੀਆਂ ਗਲੀਆਂ ਤੋਂ ਬਾਅਦ
ਨਵਾਂ ਨਾਵਲ

**ਸਲੋਅ ਡਾਊਨ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਮੁੱਲ: 200, ਪੰਨੇ: 160**




## ਪੁਸਤਕ ਰਿਵੀਊ/ ਨੈਸ਼ਨਲ ਬੁਕ ਟਰੱਸਟ ਵਲੋਂ ਪ੍ਰਕਾਸ਼ਤ ਪੁਸਤਕਾਂ




**ਨਹਿਰੂ-ਪਟੇਲ ਅਸਹਿਮਤੀਆਂ ਵਿਚਕਾਰ ਸਹਿਮਤੀ**
**ਚੋਣਵੇਂ ਦਸਤਾਵੇਜ਼ ਅਤੇ ਪੱਤਰ-ਵਿਹਾਰ (1933-1950)**
**ਸੰਪਾਦਕ: ਨੀਰਜਾ ਸਿੰਘ, ਅਨੁ. ਡਾ. ਨਰੇਸ਼, ਮੁੱਲ:140 ਰੁ.**

ਪੁਸਤਕ ਭਾਰਤ ਦੇ ਮੁੱਢਲੇ ਪੜਾ ਵਿਚ ਹੋਏ ਨਿਰਮਾਣ ਸਬੰਧੀ ਅਹਿਮ ਦਸਤਾਵੇਜ਼ੀ ਸਬੂਤ ਪੇਸ਼ ਕਰਦੀ ਹੈ। ਜਦੋਂ ਭਾਰਤ ਆਜ਼ਾਦ ਹੋਇਆ ਉਦੋਂ ਇਨ੍ਹਾਂ ਦੋਹਾਂ ਨੇਤਾਵਾਂ ਦਾ ਨਵੇਂ ਭਾਰਤ ਦੇ ਨਿਰਮਾਣ ਵਿਚ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ ਵਿਚ ਕਈ ਮੁੱਦਿਆਂ ਨੂੰ ਲੈ ਕੇ ਮੱਤਭੇਦ ਵੀ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਸੰਕਟ ਦੇ ਸਮੇਂ ਕੁਝ ਸਾਂਝੇ ਸੂਤਰਾਂ ਦਾ ਨਿਰਮਾਣ ਕੀਤਾ ਜਿਸ ਨਾਲ ਦੇਸ਼ ਦਾ ਨਿਰਮਾਣ ਹੋਇਆ ਹੈ। ਇਸ ਪੁਸਤਕ ਵਿਚ 1933 ਤੋਂ 1950 ਦੇ ਸਮੇਂ ਦੋਹਾਂ ਦੇ ਆਪਸ ਵਿਚ ਲਿਖੇ ਪੱਤਰ ਲਏ ਗਏ ਹਨ। ਇਨ੍ਹਾਂ ਪੱਤਰਾਂ ਦਾ ਵਿਸ਼ਲੇਸ਼ਣ ਇਹ ਪੁਸਤਕ ਨਹੀਂ ਕਰਦੀ ਇਹ ਨਿਰਣਾ ਪਾਠਕ ਦੇ ਛੱਡਿਆ ਗਿਆ ਹੈ। ਪੱਤਰਾਂ ਤੋਂ ਇਲਾਵਾਂ ਉਨ੍ਹਾਂ ਦੇ ਮਹੱਤਵਪੂਰਨ ਭਾਸ਼ਣ ਵੀ ਅਹਿਮ ਦਸਤਾਵੇਜ਼ ਹਨ। ਪੁਸਤਕ ਵਿਚ ਸਹਿਮਤੀ, ਅਸਹਿਮਤੀ ਅਤੇ ਮੱਤਭੇਦਾਂ ਵਾਲੇ ਮੁੱਦਿਆਂ ਵਾਲੇ ਪੱਤਰ ਤੇ ਭਾਸ਼ਣ ਹਨ। ਇਕ ਤਰ੍ਹਾਂ ਤੁਲਨਾਤਮਿਕ ਟੈਕਸਟ ਪੁਸਤਕ ਵਿਚੋਂ ਉਭਰਦੀ ਹੈ। ਪੁਸਤਕ 47 ਦੇ ਆਸ ਪਾਸ ਦੀ ਰਾਜਨੀਤਿਕ ਸਥਿਤੀ ਦਾ ਬੜੀ ਮੁੱਲਵਾਨ ਪੇਸ਼ਕਾਰੀ ਕਰਦੀ ਹੈ। 47 ਦੇ ਦੰਗਿਆਂ ਸਬੰਧੀ ਵਿਚ ਦੋਹਾਂ ਵਿਚ ਮੱਤਭੇਦ ਸਨ। ਦੋਵੇਂ ਮੁਸਲਿਮ ਲੀਗ, ਹਿੰਦੂ ਮਹਾਂਸਭਾ ਤੇ ਆਰ. ਐਸ. ਐਸ ਨੂੰ ਸੰਪ੍ਰਦਾਇਕ ਜੱਥੇਬੰਦੀਆਂ ਮੰਨਦੇ ਸਨ। ਇਸਦੇ ਬਾਵਜੂਦ ਨਹਿਰੂ ਹਿੰਦੂਆਂ ਵੱਲ ਤੇ ਪਟੇਲ ਮੁਸਲਮਾਨਾਂ ਵੱਲ ਝੁਕਾਅ ਰੱਖਦੇ ਸਨ। ਪੁਸਤਕ ਹਰ ਪਾਠਕਾਂ ਲਈ ਲਹੇਵੰਦ ਹੈ।




**ਗੰਗਾ ਮਾਂ (ਨਾਵਲ) ਲੇਖਕ ਭੈਰਵ ਪ੍ਰਸਾਦ ਗੁਪਤ**
**ਅਨੁਵਾਦ: ਡਾ. ਬਲਦੇਵ ਸਿੰਘ 'ਬੱਦਨ', ਮੁੱਲ: 70 ਰੁ.**

ਭਾਰਤ ਪੱਧਰ ਦਾ ਬਹੁਤਾ ਸਾਹਿਤ ਪੇਂਡੂ ਸੰਸਕ੍ਰਿਤੀ ਦੁਆਲੇ ਘੁੰਮਦਾ ਹੈ ਨਿਸਚੇ ਇਸ ਲੁਕੇਲ ਦਾ ਬਹੁਤਾ ਸਾਹਿਤ ਹੀ ਉਤਮ ਦਰਜੇ ਦਾ ਸਾਹਿਤ ਸਿੱਧ ਹੋਇਆ ਹੈ। ਇਸੇ ਕੜੀ ਵਿਚ ਹਿੰਦੀ ਸਾਹਿਤ ਦੇ ਪ੍ਰਸਿੱਧ ਨਾਵਲਾਂ ਵਿਚ 'ਗੰਗਾਂ ਮਾਂ' ਨਾ ਜ਼ਿਕਰ ਆਉਂਦਾ ਹੈ। ਜਿਸ ਵਿਚ ਪੇਂਡੂ ਸੰਸਕ੍ਰਿਤੀ ਨੂੰ ਬੜੀ ਸਮਰੱਥਾ ਨਾਲ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਨਾਵਲਕਾਰ ਗੰਗਾਂ ਨੂੰ ਮਿੱਥ ਦੇ ਤੌਰ ਤੇ ਲੈਂਦਾ ਹੈ । ਨਾਵਲੀ ਪਾਤਰ 'ਮਟਰੂ' ਰਾਹੀਂ ਮਿੱਥ ਨੂੰ ਵਿਸ਼ਾਲ ਅਰਥਾ ਵਿਚ ਲਿਆ ਜਾਂਦਾ ਹੈ। ਜਿਹੜਾ ਨਾਵਲ ਵਿਚ ਸਮਾਜਿਕਵਾਦੀ ਸੁਰ ਲੈ ਕੇ ਉਭਰਦਾ ਹੈ। ਇਹ ਪਾਤਰ ਮਿੱਥਾ ਨੂੰ ਤੋੜਦਾ ਹੋਇਆ ਆਰਥਿਕ ਸ਼ੋਸ਼ਣ ਵਿਰੁੱਧ ਖੜਦਾ ਹੈ। ਨਾਵਲ ਵਿਚ ਸਮਾਜਿਕ ਰੂੜੀਆਂ ਤੇ ਪ੍ਰਸ਼ਨ ਚਿੰਨ ਪ੍ਰਗਤੀਸ਼ੀਲ ਸੋਚ ਨਾਲ ਲਗਾਏ ਗਏ ਹਨ। ਪ੍ਰੇਮ ਕਹਾਣੀ ਵੀ ਨਾਵਲ ਵਿਚ ਚਲਦੀ ਹੈ। ਖੱਤਰੀ ਪਰਿਵਾਰ ਦੀ ਸਮਾਜਿਕ ਸਥਿਤੀ ਪੇਸ਼ ਹੋਈ ਹੈ। ਸੰਜਮੀ ਬਿਰਤਾਂਤ ਵਿਚ ਨਾਵਲ ਨਿੱਗਰ ਗੱਲ ਕਹਿੰਦਾ ਹੈ। ਨਾਵਲ ਦਾ ਅਨੁਵਾਦ ਕੁਸ਼ਲ ਅਨੁਵਾਦਕ ਡਾ. ਬਲਦੇਵ ਸਿੰਘ 'ਬੱਦਨ' ਹੁਰਾਂ ਕੀਤਾ ਹੈ। ਜਿਨਾਂ ਵਿਚੋਂ ਪੰਜਾਬੀਅਤ ਦੀ ਮਹਿਕ ਆਉਂਦੀ ਹੈ।

**-ਭਗਵੰਤ ਰਸੂਲਪੁਰੀ**

Year: 8 Issue No. 29
'KAHANI DHARA'(PUNJABI QUARTERLY) April-June., 2013 R.N.I. Regd No. PUN PUN 2006 / 19971


## ਪਰਵਾਜ਼ ਪ੍ਰਕਾਸ਼ਨ ਦਾ ਪਲੇਠਾ ਤੇ ਨਿੱਗਰ ਕਦਮ

ਪਰਵਾਜ਼ ਪ੍ਰਕਾਸ਼ਨ ਦੀਆਂ ਪੁਸਤਕਾਂ ਹੇਠ ਲਿਖੇ ਸਥਾਨਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

# ਪਰਵਾਜ਼ ਪ੍ਰਕਾਸ਼ਨ

ਜਲੰਧਰ-ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ
(0181-2280045,3293190),
ਸੁੰਦਰ ਬੁੱਕ ਡਿਪੋ ਮਾਈ ਹੀਰਾਂ ਗੇਟ,181-2213184
ਪੰਜ ਆਬ ਪ੍ਰਕਾਸ਼ਨ (ਕੇਸਰ ਸਿੰਘ) ਦੇਸ ਭਗਤ ਹਾਲ
(ਸੰਪਰਕ 98140-87063),ਪਰਮਜੀਤ ਸਿੰਘ98552-83731
ਅਗਰਵਾਲ ਨਿਊਜ਼ ਏਜੰਸੀ ਬੱਸ ਸਟੈਂਡ,(99881-73647),
ਖੁਰਾਣਾ ਬੁੱਕ ਸਟੋਰ ਬੱਸ ਸਟੈਂਡ ,
ਪ੍ਰਕਾਸ਼ ਨਾਵਲ ਸਟੋਰ ਬੱਸ ਸਟੈਂਡ ਦੇ ਬਾਹਰ
ਲੁਧਿਆਣਾ-ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ
(ਸੰਪਰਕ 0161-2413613,2404928),
ਨਈਅਰ ਪਬਲੀਕੇਸ਼ਨਜ਼ ਬੱਸ ਸਟੈਂਡ92174-06875
ਚੋਪੜਾ ਮੈਗਜ਼ੀਨ ਸ਼ਾਪ, ਘੰਟਾ ਘਰ ਫੋਨ 2746731
ਚੰਡੀਗੜ੍ਹ-ਪੰਜਾਬ ਬੁੱਕ ਸੈਂਟਰ
ਸੰਗਰੂਰ-ਸੋਨੀ ਨਿਊਜ ਏਜਸੀ, ਬੱਸ ਸਟੈਂਡ ( 99881-45652)
ਅੰਮ੍ਰਿਤਸਰ-ਰਵੀ ਸਾਹਿਤ ਪ੍ਰਕਾਸ਼ਨ, ਨਜ਼ਦੀਕ
ਯੂਨੀਵਰਸਿਟੀ (ਸੰਪਰਕ 0183-2258633)
ਪਟਿਆਲਾ-ਜੇ. ਕੇ. ਬੁੱਕ ਸੈਂਟਰ, ਬੱਸ ਸਟੈਂਡ
98788-21884,98889-51545,
ਮਦਾਨ ਬੁੱਕ ਹਾਊਸ, ਪੰਜਾਬੀ ਯੂਨੀਵਰਸਿਟੀ
ਬਠਿੰਡਾ-ਵੋਹਰਾ ਨਿਊਜ਼ ਏਜੰਸੀ, ਬੱਸ ਸਟੈਂਡ (98143-47517)
ਮੋਗਾ-ਪ੍ਰਿਥਪਾਲ ਸਿੰਘ ਸਮਰਾਟ ਪਾਕੇਟ ਬੁੱਕਸ ਬੱਸ ਸਟੈਂਡ
(98144-35813)
ਕੋਟਕਪੂਰਾ-ਪੀਪਲਜ਼ ਫੋਰਮ, ਬਰਗਾੜੀ ਫੋਨ: 919872989313
ਨਵਾਂ ਸ਼ਹਿਰ-ਜਸਵੀਰ ਬੇਗਮਪੁਰੀ (94174-15062)
ਮਾਛੀਵਾੜਾ,ਖੰਨਾ-ਦੀਪ ਦਿਲਵਰ-98557-21844
ਤੋਂ ਇਲਾਵਾ ਪਰਵਾਜ਼ ਪ੍ਰਕਾਸ਼ਨ ਦੇ ਦਫਤਰ ਤੋਂ ਪੁਸਤਕ ਪ੍ਰਾਪਤ ਕਰੋ



**ਪਰਵਾਜ਼ ਪ੍ਰਕਾਸ਼ਨ Parwaz Parkashan**
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail: parwazparkashan@gmail.com
Mob. 94170-64350